# ਅੰਮ੍ਰਿਤਬਾਣੀ

## ਸਤਿਗੁਰੂ ਰਵਿਦਾਸ ਮਹਾਰਾਜ ਜੀ - ਦਰਪਣ

(ਸਟੀਕ)

ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ

ਹਰਿ



ਟੀਕਾਕਾਰ
ਸੀਤਾ ਰਾਮ ਮਹੇ



ਧੰਨ ਧੰਨ ਜਗਤਗੁਰੂ ਰਵਿਦਾਸ ਮਹਾਰਾਜ ਜੀ

# ਅੰਮ੍ਰਿਤਬਾਣੀ

## ਸਤਿਗੁਰੂ ਰਵਿਦਾਸ ਮਹਾਰਾਜ ਜੀ

## - ਦਰਪਣ -

## (ਸਟੀਕ)

**ਨਿਸ਼ਾਨ ਸਾਹਿਬ**
**ਰਵਿਦਾਸੀਆ ਧਰਮ**

**ਟੀਕਾਕਾਰ**
**ਸੀਤਾ ਰਾਮ ਮਹੇ**

# ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ - ਦਰਪਣ
# (ਸਟੀਕ)

**ਸੀਤਾ ਰਾਮ ਮਹੇ**
241 ਬੈਂਕ ਇਨਕਲੇਵ, ਜਲੰਧਰ।
ਮੋਬਾਇਲ ਨੰ: **8437001241**

ਪਹਿਲੀ ਵਾਰ : 2023
ਛਪਣ ਦੀ ਗਿਣਤੀ : 1000
ਮੁੱਲ 150/- ਰੁਪੈ

ਪ੍ਰਕਾਸ਼ਕ :
ਰਵਿਦਾਸੀਆ ਧਰਮ ਪ੍ਰਚਾਰ ਅਸਥਾਨ,
ਕਾਹਨਪੁਰ, ਜਿਲ੍ਹਾ ਜਲੰਧਰ

*ਪੁਸਤਕ ਟਾਇਪ ਸੈਂਟਿੰਗ ਅਤੇ ਕਵਰ ਪੇਜ*
ਪਰਸ਼ੋਤਮ ਲਾਲ ਸਰੋਏ, ਮੋਬਾ: 92175-44348

**ਛਾਪਕ** : ਵਿਜੈ ਗ੍ਰਾਫਿਕਸ, ਮਾਈ ਹੀਰਾਂ ਗੇਟ, ਜਲੰਧਰ
© ਲੇਖਕ ਦੇ ਸਭ ਹੱਕ ਰਾਖਵੇਂ ਹਨ।

***© 2023***
***Produced and bound in India***

***All rights reserved***
***This book is sold subject to the condition that it shall not, by way of trade or otherwise be circulated, without author/publishers prior written consent. in any form other than that in which it is published , no part of this publication may be reproduced, stored in or introduced into retrival system or transmitted in any form or by any means, without the prior written permission of the author/ publisher of this book.***

# ਸਮਰਪਿਤ

**ਜਗਤਗੁਰੂ ਰਵਿਦਾਸ ਮਹਾਰਾਜ ਜੀ**
**ਦੇ 647ਵੇਂ ਦੇ ਆਗਮਨ ਪੂਰਬ**
**ਅਤੇ**
**ਰਵਿਦਾਸੀਆ ਧਰਮ ਦੇ**
**15ਵੇਂ ਸਥਾਪਨ ਦਿਵਸ ਨੂੰ**

ਨਿਸ਼ਾਨ ਸਾਹਿਬ
ਰਵਿਦਾਸੀਆ ਧਰਮ

# ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਸੰਬੰਧੀ ਮਹੱਤਵਪੂਰਨ ਤੱਤ

**ਪ੍ਰਕਾਸ਼ ਦਿਹਾੜਾ :**

ਮਾਘ ਸੁਦੀ ਪੰਦ੍ਰਾਸ, 1433,
ਵਿਕਰਮੀ ਸੰਮਤ ਸੰਨ 1377 ਈ.

**ਜਨਮ ਅਸਥਾਨ :**

ਸੀਰ ਗੋਵਰਧਨਪੁਰ, ਬਨਾਰਸ (ਯੂ. ਪੀ.)

**ਮਾਤਾ-ਪਿਤਾ ਜੀ ਦੇ ਨਾਮ :**

ਪਿਤਾ ਸਤਿਕਾਰਯੋਗ ਸ਼੍ਰੀਮਾਨ ਸੰਤੋਖ ਦਾਸ ਜੀ
ਮਾਤਾ ਸਤਿਕਾਰਯੋਗ ਸ਼੍ਰੀਮਤੀ ਕਲਸੀ ਦੇਵੀ ਜੀ

**ਦਾਦਾ-ਦਾਦੀ ਜੀ ਦੇ ਨਾਮ :**

ਦਾਦਾ ਸਤਿਕਾਰਯੋਗ ਸ਼੍ਰੀਮਾਨ ਕਾਲੂ ਰਾਮ ਜੀ
ਦਾਦੀ ਸਤਿਕਾਰਯੋਗ ਸ਼੍ਰੀਮਤੀ ਲੱਖਪਤੀ ਜੀ

**ਸੁਪਤਨੀ ਅਤੇ ਸਪੁੱਤਰ ਦਾ ਨਾਮ :**

ਸੁਪਤਨੀ ਸਤਿਕਾਰਯੋਗ ਸ਼੍ਰੀਮਤੀ ਲੋਨਾ ਦੇਵੀ ਜੀ
ਸਪੁੱਤਰ ਸਤਿਕਾਰਯੋਗ ਸ਼੍ਰੀਮਾਨ ਵਿਜੇ ਦਾਸ ਜੀ

**ਬ੍ਰਹਮਲੀਨ :** ਹਾੜ੍ਹ ਦੀ ਸੰਗਰਾਂਦ 1584 ਵਿਕਰਮੀ
ਸੰਮਤ: (1528 ਈ.) ਬਨਾਰਸ ਵਿਖੇ।

## ਤਤਕਰਾ


| ਕ੍ਰਮ ਨੰ: | ਵਿਸ਼ਾ | ਪੰਨਾ ਨੰ: |
|---|---|---|
| | ਬਾਣੀ ਸਾਰਾਂਸ਼ | 1 |
| 1. | ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ | 42 |
| 2. | ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ | 43 |
| 3. | ਬੇਗਮਪੁਰਾ ਸਹਰ ਕੋ ਨਾਉ | 44 |
| 4. | ਸਾਧੋ ! ਕਾ ਸਾਸ਼ਤ੍ਰਨ ਸੁਨਿ ਕੀਨੌ | 48 |
| 5. | ਤੇਰੋ ਜਨ ਕਾਹੇ ਕੋ ਬੋਲੈ | 49 |
| 6. | ਐਸੀ ਭਗਤਿ ਨ ਹੋਇ ਰੇ ਭਾਈ | 51 |
| 7. | ਹੈ ਸਭ ਆਤਮ ਸੂਯਭੂੰ ਪ੍ਰਕਾਸ ਸਾਂਚੋ | 53 |
| 8. | ਕੋਉ ਸੁਮਰਨ ਦੇਖੌਂ ਏ ਸਬ ਓਪਲੀ ਚੋਭਾ | 55 |
| 9. | ਪਹਿਲੇ ਪਹਿਰੈ ਰੈਣਿ ਦੈ ਵਣਿਜਾਰਿਆ | 56 |
| 10. | ਯਾ ਰਾਮਾ ਏਕ ਤੂੰ ਦਾਨਾ ਤੇਰਾ ਆਦਿ ਭੇਖ ਨਾ | 59 |
| 11. | ਘਟ ਅਵਘਟ ਡੂਗਰ ਘਣਾ | 61 |
| 12. | ਸਤਿਜੁਗ ਸਤੁ, ਤੇਤਾ ਜਗੀ, ਦੁਆਪਰਿ ਪੂਜਾਚਾਰ | 62 |
| 13. | ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ | 67 |
| 14. | ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ | 68 |
| 15. | ਸੰਤ ਤੁਝੀ ਤਨੁ, ਸੰਗਤਿ ਪ੍ਰਾਨ | 70 |
| 16. | ਤੁਮ ਚੰਦਨ ਹਮ ਇਰੰਡ ਬਾਪੁਰੇ | 71 |
| 17. | ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ | 73 |
| 18. | ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ | 74 |
| 19. | ਮਾਟੀ ਕੋ ਪੁਤਰਾ ਕੈਸੇ ਨਚਤੁ ਹੈ | 75 |
| 20. | ਦੂਧੁ ਤ ਬਛਰੈ ਥਨਹੁ ਬਿਟਾਰਿਓ | 76 |
| 21. | ਜਬ ਹਮ ਹੋਤੇ ਤਬ ਤੂ ਨਾਹੀ | 78 |
| 22. | ਜਉ ਹਮ ਬਾਂਧੇ ਮੋਹ ਫਾਸ | 80 |
| 23. | ਦੁਲਭ ਜਨਮੁ ਪੁੰਨ ਫਲ ਪਾਇਓ | 82 |
| 24. | ਸੁਖ ਸਾਗਰੁ ਸੁਰਤਰ ਚਿੰਤਾਮਨਿ | 84 |

| | | |
|---|---|---|
| 25. | ਜਉ ਤੁਮ ਗਿਰਿਵਰ ਤਉ ਹਮ ਮੋਰਾ | 86 |
| 26. | ਜਲ ਕੀ ਭੀਤਿ ਪਵਨ ਕਾ ਥੰਭਾ | 88 |
| 27. | ਚਮਰਟਾ ਗਾਂਠਿ ਨ ਜਨਈ | 89 |
| 28. | ਰੇ ਮਨ ! ਚੇਤ ਮੀਚੁ ਦਿਨ ਆਇਆ | 90 |
| 29. | ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ | 92 |
| 30. | ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ | 93 |
| 31. | ਨਾਮੁ ਤੇਰੋ ਆਰਤੀ ਮਜਨੁ ਮੁਰਾਰੇ | 94 |
| 32. | ਮੇਰੀ ਪ੍ਰੀਤ ਗੋਪਾਲ ਸੋਂ ਜਿਨਿ ਘਟੈ ਹੋ | 97 |
| 33. | ਤ੍ਰਾਹਿ ਤ੍ਰਾਹਿ ਤ੍ਰਿਭੁਵਨਪਤਿ ਪਾਵਨ | 98 |
| 34. | ਦਰਸ਼ਨ ਦੀਜੈ ਰਾਮ ਦਰਸ਼ਨ ਦੀਜੈ | 99 |
| 35. | ਜਨ ਕੋ ਤਾਰਿ ਤਾਰਿ ਨਾਥ ਰਮਈਆ | 100 |
| 36. | ਜੋ ਤੁਮ ਗੋਪਾਲਹਿੰ ਨਹਿੰ ਗੈਹੌਂ | 101 |
| 37. | ਪ੍ਰਭ ਜੀ ਸੰਗਤਿ ਸਰਿਨ ਤਿਹਾਰੀ | 102 |
| 38. | ਪਾਂਡੇ ! ਕੈਸੀ ਪੂਜਿ ਰਚੀ ਰੇ | 103 |
| 39. | ਨਾਥ ਕਛੂਅ ਨ ਜਾਨਉ | 107 |
| 40. | ਸਹ ਕੀ ਸਾਰ ਸੁਹਾਗਨਿ ਜਾਨੈ | 114 |
| 41. | ਜੋ ਦਿਨ ਆਵਹਿ ਸੋ ਦਿਨ ਜਾਹੀ | 115 |
| 42. | ਊਚੇ ਮੰਦਰ ਸਾਲ ਰਸੋਈ | 117 |
| 43. | ਦੁਖਿਆਰੀ ਦੁਖਿਆਰਾ ਜਗ ਮਹਿੰ | 118 |
| 44. | ਦਾਰਿਦੁ ਦੇਖਿ ਸਭ ਕੋ ਹਸੈ | 120 |
| 45. | ਜਿਹ ਕੁਲ ਸਾਧੁ ਬੈਸਨੌ ਹੋਇ | 121 |
| 46. | ਕਾ ਤੂੰ ਸੋਵੈ ਜਾਗਿ ਦਿਵਾਨਾ | 122 |
| 47. | ਖਾਲਿਕ ਸਿਕਸਤਾ ਮੈ ਤੇਰਾ | 125 |
| 48. | ਜੋ ਮੋਹਿ ਬੇਦਨਿ ਕਾਸਨਿ ਆਖੂੰ | 126 |
| 49. | ਤਾ ਥੈਂ ਪਤਿਤ ਨਹੀ ਕੋ ਪਾਵਨ | 128 |
| 50. | ਐਸੋਈ ਹੀ ਹਰਿ ਕਿਉਂ ਪਇਬੋ | 129 |
| 51. | ਕਾ ਗਾਊਂ ਕਛੁ ਗਾਇ ਨ ਹੋਇ | 131 |
| 52. | ਅਬ ਕਾ ਕਹਿ ਕੌਨ ਬਤਾਊਂ | 133 |

| | | |
|---|---|---|
| 53. | ਖੋਜਤ ਕਿਊਂ ਫਿਰੈ, ਤੇਰੇ ਘਟਿ ਮਹਿੰ ਸਿਰਜਨਹਾਰ | 135 |
| 54. | ਸੰਤੋ ਕੁਲ ਪਖੀ ਭਗਤਿ ਹ੍ਵੈਸੀ ਕਲਿਯੁਗ ਮੇਂ | 138 |
| 55. | ਪਾਂਡੇ ! ਹਰਿ ਵਿਚ ਅੰਤਰ ਡਾਢਾ | 139 |
| 56. | ਮਨ ਮੇਰੋ ਥਿਰੁ ਨ ਰਹਾਈ | 141 |
| 57. | ਹਮ ਘਰ ਆਇਓ ਰਾਮ ਭਤਾਰ | 142 |
| 58. | ਕਾਲਹੁ ਨਾਈ ਤਾਹਿ ਪਦ ਸੀਸਾ | 143 |
| 59. | ਮੁਕੰਦ ਮੁਕੰਦ ਜਪਹੁ ਸੰਸਾਰ | 144 |
| 60. | ਜੇ ਓਹੁ ਅਠਸਠਿ ਤੀਰਥ ਨ੍ਾਵੈ | 146 |
| 61. | ਆਜ ਦਿਵਸ ਲੇਊਂ ਬਲਿਹਾਰਾ | 148 |
| 62. | ਐਸੇ ਜਾਨਿ ਜਪੋ ਰੇ ਜੀਵ | 149 |
| 63. | ਪੜੀਐ ਗੁਨੀਐ ਨਾਮੁ ਸਭੁ ਸੁਨੀਐ | 150 |
| 64. | ਪਰਚੈ ਰਾਮ ਰਮੈ ਜੇ ਕੋਈ | 152 |
| 65. | ਅਬ ਮੈਂ ਹਾਰਿਓ ਰੇ ਭਾਈ | 155 |
| 66. | ਗਾਇ ਗਾਇ ਅਬ ਕਾ ਕਹਿ ਗਾਊਂ | 157 |
| 67. | ਰਾਮ ਜਨ ਹੋਉਂ ਨ ਭਗਤ ਕਹਾਊਂ | 159 |
| 68. | ਅਬ ਮੇਰੀ ਬੂੜੀ ਰੇ ਭਾਈ | 161 |
| 69. | ਭਾਈ ਰੇ ! ਭ੍ਰਮ ਭਗਤਿ ਸੂੰ ਜਾਨਿ | 165 |
| 70. | ਜਿਊਂ ਤੁਮ੍ ਕਾਰਨਿ ਕੇਸਵੇ ਅੰਤਰਿ ਲਿਵ ਲਾਗੀ | 166 |
| 71. | ਆਇਓ ਰੇ ਆਇਓ ਦੇਵਾਧਿਦੇਵ ! ਤੁਮ ਸਰਨਾ | 168 |
| 72. | ਭਾਈ ਰੇ ! ਰਾਮ ਕਹਾਂ ਹੈ ਮੋਹਿ ਬਤਾਵੋ | 169 |
| 73. | ਐਸੋ ਕੁਛੁ ਅਨਭਉ ਕਹਿਤ ਨ ਆਵੈ | 170 |
| 74. | ਪੰਡਿਤ ! ਅਖਿਲ ਖਿਲੈ ਨਹੀਂ ਕਾ ਕਹਿ ਗਾਉਂ | 172 |
| 75. | ਨਰਹਰਿ ! ਚੰਚਲ ਹੈ ਮਤਿ ਮੋਰੀ | 174 |
| 76. | ਜਬ ਰਾਮ ਨਾਮ ਕਹਿ ਗਾਵੈਗਾ | 175 |
| 77. | ਸੰਤੋ ! ਅਨਿਨ ਭਗਤਿ ਜਹ ਨਾਹੀਂ | 177 |
| 78. | ਭਗਤੀ ਐਸੀ ਸੁਨਹੁ ਰੇ ਭਾਈ | 178 |
| 79. | ਅਬ ਕਛੁ ਮਰਮੁ ਬਿਚਾਰਾ ਹੋ ਹਰਿ | 179 |
| 80. | ਨਰਹਰਿ ! ਪ੍ਰਗਟਸਿ ਨਾ ਹੋ ਪ੍ਰਗਟਸਿ ਨਾ ਹੋ | 181 |

| | | |
|---|---|---|
| 81. | ਜਿਉਂ ਤੁਮ ਕਾਰਨਿ ਕੇਸਵੇ ਲਾਲਚਿ ਜਿਓ ਲਾਗਾ | 183 |
| 82. | ਗੋਬਿੰਦੇ ! ਭੌਜਲ ਬਿਆਧਿ ਅਪਾਰਾ | 184 |
| 83. | ਆਗੈ ਮੰਦਾ ਹਵੈ ਰਹਿਏ ਪਰਕਿਰਤਿ ਨ ਜਾਈ | 186 |
| 84. | ਧ੍ਰਿਗੁ ਧ੍ਰਿਗੁ ਜੀਵਣੁ ਰਾਜੇ ਰਾਮ ਬਿਨਾ | 187 |
| 85. | ਐਸੀ ਲਾਲ ਤੁਝ ਬਿਨੁ ਕਉਨੁ ਕਰੈ | 188 |
| 86. | ਸੁਖ ਸਾਗਰੁ ਸੁਰਿਤਰੁ ਚਿੰਤਾਮਨਿ | 189 |
| 87. | ਪੀਆ ਰਾਮ ਰਸੁ ਪੀਆ ਰੇ | 191 |
| 88. | ਮਨ ਮੋਰਾ ਮਾਇਆ ਮਹਿੰ ਲਪਟਾਨੋ | 192 |
| 89. | ਬੀਤੀ ਆਯੂ ਭਜਨੁ ਨਹੀਂ ਕੀਨ੍ਹਾ | 193 |
| 90. | ਪ੍ਰਭੂ ਜੀ ਤੁਮ ਔਗੁਨ ਬਖ਼ਸ਼ਣਹਾਰ | 194 |
| 91. | ਖਟੁ ਕਰਮ ਕੁਲ ਸੰਜੁਗਤੁ ਹੈ | 195 |
| 92. | ਰੇ ਮਨ ! ਰਾਮ ਨਾਮ ਸੰਭਾਰਿ | 197 |
| 93. | ਹੋਂ ਬਨਿਜਾਰੋ ਰਾਮ ਕੋ | 199 |
| 94. | ਪ੍ਰੀਤਿ ਸੁਧਾਮਨਿ ਆਵ | 201 |
| 95. | ਬਿਨੁ ਦੇਖੇ ਉਪਜੈ ਨਹੀ ਆਸਾ | 202 |
| 96. | ਐਸਾ ਧਿਆਨ ਧਰੌਂ ਬਨਵਾਰੀ | 204 |
| 97. | ਅਬਿਗਤਿ ਨਾਥ ਨਿਰੰਜਨ ਦੇਵਾ | 207 |
| 98. | ਭੇਖ ਲਿਓ ਪੈ ਭੇਦ ਨ ਜਾਨਿਓ | 209 |
| 99. | ਗੁਰੂ ਸਭੁ ਰਹਸਿ ਅਗਮਹਿ ਜਾਨੈਂ | 210 |
| 100. | ਤੁਝਹਿ ਸੁਝੰਤਾ ਕਛੂ ਨਾਹਿ | 211 |
| 101. | ਨਾਗਰ ਜਨਾ ਮੇਰੀ ਜਾਤਿ ਬਿਖਿਆਤ ਚੰਮਾਰੰ | 213 |
| 102. | ਹਰਿ ਜਪਤ ਤੇਊ ਜਨਾਂ ਪਦਮ ਕਵਲਾਸਪਤਿ | 214 |
| 103. | ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ | 216 |
| 104. | ਕੇਸਵੇ ! ਵਿਕਟ ਮਾਇਆ ਤੋਰ ਤਾਤੈ ਬਿਕਲ ਗਤਿ ਮੋਰ | 217 |
| 105. | ਰਾਮਹਿ ਪੂਜਾ ਕਹਾ ਚੜਾਊਂ | 219 |
| 106. | ਬਰਜਿ ਹੋ ਬਰਜਿ ਬੀਠੁਲੇ, ਮਾਇਆ ਜਗ ਖਾਇਆ | 220 |
| 107. | ਤੁਝਹਿ ਚਰਨ ਅਰਬਿੰਦ ਭਵਨ ਮਨੁ | 222 |
| 108. | ਬੰਦੇ ਜਾਨਿ ਸਾਹਿਬ ਗਨੀ | 223 |

109. ਸੁ ਕਛੁ ਵਿਚਾਰਿਓ ਤਾਥੈ ਮੇਰੋ ਮਨੁ ਥਿਰੁ ਹੈ ਰਹਿਓ 226
110. ਭਾਈ ਰੇ ਸਹਜ ਬੰਦੋ ਲੋਈ 227
111. ਦੇਹੁ ਕਲਾਲੀ ਏਕ ਪਿਆਲਾ 228
112. ਐਸੀ ਮੇਰੀ ਜਾਤਿ ਵਿਖਿਆਤ ਚਮਾਰੰ 229
113. ਪਾਰ ਗਿਆ ਚਾਹੇ ਸਬ ਕੋਈ 231
114. ਸਤਿਗੁਰ ਹਮਹੁ ਲਖਾਈ ਬਾਟ 232
115. ਬਾਪੁਰੋ ਸਤਿ ਰਵਿਦਾਸ ਕਹੈ ਰੇ 235
116. ਏਹ ਅੰਦੇਸੋ ਸੋਚ ਜੀਆ ਮੋਰੇ 237
117. ਬੌਰੀ ਕਰਿਲੈ ਰਾਮ ਸਨੇਹਾ 238
118. ਰੇ ਮਨ ਮਾਂਛਲਾ ਸੰਸਾਰ ਸਮੁੰਦੇ 239
119. ਰਥ ਕੋ ਚਤੁਰ ਚਲਾਵਨਹਾਰੋ 241
120. ਜੋ ਤੁਮ ਤੋਰੋ ਰਾਮ ਮੈ ਨਹਿੰ ਤੋਰੌਂ 242
121. ਕਿਹਿੰ ਬਿਧਿ ਅਨਸਰੌਂ ਰੇ 243
122. ਅਬ ਕੈਸੇ ਛੂਟੈ ਨਾਮ ਰਟ ਲਾਗੀ 244
123. ਮਾਧੋ ! ਭ੍ਰਮ ਕੈਸੇ ਨ ਬਿਲਾਈ 246
124. ਮਨ ਮੇਰੋ ! ਸਤਿ ਸਰੂਪ ਬਿਚਾਰੰ 248
125. ਥੋਥੋ ਜਿਨਿ ਪਛੋਰੋ ਰੇ ਕੋਈ 250
126. ਮਾਧੋ ! ਮੋਹਿ ਏਕੁ ਸਹਾਰੋ ਤੋਰਾ 251
127. ਪਾਵਨ ਜਸ ਮਾਧੋ ਤੋਰਾ 252
128. ਜਗ ਮੇਂ ਵੇਦ ਬੈਦ ਮਨੀਜੈ 254
129. ਤੁਮ ਕਰਹੁ ਕ੍ਰਿਪਾ ਮੋਹਿ ਸਾਂਈ 255
130. ਚਲਿ ਮਨ ਹਰਿ ਚਟਸਾਲ ਪੜ੍ਹਾਊਂ 256
131. ਹਰਿ ਸੁਮਿਰੇ ਸੋਈ ਸੰਤ ਬਿਚਾਰੋ 257
132. ਸਬ ਕੁਛ ਕਰਤ ਨ ਕਹੌਂ ਕਛੁ ਕੈਸੇ 259
133. ਜਾਕੈ ਰਾਮ ਜੀ ਧਨੀ ਤਾਕੈ ਕਾਹਿ ਕੀ ਕਮੀ ਹੈ 260
134. ਭਗਤਿ ਨ ਹੋਇ ਰੇ ਨ ਹੋਈ 261
135. ਰੇ ਪਾਇਓ ਰੇ ਰਾਮ ਅਮੀ ਰਸ 263
136. ਦੇਖਿ ਮੂਰਿਖਤਾ ਯਹੁ ਮਨ ਕੀ 264

137. ਆਰਤੀ ਕਹਾਂ ਲੈਂ ਕਰਿ ਜੋਵੈ 265
138. ਸੰਤ ਉਤਾਰੈ ਆਰਤੀ ਦੇਵ ਸਿਰੋਮਨੀਏ 266
139. ਗਗਨ ਮੰਡਲ ਮੇਂ ਆਰਤੀ ਕੀਜੈ 267
140. ਆਰਤੀ ਕਰਤ ਹਰਸ਼ੈ ਮਨ ਮੋਰੋ 269
ਪਦੇ 272
ਪੈਂਤੀ ਅੱਖਰੀ 312
ਬਾਣੀ ਹਫ਼ਤਾਵਾਰ 320
ਬਾਣੀ ਪੰਦਰਾ ਤਿਥੀ 323
ਬਾਰਾਂ ਮਾਸ ਉਪਦੇਸ਼ 338
ਦੋਹਰਾ 354
ਸ਼ਾਂਦ ਬਾਣੀ 355
ਸ਼ਾਦੀ ਉਪਦੇਸ਼ 359
ਸੁਹਾਗ ਉਸਤਤਿ 363
ਮੰਗਲਾਚਾਰ 364
ਅਨਮੋਲ ਵਚਨ 369
ਸਲੋਕ (ਦੋਹੇ) 371

# ਧੰਨਵਾਦ ਸਾਹਿਤ

ਭਾਰਤੀ ਇਤਿਹਾਸ ਦੇ ਮੱਧਕਾਲ ਵਿੱਚ ਭਗਤੀ ਅੰਦੋਲਨ ਦਾ ਆਰੰਭ ਹੋਇਆ ਜਿਸ ਵਿੱਚ ਸੰਤਾਂ-ਮਹਾਂਪੁਰਸ਼ਾਂ, ਗੁਰੂ-ਪੀਰਾਂ ਤੇ ਫ਼ਕੀਰਾਂ ਨੇ ਮੁੱਖ ਭੂਮਿਕਾ ਨਿਭਾਈ ਅਤੇ ਚਾਨਣ-ਮੁਨਾਰੇ ਬਣ ਕੇ ਮਾਨਵ-ਜਾਤੀ ਨੂੰ ਨਵੀਂ ਸੇਧ ਦਿੰਦਿਆਂ ਹੋਇਆਂ ਸਮੁੱਚੇ ਸਮਾਜ ਨੂੰ ਹਰ ਪੱਖੋਂ ਰਿਸ਼ਟ-ਪੁਸ਼ਟ ਬਣਾਇਆ। ਸਤਿਗੁਰੂ ਰਵਿਦਾਸ ਮਹਾਰਾਜ ਜੀ ਨੂੰ ਇਸ ਅੰਦੋਲਨ ਦੇ ਮੋਢੀਆਂ ਵਿੱਚੋਂ ਸ਼ਿਰੋਮਣੀ ਮੰਨਿਆਂ ਜਾਂਦਾ ਹੈ। ਆਪ ਜੀ ਨੇ ਦਲਿਤ ਚੇਤਨਾ ਨੂੰ ਆਪਣੀ ਸੰਵੇਦਨਾ ਦਾ ਅੰਗ ਬਣਾ ਕੇ ਇਕ ਨਵੇਂ ਸਮਾਜ ਦੀ ਸਿਰਜਣਾ ਦਾ ਸੰਕਲਪ ਪ੍ਰਸਤੁਤ ਕੀਤਾ। ਆਪ ਜੀ ਨੇ ਮਾਨਵ-ਸੇਵਾ ਨੂੰ ਈਸ਼ਵਰ-ਸੇਵਾ ਤੇ ਮਾਨਵ-ਪ੍ਰੇਮ ਨੂੰ ਈਸ਼ਵਰ-ਪ੍ਰੇਮ ਕਿਹਾ ਤੇ ਕਰਮ ਨੂੰ ਹੀ ਧਰਮ ਮੰਨ ਕੇ ਸੱਚੀ ਕਿਰਤ-ਕਮਾਈ ਕਰਨ ਦਾ ਉਪਦੇਸ਼ ਦਿੱਤਾ। ਸਤਿਗੁਰੂ ਮਹਾਰਾਜ ਜੀ ਦਾ ਅਧਿਆਤਮਿਕ ਗਿਆਨ ਵੇਦਾਂ, ਸ਼ਾਸਤਰਾਂ ਤੇ ਹੋਰ ਧਾਰਮਿਕ ਗ੍ਰੰਥਾਂ 'ਤੇ ਆਧਾਰਿਤ ਨਾ ਹੋ ਕੇ ਆਪਣੇ ਨਿੱਜੀ ਰੂਹਾਨੀ ਅਨੁਭਵ 'ਤੇ ਆਧਾਰਿਤ ਹੈ। ਇਸ ਅਨੁਭਵ ਨੂੰ ਆਪ ਜੀ ਨੇ ਸਰਲ, ਸਹਿਜ ਤੇ ਸਪੱਸ਼ਟ ਰੂਪ ਵਿੱਚ ਬਾਣੀ ਰਾਹੀਂ ਪ੍ਰਗਟ ਕੀਤਾ ਹੈ। ਸਤਿਗੁਰੂ ਮਹਾਰਾਜ ਜੀ ਨੇ ਮਾਨਵ-ਜੀਵਨ ਦੇ ਹਰ ਪਹਿਲੂ 'ਚ ਪਾਰਬ੍ਰਹਮ ਪਰਮੇਸ਼ਰ ਨੂੰ ਹੀ ਸਨਮੁਖ ਰੱਖਿਆ ਤੇ ਨਾਮ-ਸਿਮਰਨ 'ਤੇ ਸਭ ਤੋਂ ਵਧੇਰੇ ਬੱਲ ਦਿੱਤਾ ਹੈ। ਆਪ ਜੀ ਦੀ ਬਾਣੀ ਸਮਾਜ ਲਈ ਇਕ ਬਹੁਤ ਹੀ ਵਡਮੁੱਲਾ ਖ਼ਜ਼ਾਨਾ ਹੈ ਜਿਸ ਨੂੰ ਆਧਾਰ ਮੰਨ ਕੇ ਹਰੇਕ ਪ੍ਰਾਣੀ ਪਰਮਾਤਮਾ ਨਾਲ ਇਕਮਿਕਤਾ ਪ੍ਰਾਪਤ ਕਰਕੇ ਆਪਣੇ ਅਨਮੋਲ ਮਨੁੱਖਾ-ਜੀਵਨ ਦੇ ਮਨੋਰਥ ਨੂੰ ਸਾਰਥਕ ਬਣਾ ਸਕਦਾ ਹੈ।

ਸਤਿਗੁਰੂ ਮਹਾਰਾਜ ਜੀ ਦੀ ਬਾਣੀ ਦੇ 'ਸ਼ਬਦ' ਉੱਪਰੋਂ ਸਰਲ ਦਿਖਾਈ ਦਿੰਦੇ ਹੋਏ ਵੀ ਭਾਵ-ਅਰਥਾਂ ਦੀ ਦ੍ਰਿਸ਼ਟੀ ਤੋਂ ਬਹੁਤ ਗਹਿਰੇ ਤੇ ਗੰਭੀਰ ਹਨ ਤੇ ਜਿਨ੍ਹਾਂ ਨੂੰ ਸ਼ਾਬਦਿਕ ਅਰਥਾਂ ਤੋਂ ਬਿਨਾਂ ਧੁਰ ਅੰਦਰ ਤੱਕ ਲੱਖਿਆ ਨਹੀਂ ਜਾ ਸਕਦਾ। ਇਸ ਆਸੇ ਨੂੰ ਮੁੱਖ ਰੱਖਦੇ ਹੋਏ ਇਸ ਪੁਸਤਕ ਰਾਹੀਂ ਸਤਿਗੁਰੂ ਮਹਾਰਾਜ ਜੀ ਦੀ ਬਾਣੀ ਦਾ ਟੀਕਾ ਕਰਨ ਦਾ ਇਕ ਨਿਮਾਣਾ ਜਿਹਾ ਯਤਨ ਕੀਤਾ ਗਿਆ ਹੈ ਤਾਂ ਕਿ ਬਾਣੀ ਪ੍ਰੇਮੀਆਂ ਨੂੰ ਇਸ ਦੇ ਅਰਥਾਂ ਦਾ ਥਾਹ ਪਾਉਣ ਵਿੱਚ ਸੌਖ ਹੋਵੇ। ਇੱਥੇ ਇਹ ਵੀ ਵਰਣਨਯੋਗ ਹੈ ਕਿ ਹਰੇਕ ਸ਼ਬਦ ਦਾ ਸਿਧਾਂਤ, ਮੁੱਖ-ਭਾਵ ਅਥਵਾ ਕੇਂਦਰੀ-ਖ਼ਿਆਲ 'ਰਹਾਉ/ਟੇਕ' ਵਾਲੀ ਤੁੱਕ ਵਿੱਚ ਹੋਇਆ ਕਰਦਾ ਹੈ। ਸ਼ਬਦ ਦੇ ਬਾਕੀ 'ਬੰਦਾਂ' ਵਿੱਚ ਉਸਦੀ ਵਿਆਖਿਆ ਹੁੰਦੀ ਹੈ। ਦਾਸ ਨੇ ਵੀ ਸ਼ਬਦ ਦੇ 'ਬੰਦਾਂ' ਦਾ ਟੀਕਾ ਕਰਦੇ ਹੋਏ 'ਰਹਾਉ/ਟੇਕ' ਵਾਲੀ ਤੁੱਕ ਦੇ ਸਿਧਾਂਤ ਨੂੰ ਹੀ ਮੁੱਖ ਰੱਖਿਆ ਹੈ।

ਸਤਿਗੁਰੂ ਮਹਾਰਾਜ ਜੀ ਨੇ ਆਪਣੀ ਅਪਾਰ ਕਿਰਪਾ ਨਾਲ ਇਸ ਪੁਸਤਕ

ਦਾ ਕੰਮ ਮੈਥੋਂ ਕਰਾਇਆ ਤੇ ਇਸ ਦੀ ਛਪਾਈ ਦਾ ਪ੍ਰਬੰਧ ਵੀ ਸਤਿਗੁਰੂ ਮਹਾਰਾਜ ਜੀ ਨੇ ਆਪ ਹੀ ਕੀਤਾ ਹੈ। ਮੈਂ ਹਰ ਰੋਜ਼ ਇਹ ਅਰਦਾਸ ਕਰਦਾ ਆ ਰਿਹਾ ਹਾਂ ਕਿ ਹੇ ਮੇਰੇ ਸਤਿਗੁਰੂ-ਪਾਤਿਸ਼ਾਹ ਜੀ! ਤੇਰਾ ਸ਼ੁਕਰ ਹੈ, ਤੂੰ ਹਿੰਮਤ ਦਿੱਤੀ, ਤੂੰ ਸੂਝ ਬਖ਼ਸ਼ੀ ਤੇ ਤੂੰ ਹੀ ਸਾਰੇ ਸਬੱਬ ਬਣਾਏ ਤਾਂ ਹੀ ਇਹ ਟੀਕਾ ਸਿਰੇ ਚੜ੍ਹ ਸਕਿਆ ਹੈ। ਦਾਸ ਉਨ੍ਹਾਂ ਸੰਤਾਂ-ਮਹਾਂਪੁਰਸ਼ਾਂ ਤੇ ਵਿਦਵਾਨਾਂ ਪ੍ਰਤੀ ਵੀ ਆਪਣਾ ਆਭਾਰ ਪ੍ਰਗਟ ਕਰਦਾ ਹੈ ਜਿਨ੍ਹਾਂ ਦੇ ਗਿਆਨ-ਗ੍ਰੰਥਾਂ ਨੂੰ ਪੜ੍ਹ ਕੇ ਤੇ ਪ੍ਰਵਚਨਾਂ ਨੂੰ ਸੁਣ ਕੇ ਬਾਣੀ ਦੇ ਅਰਥਾਂ ਨੂੰ ਸਮਝਣ ਵਿੱਚ ਮੈਨੂੰ ਸਹਾਇਤਾ ਤੇ ਪ੍ਰੇਰਨਾ ਮਿਲੀ ਹੈ।

ਫਿਰ ਵੀ ਬਾਣੀ ਦੇ ਅਰਥ-ਭਾਵ ਸਮਝਣ-ਸਮਝਾਉਣ ਵਿੱਚ ਕੋਈ ਵੀ ਮਨੁੱਖ ਅਭੁੱਲ ਨਹੀਂ, ਭੁੱਲਣਹਾਰ ਹੈ। ਸੋ ਇਸ ਪੁਸਤਕ 'ਚ ਜੇਕਰ ਜਾਣੇ-ਅਣਜਾਣੇ ਵਿੱਚ ਕੋਈ ਉਕਾਈ ਰਹਿ ਗਈ ਹੋਵੇ ਤਾਂ ਦਾਸ ਖਿਮਾ ਦਾ ਪਾਤਰ ਹੈ ਤੇ ਬੇਨਤੀ ਕਰਦਾ ਹੈ ਕਿ ਜੇਕਰ ਕਿਸੇ ਨੂੰ ਕੋਈ ਵੀ ਇਤਰਾਜ ਹੋਵੇ ਤਾਂ ਉਹ ਆਪਣੇ ਸੁਝਾਅ ਭੇਜਣ ਦੀ ਕ੍ਰਿਪਾਲਤਾ ਕਰੇ। ਹੱਥਲੀ ਪੁਸਤਕ ਦੀ ਪਬਲੀਕੇਸ਼ਨ ਤੇ ਟਾਇਟਲ ਲਈ ਵਿਜੈ ਗ੍ਰਾਫਿਕਸ ਅਤੇ ਟਾਇਪਿੰਗ ਤੇ ਸੈਟਿੰਗ ਲਈ ਸ੍ਰੀ ਪਰਸ਼ੋਤਮ ਲਾਲ ਸਰੋਏ ਜੀ ਦਾ ਵੀ ਮੈਂ ਅਤਿ ਧੰਨਵਾਦੀ ਹਾਂ ਜਿਨ੍ਹਾਂ ਦੀ ਲਗਨ ਤੇ ਮਿਹਨਤ ਸਦਕਾ ਇਹ ਪੁਸਤਕ ਸੰਗਤਾਂ ਦੀ ਭੇਟ ਕੀਤੀ ਜਾ ਸਕੀ।

**ਦਾਸਨ ਦਾਸ**
**ਸੀਤਾ ਰਾਮ ਮਹੇ**
**241-ਬੈਂਕ ਇਨਕਲੇਵ, ਜਲੰਧਰ।**

## ਬਾਣੀ ਸਾਰਾਂਸ਼

ਮੱਧ-ਕਾਲੀਨ ਭਾਰਤ ਵਿੱਚ ਜਦੋਂ ਇਤਿਹਾਸਕ ਪ੍ਰਸਥਿਤੀਆਂ ਨੇ ਅੰਧਕਾਰਮਈ ਰੂਪ ਧਾਰ ਲਿਆ ਸੀ, ਧਰਮ ਦੀ ਹਾਨੀ ਹੋ ਰਹੀ ਸੀ, ਰਾਜ-ਪਾਠ ਦੀ ਥਾਂ ਲੁੱਟ-ਖਸੁੱਟ ਪ੍ਰਧਾਨ ਸੀ, ਚਾਰੇ ਪਾਸੇ ਅਸ਼ਾਂਤੀ ਫ਼ੈਲੀ ਹੋਈ ਸੀ, ਛੂਆ-ਛਾਤ ਦਾ ਅਮਾਨਵੀ ਰੋਗ ਚਰਮ ਸੀਮਾ 'ਤੇ ਸੀ, ਰੂੜੀਵਾਦੀ ਰੀਤੀ-ਰਿਵਾਜ਼ਾਂ ਤੇ ਕਰਮਕਾਂਡਾਂ ਦੇ ਨਾਂ 'ਤੇ ਚੱਲ ਰਹੀ ਬ੍ਰਾਹਮਣੀ ਮਨਮਾਨੀ ਸੀ, ਕੱਟੜਪੰਥੀਆਂ ਤੇ ਧਾਰਮਿਕ ਅਸਹਿਨਸ਼ੀਲਤਾ ਦਾ ਬੋਲਬਾਲਾ ਸੀ, ਧਰਮ, ਵਰਣ, ਜਾਤ-ਪਾਤ ਤੇ ਸੰਪ੍ਰਦਾਇ ਦੇ ਨਾਂ 'ਤੇ ਕਈ ਤਰ੍ਹਾਂ ਦੇ ਭੇਦ-ਭਾਵ ਪੈਦਾ ਹੋ ਰਹੇ ਸਨ, ਪ੍ਰੋਹਿਤ ਵਰਗ, ਪਾਂਡੇ-ਪੁਜਾਰੀ, ਕਾਜ਼ੀ-ਮੁੱਲਾਂ ਤੇ ਪਾਖੰਡੀ ਸਾਧੂ-ਸੰਤ ਲੋਕਾਂ ਨੂੰ ਵਹਿਮਾਂ-ਭਰਮਾਂ ਵਿੱਚ ਪਾ ਕੇ ਉਨ੍ਹਾਂ ਨੂੰ ਆਪਣਾ ਗ਼ੁਲਾਮ ਬਣਾ ਰਹੇ ਸਨ ਅਤੇ ਡਰ, ਸਹਿਮ ਤੇ ਖ਼ੌਫ਼ ਵਿੱਚ ਪਾ ਕੇ ਉਨ੍ਹਾਂ ਤੋਂ ਮਨ-ਮਰਜ਼ੀ ਦੇ ਚੜ੍ਹਾਵੇ ਤੇ ਧਨ-ਦੌਲਤ ਠਗ ਰਹੇ ਸਨ। ਔਰਤਾਂ 'ਤੇ ਜ਼ੁਲਮ, ਤਸ਼ੱਦਦ ਤੇ ਦੁਰਾਚਾਰ ਆਦਿਕ ਦੀ ਅਤਿ ਸੀ, ਪਤਨੀ ਨੂੰ ਮਰੇ ਹੋਏ ਪਤੀ ਦੀ ਬਲਦੀ ਚਿਖ਼ਾ ਵਿੱਚ ਜਿਊਂਦਿਆਂ ਹੀ ਸਾੜ ਦਿੱਤਾ ਜਾਂਦਾ ਸੀ, ਬਾਲ-ਵਿਵਾਹ ਤੇ ਪਰਦਾ-ਪ੍ਰਥਾ ਦਾ ਘਿਨੌਣਾ ਰਿਵਾਜ਼ ਜ਼ੋਰਾਂ 'ਤੇ ਸੀ। ਰਾਜਨੀਤਿਕ ਆਗੂ ਇਨਸਾਨੀ ਕਦਰਾਂ-ਕੀਮਤਾਂ ਨੂੰ ਅਣਡਿੱਠਾ ਕਰਕੇ ਜਨ-ਮਾਨਸ ਦਾ ਸ਼ੋਸ਼ਨ ਕਰ ਰਹੇ ਸਨ, ਸ਼ਾਸ਼ਕ ਵਰਗ ਮੁਸਲਮਾਨ ਹੋਣ ਕਰਕੇ ਹਰ ਕੰਮ ਵਿੱਚ ਆਪਣੀ ਮਨ-ਮਰਜ਼ੀ ਵਰਤਦੇ ਸਨ, ਮੁਸਲਮਾਨੀ ਧਰਮ ਨੂੰ ਕਬੂਲ ਕਰਾਉਣ ਲਈ ਦੂਜੇ ਧਰਮਾਂ ਵਾਲਿਆਂ ਨੂੰ ਮਜ਼ਬੂਰ ਕਰਨਾ ਉਸ ਸਮੇਂ ਦੇ ਜ਼ਾਲਮ-ਹੁਕਮਰਾਨਾਂ ਦਾ ਨਿੱਤਾ-ਪ੍ਰਤੀ ਦਾ ਕੰਮ ਹੋ ਗਿਆ ਸੀ ਤਾਂ ਅਜਿਹੇ ਸਮੇਂ ਵਿੱਚ ਜਨ-ਮਾਨਸ ਦੇ ਜ਼ਖ਼ਮਾਂ 'ਤੇ ਮਲ੍ਹਮ ਲਗਾਉਣ ਲਈ, ਉਨ੍ਹਾਂ ਨੂੰ ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਨਿਰਾਸ਼ਾ ਦੇ ਟੋਇਆਂ ਵਿੱਚੋਂ ਬਾਹਰ ਕੱਢਣ ਲਈ, ਮਾਨਵ-ਸਮਾਜ ਨੂੰ ਜਾਗ੍ਰਿਤ ਕਰਕੇ ਸਾਰੀਆਂ ਕੁਰੀਤੀਆਂ ਵਿਰੁੱਧ ਸੰਘਰਸ਼ ਕਰਨ ਲਈ, ਏਕਤਾ, ਸਮਾਨਤਾ, ਸਦਭਾਵਨਾ ਤੇ ਇਲਾਹੀ ਗਿਆਨ ਦਾ ਉਪਦੇਸ਼ ਦੇਣ ਲਈ ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇ ਸਤਿਕਾਰਯੋਗ ਸ਼੍ਰੀਮਾਨ ਸੰਤੋਖ ਦਾਸ ਜੀ (ਪਿਤਾ) ਤੇ ਸਤਿਕਾਰਯੋਗ ਸ਼੍ਰੀਮਤੀ ਕਲਸਾ ਦੇਵੀ ਜੀ (ਮਾਤਾ) ਦੇ ਘਰ ਸ਼ੀਰ ਗੋਵਰਧਨਪੁਰ (ਜੋ ਹਿੰਦੂ ਯੂਨੀਵਰਸਿਟੀ ਬਨਾਰਸ ਦੇ ਨੇੜੇ ਸਥਿਤ ਹੈ) ਵਿਖੇ ਅਵਤਾਰ ਧਾਰਿਆ। ਇਸ ਸੰਦਰਭ ਵਿੱਚ ਸੰਤ ਕਰਮ ਦਾਸ ਜੀ ਦਾ ਇਹ ਦੋਹਾ ਪ੍ਰਸਿੱਧ ਹੈ :-

*ਚੌਦਾਹ ਸੌ ਤੈਤੀਸ ਕੀ, ਮਾਘ ਸੁਦੀ ਪੰਦਰਾਸ।*
*ਦੁਖੀਓਂ ਕੇ ਕਲਿਆਣ ਹਿੱਤ, ਪ੍ਰਗਟੇ ਸ੍ਰੀ ਰਵਿਦਾਸ॥*

ਅਰਥਾਤ ਦੁਖੀਆਂ ਦੇ ਕਲਿਆਣ ਲਈ ਸਤਿਗੁਰੂ ਰਵਿਦਾਸ ਜੀ ਮਹਾਰਾਜ ਸੰਮਤ ਬਿਕ੍ਰਮੀ 1433 ਮਾਘ-15 ਸ਼ੁਕਲ ਪੂਰਨਿਮਾ ਦਿਨ ਐਤਵਾਰ (ਭਾਵ ਸੰਮਤ ਈਸਵੀ 1377, 25 ਜਨਵਰੀ ਦਿਨ ਐਤਵਾਰ) ਨੂੰ ਸੰਸਾਰ ਵਿੱਚ ਪ੍ਰਗਟ ਹੋਏ।

ਸਤਿਗੁਰੂ ਰਵਿਦਾਸ ਜੀ ਮਹਾਰਾਜ ਬਚਪਨ ਤੋਂ ਹੀ ਕਰਮਸ਼ੀਲ, ਸਹਿਣਸ਼ੀਲ, ਨਿਡਰ, ਨਿਰਭੈ, ਮਧੁਰ ਬਚਨ ਬੋਲਣ ਵਾਲੇ, ਕੋਮਲ ਹਿਰਦੇ ਵਾਲੇ, ਪ੍ਰਭੂ ਪ੍ਰੇਮ ਵਿੱਚ ਸਦਾ ਵਿਭੋਰ ਰਹਿਣ ਵਾਲੇ ਤੇ ਸਾਧੂ-ਬਿਰਤੀ ਵਾਲੇ ਸਨ। ਇਹੋ ਕਾਰਨ ਹੈ ਕਿ ਆਪ ਜੀ ਮੱਧ-ਯੁੱਗ ਦੇ ਇਕ ਮਹਾਨ ਨਾਇਕ, ਕ੍ਰਾਂਤੀਕਾਰੀ ਸੰਤ ਤੇ ਯੁੱਗ-ਦ੍ਰਸ਼ਟਾ ਸਿੱਧ ਹੋਏ। ਆਪ ਜੀ ਦੀ ਕਥਨੀ ਤੇ ਕਰਨੀ ਵਿੱਚ ਕੋਈ ਅੰਤਰ ਨਹੀਂ ਸੀ। ਆਪ ਜੀ ਨੇ ਆਪਣੀ ਵਿਵੇਕ ਬੁੱਧੀ ਤੇ ਸਵੈ-ਅਨੁਭੂਤੀ ਦੀ ਕਸਵੱਟੀ ’ਤੇ ਪਰਖ ਕੇ ਉਹ ਗ੍ਰਹਿਣ ਕੀਤਾ ਜੋ ਸਦੀਵੀ ਸੀ ਤੇ ਹਰ ਯੁੱਗ ਲਈ ਨਿੱਤ ਸੀ। ਆਪ ਜੀ ਨੇ ਜੋ ਕੁਝ ਸੋਚਿਆ, ਜੋ ਕੁਝ ਕਿਹਾ ਤੇ ਜੋ ਕੁਝ ਕੀਤਾ ਉਹ ਸਭ ਮਨੁੱਖਤਾ ਦੇ ਕਲਿਆਣ ਲਈ ਤੇ ਸਮਾਜ ਵਿੱਚ ਪੱਸਰੀ ਹੋਈ ਕੂੜ ਦੀ ਪਾਲ ਨੂੰ ਤੋੜਨ ਲਈ ਕੀਤਾ। ਆਪ ਜੀ ਧਾਰਮਿਕ ਵਾਦ-ਵਿਵਾਦ ਤੋਂ ਪੂਰੀ ਤਰ੍ਹਾਂ ਜਾਣੂ ਹੁੰਦੇ ਹੋਏ ਵੀ ਜਟਿਲ ਜਾਂ ਨਿਰ-ਬੌਧਿਕ ਸਿਧਾਂਤਾਂ ਦੇ ਪੱਚੜਿਆਂ ਵਿੱਚ ਨਹੀਂ ਪਏ ਸਗੋਂ ਆਪਣੇ ਅਨੁਭਵ ਦੇ ਆਧਾਰ ’ਤੇ ਜੋ ਮਹਿਸੂਸ ਕੀਤਾ ਉਸ ਨੂੰ ਸਿੱਧੇ ਤੇ ਸਰਲ ਸ਼ਬਦਾਂ ਰਾਹੀਂ ਬਾਣੀ ਦਾ ਰੂਪ ਦੇ ਕੇ ਪ੍ਰਗਟ ਕੀਤਾ। ਜਿਵੇਂ ਕਲਮ ਲੱਗਣ ਨਾਲ ਫੁੱਲ ਦਾ ਰੂਪ ਬਦਲ ਜਾਂਦਾ ਹੈ ਤਿਵੇਂ ਹੀ ਸਤਿਗੁਰੂ ਮਹਾਰਾਜ ਜੀ ਦੀ ਆਲੌਕਿਕ ਵਿਚਾਰਧਾਰਾ ਨੇ ਸਮਾਜ ਤੇ ਧਰਮ ਦਾ ਰੂਪ ਪਰਿਵਰਤਿਤ ਕੀਤਾ।

ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇ ਆਪਣੀ ਬਾਣੀ ਰਾਹੀਂ ਮਨੁੱਖਾ ਜੀਵਨ ਦੇ ਬੋਲਾਂ ਨੂੰ ਸੁਰ ਦਿੱਤਾ ਹੈ। ਆਪ ਜੀ ਦੀ ਪਵਿੱਤਰ ਬਾਣੀ ਸਰਲ ਤੇ ਜਨ-ਮਾਨਸ ਦੀ ਭਾਸ਼ਾ ਵਿੱਚ ਹੈ, ਇਹੋ ਕਾਰਨ ਹੈ ਕਿ ਇਸ ਦੀ ਵਿਚਾਰਧਾਰਾ ਤੱਤ-ਕਾਲੀਨ ਸਮਾਜ ਵਿੱਚ ਵਧੇਰੇ ਪ੍ਰਵਾਨ ਚੜ੍ਹੀ। ਆਪ ਜੀ ਦੀ ਬਾਣੀ ਸਮਾਜਿਕ, ਰਾਜਨੀਤਿਕ, ਸੱਭਿਆਚਾਰਕ ਤੇ ਨੈਤਿਕ ਤਬਦੀਲੀ ਨੂੰ ਸਿਰਜਦੀ ਹੈ। ਜਿੱਥੇ ਇਹ ਧਰਮ ਵੰਡ, ਵਰਣ ਵੰਡ, ਸ਼੍ਰੇਣੀ ਵੰਡ, ਮੂਰਤੀ ਪੂਜਾ, ਸਗੁਣ ਭਗਤੀ ਤੇ ਅਵਤਾਰ-ਵਾਦ ਦਾ ਖੰਡਨ ਕਰਦੀ ਹੈ, ਉੱਥੇ ‘ਬੇਗਮਪੁਰਾ’ ਸ਼ਹਿਰ ਦੇ ਆਦਰਸ਼ ਤੇ ਕਲਿਆਣ-ਕਾਰੀ ਸਿਧਾਂਤ ਦੀ ਸਥਾਪਨਾ ਵੀ ਕਰਦੀ ਹੈ। ਇਹ ਸਮਾਨਤਾ, ਏਕਤਾ, ਸਾਂਝੀ-ਵਾਲਤਾ ਤੇ ਪ੍ਰੇਮ-ਪ੍ਰੀਤ ਦਾ ਅਨੂਠਾ ਪਾਠ ਵੀ ਪੜ੍ਹਾਉਂਦੀ ਹੈ। ਸਤਿਗੁਰੂ ਮਹਾਰਾਜ ਜੀ ਦੀ ਬਾਣੀ ਪਾਖੰਡੀ, ਕਰਮਕਾਂਡੀ ਤੇ ਆਡੰਬਰੀ ਕਰਮਾਂ ਦੀ ਨਿਖੇਧੀ ਕਰਦੀ ਹੈ ਤੇ ਕਰਮਾਂ ਦੀ ਪਵਿੱਤਰਤਾ ’ਤੇ ਜ਼ੋਰ ਦਿੰਦੀ ਹੈ। ਇਸ ਬਾਣੀ ਵਿੱਚ ਸੇਵਾ, ਬੰਦਗੀ, ਪਰਉਪਕਾਰ, ਤਿਆਗ, ਨਿਮਰਤਾ, ਸਬਰ-ਸੰਤੋਖ, ਸੰਜਮ ਆਦਿਕ ਸਦਾਚਾਰਕ ਗੁਣ ਵਿਦਮਾਨ ਹਨ। ਗੁਰੂ ਮਹਾਰਾਜ ਜੀ ਦੀ ਬਾਣੀ ਵਿੱਚ ਜੋ ਪਿਆਰ, ਮਿੱਠਤ, ਗਤੀ-ਪ੍ਰਵਾਹ, ਸਾਦਗੀ ਤੇ ਪ੍ਰਭੂ-ਪ੍ਰੇਮ ਦੀ ਡੂੰਘਾਈ ਤੇ ਵਿਸ਼ਾਲਤਾ ਪ੍ਰਾਪਤ ਹੁੰਦੀ ਹੈ ਉਹ ਹੋਰ ਥਾਂ ਕਿਤੇ ਵੀ ਸੁਲਭ ਨਹੀਂ। ਇਸ ਬਾਣੀ ਵਿੱਚ ਆਪ ਜੀ ਦਾ ਲੰਬੇ ਸਮੇਂ ਦਾ ਪ੍ਰੇਮ-ਯੋਗ ਅਭਿਆਸ, ਨਾਮ-ਜਾਪ, ਆਤਮ-ਨਿਵੇਦਨ, ਸਤਿਸੰਗ ਰਾਹੀਂ ਪ੍ਰਾਪਤ ਕੀਤੀ ਨਾਮ-ਖ਼ੁਮਾਰੀ, ਹਿਰਦੇ ਦੀ ਸ਼ੁੱਧਤਾ ਤੇ ਅਨਿੰਨ-ਭਾਵ ਸੰਚਿਤ ਹਨ।

ਇਹ ਬਾਣੀ ਆਤਮਿਕ ਤੇ ਪਰਮਾਰਥਿਕ ਬਾਣੀ ਹੈ ਜਿਸ ਨੂੰ ਪੜ੍ਹ ਕੇ ਓਨਾਂ ਹੀ ਆਨੰਦ ਆਉਂਦਾ ਹੈ ਜਿੰਨਾਂ ਕਿ ਬ੍ਰਹਮ ਦੇ ਮਿਲਾਪ ਦਾ ਆਨੰਦ ਹੁੰਦਾ ਹੈ। ਇਸ ਲਈ ਹੀ ਤਾਂ ਇਸ ਬਾਣੀ ਨੂੰ ਬ੍ਰਹਮਾਂਨੰਦ-ਸਹੋਦਰੀ (ਬ੍ਰਹਮ ਦੇ ਆਨੰਦ ਦੀ ਪੇਟ-ਜਾਈ ਭੈਣ) ਕਿਹਾ ਗਿਆ ਹੈ। ਸੰਤ ਕਰਮ ਦਾਸ ਜੀ ਨੇ 'ਰਵਿਦਾਸ ਬਾਣੀ' ਬਾਰੇ ਆਪਣੀ ਡੂੰਘੀ ਸ਼ਰਧਾ ਇਉਂ ਪ੍ਰਗਟ ਕੀਤੀ ਹੈ :-

*ਸੁਮੰਤ੍ਰ ਰਵਿਦਾਸ ਵਚਨੰ, ਕੋਟਿ ਦੋਸ਼ ਵਿਨਾਸ਼ਨਮ।*
*ਰਵਿਦਾਸ ਚਰਣੰ ਧਯਾਨ ਧਰਣੰ, ਕੁਲ ਸਮੂਹ ਉਧਾਰਣਮ॥*

ਅਰਥਾਤ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਬਚਨ ਸੱਚੇ ਉਪਦੇਸ਼ਾਂ ਨਾਲ ਭਰੇ ਹੋਏ ਹਨ ਤੇ ਕਰੋੜਾਂ ਦੋਸ਼ਾਂ ਦਾ ਵਿਨਾਸ਼ ਕਰਨ ਵਾਲੇ ਹਨ। ਗੁਰੂ ਜੀ ਦੇ ਚਰਣ-ਕਮਲਾਂ ਦਾ ਧਿਆਨ ਧਰਨ ਨਾਲ ਸਾਰਾ ਕੁਲ-ਪਰਿਵਾਰ ਤੇ ਸਮੂਹ-ਜਨ ਹਰ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ ਤੇ ਉਨ੍ਹਾਂ ਦਾ ਉੱਧਾਰ ਹੋ ਜਾਂਦਾ ਹੈ। ਇਸ ਬਾਣੀ ਦੀ ਉਪਮਾ ਇਕ ਹੋਰ ਪਦ ਵਿੱਚ ਕੁਝ ਇਸ ਤਰ੍ਹਾਂ ਬਿਆਨ ਕੀਤੀ ਗਈ ਹੈ :-

*ਰਵਿਦਾਸ ਬਾਣੀ ਅਘ ਨਾਸਹਈ, ਜਉ ਪਢੈ ਸੁਨੇ ਮਨ ਲਾਇ।*
*ਰੋਗ ਸੋਗ ਤੇ ਮੁਕਤ ਹੋਇ, ਮਨ ਇਛਿਤ ਫਲ ਪਾਇ॥*

ਅਰਥਾਤ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਉਸ ਜੀਵ ਦੇ ਸਾਰੇ ਪਾਪਾਂ ਦਾ ਨਾਸ਼ ਕਰ ਦਿੰਦੀ ਹੈ ਜੋ ਇਸ ਨੂੰ ਪੜ੍ਹ-ਸੁਣ ਕੇ ਆਪਣੇ ਮਨ ਵਿੱਚ ਵਸਾਉਂਦਾ ਹੈ (ਭਾਵ ਆਪਣੇ ਆਚਰਣ ਵਿੱਚ ਅਪਣਾਉਂਦਾ ਹੈ)। ਉਹ ਸਭ ਤਰ੍ਹਾਂ ਦੇ ਰੋਗਾਂ, ਦੁੱਖਾਂ ਤੇ ਚਿੰਤਾਵਾਂ ਤੋਂ ਮੁਕਤ ਹੋ ਜਾਂਦਾ ਹੈ ਤੇ ਮਨ-ਇੱਛਿਤ ਫਲ ਪਾਉਂਦਾ ਹੈ।

ਮੁੱਖ ਰੂਪ ਵਿੱਚ ਸਤਿਗੁਰੂ ਮਹਾਰਾਜ ਜੀ ਦੀ ਬਾਣੀ ਅਧਿਆਤਮਵਾਦ ਨਾਲ ਜੁੜੀ ਹੈ ਜਿਸ ਵਿੱਚ ਨਿਰਗੁਣ ਪਾਰਬ੍ਰਹਮ ਦੀ ਪ੍ਰੇਮਾ-ਭਗਤੀ ਦਾ ਪ੍ਰਕਾਸ਼ ਫ਼ੈਲਿਆ ਹੋਇਆ ਹੈ ਤੇ ਜਿਸ ਵਿੱਚ ਘੋਰ ਤਪ-ਸਾਧਨਾ ਤੇ ਕਰਮਯੋਗੀ ਵਾਲੀ ਨਿਸ਼ਕਾਮ ਭਗਤੀ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਆਪ ਜੀ ਅਨੁਸਾਰ ਪ੍ਰਭੂ ਪ੍ਰਾਪਤੀ ਦਾ ਪ੍ਰਮੁੱਖ ਸਾਧਨ ਨਾਮ-ਸਿਮਰਨ, ਸਤਿਸੰਗ, ਆਪਾ ਵਾਰਨਾ, ਆਤਮ ਨਿਵੇਦਨ ਤੇ ਪ੍ਰੇਮ-ਭਾਵ ਵਾਲੀ ਭਗਤੀ ਹੈ। ਆਪ ਜੀ ਨੇ ਬ੍ਰਹਮ, ਜੀਵਾਤਮਾ ਤੇ ਜਗਤ ਆਦਿਕ ਅਨੇਕਾਂ ਵਿਸ਼ਿਆਂ 'ਤੇ ਆਪਣੇ ਵਿਚਾਰ ਵਿਅਕਤ ਕਰਦਿਆਂ ਕਿਸੇ ਸੰਪ੍ਰਦਾਇਕ ਭਾਵਨਾ ਤੋਂ ਕੰਮ ਨਹੀਂ ਲਿਆ ਬਲਕਿ ਆਪਣੇ ਨਿੱਜੀ ਅਨੁਭਵ, ਸਾਧਨਾ ਤੇ ਅਭਿਆਸ ਦੇ ਆਧਾਰ 'ਤੇ ਜਿਸ ਸੱਚ ਦੇ ਦਰਸ਼ਨ ਕੀਤੇ ਉਸ ਨੂੰ ਹੀ ਆਪਣੀ ਬਾਣੀ ਵਿੱਚ ਵਿਅਕਤ ਕੀਤਾ ਹੈ। ਗੁਰੂ ਮਹਾਰਾਜ ਜੀ ਦੀ ਬਾਣੀ ਨੂੰ ਨਿਮਨਲਿਖਤ ਵਿਸ਼ਿਆਂ ਦੇ ਆਧਾਰ 'ਤੇ ਪ੍ਰਚੋਲਿਆ ਜਾ ਸਕਦਾ ਹੈ :-

1. ਪਾਰਬ੍ਰਹਮ
2. ਜੀਵਾਤਮਾ
3. ਜਗਤ
4. ਮਾਇਆ
5. ਮੁਕਤੀ

## ਪਾਰਬ੍ਰਹਮ

ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਵਿੱਚ ਪਾਰਬ੍ਰਹਮ/ਪਰਮਾਤਮਾ ਇਕ ਅਜਿਹੀ ਪਰਮ-ਸੱਤਾ ਜਾਂ ਹਸਤੀ ਹੈ ਜੋ ਆਪਣੀ ਹੋਂਦ ਲਈ ਦੂਸਰਿਆਂ ਉੱਤੇ ਨਿਰਭਰ ਨਹੀਂ ਹੈ, ਜੋ ਰੂਪ, ਰੰਗ ਤੇ ਆਕਾਰ ਆਦਿਕ ਦੇ ਬੰਧਨਾਂ ਤੋਂ ਪਰ੍ਹੇ ਹੈ ਤੇ ਸਰਬ-ਵਿਆਪਕ ਹੈ, ਜੋ ਸਰਬ-ਸ਼ਕਤੀਮਾਨ ਹੈ ਤੇ ਸਾਰੇ ਜਗਤ ਨੂੰ ਆਪਣੀ ਇੱਛਾ ਅਨੁਸਾਰ ਚਲਾਉਂਦੀ ਹੈ, ਜੋ ਅਕਾਲ ਹੈ ਅਰਥਾਤ ਭੂਤਕਾਲ, ਵਰਤਮਾਨ ਤੇ ਭਵਿੱਖ ਤਿੰਨਾਂ ਕਾਲਾਂ ਦੀ ਸੀਮਾਂ ਤੋਂ ਪਰ੍ਹੇ ਹੈ। ਸੰਸਾਰ ਦੇ ਕਿਸੇ ਵੀ ਪਦਾਰਥ ਨਾਲ ਉਸਦੀ ਤੁਲਨਾ ਨਹੀਂ ਕੀਤੀ ਜਾ ਸਕਦੀ, ਉਹ ਅਤੁਲਨੀਯ ਹੈ। ਉਹ ਪਾਰਬ੍ਰਹਮ ਹਰ ਜੀਵ 'ਚ ਵਸਦਾ ਹੈ ਤੇ ਸਾਰੇ ਜੀਵ ਉਸ ਦੁਆਰਾ ਹੀ ਕਾਰਜਸ਼ੀਲ ਹੁੰਦੇ ਹਨ। ਦੁਨੀਆਂ ਦਾ ਕੋਈ ਵੀ ਕਾਰਜ ਉਸ ਦੀ ਮੌਜੂਦਗੀ ਤੋਂ ਬਿਨਾਂ ਨਹੀਂ ਹੁੰਦਾ ਪਰ ਉਹ ਖ਼ੁਦ ਕਿਸੇ ਵੀ ਕਾਰਜ ਵਿੱਚ ਹਿੱਸਾ ਨਹੀਂ ਲੈਂਦਾ, ਉਹ ਸਦਾ ਨਿਰਲੇਪ ਰਹਿੰਦਾ ਹੈ। ਸਤਿਗੁਰੂ ਮਹਾਰਾਜ ਜੀ ਦੀ ਬਾਣੀ ਵਿੱਚ ਪਾਰਬ੍ਰਹਮ ਦੇ ਦੋ ਸਰੂਪਾਂ ਨੂੰ ਉਲੇਖਿਆ ਗਿਆ ਮਿਲਦਾ ਹੈ। ਇਹ ਸਰੂਪ ਹਨ: ਅਵਿਅਕਤ ਤੇ ਵਿਅਕਤ ਬ੍ਰਹਮ। ਪਾਰਬ੍ਰਹਮ ਦੇ ਇਨ੍ਹਾਂ ਦੋ ਸਰੂਪਾਂ ਨੂੰ ਨਿਰਾਕਾਰ ਤੇ ਸਾਕਾਰ ਬ੍ਰਹਮ ਜਾਂ ਨਿਰਗੁਣ ਤੇ ਸਗੁਣ ਬ੍ਰਹਮ ਵੀ ਕਿਹਾ ਗਿਆ ਹੈ। ਇਨ੍ਹਾਂ ਦੋਹਾਂ ਵਿੱਚ ਅੰਤਰ ਇਉਂ ਹੈ। i. ਨਿਰਗੁਣ ਦਾ ਅਰਥ ਹੈ-ਗੁਣਾਂ ਅਤੀਤ, ਜੋ ਗੁਣਾਂ ਦੀ ਸੀਮਾਂ ਤੋਂ ਪਰ੍ਹੇ ਹੈ। ਉਹ ਪਾਰਬ੍ਰਹਮ ਮਾਇਆ ਦੇ ਤਿੰਨੋਂ ਗੁਣਾਂ ਸਤ, ਰਜ ਤੇ ਤਮ ਤੋਂ ਪਰ੍ਹੇ ਹੈ। ਸਗੁਣ ਦਾ ਅਰਥ ਹੈ-ਮਾਇਆ ਦੇ ਤਿੰਨੋਂ ਗੁਣਾਂ ਸਤ, ਰਜ ਤੇ ਤਮ ਸਹਿਤ। ਸਗੁਣ ਬ੍ਰਹਮ ਦੇ ਗੁਣਾਂ ਨੂੰ ਵਰਣਨ ਕਰਦਿਆਂ ਉਨ੍ਹਾਂ ਨੂੰ ਪ੍ਰਚਾਰਿਆ ਜਾਂਦਾ ਹੈ। ii. ਨਿਰਗੁਣਵਾਦ ਵਿੱਚ 'ਨਾਮ-ਰੂਪੀ ਸ਼ਬਦ' ਦੀ ਪ੍ਰਧਾਨਤਾ ਹੁੰਦੀ ਹੈ ਜਦਕਿ ਸਗੁਣਵਾਦ ਵਿੱਚ ਪੂਜਾ ਦੀ ਮਹੱਤਤਾ ਹੁੰਦੀ ਹੈ। iii. ਨਿਰਗੁਣਵਾਦ ਵਿੱਚ ਮਨੁੱਖ ਅੰਤਰਮੁਖੀ ਹੋ ਜਾਂਦਾ ਹੈ ਇਸ ਦਾ ਕਾਰਨ ਇਹ ਹੈ ਕਿ ਆਤਮਾ ਤੇ ਪਰਮਾਤਮਾ ਵਿੱਚ ਇਕ ਸੂਖ਼ਮ ਰਿਸ਼ਤਾ ਅਟੁੱਟ ਬਣਿਆ ਰਹਿੰਦਾ ਹੈ। ਸਗੁਣਵਾਦ 'ਚ ਮਨੁੱਖ ਬਾਹਰਮੁਖੀ ਰਹਿੰਦਾ ਹੈ। ਪ੍ਰਭੂ ਉਸ ਨੂੰ ਆਪਣੇ ਅੰਦਰੋਂ ਨਹੀਂ ਬਲਕਿ ਕਰਮਕਾਂਡੀ ਪੂਜਾ ਜਾਂ ਮੂਰਤੀ ਆਦਿਕ ਵਿੱਚੋਂ ਲੱਭਦਾ ਹੈ।

ਨਿਰਸੰਦੇਹ ਸਤਿਗੁਰੂ ਰਵਿਦਾਸ ਜੀ ਮਹਾਰਾਜ ਨਿਰਗੁਣ ਬ੍ਰਹਮ ਦੇ ਉਪਾਸ਼ਕ ਸਨ। ਉਨ੍ਹਾਂ ਅਨੁਸਾਰ ਬ੍ਰਹਮ ਦਾ ਸਰੂਪ ਅਨੁਭਵਤਾ ਦਾ ਵਿਸ਼ਾ ਹੈ ਨਾ ਕਿ ਲਿਖਣ, ਪੜ੍ਹਨ, ਬੋਲਣ ਜਾਂ ਸਮਝਣ ਦਾ। ਇਸ ਅਨੁਭਵਤਾ ਵਿੱਚ ਵਿਲੀਨ ਹੋ ਕੇ ਹੀ ਉਸ ਅਨੁਪਮ, ਵਿਲੱਖਣ ਤੇ ਨਿਵੇਕਲੀ ਪਰਮ-ਸੱਤਾ ਨੂੰ ਜਾਣਿਆ ਜਾ ਸਕਦਾ ਹੈ। ਇਸ ਸਤਿ ਦੀ ਅਨੁਭਵਤਾ ਦਾ ਆਨੰਦ ਏਨਾਂ ਅਦਭੁੱਤ ਹੁੰਦਾ ਹੈ ਕਿ ਇਸ ਨੂੰ ਬੋਲਾਂ ਰਾਹੀਂ ਵਿਅਕਤ ਹੀ ਨਹੀਂ ਕੀਤਾ ਜਾ ਸਕਦਾ। ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦੇ ਬ੍ਰਹਮ-ਸਰੂਪ ਨੂੰ ਅਵਿਅਕਤ ਨਿਰਗੁਣ ਬ੍ਰਹਮ, ਅਵਿਅਕਤ ਸਗੁਣ ਬ੍ਰਹਮ ਤੇ ਵਿਅਕਤ ਸਗੁਣ ਬ੍ਰਹਮ ਦੇ ਆਧਾਰ 'ਤੇ ਵਿਚਾਰਿਆ ਜਾ ਸਕਦਾ ਹੈ।

## ਅਵਿਅਕਤ ਨਿਰਗੁਣ ਬ੍ਰਹਮ ਸਰੂਪ

ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਨੁਸਾਰ ਬ੍ਰਹਮ ਦੇ ਨਿਰਗੁਣ ਸਰੂਪ ਇਹ ਹਨ :-

1. ਸ਼ਬਦ ਸਰੂਪ ਬ੍ਰਹਮ
2. ਨਿਰੰਜਨ ਸਰੂਪ ਬ੍ਰਹਮ
3. ਅਨਿਰਵਾਚਨੀਯ ਸਰੂਪ ਬ੍ਰਹਮ
4. ਸੂਨਯਾ ਸਰੂਪ ਬ੍ਰਹਮ

### 1. ਸ਼ਬਦ ਸਰੂਪ ਬ੍ਰਹਮ

ਪੁਰਾਤਨ ਕਾਲ ਤੋਂ ਹੀ ਬ੍ਰਹਮ ਨੂੰ 'ਸ਼ਬਦ' ਜਾਂ 'ਅੱਖਰ' ਕਿਹਾ ਗਿਆ ਹੈ। 'ਅੱਖਰ' (ਅ+ਖਰ) ਦਾ ਅਰਥ ਹੈ ਜੋ ਕਦੇ ਨਾ ਖਰੇ, ਜੋ ਅਵਿਨਾਸ਼ੀ ਹੈ। 'ਸ਼ਬਦ' ਆਕਾਸ਼ ਦਾ ਗੁਣ ਹੈ। ਆਕਾਸ਼ ਸਰਬ-ਵਿਆਪਕ ਹੈ। ਸੋ 'ਨਾਮ-ਸ਼ਬਦ' ਵੀ ਸਰਬ-ਵਿਆਪਕ ਹੈ ਤੇ ਕਣ-ਕਣ ਵਿੱਚ ਰਮਣ ਕਰ ਰਿਹਾ ਹੈ। 'ਸ਼ਬਦ' ਦੁਆਰਾ ਹੀ 'ਸ਼ਬਦ-ਬ੍ਰਹਮ' ਦੀ ਪਹਿਚਾਣ ਹੁੰਦੀ ਹੈ ਤੇ ਅੰਤ ਨੂੰ 'ਸ਼ਬਦ' ਹੀ 'ਸ਼ਬਦ-ਬ੍ਰਹਮ' ਵਿੱਚ ਲੈਅ ਹੋ ਜਾਂਦਾ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਵੀ ਬ੍ਰਹਮ ਨੂੰ 'ਸ਼ਬਦ ਰੂਪ' (ਅੱਖਰ ਰੂਪ) ਮੰਨ ਕੇ ਉਸ ਦੀ ਅਰਾਧਨਾ ਕੀਤੀ ਹੈ ਤੇ ਜੀਵਾਂ ਨੂੰ ਵੀ 'ਸ਼ਬਦ' ਦਾ ਹੀ ਸਿਮਰਨ ਕਰਨ ਦਾ ਉਪਦੇਸ਼ ਦਿੱਤਾ ਹੈ। ਆਪ ਜੀ ਨੇ ਕਿਸੇ ਵਿਸ਼ੇਸ਼ ਇਕ ਸ਼ਬਦ ਦੀ ਅਰਾਧਨਾ 'ਤੇ ਜ਼ੋਰ ਨਹੀਂ ਦਿੱਤਾ ਬਲਕਿ ਸ਼ਬਦ ਦੇ ਗੁਣਾਂ ਅਨੁਸਾਰ ਹੀ ਉਸ ਦੀ ਸਿਫ਼ਤਿ-ਸਾਲਾਹ ਕੀਤੀ ਹੈ। ਆਪ ਜੀ ਨੇ ਬ੍ਰਹਮ ਨੂੰ ਓਂਕਾਰ, ਸਤਿਨਾਮ, ਰਾਮ, ਮੁਕੰਦ, ਹਰਿ ਆਦਿ ਸ਼ਬਦਾਂ ਨਾਲ ਵਿਸ਼ੇਸ਼ ਕਰਕੇ ਕਈ ਵਾਰ ਆਪਣੀ ਬਾਣੀ ਵਿੱਚ ਉਲੇਖਿਆ ਹੈ। ਇਹ ਸਾਰੇ ਸ਼ਬਦ ਉਸ ਇਕ ਬ੍ਰਹਮ ਦੇ ਹੀ ਵਿਭਿੰਨ ਨਾਮ ਹਨ। ਆਪ ਜੀ ਕਹਿੰਦੇ ਹਨ ਕਿ 'ਸ਼ਬਦ-ਬ੍ਰਹਮ' ਦਾ ਜਾਪ ਕਰਨ ਨਾਲ ਜੀਵ ਨੂੰ ਸਤਿ-ਸਰੂਪ ਬ੍ਰਹਮ ਦਾ ਅਨੁਭਵ ਹੁੰਦਾ ਹੈ ਤੇ ਉਹ ਜੀਵ ਅਨਹਦ ਨਾਦ ਦੀ ਧੁਨਿ ਵਿੱਚ ਲੀਨ ਹੋਣ ਦੇ ਸਮਰੱਥ ਹੋ ਜਾਂਦਾ ਹੈ। ਆਪ ਜੀ ਅਨੁਸਾਰ ਉਂਕਾਰ, ਬ੍ਰਹਮ ਦਾ ਪ੍ਰਤੀਕ ਸ਼ਬਦ ਹੈ। ਇਹ ਐਸਾ ਤੱਤ ਹੈ ਜੋ ਆਰੰਭ ਤੋਂ ਲੈ ਕੇ ਜੁਗਾਂ-ਜੁਗਾਂਤਰਾਂ ਤੱਕ ਅਟੱਲ ਰਹਿੰਦਾ ਹੈ। ਉਂਕਾਰ (ਬੀਜ) ਰੂਪੀ ਬ੍ਰਹਮ ਆਦਿ-ਪੁਰਖ ਹੈ ਜਿਸ ਤੋਂ ਸਾਰੀ ਸ੍ਰਿਸ਼ਟੀ ਦੀ ਉਤਪਤੀ ਹੋਈ ਹੈ ਤੇ ਅੰਤ ਨੂੰ ਇਸ ਵਿੱਚ ਹੀ ਵਿਲੀਨ ਹੋ ਜਾਣੀ ਹੈ। ਇਕ ਉਂਕਾਰ ਦਾ ਧਿਆਨ ਧਰਨ ਨਾਲ ਹੀ ਪਾਰਬ੍ਰਹਮ ਨੂੰ ਪਾਇਆ ਜਾ ਸਕਦਾ ਹੈ। ਉਂਕਾਰ 'ਸਤਿ' ਹੈ ਤੇ ਅਸਤਿ ਇਸ ਦੇ ਸਾਹਮਣੇ ਟਿਕ ਨਹੀਂ ਸਕਦਾ ਭਾਵ ਮਾਇਆ ਜੋ ਅਸਤਿ ਹੈ ਇਸ ਦੇ ਸਾਹਮਣੇ ਟਿਕ ਨਹੀਂ ਸਕਦੀ। ਇਸ ਪ੍ਰਸੰਗ ਵਿੱਚ ਸਤਿਗੁਰੂ ਮਹਾਰਾਜ ਜੀ ਇਉਂ ਫ਼ੁਰਮਾਉਂਦੇ ਹਨ :-

- *ਉਂਕਾਰ ਹੈ ਸਤਿਨਾਮ, ਆਦਿ ਜੁਗਾਦਿ ਸਭ ਸਤਿ।*
  *ਰਵਿਦਾਸ ਸਤਿ ਕਹਿ ਸਾਮੁੰਹੇ, ਟਿਕਵੇ ਨਾਂਹਿ ਅਸਤਿ॥*
- *ਉਂਕਾਰ ਕੋ ਧਿਆਨ ਮੰਹਿ, ਜੋ ਲੋ ਸੁਰਤ ਨ ਹੋਇ।*
  *ਤੋ ਲੋ ਸਾਂਚੇ ਬ੍ਰਹਮ ਕੂੰ, ਰਵਿਦਾਸ ਨ ਬੂਝਇ ਕੋਇ॥*

ਸਤਿਗੁਰੂ ਮਹਾਰਾਜ ਜੀ ਅਨੁਸਾਰ ਰਾਮ ਹੀ ਸਦਾ ਕਾਇਮ ਰਹਿਣ ਵਾਲਾ ਅਬਿਨਾਸ਼ੀ

ਪ੍ਰਭੂ ਹੈ। ਕੇਵਲ ਇਕ ਉਹੀ ਸੱਚ ਹੈ ਤੇ ਬਾਕੀ ਸਭ ਝੂਠ ਤੇ ਕੂੜ ਹੈ। ਉਹ ਰਾਮ ਸਰਬ-ਵਿਆਪਕ ਹੈ, ਪੂਰਨ ਪਾਰਬ੍ਰਹਮ ਹੈ। ਉਹ ਰਾਮ ਦਸ਼ਰਥ ਦਾ ਪੁੱਤਰ ਨਹੀਂ, ਉਹ ਰਾਮ ਤਾਂ ਵਿਸ਼ਵ-ਕੁਟੁੰਬ ਦਾ ਮਾਲਿਕ ਹੈ। ਉਹ ਰਾਮ ਸਾਡਾ ਮਾਸ਼ੂਕ ਹੈ, ਸਾਡੇ ਜੀਵਨ ਦਾ ਆਧਾਰ ਹੈ, ਸਾਡਾ ਕਲਿਆਣ ਕਰਨ ਵਾਲਾ ਹੈ, ਸਾਡੇ ਅੰਦਰ ਬਿਰਾਜਮਾਨ ਹੈ ਤੇ ਸਾਡੇ ਤੋਂ ਦੂਰ ਨਹੀਂ। ਆਪ ਜੀ ਜੀਵਾਂ ਨੂੰ ਉਪਦੇਸ਼ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਸੰਸਾਰ-ਰੂਪੀ ਭਵਸਾਗਰ ਤੋਂ ਪਾਰ ਹੋਣ ਲਈ ਰਾਮ ਨਾਮ ਦੀ ਮਜ਼ਬੂਤ ਬੇੜੀ ਨੂੰ ਕਦੇ ਛੱਡਣਾ ਨਹੀਂ ਚਾਹੀਦਾ। ਵੇਦ-ਪੁਰਾਣ ਤੇ ਹੋਰ ਧਰਮ-ਗ੍ਰੰਥ ਵੀ ਇਹੋ ਕਹਿੰਦੇ ਹਨ ਕਿ ਉਹ ਸਰਬ-ਵਿਆਪਕ ਰਾਮ ਹੀ ਜੀਵਾਂ ਦਾ ਪਾਰ-ਉਤਾਰੂ ਹੈ ਤੇ ਉਸ ਦੇ ਬਰਾਬਰ ਸ੍ਰਿਸ਼ਟੀ ਵਿੱਚ ਹੋਰ ਕੋਈ ਵੀ ਨਹੀਂ ਹੈ। ਜਿਵੇਂ ਕਿ ਗੁਰੂ ਮਹਾਰਾਜ ਜੀ ਨੇ ਹੇਠਲੇ ਪਦਾਂ/ਦੋਹਿਆਂ ਵਿੱਚ ਸਪੱਸ਼ਟ ਕੀਤਾ ਹੈ :-

- *ਕਾਇਮ ਦਾਇਮ ਰਾਮ ਇਕ, ਦੋਇਮ ਸਤਿ ਇਮਾਨ।*
  *ਰਵਿਦਾਸ ਰਾਮ ਅਰੁ ਸਤਿ ਬਿਨ, ਬਿਰਥਾ ਸਭ ਕਛੁ ਜਾਨ॥*
- *ਰਵਿਦਾਸ ਹਮਾਰੋ ਰਾਮ ਜੀ, ਦਸਰਥ ਕਰਿ ਸੁਤ ਨਾਂਹਿ।*
  *ਰਾਮ ਹੰਮਿ ਮਹਿ ਰਮਿ ਰਹਿਓ, ਬਿਸਬ ਕੁਟੰਬਹ ਮਾਂਹਿ॥*
- *ਰਵਿਦਾਸ ਹਮਾਰੋ ਰਾਮ ਤੋ, ਸਕਲ ਰਹਿਓ ਭਰਪੂਰਿ।*
  *ਰੋਮ ਰੋਮ ਮਹਿੰ ਰਮਿ ਰਹਿਓ, ਰਾਮ ਮਸੂਕ ਨ ਦੂਰਿ॥*
- *ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਛਰ ਮਾਹੀਂ॥*
  *ਬਿਆਸ ਬੀਚਾਰਿ ਕਹਿਯੋ ਪਰਮਾਰਥੁ ਰਾਮ ਨਾਮ ਸਰਿ ਨਾਹੀਂ॥*

ਆਪ ਜੀ ਫ਼ਰਮਾਉਂਦੇ ਹਨ ਕਿ 'ਮੁਕੰਦ' ਸ਼ਬਦ ਜਨਮ-ਮਰਨ ਦੇ ਗੇੜ 'ਚੋਂ ਬਾਹਰ ਕੱਢਣ ਵਾਲਾ ਮੁਕਤੀ ਦਾ ਦਾਤਾ ਹੈ ਤੇ ਸਾਡਾ ਮਾਤਾ-ਪਿਤਾ ਹੈ। ਉਸ ਦਾ ਨਾਮ ਸਿਮਰਿਆਂ ਜੀਵ ਅੰਦਰੋਂ ਸਾਰੀਆਂ ਕਾਮਨਾਵਾਂ, ਵਾਸ਼ਨਾਵਾਂ ਤੇ ਤ੍ਰਿਸ਼ਨਾਵਾਂ ਮਿਟ ਜਾਂਦੀਆਂ ਹਨ ਤੇ ਉਹ ਸੁੱਖਮਈ ਜੀਵਨ ਬਤੀਤ ਕਰਦਾ ਹੈ :-

- *ਮੁਕੰਦ ਮੁਕੰਦ ਜਪਹੁ ਸੰਸਾਰ॥ ਬਿਨੁ ਮੁਕੰਦ ਤਨੁ ਹੋਇ ਅਉਹਾਰ॥*
  *ਸੋਈ ਮੁਕੰਦੁ ਮੁਕਤਿ ਕਾ ਦਾਤਾ॥ ਸੋਈ ਮੁਕੰਦੁ ਹਮਰਾ ਪਿਤ ਮਾਤਾ॥*

## 2. ਨਿਰੰਜਨ ਸਰੂਪ ਬ੍ਰਹਮ

ਨਿਰੰਜਨ ਤੋਂ ਭਾਵ ਹੈ ਅੰਜਨ-ਰਹਿਤ। ਅੰਜਨ ਦਾ ਅਰਥ ਹੈ ਕਾਜਲ ਜਾਂ ਸਿਆਹੀ। ਸੋ ਗੁਰੂ ਮਹਾਰਾਜ ਜੀ ਦਾ ਨਿਰੰਜਨ-ਸਰੂਪ ਬ੍ਰਹਮ, ਅੰਜਨ-ਰੂਪੀ ਮਾਇਆ ਤੋਂ ਮੁਕਤ, ਸ਼ੁੱਧ ਤੇ ਪਵਿੱਤਰ ਬ੍ਰਹਮ ਹੈ। ਉਹ ਨਿਰਾਕਾਰ, ਨਿਰਵਿਕਾਰ ਤੇ ਨਿਰਲੇਪ ਹੈ। ਨਿਰੰਜਨ-ਪ੍ਰਭੂ ਦੀ ਉਪਾਸ਼ਨਾ ਜੀਵ ਨੂੰ ਮਾਇਆ ਦੇ ਬੰਧਨਾਂ ਤੋਂ ਮੁਕਤ ਕਰਦੀ ਹੈ। ਨਿਰੰਜਨ-ਬ੍ਰਹਮ ਨੂੰ ਸਤਿ ਸਰੂਪ ਕਰਕੇ ਧਿਆਉਣ ਨਾਲ ਪਰਮਾਤਮਾ ਦੇ ਰਹੱਸ ਸਮਝ ਆਉਂਦੇ ਹਨ, ਜੀਵ ਜਨਮ-ਮਰਨ ਦੇ ਗੇੜ ਵਿੱਚੋਂ ਬਾਹਰ ਨਿਕਲਦਾ ਹੈ ਤੇ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ। ਹਉਮੈ ਤੇ ਮੈਂ-ਮੇਰੀ ਨੂੰ ਮਿਟਾ ਕੇ ਤੇ ਆਪਣਾ ਤਨ-

ਮਨ ਪੂਰੀ ਤਰ੍ਹਾਂ ਸਮਰਪਿਤ ਕਰਕੇ ਹੀ ਨਿਰੰਜਨ-ਪ੍ਰਭੂ ਨੂੰ ਪਾਇਆ ਜਾ ਸਕਦਾ ਹੈ। ਇਸੇ ਪਰਿਪੇਖ ਵਿੱਚ ਗੁਰੂ ਮਹਾਰਾਜ ਜੀ ਇਉਂ ਫ਼ਰਮਾਉਂਦੇ ਹਨ :-

- *ਕਹਿ ਰਵਿਦਾਸ ਨਿਰੰਜਨ ਧਿਆਉ।*
  *ਜਿਸ ਘਰਿ ਜਾਓ ਹੌਂ ਬਹੁਰਿ ਨ ਆਉ॥*
- *ਕਹੈ ਰਵਿਦਾਸ ਮਰਮ ਜੋ ਪਾਇਓ।*
  *ਦੇਵ ਨਿਰੰਜਨ ਸਤਿ ਕਰਿ ਧਿਆਇਓ॥*
- *ਤਨੁ ਮਨੁ ਅਰਪਉ ਪੂਜ ਚਰਾਵਉ*
  *ਗੁਰ ਪ੍ਰਸਾਦਿ ਨਿਰੰਜਨ ਪਾਵਉ॥*

### 3. ਅਨਿਰਵਾਚਨੀਯ ਸਰੂਪ ਬ੍ਰਹਮ

ਅਨਿਰਵਾਚਨੀਯ ਦਾ ਭਾਵ ਹੈ ਜੋ ਕਹਿਣ ਵਿੱਚ ਨਾ ਆਵੇ। ਪਾਰਬ੍ਰਹਮ ਬਿਆਨ ਤੋਂ ਪਰ੍ਹੇ ਹੈ, ਉਸ ਨੂੰ ਸ੍ਰਿਸ਼ਟੀ ਦੇ ਗੁਣਾਂ ਅਨੁਸਾਰ ਵਿਅਕਤ ਨਹੀਂ ਕੀਤਾ ਜਾ ਸਕਦਾ। ਉਸ ਦੇ ਜਿਹੜੇ ਗੁਣ ਹੁਣ ਤੱਕ ਵਿਅਕਤ ਵੀ ਕੀਤੇ ਗਏ ਹਨ ਉਹ ਅਪੂਰਨ ਤੇ ਅਧੂਰੇ ਹਨ। ਉਸ ਦੇ ਸਰੂਪ ਨੂੰ ਨਿਰਗੁਣ ਵਾਚਕ ਵਿਸ਼ੇਸ਼ਣ ਜਿਵੇਂ ਕਿ ਨਿਸ਼ਚਲ, ਅਗਤ, ਅਨੂਪਮ, ਅਗਮ, ਅਜਰ, ਅਨਾਦਿ, ਅਨੰਤ, ਅਗੋਚਰ, ਅਬਿਨਾਸ਼ੀ, ਨਿਰ-ਵਿਕਾਰ, ਅਛਰ, ਅਤਰਕ, ਨਿਰਭੈ ਆਦਿਕ ਰਾਹੀਂ ਕੁਛ ਹੱਦ ਤੱਕ ਸਪੱਸ਼ਟ ਤਾਂ ਕੀਤਾ ਜਾ ਸਕਦਾ ਹੈ ਪਰ ਸੰਪੂਰਨ ਤੌਰ 'ਤੇ ਵਿਅਕਤ ਨਹੀਂ ਕੀਤਾ ਜਾ ਸਕਦਾ। ਸੱਚਾਈ ਤਾਂ ਇਹ ਹੈ ਕਿ ਪੂਰਨ ਰੂਪ ਵਿੱਚ ਉਸ ਪਰਮ-ਸੱਤਾ ਦਾ ਕੋਈ ਵਿਚਾਰ ਹੀ ਨਹੀਂ ਕਰ ਸਕਦਾ ਕਿਉਂਕਿ ਉਹ ਮਨੁੱਖੀ ਮਨ, ਬੁੱਧੀ ਤੇ ਚੇਤਨਾ ਦੀ ਪਹੁੰਚ ਤੋਂ ਪਰ੍ਹੇ ਹੈ। ਜੀਵ ਦੀ ਬੁੱਧੀ ਉਨ੍ਹਾਂ ਪਦਾਰਥਾਂ ਦਾ ਹੀ ਗਿਆਨ ਕਰਵਾਉਂਦੀ ਹੈ ਜੋ ਇੰਦਰੀਆਂ ਦੇ ਗੋਚਰ ਹੁੰਦੇ ਹਨ। ਬਾਣੀ ਰੂਪਕ ਦਾ ਆਧਾਰ ਹੁੰਦੀ ਹੈ। ਰੂਪ ਤੋਂ ਬਿਨਾਂ ਬਾਣੀ ਵਿਅਕਤ ਕਰਨ ਵਿੱਚ ਅਸਮਰੱਥ ਹੈ। ਇਸ ਲਈ ਨਿਰਾਕਾਰ ਬ੍ਰਹਮ ਨੂੰ ਵਿਅਕਤ ਨਹੀਂ ਕੀਤਾ ਜਾ ਸਕਦਾ, ਉਸ ਨੂੰ ਕੇਵਲ ਅਨੁਭਵ ਹੀ ਕੀਤਾ ਜਾ ਸਕਦਾ ਹੈ। ਇਹ ਕਹਿ ਸਕਦੇ ਹਾਂ ਕਿ ਉਹ ਜਿਹੋ ਜਿਹਾ ਹੈ ਤਿਹੋ ਜਿਹਾ ਹੀ ਹੈ :-

- *ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ॥*
  *ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ॥*
- *ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ॥*

### 4. ਸ਼ੂਨਯ ਸਰੂਪ ਬ੍ਰਹਮ

ਜੋ ਕੁਝ ਦਿੱਸਦਾ ਹੈ ਉਹ ਆਕਾਰੀ ਹੈ ਤੇ ਜੋ ਉਸ ਦਿੱਸਦੇ ਦੀ ਹੋਂਦ ਵਿੱਚ ਪਸਰਿਆ ਬੈਠਾ ਹੈ, ਉਹ ਸੁੰਨਿ-ਸਮਾਧੀ ਵਿੱਚ ਆਪ ਹੈ। ਜ਼ਾਹਿਰ ਰੂਪ ਵਿੱਚ ਜੋ ਅਸੀਂ ਦੇਖ ਸਕਦੇ ਹਾਂ ਉਸ ਦੇ ਗੁਪਤ ਰੂਪ ਨੂੰ ਸੁੰਨਿ ਜਾਂ ਸ਼ੂਨਯ ਮੰਨਿਆ ਗਿਆ ਹੈ। ਸਤਿਗੁਰੂ ਜੀ ਦਾ ਸ਼ੂਨਯ-ਬ੍ਰਹਮ ਸਹਿਜ ਸੁੰਨਿ ਅਵਸਥਾ ਦਾ ਵਾਸੀ ਹੈ। ਜਦੋਂ ਸੁਰਤਿ ਸ਼ਬਦ ਵਿੱਚ ਲੈਅ ਹੋ ਜਾਂਦੀ ਹੈ ਤਾਂ ਉਸ ਸਮੇਂ ਜੀਵ ਨੂੰ ਸਤਿ ਸਰੂਪ ਬ੍ਰਹਮ ਦਾ ਅਨੁਭਵ

ਹੁੰਦਾ ਹੈ, ਜਿਸ ਦੀ ਬਰਕਤਿ ਨਾਲ ਆਤਮਾ ਦੀ ਪਰਮਾਤਮਾ ਨਾਲ ਇਕਮਿਕਤਾ ਹੋ ਜਾਂਦੀ ਹੈ। ਸੰਸਾਰ ਤੋਂ ਉਪਰਾਮ ਹੋਇਆ ਜੀਵ ਫਿਰ ਬ੍ਰਹਮ ਵਿੱਚ ਸਥਿਤ ਹੋ ਜਾਂਦਾ ਹੈ ਤੇ ਉਸ ਨੂੰ ਜੀਵਨ ਮੁਕਤੀ ਮਿਲ ਜਾਂਦੀ ਹੈ :-

– *ਕਹੈ ਰਵਿਦਾਸ ਸਹਿਜ ਸੁੰਨਿ ਸਤਿ,*
*ਜੀਵਨ ਮੁਕਤੀ ਨਿਧੀ ਕਾਸੀ ॥*

– *ਸੁੰਨਿ ਮੰਡਲ ਮੇਂ ਤੇਰਾ ਬਾਸਾ,*
*ਤਾਥੈ ਜੀਵ ਮੇਂ ਰਹੋਂ ਉਦਾਸਾ ॥*

ਸਤਿਗੁਰੂ ਮਹਾਰਾਜ ਜੀ ਕਹਿੰਦੇ ਹਨ ਕਿ ਸਹਿਜ-ਸੁੰਨਿ ਅਵਸਥਾ ਵਿੱਚ ਹੀ ਸ਼ੂਨਯ ਬ੍ਰਹਮ ਦਾ ਅਨੁਭਵ ਹੁੰਦਾ ਹੈ। ਆਪ ਜੀ ਦਾ ਮੱਤ ਹੈ ਕਿ ਸ਼ੂਨਯ ਬ੍ਰਹਮ ਤੋਂ ਹੀ ਜਗਤ ਦੀ ਤੇ ਸਾਰੇ ਜੀਵ-ਜੰਤੂਆਂ ਤੇ ਵਸਤ-ਪਦਾਰਥਾਂ ਆਦਿਕ ਦੀ ਉਤਪਤੀ ਹੋਈ ਹੈ ਤੇ ਅੰਤ ਨੂੰ ਇਸ ਵਿੱਚ ਹੀ ਸਭ ਨੇ ਵਿਲੀਨ ਹੋ ਜਾਣਾ ਹੈ :-

– *ਜਹਾਂ ਕਾ ਉਪਜਾ ਤਹਾਂ ਸਮਾਈ,*
*ਸਹਜ ਸੁਨਿ ਮੇਂ ਰਹਿਓ ਲੁਕਾਈ ॥*

## ਅਵਿਅਕਤ ਸਗੁਣ ਬ੍ਰਹਮ ਸਰੂਪ

ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਵਿੱਚ ਕਿਤੇ-ਕਿਤੇ ਅਵਿਅਕਤ ਰੂਪ (ਦੇਹ ਬਿਨਾਂ ਜਾਂ ਨਿਰਾਕਾਰ) ਵਿੱਚ ਸਗੁਣ ਬ੍ਰਹਮ ਦਾ ਵਰਣਨ ਵੀ ਮਿਲਦਾ ਹੈ। ਇਹ ਗੁਰੂ ਮਹਾਰਾਜ ਜੀ ਵੱਲੋਂ ਪਰਮਾਤਮਾ ਦੀ ਸਿਫ਼ਤਿ-ਸਾਲਾਹ ਵਿੱਚ ਵਰਤੇ ਗਏ ਬਿੰਬਾਂ, ਅਲੰਕਾਰਾਂ, ਪ੍ਰਤੀਕਾਂ ਤੇ ਉਦਾਹਰਨਾਂ ਆਦਿਕ ਕਾਰਨ ਹੈ। ਇੰਝ ਵੀ ਜਾਪਦਾ ਹੈ ਕਿ ਇਸ ਤਰ੍ਹਾਂ ਦਾ ਵਰਣਨ ਗੁਰੂ ਮਹਾਰਾਜ ਜੀ ਨੇ ਜਨ-ਸਾਧਾਰਨ ਨੂੰ ਸਮਝਾਉਣ ਲਈ ਕੀਤਾ ਹੈ। ਇੱਥੇ ਇਹ ਵਰਣਨਯੋਗ ਹੈ ਕਿ ਆਪ ਜੀ ਦਾ ਸਗੁਣ ਬ੍ਰਹਮ ਸਰੂਪ ਕਿਸੇ ਵੀ ਤਰ੍ਹਾਂ ਅਵਤਾਰਵਾਦ, ਮੂਰਤੀ-ਪੂਜਾ ਤੇ ਧਰਮ ਦੇ ਸੰਸਥਾਗਤ ਰੂਪ ਨੂੰ ਪ੍ਰਵਾਨ ਨਹੀਂ ਕਰਦਾ ਸਗੋਂ ਉਸ ਦੀ ਤਿੱਖੀ ਨਿਖੇਧੀ ਕਰਦਾ ਹੈ। ਆਪ ਜੀ ਨੇ ਵਾਰ-ਵਾਰ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਪਰਮਾਤਮਾ ਅਰੂਪ ਹੈ, ਅਨਾਮ ਹੈ, ਅਜਨਮਾ ਹੈ, ਅਵਿਗਤ ਤੇ ਨਿਰੰਜਨ ਹੈ। ਜਦੋਂ ਸਗੁਣ ਬ੍ਰਹਮ ਅਵਿਅਕਤ ਹੁੰਦਾ ਹੈ ਤਾਂ ਮੂਲ ਰੂਪ ਵਿੱਚ ਉਹ ਨਿਰਗੁਣ ਬ੍ਰਹਮ ਹੀ ਹੁੰਦਾ ਹੈ। ਸਤਿਗੁਰੂ ਜੀ ਦਾ ਅਵਿਅਕਤ ਸਗੁਣ ਬ੍ਰਹਮ ਇਸ ਤਰ੍ਹਾਂ ਹੈ :-

1. ਇਕ ਬ੍ਰਹਮ
2. ਸਤਿ ਸਰੂਪ ਬ੍ਰਹਮ
3. ਜੋਤਿ ਸਰੂਪ ਬ੍ਰਹਮ
4. ਸੈਭੰ ਸਰੂਪ ਬ੍ਰਹਮ

### 1. ਇਕ ਬ੍ਰਹਮ

ਇਕ ਬ੍ਰਹਮ ਦਾ ਭਾਵ ਹੈ ਕਿ ਪਰਮਾਤਮਾ ਇਕ ਇਕਾਈ ਹੈ ਜਿਸ ਵਿੱਚੋਂ ਸਮੁੱਚੇ ਬ੍ਰਹਿਮੰਡ ਦੀ ਉਤਪਤੀ ਹੋਈ ਹੈ। ਉਸ ਦੇ ਅਸਤਿਤਵ ਕਾਰਨ ਹੀ ਸਭ ਦਾ ਵਜੂਦ ਹੈ। ਉਸ ਵਿੱਚ ਕੋਈ ਸੰਯੋਗ-ਵਿਯੋਗ ਨਹੀਂ ਹੁੰਦਾ, ਕੋਈ ਪਰਿਵਰਤਨ ਨਹੀਂ ਹੁੰਦਾ ਕਿਉਂਕਿ ਉਹ ਇਕ ਹੈ। ਉਹ ਸਾਰੀ ਸ੍ਰਿਸ਼ਟੀ ਵਿੱਚ ਆਖੰਡ ਸ਼ਕਤੀ ਦੇ ਰੂਪ ਵਿੱਚ

ਇਕਸਾਰ ਵਿਆਪਕ ਹੈ ਤੇ ਹਰ ਜੀਵ-ਜੰਤੂ ਵਿੱਚ ਆਤਮ-ਤੱਤ ਦੇ ਰੂਪ ਵਿੱਚ ਵਿਦਮਾਨ ਹੈ। ਸਤਿਗੁਰੂ ਮਹਾਰਾਜ ਜੀ ਅਨੁਸਾਰ ਉਹੀ ਪਰਮਾਤਮਾ ਅਨੇਕਾਂ ਰੂਪ ਧਾਰ ਕੇ ਸਾਰੀ ਸ੍ਰਿਸ਼ਟੀ ਵਿੱਚ ਦ੍ਰਿਸ਼ਟਮਾਨ ਹੋ ਰਿਹਾ ਹੈ ਤੇ ਵਿਸਥਾਰ ਪਾ ਰਿਹਾ ਹੈ :-

- *ਏਕ ਹੀ ਏਕ ਅਨੇਕ ਹੋਇ ਬਿਸਥਰਿਓ*
  *ਆਨ ਰੇ ਆਨ ਭਰਪੂਰਿ ਸੋਊ ॥ ਰਹਾਉ ॥*

ਸਤਿਗੁਰੂ ਜੀ ਨੇ ਬ੍ਰਹਮ ਦੇ ਅਦਵੈਤ ਰੂਪ ਨੂੰ ਸਵੀਕਾਰਿਆ ਹੈ। ਆਪ ਜੀ ਨੂੰ ਹਰ ਵਸਤ-ਪਦਾਰਥ, ਜੀਵ-ਜੰਤੂ, ਬ੍ਰਿਛ-ਲਤਾ, ਕਣ-ਕਣ ਤੇ ਰੋਮ-ਰੋਮ ਵਿੱਚ ਪਰਮਾਤਮਾ ਹੀ ਦਿਖਾਈ ਦਿੰਦਾ ਹੈ ਤੇ ਉਸ ਤੋਂ ਇਲਾਵਾ ਹੋਰ ਕੁਝ ਵੀ ਦਿਖਾਈ ਨਹੀਂ ਦਿੰਦਾ। ਸਾਰੀ ਕਾਇਨਾਤ ਉਸਦੇ ਨੂਰ ਨਾਲ ਭਰਪੂਰ ਨਜ਼ਰ ਆਉਂਦੀ ਹੈ। ਉਹ ਸਭ ਵਿਚ ਵਿਦਮਾਨ ਹੈ ਤੇ ਸਾਰੇ ਉਸੇ ਵਿੱਚ ਸਮਾਏ ਹੋਏ ਹਨ। ਆਪ ਜੀ ਅਨੁਸਾਰ ਆਰੰਭ ਵਿੱਚ ਵੀ ਉਹੀ 'ਇਕ' ਸੀ ਤੇ ਅੰਤ ਵਿੱਚ ਵੀ ਉਹੀ 'ਇਕ' ਰਹੇਗਾ। ਇਸਦੀ ਪੁਸ਼ਟੀ 'ਰਵਿਦਾਸ ਬਾਣੀ' ਵਿੱਚ ਇਉਂ ਕੀਤੀ ਗਈ ਹੈ :-

- *ਏਕੈ ਬ੍ਰਹਮ ਹੈ ਸਕਲ ਮੰਹਿ, ਅਰ ਸਕਲ ਬ੍ਰਹਮਹ ਮਾਂਹਿ।*
  *ਰਵਿਦਾਸ ਬ੍ਰਹਮ ਸਬ ਭੇਸ ਮੰਹਿ, ਬ੍ਰਹਮ ਬਿਨਾ ਕਛੁ ਨਾਂਹਿ ॥*
- *ਸਰਬੈ ਏਕੁ ਅਨੇਕੈ ਸੁਆਮੀ, ਸਭ ਘਟ ਭੋੁਗਵੈ ਸੋਈ ॥*
  *ਕਹਿ ਰਵਿਦਾਸ ਹਾਥ ਪੈ ਨੇਰੈ, ਸਹਜੇ ਹੋਇ ਸੁ ਹੋਈ ॥*
- *ਆਦਿਹੁ ਏਕ ਅੰਤ ਫੁੰਨਿ ਸੋਈ, ਮਧਯ ਉਪਾਧਿ ਸੁ ਕੈਸੇ।*
  *ਅਹੈ ਏਕ ਪੈ ਭ੍ਰਮ ਸੌਂ ਦੂਜੋ, ਕਨਕ ਅਲੰਕਿਤ ਜੈਸੇ ॥*

## 2. ਸਤਿ ਸਰੂਪ ਬ੍ਰਹਮ (ਸਤਿਨਾਮ)

ਸਤਿ ਦਾ ਸੰਸਕ੍ਰਿਤ ਸਰੂਪ ਹੈ 'ਸਤਯ' ਜਿਸਦਾ ਅਰਥ ਹੈ 'ਹੋਂਦ ਵਾਲਾ'। ਸੋ ਪਰਮਾਤਮਾ ਇਕ ਵਾਸਤਵਿਕ ਵਜੂਦ, ਹਸਤੀ ਜਾਂ ਪਰਮਸੱਤਾ ਹੈ ਜੋ ਸਾਰੇ ਬ੍ਰਹਿਮੰਡਾਂ ਵਿੱਚ ਸਦਾ ਇਕ ਰੰਗ, ਇਕ ਰੂਪ ਤੇ ਇਕ ਰਸ ਰਹਿੰਦੀ ਹੈ, ਜੋ ਸਦਾ ਸ਼ਾਂਤ ਤੇ ਸਥਿਰ ਰਹਿੰਦੀ ਹੈ, ਜੋ ਤਿੰਨਾਂ ਲੋਕਾਂ ਤੇ ਤਿੰਨਾਂ ਕਾਲਾਂ ਵਿੱਚ ਵੀ ਸਤਿ ਹੈ ਤੇ ਇਨ੍ਹਾਂ ਦੇ ਆਦਿ-ਅੰਤ ਵਿੱਚ ਵੀ ਸਤਿ ਹੈ, ਜੋ ਅਕਾਲ-ਮੂਰਤ ਹੈ ਤੇ ਸਰਬ-ਸ਼ਕਤੀਮਾਨ ਹੈ ਅਤੇ ਜਿਸ ਵਿੱਚ ਸਮੇਂ ਤੇ ਸਥਾਨ ਨਾਲ ਕੋਈ ਪਰਿਵਰਤਨ ਨਹੀਂ ਹੁੰਦਾ। ਗੁਰੂ ਮਹਾਰਾਜ ਜੀ ਅਨੁਸਾਰ ਇਸ ਜਗਤ ਦਾ ਕੇਵਲ ਇਕ ਹੀ ਕਰਤਾ-ਪੁਰਖ ਹੈ ਤੇ ਉਸ ਕਰਤਾ-ਪੁਰਖ ਨੂੰ ਸਤਯ-ਨਾਮ ਜਾਂ ਸਤਿਨਾਮ ਕਿਹਾ ਜਾਂਦਾ ਹੈ। ਸਤਿਨਾਮ ਸ਼ਬਦ ਹੀ ਬ੍ਰਹਮ ਦਾ ਸੱਚਾ ਨਾਮ ਹੈ ਜਿਸਦਾ ਅਨੁਭਵ ਜੀਵ ਆਪਣੇ ਅੰਦਰੋਂ ਹੀ ਕਰ ਸਕਦਾ ਹੈ। ਆਪ ਜੀ ਅਨੁਸਾਰ 'ਸਤਿਨਾਮ' ਦਾ ਜਾਪ ਕਰਨਾ ਹੀ ਪਰਮਾਤਮਾ ਨੂੰ ਭੋਗ ਲਗਾਉਣਾ ਹੈ ਤੇ ਉਸ ਦੀ ਆਰਤੀ ਉਤਾਰਨਾ ਹੈ :-

- *ਕੇਵਲ ਕਰਤਾ ਏਕ ਸਹੀ ਕਰਿ*
  *ਸਤਿ ਨਾਮ ਤਿਹਿੰ ਠਾਈਂ ॥*

- *ਕਹੈ ਰਵਿਦਾਸ ਨਾਮੁ ਤੇਰੋ ਆਰਤੀ*
*ਸਤਿਨਾਮੁ ਹੈ ਹਰਿ ਭੋਗ ਤੁਹਾਰੇ ॥*

ਪਰਮਾਤਮਾ ਦਾ 'ਸਤਯ ਨਾਮ' ਅਰਥਾਤ ਸਤਿਨਾਮ ਪਰਮਾਤਮਾ ਦੇ ਸਰਵ ਗੁਣਾਂ ਦਾ ਪ੍ਰਗਟਾਵਾ ਹੈ ਤੇ ਪਰਮਾਤਮਾ ਵਾਂਗ ਅਮਰ, ਅਬਿਨਾਸੀ ਤੇ ਸ੍ਰਿਸ਼ਟੀ ਦਾ ਆਧਾਰ ਹੈ। ਇਸ ਲਈ ਸਤਿਗੁਰੂ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਉਸ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦਾ 'ਸਤਿ ਨਾਮ' ਜੀਵ ਨੂੰ ਹਮੇਸ਼ਾ ਆਪਣੇ ਮਨ ਵਿੱਚ ਧਿਆਉਣਾ ਚਾਹੀਦਾ ਹੈ। ਉਸ ਨੂੰ ਸਿਮਰਿਆਂ ਜੀਵ ਦੇ ਸਾਰੇ ਭਰਮਾਂ ਦੀ ਨਿਵਿਰਤੀ ਆਪਣੇ ਆਪ ਹੋ ਜਾਂਦੀ ਹੈ। ਆਪ ਜੀ ਕਹਿੰਦੇ ਹਨ ਕਿ ਸਤਿਨਾਮ ਈਸ਼ਵਰ ਦਾ ਹੀ ਰੂਪ ਹੈ ਤੇ ਇਹ ਬੇਅੰਤ ਸ਼ਕਤੀ ਨਾਲ ਭਰਪੂਰ ਹੈ। ਇਸ ਨੂੰ ਧਾਰਨ ਨਾਲ ਜੀਵ ਦੇ ਸਾਰੇ ਪਾਪ ਕੱਟੇ ਜਾਂਦੇ ਹਨ ਤੇ ਉਹ ਆਧ, ਵਿਆਧ ਤੇ ਉਪਾਧ ਤਿੰਨੋਂ ਰੋਗਾਂ ਤੋਂ ਮੁਕਤ ਹੋ ਜਾਂਦਾ ਹੈ :-

- *ਮਨ ਮੇਰੋ ਸਤਿ ਸਰੂਪ ਬਿਚਾਰੰ।*
*ਆਦਿ ਅੰਤਿ ਅਨੰਤ ਪਰਮਪਦ ਸੰਸਾ ਸਕਲ ਨਿਵਾਰੰ ॥*
- *ਸਤਿ ਈਸ ਕਹੁੰ ਰੂਪ ਹੈ, ਸਤਿ ਸਕਤਿ ਅਤਿ ਅਪਾਰ।*
*ਰਵਿਦਾਸ ਸਤਿ ਕੂੰ ਧਾਰਣਾ, ਦੇਇਹਿੰ ਪਾਪ ਨਿਵਾਰ ॥*
- *ਰਵਿਦਾਸ ਅਰਾਧਹੁ ਦੇਵ ਕੂੰ, ਇਕ ਮਨ ਹੋਇ ਧਰਿ ਧਿਆਨ।*
*ਅਜਪਾ ਜਾਪ ਜਾਪਤ ਰਹਹੁ, ਸਤਿਨਾਮ ਸਤਿਨਾਮ ॥*
- *ਅੰਤਰਮੁਖੀ ਭਈ ਜਉ ਕਰਹਿੰ, ਸਤਿਨਾਮ ਕਰਿ ਜਾਪ।*
*ਰਵਿਦਾਸ ਤਿਨਹ ਸੌਂ ਭਜੁਹਿੰ, ਜਗਤਹ ਤੀਨ੍ਹੁ ਤਾਪ ॥*

### 3. ਜੋਤਿ ਸਰੂਪ ਬ੍ਰਹਮ

ਸਤਿਗੁਰੂ ਮਹਾਰਾਜ ਜੀ ਨੇ ਪਰਮਾਤਮਾ ਨੂੰ ਜੋਤਿ-ਸਰੂਪ ਮੰਨ ਕੇ ਉਸ ਦੇ ਪ੍ਰਕਾਸ਼ਮਈ ਸਰੂਪ ਦੀ ਅਰਾਧਨਾ ਕੀਤੀ ਹੈ। ਉਹ ਪਰਮਾਤਮਾ ਤੇਜ ਸਰੂਪੀ ਹੈ, ਪਰਮ ਪ੍ਰਕਾਸ਼ਵਾਨ ਹੈ ਤੇ ਸਾਰੇ ਖੰਡਾਂ-ਬ੍ਰਹਿਮੰਡਾਂ ਵਿੱਚ ਉਸੇ ਦੀ ਜੋਤਿ ਦਾ ਪ੍ਰਕਾਸ਼ ਹਮੇਸ਼ਾ ਕਾਇਮ ਰਹਿੰਦਾ ਹੈ। ਉਸ ਦੀ ਜੋਤਿ ਹੀ ਸਭ ਜੀਵਾਂ ਦੇ ਜੀਵਨ ਦਾ ਆਧਾਰ ਹੈ। ਸਮਜੋਤਿ ਦੇ ਰੂਪ ਵਿੱਚ ਉਹ ਸਭਨਾਂ ਅੰਦਰ ਇਕ-ਸਮਾਨ ਰੂਪ ਹੋ ਕੇ ਵਿਚਰ ਰਿਹਾ ਹੈ। ਆਤਮਾ ਨੂੰ ਜੋਤਿ ਤੇ ਪਰਮਾਤਮਾ ਨੂੰ ਪਰਮ-ਜੋਤਿ ਕਿਹਾ ਗਿਆ ਹੈ। ਸਾਰਾ ਸੰਸਾਰ ਪਰਮ-ਜੋਤਿ ਨਾਲ ਹੀ ਜਗਮਗਾ ਰਿਹਾ ਹੈ। ਜਿਵੇਂ ਕਿ ਬਾਣੀ ਕਥਨ ਕਰਦੀ ਹੈ :-

- *ਨਾਮ ਤੇਰੇ ਕੀ ਜੋਤਿ ਲਗਾਈ,*
*ਭਇਓ ਉਜਿਆਰੋ ਭਵਨ ਸਗਲਾਰੇ ॥*
- *ਚਹੁੰ ਦਿਸਿ ਦਿਬਲਾ ਬਾਲਿ, ਜਗਿਮਗਿ ਹਵੈ ਰਹਿਓ ਰੇ।*
*ਜੋਤਿ ਜੋਤਿ ਸਮਜੋਤਿ, ਜੋਤਿਹਿ ਮਿਲਿ ਰਹਿਓ ਰੇ ॥*

ਸਤਿਗੁਰੂ ਮਹਾਰਾਜ ਜੀ ਅਨੁਸਾਰ ਸੰਤ-ਜਨ ਜੋਤਿ ਸਰੂਪ ਬ੍ਰਹਮ ਦਾ ਵਿਚਾਰ ਕਰਦੇ ਹਨ, ਉਸੇ ਦਾ ਧਿਆਨ ਲਗਾਉਂਦੇ ਹਨ ਤੇ ਉਸੇ ਦਾ ਹੀ ਦਰਸ਼ਨ ਲੋਚਦੇ ਹਨ :-

- *ਲੋਚਨ ਭਰਿ ਭਰਿ ਬਿੰਬ ਨਿਹਾਰੋ।*
*ਜੋਤਿ ਬਿਚਾਰਿ ਨ ਔਰ ਬਿਚਾਰੋ॥*

## 4. ਸੈਭੰ ਸਰੂਪ ਬ੍ਰਹਮ

'ਸੈਭੰ' ਸੰਸਕ੍ਰਿਤ ਦੇ ਸ਼ਬਦ 'ਸ੍ਵਯਭੂੰ' ਤੋਂ ਬਣਿਆ ਹੈ। 'ਸ੍ਵਯ' ਦਾ ਅਰਥ ਹੈ ਆਪਣੇ ਆਪ ਤੋਂ ਤੇ 'ਭੂੰ' ਦਾ ਅਰਥ ਹੈ ਪ੍ਰਕਾਸ਼। ਸੋ 'ਸੈਭੰ' ਦਾ ਅਰਥ ਹੋਇਆ ਆਪਣੇ ਆਪ ਤੋਂ ਆਪੇ ਪ੍ਰਕਾਸ਼ਿਤ ਹੋਣ ਵਾਲਾ। ਉਹ ਪਰਮ-ਪਿਤਾ ਪਰਮਾਤਮਾ ਪ੍ਰਕਾਸ਼-ਪੁੰਜ ਹੈ, ਜੋਤਿ-ਸਰੂਪ ਹੈ, ਆਪਣੇ ਆਪ ਤੋਂ ਪ੍ਰਗਟ ਹੈ ਤੇ ਸ੍ਵੈ-ਸਰੂਪ ਵਿੱਚ ਹਰ ਥਾਂ ਅਡੋਲ ਬੈਠਾ ਹੈ। ਉਸ ਨੂੰ ਕਿਸੇ ਨਿਰਮਾਤਾ ਦੀ ਲੋੜ ਨਹੀਂ, ਉਹ ਆਤਮ-ਨਿਰਮਿਤ ਹੈ। ਉਹ ਸਾਰੀ ਸ੍ਰਿਸ਼ਟੀ ਦਾ ਨਿਰਮਾਤਾ-ਸਿਰਜਣਹਾਰ ਹੈ ਤੇ ਆਪਣੀ ਸਿਰਜੀ ਹੋਈ ਸ੍ਰਿਸ਼ਟੀ ਵਿੱਚ ਆਤਮ-ਤੱਤ ਦੇ ਰੂਪ ਵਿੱਚ ਬਿਰਾਜਮਾਨ ਹੈ। ਉਹ ਸਭ ਵਿੱਚ ਇਕਸਾਰ ਤੇ ਇਕ ਸਮਾਨ ਰੂਪ ਵਿੱਚ ਮੌਜੂਦ ਹੈ। ਉਹ ਜੋਤਿ-ਸਰੂਪ ਪਰਮਾਤਮਾ ਹੀ ਇਕ ਸੱਚ ਹੈ ਬਾਕੀ ਇਸ ਪੰਜ-ਭੂਤਕ ਸੰਸਾਰ ਦਾ ਅਸਤਿਤਵ ਤਾਂ ਕਲਪਿਤ ਹੈ। ਇਸ ਤੱਥ ਦੀ ਪੁਸ਼ਟੀ ਰਵਿਦਾਸ ਬਾਣੀ ਵਿੱਚ ਇਉਂ ਕੀਤੀ ਗਈ ਮਿਲਦੀ ਹੈ :-

- *ਹੈ ਸਬ ਆਤਮ ਸੁੱਖ ਪ੍ਰਕਾਸ਼ ਸਾਂਚੋ।*
*ਨਿਰਤੰਰ ਨਿਰਾਹਾਰ ਕਲਪਿਤ ਏ ਪਾਂਚੋ॥*

## <u>ਬ੍ਰਹਮ ਦੇ ਵਿਅਕਤ ਸਗੁਣ ਸਰੂਪ</u>

ਸਤਿਗੁਰੂ ਮਹਾਰਾਜ ਜੀ ਦੀ ਬਾਣੀ ਜਿੱਥੇ ਨਿਰਗੁਣ ਬ੍ਰਹਮ ਨੂੰ ਸਵੀਕਾਰਦੀ ਹੈ ਉੱਥੇ ਸਗੁਣ ਬ੍ਰਹਮ ਦੀ ਵਿਵਹਾਰਿਕ ਸੱਤਾ ਨੂੰ ਵੀ ਪ੍ਰਗਟਾਉਂਦੀ ਹੈ। ਬ੍ਰਹਮ ਸਗੁਣ ਵੀ ਹੈ ਕਿਉਂਕਿ ਉਹ ਸਾਰੇ ਗੁਣਾਂ ਦਾ ਭੰਡਾਰ ਹੈ, ਸੰਸਾਰ ਦਾ ਕਰਤਾ ਹੈ, ਸਰਬ-ਉੱਚ ਹੈ, ਪਰਸ਼ੋਤਮ ਹੈ, ਸਰਬ-ਸ਼ਕਤੀਮਾਨ ਹੈ, ਸਚਿਦਾਨੰਦ ਹੈ ਤੇ ਅਨੁਭਵ ਹੁੰਦਾ ਇਕ ਵਿਸ਼ਾਲ ਸਰੂਪ ਹੈ। ਸਤਿਗੁਰੂ ਮਹਾਰਾਜ ਜੀ ਨੇ ਬ੍ਰਹਮ ਦੇ ਨਿਰਗੁਣ ਤੇ ਸਗੁਣ ਦੋਨਾਂ ਸਰੂਪਾਂ ਵਿੱਚ ਸਮਭਾਵ ਇਉਂ ਪ੍ਰਗਟ ਕੀਤਾ ਹੈ :-

- *ਅਗੁਨ ਸਗੁਨ ਦੋ ਸਮਕਰਿ ਜਾਨਿਓ*
*ਚਹੁੰ ਦਿਸ ਦਰਸਨ ਤੋਰਾ॥*
- *ਸੋਈ ਰਸਿ ਬਸਿ ਮਨ ਮਿਲੇ*
*ਗੁਨ ਨਿਰਗੁਨ ਏਕ ਵਿਚਾਰ॥*

ਪਰਮਾਤਮਾ ਨਿਰਗੁਣ ਤੇ ਨਿਰਾਕਾਰ ਸਰੂਪ ਵਿੱਚ ਸਭ ਥਾਂ 'ਤੇ ਵਿਆਪਕ ਹੈ ਤੇ ਕਾਇਨਾਤ ਦੇ ਰੂਪ ਵਿੱਚ ਸਗੁਣ ਸਰੂਪ ਪ੍ਰਗਟ ਹੈ। ਉਹ ਪਰਮਾਤਮਾ ਸਥੂਲ ਵਿੱਚ ਸਗੁਣ ਪ੍ਰਤੀਤ ਹੁੰਦਾ ਹੈ ਤੇ ਸੂਖ਼ਮ ਵਿੱਚ ਨਿਰਾਕਾਰ ਤੇ ਨਿਰਗੁਣ। ਨਿਰਗੁਣ ਹਮੇਸ਼ਾ ਹੀ ਵਿਦਮਾਨ ਰਹਿੰਦਾ ਹੈ, ਸਗੁਣ ਸਾਡੀ ਭਾਵਨਾ ਹਿੱਤ ਪ੍ਰਗਟ ਹੁੰਦਾ ਹੈ। ਇੱਥੇ ਇਹ ਵਰਣਨਯੋਗ ਹੈ ਕਿ ਗੁਰੂ ਮਹਾਰਾਜ ਜੀ ਦਾ ਸਗੁਣ ਬ੍ਰਹਮ ਸਰੂਪ, ਸਗੁਣੀ ਭਗਤਾਂ ਦੇ ਅਵਤਾਰੀ ਸਰੂਪ ਵਰਗਾ ਨਹੀਂ ਸਗੋਂ ਇਹ ਸਗੁਣ ਤਾਂ ਨਿਰਗੁਣ ਤੋਂ ਹੀ

ਉਤਪੰਨ ਹੋਇਆ ਹੈ। ਸਤਿਗੁਰੂ ਮਹਾਰਾਜ ਜੀ ਦੀ ਬਾਣੀ ਵਿੱਚ ਬ੍ਰਹਮ ਲਈ ਕਈ ਨਾਮ ਵਰਤੇ ਗਏ ਹਨ ਜਿਨ੍ਹਾਂ ਵਿੱਚ ਰਾਮ, ਗੋਬਿੰਦ, ਮਾਧੋ, ਹਰਿ, ਮੁਰਾਰ, ਮੁਕੰਦ, ਕੇਸਵ, ਕੇਸੋ, ਗੋਪਾਲ, ਦਮੋਦਰ, ਕ੍ਰਿਸ਼ਨ, ਨਾਰਾਇਣ, ਨਰਹਰਿ, ਰਘੁਨਾਥ, ਰਮਈਆ, ਗੁਸਾਈਆਂ, ਰਾਜਾ ਰਾਮ, ਨਾਥ ਤੇ ਰਾਘਵ ਆਦਿਕ ਪ੍ਰਮੁੱਖ ਹਨ। ਇਹ ਸਾਰੇ ਹੀ ਨਿਰਗੁਣ ਤੇ ਨਿਰਾਕਾਰ ਬ੍ਰਹਮ ਦੇ ਪ੍ਰਤੀਕ ਨਾਮ ਹਨ। ਇਨ੍ਹਾਂ ਵਿੱਚ ਕੋਈ ਵੀ ਨਾਮ ਸਰੀਰੀ ਨਹੀਂ, ਸਾਰੇ ਅਸਰੀਰੀ ਹਨ। ਸਤਿਗੁਰੂ ਮਹਾਰਾਜ ਜੀ ਦੀ ਬਾਣੀ ਵਿੱਚ ਭਾਵਾਤਮਿਕ ਭਗਤੀ ਦੀ ਪ੍ਰਮੁੱਖਤਾ ਦਿਖਾਈ ਦਿੰਦੀ ਹੈ। ਪ੍ਰਭੂ ਨੂੰ ਚਾਹੇ ਨਿਰਗੁਣ ਕਰਕੇ ਯਾਦ ਕਰੀਏ, ਚਾਹੇ ਸਗੁਣ ਕਰਕੇ ਚਿਤਵੀਏ ਪਰ ਕੇਵਲ ਭਾਵਨਾ, ਪ੍ਰੀਤ ਤੇ ਧਿਆਨ ਆਦਿਕ ਦੀ ਹੀ ਉਸ ਪ੍ਰਭੂ ਤੱਕ ਪਹੁੰਚ ਹੁੰਦੀ ਹੈ। ਗੁਰੂ ਜੀ ਨੇ ਬ੍ਰਹਮ ਦੇ ਸਗੁਣ ਸਰੂਪ ਨੂੰ ਨਿਮਨਲਿਖਤ ਰੂਪਾਂ ਵਿੱਚ ਉਲੇਖਿਆ ਹੈ।

1. ਭਾਵਨਾ ਨਿਰਮਤ ਦਿਵਯ ਸਰੂਪ ਬ੍ਰਹਮ
2. ਬ੍ਰਹਮ ਦਾ ਵਿਰਾਟ ਸਰੂਪ
3. ਬ੍ਰਹਮ ਦਾ ਕਰਤਾ ਸਰੂਪ
4. ਬ੍ਰਹਮ ਦਾ ਕਿਰਪਾ-ਨਿਧੀ ਸਰੂਪ
5. ਬ੍ਰਹਮ ਦਾ ਸੁਲਤਾਨ ਸਰੂਪ
6. ਬ੍ਰਹਮ ਦਾ ਪ੍ਰਤੀਕ ਸਰੂਪ
7. ਬ੍ਰਹਮ ਦਾ ਮਣੀ ਸਰੂਪ
8. ਬ੍ਰਹਮ ਦਾ ਲੇਖਾ ਮੰਗਣਹਾਰ ਸਰੂਪ

### 1. ਭਾਵਨਾ ਨਿਰਮਤ ਦਿਵਯ-ਸਰੂਪ ਬ੍ਰਹਮ

ਭਗਤੀ ਦੀ ਭਾਵਨਾ ਵਿੱਚ ਸਾਧਕ ਪ੍ਰਭੂ ਨਾਲ ਕਈ ਰਿਸ਼ਤੇ ਬਣਾਉਂਦਾ ਹੈ। ਉਸ ਦੀ ਪ੍ਰਭੂ ਨੂੰ ਮਿਲਣ ਦੀ ਚਾਹਤ ਕਈ ਰੂਪਾਂ ਵਿੱਚ ਪ੍ਰਗਟ ਹੁੰਦੀ ਹੈ। ਉਹ ਆਪਣਾ ਪਿਆਰ ਦਰਸਾਉਣ ਲਈ ਕਦੀ ਪਰਮਾਤਮਾ ਨੂੰ ਸੁਆਮੀ, ਕਦੀ ਮਾਤਾ-ਪਿਤਾ, ਕਦੀ ਪ੍ਰੀਤਮ, ਕਦੀ ਸਖਾ, ਕਦੀ ਅੰਸ਼ੀ ਤੇ ਕਦੀ ਰੱਖਿਅਕ ਸਮਝਦਾ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਵੀ ਪ੍ਰਭੂ ਮਿਲਾਪ ਦੀ ਇਸ ਪ੍ਰਬਲ ਭਾਵਨਾ ਅਧੀਨ ਪਰਮਾਤਮਾ ਦੇ ਕਈ ਸਗੁਣ ਸਰੂਪਾਂ ਨੂੰ ਆਪਣੀ ਬਾਣੀ ਵਿੱਚ ਸਾਕਾਰ ਕੀਤਾ ਹੈ ਜਿਨ੍ਹਾਂ ਵਿੱਚੋਂ ਕੁਝ ਨਿਮਨਲਿਖਤ ਇਉਂ ਦਰਸਾਏ ਗਏ ਹਨ :-

**ੳ- ਬ੍ਰਹਮ ਨੂੰ ਮਾਤਾ-ਪਿਤਾ ਦੇ ਰੂਪ ਵਿੱਚ ਸਾਕਾਰ ਕਰਨਾ** :-ਗੁਰੂ ਮਹਾਰਾਜ ਜੀ ਨੇ ਵਤਸਲਯ ਭਾਵਨਾ ਨਮਿਤ ਬ੍ਰਹਮ ਦੀ ਮਾਤਾ-ਪਿਤਾ ਦੇ ਰੂਪ ਵਿੱਚ ਕਲਪਨਾ ਕੀਤੀ ਹੈ ਤੇ ਸਭ ਚਿੰਤਾਵਾਂ ਤੋਂ ਮੁਕਤ ਹੋਣ ਲਈ ਆਪਣੇ ਆਪ ਨੂੰ ਮਾਤਾ-ਪਿਤਾ ਰੂਪੀ ਪਰਮਾਤਮਾ ਅੱਗੇ ਸਮਰਪਿਤ ਕੀਤਾ ਹੈ। ਇਕ ਅਬੋਧ ਬਾਲਕ ਵਾਂਗ ਉਸ ਨੂੰ ਆਪਣਾ ਰੱਖਿਅਕ ਤੇ ਪ੍ਰਤਿਪਾਲਕ ਮੰਨਿਆ ਹੈ :-

- *ਸੋਈ ਮੁਕੰਦੁ ਮੁਕਤਿ ਕਾ ਦਾਤਾ।*
  *ਸੋਈ ਮੁਕੰਦੁ ਹਮਰਾ ਪਿਤ ਮਾਤਾ॥*
- *ਮਾਧੋ! ਮੋਹਿ ਏਕੁ ਸਹਾਰੋ ਤੋਰਾ।*
  *ਤੁਮਹਿ ਮਾਤ ਪਿਤਾ ਪ੍ਰਭ ਮੇਰੋ, ਹੌਂ ਮਸਕੀਨ ਅਤਿ ਭੋਰਾ॥*

**ਅ- ਬ੍ਰਹਮ ਨੂੰ ਸੁਆਮੀ ਦੇ ਰੂਪ ਵਿੱਚ ਸਾਕਾਰ ਕਰਨਾ** :- ਪ੍ਰਭੂ ਦੀ ਪ੍ਰੇਮਾ-ਭਗਤੀ ਦੇ

ਅੰਤਰਗਤ ਸਤਿਗੁਰੂ ਮਹਾਰਾਜ ਜੀ ਨੇ ਜੀਵਾਤਮਾ ਤੇ ਪਰਮਾਤਮਾ ਦੇ ਸੰਬੰਧਾਂ ਨੂੰ ਸੇਵਕ ਤੇ ਸੁਆਮੀ ਦੇ ਰਿਸ਼ਤੇ ਦੁਆਰਾ ਦਰਸਾਇਆ ਹੈ। ਆਪ ਜੀ ਨੇ ਪਰਮਾਤਮਾ ਨੂੰ ਗੁਸਾਈਂ, ਨਾਥ, ਵਡਰਾਜਾ, ਰਾਜਾ ਰਾਮ, ਸੁਆਮੀ ਆਦਿਕ ਸ਼ਬਦਾਂ ਨਾਲ ਸੰਬੋਧਨ ਕੀਤਾ ਹੈ ਤੇ ਆਪਣੇ-ਆਪ ਨੂੰ ਪਰਮਾਤਮਾ ਦਾ ਦਾਸ, ਸੇਵਕ, ਜਨ ਆਦਿਕ ਮੰਨਿਆ ਹੈ ਤੇ ਪਰਮਾਤਮਾ ਦੀ ਕ੍ਰਿਪਾਲਤਾ, ਦਿਆਲਤਾ, ਰਹਿਮਤ, ਬਖ਼ਸ਼ਿਸ਼ ਤੇ ਮਿਹਰ ਲੋੜੀ ਹੈ ਤੇ ਉਸ ਦੇ ਦਰਸ਼ਨਾਂ ਲਈ ਅਰਦਾਸ ਕੀਤੀ ਹੈ। ਗੁਰੂ ਮਹਾਰਾਜ ਜੀ ਦਾ ਸੁਆਮੀ-ਸਰੂਪ ਬ੍ਰਹਮ ਸਭ ਜੀਵਾਂ ਦੇ ਜੀਵਨ ਦਾ ਆਧਾਰ ਹੈ ਤੇ ਅਨੇਕਾਂ ਰੂਪ ਹੋ ਕੇ ਉਨ੍ਹਾਂ ਨੂੰ ਭੋਗ ਰਿਹਾ ਹੈ :-

– *ਰਵਿਦਾਸ ਦਾਸ ਕੀ ਸੇਵਾ ਮਾਨਹੁ ਦੇਵਾਧਿਦੇਵਾ।*
*ਪਤਿਤ ਪਾਵਨ ਨਾਮ ਪ੍ਰਗਟਿ ਕਰੀਜੈ॥*

– *ਰਾਮ ਗੁਸਈਆ ਜੀਅ ਕੇ ਜੀਵਨਾ॥*
*ਮੋਹਿ ਨ ਵਿਸਾਰਹੁ ਮੈ ਜਨੁ ਤੇਰਾ॥ ਰਹਾਉ॥*

– *ਤੁਮੁ ਜੁ ਨਾਇਕ ਆਛਹੁ ਅੰਤਰਜਾਮੀ॥*
*ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ॥*

**ੲ- ਬ੍ਰਹਮ ਨੂੰ ਪ੍ਰਭੂ-ਪ੍ਰੀਤਮ ਦੇ ਰੂਪ ਵਿੱਚ ਸਾਕਾਰ ਕਰਨਾ** :- ਸਤਿਗੁਰੂ ਮਹਾਰਾਜ ਜੀ ਨੇ ਅਧਿਆਤਮਿਕ ਪ੍ਰੇਮ-ਅਨੁਭੂਤੀ ਨੂੰ ਪ੍ਰਭੂ-ਪ੍ਰੀਤਮ ਤੇ ਜੀਵ-ਇਸਤਰੀ ਦੇ ਭਾਵ ਦੁਆਰਾ ਵੀ ਵਿਅਕਤ ਕੀਤਾ ਹੈ। ਆਪ ਜੀ ਫ਼ਰਮਾਂਦੇ ਹਨ ਕਿ ਜੀਵ-ਰੂਪੀ ਸੁਹਾਗਣ ਇਸਤਰੀ ਹੀ ਪਤੀ-ਪਰਮੇਸ਼ਰ ਦੀ ਜਾਣ-ਪਛਾਣ ਕਰ ਸਕਦੀ ਹੈ ਤੇ ਉਸ ਨਾਲ ਇਕਮਿਕ ਹੋ ਕੇ ਆਤਮਿਕ-ਆਨੰਦ ਦਾ ਸੁੱਖ ਮਾਣ ਸਕਦੀ ਹੈ :-

– *ਸਹ ਕੀ ਸਾਰ ਸੁਹਾਗਨਿ ਜਾਨੈ, ਤਜਿ ਅਭਿਮਾਨੁ ਸੁਖ ਰਲੀਆ ਮਾਨੈ॥*
*ਤਨੁ ਮਨੁ ਦੇਇ ਨ ਅੰਤਰੁ ਰਾਖੈ, ਅਵਰਾ ਦੇਖਿ ਨ ਸੁਨੈ ਅਭਾਖੈ॥*

ਸਤਿਗੁਰੂ ਮਹਾਰਾਜ ਜੀ ਕਥਨ ਕਰਦੇ ਹਨ ਕਿ ਜੋ ਜੀਵ-ਇਸਤਰੀ ਬਾਹਰੀ ਸੋਲ੍ਹਾਂ-ਸ਼ਿੰਗਾਰ ਭਾਵ ਕਰਮਕਾਂਡੀ, ਆਡੰਬਰੀ ਤੇ ਦਿਖਾਵੇ ਦੀ ਭਗਤੀ ਕਰਦੀ ਹੈ ਉਹ ਪਤੀ-ਪਰਮੇਸ਼ਰ ਨੂੰ ਨਹੀਂ ਭਾਉਂਦੀ, ਪਰ ਜੋ ਜੀਵ-ਇਸਤਰੀ ਪ੍ਰਭੂ-ਪਤੀ ਦੇ ਪ੍ਰੇਮ ਦੀ ਅਗਨੀ ਵਿੱਚ ਆਪਣੀ ਹਉਮੈ ਨੂੰ ਜਲਾ ਕੇ ਆਪਣਾ ਤਨ-ਮਨ ਉਸ ਨੂੰ ਸਮਰਪਿਤ ਕਰ ਦਿੰਦੀ ਹੈ ਉਹੀ ਸੱਚੀ ਸਤੀ ਕਹਾਉਂਦੀ ਹੈ ਤੇ ਉਹ ਪ੍ਰਭੂ ਨਾਲ ਇਕਮਿਕ ਹੋ ਕੇ ਉਸ ਵਿੱਚ ਸਦਾ ਲਈ ਅਭੇਦ ਹੋ ਜਾਂਦੀ ਹੈ :-

– *ਜੋ ਲੌਂ ਪਿਆਰਾ ਮਨ ਨਹਿ ਆਈ, ਕਾ ਸੋਰਹਿ ਸ਼ਿੰਗਾਰ ਬਨਾਈ॥*
*ਸੋਈ ਸਤੀ ਰਵਿਦਾਸ ਬਖਾਨੀ, ਤਨ ਮਨ ਸਿਊਂ ਪਿਉ ਰੰਗ ਸਮਾਨੀ॥*

**ਸ- ਬ੍ਰਹਮ ਨੂੰ ਰੱਖਿਅਕ ਦੇ ਰੂਪ ਵਿੱਚ ਸਾਕਾਰ ਕਰਨਾ** :- ਗੁਰੂ ਮਹਾਰਾਜ ਜੀ ਦਾ ਬ੍ਰਹਮ ਭਗਤਾਂ ਦੀ ਰੱਖਿਆ ਕਰਨ ਵਾਲਾ, ਉਨ੍ਹਾਂ ਦੀ ਵੇਦਨਾ ਤੇ ਅੰਤਰ-ਆਤਮਾ ਦੀ ਆਵਾਜ਼ ਸੁਣਨ ਵਾਲਾ, ਭਵਸਾਗਰ ਤੋਂ ਪਾਰ ਉਤਾਰਨ ਵਾਲਾ, ਨੀਚਹੁ ਊਚ ਕਰਨ ਵਾਲਾ, ਗ਼ਰੀਬਾਂ ਨੂੰ ਨਿਵਾਜਣ ਵਾਲਾ, ਪਾਪੀਆਂ ਨੂੰ ਪਵਿੱਤਰ ਕਰਨ ਵਾਲਾ,

ਆਪਣੇ ਭਗਤਾਂ ਦੇ ਕਾਰਜ ਸਿੱਧ ਕਰਨ ਵਾਲਾ ਤੇ ਮੱਥੇ 'ਤੇ ਛੱਤਰ ਧਰਨ ਵਾਲਾ ਹੈ। ਜਿਵੇਂ ਕਿ ਬਾਣੀ ਕਥਨ ਕਰਦੀ ਹੈ :-

– *ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਂਹੀ ਢਰੈ॥*
*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥*

– *ਤ੍ਰਾਹਿ ਤ੍ਰਾਹਿ ਤ੍ਰਿਭੁਵਨਪਤਿ ਪਾਵਨ।*
*ਅਤਿਸ਼ਯ ਸੂਲ ਸਕਲ ਬਲਿ ਜਾਵਨ॥*

**ਹ- ਬ੍ਰਹਮ ਨੂੰ ਸਖਾ ਦੇ ਰੂਪ ਵਿੱਚ ਸਾਕਾਰ ਕਰਨਾ** :- ਸਤਿਗੁਰੂ ਮਹਾਰਾਜ ਜੀ ਪਰਮਾਤਮਾ ਨਾਲ ਆਪਣੀ ਮਿੱਤਰਤਾ ਨੂੰ ਦ੍ਰਿੜ੍ਹ ਕਰਦੇ ਹੋਏ ਸਖਾ ਭਾਵ ਨਾਲ ਉਸ ਨੂੰ ਇੰਝ ਸੰਬੋਧਿਤ ਕਰਦੇ ਹਨ :-

– *ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥*
*ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥*

**ਕ- ਬ੍ਰਹਮ ਨੂੰ ਅੰਸ਼ੀ ਦੇ ਰੂਪ ਵਿੱਚ ਸਾਕਾਰ ਕਰਨਾ** :-ਸਤਿਗੁਰੂ ਮਹਾਰਾਜ ਜੀ ਨੇ ਅੰਸ਼-ਅੰਸ਼ੀ ਭਾਵ ਪਰਮਾਤਮਾ-ਜੀਵਾਤਮਾ ਦੇ ਸੰਬੰਧਾਂ ਦੀ ਭੇਦਤਾ ਨੂੰ ਸੋਨਾ ਤੇ ਸੋਨੇ ਤੋਂ ਬਣੇ ਗਹਿਣੇ, ਪਾਣੀ ਤੇ ਪਾਣੀ ਤੋਂ ਉਤਪੰਨ ਲਹਿਰਾਂ ਆਦਿਕ ਮਿਸਾਲਾਂ ਦੇ ਕੇ ਬੜੇ ਸੁੰਦਰ ਤਰੀਕੇ ਨਾਲ ਇਉਂ ਸਮਝਾਇਆ ਹੈ :-

– *ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥*
*ਕਨਕ ਕਟਿਕ ਜਲ ਤਰੰਗ ਜੈਸਾ॥*

## 2. ਬ੍ਰਹਮ ਦਾ ਵਿਰਾਟ ਸਰੂਪ

ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਨੁਸਾਰ ਪਰਮਾਤਮਾ ਸ੍ਰਿਸ਼ਟੀ ਦੇ ਕਣ-ਕਣ ਵਿੱਚ ਅਦ੍ਰਿਸ਼ਟ ਰੂਪ ਵਿੱਚ ਤੇ ਜੀਵ-ਜੰਤੂ, ਵਸਤ-ਪਦਾਰਥ ਤੇ ਬ੍ਰਿਛ-ਲਤਾ ਆਦਿਕ ਵਿੱਚ ਦ੍ਰਿਸ਼ਟ-ਰੂਪ ਵਿੱਚ ਬਿਰਾਜਮਾਨ ਹੈ ਤੇ ਸਭ ਨੂੰ ਭੋਗ ਰਿਹਾ ਹੈ। ਉਹ ਅਸੀਮ ਤੇ ਅਮਿੱਤ ਹੈ। ਕੋਈ ਅਜਿਹੀ ਥਾਂ ਨਹੀਂ ਜਿੱਥੇ ਉਹ ਨਾ ਹੋਵੇ। ਚਾਰੇ ਦਿਸ਼ਾਵਾਂ ਤੇ ਤਿੰਨਾਂ ਲੋਕਾਂ ਵਿੱਚ ਜੋ ਵੀ ਪੱਸਰਿਆ ਹੋਇਆ ਨਜ਼ਰ ਆਉਂਦਾ ਹੈ, ਉਹ ਉਸੇ ਦਾ ਹੀ ਵਿਰਾਟ ਰੂਪ ਹੈ। ਜਿਵੇਂ ਕਿ ਬਾਣੀ ਬਿਆਨ ਕਰਦੀ ਹੈ :-

– *ਬਟਕਿ ਬੀਜ ਜੈਸਾ ਆਕਾਰ*
*ਪਸਰਿਓ ਤੀਨ ਲੋਕ ਪਸਾਰ॥*

ਸਤਿਗੁਰੂ ਮਹਾਰਾਜ ਜੀ ਨੇ ਬ੍ਰਹਮ ਦੇ ਵਿਰਾਟ ਸਰੂਪ ਨੂੰ ਦਰਸ਼ਾਉਣ ਲਈ ਸਗੁਣ ਵਾਚਕ ਵਿਸ਼ੇਸ਼ਣਾਂ ਦਾ ਪ੍ਰਯੋਗ ਕੀਤਾ ਹੈ ਜਿਵੇਂ ਕਿ ਸਰਬ-ਸ਼ਕਤੀਮਾਨ, ਸਰਵ-ਵਿਆਪਕ, ਸਰਵੇਸ਼ੂਰ, ਸਰਬੰਗੀ, ਸਰਬ-ਗੁਣ ਸੰਪਨ, ਸਰਵੱਗ, ਜਗਤ ਦਾ ਹਰਤਾ-ਕਰਤਾ ਤੇ ਅੰਤਰਯਾਮੀ ਆਦਿਕ। ਸ੍ਰਿਸ਼ਟੀ ਦੇ ਜੀਵ-ਜੰਤੂ, ਜਲ ਵਾਸੀ-ਨਵ ਵਾਸੀ, ਜੰਗਲ-ਪਹਾੜ ਤੇ ਬ੍ਰਿਛ-ਲਤਾ ਆਦਿਕ ਸਾਰੇ ਰੂਪ ਪਰਮਾਤਮਾ ਦੇ ਹੀ ਵਿਸ਼ਾਲ ਵਿਰਾਟ ਰੂਪ ਹਨ। ਆਪ ਜੀ ਫ਼ੁਰਮਾਂਦੇ ਹਨ ਕਿ ਪਰਮਾਤਮਾ ਦਾ ਵਿਰਾਟ ਸਰੂਪ ਪਾਤਾਲ ਤੋਂ ਲੈ ਕੇ ਆਕਾਸ਼ ਤੱਕ ਪੂਰੇ ਬ੍ਰਹਿਮੰਡ ਵਿੱਚ ਫ਼ੈਲਿਆ ਹੋਇਆ

ਹੈ ਤਾਂ ਫਿਰ ਅਜਿਹੇ ਵਿਰਾਟ ਸਰੂਪ ਵਾਲੇ ਬ੍ਰਹਮ ਨੂੰ ਡੱਬੇ ਭਾਵ ਮੂਰਤੀ ਵਿੱਚ ਕਿਵੇਂ ਸੀਮਿਤ ਕੀਤਾ ਜਾ ਸਕਦਾ ਹੈ ? :–

– *ਚਰਨ ਪਤਾਲਿ ਸੀਸ ਅਸਮਾਨਾਂ।*
*ਸੋ ਠਾਕੁਰ ਕੈਸੇ ਸੰਪੁਟਿ ਸਮਾਨਾਂ॥*

## 3. ਬ੍ਰਹਮ ਦਾ ਕਰਤਾ ਸਰੂਪ

ਸਤਿਗੁਰੂ ਮਹਾਰਾਜ ਜੀ ਨੇ ਬ੍ਰਹਮ ਨੂੰ ਅਜਿਹੀ ਸੂਖ਼ਮ ਸ਼ਕਤੀ ਮੰਨਿਆ ਹੈ ਜੋ ਸ੍ਰਿਸ਼ਟੀ ਦੇ ਆਰੰਭ ਵਿੱਚ ਮੌਜੂਦ ਸੀ। ਉਸੇ ਤੋਂ ਹੀ ਸ੍ਰਿਸ਼ਟੀ ਦੀ ਸਿਰਜਣਾ ਹੋਈ ਹੈ ਤੇ ਅੰਤ ਨੂੰ ਉਸੇ ਵਿੱਚ ਹੀ ਸਮਾ ਜਾਣਾ ਹੈ। ਆਪ ਜੀ ਕਹਿੰਦੇ ਹਨ ਕਿ ਉਹੀ ਪਰਮਾਤਮਾ ਸਭ ਦਾ ਕਰਤਾ, ਹਰਤਾ, ਪਾਲਕ ਤੇ ਸੰਚਾਲਕ ਹੈ। ਉਹ ਜੀਵਨ ਦੇਣ ਵਾਲਾ ਤੇ ਜੀਵਨ ਲੈਣ ਵਾਲਾ ਹੈ। ਸ੍ਰਿਸ਼ਟੀ ਦੇ ਸਾਰੇ ਜੀਵ–ਜੰਤੂ, ਕੀਟ–ਪਤੰਗੇ, ਜੜ੍ਹ–ਚੇਤਨ ਤੇ ਜੰਗਮ–ਸਥਾਵਰ ਆਦਿਕ ਵਿੱਚ ਉਸੇ ਸਰਬ–ਸ਼ਕਤੀਮਾਨ ਤੇ ਸਮਰੱਥ ਪਰਮਾਤਮਾ ਦਾ ਹੀ ਵਿਸਥਾਰ ਹੈ :–

– *ਥਾਵਰ ਜੰਗਮ ਕੀਟ ਪਤੰਗਾ, ਪੂਰਿ ਰਹਿਓ ਹਰਿ ਰਾਈ।*
*ਸਰਬੇਸ਼ਵਰ ਸਰਬੰਗੀ ਸਰਬਗਤਿ ਕਰਤਾ ਹਰਤਾ ਸੋਈ॥*

ਸਤਿਗੁਰੂ ਮਹਾਰਾਜ ਜੀ ਅਨੁਸਾਰ ਸ੍ਰਿਸ਼ਟੀ ਦਾ ਕਰਤਾ ਕੇਵਲ ਇਕ ਹੀ ਹੈ ਤੇ ਇਹ ਕਰਤਾ ਉਹ ਕਰਤਾ ਹੈ ਜੋ ਸਭਨਾਂ ਅੰਦਰ ਆਤਮ–ਤੱਤ ਦੇ ਰੂਪ ਵਿੱਚ ਸਮਾਇਆ ਹੋਇਆ ਹੈ ਤੇ ਜਿਸ ਦੇ ਕਰਤਾਪਨ ਕਾਰਨ ਹੀ ਸਾਰੇ ਜੀਵ ਕਾਰਜ ਕਰ ਰਹੇ ਹਨ ਪਰ ਉਸਦੇ ਕਰਤਾਪਨ ਦੀ ਕਿਰਿਆ ਅਤਿਅੰਤ ਸੂਖ਼ਮ ਹੈ। ਇਹ ਕਰਤਾ ਆਦਿ–ਜੁਗਾਦਿ, ਅਦ੍ਰਿਸ਼ਟ, ਅਛੋਹ, ਗੁਣਾਂ–ਅਤੀਤ, ਅਵਿਨਾਸ਼ੀ, ਸਰਬ–ਸ਼ਕਤੀਮਾਨ ਤੇ ਸਭ ਥਾਂ 'ਤੇ ਮੌਜੂਦ ਹੈ ਤੇ ਜਿਸ ਨੂੰ ਸਤਿਨਾਮ ਕਿਹਾ ਜਾਵੇ ਤਾਂ ਠੀਕ ਹੈ :–

– *ਕੇਵਲ ਕਰਤਾ ਏਕ ਸਹੀ ਕਰਿ*
*ਸਤਿ ਰਾਮ ਤਿਹਿ ਠਾਈਂ॥*

ਆਪ ਜੀ ਅਨੁਸਾਰ ਪਰਮਾਤਮਾ ਜੀਵਾਂ ਵਰਗਾ ਕਰਤਾ ਨਹੀਂ ਹੈ, ਉਹ ਕਰਤਾ ਹੁੰਦਿਆਂ ਹੋਇਆਂ ਵੀ ਅਕਰਤਾ ਰਹਿੰਦਾ ਹੈ। ਉਹ ਕਿਸੇ ਵੀ ਕਾਰਜ ਵਿੱਚ ਹਿੱਸਾ ਨਹੀਂ ਲੈਂਦਾ ਪਰ ਉਸ ਦੀ ਮੌਜੂਦਗੀ ਵਿੱਚ ਹੀ ਸਾਰੇ ਕਾਰਜ ਸੰਪਨ ਹੁੰਦੇ ਹਨ। ਉਹ ਸਭ ਨੂੰ ਕਿਰਿਆ ਕਰਨ ਲਈ ਪ੍ਰੇਰਦਾ ਹੈ ਪਰ ਖ਼ੁਦ ਕਿਰਿਆ ਤੋਂ ਨਿਰਲੇਪ ਰਹਿੰਦਾ ਹੈ। ਜਿਵੇਂ ਗੰਗਾ ਵਿੱਚ ਪ੍ਰਤੀਬਿੰਬ ਨਜ਼ਰ ਆਉਂਦਾ ਹੈ ਪਰ ਪ੍ਰਤੀਬਿੰਬ ਬਣਾਉਂਦਿਆਂ ਗੰਗਾ ਨਿਰਲੇਪ ਰਹਿੰਦੀ ਹੈ ਪਰ ਗੰਗਾ ਤੋਂ ਬਿਨਾਂ ਪ੍ਰਤੀਬਿੰਬ ਬਣ ਵੀ ਨਹੀਂ ਸਕਦਾ। ਬਿਲਕੁੱਲ ਇਹੋ ਜਿਹੀ ਪ੍ਰਕਿਰਤੀ ਪਰਮਾਤਮਾ ਦੀ ਹੈ। ਉਸ ਦਾ ਕਰਤਾਪਨ ਗੰਗਾ ਦੇ ਕਰਤਾਪਨ ਵਾਂਗ ਹੀ ਹੈ। ਜਿਵੇਂ ਕਿ ਗੁਰੂ ਮਹਾਰਾਜ ਜੀ ਦੀ ਬਾਣੀ ਫ਼ਰਮਾਉਂਦੀ ਹੈ :–

– *ਦਰਪਨ ਗਗਨ ਅਨੀਲ ਅਲੇਪ ਜਸ।*
*ਗੰਗ ਜਲਧਿ ਪ੍ਰਤਿਬਿੰਬ ਦੇਖਿ ਤਸ॥*

## 4. ਬ੍ਰਹਮ ਦਾ ਸੁਲਤਾਨ ਸਰੂਪ

ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਬ੍ਰਹਮ ਨੂੰ ਸੁਲਤਾਨਾਂ ਦਾ ਸੁਲਤਾਨ, ਰਾਜਿਆਂ ਦਾ ਰਾਜਾ, ਦੇਵਤਿਆਂ ਦਾ ਦੇਵਤਾ, ਸਰਬ-ਸ੍ਰੇਸ਼ਟ ਧਨੀ ਤੇ ਵਡ-ਰਾਜਾ ਆਦਿਕ ਕਹਿ ਕੇ ਪੁਕਾਰਿਆ ਹੈ। ਗੁਰੂ ਮਹਾਰਾਜ ਜੀ ਦਾ ਸੁਲਤਾਨ-ਰੂਪੀ ਬ੍ਰਹਮ ਸਾਰੀ ਸ੍ਰਿਸ਼ਟੀ ਦਾ ਮਾਲਿਕ ਹੈ ਜਿਸ ਉੱਪਰ ਕੋਈ ਹੋਰ ਸ਼ਾਸ਼ਨ ਕਰਤਾ ਨਹੀਂ ਹੈ। ਉਸ ਦੀਆਂ ਸ਼ਕਤੀਆਂ ਅਨੰਤ ਤੇ ਅਸੀਮ ਹਨ ਤੇ ਉਸ ਦੀ ਹਕੂਮਤ ਸਥਾਈ ਹੈ। ਉਹ ਸਰਬ ਕਲਾ ਸਮਰੱਥ ਰਾਜਾ ਹੈ। ਉਹ ਗ਼ਰੀਬਾਂ ਨੂੰ ਨਿਵਾਜਣ ਵਾਲਾ, ਸ਼ਰਨ ਆਏ ਦੀ ਇੱਜ਼ਤ ਰੱਖਣ ਵਾਲਾ, ਨਿਮਾਣਿਆਂ ਨੂੰ ਮਾਣ ਬਖ਼ਸ਼ਣ ਵਾਲਾ, ਪੀਰ-ਪੈਗੰਬਰਾਂ ਨੂੰ ਪਨਾਹ ਦੇਣ ਵਾਲਾ ਤੇ ਮੱਥੇ ਛੱਤਰ ਧਰਨ ਵਾਲਾ ਹੈ :-

– *ਐਸੀ ਲਾਲ ਤੁਝ ਬਿਨੁ ਕਉਨ ਕਰੈ ॥*
*ਗਰੀਬ ਨਿਵਾਜੁ ਗੁਸਾਈਆ ਮੇਰਾ ਮਾਥੈ ਛਤ੍ਰੁ ਧਰੈ ॥*

– *ਯਾ ਰਾਮਾ ਏਕ ਤੂੰ ਦਾਨਾ, ਤੇਰਾ ਆਦਿ ਭੇਖ ਨਾ।*
*ਤੂੰ ਸੁਲਤਾਨ ਸੁਲਤਾਨਾਂ, ਬੰਦਾ ਸਕਿਸਤਾ ਅਜਾਨਾ ॥*

## 5. ਬ੍ਰਹਮ ਦਾ ਪ੍ਰਤੀਕ ਸਰੂਪ

ਸਤਿਗੁਰੂ ਜੀ ਨੇ ਬਾਣੀ ਵਿੱਚ ਬ੍ਰਹਮ ਨੂੰ ਪ੍ਰਤੀਕਾਂ, ਬਿੰਬਾਂ ਤੇ ਅਲੰਕਾਰਾਂ ਰਾਹੀਂ ਵੀ ਉਦੀਪਤ ਕੀਤਾ ਹੈ। ਗੁਣ-ਮੂਲਕ ਸਰੂਪ ਨੂੰ ਪ੍ਰਕਾਸ਼ਮਾਨ ਕਰਨ ਲਈ ਦ੍ਰਿਸ਼ਟ ਤੇ ਨਾਸ਼ਵੰਤ ਵਸਤੂਆਂ ਨਾਲ ਤੁਲਨਾ ਕਰਕੇ ਚੇਤਨ-ਸਰੂਪ ਬ੍ਰਹਮ ਨੂੰ ਸਾਕਾਰ ਕਰਨ ਦੀ ਚੇਸ਼ਟਾ ਕੀਤੀ ਹੈ। ਆਪ ਜੀ ਦੀ ਬਾਣੀ ਵਿੱਚ ਵਰਤੇ ਗਏ ਅਜਿਹੇ ਪ੍ਰਤੀਕ-ਚਿੰਨ੍ਹ ਸਹਿਜ-ਸੁਭਾਅ ਹੀ ਆਏ ਜਾਪਦੇ ਹਨ, ਕਿਸੇ ਪ੍ਰਕਾਰ ਦਾ ਉਚੇਚ ਕੀਤਾ ਨਜ਼ਰ ਨਹੀਂ ਆਉਂਦਾ। ਆਪ ਜੀ ਨੇ ਪਰਮਾਤਮਾ ਲਈ ਚੰਦਨ, ਮਖਤੂਲ, ਸੁਪੇਦ ਸਪੀਅਲ, ਪਾਰਸ, ਬਾਜ਼ੀਗਰ, ਕਲਾਲੀ, ਨਾਇਕ, ਸੂਰਜ, ਚੰਦਰਮਾ, ਗਿਰੀਵਰ, ਦੀਪਕ, ਬੱਦਲ (ਘਨ), ਮੋਤੀ, ਤੀਰਥ, ਮਜੀਠ ਰੰਗ, ਪਿਤਾ-ਮਾਤਾ, ਪ੍ਰਭੂ-ਪ੍ਰੀਤਮ, ਪਹੁਪ ਦੀ ਸੁਗੰਧ ਆਦਿਕ ਅਨੇਕ ਚਿੰਨ੍ਹਾਂ ਦਾ ਪ੍ਰਯੋਗ ਕੀਤਾ ਹੈ। ਜਿਵੇਂ ਕਿ ਹੇਠ ਲਿਖੇ ਕੁਝ ਪਦਾਂ ਵਿੱਚ ਦਰਸਾਇਆ ਗਿਆ ਹੈ :-

– *ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ ॥*
*ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥*

– *ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥*
*ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥*

– *ਜਉ ਤੁਮ ਗਿਰਿਵਰ ਤਉ ਹਮ ਮੋਰਾ ॥*
*ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥*

– *ਕਹਿ ਰਵਿਦਾਸ ਬਾਜੀ ਜਗੁ ਭਾਈ ॥*
*ਬਾਜੀਗਰ ਸਉ ਮੋੁਹਿ ਪ੍ਰੀਤਿ ਬਨਿ ਆਈ ॥*

## 6. ਬ੍ਰਹਮ ਦਾ ਮਣੀ ਸਰੂਪ

ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦੇ ਆਧਾਰ 'ਤੇ ਬ੍ਰਹਮ ਦੇ ਤਿੰਨ ਮਣੀ ਸਰੂਪ ਉਜਾਗਰ ਹੁੰਦੇ ਹਨ। ਇਹ ਮਣੀ ਸਰੂਪ ਇਸ ਪ੍ਰਕਾਰ ਹਨਃ ਚਿੰਤਾਮਣੀ, ਪਾਰਸਮਣੀ ਤੇ ਸੁਧਾਮਣੀ।

**ੳ- ਬ੍ਰਹਮ ਦਾ ਚਿੰਤਾਮਣੀ ਸਰੂਪ** :- ਚਿੰਤਾਮਣੀ ਸਰੂਪ ਵਿੱਚ ਗੁਰੂ ਜੀ ਦਾ ਬ੍ਰਹਮ ਦਿਵਯਾ-ਰੂਪ ਹੈ, ਪ੍ਰਕਾਸ਼ਮਾਨ ਹੈ। ਇਹ ਉਹ ਅਨਮੋਲ ਹੀਰਾ, ਲਾਲ ਹੈ ਜਿਸ ਦੀ ਪ੍ਰਾਪਤੀ ਨਾਲ ਜੀਵ ਦਾ ਅੰਦਰਲਾ ਹਨ੍ਹੇਰਾ ਉਜ਼ਾਲੇ ਵਿੱਚ ਬਦਲ ਜਾਂਦਾ ਹੈ ਤੇ ਉਸ ਨੂੰ ਚਾਰੇ ਪਾਸੇ ਪ੍ਰਭੂ ਦਾ ਦਿਵਯਾ ਪ੍ਰਕਾਸ਼ ਫ਼ੈਲਿਆ ਨਜ਼ਰੀਂ ਆਉਂਦਾ ਹੈ। ਵਿਵਹਾਰਿਕ ਰੂਪ ਵਿੱਚ ਚਿੰਤਾਮਣੀ-ਪਰਮਾਤਮਾ ਸਾਧਕ ਦੀ ਹਰੇਕ ਚਿੰਤਾ ਦੂਰ ਕਰਨ ਵਾਲਾ ਹੈ ਤੇ ਹਰੇਕ ਇੱਛਾ ਪੂਰੀ ਕਰਨ ਵਾਲਾ ਹੈ। ਉਹ ਸੁੱਖਾਂ ਦਾ ਅਜਿਹਾ ਸਾਗਰ ਹੈ ਜਿਸ ਦੀ ਪ੍ਰਾਪਤੀ ਨਾਲ ਚਾਰ ਪਦਾਰਥ (ਧਰਮ, ਅਰਥ, ਕਾਮ ਤੇ ਮੋਕਸ਼), ਸਾਰੀਆਂ ਇੱਛਾਵਾਂ ਪੂਰੀਆਂ ਕਰਨ ਵਾਲੀ ਸਵਰਗ ਦੀ ਕਾਮਧੇਨ ਗਊ, ਹਰ ਤਰ੍ਹਾਂ ਦਾ ਫਲ ਦੇਣ ਵਾਲੇ ਸਵਰਗ ਦੇ ਪੰਜੇ ਬ੍ਰਿਛ, ਅਠਾਰ੍ਹਾਂ ਕਰਾਮਾਤੀ ਸਿੱਧੀਆਂ ਤੇ ਨੌਂ-ਨਿਧੀਆਂ ਜੀਵ ਦੇ ਹੱਥਾਂ ਦੀਆਂ ਤਲੀਆਂ 'ਤੇ ਆ ਜਾਂਦੀਆਂ ਹਨ :-

– *ਸੁਖ ਸਾਗਰੁ ਸੁਰਤਰ ਚਿੰਤਾਮਨਿ ਕਾਮਧੇਨੁ ਬਸਿ ਜਾਕੈ ॥*
*ਚਾਰਿ ਪਦਾਰਥ ਅਸਟ ਦਸਾ ਸਿਧਿ ਨਵ ਨਿਧਿ ਕਰ ਤਲ ਤਾਕੈ ॥*

– *ਚਿੰਤਾਮਨਿ ਲਾਲ ਹਾਥੈ ਜੈ ਚੜਿਓ।*
*ਹੁਵੇ ਉਜਾਸ ਤਿਮਿਰ ਨਹੀਂ ਰਹਨਾ ॥*

**ਅ- ਬ੍ਰਹਮ ਦਾ ਪਾਰਸਮਣੀ ਸਰੂਪ** :- ਲੌਕਿਕ ਦ੍ਰਿਸ਼ਟੀ ਤੋਂ ਰਾਮ ਪਾਰਸਮਣੀ ਹੈ ਜੋ ਧਨ-ਦੌਲਤ, ਰਿੱਧੀਆਂ-ਸਿੱਧੀਆਂ, ਸੁੱਖ-ਸੰਪਦਾ ਆਦਿਕ ਦਾ ਦਾਤਾ ਹੈ। ਉਸ ਦੀ ਪ੍ਰਾਪਤੀ ਨਾਲ ਜੀਵ ਨੂੰ ਸੰਸਾਰਿਕ ਧਨ-ਪਦਾਰਥਾਂ ਦੀ ਘਾਟ ਨਹੀਂ ਰਹਿੰਦੀ ਤੇ ਉਸ ਦਾ ਜੀਵਨ ਪ੍ਰਕਾਸ਼ ਵਾਂਗ ਰੌਸ਼ਨ ਹੋ ਜਾਂਦਾ ਹੈ। ਆਲੌਕਿਕ ਦ੍ਰਿਸ਼ਟੀ ਤੋਂ ਗੁਰੂ ਪਰਮ ਪਾਰਸ ਹੈ ਜਿਸ ਦੇ ਮਿਲਾਪ ਨਾਲ ਜੀਵ ਦੇ ਮਨ ਅੰਦਰਲੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ ਤੇ ਆਤਮਿਕ ਜੀਵਨ ਦੀ ਸੂਝ ਦਾ ਪ੍ਰਕਾਸ਼ ਹੋ ਜਾਂਦਾ ਹੈ। ਉਸ ਅੰਦਰੋਂ ਵਿਕਾਰ ਖ਼ਤਮ ਹੋ ਜਾਂਦੇ ਹਨ ਤੇ ਉਹ ਪ੍ਰਭੂ ਨਾਲ ਇਕਮਿਕਤਾ ਪ੍ਰਾਪਤ ਕਰ ਲੈਂਦਾ ਹੈ। ਇਸੇ ਪਰਿਪੇਖ ਵਿੱਚ 'ਰਵਿਦਾਸ ਬਾਣੀ' ਇਉਂ ਕਥਨ ਕਰਦੀ ਹੈ :-

– *ਜੋ ਲੋਹਾ ਪਾਰਸਮਣਿ, ਹਿਰਨ ਕਿਰਨ ਦਮਕਾਏ।*
*ਰਵਿਦਾਸ ਰਾਮ ਪਾਰਸਮਣਿ, ਉਹ ਦਰਸ ਮੰਹਿ ਬੋਰਾਏ ॥*

– *ਪਰਮ ਪਾਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥*
*ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥*

– *ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨਾ ਪਰਸੈ ॥*

**ੲ- ਬ੍ਰਹਮ ਦਾ ਸੁਧਾਮਣੀ ਸਰੂਪ** :- ਸਤਿਗੁਰੂ ਮਹਾਰਾਜ ਜੀ ਦਾ ਸੁਧਾਮਣੀ ਬ੍ਰਹਮ ਅੰਮ੍ਰਿਤ ਰਸ ਦਾ ਦਾਤਾ ਹੈ, ਪ੍ਰੇਮ ਦੀ ਅੰਮ੍ਰਿਤ ਮਨੀ ਹੈ, ਤੇਜ-ਸਰੂਪੀ ਤੇ ਸਭ ਦਾ

ਸ਼ਿਰੋਮਣੀ ਹੈ। ਉਹ ਪਰਮਾਨੰਦ ਅਵਸਥਾ ਦਾ ਸੂਚਕ ਹੈ। ਜਿਸ ਜੀਵ ਨੂੰ ਸੁਧਾਮਣੀ ਸਾਰ-ਰਸ ਪ੍ਰਾਪਤ ਹੋ ਜਾਂਦਾ ਹੈ ਉਹ ਸੰਸਾਰਿਕ ਵਿੱਸ-ਰੂਪੀ ਰਸਾਂ ਨੂੰ ਛੱਡ ਕੇ ਰਾਮ-ਨਾਮ ਦੇ ਅੰਮ੍ਰਿਤ ਰਸ ਵਿੱਚ ਮਗਨ ਹੋ ਜਾਂਦਾ ਹੈ ਤੇ ਉਨਮਨੀ ਅਵਸਥਾ ਨੂੰ ਪ੍ਰਾਪਤ ਕਰਦਾ ਹੈ। ਗੁਰੂ ਜੀ ਨੇ ਬਾਣੀ ਵਿੱਚ ਇਸ ਦਾ ਉਲੇਖ ਕਿਉਂ ਕੀਤਾ ਹੈ :-

– *ਪ੍ਰੀਤਿ ਸੁਧਾਮਨਿ ਆਵ।*
*ਤੇਜ ਸਰੂਪੀ ਸਕਲ ਸਿਰੋਮਨਿ ਅਲਖ ਨਿਰੰਜਨ ਰਾਵ॥*

– *ਜਿਨਿ ਪੀਆ ਸਾਰ ਰਸੁ ਤਜੇ ਆਨ ਰਸ,*
*ਹੋਇ ਰਸ ਮਗਨ ਡਾਰੇ ਬਿਖੁ ਖੋਇ॥*

**7. ਬ੍ਰਹਮ ਦਾ ਲੇਖਾ ਮੰਗਣਹਾਰ ਸਰੂਪ**

ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਬ੍ਰਹਮ ਜੀਵਾਂ ਵੱਲੋਂ ਕੀਤੇ ਹੋਏ ਕਰਮਾਂ ਦਾ ਲੇਖਾ ਮੰਗਣ ਵਾਲਾ ਹੈ। ਸੰਤਾਂ-ਮਹਾਂਪੁਰਸ਼ਾਂ ਨੇ ਸੰਸਾਰ ਨੂੰ ਜੀਵ ਦੀ ਕਰਮ-ਸਥਲੀ ਮੰਨਿਆ ਹੈ। ਮੌਤ ਤੋਂ ਬਾਅਦ ਜੀਵ ਦੇ ਕੀਤੇ ਹੋਏ ਕਰਮਾਂ ਦਾ ਪਰਮਾਤਮਾ ਦੇ ਦਰਬਾਰ ਵਿੱਚ ਲੇਖਾ-ਜੋਖਾ ਹੁੰਦਾ ਹੈ। ਉੱਥੇ ਕੋਈ ਛਲ-ਕਪਟ ਨਹੀਂ ਚੱਲਦਾ, ਪੂਰਾ-ਪੂਰਾ ਨਿਆਂ ਹੁੰਦਾ ਹੈ ਤੇ ਕਰਮਾਂ ਅਨੁਸਾਰ ਫ਼ਲ ਮਿਲਦਾ ਹੈ ਤੇ ਕਰਮਫਲ ਤੋਂ ਬਚਣ ਦਾ ਕੋਈ ਉਪਾਏ ਵੀ ਨਹੀਂ ਚੱਲਦਾ। ਆਪ ਜੀ ਅਨੁਸਾਰ ਕਰਮਾਂ ਦੇ ਵੱਸ ਪਏ ਜੀਵ ਨੂੰ ਵਾਰ-ਵਾਰ ਮੌਤ ਦੀ ਫ਼ਾਹੀ ਵਿੱਚੋਂ ਲੰਘ ਕੇ ਜਨਮਾਂ (ਸਰੀਰ ਦੇ ਬੰਧਨਾਂ) ਵਿੱਚ ਆਉਣਾ ਪੈਂਦਾ ਹੈ ਤੇ ਕਰਮਫਲ ਭੋਗਣੇ ਪੈਂਦੇ ਹਨ :-

– *ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ॥*
*ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ॥*

ਮਾਇਆ ਜਾਲ ਵਿੱਚ ਫਸਿਆ ਜੀਵ ਕਈ ਤਰ੍ਹਾਂ ਦੇ ਚੰਗੇ-ਮਾੜੇ ਕਰਮ ਕਰਦਾ ਹੈ। ਮਾੜੇ ਕਰਮਾਂ ਦਾ ਉਸ ਨੂੰ ਦੁੱਖ ਭੋਗਣਾ ਪੈਂਦਾ ਹੈ। ਇਸ ਲਈ ਉਸ ਨੂੰ ਚੰਗੇ ਤੇ ਨਿਸ਼ਕਾਮ ਕਰਮ ਕਰਨੇ ਚਾਹੀਦੇ ਹਨ। ਕਿਹਾ ਜਾਂਦਾ ਹੈ ਕਿ ਜਦੋਂ ਪਰਮਾਤਮਾ ਦੇ ਦਰਬਾਰ ਵਿੱਚ ਕਰਮਾਂ ਦਾ ਹਿਸਾਬ-ਕਿਤਾਬ ਹੁੰਦਾ ਹੈ ਤਾਂ ਕੀਤੇ ਹੋਏ ਚੰਗੇ-ਮਾੜੇ ਕਰਮ ਪ੍ਰਤੱਖ ਪ੍ਰਗਟ ਹੋ ਜਾਂਦੇ ਹਨ ਤੇ ਜੀਵ ਨੂੰ ਉਨ੍ਹਾਂ ਦਾ ਲੇਖਾ ਦੇਣਾ ਪੈਂਦਾ ਹੈ :-

– *ਕਹੁ ਰਵਿਦਾਸ ਭਇਓ ਜਬ ਲੇਖੋ॥*
*ਜੋਈ ਜੋਈ ਕੀਨੋ ਸੋਈ ਸੋਈ ਦੇਖਿਓ॥*

– *ਸਾਹਿਬ ਤੋ ਪੈ ਲੇਖਾ ਲੇਸੀ।*
*ਭੀਰਿ ਪਰਿਆਂ ਤੂੰ ਭਰਿ ਭਰਿ ਦੇਸੀ॥*

ਇਸ ਲਈ ਸਤਿਗੁਰੂ ਮਹਾਰਾਜ ਜੀ ਜੀਵਾਂ ਨੂੰ ਵਾਰ-ਵਾਰ ਸੁਚੇਤ ਕਰਦੇ ਹੋਏ ਸਮਝਾਉਂਦੇ ਹਨ ਕਿ ਉਹ ਪਰਮਾਤਮਾ ਨੂੰ ਨਾ ਭੁੱਲਣ ਤੇ ਨਾ ਹੀ ਆਪਣੇ ਪੁੱਤਰ, ਧੀ, ਪਤਨੀ ਤੇ ਧਨ-ਦੌਲਤ ਆਦਿਕ ਦਾ ਹੰਕਾਰ ਕਰਨ। ਹੰਕਾਰ ਹੀ ਸਾਰੇ ਮਾੜੇ ਕਰਮਾਂ, ਕੁਕਰਮਾਂ ਦਾ ਜਨਮ-ਦਾਤਾ ਹੈ। ਉਸ ਲੇਖਾ ਮੰਗਣਹਾਰ ਪ੍ਰਭੂ ਨੇ ਜੀਵ ਤੋਂ ਸਾਰੇ ਕਰਮਾਂ ਦਾ ਪੂਰਾ-ਪੂਰਾ ਹਿਸਾਬ ਲੈਣਾ ਹੈ :-

*– ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰ।*
*ਠਾਕੁਰੁ ਲੇਖਾ ਮੰਗਨਹਾਰੁ॥*

## ਜੀਵਾਤਮਾ

ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇ ਆਤਮਾ ਤੇ ਪਰਮਾਤਮਾ ਦਾ ਸੰਬੰਧ ਬੜੇ ਸੁੰਦਰ ਤਰੀਕੇ ਨਾਲ ਪ੍ਰਗਟ ਕੀਤਾ ਹੈ। ਆਪ ਜੀ ਫ਼ਰਮਾਂਦੇ ਹਨ ਕਿ ਪਰਮਾਤਮਾ ਨੇ ਆਪਣੀ ਹੋਂਦ ਪ੍ਰਗਟਾਉਣ ਲਈ ਪ੍ਰਕ੍ਰਿਤੀ ਦੀ ਰਚਨਾ ਕੀਤੀ ਤੇ ਤਥਾਗਤ ਚੌਰਾਸੀ ਲੱਖ ਜੂਨਾਂ ਸਿਰਜੀਆਂ। ਇਨ੍ਹਾਂ ਜੂਨਾਂ ਵਿੱਚ ਭ੍ਰਮਣ ਕਰਨ ਵਾਲੇ ਜੀਵ-ਜੰਤੂ ਇਕ ਤੱਤ, ਦੋ ਤੱਤ, ਤਿੰਨ ਤੱਤ, ਚਾਰ ਤੱਤ ਤੇ ਪੰਜ ਤੱਤ ਦੇ ਪੈਦਾ ਕੀਤੇ। ਜੀਵ ਉਦੋਂ ਤੱਕ ਹਰਕਤ ਵਿੱਚ ਰਹਿੰਦਾ ਹੈ ਜਦੋਂ ਤੱਕ ਉਸ ਵਿੱਚ ਆਤਮਾ ਸਥਿਤ ਰਹਿੰਦੀ ਹੈ। ਸੋ ਆਤਮਾ ਦਾ ਵਿਵਹਾਰਿਕ ਰੂਪ ਜੀਵ ਹੈ ਤੇ ਸਭ ਜੀਵਾਂ ਵਿੱਚ ਇਕ ਹੀ ਆਤਮਾ ਹੈ। ਗੁਰੂ ਜੀ ਨੇ ਇਸ ਦੀ ਪੁਸ਼ਟੀ ਇਉਂ ਕੀਤੀ ਹੈ :-

*– ਸਰਬੇ ਏਕ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ॥*
*ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥*

ਜੀਵ ਦਾ ਅਸਲੀ ਆਪਾ ਉਸ ਦੀ ਆਤਮਾ ਹੈ। ਆਤਮਾ ਨੂੰ ਜੀਵਾਤਮਾ ਵੀ ਕਿਹਾ ਗਿਆ ਹੈ ਤੇ ਜੀਵਾਤਮਾ ਪਰਮਾਤਮਾ ਦੀ ਅੰਸ਼ ਹੈ। ਜੀਵਾਤਮਾ ਸ਼ਾਂਤ ਸੱਤਾ ਹੈ ਤੇ ਪਰਮਾਤਮਾ ਅਨੰਤ ਸੱਤਾ ਹੈ। ਜੀਵਾਤਮਾ ਤੇ ਪਰਮਾਤਮਾ ਦਾ ਸੰਬੰਧ ਅਦਵੈਤ ਰੂਪ ਦਾ ਹੈ। ਇਨ੍ਹਾਂ ਦਾ ਦੋ ਦਿਖਣਾ ਕੇਵਲ ਮਾਇਆ ਦਾ ਭਰਮ ਹੈ, ਮਾਇਆ ਦਾ ਪਰਦਾ ਹੈ। ਦੋਵੇਂ ਵੱਖ-ਵੱਖ ਹੋ ਕੇ ਵੀ ਇਕ ਹਨ। ਪਰਮਾਤਮਾ ਤੋਂ ਜੀਵ ਦੀ ਉਤਪਤੀ ਹੁੰਦੀ ਹੈ ਤੇ ਅੰਤ ਨੂੰ ਉਹ ਉਸ ਵਿੱਚ ਹੀ ਸਮਾ ਜਾਂਦਾ ਹੈ। ਆਪ ਜੀ ਅਨੁਸਾਰ ਪਰਮਾਤਮਾ ਤੇ ਜੀਵਾਤਮਾ ਦਾ ਸੰਬੰਧ ਉਸੇ ਤਰ੍ਹਾਂ ਦਾ ਹੀ ਹੈ ਜਿਸ ਤਰ੍ਹਾਂ ਕਿ ਸੋਨਾ ਤੇ ਸੋਨੇ ਤੋਂ ਬਣੇ ਗ਼ਹਿਣੇ ਦਾ, ਪਾਣੀ ਤੇ ਪਾਣੀ ਤੋਂ ਉਤਪੰਨ ਲਹਿਰਾਂ ਦਾ, ਸੂਤ ਤੇ ਸੂਤ ਤੋਂ ਬਣੇ ਕੱਪੜੇ ਦਾ ਅਤੇ ਪੱਥਰ ਤੇ ਪੱਥਰ ਤੋਂ ਬਣੀਆਂ ਮੂਰਤੀਆਂ ਦਾ ਹੈ। ਬ੍ਰਹਮ ਤੇ ਜੀਵ ਦੀ ਭੇਦਤਾ ਨੂੰ ਸਤਿਗੁਰੂ ਮਹਾਰਾਜ ਜੀ ਨੇ ਬੜੇ ਸੁੰਦਰ ਢੰਗ ਨਾਲ਼ ਬਾਣੀ ਵਿੱਚ ਇਉਂ ਬਿਆਨ ਕੀਤਾ ਹੈ :-

*– ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥*
*ਕਨਕ ਕਟਿਕ ਜਲ ਤਰੰਗ ਜੈਸਾ॥*
*– ਕਨਕ ਕੁਟਕ ਸੂਤ ਪਟ ਜੁਦਾ, ਰਜੁ ਭੁਅੰਗ ਭ੍ਰਮ ਜੈਸਾ॥*
*ਜਲ ਤਰੰਗ ਪਾਹਨ ਪ੍ਰਤਿਮਾ ਜਿਉਂ, ਬ੍ਰਹਮ ਜੀਵ ਦੁਤਿ ਐਸਾ॥*

ਆਪ ਜੀ ਅਨੁਸਾਰ ਪ੍ਰਕ੍ਰਿਤੀ ਵਿੱਚ ਸਭ ਤੋਂ ਚੇਤਨ ਪੰਜ ਤੱਤ ਦਾ ਮਾਲਿਕ ਮਨੁੱਖਾ ਸਰੀਰ ਹੈ। ਪਰਮਾਤਮਾ ਨੇ ਪਾਣੀ ਦੀ ਦੀਵਾਰ, ਸਵਾਸਾਂ-ਰੂਪੀ ਥੰਮ੍ਹ (ਹਵਾ), ਮਾਂ ਦੇ ਰਕਤ ਤੇ ਪਿਤਾ ਦੇ ਵੀਰਜ ਨਾਲ ਤਿਆਰ ਹੋਇਆ ਗਾਰਾ (ਅਗ਼ਨੀ), ਹੱਡ-ਮਾਸ (ਧਰਤੀ) ਤੇ ਨਾੜੀਆਂ (ਆਕਾਸ਼) ਲਗਾ ਕੇ ਮਨੁੱਖੀ ਪਿੰਜਰ (ਸਰੀਰ) ਤਿਆਰ

ਕੀਤਾ ਹੈ ਤੇ ਜਿਸ ਵਿੱਚ ਜੀਵਾਤਮਾ-ਰੂਪੀ ਪੰਛੀ ਨਿਵਾਸ ਕਰਦਾ ਹੈ :-

- *ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੂੰਦ ਕਾ ਗਾਰਾ॥*
  *ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥*

ਪਰ ਜੀਵ ਤ੍ਰਿਗੁਣੀ ਮਾਇਆ ਦੇ ਪ੍ਰਭਾਵ ਅਧੀਨ ਹੋਇਆ ਇਸ ਸੁੰਦਰ ਸਰੀਰ ਦਾ ਹੰਕਾਰ ਕਰਨ ਲੱਗ ਪੈਂਦਾ ਹੈ। ਉਹ ਤੇਰੀ-ਮੇਰੀ ਦੇ ਚੱਕਰ ਵਿੱਚ ਉੱਲਝ ਜਾਂਦਾ ਹੈ ਤੇ ਭੁੱਲ ਜਾਂਦਾ ਹੈ ਕਿ ਇਹ ਪੰਜ-ਭੂਤਕ ਸਰੀਰ ਚਿਰਕਾਲ ਤੱਕ ਰਹਿਣ ਵਾਲਾ ਨਹੀਂ ਹੈ। ਇਸ ਦੇ ਜੀਵਨ ਦੀ ਆਰਜਾ ਤਾਂ ਭਾਦੋਂ ਦੇ ਮਹੀਨੇ 'ਚ ਉੱਗੀਆਂ ਖੁੰਬਾਂ ਨਾਲੋਂ ਵੀ ਛੇਤੀ ਮੁੱਕ ਜਾਣ ਵਾਲੀ ਹੈ। ਅੰਤ ਨੂੰ ਇਸ ਸਰੀਰ ਨੇ ਘਾਹ ਦੀ ਛੱਪਰੀ ਵਾਂਗ ਸੜ ਕੇ ਭਸਮ ਦੀ ਢੇਰੀ ਹੋ ਜਾਣਾ ਹੈ। ਸਰੀਰ ਦੀ ਥੁੜ-ਚਿਰੀ ਆਰਜਾ ਨੂੰ ਗੁਰੂ ਮਹਾਰਾਜ ਜੀ ਨੇ ਆਪਣੀ ਬਾਣੀ ਵਿੱਚ ਇਉਂ ਉਲੇਖਿਆ ਹੈ :-

- *ਤੂ ਕਾਂਇ ਗਰਬਹਿ ਬਾਵਲੀ॥*
  *ਜੈਸੇ ਭਾਦਉ ਖੂੰਬਰਾਜੁ ਤੂ ਤਿਸ ਤੇ ਖਰੀ ਉਤਾਵਲੀ॥ ਰਹਾਉ॥*
- *ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ॥*
  *ਜਲਿ ਗਇਓ ਘਾਸੁ ਰਲਿ ਗਇਓ ਮਾਟੀ॥*
- *ਬੰਕੇ ਬਾਲ ਪਾਗ ਸਿਰਿ ਡੇਰੀ॥*
  *ਇਹੁ ਤਨੁ ਹੋਇਗੋ ਭਸਮ ਕੀ ਢੇਰੀ॥*

ਆਪ ਜੀ ਫ਼ਰਮਾਂਦੇ ਹਨ ਕਿ ਮਾਇਆਵੀ ਸ਼ਕਤੀਆਂ ਦੇ ਵੱਸ ਪਏ ਜੀਵ ਦੀ ਮੱਤ ਵਿਸ਼ੇ-ਵਿਕਾਰਾਂ ਨਾਲ ਮਲੀਨ ਹੋ ਜਾਂਦੀ ਹੈ ਤੇ ਸਤਿ-ਅਸਤਿ ਨੂੰ ਪਰਖਣ ਵਾਲੀ ਉਸਦੀ ਬੁੱਧੀ ਵੀ ਧੁੰਦਲੀ ਪੈ ਜਾਂਦੀ ਹੈ ਜਿਸ ਕਰਕੇ ਉਸ ਦੇ ਭਰਮਾਂ ਤੇ ਸ਼ੰਕਿਆਂ ਦੀ ਗੰਢ ਖੁੱਲ੍ਹਦੀ ਨਹੀਂ। ਅਜਿਹੀ ਪ੍ਰਸਥਿਤੀ ਵਿੱਚ ਉਹ ਮਾਇਆ ਦੇ ਪੰਜ ਵਿਕਾਰਾਂ ਤੋਂ ਲੁੱਟਿਆ ਜਾਂਦਾ ਹੈ। ਇਸ ਤੋਂ ਇਲਾਵਾ ਉਹ ਪੰਜ ਮਕਾਰਾਂ ਦਾ ਵੀ ਦੋਸ਼ੀ ਬਣ ਜਾਂਦਾ ਹੈ। ਸ਼ਬਦ, ਗੰਧ, ਰੂਪ, ਰਸ ਤੇ ਸਪਰਸ਼ ਪੰਜ ਅਸਾਧ ਰੋਗ (ਦੋਸ਼) ਜੀਵ ਨੂੰ ਆਪਣੇ ਸ਼ਿਕੰਜੇ ਵਿੱਚ ਜ਼ਕੜੀ ਰੱਖਦੇ ਹਨ। ਇਨ੍ਹਾਂ ਦੋਸ਼ਾਂ ਤੇ ਵਿਕਾਰਾਂ ਕਾਰਨ ਹੀ ਜੀਵ ਆਪਣੇ ਕਰਮਾਂ ਦੇ ਵੱਸ ਪਿਆ ਹੋਇਆ ਕਰਮਫਲ ਭੋਗਦਾ ਰਹਿੰਦਾ ਹੈ ਤੇ ਨਵੇਂ ਕਰਮ ਸੰਚਿਤ ਕਰਦਾ ਰਹਿੰਦਾ ਹੈ। ਕਰਮਾਂ ਦੇ ਭਾਰ ਕਾਰਨ ਮੌਤ ਦੀ ਅਕੱਟ ਫ਼ਾਹੀ ਉਸ ਨਾਲ ਹਮੇਸ਼ਾ ਚੁੰਬੜੀ ਰਹਿੰਦੀ ਹੈ। ਮਾਇਆ ਦੇ ਵਿਕਾਰਾਂ ਵਿੱਚ ਭੁੱਲੇ-ਭਟਕੇ ਜੀਵ ਦੀ ਵਿਅਥਾ ਨੂੰ ਗੁਰੂ ਮਹਾਰਾਜ ਜੀ ਨੇ ਇਉਂ ਬਿਆਨ ਕੀਤਾ ਹੈ :-

- *ਦੇਵ ਸੰਸੇ ਗਾਂਠਿ ਨ ਛੂਟੈ॥*
  *ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ॥*
- *ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥*
  *ਪੰਜ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥*
- *ਜੀਵ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ॥*
  *ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ॥*

ਪਰ ਜਦੋਂ ਜੀਵ ਕਾਮ, ਕ੍ਰੋਧ ਤੇ ਹੰਕਾਰ ਆਦਿਕ ਵਿਕਾਰਾਂ ਨੂੰ ਤਿਆਗ ਕੇ ਗੁਰੂ ਦੀ ਸ਼ਰਨ ਵਿੱਚ ਜਾਂਦਾ ਹੈ ਤਾਂ ਉਸ ਦੀ ਕਾਇਆ ਸ਼ੀਤਲ ਹੋ ਜਾਂਦੀ ਹੈ। ਫਿਰ ਉਹ ਗੁਰੂ ਦੇ ਬਖ਼ਸ਼ੇ ਹੋਏ 'ਸ਼ਬਦ' ਦੇ ਸਿਮਰਨ ਰਾਹੀਂ ਮਾਇਆਵੀ ਸ਼ਕਤੀਆਂ 'ਤੇ ਜਿੱਤ ਪਾ ਲੈਂਦਾ ਹੈ। ਉਸ ਅੰਦਰੋਂ ਦਵੈਤ ਭਾਵਨਾ ਖ਼ਤਮ ਹੋ ਜਾਂਦੀ ਹੈ ਤੇ ਉਹ ਆਪਣੇ ਮੂਲ ਸਰੋਤ ਸਚਿਦਾਨੰਦ 'ਬ੍ਰਹਮ' ਵਿੱਚ ਸਮਾ ਕੇ ਉਸੇ ਦਾ ਹੀ ਰੂਪ ਹੋ ਜਾਂਦਾ ਹੈ, ਠੀਕ ਉਸ ਤਰ੍ਹਾਂ ਜਿਵੇਂ ਲਹਿਰਾਂ ਦਾ ਜਲ ਸਮੁੰਦਰ ਦੇ ਜਲ ਵਿੱਚ ਸਮਾ ਕੇ ਸਮੁੰਦਰ ਹੋ ਜਾਂਦਾ ਹੈ। ਏਸੇ ਸੰਦਰਭ 'ਚ 'ਰਵਿਦਾਸ ਬਾਣੀ' ਵੀ ਇਹੋ ਬਿਆਨ ਕਰਦੀ ਹੈ :-

– *ਕਾਮ ਕ੍ਰੋਧ ਹੰਕਾਰ ਨਿਵਾਰਿਉ, ਤ੍ਰਿਸਨਾ ਤਿਆਗਿਓ ਸੰਤ ਜਨਾ।*
*ਕਹਿ ਰਵਿਦਾਸ ਭਈ ਸੀਤਲ ਕਾਇਆ, ਜਿਉਂ ਹੌਂ ਲਾਗੌਂ ਗੁਰੂ ਚਰਨਾ॥*

– *ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ॥*

ਬ੍ਰਹਮ ਵਿੱਚ ਮਿਲ ਕੇ ਉਸ ਦਾ ਰੂਪ ਹੋ ਜਾਣ ਨੂੰ ਹੀ ਜੀਵਨ-ਮੁਕਤੀ ਕਹਿੰਦੇ ਹਨ ਤੇ ਗੁਰੂ ਜੀ ਨੇ ਜੀਵਨ-ਮੁਕਤੀ ਨੂੰ ਮਨੁੱਖ ਦਾ ਮੁੱਖ ਲਕਸ਼ ਮੰਨਿਆ ਹੈ।

## ਮਾਇਆ

ਸਤਿਗੁਰੂ ਮਹਾਰਾਜ ਜੀ ਨੇ ਮਾਇਆ ਨੂੰ ਮਹਾਂਪ੍ਰਬਲ ਸ਼ਕਤੀ ਕਿਹਾ ਹੈ। ਪਰ ਇਹ ਨਕਾਰਾਤਮਿਕ ਤੇ ਕਾਲ ਰੂਪ ਹੈ। ਇਹ ਅਨੰਤ ਭਰਮਾਂ, ਅਵਿਦਿਆ ਤੇ ਅਗਿਆਨਤਾ ਦੀ ਜਨਨੀ ਹੈ ਤੇ ਵਿਵੇਕ-ਨਾਸ਼ਕ ਹੈ। ਇਸ ਦੇ ਢਹੇ ਚੜ੍ਹਿਆ ਜੀਵ ਕਦੇ ਵੀ ਇਸ ਦੇ ਪੰਜੇ ਵਿੱਚੋਂ ਬਾਹਰ ਨਿਕਲਣ ਜੋਗਾ ਨਹੀਂ ਰਹਿੰਦਾ। ਕਪਟੀ ਮਾਇਆ ਜੀਵ ਤੇ ਪਰਮਾਤਮਾ ਦਰਮਿਆਨ ਅਜਿਹਾ ਭਰਮ-ਜਾਲ ਤਣਦੀ ਹੈ ਕਿ ਜੀਵ ਪਰਮਾਤਮਾ ਦਾ ਅੰਸ਼ ਹੁੰਦਿਆਂ ਹੋਇਆਂ ਵੀ ਉਸ ਤੋਂ ਵਾਂਝਾ ਹੋ ਜਾਂਦਾ ਹੈ ਤੇ ਆਪਣੇ ਜੀਵਨ ਦਾ ਮਨੋਰਥ ਪੂਰਾ ਕੀਤੇ ਬਿਨਾਂ ਹੀ ਇਸ ਸੰਸਾਰ 'ਚੋਂ ਖਾਲ੍ਹੀ ਹੱਥ ਚਲਾ ਜਾਂਦਾ ਹੈ। ਇਸ ਲਈ ਸਤਿਗੁਰੂ ਮਹਾਰਾਜ ਜੀ ਜੀਵਾਂ ਨੂੰ ਸੁਚੇਤ ਕਰਦੇ ਹੋਏ ਫ਼ਰਮਾਂਦੇ ਹਨ :-

– *ਰੇ ਮਨ ਰਾਮ ਨਾਮ ਸੰਭਾਰਿ॥*
*ਮਾਇਆ ਕੈ ਭ੍ਰਮਿ ਕਹਾਂ ਭੂਲਿਓ, ਜਾਹਿਗੋ ਕਰ ਝਾਰਿ॥*

ਸਤਿਗੁਰੂ ਮਹਾਰਾਜ ਜੀ ਨੇ ਮਾਇਆ ਨੂੰ ਅਸਥਿਰ ਤੇ ਪ੍ਰਤੀਕੂਲ ਮੰਨਿਆ ਹੈ। ਇਸ ਦਾ ਸਾਥ ਕਦੇ ਵੀ ਤੋੜ ਤੱਕ ਨਹੀਂ ਨਿੱਭਦਾ। ਆਪ ਜੀ ਫ਼ਰਮਾਂਦੇ ਹਨ ਕਿ ਇਹ ਮਾਇਆ ਝੂਠੀ ਤੇ ਦਗੇਬਾਜ ਹੈ, ਸੰਸਾਰ ਦੇ ਸਾਰੇ ਜੀਵਾਂ ਨੂੰ ਧੋਖਾ ਦਿੰਦੀ ਹੈ। ਇਹ ਸਮਝ ਤੋਂ ਪਰ੍ਹੇ ਹੈ, ਮੋਹਿਨੀ-ਰੂਪ ਹੈ, ਵਿਰਾਟ-ਰੂਪ ਹੈ, ਥੋਥੀ ਤੇ ਫੰਧ ਪਸਾਰਨ ਵਾਲੀ ਤ੍ਰਿਗੁਣੀ ਹੈ। ਜੀਵ ਮਾਇਆ ਦੇ ਪੰਜ ਵਿਕਾਰਾਂ (ਕਾਮ, ਕ੍ਰੋਧ, ਮੋਹ, ਲੋਭ ਤੇ ਹੰਕਾਰ) ਦੇ ਪ੍ਰਭਾਵ ਅਧੀਨ ਹੋਇਆ ਆਪਣੇ ਮੂਲ ਸਰੋਤ 'ਬ੍ਰਹਮ' ਤੋਂ ਵਿੱਛੜ ਜਾਂਦਾ ਹੈ ਤੇ ਤਿੰਨੋਂ ਤਾਪ (ਆਧ, ਵਿਆਧ ਤੇ ਉਪਾਧ) ਭੋਗਦਾ ਰਹਿੰਦਾ ਹੈ :-

– *ਝੂਠੀ ਮਾਇਆ ਜਗ ਡਹਕਾਇਆ, ਤੋ ਤੀਨਿ ਤਾਪ ਦਹੈ ਰੇ।*
*ਕਹੈ ਰਵਿਦਾਸ ਰਾਮ ਜਪਿ ਰਸਨਾ, ਮਾਇਆ ਕਾਹੂ ਕੇ ਸੰਗ ਨ ਰਹੈ ਰੇ॥*

ਮਾਇਆ ਦਾ ਡੰਕਾ ਸਾਰੇ ਖੰਡਾਂ-ਬ੍ਰਹਿਮੰਡਾਂ ਵਿੱਚ ਵੱਜਦਾ ਹੈ। ਇਹ ਸਿਰਫ਼ ਸੰਸਾਰ ਦੇ ਜੀਵਾਂ ਨੂੰ ਹੀ ਨਹੀਂ ਬਲਕਿ ਦੇਵੀ-ਦੇਵਤਿਆਂ, ਰਿਸ਼ੀ-ਮੁਨੀਆਂ, ਜੋਗੀਆਂ, ਜਤੀਆਂ ਤੇ ਤਪੀਸਰਾਂ ਆਦਿਕ ਨੂੰ ਵੀ ਛਲਦੀ ਹੈ ਤੇ ਉਨ੍ਹਾਂ ਨੂੰ ਆਪਣੇ ਭਰਮ-ਜਾਲ ਵਿੱਚ ਉੱਲਝਾਉਂਦੀ ਹੈ। ਇਹ ਮਾਇਆ-ਨਾਗ਼ਣੀ ਇਤਨੀ ਬਲਵਾਲ ਹੈ ਕਿ ਇਹ ਤਾਕਤਵਾਰ ਤੋਂ ਤਾਕਤਵਾਰ ਨੂੰ ਵੀ ਬੜੀ ਆਸਾਨੀ ਨਾਲ ਆਪਣੀ ਪਕੜ ਵਿੱਚ ਲੈ ਲੈਂਦੀ ਹੈ ਤੇ ਡਰਾਉਣਾ ਮੂੰਹ ਬਣਾ ਕੇ ਜ਼ਹਿਰੀਲਾ ਡੰਗ ਮਾਰਦੀ ਹੈ। ਮਾਇਆ ਦੇ ਇਸ ਸ਼ੈਤਾਨੀ ਰੂਪ ਨੂੰ ਸਤਿਗੁਰੂ ਜੀ ਨੇ ਇਉਂ ਬਿਆਨ ਕੀਤਾ ਹੈ :-

*- ਖੰਡ ਬ੍ਰਹਿਮੰਡ ਲੋਕ ਸਬ ਜੀਤੈ, ਇਹਿ ਬਿਧਿ ਤੇਜ ਜਨਾਵੈ।*
*ਸਿਅੰਭੂ ਕਾ ਚਿਤ ਚੋਰਿ ਲਿਓ ਹੈ, ਵਾਕੈ ਪਾਛੈ ਲਾਗਾ ਧਾਵੈ॥*
*- ਬਰਜਿ ਹੋ ਬਰਜਿ ਬੀਠੁਲੇ, ਮਾਇਆ ਜਗ ਖਾਇਆ।*
*ਮਹਾਪ੍ਰਬਲ ਸਬ ਹੀ ਬਸਿ ਕੀਏ, ਸੁਰ ਨਰ ਮੁਨਿ ਭਰਮਾਇਆ॥*
*- ਕੇਸਵੇ! ਵਿਕਟ ਮਾਇਆ ਤੋਰ, ਤਾਤੈ ਬਿਕਲ ਗਤਿ ਮੋਰ॥ ਟੇਕ॥*

ਪਰ ਆਪਣੇ ਸਤਿਗੁਰੂ ਦੇ ਦਰਸਾਏ ਹੋਏ ਰਾਹ 'ਤੇ ਚੱਲਣ ਵਾਲੇ ਭਗਤ ਮਾਇਆ ਦੇ ਪ੍ਰਭਾਵ ਤੋਂ ਹਮੇਸ਼ਾ ਮੁਕਤ ਰਹਿੰਦੇ ਹਨ। ਮਾਇਆ ਇਨ੍ਹਾਂ ਭਗਤਾਂ ਦੇ ਸਾਹਮਣੇ ਬੇਵੱਸ ਹੁੰਦੀ ਹੈ ਤੇ ਦਾਸੀ ਹੋ ਕੇ ਇਨ੍ਹਾਂ ਦੀ ਰਾਖ਼ੀ ਤੇ ਪ੍ਰਤਿਪਾਲਣਾ ਕਰਦੀ ਹੈ :-

*- ਇਹ ਮਾਇਆ ਸਬ ਥੋਥਰੀ ਰੇ, ਭਗਤਿ ਕੋ ਪ੍ਰਤਿਪਾਰਿ।*
*ਕਹੈ ਰਵਿਦਾਸ ਸਤਿ ਬਚਨ ਗੁਰ ਕੈ, ਸੋ ਨ ਜੀਆ ਤੈ ਬਿਸਾਰਿ॥*

ਆਪ ਜੀ ਅਨੁਸਾਰ ਮਾਇਆ ਦਾ ਮੋਹ ਉਹ ਖ਼ਤਰਨਾਕ ਗੁੱਝੀ ਅੱਗ ਹੈ ਜਿਸ ਦਾ ਜੀਵ ਨੂੰ ਪਤਾ ਹੀ ਨਹੀਂ ਲਗਦਾ। ਇਹ ਅੰਦਰੋ-ਅੰਦਰ ਹੀ ਜੀਵ ਦੇ ਆਤਮਿਕ ਜੀਵਨ ਨੂੰ ਸਾੜ ਦਿੰਦੀ ਹੈ ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਪਤੰਗਾ ਦੀਪਕ ਦੀ ਲੋਅ 'ਤੇ ਸੜ ਮਰਦਾ ਹੈ। ਪਰ ਜਿਹੜੇ ਜੀਵ ਮਾਇਆ ਵਲੋਂ ਬੇਪ੍ਰਵਾਹ ਹੋ ਕੇ ਗੁਰੂ ਦੇ ਗਿਆਨ ਨਾਲ ਜੁੜਦੇ ਹਨ ਉਹ ਮਾਇਆ ਦੇ ਅਸਰ ਤੋਂ ਬਚੇ ਰਹਿੰਦੇ ਹਨ :-

*- ਮਾਇਆ ਦੀਪਕ ਪੇਖਿ ਕਰਿ, ਨਰ ਪਤੰਗ ਅੰਧਿਆਇ।*
*ਰਵਿਦਾਸ ਗੁਰੂ ਰਾ ਗਿਆਨ ਬਿਨੁ, ਵਿਰਲਾ ਕੋ ਬਚਿ ਜਾਇ॥*

ਮਾਇਆ-ਮੋਹੇ ਜੀਵ ਦੀ ਸੁਰਤਿ ਹਮੇਸ਼ਾ ਮਾਇਆ ਵਿੱਚ ਹੀ ਰੁੱਝੀ ਰਹਿੰਦੀ ਹੈ, ਮਾਇਆ ਨੂੰ ਪਾ ਕੇ ਉਹ ਹੰਕਾਰੀ ਹੋ ਜਾਂਦਾ ਹੈ ਪਰ ਜਦੋਂ ਇਹ ਖੁੱਸਦੀ ਹੈ ਤਾਂ ਰੋਣ ਲੱਗ ਪੈਂਦਾ ਹੈ। ਮਾਇਆ ਦੇ ਰੰਗ ਵਿੱਚ ਰੱਤੇ ਹੋਏ ਜੀਵ ਦੀ ਮਾਨਸਿਕ ਦਸ਼ਾ ਨੂੰ ਸਤਿਗੁਰੂ ਜੀ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ :-

*- ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥*
*ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥*
*ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥*
*ਮਾਇਆ ਗਈ ਤਬ ਰੋਵਨੁ ਲਗਤੁ ਹੈ॥*

ਮਾਇਆ ਦੀ ਤ੍ਰਿਸ਼ਨਾ ਮਾਇਆ-ਵੇੜ੍ਹੇ ਜੀਵ ਨੂੰ ਭਟਕਾ-ਭਟਕਾ ਕੇ ਉਸ ਦੇ ਆਤਮਿਕ

ਜੀਵਨ ਨੂੰ ਮਾਰ ਮੁਕਾ ਦਿੰਦੀ ਹੈ। ਮਾਇਆ ਦੇ ਪ੍ਰਭਾਵ ਅਧੀਨ ਹੋਏ ਜੀਵ ਦਾ ਮਨ ਬੇ-ਜੁਗਤਾ ਹੋ ਜਾਂਦਾ ਹੈ ਤੇ ਉਸ ਨੂੰ ਕੁਝ ਵੀ ਸਮਝ ਨਹੀਂ ਆਉਂਦੀ ਕਿ ਉਹ ਕਰੇ ਤਾਂ ਕੀ ਕਰੇ ? ਉਸ ਦੀ ਕਰਨੀ ਤੇ ਕਥਨੀ ਇਕਸਾਰ ਨਹੀਂ ਰਹਿੰਦੀ। ਉਹ ਆਪਣੇ ਮਨ ਨੂੰ ਮਾਇਆ ਦੇ ਹੱਥੋਂ ਵੇਚ ਦਿੰਦਾ ਹੈ। ਭਾਵ ਮਾਇਆ ਦੇ ਪੰਜ ਵਿਕਾਰ ਜਿਵੇਂ ਚਾਹੁੰਣ ਉਸ ਨੂੰ ਤਿਵੇਂ ਹੀ ਨਚਾਉਂਦੇ ਹਨ। ਇਹੋ ਕਾਰਨ ਹੈ ਕਿ ਉਹ ਪਰਮਾਤਮਾ ਤੋਂ ਦੂਰ ਹੋ ਜਾਂਦਾ ਹੈ ਤੇ ਦੁੱਖ ਭੋਗਦਾ ਹੈ। ਜਿਵੇਂ ਕਿ ਬਾਣੀ ਬਿਆਨ ਕਰਦੀ ਹੈ :-

- *ਕਹੀਅਤ ਆਨ ਅਚਰੀਅਤ ਆਨ,*
  *ਕਛੁ ਸਮਝ ਨ ਪਰੈ ਅਪਰ ਮਾਇਆ ॥*
- *ਨਾਥ ਕਛੂਅ ਨ ਜਾਨਉ।*
  *ਮਨੁ ਮਾਇਆ ਕੈ ਹਾਥਿ ਵਿਕਾਨਉ ॥ ਰਹਾਉ ॥*
- *ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥*
  *ਪਲੁ ਪਲੁ ਹਰਿ ਜੀ ਤੇ ਅੰਤਰ ਪਾਰਿਓ ॥*

ਮਾਇਆ ਜੀਵਾਂ ਨੂੰ ਅਨੇਕਾਂ ਭਰਮ-ਭੁਲੇਖਿਆਂ ਵਿੱਚ ਪਾਉਂਦੀ ਹੈ ਤੇ ਉਨ੍ਹਾਂ ਨਾਲ ਛਲ-ਕਪਟ ਕਰਦੀ ਹੈ। ਮਾਇਆ ਸਤੋ, ਰਜੋ ਤੇ ਤਮੋ ਤਿੰਨਾਂ ਗੁਣਾਂ ਨਾਲ ਭਰਪੂਰ ਹੈ। ਮਾਇਆ ਦਾ ਆਧਾਰ ਵੀ ਪਰਮਾਤਮਾ ਹੀ ਹੈ। ਇਸ ਤ੍ਰਿਗੁਣੀ ਮਾਇਆ ਦੀ ਗਤੀਸ਼ੀਲਤਾ ਜੋ ਜੀਵਾਂ ਅੰਦਰ ਪ੍ਰਤੀਤ ਹੁੰਦੀ ਹੈ ਉਹ ਚੇਤਨ-ਸਰੂਪ ਸ਼ਕਤੀ ਭਾਵ ਪਾਰਬ੍ਰਹਮ ਪਰਮੇਸ਼ਰ ਦੇ ਹੀ ਕਾਰਨ ਹੈ ਨਾ ਕਿ ਮਾਇਆ ਦੇ। ਸੋ ਸਾਰੇ ਜਗਤ ਦਾ ਕਰਤਾ-ਹਰਤਾ ਤੇ ਪ੍ਰਤਿਪਾਲਕ ਮਾਇਆ ਨਹੀਂ ਬਲਕਿ ਖ਼ੁਦ ਪਰਮਾਤਮਾ ਹੀ ਹੈ ਤੇ ਸਤਿਗੁਰੂ ਮਹਾਰਾਜ ਜੀ ਉਸ ਪਰਮਾਤਮਾ ਦਾ ਸਿਮਰਨ ਕਰਨ ਦਾ ਉਪਦੇਸ਼ ਦਿੰਦੇ ਹੋਏ ਆਪਣੀ ਬਾਣੀ ਵਿੱਚ ਇਉਂ ਫ਼ਰਮਾਉਂਦੇ ਹਨ :-

- *ਸਤ ਰਜ ਤਮ ਮਾਇਆ ਧਨੀ, ਚੇਤਨ ਕੋ ਪ੍ਰਤਿਭਾਸ।*
  *ਕਰਤਾ ਹਰਤਾ ਜਗਤ ਕੋ, ਭਜੈ ਤਾਹਿ ਰਵਿਦਾਸ ॥*

ਸਤਿਗੁਰੂ ਮਹਾਰਾਜ ਜੀ ਅਨੁਸਾਰ ਇਹ ਸੰਸਾਰ ਤੇ ਇਸ ਦੀ ਮਾਇਆ ਦੋਨੋਂ ਝੂਠੇ ਹਨ। ਸੰਸਾਰ ਵਿੱਚ ਜੋ ਕੁਝ ਵੀ ਦਿਖਾਈ ਦਿੰਦਾ ਹੈ ਉਹ ਸਭ ਕੁਝ ਮਾਇਆ ਦਾ ਪਸਾਰਿਆ ਹੋਇਆ ਜਾਲ ਹੀ ਹੈ। ਜੋ ਜੀਵ ਪਰਮਾਤਮਾ ਦੇ ਨਾਮ-ਸਿਮਰਨ ਦੀ ਬਰਕਤਿ ਨਾਲ ਇਸ ਮਾਇਆ-ਜਾਲ ਦੀ ਰੱਸੀ ਨੂੰ ਆਪਣੇ ਮਨ ਅੰਦਰੋਂ ਕੱਟ ਦਿੰਦਾ ਹੈ ਉਹ ਜੀਵਨ ਮੁਕਤ ਹੋ ਜਾਂਦਾ ਹੈ :-

- *ਮਿਥਿਆ ਜੱਗ ਮਾਇਆ ਤਜਿ ਦੀਨੀ, ਸੱਤ ਸਰੂਪ ਮਨ ਧਰਿ ਹੈਂ।*
  *ਜੋ ਦੀਸੈ ਸਭ ਮਾਇਆ ਫੰਦਾ, ਤਾਕਿ ਜੇਵਰਿ ਕਤਰਿ ਹੈਂ ॥*

ਸੰਖੇਪ ਵਿੱਚ ਰਵਿਦਾਸ-ਬਾਣੀ ਅਨੁਸਾਰ ਅਸੀਂ ਕਹਿ ਸਕਦੇ ਹਾਂ ਕਿ ਮਾਇਆ ਦਾ ਵਿਵੇਕ-ਨਾਸ਼ਕ ਪ੍ਰਭਾਵ ਜੀਵ ਨੂੰ ਆਪਣੇ ਮੂਲ ਸ੍ਰੋਤ 'ਬ੍ਰਹਮ' ਤੋਂ ਦੂਰ ਲੈ ਜਾਂਦਾ ਹੈ, ਪਰ ਰਾਮ-ਨਾਮ ਦੇ ਰੰਗ ਵਿੱਚ ਰੰਗਿਆ ਜੀਵ ਮਾਇਆ ਦੇ ਬੁਰੇ ਪ੍ਰਭਾਵ ਤੋਂ ਬਚ ਨਿਕਲਦਾ ਹੈ ਤੇ ਰਾਮ-ਨਾਮ ਦਾ ਸਿਮਰਨ ਕਰਕੇ ਪ੍ਰਭੂ ਵਿੱਚ ਲੈਅ ਹੋ ਜਾਂਦਾ ਹੈ।

## ਜਗਤ

ਗੁਰੂ ਮਹਾਰਾਜ ਜੀ ਦੀ ਬਾਣੀ ਦੇ ਆਧਾਰ 'ਤੇ ਸੰਸਾਰ ਨੂੰ ਦੋ ਰੂਪਾਂ 'ਚ ਵੰਡਿਆ ਜਾ ਸਕਦਾ ਹੈ। ਸਿਧਾਂਤਕ ਰੂਪ ਤੇ ਵਿਵਹਾਰਿਕ ਰੂਪ। ਸਿਧਾਂਤਕ ਰੂਪ ਵਿੱਚ ਇਹ ਸੰਸਾਰ ਮਿੱਥਿਆ, ਨਾਸ਼ਵੰਤ, ਫ਼ਨਖ਼ਾਨਾ ਤੇ ਸੁਪਨਮਈ ਹੈ। ਵਿਵਹਾਰਿਕ ਰੂਪ ਵਿੱਚ ਇਹ ਸੰਸਾਰ ਜੀਵ ਦੀ ਕਰਮ-ਸਥਲੀ ਹੈ ਜਿੱਥੇ ਉਹ ਆਪਣੇ ਸ਼ੁੱਭ ਕਰਮਾਂ ਤੇ ਰਾਮ-ਨਾਮ ਦੇ ਸਿਮਰਨ ਦੁਆਰਾ ਪਰਮਾਤਮਾ ਨਾਲ ਇਕਮਿਕਤਾ ਪ੍ਰਾਪਤ ਕਰ ਸਕਦਾ ਹੈ। ਸਤਿਗੁਰੂ ਮਹਾਰਾਜ ਜੀ ਨੇ ਸੰਸਾਰ ਦੀ ਨਸ਼ਵਰਤਾ ਨੂੰ ਕਸੁੰਭੇ ਦੇ ਰੰਗ ਨਾਲ ਤੇ ਪ੍ਰਭੂ ਦੀ ਸਥਿਰਤਾ ਨੂੰ ਮਜੀਠ ਦੇ ਰੰਗ ਨਾਲ ਇਉਂ ਤੁਲਨਾਇਆ ਹੈ :-

– *ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ ॥*
*ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥*

ਪਰ ਮੂਰਖ਼ ਜੀਵ ਸੰਸਾਰ ਨੂੰ ਸੱਚ ਸਮਝ ਕੇ ਇੱਥੇ ਮੋਹ-ਮਾਇਆ ਦੇ ਜਾਲ 'ਚ ਫਸ ਜਾਂਦਾ ਹੈ। ਉਹ ਇਹ ਜਾਣ ਨਹੀਂ ਪਾਉਂਦਾ ਕਿ ਇਹ ਜਗਤ ਇਕ ਹਨ੍ਹੇਰ-ਖ਼ਾਤਾ ਹੈ ਜਿਸ ਦੇ ਰਿਸ਼ਤੇ ਤੇ ਸੰਬੰਧ ਸਭ ਝੂਠੇ ਹਨ। ਸਤਿਗੁਰੂ ਜੀ ਜੀਵਾਂ ਨੂੰ ਸਮਝਾਉਂਦੇ ਹਨ ਕਿ ਮਨੁੱਖਾ ਜੀਵਨ ਤੇ ਇਹ ਸੰਸਾਰ ਸਦਾ ਕਾਇਮ ਰਹਿਣ ਵਾਲੇ ਨਹੀਂ ਹਨ। ਇਸ ਲਈ ਉਸ ਨੂੰ ਅਗਿਆਨਤਾ ਦੀ ਨੀਂਦ 'ਚੋਂ ਜਾਗ ਕੇ ਇਸ ਸੱਚਾਈ ਨੂੰ ਸਮਝਣਾ ਚਾਹੀਦਾ ਹੈ ਕਿ ਇਹ ਜਗਤ ਫ਼ਨਖ਼ਾਨਾ ਹੈ, ਮੌਤ ਦਾ ਘਰ ਹੈ, ਕੂਚ ਦਾ ਸਥਾਨ ਹੈ ਤੇ ਇਹ ਮਨੁੱਖਾ ਜੀਵਨ ਵੀ ਅਸਥਿਰ ਤੇ ਥੁੜਚਿਰਾ ਹੈ। ਸਤਿਗੁਰੂ ਮਹਾਰਾਜ ਜੀ ਜੀਵਾਂ ਨੂੰ ਸੁਚੇਤ ਕਰਦੇ ਹੋਏ ਸਮਝਾਉਂਦੇ ਹਨ :-

– *ਕਿਆ ਤੂ ਸੋਇਆ ਜਾਗੁ ਇਆਨਾ ॥*
*ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥ ਰਹਾਉ ॥*

– *ਕਹਿ ਰਵਿਦਾਸ ਨਿਦਾਨਿ ਦਿਵਾਨੇ ॥*
*ਚੇਤਸਿ ਨਾਹੀ ਦੁਨੀਆ ਫ਼ਨਖ਼ਾਨੇ ॥*

ਨਿਰਸੰਦੇਹ ਜੀਵ ਲਈ ਇਹ ਸੰਸਾਰ ਛਿਨ-ਭੰਗਰ ਹੈ ਕਿਉਂਕਿ ਕੋਈ ਵੀ ਜੀਵ ਜਾਂ ਨਿਰਜੀਵ ਇੱਥੇ ਸਦਾ ਰਹਿਣ ਵਾਲਾ ਨਹੀਂ ਹੈ। ਆਪ ਜੀ ਅਨੁਸਾਰ ਜੀਵ ਲਈ ਇਸ ਸੰਸਾਰ ਦੀ ਸਥਿਤੀ ਠੀਕ ਉਸੇ ਤਰ੍ਹਾਂ ਦੀ ਹੀ ਹੈ ਜਿਵੇਂ ਸੁਪਨੇ ਵਿੱਚ ਘਟ ਰਹੀਆਂ ਘਟਨਾਵਾਂ ਦੀ ਹੁੰਦੀ ਹੈ। ਜਿਵੇਂ ਇਕ ਪ੍ਰਸੰਗ ਹੈ ਕਿ ਇਕ ਰਾਜਾ ਸੁਪਨੇ ਵਿੱਚ ਭਿਖ਼ਾਰੀ ਬਣ ਜਾਂਦਾ ਹੈ ਤੇ ਆਪਣਾ ਰਾਜ-ਪਾਠ ਹੁੰਦਿਆਂ ਹੋਇਆਂ ਵੀ ਦੁੱਖ ਪਾਉਂਦਾ ਹੈ, ਜਦਕਿ ਵਾਸਤਵ ਵਿੱਚ ਉਹ ਤਾਂ ਇਕ ਰਾਜਾ ਹੈ ਭਿਖਾਰੀ ਨਹੀਂ। ਇਸੇ ਪ੍ਰਸੰਗ ਦੀ ਪੁਸ਼ਟੀ ਸਤਿਗੁਰੂ ਮਹਾਰਾਜ ਜੀ ਨੇ ਬਾਣੀ ਵਿੱਚ ਇਉਂ ਕੀਤੀ ਹੈ :-

– *ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥*

ਜਾਗ੍ਰਿਤ ਅਵਸਥਾ ਵਿੱਚ ਪਹੁੰਚ ਕੇ ਜੀਵ ਇਸ ਭ੍ਰਮਿਕ ਅਵਸਥਾ ਤੋਂ ਮੁਕਤ ਹੋ ਜਾਂਦਾ ਹੈ। ਇਸ ਤਰ੍ਹਾਂ ਇਹ ਸੰਸਾਰ ਅਸਤਿ ਜ਼ਰੂਰ ਹੈ ਪਰ ਛਲਾਵਾ ਨਹੀਂ। ਸਤਿਗੁਰੂ

ਮਹਾਰਾਜ ਜੀ ਨੇ ਸੰਸਾਰ ਨੂੰ ਮਾਇਆ ਦਾ ਪ੍ਰਤੀਰੂਪ ਮੰਨਿਆ ਹੈ। ਇਹ ਸੰਸਾਰ ਇਕ ਭਵਸਾਗਰ ਜਾਂ ਭੌਜਲ ਹੈ ਜਿਸ ਦੀ ਮੋਹਿਨੀ-ਮਾਇਆ ਨੂੰ ਦੇਖ ਕੇ ਜੀਵ ਅਕਸਰ ਭਟਕ ਜਾਂਦਾ ਹੈ ਤੇ ਇਸ ਦੇ ਰੰਗ-ਬਿਰੰਗੇ ਤਮਾਸ਼ਿਆਂ ਤੇ ਪਰਲੋਭਨਾਂ ਵਿੱਚ ਫਸ ਕੇ ਆਪਣਾ ਨਾਸ਼ ਕਰਵਾ ਲੈਂਦਾ ਹੈ। ਆਪ ਜੀ ਜੀਵਾਂ ਨੂੰ ਸੰਸਾਰ ਦੇ ਭ੍ਰਮਿਕ ਮਾਇਆਵੀ ਰੂਪ ਤੋਂ ਦੂਰੋਂ ਹੀ ਬਚਣ ਲਈ ਇਉਂ ਉਪਦੇਸ਼ ਦਿੰਦੇ ਹਨ :-

– *ਰੇ ਮਨ ਮਾਂਛਲਾ ਸੰਸਾਰ ਸਮੁੰਦੇ, ਤੂੰ ਚਿਤ੍ਰ ਬਿਚਿਤ੍ਰ ਬਿਚਾਰਿ ਰੇ।*
*ਜਿਹਿੰ ਗਾਲੇ ਗਲਿਆਹੀਂ ਮਰੀਏ, ਸੋ ਸੰਗ ਦੂਰਿ ਨਿਵਾਰਿ ਰੇ॥*

ਸਤਿਗੁਰੂ ਮਹਾਰਾਜ ਜੀ ਅਨੁਸਾਰ ਇਹ ਜਗਤ ਬਾਜ਼ੀਗਰ-ਪ੍ਰਭੂ ਦੀ ਰਚੀ ਹੋਈ ਇਕ ਬਾਜ਼ੀ ਹੈ ਜੋ ਝੂਠੀ ਤੇ ਨਾਸ਼ਵੰਤ ਹੈ। ਇਸ ਬਾਜ਼ੀ ਨੂੰ ਦੇਖ ਕੇ ਜੀਵ ਅਕਸਰ ਸਭ ਕੁਝ ਭੁੱਲ ਜਾਂਦਾ ਹੈ ਤੇ ਵਿਸਮਤ ਹੋਇਆ ਬਾਜ਼ੀ-ਰਚਨਾ ਨੂੰ ਹੀ ਨਿਹਾਰਦਾ ਰਹਿ ਜਾਂਦਾ ਹੈ। ਪਰ ਜੋ ਜੀਵ ਪ੍ਰਭੂ ਦੀ ਇਸ ਬਾਜ਼ੀ ਦੇ ਰਹੱਸ ਨੂੰ ਸਮਝ ਲੈਂਦਾ ਹੈ ਕਿ ਇਹ ਝੂਠੀ ਹੈ ਤਾਂ ਫਿਰ ਉਹ ਇਸਦੇ ਰਚਾਇਤਾ ਬਾਜ਼ੀਗਰ-ਪ੍ਰਭੂ ਨਾਲ ਅਤੁੱਟ ਪ੍ਰੀਤ ਪਾ ਲੈਂਦਾ ਹੈ ਤੇ ਉਸ ਦੇ ਨਾਮ-ਸਿਮਰਨ ਵਿੱਚ ਪਤੀਜਿਆ ਰਹਿੰਦਾ ਹੈ :-

– *ਬਾਜੀਗਰ ਕੀ ਬਾਜੀ ਕਾਰਨਿ, ਸਭ ਕੋ ਕੌਤਿਗ ਆਵੈ।*
*ਜੋ ਦੇਖੈ ਸੋ ਭੂਲਿ ਰਹੈ, ਵਾਕਾ ਚੇਲਾ ਮਰਮੁ ਜੋ ਪਾਵੈ॥*
– *ਬਾਜੀਗਰ ਸੌਂ ਰਚਿ ਰਹੀਏ, ਬਾਜੀ ਕਾ ਮਰਮ ਨ ਜਾਨਾ।*
*ਬਾਜੀ ਝੂਠ ਸਾਂਚ ਬਾਜੀਗਰ, ਜਾਨਾ ਮਨ ਪਤਿਆਨਾ॥*
– *ਕਹਿ ਰਵਿਦਾਸ ਬਾਜੀ ਜਗੁ ਭਾਈ॥*
*ਬਾਜੀਗਰ ਸਉ ਮੋਹਿ ਪ੍ਰੀਤਿ ਬਨਿ ਆਈ॥*

ਸਤਿਗੁਰੂ ਮਹਾਰਾਜ ਜੀ ਨੇ ਇਸ ਸੰਸਾਰ ਨੂੰ ਜੀਵ ਦੀ ਕਰਮ-ਭੂਮੀ ਮੰਨਿਆ ਹੈ। ਜੀਵ ਜਿਹੋ ਜਿਹਾ ਕਰਮ ਕਰਦਾ ਹੈ ਉਹੋ ਜਿਹਾ ਫਲ ਪਾਉਂਦਾ ਹੈ ਤੇ ਇਸ ਕਰਮ ਫਲ ਦਾ ਨਿਬੇੜਾ ਵੀ ਜ਼ਲਦੀ ਹੀ ਹੋ ਜਾਂਦਾ ਹੈ :-

– *ਜੋ ਜਿਹਿ ਕਰੈ ਵੈਸਾ ਹੀ ਪਾਵੈ॥*
*ਕਰਮ ਫਲ ਤਤਿਕਾਲ ਨਿਬੇਰੇ॥*
– *ਕਹੁ ਰਵਿਦਾਸ ਭਇਓ ਜਬ ਲੇਖੋ॥*
*ਜੋਈ ਜੋਈ ਕੀਨੋ ਸੋਈ ਸੋਈ ਦੇਖਿਓ॥*

ਆਪ ਜੀ ਅਨੁਸਾਰ ਇਹ ਮਾਇਆਵੀ ਸੰਸਾਰ ਇਕ ਜ਼ਹਿਰੀਲੇ ਜੰਗਲ, ਦੁੱਖਾਂ ਦੀ ਖੇਤੀ, ਕੱਜਲ ਦੀ ਕੋਠੜੀ ਤੇ ਹੰਕਾਰ ਦੇ ਖੂਹ ਵਾਂਗ ਹੈ। ਇਸ ਸੰਸਾਰ ਵਿੱਚ ਕਾਮਾਦਿਕ ਚੋਰ ਬੜੀ ਬੇ-ਰਹਿਮੀ ਨਾਲ ਜੀਵਾਂ ਦਾ ਆਤਮਿਕ ਜੀਵਨ ਲੁੱਟੀ ਜਾ ਰਹੇ ਹਨ ਜਿਸ ਕਰਕੇ ਇਸ ਸੰਸਾਰ ਵਿੱਚ ਚਾਰੇ ਤਰਫ਼ ਦੁੱਖਾਂ ਦੀ ਕੁਰਲਾਹਟ ਮਚੀ ਹੋਈ ਹੈ। ਇੱਥੇ ਜੀਵ ਆਧ, ਵਿਆਧ ਤੇ ਉਪਾਧ (ਸਰੀਰਕ, ਮਾਨਸਿਕ ਤੇ ਕੁਦਰਤੀ) ਤਿੰਨੋਂ ਪ੍ਰਕਾਰ ਦੇ ਦੁੱਖ ਭੋਗ ਰਹੇ ਹਨ। ਇਨ੍ਹਾਂ ਦੁੱਖਾਂ ਨੂੰ ਸੰਤ-ਜਨ ਪ੍ਰਭੂ ਦੀ ਨਾਮ-ਰੂਪੀ ਦਾਤੀ ਨਾਲ ਸਹਿਜੇ ਹੀ ਕੱਟ ਲੈਂਦੇ ਹਨ ਜਦਕਿ ਆਤਮਿਕ ਜੀਵਨ ਤੋਂ

ਸੱਖਣੇ ਮੂਰਖ਼ ਜੀਵ ਇਨ੍ਹਾਂ ਨੂੰ ਰੋ-ਰੋ ਕੇ ਕੱਟਦੇ ਹਨ। ਇਸ ਸੰਸਾਰ-ਰੂਪੀ ਕੱਜਲ ਦੀ ਕੋਠੜੀ ਵਿੱਚੋਂ ਸੰਤ-ਜਨ ਪ੍ਰਭੂ ਦੇ ਨਾਮ-ਸਿਮਰਨ ਦੀ ਬਰਕਤਿ ਨਾਲ ਨਿਰਲੇਪ ਤੇ ਉੱਜਲ ਹੋਏ ਬਾਹਰ ਨਿੱਕਲ ਆਉਂਦੇ ਹਨ ਜਦਕਿ ਹਉਮੈ ਨਾਲ ਭਰੇ ਹੋਏ ਮੂਰਖ਼ ਜੀਵ ਇਸ ਕੋਠੜੀ ਦੀ ਕਾਲਖ਼ ਤੋਂ ਨਹੀਂ ਬਚਦੇ। ਗੁਰੂ ਜੀ ਨੇ ਬਾਣੀ ਵਿੱਚ ਇਸ ਤੱਥ ਨੂੰ ਇਉਂ ਫ਼ਰਮਾਇਆ ਹੈ :-

- *ਯਹੁ ਸੰਸਾਰ ਸਘਨ ਬਨ ਵਿਸ਼ ਕੋ,*
  *ਤਾ ਮੰਹਿ ਬਹੁ ਦੁਖ ਦੰਦ ਵਿਆਲਈ॥*
- *ਇਹ ਜਗ ਦੁਖ ਕੀ ਖੇਤਰੀ, ਇਹੁ ਜਾਨਤ ਸਬ ਕੋਇ।*
  *ਗਿਆਨੀ ਕਾਟਹਿ ਹਰਿ ਨਾਮ ਸੋ, ਮੂਰਖਿ ਕਾਟਹਿ ਰੋਇ॥*
- *ਯਹੁ ਸੰਸਾਰ ਕਜਲਿ ਕੂੰ ਕੋਠਰੀ, ਅਰੁ ਵਿਸ਼ ਹਉਂ ਰਾ ਕੂਵਾ।*
  *ਕਹਿ ਰਵਿਦਾਸ ਹਉਮੈ ਜਗ ਖਾਇਆ, ਜਿਉਂ ਨਲਿਨੀ ਕੂ ਸੁਵਾ॥*

ਉਪਰੋਕਤ ਵਿਚਾਰਾਂ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਸਤਿਗੁਰੂ ਮਹਾਰਾਜ ਜੀ ਸੰਸਾਰ ਨੂੰ ਸੀਮਿਤ ਸੱਚ ਮੰਨਦੇ ਹਨ, ਸੱਚ ਇਸ ਕਰਕੇ ਕਿ ਸੰਸਾਰ ਦੇ ਕਣ-ਕਣ ਵਿੱਚ ਪਰਮਾਤਮਾ ਦਾ ਨੂਰ ਵਿਆਪਕ ਹੈ। ਆਪ ਜੀ ਅਨੁਸਾਰ ਇਹ ਸੰਸਾਰ ਅਮਰ ਨਹੀਂ ਬਲਕਿ ਪਰਿਵਰਤਨਸ਼ੀਲ, ਵਿਨਾਸ਼ਸ਼ੀਲ ਤੇ ਮਰਨਸ਼ੀਲ ਹੈ। ਇਸ ਲਈ ਜੀਵ ਨੂੰ ਕਰਮਯੋਗੀ ਬਣ ਕੇ ਸੱਚੇ ਸੁੱਚੇ ਕਰਮ ਕਰਦੇ ਹੋਏ ਪ੍ਰਭੂ ਦੀ ਅਰਾਧਨਾ ਕਰਨੀ ਚਾਹੀਦੀ ਹੈ ਤਾਂ ਕਿ ਇਸ ਨਸ਼ਵਰ ਸੰਸਾਰ ਤੋਂ ਉਸ ਨੂੰ ਮੁਕਤੀ ਮਿਲ ਸਕੇ।

## ਮੁਕਤੀ/ਮੋਕਸ਼

ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਮਨੁੱਖ ਜੀਵਨ ਦਾ ਮੁੱਖ ਲਕਸ਼ ਮੁਕਤੀ ਮੰਨਿਆ ਹੈ। ਮੁਕਤੀ ਤੋਂ ਭਾਵ ਹੈ ਸੰਸਾਰਿਕ ਦੁੱਖ-ਸੁੱਖ, ਮੋਹ-ਮਾਇਆ, ਜਨਮ-ਮਰਨ ਆਦਿਕ ਦੇ ਸਾਰੇ ਬੰਧਨਾਂ 'ਚੋਂ ਨਿਕਲ ਕੇ ਪਾਰਬ੍ਰਹਮ ਪਰਮੇਸ਼ਰ ਵਿੱਚ ਸਦਾ-ਸਦਾ ਲਈ ਲੀਨ ਹੋਣਾ। ਪਰ ਜੀਵ ਮਾਇਆਵੀ ਸ਼ਕਤੀਆਂ ਦੇ ਪ੍ਰਭਾਵ ਅਧੀਨ ਵਿਸ਼ੇ-ਵਿਕਾਰਾਂ ਵਿੱਚੋਂ ਸੁੱਖ ਪ੍ਰਾਪਤ ਕਰਨ ਦੇ ਭਰਮਾਂ ਵਿੱਚ ਉਲਝ ਜਾਂਦਾ ਹੈ। ਉਹ ਆਪਣੇ ਇਸ ਜੀਵਨ ਤੇ ਮਾਇਆਵੀ ਸੰਸਾਰ ਨੂੰ ਹੀ ਸੱਚ ਸਮਝ ਲੈਂਦਾ ਹੈ ਤੇ ਇੱਥੇ ਚਿਰ-ਸਥਾਈ ਰਹਿਣ ਦਾ ਭਰਮ ਪਾਲ ਲੈਂਦਾ ਹੈ। ਉਸ ਦੀ ਬੁੱਧੀ ਵਿਕਾਰਾਂ ਨਾਲ ਅਜਿਹੀ ਮਲੀਨ ਹੋ ਜਾਂਦੀ ਹੈ ਕਿ ਉਹ ਪ੍ਰਭੂ ਦੇ ਸਰੂਪ ਨੂੰ ਸਮਝਣ ਤੋਂ ਅਸਮਰੱਥ ਹੋ ਜਾਂਦਾ ਹੈ। ਜਿਵੇਂ ਕਿ ਗੁਰੂ ਮਹਾਰਾਜ ਜੀ ਦੀ ਬਾਣੀ ਫ਼ਰਮਾਉਂਦੀ ਹੈ :-

- *ਕਿਆ ਤੂੰ ਸੋਇਆ ਜਾਗ ਇਆਨਾ॥*
  *ਤੈ ਜੀਵਨੁ ਜਗਿ ਸਚੁ ਕਰਿ ਜਾਨਾ॥*
- *ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ॥*
  *ਕਰਹੁ ਕ੍ਰਿਪਾ ਭ੍ਰਮ ਚੂਕਈ ਮੈ ਸੁਮਤਿ ਦੇਹੁ ਸਮਝਾਇ॥*

ਸਤਿਗੁਰੂ ਮਹਾਰਾਜ ਜੀ ਨੇ ਮੁਕਤੀ ਪ੍ਰਾਪਤੀ ਲਈ ਗੁਰੂ ਤੇ ਸਾਧ-ਸੰਗਤ ਦਾ ਵਿਸ਼ੇਸ਼ ਮਹੱਤਵ ਦੱਸਿਆ ਹੈ। ਗੁਰੂ ਦਾ ਅਰਥ ਹੈ ਅੰਧਕਾਰ ਨੂੰ ਮਿਟਾਉਣ ਵਾਲਾ। ਉਹ

ਜੀਵ ਅੰਦਰੋਂ ਮੋਹ-ਮਾਇਆ ਦੇ ਹਨ੍ਹੇਰੇ ਨੂੰ ਖ਼ਤਮ ਕਰਕੇ ਉਸ ਨੂੰ ਪਰਮਾਤਮਾ ਨਾਲ ਮਿਲਣ ਦੀ ਜੁਗਤੀ ਬਖ਼ਸ਼ਦਾ ਹੈ। ਗੁਰੂ ਦਾ 'ਨਾਮ/ਸ਼ਬਦ' ਹੀ ਗੁਰੂ ਦੀ ਮੂਰਤ ਹੁੰਦੀ ਹੈ, ਉਸ ਦਾ ਆਤਮਿਕ ਸਰੂਪ ਹੁੰਦਾ ਹੈ। ਗੁਰੂ ਤੇ ਪਰਮਾਤਮਾ ਵਿੱਚ ਕੋਈ ਭਿੰਨਤਾ ਨਹੀਂ ਹੁੰਦੀ ਤੇ ਨਾ ਹੀ ਜੀਵ ਨੂੰ ਭਿੰਨਤਾ ਕਰਨੀ ਚਾਹੀਦੀ ਹੈ। ਦੋਨੋਂ ਇਕ ਸਮਾਨ-ਚਿੱਤ ਹੁੰਦੇ ਹਨ। ਗੁਰੂ ਨਿਰਾਕਾਰ ਪਰਮਾਤਮਾ ਦਾ ਹੀ ਸਾਕਾਰ ਰੂਪ ਹੁੰਦਾ ਹੈ ਤੇ ਉਹ ਆਪਣੇ ਅੰਤਰ-ਆਤਮੇ 'ਪਰਮਾਤਮਾ' ਵਿੱਚ ਹੀ ਸਦਾ ਸਮਾਇਆ ਰਹਿੰਦਾ ਹੈ। ਗੁਰੂ ਮਹਾਰਾਜ ਜੀ ਇਸ ਦੀ ਪੁਸ਼ਟੀ ਬਾਣੀ ਵਿੱਚ ਇਉਂ ਕਰਦੇ ਹਨ :-

- *ਹਰਿ ਗੁਰ ਸਾਧ ਸਮਾਨ ਚਿਤ, ਨਿਤ ਆਗਮ ਤਤ ਮੂਲ।*
  *ਇਨ ਬਿਚ ਅੰਤਰ ਜਿਨ ਪਰੌ, ਕਰਵਤ ਸਹਿਨ ਕਬੂਲ॥*
- *ਸੰਤ ਤੁਝੀ ਤਨੁ ਸੰਗਤਿ ਪ੍ਰਾਨ॥*
  *ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ॥*
- *ਸੰਤ ਅੰਨਤਹਿ ਅੰਤਰੁ ਨਾਹੀ॥*

ਗੁਰੂ ਦਾ ਗਿਆਨ ਭਾਵ 'ਨਾਮ-ਸ਼ਬਦ' ਹੀ ਮਾਇਆ-ਮੋਹੇ ਜੀਵ ਨੂੰ ਸਹੀ ਆਤਮਿਕ ਜੀਵਨ ਦਾ ਰਾਹ ਦਿਖਾਉਂਦਾ ਹੈ ਜਿਸ 'ਤੇ ਚੱਲ ਕੇ ਉਸ ਦੀਆਂ ਸਾਰੀਆਂ ਇੱਛਾਵਾਂ ਤੇ ਤ੍ਰਿਸ਼ਨਾਵਾਂ ਮੁੱਕ ਜਾਂਦੀਆਂ ਹਨ, ਮਾਨਸਿਕ ਦੁੱਖ ਦੂਰ ਹੋ ਜਾਂਦੇ ਹਨ, ਸਾਰੇ ਪਾਪ ਕੱਟੇ ਜਾਂਦੇ ਹਨ, ਜਨਮ-ਮਰਨ ਦੇ ਗੇੜ ਤੋਂ ਮੁਕਤੀ ਮਿਲਦੀ ਹੈ ਤੇ ਸੱਚਖੰਡ ਵਿੱਚ ਵਾਸਾ ਹੁੰਦਾ ਹੈ। ਜਿਵੇਂ ਕਿ ਸਤਿਗੁਰੂ 'ਰਵਿਦਾਸ ਬਾਣੀ' ਕਥਨ ਕਰਦੀ ਹੈ :-

- *ਗੁਰੂ ਗਿਆਨ ਦੀਪਕ ਦੀਆ, ਬਾਤੀ ਦਈ ਜਲਾਇ।*
  *ਰਵਿਦਾਸ ਹਰਿ ਭਗਤਿ ਕਾਰਨਿ, ਜਨਮ ਮਰਨ ਵਿਲਮਾਇ॥*
- *ਸਤਿਗੁਰ ਹਮਹੁ ਲਖਾਈ ਬਾਟ।*
  *ਜਨਮ ਪਾਛਲੇ ਪਾਪ ਨਸਾਨੇ, ਮਿਟਗੋ ਸਬੁ ਸੰਤਾਪ॥ ਟੇਕ॥*
- *ਕਹਿ ਰਵਿਦਾਸ ਗੁਰ ਰਾਹ ਦਿਖਾਵੈ,*
  *ਤ੍ਰਿਛਾ ਬੁਝਿ ਮਿਟਿ ਮਨ ਸੰਤਾਪ॥*

ਆਪ ਜੀ ਕਹਿੰਦੇ ਹਨ ਕਿ ਪੂਰੇ ਗੁਰੂ ਦੀ ਓਟ ਲੈਣ ਨਾਲ ਜੀਵ ਦੇ ਸਾਰੇ ਪਾਪ ਕੱਟੇ ਜਾਂਦੇ ਹਨ। ਪਰ ਜੀਵ ਨੂੰ ਪੂਰਨ ਗੁਰੂ ਵੀ ਉਦੋਂ ਹੀ ਮਿਲਦਾ ਹੈ ਜਦੋਂ ਉਸ ਦੇ ਪੁਰਬਲੇ ਭਾਗਾਂ ਦੇ ਚੰਗੇ ਸੰਸਕਾਰ ਜਾਗ ਪੈਣ। ਫਿਰ ਗੁਰੂ ਜੀਵ ਦੇ ਅੰਦਰਲੇ ਬਜਰ-ਕਪਾਟ ਖੋਲ੍ਹ ਦਿੰਦਾ ਹੈ ਤੇ ਉਸਨੂੰ ਉਸ ਦੇ ਅੰਤਰ-ਆਤਮੇ ਹੀ ਪ੍ਰਭੂ ਨਾਲ ਮਿਲਾ ਦਿੰਦਾ ਹੈ :-

- *ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ॥*
  *ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ॥*
- *ਸਾਧੂ ਕੀ ਜਉ ਲੇਹਿ ਓਟ॥*
  *ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ॥*
- *ਕਹਿ ਰਵਿਦਾਸ ਮਿਲਿਓ ਗੁਰ ਪੂਰੋ॥*
  *ਜਿਹਿ ਅੰਤਰ ਹਰਿ ਮਿਲਾਨੈ॥*

ਸਾਧ–ਸੰਗਤ/ਸਤਿ–ਸੰਗਤ ਉਸ ਨੂੰ ਕਹਿੰਦੇ ਹਨ ਜਿੱਥੇ ਕੇਵਲ ਤੇ ਕੇਵਲ ਸਤਿ ਦਾ ਸੰਗ ਕੀਤਾ ਜਾਵੇ, ਸਤਿ ਦੀ ਮਹਿਮਾ ਕੀਤੀ ਜਾਵੇ, ਗੁਰੂ–ਪਿਆਰਿਆਂ ਵਿੱਚ ਬੈਠ ਕੇ ਪ੍ਰਭੂ ਦੀ ਸਿਫ਼ਤਿ–ਸਾਲਾਹ ਕੀਤੀ ਜਾਵੇ ਤੇ ਉਸ ਦੇ ਨਾਮ ਜੱਪਣ ਦਾ ਅਭਿਆਸ ਕੀਤਾ ਜਾਵੇ। ਆਪ ਜੀ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਗੰਦਾ ਪਾਣੀ ਗੰਗਾ ਵਿੱਚ ਮਿਲ ਕੇ ਪਵਿੱਤਰ ਗੰਗਾ–ਜਲ ਬਣ ਜਾਂਦਾ ਹੈ ਉਸੇ ਤਰ੍ਹਾਂ ਦੁਸ਼ਟ ਜੀਵ ਵੀ ਸਤਿ–ਸੰਗਤ ਕਰਕੇ ਪਵਿੱਤਰ ਹੋ ਜਾਂਦਾ ਹੈ। ਸਤਿ–ਸੰਗਤ ਮਨ ਦੀ ਮੈਲ਼ ਧੋਂਦੀ ਹੈ ਤੇ ਵਿਕਾਰਾਂ ਨੂੰ ਖ਼ਤਮ ਕਰਕੇ ਉਸ ਅੰਦਰ ਪ੍ਰਭੂ ਦੇ ਪ੍ਰਤੀ ਸੱਚੀ ਪ੍ਰੀਤ ਪੈਦਾ ਕਰਦੀ ਹੈ। ਇਹ ਸੱਚੀ ਪ੍ਰੀਤ ਹੀ ਹੈ ਜੋ ਜੀਵ ਨੂੰ ਪ੍ਰਭੂ–ਭਗਤੀ ਲਈ ਪ੍ਰੇਰਦੀ ਹੈ। ਇਸ ਦੀ ਪੁਸ਼ਟੀ ਬਾਣੀ ਵਿੱਚ ਇਉਂ ਮਿਲਦੀ ਹੈ :–

– *ਸਾਧਸੰਗਤਿ ਬਿਨਾ ਭਾਉ ਨਹੀ ਉਪਜੈ ॥*
*ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥*

ਸਾਧ–ਸੰਗਤ ਵਿੱਚ ਟਿਕ ਕੇ ਹੀ ਜੀਵ ਪ੍ਰਭੂ ਦਰ ’ਤੇ ਅਰਦਾਸ ਕਰਨੀ ਸਿੱਖਦਾ ਹੈ ਤੇ ਅਜਿਹੀ ਅਰਦਾਸ ਹੀ ਪ੍ਰਭੂ–ਦਰ ’ਤੇ ਦਸਤਕ ਦੇਣ ਦੇ ਸਮਰੱਥ ਹੁੰਦੀ ਹੈ। ਸਾਧ–ਸੰਗਤ ਵਿੱਚ ਰਹਿ ਕੇ ਹੀ ਜੀਵ ਉੱਚੀ ਆਤਮਿਕ ਅਵਸਥਾ ਪ੍ਰਾਪਤ ਕਰਦਾ ਹੈ ਤੇ ਪ੍ਰਭੂ–ਰੂਪੀ ਅਨਮੋਲ ਪੂੰਜੀ ਪ੍ਰਾਪਤ ਕਰਦਾ ਹੈ। ਇਸ ਲਈ ਹੀ ਤਾਂ ਗੁਰੂ ਮਹਾਰਾਜ ਜੀ ਸਾਧ–ਸੰਗਤ (ਸਤਿਸੰਗ) ਵਿੱਚ ਜੁੜੇ ਰਹਿਣ ਦਾ ਉਪਦੇਸ਼ ਇਉਂ ਦਿੰਦੇ ਹਨ :–

– *ਸਤ ਸੰਗਤਿ ਮਿਲਿ ਰਹੀਐ ਮਾਧਉ ॥*
*ਜੈਸੇ ਮਧੁਪ ਮਖੀਰਾ ॥*

– *ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ ॥*
*ਸਾਧਸੰਗਤਿ ਪਾਈ ਪਰਮ ਗਤੇ ॥ ਰਹਾਉ ॥*

ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਮੋਕਸ਼ ਪ੍ਰਾਪਤੀ ਲਈ ਗੁਰੂ ਤੇ ਸਾਧ–ਸੰਗਤ ਤੋਂ ਇਲਾਵਾ ਜਿੱਥੇ ਭਗਤੀ ਨੂੰ ਮੁੱਖ ਸਾਧਨ ਮੰਨਿਆ ਹੈ ਉੱਥੇ ਗਿਆਨ ਤੇ ਕਰਮ ’ਤੇ ਵੀ ਜ਼ੋਰ ਦਿੱਤਾ ਹੈ। ਗਿਆਨ ਤੋਂ ਭਾਵ ਹੈ ਆਤਮਿਕ ਜੀਵਨ ਦੀ ਸੂਝ–ਬੂਝ ਹੋਣਾ। ਗੁਰੂ ਦਾ ‘ਨਾਮ–ਸ਼ਬਦ’ ਹੀ ਗਿਆਨ ਹੈ ਤੇ ਇਹ ਗਿਆਨ ਹੀ ਜੀਵ ਅੰਦਰ ਆਤਮਿਕ ਸੂਝ ਪੈਦਾ ਕਰਦਾ ਹੈ। ਗਿਆਨ ਭਗਤੀ ਮਾਰਗ ਨੂੰ ਪ੍ਰਕਾਸ਼ਿਤ ਕਰਦਾ ਹੈ। ਸਵੈ–ਅਨੁਭੂਤੀ ਦੀ ਕਸੌਟੀ ’ਤੇ ਪਰਖਿਆ ਹੋਇਆ ਗਿਆਨ ਹੀ ਸੱਚਾ ਗਿਆਨ ਹੁੰਦਾ ਹੈ। ਸਤਿਗੁਰੂ ਮਹਾਰਾਜ ਜੀ ਅਨੁਸਾਰ ਜਦੋਂ ਜੀਵ ਗੁਰੂ ਦੇ ਬਖ਼ਸ਼ੇ ਹੋਏ ਨਾਮ–ਸ਼ਬਦ ਦਾ ਦਿਨ–ਰਾਤ ਅਜਪਾ–ਜਾਪ ਕਰਦਾ ਹੈ, ਕਠਿਨ ਤਪ–ਸਾਧਨਾ ਕਰਦਾ ਹੈ ਤਾਂ ਉਹ ਆਤਮਿਕ ਅਡੋਲਤਾ ਵਿੱਚ ਟਿਕ ਜਾਂਦਾ ਹੈ। ਫਿਰ ਉਸਨੂੰ ਆਤਮਿਕ ਗਿਆਨ ਦੀ ਸੂਝ–ਬੂਝ ਆ ਜਾਂਦੀ ਹੈ। ਉਹ ਭਰਮ–ਭੁਲੇਖਿਆਂ ਦੇ ਹਨ੍ਹੇਰੇ ਵਿੱਚੋਂ ਬਾਹਰ ਨਿੱਕਲ ਕੇ ਗਿਆਨ ਦੇ ਪ੍ਰਕਾਸ਼ ’ਚ ਆ ਜਾਂਦਾ ਹੈ ਜਿਸ ਨਾਲ ਉਸ ਦੇ ਤੇ ਬ੍ਰਹਮ ਦੇ ਆਪਸੀ ਅਭਿੰਨ ਸੰਬੰਧਾਂ ਦੇ ਭੇਦਾਂ ਤੋਂ ਪਰਦਾ ਉੱਠ ਜਾਂਦਾ ਹੈ ਅਤੇ ਉਸ ਦਾ ਜਨਮ–ਮਰਨ ਦਾ ਡਰ ਵੀ ਸਦਾ ਲਈ ਮੁੱਕ ਜਾਂਦਾ ਹੈ :–

*– ਉਪਜਿਓ ਗਿਆਨੁ ਹੂਆ ਪਰਗਾਸ ॥*
*ਕਰਿ ਕਿਰਪਾ ਲੀਨੇ ਕੀਟ ਦਾਸ ॥*
*– ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ ॥*
*ਜਨਮ ਮਰਨ ਭੈ ਭਾਗੀ ॥*

ਸਤਿਗੁਰੂ ਮਹਾਰਾਜ ਜੀ ਅਨੁਸਾਰ 'ਕਰਮਾਂ' ਦਾ ਜੀਵਨ ਵਿੱਚ ਵਿਸ਼ੇਸ਼ ਮਹੱਤਵ ਹੈ। ਆਪ ਜੀ ਦਾ ਦ੍ਰਿੜ੍ਹ ਮੱਤ ਹੈ ਕਿ ਪਿਛਲੇ ਜਨਮਾਂ ਵਿੱਚ ਕੀਤੇ ਹੋਏ ਕਰਮਾਂ ਅਨੁਸਾਰ ਹੀ ਜੀਵ ਨੂੰ ਜੀਵਨ ਮਿਲਦਾ ਹੈ ਤੇ ਕਰਮਾਂ ਅਨੁਸਾਰ ਹੀ ਉਹ ਸੰਸਾਰ ਵਿੱਚ ਵਿਚਰਦਾ ਹੈ। ਇਸ ਲਈ ਸਤਿਗੁਰੂ ਮਹਾਰਾਜ ਜੀ ਨੇ ਕਰਮ-ਅਕਰਮ ਵਿਚਾਰ ਕੇ ਨਿਸ਼ਕਾਮ ਭਾਵ ਨਾਲ ਕਰਮ ਕਰਨ ਦਾ ਉਪਦੇਸ਼ ਦਿੱਤਾ ਹੈ। ਨਿਸ਼ਕਾਮ ਕਰਮ ਕਰਨ ਨਾਲ ਹੀ ਜੀਵ ਸਮ-ਬੁੱਧੀ, ਸਥਿਰ-ਬੁੱਧੀ ਤੇ ਆਤਮਿਕ ਸ਼ੁੱਧੀ ਨੂੰ ਪ੍ਰਾਪਤ ਕਰਦਾ ਹੈ। ਆਪ ਜੀ ਅਨੁਸਾਰ ਕਰਮਾਂ ਦੇ ਪੈਂਡੇ 'ਤੇ ਪੈਰ ਰੱਖੇ ਬਿਨਾਂ ਆਤਮਿਕ ਗਿਆਨ ਦੀ ਪ੍ਰਾਪਤੀ ਸੰਭਵ ਨਹੀਂ, ਗਿਆਨ ਪ੍ਰਾਪਤੀ ਲਈ ਕਰਮ ਅਤਿ ਅਵਸ਼ਕ ਹਨ। ਪਰ ਜਦੋਂ ਜੀਵ ਨੂੰ ਆਤਮਿਕ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਉਸ ਦੇ ਅੰਦਰੋਂ ਕਰਮ ਕਰਨ ਦਾ ਮੋਹ ਵੀ ਆਪਣੇ-ਆਪ ਖ਼ਤਮ ਹੋ ਜਾਂਦਾ ਹੈ। ਫਿਰ ਉਹ ਸੰਸਾਰਿਕਤਾ ਨਿਭਾਉਂਦਾ ਹੋਇਆ ਵਾਸਨਾ-ਮੁਕਤ ਅਵਸਥਾ (ਆਤਮਿਕ ਅਡੋਲ ਅਵਸਥਾ) ਵਿੱਚ ਟਿਕ ਜਾਂਦਾ ਹੈ ਤੇ ਇਸ ਤਰ੍ਹਾਂ ਜਿਉਂਦੇ-ਜੀਅ ਹੀ ਜੀਵਨ ਮੁਕਤ ਹੋ ਕੇ ਅਬਿਨਾਸ਼ੀ ਪਦ/ਨਿਰਵਾਨ ਪਦ ਨੂੰ ਪ੍ਰਾਪਤ ਕਰ ਲੈਂਦਾ ਹੈ :-

*– ਗਿਆਨੈ ਕਾਰਨ ਕਰਮ ਅਭਿਆਸੁ ॥*
*ਗਿਆਨੁ ਭਇਆ ਤਹ ਕਰਮਹ ਨਾਸੁ ॥*
*ਘ੍ਰਿਤ ਕਾਰਨ ਦਧਿ ਮਥੈ ਸਇਆਨ ॥*
*ਜੀਵਨ ਮੁਕਤ ਸਦਾ ਨਿਰਬਾਨ ॥*

ਸਤਿਗੁਰੂ ਮਹਾਰਾਜ ਜੀ ਨੇ ਮੋਕਸ਼ ਪ੍ਰਾਪਤੀ ਲਈ ਪਰਮਾਤਮਾ ਦੀ ਭਗਤੀ/ਸਿਮਰਨ ਉੱਪਰ ਵਧੇਰੇ ਬਲ ਦਿੱਤਾ ਹੈ। ਆਪ ਜੀ ਅਨੁਸਾਰ ਨਾਮ-ਸਿਮਰਨ ਉਹ ਆਤਮਿਕ ਇਸ਼ਨਾਨ ਹੈ ਜਿਸ ਨਾਲ ਮਨ ਦੀ ਮੈਲ ਉਤਰਦੀ ਹੈ। ਆਪ ਜੀ ਉਪਦੇਸ਼ ਕਰਦੇ ਹਨ ਕਿ ਭਗਤੀ ਦਾ ਮੂਲ-ਮੰਤਰ ਪ੍ਰਭੂ ਦਾ ਸਵਾਸ-ਸਵਾਸ ਸਿਮਰਨ ਕਰਨਾ ਹੈ। ਪਰਮਾਤਮਾ ਦਾ ਨਾਮ ਜੱਪਣਾ, ਸੰਤਾਂ ਦੀ ਸੰਗਤ ਕਰਨਾ, ਆਰਤੀ ਗਾਉਣਾ, ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨਾ, ਭਾਣਾ ਮੰਨਣਾ, ਸ਼ੁਕਰ ਕਰਨਾ ਆਦਿਕ-ਆਦਿਕ ਸਿਮਰਨ ਦੇ ਹੀ ਅਭਿੰਨ ਅੰਗ ਹਨ। ਆਪ ਜੀ ਕਹਿੰਦੇ ਹਨ ਕਿ ਪ੍ਰਭੂ ਦੀ ਭਗਤੀ ਵਿੱਚ ਰੱਤਿਆ ਹੋਇਆ ਜੀਵ ਗੁਰ-ਕਿਰਪਾ ਨਾਲ ਨਰਕਾਂ ਵਿੱਚ ਨਹੀਂ ਪੈਂਦਾ। ਨਾਮ-ਸਿਮਰਨ ਦੀ ਬਰਕਤਿ ਨਾਲ ਉਸ ਦਾ ਜਨਮ, ਜੂਨ ਤੇ ਜਾਤ ਨਾਲ ਕੋਈ ਸੰਬੰਧ ਨਹੀਂ ਰਹਿੰਦਾ। ਉਸ ਦੀ ਜਾਤ ਮੁੱਕ ਜਾਂਦੀ ਹੈ, ਉਸ ਦਾ ਜੂਨਾਂ ਵਿੱਚ ਭਟਕਣਾ ਖ਼ਤਮ ਹੋ ਜਾਂਦਾ ਹੈ ਤੇ ਉਸ ਦਾ ਜਨਮ-ਮਰਨ ਦਾ ਗੇੜ ਸਦਾ ਲਈ ਮਿਟ ਜਾਂਦਾ ਹੈ। ਜਿਵੇਂ ਕਿ ਬਾਣੀ ਬਿਆਨ ਕਰਦੀ ਹੈ :-

- *ਕਹਿ ਰਵਿਦਾਸ ਜੋ ਜਪੈ ਨਾਮੁ ॥*
  *ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥*
- *ਜਨ ਰਵਿਦਾਸ ਰਾਮ ਰੰਗਿ ਰਾਤਾ ॥*
  *ਇਉ ਗੁਰ ਪਰਸਾਦਿ ਨਰਕ ਨਹੀ ਜਾਤਾ ॥*
- *ਕਹਿ ਰਵਿਦਾਸ ਸਭੈ ਜਗ ਲੁਟਿਆ ॥*
  *ਹਮ ਤਉ ਏਕ ਰਾਮ ਕਹਿ ਛੂਟਿਆ ॥*
- *ਰਵਿਦਾਸ ਜਪੈ ਰਾਮ ਨਾਮਾ ॥*
  *ਮੋਹਿ ਜਮ ਸਿਉ ਨਾਹੀ ਕਾਮਾ ॥*

ਸੋ ਉਪਰੋਕਤ ਵਿਚਾਰਾਂ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਮੋਕਸ਼ ਪ੍ਰਾਪਤੀ ਲਈ 'ਗਿਆਨ ਤੇ ਕਰਮ' ਦੋ ਪੌਡੇ ਹਨ ਜਿਨ੍ਹਾਂ 'ਤੇ ਪੈਰ ਰੱਖ ਕੇ ਭਗਤੀ ਦੀ ਪੌੜੀ ਚੜ੍ਹੀ ਜਾ ਸਕਦੀ ਹੈ। ਇਨ੍ਹਾਂ ਤਿੰਨਾਂ (ਕਰਮ, ਗਿਆਨ ਤੇ ਭਗਤੀ/ਸਿਮਰਨ) ਦਾ ਸੁਮੇਲ ਹੀ ਪ੍ਰਭੂ ਦੇ ਦਰਸ਼ਨ ਕਰਵਾਉਂਦਾ ਹੈ ਤੇ ਜੀਵਨ ਮੁਕਤੀ ਦਿਵਾਉਂਦਾ ਹੈ। ਇਸ ਦੀ ਪੁਸ਼ਟੀ ਗੁਰੂ ਮਹਾਰਾਜ ਜੀ ਨੇ ਇਉਂ ਕੀਤੀ ਹੈ :-

- *ਗਿਆਨ ਰੁ ਕਰਮ ਤੇ ਭਗਤੀ ਉਪਜੈ, ਗਿਆਨਹੁ ਜੋਤਿ ਪਰਗਾਸੁ।*
  *ਕਹਿ ਰਵਿਦਾਸ ਗੁਰੂ ਗਿਆਨ ਥੈਂ, ਹਿਰਦੈ ਕਵਲ ਵਿਗਾਸ ॥*

ਸਤਿਗੁਰੂ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਗੁਰੂ ਦੇ ਬਖ਼ਸ਼ੇ ਹੋਏ 'ਨਾਮ-ਸ਼ਬਦ' ਦੀ ਬਰਕਤਿ ਨਾਲ ਹੀ ਕੋਈ ਮਰਜੀਵੜਾ ਭਗਤ ਅੰਤਰਮੁਖੀ ਭਗਤੀ ਰਾਹੀਂ 'ਸ਼ਬਦ-ਸੁਰਤਿ' ਦਾ ਮੇਲ ਕਰਕੇ ਪਰਮਾਤਮਾ ਨੂੰ ਪਾ ਸਕਦਾ ਹੈ। ਉਹ ਪਰਮਾਤਮਾ-ਰੂਪੀ ਹੀਰਾ ਜੀਵ ਦੇ ਆਪਣੇ ਅੰਦਰ ਹੀ ਬਿਰਾਜਮਾਨ ਹੈ। ਉਹ ਹੀਰਾ, ਉਹ ਲਾਲ ਹੱਥ ਲੱਗਣਾ ਹੀ ਨਿਰਵਾਨ ਪਦ ਪਾਉਣਾ ਹੈ, ਮੋਕਸ਼ ਪਦ ਪਾਉਣਾ ਹੈ। ਜੋ ਜੀਵ ਮੋਕਸ਼ ਦੇ ਇਸ ਰਹੱਸ ਨੂੰ ਸਮਝ ਲੈਂਦਾ ਹੈ ਉਸ ਨੂੰ ਹੀ ਸੱਚਾ ਸੰਤ ਕਹਿੰਦੇ ਹਨ :-

- *ਦਿਲ ਦਰਿਆ ਹੀਰਾ ਲਾਲ ਹੈ, ਗੁਰਮੁਖ ਸਮਝ ਪਰੈ।*
  *ਮਰਜੀ ਵਾ ਕੀ ਸੈਨ ਬਿਚਾਰੈ, ਤਉ ਹੀਰਾ ਹਾਥ ਪਰੈ ॥*
  *ਕਹਿ ਰਵਿਦਾਸ ਸਮੁਝਿ ਰੇ ਸੰਤੋ, ਇਹੁ ਪਦ ਹੈ ਨਿਰਵਾਨ।*
  *ਇਹੁ ਰਹਸਿ ਕੋਉ ਖੋਜੈ ਬੂਝੈ, ਸੋਉ ਹੈ ਸੰਤ ਸੁਜਾਨ ॥*

ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇ ਮੋਕਸ਼ ਪ੍ਰਾਪਤੀ ਲਈ ਸਦਾਚਾਰਕ ਜੀਵਨ, ਨਿਸ਼ਕਾਮ ਕਰਮ, ਆਤਮ-ਗਿਆਨ ਤੇ ਪਰਮਾਤਮਾ ਦੀ ਪ੍ਰੇਮਾ-ਭਗਤੀ 'ਤੇ ਬਲ ਦਿੱਤਾ ਹੈ। ਜੋ ਜੀਵ ਆਪਣੀ ਮਨ-ਬਿਰਤੀ ਨੂੰ ਸੰਸਾਰ ਵੱਲੋਂ ਉਲਟਾ ਕੇ ਉਸ ਨੂੰ ਸਤਿਗੁਰੂ ਦੇ ਬਖ਼ਸ਼ੇ ਹੋਏ 'ਸ਼ਬਦ' ਦੇ ਸਿਮਰਨ ਵਿੱਚ ਲਗਾਉਂਦਾ ਹੈ ਭਾਵ 'ਸ਼ਬਦ-ਸੁਰਤਿ' ਦਾ ਆਪਣੇ ਮਨ ਅੰਦਰ ਹੀ ਮਿਲਾਪ ਕਰਦਾ ਹੈ ਉਹ ਪ੍ਰਭੂ-ਕ੍ਰਿਪਾ ਨਾਲ ਆਪਣੇ ਜੀਵਨ ਦੇ ਲਕਸ਼ ਨੂੰ ਪ੍ਰਾਪਤ ਕਰ ਲੈਂਦਾ ਹੈ। ਭਾਵ ਪ੍ਰਭੂ ਵਿੱਚ ਸਦਾ-ਸਦਾ ਲਈ ਅਭੇਦ ਹੋ ਕੇ ਉਸਦਾ ਰੂਪ ਹੋ ਜਾਂਦਾ ਹੈ ਤੇ ਜਨਮ-ਮਰਨ ਦੇ ਗੇੜ ਤੋਂ ਹਮੇਸ਼ਾ ਲਈ ਮੁਕਤ ਹੋ ਜਾਂਦਾ ਹੈ।

## ਬਾਣੀ ਦਾ ਕਲਾਤਮਿਕ ਪੱਖ

ਇਸ ਬਾਣੀ ਦੀ ਕਲਾਤਮਿਕ ਪੱਖ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੇ ਮੂਲ ਸਰੋਕਾਰ ਜਨ-ਸਾਧਾਰਨ ਦੇ ਅਧਿਆਤਮਿਕ ਤੇ ਵਿਵਹਾਰਿਕ ਜੀਵਨ ਨਾਲ ਜੁੜੇ ਹਨ। ਗੁਰੂ ਮਹਾਰਾਜ ਜੀ ਦੀ ਬਾਣੀ-ਰਚਨਾ ਅਜਿਹੇ ਇਲਾਹੀ ਬੋਲ ਹਨ ਜਿਸ ਦਾ ਰਸ ਮਾਨਵ ਦੀ ਅੰਤਰ-ਪੀੜਾ ਨੂੰ ਹਰਨ ਵਾਲਾ ਤੇ ਪ੍ਰਭੂ ਮਿਲਾਪ ਦੇ ਸੁਆਦ ਨੂੰ ਮੂਰਤੀਮਾਨ ਕਰਨ ਵਾਲਾ ਹੈ। ਆਪ ਜੀ ਨੇ ਜੋ ਸ਼ਬਦ ਬਾਣੀ ਵਿੱਚ ਪ੍ਰਭੂ ਤੇ ਉਸ ਦੀ ਲੀਲਾ ਪ੍ਰਤੀ, ਜਗਤ ਤੇ ਜੀਵ ਪ੍ਰਤੀ ਅਤੇ ਆਪਣੇ ਤੇ ਸਮਾਜ ਪ੍ਰਤੀ ਉਚਾਰੇ ਹਨ ਉਹ ਕਾਵਿ-ਕਲਾ ਦੀ ਦ੍ਰਿਸ਼ਟੀ ਤੋਂ ਉੱਚ ਕੋਟੀ ਦੇ ਸਾਹਿਤ ਨੂੰ ਸੁਤੇ-ਸਿੱਧ ਹੀ ਪ੍ਰਾਪਤ ਕਰ ਲੈਂਦੇ ਹਨ। ਇਸ ਬਾਣੀ ਦਾ ਸੰਗੀਤ ਵਿਧਾਨ, ਵੰਨ-ਸੁਵੰਨੇ ਰਸ, ਅਦਭੁੱਤ ਅਲੰਕਾਰ ਤੇ ਭਾਸ਼ਾ ਮਨੁੱਖੀ ਮਨ ਨੂੰ ਹਮੇਸ਼ਾ ਤਰੋਤਾਜ਼ਾ ਰੱਖਣ ਦੇ ਸਮਰੱਥ ਹਨ। ਇਸੇ ਲਈ ਤਾਂ ਇਸ ਪਿਆਰ ਭਿੱਜੀ ਬਾਣੀ ਨੂੰ ਸੁਣਨ ਲਈ ਵਾਰ-ਵਾਰ ਮਨ ਲੋਚਦਾ ਹੈ। ਇਸ ਬਾਣੀ ਵਿੱਚ ਅਲੰਕਾਰਾਂ, ਬਿੰਬਾਂ, ਪ੍ਰਤੀਕਾਂ ਤੇ ਮੁਹਾਵਰਿਆਂ ਦੀ ਜੋ ਸੁੰਦਰ ਜੜ੍ਹਤ ਮਿਲਦੀ ਹੈ ਉਹ ਇਕ ਅਦੁੱਤੀ ਮਿਸਾਲ ਹੈ।

ਅਲੰਕਾਰ ਕਾਵਿ ਦੇ ਗਹਿਣੇ ਹੁੰਦੇ ਹਨ। ਇਨ੍ਹਾਂ ਦਾ ਮੁੱਖ ਉਦੇਸ਼ ਸਮਾਨਤਾ ਜਾਂ ਅਸਮਾਨਤਾ ਦਿਖਾ ਕੇ ਕਿਸੇ ਵਸਤੂ ਦੇ ਗੁਣ-ਰੂਪ ਆਦਿਕ ਦਾ ਬੋਧ ਕਰਾਉਣਾ ਹੁੰਦਾ ਹੈ। ਗੁਰੂ ਜੀ ਨੇ ਵੀ ਇਹ ਸਿਧਾਂਤ ਅਪਨਾਉਂਦੇ ਹੋਏ ਕਈ ਤਰ੍ਹਾਂ ਦੇ ਅਲੰਕਾਰਾਂ ਦਾ ਪ੍ਰਯੋਗ ਕੀਤਾ ਹੈ। ਬਾਣੀ ਵਿੱਚ ਇਨ੍ਹਾਂ ਅਲੰਕਾਰਾਂ ਦੀ ਵਰਤੋਂ ਸਹਿਜ-ਸੁਭਾਅ ਹੋਈ ਹੀ ਜਾਪਦੀ ਹੈ, ਕਿਸੇ ਪ੍ਰਕਾਰ ਦਾ ਉਚੇਚ ਕੀਤਾ ਨਜ਼ਰ ਨਹੀਂ ਆਉਂਦਾ। ਬਾਣੀ ਵਿੱਚ ਮੁੱਖ ਤੌਰ 'ਤੇ ਵਰਤੇ ਗਏ ਅਲੰਕਾਰ ਇਹ ਹਨ :-

**ਉਪਮਾ ਅਲੰਕਾਰ** :- ਇਸ ਵਿੱਚ ਕਿਸੇ ਇਕ ਵਸਤੂ ਜਾਂ ਵਿਅਕਤੀ ਦੀ ਦੂਜੀ ਵਸਤੂ ਜਾਂ ਵਿਅਕਤੀ ਨਾਲ ਤੁਲਨਾ ਕੀਤੀ ਜਾਂਦੀ ਹੈ। ਜਿਵੇਂ ਕਿ "ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ॥ ਜਲਿ ਗਇਓ ਘਾਸੁ ਰਲਿ ਗਇਓ ਮਾਟੀ॥", "ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥ ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥" ਆਦਿਕ-ਆਦਿਕ।

**ਰੂਪਕ ਅਲੰਕਾਰ** :- ਇਸ ਵਿੱਚ ਕਵੀ ਆਪਣੀ ਸਮੱਗਰੀ ਦੇ ਭਿੰਨ-ਭਿੰਨ ਤੱਤਾਂ ਨੂੰ ਵਸਤੂਗਤ ਜੀਵਨ ਦੀਆਂ ਹੋਰ ਚੀਜ਼ਾਂ ਨਾਲ ਰੂਪਾਂਤ੍ਰਿਤ ਕਰਦਾ ਹੈ। ਜਿਵੇਂ ਕਿ "ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥ ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥", "ਜਉ ਤੁਮ ਗਿਰਿਵਰ ਤਉ ਹਮ ਮੋਰਾ॥ ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥" ਆਦਿਕ-ਆਦਿਕ।

**ਦ੍ਰਿਸ਼ਟਾਂਤ ਅਲੰਕਾਰ** :- ਇਸ ਵਿੱਚ ਕਿਸੇ ਸੰਕਲਪ ਨੂੰ ਸਮਝਾਉਣ ਲਈ ਕੋਈ ਪ੍ਰਮਾਣ ਦਿੱਤਾ ਜਾਂਦਾ ਹੈ। ਇਸ ਵਿੱਚ ਉਪਮੇਯ ਵਾਕ ਤੇ ਉਪਮਾਨ ਵਾਕ ਆਪੋ ਵਿੱਚ ਬਿੰਬ-ਪ੍ਰਤਿਬਿੰਬ ਭਾਵ ਨਾਲ ਸੰਬੰਧਿਤ ਹੁੰਦੇ ਹਨ। ਜਿਵੇਂ ਕਿ "ਤੂ ਕਾਂਇ

ਗਰਬਹਿ ਬਾਬਲੀ॥ ਜੈਸੇ ਭਾਦਉ ਖੂੰਬਰਾਜੁ ਤੂ ਤਿਸ ਤੇ ਖਰੀ ਉਤਾਵਲੀ॥", "ਕੂਪ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨਾ ਬੂਝ॥ ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾਪਾਰੁ ਨ ਸੂਝ॥" ਆਦਿਕ-ਆਦਿਕ।

**ਅਨੁਪ੍ਰਾਸ ਅਲੰਕਾਰ** :- ਇਸ ਵਿੱਚ ਕਿਸੇ ਇਕ ਧੁੰਨੀ ਜਾਂ ਅੱਖਰ ਨੂੰ ਵਾਰ-ਵਾਰ ਦੁਹਰਾਇਆ ਜਾਂਦਾ ਹੈ ਜਿਵੇਂ ਕਿ "ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ॥", "ਮੁਕੰਦ ਮੁਕੰਦ ਜਪਹੁ ਸੰਸਾਰੁ॥ ਬਿਨੁ ਮੁਕੰਦ ਤਨੁ ਹੋਇ ਅਉਹਾਰ॥" ਆਦਿਕ।

**ਅਸੰਗਤੀ ਅਲੰਕਾਰ** :- ਇਸ ਵਿੱਚ ਉਨ੍ਹਾਂ ਦੋ ਅਸੰਗਤ ਚੀਜ਼ਾਂ ਨੂੰ ਇਕ ਥਾਂ ਪੇਸ਼ ਕੀਤਾ ਜਾਂਦਾ ਹੈ ਜੋ ਕਦੇ ਵੀ ਇਕੱਠੀਆਂ ਜਾਂ ਇਕ ਥਾਂ 'ਤੇ ਨਹੀਂ ਦਿਸਦੀਆਂ। ਜਿਵੇਂ "ਮੈਲਾਗਰ ਬੇਰ੍ਹੇ ਹੈ ਭੁਇਅੰਗਾ॥ ਬਿਖੁ ਅੰਮ੍ਰਿਤ ਬਸਹਿ ਇਕ ਸੰਗਾ॥", "ਚੰਦ ਸੂਰ ਦੋਉ ਸਨਮੁਖ ਹੋਇ। ਪੀਵੇ ਪਿਆਲਾ ਮਰੇ ਨਾ ਕੋਇ॥" ਆਦਿਕ।

ਗੁਰੂ ਮਹਾਰਾਜ ਜੀ ਨੇ ਆਪਣੇ ਅਧਿਆਤਮਿਕ ਅਨੁਭਵਾਂ ਤੇ ਸੂਖ਼ਮ ਭਾਵਾਂ ਨੂੰ ਵਿਅਕਤ ਕਰਨ ਲਈ ਪ੍ਰੀਤਕਾਂ ਤੇ ਬਿੰਬਾਂ ਦਾ ਵੀ ਪ੍ਰਯੋਗ ਕੀਤਾ ਹੈ।

**ਬਿੰਬ** :- ਆਪ ਜੀ ਦੀ ਬਾਣੀ ਦੱਸਣ ਨਾਲੋਂ ਦਿਖਾਉਣ ਤੋਂ ਵਧੇਰੇ ਕੰਮ ਲੈਂਦੀ ਹੈ। ਦਰਅਸਲ ਬਿੰਬ ਜਿੱਥੇ ਅਰੂਪ ਨੂੰ ਰੂਪਮਾਨ ਕਰਦੇ ਹਨ ਉੱਥੇ ਨਾਲ ਹੀ ਮਨੁੱਖੀ ਮਨ ਦੀਆਂ ਭਾਵਨਾਵਾਂ ਤੇ ਬੁੱਧੀ ਦੇ ਵਿਚਾਰਾਂ ਨੂੰ ਸੰਖੇਪ ਤੇ ਸਰਲ ਰੂਪ ਵਿੱਚ ਪ੍ਰਗਟਾਉਂਦੇ ਵੀ ਹਨ। 'ਰਵਿਦਾਸ ਬਾਣੀ' ਦੀ ਬਿੰਬ ਯੋਜਨਾ ਨਾ ਕੇਵਲ ਖ਼ੂਬਸੂਰਤ ਦ੍ਰਿਸ਼ ਹੀ ਪੇਸ਼ ਕਰਦੀ ਹੈ ਬਲਕਿ ਉਸ ਸਮੇਂ ਦੇ ਭਾਰਤੀ ਸਮਾਜ ਤੇ ਸੱਭਿਆਚਾਰ ਦੇ ਬੜੇ ਪ੍ਰਮਾਣਿਕ ਅਕਸ਼ ਵੀ ਦਿਖਾਉਂਦੀ ਹੈ। ਜਿਵੇਂ ਕਿ "ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ, ਅਜਹੁ ਬਨਾਰਸੀ ਆਸ ਪਾਸਾ॥" ਨਿੱਜੀ ਜੀਵਨ ਦੇ ਨਾਲ-ਨਾਲ ਆਪ ਜੀ ਨੇ ਪੌਰਾਣਿਕ ਵੇਰਵਿਆਂ ਨੂੰ ਵੀ ਆਪਣੀ ਬਿੰਬ ਯੋਜਨਾ ਦੀ ਸਮੱਗਰੀ ਬਣਾਇਆ ਹੈ। ਜਿਵੇਂ ਕਿ "ਰੇ ਚਿਤ ਚੇਤਿ ਚੇਤ ਅਚੇਤ॥ ਕਾਹੇ ਨ ਬਾਲਮੀਕਹਿ ਦੇਖ॥" ਆਪ ਜੀ ਨੇ ਆਪਣੀ ਬਿੰਬ ਯੋਜਨਾ ਵਿੱਚ ਜੀਵਨ ਦੀਆਂ ਕੁਝ ਅਟੱਲ ਸੱਚਾਈਆਂ ਨੂੰ ਵੀ ਪੇਸ਼ ਕੀਤਾ ਹੈ। ਜਿਵੇਂ ਕਿ "ਜੋ ਦਿਨ ਆਵਹਿ ਸੋ ਦਿਨੁ ਜਾਹੀ॥ ਕਰਨਾ ਕੂਚੁ ਰਹਨੁ ਥਿਰੁ ਨਾਹੀ॥"

**ਪ੍ਰਤੀਕ** :- ਪ੍ਰਤੀਕ ਉਹ ਹੁੰਦੇ ਹਨ ਜਿਨ੍ਹਾਂ ਨੂੰ ਕਵੀ ਵੱਲੋਂ ਆਪਣੇ ਅਨੁਭਵ ਪ੍ਰਗਟ ਕਰਨ ਲਈ ਮਾਧਿਅਮ ਬਣਾਇਆ ਜਾਵੇ। ਜਿਨ੍ਹਾਂ ਸੂਖ਼ਮ ਵਿਚਾਰਾਂ ਨੂੰ ਵਿਅਕਤ ਕਰਨਾ ਸਰਲ ਨਾ ਹੋਵੇ ਉਨ੍ਹਾਂ ਨੂੰ ਪ੍ਰਤੀਕਾਂ ਰਾਹੀਂ ਸਪੱਸ਼ਟ ਕੀਤਾ ਜਾਂਦਾ ਹੈ। ਆਪ ਜੀ ਦੀ ਬਾਣੀ ਵਿੱਚ ਮੁੱਖ ਤੌਰ 'ਤੇ ਵਰਤੇ ਗਏ ਪ੍ਰਤੀਕ ਇਹ ਹਨ :- ਪਰਮਾਤਮਾ ਲਈ ਬਾਜ਼ੀਗਰ ਤੇ ਸੰਸਾਰ ਲਈ ਬਾਜ਼ੀ, ਪਰਮਾਤਮਾ ਦਾ ਰੰਗ ਮਜੀਠ ਦਾ ਤੇ ਸੰਸਾਰ ਦਾ ਰੰਗ ਕਸੁੰਭ ਦਾ, ਪਰਮਾਤਮਾ ਲਈ ਪ੍ਰਭੂ-ਪ੍ਰੀਤਮ ਤੇ ਜੀਵਾਤਮਾ ਲਈ ਇਸਤਰੀ, ਪਰਮਾਤਮਾ ਲਈ ਪਿਤਾ-ਮਾਤਾ ਤੇ ਜੀਵ ਲਈ ਪੁੱਤਰ, ਆਤਮਾ ਲਈ ਪੰਛੀ, ਭਗਤ ਲਈ ਸੁਹਾਗਣ ਤੇ ਮਨਮੁੱਖ ਲਈ ਦੁਹਾਗਣ, ਸੰਸਾਰ ਲਈ ਤਰਵਰ, ਗੁਰੂ

ਲਈ ਪਾਰਸ, ਮਨੁੱਖ ਲਈ ਮਾਟੀ ਦਾ ਪੁਤਲਾ, ਮਨ ਲਈ ਭੌਰਾ। ਇਸੇ ਤਰ੍ਹਾਂ ਭਗਵਾਨ ਤੇ ਭਗਤ ਲਈ ਚੰਦਨ ਤੇ ਪਾਣੀ, ਬੱਦਲ ਤੇ ਮੋਰ, ਚੰਦ ਤੇ ਚਕੋਰ, ਦੀਵਾ ਤੇ ਬੱਤੀ ਆਦਿ। ਹਠਯੋਗ ਵਾਲੇ ਪ੍ਰਤੀਕ ਜਿਵੇਂ ਗੰਗਾ-ਜਮੁਨਾ-ਸਰਸਵਤੀ, ਨਾਦ-ਬਿੰਦ, ਈੜਾ-ਪਿੰਗਲਾ-ਸੁਖਮਨਾ, ਸੁਰਤਿ-ਨਿਰਤਿ ਤੇ ਚੰਦ-ਸੂਰਜ ਆਦਿਕ ਨੂੰ ਵੀ ਬਾਣੀ ਵਿੱਚ ਬਾਖ਼ੂਬੀ ਢੰਗ ਨਾਲ ਵਰਤਿਆ ਗਿਆ ਹੈ। ਇਸੇ ਤਰ੍ਹਾਂ ਸੰਖਿਅਕ ਪ੍ਰਤੀਕ ਜਿਵੇਂ ਕਿ ਪੰਚ-ਦੋਖ-ਆਸਾਧ ਜਾਮਹਿ, ਤੀਨੌ ਯੁਗ ਤੀਨੌ ਦਿੜੇ, ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ਆਦਿਕ ਵੀ ਬਾਖ਼ੂਬੀ ਵਰਤੇ ਗਏ ਹਨ।

ਬਾਣੀ ਵਿੱਚ ਕਿਤੇ-ਕਿਤੇ ਮੁਹਾਵਰਿਆਂ ਦੀ ਵਰਤੋਂ ਕੀਤੀ ਗਈ ਵੀ ਮਿਲਦੀ ਹੈ। ਜਿਵੇਂ ਕਿ- ਗਰਦਨਿ ਊਪਰਿ ਲਵੈ ਕਾਉ, ਕਰਨਾ ਕੂਚ ਰਹਨੁ ਥਿਰੁ ਨਾਹੀ, ਕਟਹਿ ਜਮ ਫਾਸਾ, ਹਾਥਿ ਬਿਕਾਨੋ, ਚਉਤੀਸ ਅਖਰ ਮਾਹੀ, ਬਲ ਬਲ ਜਾਉ, ਕਾਇਮ ਦਾਇਮ ਸਦਾ ਪਾਤਿਸਾਹੀ ਆਦਿਕ-ਆਦਿਕ।

ਕਾਵਿ-ਖੇਤਰ ਵਿੱਚ ਰਸ ਦਾ ਅਰਥ ਮਾਨਸਿਕ ਆਨੰਦ ਮੰਨਿਆ ਗਿਆ ਹੈ। ਆਪ ਜੀ ਦੀ ਬਾਣੀ ਵਿੱਚ ਸ਼ਾਂਤ ਰਸ ਤੇ ਸ਼ਿੰਗਾਰ ਰਸ ਦੀ ਪ੍ਰਧਾਨਤਾ ਹੈ।

**ਸ਼ਾਂਤ ਰਸ** :- ਮੋਕਸ਼ ਤੇ ਅਧਿਆਤਮ ਦੀ ਭਾਵਨਾ ਨਾਲ ਜਿਸ ਰਸ ਦੀ ਉਤਪਤੀ ਹੁੰਦੀ ਹੈ ਉਸ ਨੂੰ ਸ਼ਾਂਤ ਰਸ ਕਿਹਾ ਜਾਂਦਾ ਹੈ। ਸ਼ਾਂਤ ਰਸ 'ਰਵਿਦਾਸ ਬਾਣੀ' ਦੇ ਹਰੇਕ ਸ਼ਬਦ ਵਿੱਚ ਨੱਕੋ-ਨੱਕ ਭਰਿਆ ਹੋਇਆ ਮਿਲਦਾ ਹੈ। ਤਿੱਖੀ ਗੱਲ ਨੂੰ ਵੀ ਨਰਮ ਤੇ ਭਾਵ-ਪੂਰਨ ਸ਼ਬਦਾਂ ਵਿੱਚ ਵਿਅਕਤ ਕੀਤਾ ਗਿਆ ਹੈ, ਰੋਸ ਭਾਵਨਾ ਹੈ ਪਰ ਵਿਅਕਤ ਕਰਨ ਲੱਗੇ ਬੋਲਾਂ ਵਿੱਚ ਮਿਠਾਸ ਤੇ ਸੁਭਾਅ ਸ਼ਾਂਤ ਹੈ। ਜਿਵੇਂ ਕਿ "ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥ ਪਤਿਤ ਪਾਵਨ ਨਾਮੁ ਕੈਸੇ ਹੁੰਤਾ॥" ਇਸੇ ਤਰ੍ਹਾਂ ਸ਼ਾਂਤ ਰਸ ਨਾਲ ਭਰਪੂਰ ਇਹ ਸ਼ਬਦ ਦੇਖੋ : "ਰਾਮ ਗੁਸਈਆ ਜੀਅ ਕੇ ਜੀਵਨਾ॥ ਮੋਹਿ ਨ ਬਿਸਾਰਹੁ ਮੈ ਜਨੁ ਤੇਰਾ॥" ਗੁਰੂ ਮਹਾਰਾਜ ਜੀ ਦੀ ਬਾਣੀ ਵਿੱਚ ਸ਼ਾਂਤ ਰਸ ਕਈ ਰੂਪਾਂ ਵਿੱਚ ਪ੍ਰਗਟ ਹੋਇਆ ਹੈ ਜਿਵੇਂ ਕਿ ਮਿਲਾਪ-ਬਿਰਹਾ, ਹਰਖ਼-ਸੋਗ, ਸੰਗਤ-ਕੁਸੰਗਤ ਆਦਿਕ ਵਿੱਚ।

**ਸ਼ਿੰਗਾਰ ਰਸ** :- ਇਸ ਰਸ ਦਾ ਸਥਾਈ ਭਾਵ ਪ੍ਰੇਮ ਹੈ। ਪ੍ਰੇਮ ਤੇ ਸੁੰਦਰਤਾ ਜਦੋਂ ਇਕ ਸਮਾਨ ਵਰਣਿਤ ਹੁੰਦੇ ਹਨ ਤਾਂ ਉਹ ਸ਼ਿੰਗਾਰ ਰਸ ਉਤਪੰਨ ਕਰਦੇ ਹਨ। ਨਿਰਗੁਣ ਸੰਤਾਂ ਦੀ ਬਾਣੀ 'ਚ ਪਰਮਾਤਮਾ ਹੀ ਇਕ-ਮਾਤਰ ਪੁਰਸ਼ ਹੈ ਤੇ ਬਾਕੀ ਸਭ ਜੀਵ-ਆਤਮਾਵਾਂ ਉਸ ਦੀਆਂ ਪਤਨੀਆਂ ਹਨ। ਸਤਿਗੁਰੂ ਮਹਾਰਾਜ ਜੀ ਦੀ ਬਾਣੀ ਵਿੱਚ ਅਧਿਆਤਮਿਕ ਦੰਪਤੀ-ਪ੍ਰੇਮ ਦਾ ਚਿਤਰਣ ਇਉਂ ਪ੍ਰਗਟ ਹੋਇਆ ਹੈ :-

"ਸਾਹ ਕੀ ਸਾਰ ਸੁਹਾਗਨਿ ਜਾਨੈ॥ ਤਜਿ ਅਭਿਮਾਨੁ ਸੁਖ ਰਲੀਆ ਮਾਨੈ॥"

ਇਨ੍ਹਾਂ ਦੋ ਰਸਾਂ ਤੋਂ ਇਲਾਵਾ ਬਾਣੀ ਵਿੱਚ ਅਦਭੁੱਤ ਰਸ, ਕਰੁਣਾ ਰਸ ਤੇ ਭਿਆਨਕ ਰਸ ਦਾ ਪ੍ਰਯੋਗ ਹੋਇਆ ਵੀ ਮਿਲਦਾ ਹੈ।

**ਅਦਭੁੱਤ ਰਸ** :- ਇਸ ਰਸ ਦਾ ਸਥਾਈ ਭਾਵ ਵਿਸਮਾਦ ਹੈ। ਪ੍ਰਭੂ ਦਾ ਭਗਤ ਉਸ

ਦੀ ਬਚਿੱਤਰ ਲੀਲਾ ਨੂੰ ਦੇਖ ਕੇ ਵਿਸਮਾਦ ਹੋਇਆ ਲੀਲਾ ਦਾ ਹੀ ਗੁਣਗਾਨ ਕਰਦਾ ਰਹਿੰਦਾ ਹੈ। ਜਿਵੇਂਕਿ "ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥ ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥", "ਬਾਜੀਗਰ ਕੀ ਬਾਜੀ ਕਾਰਨਿ, ਸਭ ਕੋ ਕੌਤਿਗ ਆਵੈ॥ ਜੋ ਦੇਖੈ ਸੋ ਭੂਲਿ ਰਹੈ, ਵਾਕਾ ਚੇਲਾ ਮਰਮ ਜੋ ਪਾਵੈ॥" ਆਦਿਕ-ਆਦਿਕ।

**ਕਰੁਣਾ ਰਸ** :- ਇਸ ਰਸ ਦਾ ਸਥਾਈ ਭਾਵ ਸ਼ੋਕ ਜਾਂ ਉਦਾਸੀ ਹੈ। ਇਸ ਵਿੱਚ ਵਿਛੋੜੇ ਹੋਣ ਦੀ ਸਥਿਤੀ ਨੂੰ ਬਿਆਨ ਕੀਤਾ ਜਾਂਦਾ ਹੈ। ਜਿਵੇਂ ਕਿ "ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ॥" ਆਦਿਕ-ਆਦਿਕ।

**ਭਿਆਨਕ ਰਸ** :- ਇਸ ਰਸ ਦਾ ਸਥਾਈ ਭਾਵ ਭੈਅ ਅਥਵਾ ਡਰ ਹੈ। ਗੁਰੂ ਮਹਾਰਾਜ ਜੀ ਜੀਵਾਂ ਨੂੰ ਮਾਇਆ-ਜਾਲ ਦੇ ਭੈਅ ਦਾ ਅਹਿਸਾਸ ਕਰਾਉਂਦੇ ਹੋਏ ਕਹਿੰਦੇ ਹਨ ਕਿ "ਇਹੁ ਤਨੁ ਐਸਾ ਜੈਸੇ ਘਾਟ ਕੀ ਟਾਟੀ॥ ਜਲਿ ਗਇਓ ਘਾਸੁ ਰਲਿ ਗਇਓ ਮਾਟੀ॥", "ਸੰਗੁ ਚਲਤ ਹੈ ਹਮ ਭੀ ਚਲਨਾ॥ ਦੂਰਿ ਗਵਨੁ ਸਿਰ ਉਪਰਿ ਮਰਨਾ॥", "ਘਰ ਕੀ ਨਾਰਿ ਉਰਹਿ ਤਨ ਲਾਗੀ॥ ਉਹ ਤਉ ਭੂਤੁ ਭੂਤੁ ਕਰਿ ਭਾਗੀ॥" ਆਦਿਕ-ਆਦਿਕ।

ਸਤਿਗੁਰੂ ਮਹਾਰਾਜ ਜੀ ਦੀ ਸਾਰੀ ਬਾਣੀ ਸੰਗੀਤਕ ਰਾਗ ਮਾਲਾ ਦੇ ਸਮੁੱਚੇ ਗੁਣਾਂ ਨਾਲ ਭਰਪੂਰ ਹੈ। ਇਸ ਵਿੱਚ ਸੁਰ, ਲੈਅ ਤੇ ਤਾਲ ਦਾ ਪੂਰਨ ਸਮਾਵੇਸ਼ ਹੈ। ਇਸ ਵਿੱਚ ਰਾਗ ਤੇ ਭਾਵ ਦੋਵਾਂ ਦਾ ਸੁੰਦਰ ਮਿਸ਼ਰਣ ਹੈ ਜੋ ਜਨ-ਮਾਨਸ ਨੂੰ ਅਧਿਆਤਮਿਕ ਜੀਵਨ ਦੀ ਪ੍ਰੇਰਨਾ ਦਿੰਦਾ ਹੈ। ਰਵਿਦਾਸ-ਬਾਣੀ ਦੇ 228 ਸ਼ਬਦਾਂ ਵਿੱਚ 22 ਮੁੱਖ ਰਾਗਾਂ ਤੇ 2 ਉੱਪ ਰਾਗਾਂ ਦੀ ਵਰਤੋਂ ਹੋਈ ਮਿਲਦੀ ਹੈ। ਇਨ੍ਹਾਂ ਵਿੱਚੋਂ ਰਾਗ ਗਉੜੀ (59), ਰਾਗ ਆਸਾਵਰੀ (33), ਰਾਗ ਰਾਮਕਲੀ (25), ਰਾਗ ਬਿਲਾਵਲੁ (18), ਰਾਗ ਧਨਾਸਰੀ (14) ਤੇ ਰਾਗ ਸੋਰਠਿ (13) ਪ੍ਰਮੁੱਖ ਰਾਗ ਹਨ। ਇਸ ਬਾਣੀ ਦੀ ਖ਼ੂਬਸੂਰਤੀ ਇਸ ਤੱਥ ਵਿੱਚ ਵੀ ਹੈ ਕਿ ਇਸ ਨੂੰ ਨਿਰਧਾਰਤ ਰਾਗਾਂ ਤੋਂ ਇਲਾਵਾ ਹੋਰ ਰਾਗਾਂ ਵਿੱਚ ਵੀ ਗਾਇਆ ਜਾ ਸਕਦਾ ਹੈ।

ਗੁਰੂ ਮਹਾਰਾਜ ਜੀ ਨੇ ਬਾਣੀ ਦੀ ਰਚਨਾ ਪਦਾਂ/ਬੰਦਾਂ ਤੇ ਦੋਹਿਆਂ ਦੇ ਰੂਪ ਵਿੱਚ ਕੀਤੀ ਹੈ। ਇਸ ਬਾਣੀ ਦੀ ਸ਼ੈਲੀ ਬਹੁਤ ਹੀ ਸ਼ਾਂਤ ਤੇ ਸਾਊ ਸ਼ਬਦਾਵਲੀ ਵਾਲੀ ਹੈ। ਆਪ ਜੀ ਨੇ ਬਹੁਤ ਹੀ ਸਪੱਸ਼ਟਤਾ, ਸਰਲਤਾ ਤੇ ਸੁਲੇਖਤਾ ਨਾਲ ਆਪਣੇ ਮਨੋ-ਭਾਵਾਂ ਨੂੰ ਬਾਣੀ ਵਿੱਚ ਪ੍ਰਯੋਜਿਤ ਕੀਤਾ ਹੈ। ਮਧੁਰਤਾ ਆਪ ਜੀ ਦੀ ਸ਼ੈਲੀ ਦੇ ਪ੍ਰਾਣ ਹਨ। ਲੋਕ ਜੀਵਨ ਨਾਲ ਜੁੜੇ ਰਹਿਣ ਅਤੇ ਵਿਭਿੰਨ ਵਰਗਾਂ ਤੇ ਸਥਾਨਾਂ ਦੀ ਯਾਤਰਾ ਕਰਨ ਕਾਰਨ ਗੁਰੂ ਮਹਾਰਾਜ ਜੀ ਦੀ ਬਾਣੀ ਵਿੱਚ ਅਨੇਕਾਂ ਭਾਸ਼ਾਵਾਂ ਦੀ ਵਰਤੋਂ ਕੀਤੀ ਗਈ ਮਿਲਦੀ ਹੈ। ਤਾਹੀਂ ਤਾਂ ਇਸ ਬਾਣੀ ਨੂੰ ਜਨ-ਮਾਨਸ ਦੀ ਬਾਣੀ ਮੰਨਿਆ ਗਿਆ ਹੈ। ਉਸ ਸਮੇਂ ਦੇ ਸਮਾਜ ਵਿੱਚ ਪ੍ਰਚੱਲਿਤ ਵਿਭਿੰਨ ਭਾਸ਼ਾਵਾਂ ਜਿਵੇਂ ਬ੍ਰਿਜ, ਸੰਸਕ੍ਰਿਤ, ਉਰਦੂ, ਅਰਬੀ-ਫਾਰਸੀ, ਮਰਾਠੀ, ਰਾਜਸਥਾਨੀ, ਭੋਜਪੁਰੀ, ਅਵਧੀ ਤੇ ਪੰਜਾਬੀ ਨੂੰ ਬਾਣੀ ਵਿੱਚ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ।

## ਬਾਣੀ ਦਾ ਸਮਾਜਿਕ ਪੱਖ

ਜਿਵੇਂ ਕਿ ਪਿਛਲੇ ਪੰਨਿਆਂ ਵਿੱਚ ਦੱਸਿਆ ਗਿਆ ਹੈ ਕਿ ਸਤਿਗੁਰੂ ਮਹਾਰਾਜ ਜੀ ਦੀ ਬਾਣੀ ਮੂਲ ਰੂਪ ਵਿੱਚ ਅਧਿਆਤਮਵਾਦ ਨਾਲ ਜੁੜੀ ਹੈ ਪਰ ਇਸ ਦੇ ਬਾਵਜੂਦ ਵੀ ਇਹ ਮਾਨਵ-ਸਮਾਜ, ਮਾਨਵ-ਕਲਿਆਣ ਤੇ ਮਾਨਵ-ਭਾਈਚਾਰੇ ਨਾਲ ਡੂੰਘਾ ਸਰੋਕਾਰ ਰੱਖਦੀ ਹੈ। ਸਤਿਗੁਰੂ ਮਹਾਰਾਜ ਜੀ ਸਮਾਜਵਾਦੀ ਵਿਚਾਰਧਾਰਾ ਦੇ ਸੁਆਮੀ ਤੇ ਕਲਿਆਣਕਾਰੀ ਰਾਜ ਦੀ ਸਥਾਪਨਾ ਦੇ ਉਪਾਸਕ ਸਨ। ਵਰਣ-ਭੇਦ ਤੇ ਜਾਤ-ਭੇਦ ਦਾ ਘੁਣ ਜੋ ਉਸ ਸਮੇਂ ਦੇ ਸਮਾਜ ਨੂੰ ਅੰਦਰੋ-ਅੰਦਰੀ ਖਾਈ ਜਾ ਰਿਹਾ ਸੀ ਉਸ ਨੂੰ ਖ਼ਤਮ ਕਰਕੇ ਆਪ ਜੀ ਇਕ ਵਰਗਹੀਣ ਸਮਾਜ ਦਾ ਅਸਤਿਤਵ ਦੇਖਣਾ ਚਾਹੁੰਦੇ ਸਨ। ਇਸ ਲਈ ਆਪ ਜੀ ਨੇ ਤਤਕਾਲੀ ਸਮਾਜ ਦੀਆਂ ਸਮੱਸਿਆਵਾਂ ਨੂੰ ਬੜੀ ਗੌਹ ਨਾਲ ਨੇੜਿਓਂ ਪਰਖਿਆ ਤੇ ਉਨ੍ਹਾਂ ਦਾ ਸਮਾਧਾਨ ਪ੍ਰਸਤੁਤ ਕੀਤਾ। ਆਪ ਜੀ ਦਾ ਇਹ ਦ੍ਰਿੜ੍ਹ ਮੱਤ ਸੀ ਕਿ ਜਦੋਂ ਤੱਕ ਸਮਾਜ ਵਿੱਚ ਸਮਾਨਤਾ ਨਹੀਂ ਹੋ ਜਾਂਦੀ ਤੇ ਜਦੋਂ ਤੱਕ ਪੀੜਿਤ ਤੇ ਵੰਚਿਤ ਲੋਕਾਂ ਨੂੰ ਉਨ੍ਹਾਂ ਦਾ ਅਧਿਕਾਰ ਨਹੀਂ ਮਿਲ ਜਾਂਦਾ ਉਦੋਂ ਤੱਕ ਮਾਨਵ-ਸਮਾਜ ਸੁੱਖ-ਸ਼ਾਂਤੀ ਨਾਲ ਨਹੀਂ ਵਸ ਸਕਦਾ। ਆਪ ਜੀ ਨੇ ਇੱਕ ਅਜਿਹੇ ਸਮਾਜ ਦੀ ਕਲਪਨਾ ਕੀਤੀ ਜਿੱਥੇ ਹਰ ਕਿਸੇ ਨੂੰ ਖਾਣ ਲਈ ਅੰਨ ਮਿਲੇ, ਜਿੱਥੇ ਕੋਈ ਭੁੱਖਾ ਨਾ ਰਹੇ, ਜਿੱਥੇ ਜਨ-ਸਮੂਹ ਵਿੱਚ ਕੋਈ ਭੇਦ-ਭਾਵ ਨਾ ਹੋਵੇ, ਜਿੱਥੇ ਛੋਟੇ-ਬੜੇ ਦਾ ਵਿਤਕਰਾ ਨਾ ਹੋਵੇ ਤੇ ਜਿੱਥੇ ਸਭ ਇਕ ਸਮਾਨ ਵਸਣ ਤੇ ਖ਼ੁਸ਼ਹਾਲ ਜੀਵਨ ਬਤੀਤ ਕਰਨ :-

*ਐਸਾ ਚਾਹੁੰ ਰਾਜ ਮੈਂ, ਜਹਾਂ ਮਿਲੈ ਸਭਨ ਕੋ ਅੰਨ।*
*ਛੋਟ-ਬੜੇ ਸਭ ਸਮ ਬਸੈ, ਰਵਿਦਾਸ ਰਹੇ ਪ੍ਰਸੰਨ॥*

'ਬੇਗਮਪੁਰਾ' ਵਾਲੇ ਸ਼ਬਦ ਵਿੱਚ ਆਪ ਜੀ ਨੇ ਇਸੇ ਤਰ੍ਹਾਂ ਦੇ ਸਮਾਜ ਨੂੰ ਉਸਾਰਨ ਦਾ ਸੰਕਲਪ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕੀਤਾ ਹੈ। ਇਕ ਅਜਿਹਾ ਸਮਾਜ ਜੋ ਸਮਾਜਵਾਦੀ ਤੇ ਕਲਿਆਣਕਾਰੀ ਹੋਵੇ, ਜਿੱਥੇ ਸਭ ਜੀਵਾਂ ਵਿੱਚ ਸਮਾਨਤਾ ਹੋਵੇ, ਜਿੱਥੇ ਊਚ-ਨੀਚ, ਛੂਆ-ਛਾਤ, ਛੋਟਾ-ਵੱਡਾ ਤੇ ਅਮੀਰ-ਗ਼ਰੀਬ ਵਿੱਚ ਕੋਈ ਵਿਤਕਰਾ ਨਾ ਹੋਵੇ, ਜਿੱਥੇ ਪੂਰਾ ਨਿਆਂ ਹੋਵੇ ਤੇ ਸਭ ਇਕ-ਦੂਜੇ ਦੇ ਮਿੱਤਰ ਹੋਣ, ਜਿੱਥੇ ਕੋਈ ਤਾਕਤਵਰ ਕਮਜ਼ੋਰ ਦਾ ਸ਼ੋਸ਼ਣ ਨਾ ਕਰੇ, ਜਿੱਥੇ ਸਾਰੀਆਂ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਹੋਣ, ਜਿੱਥੇ ਲੋਕ ਆਨੰਦਮਈ ਤੇ ਖ਼ੁਸ਼ਹਾਲ ਜੀਵਨ ਗੁਜ਼ਾਰਨ। ਇਕ ਅਜਿਹਾ ਸਮਾਜ ਜੋ ਲੋਕਾਂ ਦਾ ਆਪਣਾ ਹੋਵੇ ਤੇ ਸਰਬਸਾਂਝਾ ਹੋਵੇ। 'ਸਵਾਧੀਨਤਾ' (ਆਜ਼ਾਦੀ) ਮਾਨਵ-ਸਮਾਜ ਦੀ ਇਕ ਮੁੱਢਲੀ ਜ਼ਰੂਰਤ ਹੈ ਤੇ ਮਾਨਵੀ ਜੀਵਨ ਦਾ ਇਕ ਜਨਮ ਸਿੱਧ ਅਧਿਕਾਰ ਵੀ। ਸਮਾਜ ਵਿੱਚ ਜਿੰਨੇ ਵੀ ਸਕਾਰਾਤਮਕ ਬਦਲਾਵ ਹੋਏ ਜਾਂ ਕ੍ਰਾਂਤੀਆਂ ਹੋਈਆਂ ਹਨ, ਉਨ੍ਹਾਂ ਸਭਨਾਂ ਦੇ ਪਿੱਛੇ ਸਵਾਧੀਨਤਾ ਦੀ ਭਾਵਨਾ ਦਾ ਹੀ ਮੁੱਖ ਯੋਗਦਾਨ ਰਿਹਾ ਹੈ। ਪ੍ਰਾਧੀਨਤਾ (ਗ਼ੁਲਾਮੀ) ਨੂੰ ਸਮਾਜ ਦਾ ਕੋਹੜ ਮੰਨਿਆ ਗਿਆ ਹੈ। ਸਤਿਗੁਰੂ ਮਹਾਰਾਜ ਜੀ ਦੇ ਸਮਕਾਲੀ ਸਮਾਜ ਵਿੱਚ ਵੀ ਪ੍ਰਾਧੀਨਤਾ ਦਾ ਬੋਲ-ਬਾਲਾ ਸੀ। ਇਹ ਸਿਰਫ਼ ਰਾਜਨੀਤਿਕ ਤੌਰ

'ਤੇ ਹੀ ਨਹੀਂ ਬਲਕਿ ਸਮਾਜਿਕ, ਆਰਥਿਕ, ਮਾਨਸਿਕ ਤੇ ਹੋਰ ਕਈ ਰੂਪਾਂ ਵਿੱਚ ਮੌਜੂਦ ਸੀ। ਪ੍ਰਾਧੀਨਤਾ ਦੀ ਇਸ ਦਰਦਨਾਕ ਵਿਵਸਥਾ ਵਿੱਚ ਆਪ ਜੀ ਨੇ ਜੀਵਾਂ ਨੂੰ ਅਮਾਨਵੀ ਜੀਵਨ ਗੁਜ਼ਾਰਦੇ ਹੋਏ ਦੇਖਿਆ ਤੇ ਉਨ੍ਹਾਂ ਦੀ ਪੀੜਾ ਨੂੰ ਅਨੁਭਵ ਕੀਤਾ। ਆਪ ਜੀ ਨੇ ਪ੍ਰਾਧੀਨਤਾ ਦੀ ਨਿਖੇਧੀ ਕਰਦਿਆਂ ਉਸ ਨੂੰ ਪਾਪ ਦੀ ਸੰਗਿਆ ਦਿੱਤੀ ਤੇ ਪ੍ਰਾਧੀਨ ਜੀਵਾਂ ਨੂੰ ਗ਼ੁਲਾਮੀ ਦੇ ਵਿਰੁੱਧ ਜਾਗ੍ਰਿਤ ਕਰਦੇ ਹੋਏ ਉਪਦੇਸ਼ ਦਿੱਤਾ ਕਿ ਪ੍ਰਾਧੀਨ ਵਿਅਕਤੀ ਨੂੰ ਕੋਈ ਵੀ ਪਿਆਰ ਨਹੀਂ ਕਰਦਾ, ਉਹ ਬੇ-ਦੀਨ ਹੁੰਦਾ ਹੈ। ਉਸ ਵਿੱਚ ਕਦੇ ਵੀ ਗ਼ੈਰਤ ਨਹੀਂ ਜਾਗਦੀ। ਉਸ ਨੂੰ ਸਾਰੇ ਨੀਚ, ਹੀਣ ਤੇ ਅਧਰਮੀ ਕਹਿੰਦੇ ਹਨ ਤੇ ਉਸਦਾ ਤ੍ਰਿਸਕਾਰ ਕਰਦੇ ਹਨ :-

– *ਪਰਾਧੀਨਤਾ ਪਾਪ ਹੈ, ਜਾਨ ਲੇਹੁ ਰੇ ਮੀਤ।*
*ਰਵਿਦਾਸ ਦਾਸ ਪਰਾਧੀਨ ਸੌਂ, ਕੌਨ ਕਰੈ ਹੈ ਪ੍ਰੀਤ॥*

– *ਪਰਾਧੀਨ ਕੋ ਦੀਨੁ ਕਿਆ, ਪਰਾਧੀਨ ਬੇਦੀਨ।*
*ਰਵਿਦਾਸ ਦਾਸ ਪਰਾਧੀਨ ਕੋ, ਸਭਹੀ ਸਮਝੈ ਹੀਨ॥*

ਇਸਦੇ ਉੱਲਟ ਸਵਰਾਜ ਵਿੱਚ ਕੋਈ ਵੀ ਜੀਵ ਕਿਸੇ ਵੀ ਤਰ੍ਹਾਂ ਦੂਸਰੇ ਦੇ ਅਧੀਨ ਨਹੀਂ ਹੁੰਦਾ। ਉਹ ਪੂਰਨ ਤੌਰ 'ਤੇ ਸਵਤੰਤਰ ਹੋਇਆ ਇਸ ਵਿਵਸਥਾ ਵਿੱਚ ਆਪਣੇ ਜੀਵਨ ਨੂੰ ਸ਼ਾਂਤਮਈ ਢੰਗ ਨਾਲ ਜਿਵੇਂ ਚਾਹੇ ਉਵੇਂ ਗੁਜ਼ਾਰਦਾ ਹੈ। ਇਸ ਲਈ ਗੁਰੂ ਮਹਾਰਾਜ ਜੀ ਜੀਵਾਂ ਲਈ ਜਾਂ ਤਾਂ ਸਵਰਾਜ ਨੂੰ ਰਹਿਣਯੋਗ ਚੰਗੀ ਜਗ੍ਹਾ ਸਮਝਦੇ ਹਨ ਜਾਂ ਫਿਰ ਮੌਤ ਨੂੰ। ਆਪ ਜੀ ਅਨੁਸਾਰ ਪ੍ਰਾਧੀਨਤਾ (ਗ਼ੁਲਾਮੀ) ਨਾਲੋਂ ਤਾਂ ਮਰ ਜਾਣਾ ਹੀ ਚੰਗਾ ਹੁੰਦਾ ਹੈ :-

– *ਰਵਿਦਾਸ ਮਨੁਖ ਕਰਿ ਬਸਨ ਕੂੰ, ਸੁਖ ਕਰ ਹੈ ਦੁਇ ਠਾਂਵ।*
*ਇਕ ਸੁਖ ਹੈ ਸਵਰਾਜ ਮਹਿੰ, ਦੂਸਰ ਮਰਘਟ ਗਾਂਵ॥*

ਸੰਪ੍ਰਦਾਇਕ-ਸਦਭਾਵਨਾ ਸਤਿਗੁਰੂ ਮਹਾਰਾਜ ਜੀ ਦੀ ਬਾਣੀ ਦਾ ਮੂਲ-ਭੂਤ (ਅਟੱਲ) ਸੰਦੇਸ਼ ਹੈ। ਸੰਸਥਾਗਤ ਧਰਮ ਵਿੱਚ ਸੰਕੀਰਨਤਾ, ਕੱਟੜਤਾ ਤੇ ਰੂੜੀਵਾਦਤਾ ਦਾ ਸਮਾਂਵੇਸ਼ ਹੋਣ ਕਾਰਨ ਹਮੇਸ਼ਾ ਸੰਪ੍ਰਦਾਇਕਤਾ ਨੂੰ ਹੀ ਬੜ੍ਹਾਵਾ ਮਿਲਦਾ ਹੈ। ਆਪ ਜੀ ਨੇ ਸੰਸਥਾਗਤ ਧਰਮ ਦੀ ਨਿਖੇਧੀ ਕਰਦੇ ਹੋਏ ਇਕ ਨਵੇਂ ਸਮਾਜ ਦੇ ਸੰਕਲਪ ਨੂੰ ਉਜਾਗਰ ਕੀਤਾ ਤੇ ਸਮਾਜ ਵਿੱਚ ਏਕਤਾ, ਭਾਈਚਾਰਾ ਤੇ ਬਰਾਬਰੀ ਦੇ ਪੱਖ ਨੂੰ ਮਜ਼ਬੂਤ ਕੀਤਾ। ਆਪ ਜੀ ਦਾ ਸਮਕਾਲੀ ਭਾਰਤੀ ਸਮਾਜ ਮੁੱਖ ਤੌਰ 'ਤੇ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ-ਹਿੰਦੂ ਸਮਾਜ ਤੇ ਮੁਸਲਮਾਨ ਸਮਾਜ। ਇਹ ਦੋਵੇਂ ਆਪਸ ਵਿੱਚ ਲੜਾਈ-ਝਗੜਾ ਕਰਦੇ ਰਹਿੰਦੇ ਸਨ। ਸ਼ਾਸਕ ਵਰਗ ਮੁਸਲਮਾਨ ਹੋਣ ਕਰਕੇ ਹਰ ਕੰਮ ਵਿੱਚ ਆਪਣੀ ਮਨ-ਮਰਜ਼ੀ ਕਰਦੇ ਸਨ ਤੇ ਮੁੱਲਾਂ-ਮੁਲਾਂਣਿਆਂ ਦੇ ਹੱਥੇ ਚੜ੍ਹੇ ਹੋਏ ਹਿੰਦੂ-ਮੁਸਲਮਾਨ ਵਿੱਚ ਵਿਤਕਰਾ ਕਰਦੇ ਸਨ। ਆਪ ਜੀ ਨੇ ਸੰਪ੍ਰਦਾਇਕ ਤੱਤਾਂ ਦਾ ਡਟ ਕੇ ਵਿਰੋਧ ਕਰਦਿਆਂ ਕਿਹਾ ਕਿ ਹਿੰਦੂ ਤੇ ਮੁਸਲਮਾਨ ਵਿੱਚ ਕੋਈ ਬੁਨਿਆਦੀ ਅੰਤਰ ਨਹੀਂ ਹੈ। ਦੋਨਾਂ ਦੇ ਦੋ ਹੱਥ, ਦੋ ਪੈਰ, ਦੋ ਕੰਨ ਤੇ ਦੋ ਅੱਖਾਂ ਹਨ। ਦੋਨਾਂ ਦਾ ਖ਼ੂਨ ਤੇ ਮਾਸ ਵੀ ਇਕੋ ਜਿਹਾ ਹੈ ਤੇ ਦੋਨੋਂ ਇੱਕੋ ਹੀ ਤਰ੍ਹਾਂ ਦੇ

ਪੰਜ ਤੱਤਾਂ ਤੋਂ ਬਣੇ ਹਨ। ਜਦੋਂ ਕੁਦਰਤ ਨੇ ਇਨ੍ਹਾਂ ਦੋਨਾਂ ਦੀ ਬਣਾਵਟ ਇੱਕੋ ਜਿਹੀ ਕੀਤੀ ਹੈ ਤਾਂ ਫਿਰ ਦੋਨਾਂ ਨੂੰ ਅਲੱਗ-ਅਲੱਗ ਕਿਵੇਂ ਮੰਨਿਆਂ ਜਾ ਸਕਦਾ ਹੈ ? ਭਾਵ ਅਸਲ ਵਿੱਚ ਇਹ ਦੋਨੋਂ ਇਕ ਹੀ ਹਨ, ਇੱਕ ਸਮਾਨ ਹੀ ਹਨ :-

- *ਜਬ ਸਭ ਕਰਿ ਦੋਉ ਹਾਥ ਪਗ, ਦੋਉ ਨੈਨ ਦੋਉ ਕਾਨ।*
  *ਰਵਿਦਾਸ ਪ੍ਰਥਕ ਕੈਸੇ ਭਇਓ, ਹਿੰਦੂ ਮੁਸਲਮਾਨ॥*
- *ਹਿੰਦੂ ਤੁਰਕ ਮੰਹਿ ਨਹੀਂ ਕਛੁ ਭੇਦਾ, ਸਭ ਮੰਹ ਏਕ ਰੱਤ ਅਰੁ ਮਾਸਾ।*
  *ਦੋਉ ਏਕਹ ਦੂਜਾ ਕੋਉ ਨਾਂਹੀ, ਪੇਖਿਓ ਸੋਧ ਰਵਿਦਾਸਾ॥*

ਇਸੇ ਤਰ੍ਹਾਂ ਸਤਿਗੁਰੂ ਮਹਾਰਾਜ ਜੀ ਦੀ ਬਾਣੀ ਵਿੱਚ ਰਾਮ ਤੇ ਰਹੀਮ ਦੀ ਏਕਤਾ ਦਾ ਵੀ ਵਾਰ-ਵਾਰ ਜ਼ਿਕਰ ਕੀਤਾ ਹੋਇਆ ਮਿਲਦਾ ਹੈ। ਜਿਸ ਈਸ਼ਵਰ ਨੂੰ ਹਿੰਦੂ ਪੂਜਦੇ ਹਨ ਤੇ ਜਿਸ ਖ਼ੁਦਾ ਨੂੰ ਮੁਸਲਮਾਨ ਮੰਨਦੇ ਹਨ, ਉਹ ਕੋਈ ਅਲੱਗ-ਅਲੱਗ ਨਹੀਂ ਹਨ, ਉਹ ਦੋਵੇਂ ਇਕ ਹੀ 'ਪਰਮ ਤੱਤ' ਹਨ। ਇਸੇ ਤਰ੍ਹਾਂ ਕੇਸ਼ਵ, ਕ੍ਰਿਸ਼ਨਾ, ਕਰੀਮ, ਰਹੀਮ, ਹਰਿ ਤੇ ਰਾਘਵ ਵਿੱਚ ਵੀ ਕੋਈ ਅੰਤਰ ਨਹੀਂ ਹੈ। ਇਹ ਸਭ ਉਸ ਇਕ 'ਪਰਮ ਤੱਤ' ਪਰਮਾਤਮਾ ਦੇ ਹੀ ਵਿਭਿੰਨ-ਵਿਭਿੰਨ ਨਾਮ ਹਨ :-

- *ਰਵਿਦਾਸ ਹਮਾਰੋ ਸਾਂਈਆਂ, ਰਾਘਵ ਰਾਮ ਰਹੀਮ।*
  *ਸਭ ਹੀ ਰਾਮ ਕਾ ਰੂਪ ਹੈ, ਕੇਸੌ ਕ੍ਰਿਸਨ ਕਰੀਮ॥*
- *ਅਲਖ ਅਲਹ ਖਾਲਿਕ ਖੁਦਾ, ਕ੍ਰਿਸਨ ਕਰੀਮ ਕਰਤਾਰ।*
  *ਰਾਮਹ ਨਾਉ ਅਨੇਕ ਹੈ, ਕਹੈ ਰਵਿਦਾਸ ਬਿਚਾਰ॥*
- *ਕ੍ਰਿਸ਼ਨ ਕਰੀਮ ਰਾਮ ਹਰਿ ਰਾਘਵ, ਜਬ ਲਗਿ ਏਕ ਨ ਪੇਖਾ।*
  *ਬੇਦ ਕਤੇਬ ਕੁਰਾਨ ਪੁਰਾਨਨਿ, ਸਹਿਜ ਏਕ ਨਹਿੰ ਦੇਖਾ॥*

ਸਤਿਗੁਰੂ ਮਹਾਰਾਜ ਜੀ ਦਾ ਸਮਕਾਲੀ ਹਿੰਦੂ ਸਮਾਜ ਨਾ ਸਿਰਫ਼ ਜਾਤ-ਪਾਤ ਵਿੱਚ ਹੀ ਵੰਡਿਆ ਹੋਇਆ ਸੀ ਬਲਕਿ ਰਾਜਨੈਤਿਕ ਤੌਰ 'ਤੇ ਵੀ ਗ਼ੁਲਾਮ ਸੀ। ਇਕ ਪਾਸੇ ਜਨ-ਸਾਧਾਰਨ (ਸ਼ੂਦਰ) ਮੁਸਲਮਾਨੀ ਹਕੂਮਤ ਥੱਲੇ ਪਿੱਸ ਰਹੇ ਸਨ ਤੇ ਦੂਜੇ ਪਾਸੇ ਬ੍ਰਾਹਮਣੀ ਵਰਣ-ਵਿਵਸਥਾ ਉਨ੍ਹਾਂ ਨੂੰ ਜਮਾਂਦਰੂ ਨੀਂਵਾਂ ਕਹਿ ਕੇ ਜਲੀਲ ਕਰ ਰਹੀ ਸੀ। ਜਾਤ-ਪਾਤ ਤੇ ਵਰਣ-ਵਿਵਸਥਾ ਕਾਰਨ ਲੋਕਾਂ ਦੇ ਜੀਵਨ ਵਿੱਚ ਸਮਾਜਿਕ ਪੱਧਰ 'ਤੇ ਏਨੇ ਅੰਤਰ-ਪਾੜ ਸਥਾਪਤ ਹੋ ਚੁੱਕੇ ਸਨ ਕਿ ਹਰ ਪਾਸੇ ਵੈਰ-ਵਿਰੋਧ ਤੇ ਨਫ਼ਰਤ ਦੀ ਅੱਗ ਹੀ ਦਿਖਾਈ ਦਿੰਦੀ ਸੀ। ਮਾਨਵ-ਸਮਾਜ ਦਾ ਸੰਤੁਲਨ ਬਿਲਕੁੱਲ ਡਾਵਾਂ-ਡੋਲ ਹੋ ਚੁੱਕਾ ਸੀ। ਜਾਤ-ਵਿਵਸਥਾ ਦਾ ਮਹਿਲ ਇਸ ਤਰ੍ਹਾਂ ਖੜ੍ਹਾ ਸੀ ਜਿਵੇਂ ਕੇਲੇ ਦੇ ਪੱਤੇ ਬੁਣੇ ਹੋਏ ਹੋਣ। ਜਿਵੇਂ ਕੇਲੇ ਦੇ ਪੱਤਿਆਂ ਵਿੱਚ ਹੋਰ ਪੱਤੇ ਹੁੰਦੇ ਹਨ ਉਸੇ ਤਰ੍ਹਾਂ ਇਕ ਜਾਤ ਵਿੱਚ ਵੀ ਅਨੇਕਾਂ ਜਾਤਾਂ ਸਨ। ਸਮਾਜ ਹਰ ਪੱਧਰ 'ਤੇ ਵੰਡਿਆ ਹੋਇਆ ਸੀ। ਜਾਤ-ਪਾਤ ਦੀ ਘਿਨਾਉਣੀ ਵਿਵਸਥਾ ਦਾ ਤਾਣਾ-ਬਾਣਾ ਇੰਨਾਂ ਉੱਲਝਿਆ ਹੋਇਆ ਸੀ ਕਿ ਇਹ ਨਾ ਸਿਰਫ਼ ਮਨੁੱਖੀ-ਏਕਤਾ ਨੂੰ ਹੀ ਨਸ਼ਟ ਕਰੀ ਜਾ ਰਿਹਾ ਸੀ ਬਲਕਿ ਮਾਨਵਤਾ ਦੇ ਬੁਨਿਆਦੀ ਅਸੂਲਾਂ ਨੂੰ ਵੀ ਖਾਈ ਜਾ ਰਿਹਾ ਸੀ :-

- *ਜਾਤ ਪਾਤ ਕੇ ਫੇਰ ਮੰਹਿ, ਉਰਝਿ ਰਹਇ ਸਭ ਲੋਗ।*
  *ਮਾਨੁਖਤਾ ਕੂੰ ਖਾਤ ਹਇ, ਰਵਿਦਾਸ ਜਾਤ ਕਰ ਰੋਗ॥*
- *ਜਾਤ ਜਾਤ ਮੇਂ ਜਾਤ ਹੈ, ਜਉਂ ਕੇਲਨ ਮੇਂ ਪਾਤ।*
  *ਰਵਿਦਾਸ ਮਾਨੁਸ਼ ਨ ਜੁੜ ਸਕੈਂ, ਜੌਂ ਲੌਂ ਜਾਤ ਨ ਜਾਤ॥*

ਸਮਾਜ ਵਿੱਚ ਫ਼ੈਲੀ ਹੋਈ ਅਜਿਹੀ ਜਾਤ-ਪਾਤ ਦੀ ਵਿਵਸਥਾ ਦੀ ਨਿਖੇਧੀ ਕਰਦਿਆਂ ਆਪ ਜੀ ਨੇ ਆਪਸੀ ਭਾਈਚਾਰੇ ਦਾ ਸੰਦੇਸ਼ ਦਿੱਤਾ ਤੇ ਸਮਾਜ ਦੇ ਵਿਗੜੇ ਹੋਏ ਸੰਤੁਲਨ ਨੂੰ ਸੰਤੁਲਿਤ ਕਰਨ ਦਾ ਭਰਪੂਰ ਯਤਨ ਕੀਤਾ। ਆਪ ਜੀ ਨੇ ਬ੍ਰਾਹਮਣਵਾਦੀ ਵਿਚਾਰਧਾਰਾ ਨੂੰ ਸਿਰੇ ਤੋਂ ਹੀ ਨਕਾਰਦੇ ਹੋਏ ਕਿਹਾ ਕਿ ਜਾਤ ਦੇ ਆਧਾਰ 'ਤੇ ਜੀਵਾਂ ਵਿੱਚ ਭੇਦ-ਭਾਵ ਕਰਨਾ ਮਨੁੱਖਤਾ ਦਾ ਅਪਮਾਨ ਹੈ। ਜਦੋਂ ਸਭ ਜੀਵਾਂ ਦੀ ਸਿਰਜਨਾ ਕਰਨ ਵਾਲਾ ਇਕ ਹੀ ਈਸ਼ਵਰ ਹੈ ਤੇ ਸਾਰੇ ਜੀਵ ਉਸ ਦਾ ਆਪਣਾ ਹੀ ਵਿਸਤਾਰ ਹਨ ਤਾਂ ਵਰਣ-ਅਵਰਣ, ਊਚ-ਨੀਚ ਤੇ ਛੂਆ-ਛਾਤ ਆਦਿਕ ਦਾ ਵਿਚਾਰ ਕਰਨ ਵਾਲੇ ਜੀਵ ਮੂਰਖ ਹੀ ਹੋ ਸਕਦੇ ਹਨ :-

- *ਰਵਿਦਾਸ ਇਕਹੀ ਬੂੰਦ ਸੌਂ, ਸਭ ਹੀ ਭਇਓ ਵਿੱਥਾਰ।*
  *ਮੂਰਿਖ ਹੈਂ ਜੋ ਕਰਤ ਹੈਂ, ਬਰਨ ਅਬਰਨ ਬਿਚਾਰ॥*
- *ਸਭ ਮੰਹਿ ਏਕੁ ਰਾਮਹਿ ਜੋਤਿ, ਸਭਨ੍ਹਾਂ ਏਕਉ ਸਿਰਜਨਹਾਰਾ।*
  *ਰਵਿਦਾਸ ਰਾਮ ਰਮਹਿੰ ਸਭਨ ਮੇਂ, ਬ੍ਰਾਹਮਣ ਹੁਈ ਕ ਚਮਾਰਾ॥*

ਇਸ ਤਰ੍ਹਾਂ ਸਤਿਗੁਰੂ ਮਹਾਰਾਜ ਜੀ ਨੇ ਸਮਾਜ ਵਿੱਚ ਫ਼ੈਲੀ ਹੋਈ ਜਾਤ-ਪਾਤ ਤੇ ਵਰਣ ਵਿਵਸਥਾ ਦੀ ਜ਼ੋਰਦਾਰ ਮੁਖ਼ਾਲਫ਼ਤ ਕੀਤੀ ਤੇ ਨੀਵੀਂ ਕਹੀ ਜਾਣ ਵਾਲੀਆਂ ਜਾਤਾਂ ਨੂੰ ਲਾਮਬੰਦ ਕਰਦਿਆਂ ਬ੍ਰਾਹਮਣਵਾਦ ਵਿਰੁੱਧ ਇਕ ਬੜਾ ਜੱਹਾਦ ਖੜ੍ਹਾ ਕੀਤਾ। ਆਪ ਜੀ ਨੇ ਇਨ੍ਹਾਂ ਜਾਤਾਂ ਨੂੰ ਪ੍ਰਭੂ-ਭਗਤੀ ਦਾ ਸਮਾਨ ਅਧਿਕਾਰ ਦਿੰਦਿਆਂ ਕਿਹਾ ਕਿ ਪ੍ਰਭੂ-ਸਿਮਰਨ ਕਰਨ ਨਾਲ ਕੇਵਲ ਬ੍ਰਾਹਮਣ ਤੇ ਵੈਸ਼ ਆਦਿਕ ਹੀ ਨਹੀਂ ਬਲਕਿ ਸ਼ੂਦਰ, ਡੋਮ, ਚੰਡਾਲ ਤੇ ਮਲੀਨ ਬੁੱਧੀ ਵਾਲੇ ਜੀਵ ਵੀ ਪਵਿੱਤਰ ਤੇ ਪਨੀਤ ਹੋ ਜਾਂਦੇ ਹਨ ਤੇ ਦੋਵੇਂ ਕੁਲਾਂ ਤਾਰ ਲੈਂਦੇ ਹਨ :-

- *ਬ੍ਰਹਮਨ ਬੈਸ ਸੂਦ ਅਰੁ ਖ੍ਯ੍ਤ੍ਰੀ ਡੋਮ ਚੰਡਾਲ ਮਲੇਛ ਮਨ ਸੋਇ॥*
  *ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥*

ਸਤਿਗੁਰੂ ਮਹਾਰਾਜ ਜੀ ਨੇ 'ਕਿਰਤ ਜਾਂ ਸ਼੍ਰਮ' ਨੂੰ ਮਾਨਵੀ-ਸਮਾਜ ਦੀ ਤਰੱਕੀ ਦਾ ਸਭ ਤੋਂ ਵੱਡਾ ਸਾਧਨ ਮੰਨਿਆ ਹੈ। ਆਪ ਜੀ ਨੇ ਸ਼੍ਰਮ ਨੂੰ ਈਸ਼ਵਰ ਦਾ ਦਰਜਾ ਦੇ ਕੇ ਕਿਰਤ ਕਰਨ ਵਾਲੇ ਲੋਕਾਂ ਨੂੰ ਸਮਾਜ ਵਿੱਚ ਸਨਮਾਨ ਦੀ ਉੱਚੀ ਥਾਂ 'ਤੇ ਬਿਠਾਇਆ ਹੈ ਤੇ ਸ਼੍ਰਮ ਨੂੰ ਸੁੱਖ-ਚੈਨ ਦਾ ਆਧਾਰ ਦੱਸ ਕੇ ਜੀਵਾਂ ਨੂੰ ਜੀਵਨ ਸਫ਼ਲ ਬਣਾਉਣ ਦਾ ਉਪਦੇਸ਼ ਦਿੱਤਾ ਹੈ ਤੇ ਨੇਕ ਕਮਾਈ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਇਹ ਕਦੇ ਵੀ ਨਿਸ਼ਫਲ ਨਹੀਂ ਜਾਂਦੀ, ਜਰੂਰ ਫਲਦੀ-ਫੁਲਦੀ ਹੈ :-

- *ਸ਼੍ਰਮ ਕਉ ਈਸਰ ਜਾਨਿ ਕੈ, ਜਉ ਪੂਜਹਿ ਦਿਨ ਰੈਨ।*
  *ਰਵਿਦਾਸ ਤਿਨਹਿੰ ਸੰਸਾਰ ਮਹੰ, ਸਦਾ ਮਿਲਹਿ ਸੁਖ ਚੈਨ॥*

– *ਰਵਿਦਾਸ ਸ੍ਰਮ ਕਰਿ ਖਾਇਹਿ, ਜੌ ਲੌ ਪਾਰ ਬਸਾਇ।*
*ਨੇਕ ਕਮਾਈ ਜਉ ਕਰਇ, ਕਬਹੁੰ ਨਾ ਨਿਹਫਲ ਜਾਇ॥*

ਇਸੇ ਤਰ੍ਹਾਂ ਸਤਿਗੁਰੂ ਮਹਾਰਾਜ ਜੀ ਨੇ ਸਮਾਜਿਕ ਕੁਰੀਤੀਆਂ ਜਿਵੇਂ ਨਸ਼ਾ ਕਰਨਾ ਜਾਂ ਨਿਰਦੋਸ਼ ਜੀਵਾਂ ਦੀ ਹੱਤਿਆ ਕਰ ਕੇ ਉਨ੍ਹਾਂ ਦਾ ਮਾਸ ਖਾਣਾ ਆਦਿਕ ਦਾ ਵੀ ਵਿਰੋਧ ਕੀਤਾ ਤੇ ਕਿਹਾ ਕਿ ਅਜਿਹੇ ਅੱਤਿਆਚਾਰੀ ਤੇ ਕੁਕਰਮੀ ਜੀਵ ਹੀ ਸਮਾਜ ਲਈ ਖ਼ਤਰਾ ਬਣਦੇ ਹਨ। ਆਪ ਜੀ ਨੇ ਮਾਦਿਕ ਪਦਾਰਥਾਂ ਦਾ ਸੇਵਨ ਕਰਨ ਦੀ ਵਿਰੋਧਤਾ ਕਰਦਿਆਂ ਉਸਦੀ ਥਾਂ ਨਾਮ-ਰਸ ਪੀਣ ਲਈ ਜੀਵਾਂ ਨੂੰ ਪ੍ਰੇਰਿਆ ਹੈ :-

– *ਰਵਿਦਾਸ ਮਦੁਰਾ ਕਾ ਪੀਜਿਏ, ਜੋ ਚੜੈ ਚੜੈ ਉਤਰਾਇ।*
*ਨਾਮ ਮਹਾਰਸ ਪੀਜਿਏ, ਜੋ ਚੜੌ ਨਹੀ ਉਤਰਾਇ॥*

– *ਜੀਵਤ ਕੂੰ ਮੁਰਦਾ ਕਰਹਿੰ, ਅਰੁ ਖਾਇਹਿੰ ਮੁਰਦਾਰ।*
*ਮੁਰਦਾ ਸਮ ਸਭ ਹੋਇਹਿੰ, ਕਹਿ ਰਵਿਦਾਸ ਬਿਚਾਰ॥*

– *ਰਵਿਦਾਸ ਜੀਭਾ ਸਵਾਦ ਬਸ, ਜਉ ਮਾਂਸ ਮਛਰੀਆਂ ਖਾਇ।*
*ਨਾਹਕ ਜੀਵ ਮਾਰਨ ਬਦਲੇ, ਆਪਨ ਸੀਸ ਕਟਾਇ॥*

ਆਪ ਜੀ ਅਨੁਸਾਰ ਧਰਮ ਦੇ ਨਾਂ 'ਤੇ ਸਮਾਜ ਵਿੱਚ ਵੰਡੀਆਂ ਪਾਉਣਾ ਤੇ ਆਪਸ ਵਿੱਚ ਭੇਦ-ਭਾਵ ਪੈਦਾ ਕਰਨਾ ਮਾਨਵਤਾ ਦੇ ਵਿਰੁੱਧ ਇਕ ਘੋਰ ਅਪਰਾਧ ਹੈ। ਇਸ ਲਈ ਆਪ ਜੀ ਨੇ ਸਾਂਝੀ-ਵਾਲਤਾ, ਭਾਈਚਾਰਾ ਤੇ ਆਪੋ ਵਿੱਚ ਮਿੱਤਰਤਾ 'ਤੇ ਜ਼ੋਰ ਦਿੰਦਿਆਂ ਕਿਹਾ :-

– *ਮੁਸਲਮਾਨ ਸੌਂ ਦੋਸਤੀ, ਹਿੰਦੂਅਨ ਸੋਂ ਕਰ ਪ੍ਰੀਤ।*
*ਰਵਿਦਾਸ ਜੋਤਿ ਸਭ ਰਾਮ ਕੀ, ਸਭ ਹੈਂ ਅਪਨੇ ਮੀਤ॥*

ਸਤਿਗੁਰੂ ਮਹਾਰਾਜ ਜੀ ਦੇ ਸਮਕਾਲੀ ਸਮਾਜ ਅੰਦਰ ਜੀਵ ਦਾ ਅਹੁਦਾ, ਮਾਨ-ਸਨਮਾਨ ਤੇ ਪੂਜਨੀਕ ਹੋਣਾ ਬ੍ਰਾਹਮਣੀ ਵਰਣ-ਵਿਵਸਥਾ ਦੇ ਆਧਾਰ 'ਤੇ ਹੀ ਤਹਿ ਹੁੰਦਾ ਸੀ, ਇਹ ਜ਼ਰੂਰੀ ਨਹੀਂ ਸੀ ਹੁੰਦਾ ਕਿ ਉਹ ਜੀਵ ਆਪਣੇ ਕਥਿਤ ਵਰਣ ਦੇ ਕਰਤੱਵਾਂ (ਫ਼ਰਜਾਂ) 'ਤੇ ਖਰਾ ਉੱਤਰਦਾ ਹੈ ਵੀ ਕਿ ਨਹੀਂ। ਆਪ ਜੀ ਨੇ ਅਜਿਹੇ ਰੀਤੀ-ਰਿਵਾਜ਼ਾਂ ਤੇ ਰਵਾਇਤਾਂ ਦੀ ਡਟ ਕੇ ਮੁਖ਼ਾਲਫ਼ਤ ਕੀਤੀ ਤੇ ਤਰਕਸ਼ੀਲ ਸ਼ੈਲੀ ਰਾਹੀਂ ਵਿਚਾਰ ਪ੍ਰਸਤੁਤ ਕਰਦੇ ਹੋਏ ਵਰਣ ਨੂੰ ਜਨਮ ਨਾਲ ਨਾ ਜੋੜ ਕੇ ਉਸ ਨੂੰ ਜੀਵ ਦੇ ਗੁਣਾਂ, ਕਰਮਾਂ ਤੇ ਆਚਰਣ ਨਾਲ ਜੋੜਦਿਆਂ ਇਉਂ ਉਪਦੇਸ਼ ਦਿੱਤਾ:-

– *ਰਵਿਦਾਸ ਬਾਹਮਨ ਮਤਿ ਪੂਜਿਏ, ਜਉ ਹੋਵੇ ਗੁਨਹੀਨ।*
*ਪੂਜਿਹਿੰ ਚਰਨ ਚੰਡਾਲ ਕੇ, ਜਉ ਹੋਵੇ ਗੁਨ ਪਰਵੀਨ॥*

ਆਪ ਜੀ ਦਾ ਇਹ ਦ੍ਰਿੜ ਮੱਤ ਸੀ ਕਿ ਕੋਈ ਵੀ ਜੀਵ ਜਨਮ ਜਾਂ ਜਾਤ ਕਾਰਨ ਨੀਵਾਂ ਨਹੀਂ ਹੁੰਦਾ ਬਲਕਿ ਆਪਣੇ ਖੋਟੇ ਕਰਮਾਂ ਨਾਲ ਹੀ ਨੀਵਾਂ ਹੁੰਦਾ ਹੈ :-

– *ਰਵਿਦਾਸ ਜਨਮ ਕੇ ਕਾਰਨੈ, ਹੋਤ ਨ ਕੋਉ ਨੀਚ।*
*ਨਰ ਕੂੰ ਨੀਚ ਕਰਿ ਡਾਰਿ ਹੈਂ, ਓਛੇ ਕਰਮ ਕੀ ਕੀਚ॥*

'ਕਰਮ-ਕਰਨ' ਦੀ ਮਹੱਤਤਾ ਦੱਸਦੇ ਹੋਏ ਆਪ ਜੀ ਕਹਿੰਦੇ ਹਨ ਕਿ 'ਕਰਮਾਂ' ਨੂੰ ਹੀ ਕਿਸੇ ਦੀ ਜਾਤ ਨਿਸ਼ਚਿਤ ਕਰਨ ਦਾ ਮੁੱਖ ਆਧਾਰ ਮੰਨਣਾ ਚਾਹੀਦਾ ਹੈ ਨਾ ਕਿ

ਜਨਮ, ਜਾਤ ਜਾਂ ਕੁਲ ਨੂੰ :–

– *ਜਨਮ ਜਾਤ ਕੂੰ ਛਾਡਿ ਕਰਿ, ਕਰਨੀ ਜਾਤ ਪਰਧਾਨ।*
*ਏਹੋ ਸਾਚਾ ਧਰਮ ਹੈ, ਕਹੈ ਰਵਿਦਾਸ ਬਖਾਨ॥*

ਸਤਿਗੁਰੂ ਮਹਾਰਾਜ ਜੀ ਨੇ ਭਾਰਤੀ ਮਾਨਵ–ਸਮਾਜ ਦੀ ਚਾਰ ਜਾਤਾਂ ਦੀ ਵਰਣ–ਵੰਡ ਨੂੰ ਨਵੇਂ ਸਿਰਿਓਂ ਪ੍ਰਭਾਸ਼ਿਤ ਕਰਕੇ ਮਨੁੱਖੀ ਸੋਚ ਨੂੰ ਇਕ ਨਵੀਂ ਸੇਧ ਦਿੱਤੀ। ਆਪ ਜੀ ਅਨੁਸਾਰ ਉੱਚੇ ਕੁਲ ਵਿੱਚ ਜਨਮ ਲੈਣ ਨਾਲ ਕੋਈ ਬ੍ਰਾਹਮਣ ਨਹੀਂ ਬਣ ਜਾਂਦਾ, ਬ੍ਰਾਹਮਣ ਉਹ ਜੀਵ ਹੈ ਜੋ ਬ੍ਰਹਮ–ਗਿਆਨ ਜਾਣਦਾ ਹੈ, ਜੋ ਕਾਮ, ਕ੍ਰੋਧ ਤੇ ਲੋਭ ਨੂੰ ਤਿਆਗ ਕੇ ਧਰਮ ਦੇ ਕੰਮ ਕਰਦਾ ਹੈ। ਉਹ ਸੂਰਬੀਰ ਸੱਚਾ ਕਸ਼ੱਤਰੀ ਹੈ ਜੋ ਦੀਨ–ਦੁਖੀਆਂ ਦੀ ਰੱਖਿਆ ਲਈ ਆਪਣੇ ਪ੍ਰਾਣ ਤੱਕ ਨਿਛਾਵਰ ਕਰਨ ਲਈ ਤਿਆਰ ਰਹਿੰਦਾ ਹੈ ਤੇ ਜੋ ਆਪਣੀ ਤਾਕਤ ਨੂੰ ਸਮਾਜ ਦੇ ਪੀੜਿਤ ਤੇ ਗਰੀਬ ਲੋਕਾਂ ਦੀ ਭਲਾਈ ਲਈ ਵਰਤਦਾ ਹੋਇਆ ਸੱਚਾਈ ਦੇ ਮਾਰਗ ’ਤੇ ਅਡੋਲ ਖੜ੍ਹਾ ਰਹਿੰਦਾ ਹੈ। ਵੈਸ਼ ਉਹ ਜੀਵ ਹੈ ਜੋ ਵਪਾਰ ਨੂੰ ਸਿਰਫ਼ ਆਪਣੇ ਨਿੱਜੀ ਸਵਾਰਥ ਲਈ ਨਾ ਕਰਕੇ ਉਸਨੂੰ ਸਰਬੱਤ ਦੀ ਭਲਾਈ ਲਈ ਕਰਦਾ ਹੈ ਤੇ ਵਪਾਰ ਦੇ ਹਰ ਤਰੀਕੇ ਨੂੰ ਸੱਚਾਈ ਦੀ ਕਸੌਟੀ ’ਤੇ ਪਰਖਦਾ ਹੋਇਆ ਨੇਕ ਕਿਰਤ–ਕਮਾਈ ਕਰਦਾ ਹੈ। ਸ਼ੂਦਰ ਉਹ ਜੀਵ ਹੈ ਜੋ ਪਵਿੱਤਰ ਜੀਵਨ ਬਤੀਤ ਕਰਦਾ ਹੈ ਤੇ ਸਮਾਜ ਦੀ ਸੇਵਾ ਕਰਦਾ ਹੋਇਆ ਕਦੇ ਵੀ ਅਸਤਿ ਨਹੀਂ ਬੋਲਦਾ। ਬੁਰੇ ਕੰਮ ਕਰਨ ਵਾਲਾ ਤੇ ਅਪਵਿੱਤਰ ਜੀਵਨ ਜਿਊਣ ਵਾਲਾ ਜੀਵ ਕਦੇ ਸ਼ੂਦਰ ਹੋ ਹੀ ਨਹੀਂ ਸਕਦਾ :–

– *ਰਵਿਦਾਸ ਜਉ ਅਤਿ ਪਵਿਤ ਹੈ, ਸੋਈ ਸ਼ੂਦਰ ਜਾਨ।*
*ਜਉ ਕੁਕਰਮੀ ਅਸ਼ੁਧ ਜਨ, ਤਿੰਨਹੀ ਨ ਸ਼ੂਦਰ ਮਾਨ॥*

– *ਊਚੇ ਕੁਲ ਕੇ ਕਾਰਣੇ, ਬ੍ਰਾਹਮਣ ਕੋਏ ਨ ਹੋਏ।*
*ਜਉ ਜਾਨਹਿ ਬ੍ਰਹਮ ਆਤਮਾ, ਰਵਿਦਾਸ ਬ੍ਰਹਮਣ ਸੋਏ॥*

– *ਦੀਨ ਦੁਖੀ ਕੇ ਹੇਤ ਜਉ, ਵਾਰੈ ਅਪਣੇ ਪ੍ਰਾਣ।*
*ਰਵਿਦਾਸ ਉਹ ਨਰ ਸੂਰ ਕੋ, ਸਾਂਚਾ ਸ਼ਤਰੀ ਜਾਨ॥*

– *ਰਵਿਦਾਸ ਵੈਸ ਸੋਇ ਜਾਨਯੇ, ਜਉ ਸਤ ਕਾਰ ਕਮਾਏ।*
*ਪੁੰਨ ਕਮਾਈ ਸਦਾ ਲਹੈ, ਲੋਰੈ ਸਰਬੱਤ ਸੁਖਾਏ॥*

ਉਪਰੋਕਤ ਵਿਚਾਰਾਂ ਦੇ ਆਧਾਰ ’ਤੇ ਅਸੀਂ ਕਹਿ ਸਕਦੇ ਹਾਂ ਕਿ ਸਤਿਗੁਰੂ ਰਵਿਦਾਸ ਜੀ ਮਹਾਰਾਜ ਇਕ ਮਹਾਨ ਕ੍ਰਾਂਤੀਕਾਰੀ ਨਾਇਕ, ਅਥੱਕ ਕਰਮਯੋਗੀ, ਨਿਰਭੀਕ ਵਕਤਾ, ਵਿਕਾਸਵਾਦੀ ਚਿੰਤਨ ਦੇ ਅਗਰਦੂਤ, ਆਦਰਸ਼ ਸਮਾਜ ਦੇ ਸੁਪਨ–ਦ੍ਰਿਸ਼ਟਾ, ਸ਼ਿਰੋਮਣੀ ਤੇ ਮਹਾਨ ਪਰਉਪਕਾਰੀ ਸੰਤ, ਗੁਰੂ ਵਿਦਵਾਨ ਅਤੇ ਇਕ ਮਹਾਨ ਯੁੱਗ–ਪੁਰਸ਼ ਸਨ ਜਿਨ੍ਹਾਂ ਨੇ ਆਪਣੀ ਪਵਿੱਤਰ ਬਾਣੀ ਰਾਹੀਂ ਪੁਰਾਤਨ ਸੰਸਥਾਪਿਤ ਵਿਚਾਰਾਂ, ਰਸਮਾਂ–ਰਿਵਾਜ਼ਾਂ ਤੇ ਬ੍ਰਾਹਮਣਵਾਦੀ ਕੁਟਿੱਲ–ਨੀਤੀਆਂ ਵਿਰੁੱਧ ਬੜੇ ਪ੍ਰਭਾਵਸ਼ਾਲੀ ਤੇ ਤਰਕਸ਼ੀਲ ਢੰਗ ਨਾਲ ਆਵਾਜ਼ ਉਠਾਈ ਤੇ ਨਵ–ਨਿਰਮਤ ਆਦਰਸ਼ ਸਮਾਜ ਦੇ ਸੰਕਲਪ ਨੂੰ ਉਜਾਗਰ ਕੀਤਾ।

# ਬਾਣੀ

## ਸਿਰੀਰਾਗੁ-1

***ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥***
***ਕਨਕ ਕਟਿਕ ਜਲ ਤਰੰਗ ਜੈਸਾ ॥ ੧ ॥***
***ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥***
***ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥ ੧ ॥ ਰਹਾਉ ॥***
***ਤੁਮ੍ ਜੁ ਨਾਇਕ ਆਛਹੁ ਅੰਤਰਜਾਮੀ ॥***
***ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥ ੨ ॥***
***ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ ॥***
***ਰਵਿਦਾਸ ਸਮ ਦਲ ਸਮਝਾਵੈ ਕੋਊ ॥ ੩ ॥***

**ਸ਼ਬਦ ਅਰਥ** : **ਕਨਕ**-ਸੋਨਾ। **ਕਟਿਕ**- ਗਹਿਣੇ ॥ ੧ ॥ **ਕਰੰਤਾ**-ਕਰਦੇ। **ਅਹੇ ਅਨੰਤਾ**-ਹੇ ਬੇਅੰਤ ਪ੍ਰਭੂ। **ਪਤਿਤ ਪਾਵਨ**-ਪਾਪੀਆਂ ਨੂੰ ਪਵਿੱਤਰ ਕਰਨ ਵਾਲਾ॥ ੧ ॥
**ਨਾਇਕ**- ਮਾਲਿਕ। **ਆਛਹੁ**- ਅਸਾਂ ਦੇ ਹੋ, ਸਾਡੇ ਹੋ। **ਅੰਤਰਜਾਮੀ**- ਦਿਲ ਦੇ ਜਾਣਨਹਾਰ। **ਪ੍ਰਭ ਤੇ**- ਮਾਲਿਕ ਤੋਂ। **ਜਨੁ**- ਸੇਵਕ। **ਜਾਨੀਜੈ**- ਪਛਾਣਿਆ ਜਾਂਦਾ ਹੈ ॥ ੨ ॥
**ਸਰੀਰੁ ਆਰਾਧੈ**- ਸਰੀਰ ਸਿਮਰਨ ਕਰੇ, ਜਦੋਂ ਤੱਕ ਸਰੀਰ ਕਾਇਮ ਹੈ ਉਦੋਂ ਤੱਕ ਮੈਂ ਸਿਮਰਨ ਕਰਾਂ। **ਬੀਚਾਰੁ**-ਸੋਝੀ। **ਦੇਹੂ**-ਬਖ਼ਸ਼ੋ। **ਸਮ ਦਲ**- ਦਲਾਂ ਵਿੱਚ ਇਕ-ਸਮਾਨ ਵਿਆਪਕ ਹੋਣ ਵਾਲਾ॥ ੩ ॥

**ਪਦ ਅਰਥ** : ਹੇ ਅੰਤਰਜਾਮੀ ਪ੍ਰਭੂ! ਆਪ ਜੀ ਤੇ ਮੇਰੇ ਵਿੱਚ, ਮੇਰੇ ਤੇ ਆਪ ਜੀ ਵਿੱਚ ਫ਼ਰਕ ਕਿਹੋ ਜਿਹਾ ਹੈ। ਇਹ ਫ਼ਰਕ ਇਹੋ ਜਿਹਾ ਹੈ ਜਿਵੇਂ ਕਿ ਸੋਨਾ ਤੇ ਸੋਨੇ ਤੋਂ ਬਣੇ ਗਹਿਣੇ ਵਿੱਚ ਜਾਂ ਪਾਣੀ ਤੇ ਪਾਣੀ ਤੋਂ ਉਤਪੰਨ ਹੋਈ ਲਹਿਰ ਵਿੱਚ ਹੈ। (ਸੋਨਾ ਤੇ ਸੋਨੇ ਤੋਂ ਬਣੇ ਗਹਿਣੇ ਰੂਪ ਕਰਕੇ ਵੱਖਰੇ ਦਿਸਦੇ ਹਨ ਪਰ ਅਸਲ ਵਿੱਚ ਇੱਕੋ-ਇਕ ਹਨ ਭਾਵ ਸੋਨਾ ਹਨ। ਪਾਣੀ ਲਹਿਰਾਂ ਵਿੱਚ ਹੁੰਦਾ ਹੈ ਤੇ ਲਹਿਰਾਂ ਪਾਣੀ ਵਿੱਚ ਸਮਾਈਆਂ ਹੁੰਦੀਆਂ ਹਨ।) ਇਸੇ ਤਰ੍ਹਾਂ ਮੇਰੇ ਤੇ ਆਪ ਜੀ ਵਿੱਚ ਵੀ ਕੋਈ ਅੰਤਰ ਨਹੀਂ ਹੈ। ਮੈਂ ਆਪ ਜੀ ਵਿੱਚ ਹਾਂ ਤੇ ਆਪ ਜੀ ਮੇਰੇ ਵਿੱਚ ਹੋ। (ਅਦਵੈਤਵਾਦ ਅਨੁਸਾਰ ਜੀਵ ਤੇ ਬ੍ਰਹਮ ਅਸਲ ਵਿੱਚ ਇਕ ਇਕਾਈ ਹੀ ਹਨ। ਦਵੈਤ (ਦੋ ਹੋਣ) ਦਾ ਭਰਮ ਕੇਵਲ ਨਜ਼ਰ ਦਾ ਭੇਦ-ਮਾਤਰ ਹੀ ਹੈ ਜੋ ਬਾਹਰੀ ਤੇ ਵਿਵਹਾਰੀ ਰੂਪ ਵਿੱਚ ਪ੍ਰਗਟ ਹੁੰਦਾ ਹੈ। ਮੂਲ ਰੂਪ ਵਿੱਚ ਆਤਮਾ, ਪਰਮਾਤਮਾ ਦੀ ਅੰਸ਼ ਹੀ ਹੈ।)॥

ਹੇ ਬੇਅੰਤ ਪ੍ਰਭੂ ਜੀ! ਜੇਕਰ ਅਸੀਂ ਸੰਸਾਰੀ ਜੀਵ ਪਾਪ ਨਾ ਕਰਦੇ ਤਾਂ ਆਪ ਜੀ ਦਾ ਨਾਮ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਕਿਵੇਂ ਹੁੰਦਾ॥ ੧ ॥ ਰਹਾਉ ॥

2. ਹੇ ਦਿਲਾਂ ਦੇ ਜਾਣਨਹਾਰ ਪ੍ਰਭੂ! ਆਪ ਜੀ ਸਾਡੇ ਮਾਲਿਕ ਹੋ ਤੇ ਅਸੀਂ ਆਪ ਜੀ ਦੇ ਸੇਵਕ ਹਾਂ। ਜਿਵੇਂ ਮਾਲਿਕ ਨੂੰ ਦੇਖਦੇ ਹੀ ਪਛਾਣ ਲਈਦਾ ਹੈ ਕਿ ਸੇਵਕ ਕਿਹੋ ਜਿਹਾ ਹੈ ਤੇ ਸੇਵਕ ਤੋਂ ਮਾਲਿਕ ਦੀ ਪਰਖ ਹੋ ਜਾਂਦੀ ਹੈ, ਇਸੇ ਤਰ੍ਹਾਂ ਪ੍ਰਭੂ ਜੀ ਆਪ ਆਪਣੇ ਸੇਵਕਾਂ ਤੋਂ ਤੇ ਸੇਵਕ ਆਪ ਜੀ ਦੇ ਕਾਰਨ

ਹੀ ਜਾਣੇ ਜਾਂਦੇ ਹਨ। [ਭਾਵ ਜੇਕਰ ਲੋਕ ਸੇਵਕ ਨੂੰ ਜਾਣਦੇ ਹਨ ਤੇ ਉਸ ਦੀ ਗੱਲ ਸੁਣਦੇ ਹਨ ਤਾਂ ਇਹ ਸਭ ਕੁਝ ਉਸ ਮਾਲਿਕ-ਪ੍ਰਭੂ ਦੀ ਬਦੌਲਤ ਹੀ ਹੈ। ਉਹ ਕਹਿੰਦੇ ਹਨ ਕਿ ਮੈਂ ਉਸ ਮਾਲਿਕ ਪ੍ਰਭੂ ਦਾ ਸੇਵਕ ਹਾਂ (ਸੋ ਮਾਲਿਕ ਪ੍ਰਭੂ ਤੇ ਸੇਵਕ ਦੀ ਹਸਤੀ ਸਾਂਝੀ ਹੈ।)] ॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਪਰਮਾਤਮਾ ਅੱਗੇ ਅਰਦਾਸ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਹੇ ਪਰਮਾਤਮਾ! ਮੈਨੂੰ ਇਹੋ ਜਿਹੀ ਸੋਝੀ ਬਖ਼ਸ਼ੋ ਕਿ ਜਦੋਂ ਤੱਕ ਮੇਰੇ ਸਰੀਰ ਵਿੱਚ ਪ੍ਰਾਣ ਹਨ ਮੈਂ ਹਰ ਸਾਸ-ਗਰਾਸ ਨਾਲ ਆਪ ਜੀ ਦਾ ਸਿਮਰਨ ਕਰਦਾ ਰਹਾਂ। ਆਪ ਜੀ ਦੀ ਮਿਹਰ ਸਦਕਾ ਮੈਨੂੰ ਕੋਈ ਅਜਿਹਾ ਸੰਤ-ਜਨ ਮਿਲੇ ਜੋ ਕਣ-ਕਣ ਵਿੱਚ ਤੇ ਸਭ ਜੀਵਾਂ ਅੰਦਰ ਇਕ-ਸਮਾਨ ਰੂਪ ਵਿੱਚ ਵਿਆਪਕ ਆਪ ਜੀ ਦੇ ਸਰੂਪ ਦਾ ਗਿਆਨ ਕਰਵਾ ਦੇਵੇ ॥

**ਭਾਵ ਅਰਥ** : ਜੋ ਜੀਵ ਸੰਸਾਰਿਕ ਬੰਧਨਾਂ ਤੋਂ ਮੁਕਤ ਹੋ ਕੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹੈ ਉਹ ਪਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ।

## ਰਾਗੁ ਗਉੜੀ-2

***ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥***
***ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥ ੧ ॥***
***ਰਾਮ ਗੁਸਈਆ ਜੀਅ ਕੇ ਜੀਵਨਾ ॥***
***ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥ ੧ ॥ ਰਹਾਉ ॥***
***ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ॥***
***ਚਰਨ ਨ ਛਾਡਉ ਸਰੀਰ ਕਲ ਜਾਈ ॥ ੨ ॥***
***ਕਹੁ ਰਵਿਦਾਸ ਪਰਉ ਤੇਰੀ ਸਾਭਾ ॥***
***ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ ॥ ੩ ॥ ੧ ॥***

**ਸ਼ਬਦ ਅਰਥ** : **ਪੋਚ**-ਨੀਚ, ਭੈੜੀ। **ਕੁਟਿਲਤਾ**-ਖੋਟਾ। **ਕੁਭਾਂਤੀ**- ਚੰਗੀ ਭਾਂਤ ਨਾ ਹੋਣਾ, ਨੀਵੀਂ ਕਿਸਮ ਦਾ॥ ੧॥ **ਗੁਸਈਆ**- ਗੁ ਤੋਂ ਭਾਵ ਹੈ ਪ੍ਰਿਥਵੀ ਤੇ ਸਈਆ ਤੋਂ ਸੁਆਮੀ, ਹੇ ਧਰਤੀ ਦੇ ਮਾਲਿਕ-ਪ੍ਰਭੂ। **ਜੀਅ ਕੇ**-ਜ਼ਿੰਦ ਦੇ। **ਬਿਸਾਰਹੁ**- ਭੁਲਾਉਣਾ। **ਜਨੁ**-ਦਾਸ, ਸੇਵਕ॥ ੧॥ ਰਹਾਉ॥

**ਹਰਹੁ**-ਦੂਰ ਕਰੋ। **ਬਿਪਤਿ**-ਦੁੱਖ, ਮੁਸੀਬਤ। **ਕਰਹੁ**-ਬਣਾ ਲਉ। **ਸੁਭਾਈ**-ਚੰਗੀ ਭਾਵਨਾ ਵਾਲਾ। **ਨ ਛਾਡਉ**-ਨਹੀਂ ਛੱਡਾਗਾਂ। **ਕਲ**-ਸਤਿਆ। **ਜਾਈ**-ਚਲੇ ਜਾਵੇ॥ ੨॥ **ਸਾਭਾ**-ਸੰਭਾਲ, ਸ਼ਰਨ। **ਬੇਗਿ**-ਛੇਤੀ। **ਬਿਲਾਂਬਾ**-ਦੇਰੀ॥ ੩॥ ੧॥

**ਪਦ ਅਰਥ** : ਹੇ ਪ੍ਰਭੂ! ਮੇਰੀ ਸੰਗਤ ਨੀਚ ਕਹੇ ਜਾਣ ਵਾਲੇ ਲੋਕਾਂ ਨਾਲ ਹੈ, ਕਥਿਤ ਸ਼ੂਦਰਾਂ ਨਾਲ ਹੈ। ਮੈਨੂੰ ਦਿਨ-ਰਾਤ ਇਹੋ ਸੋਚ ਲੱਗੀ ਰਹਿੰਦੀ ਹੈ ਕਿ ਇਨ੍ਹਾਂ ਦਾ ਕੀ ਬਣੇਗਾ? ਇਨ੍ਹਾਂ ਦਾ ਕਲਿਆਣ ਕਿਵੇਂ ਹੋਵੇਗਾ? ਹੇ ਪ੍ਰਭੂ! ਮੇਰਾ ਪੇਸ਼ਾ ਵੀ ਲੋਕਾਂ ਦੀਆਂ ਨਜ਼ਰਾਂ ਵਿੱਚ ਨੀਵੀਂ ਕਿਸਮ ਦਾ ਮੰਨਿਆ ਜਾਂਦਾ ਹੈ, ਉਹ ਇਸਨੂੰ ਖੋਟਾ ਸਮਝਦੇ ਹਨ ਤੇ ਮੇਰਾ ਜਨਮ ਵੀ ਨੀਵੀਂ ਕਹੀ ਜਾਣ ਵਾਲੀ

ਜਾਤ 'ਸ਼ੂਦਰ-ਚਮਾਰ' ਵਿੱਚ ਹੋਇਆ ਹੈ॥

ਹੇ ਮੇਰੇ ਰਾਮ! ਹੇ ਧਰਤੀ ਦੇ ਮਾਲਿਕ-ਪ੍ਰਭੂ! ਆਪ ਜੀ ਮੇਰੇ ਜੀਵਨ ਦੇ ਆਧਾਰ ਹੋ, ਮੇਰੀ ਜ਼ਿੰਦ ਦੇ ਆਸਰੇ ਹੋ। ਮੈਂ ਆਪ ਜੀ ਦਾ ਦਾਸ ਹਾਂ। (ਦੁਨੀਆਂ ਦੇ ਲੋਕ ਚਾਹੇ ਮੈਨੂੰ ਨਕਾਰਨ, ਨਜ਼ਰ-ਅੰਦਾਜ਼ ਕਰਨ) ਪਰ ਆਪ ਜੀ ਕਿਰਪਾ ਕਰਕੇ ਮੈਨੂੰ ਆਪਣੇ ਦਿਲੋਂ ਕਦੇ ਵੀ ਨਾ ਭੁਲਾਉਣਾ ਜੀ॥ ੧॥ ਰਹਾਉ॥

2. ਹੇ ਪ੍ਰਭੂ! ਮੇਰੀਆਂ ਸਾਰੀਆਂ ਮੁਸੀਬਤਾਂ ਤੇ ਕਸ਼ਟਾਂ ਨੂੰ ਖ਼ਤਮ ਕਰੋ ਜੀ ਤੇ ਮੈਨੂੰ ਚੰਗੀ ਭਾਵਨਾ ਵਾਲਾ ਬਣਾ ਦਿਉ ਜੀ। ਹੇ ਪ੍ਰਭੂ! ਮੇਰੇ 'ਤੇ ਇਸ ਦਾਤ ਦੀ ਵੀ ਬਖ਼ਸ਼ਿਸ਼ ਕਰੋ ਕਿ ਭਾਵੇਂ ਮੇਰੇ ਸਰੀਰ ਦੀ ਸੱਤਿਆ ਚਲੀ ਜਾਵੇ ਅਰਥਾਤ ਭਾਵੇਂ ਮੇਰਾ ਸਰੀਰ ਖੁਰਦ-ਬੁਰਦ ਤੇ ਖ਼ਰਾਬ ਹੋ ਜਾਵੇ ਪਰ ਮੈਂ ਆਪ ਜੀ ਦੇ ਚਰਨਾਂ ਨੂੰ ਕਦੀ ਵੀ ਨਾ ਛੱਡਾਂ। (ਭਾਵ ਮੈਂ ਆਪ ਜੀ ਦੇ ਨਾਮ ਤੇ ਗੁਣਾਂ ਨੂੰ ਹਮੇਸ਼ਾ ਮਨ ਵਿੱਚ ਵਸਾਈ ਰੱਖਾਂ ਤੇ ਉਨ੍ਹਾਂ ਅਨੁਸਾਰ ਆਪਣਾ ਆਚਰਣ ਬਣਾਵਾਂ।)॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਪਰਮਾਤਮਾ ਅੱਗੇ ਅਰਜੋਈ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਮੈਂ ਆਪ ਜੀ ਦੇ ਦਰਸ਼ਨਾਂ ਦੀ ਅਭਿਲਾਸ਼ਾ ਨਾਲ ਆਪ ਜੀ ਦੀ ਸ਼ਰਨ ਵਿੱਚ ਆਇਆ ਹਾਂ। ਆਪ ਆਪਣੇ ਸੇਵਕ ਨੂੰ ਛੇਤੀ-ਛੇਤੀ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ ਜੀ ਤੇ ਹੋਰ ਦੇਰੀ ਨਾ ਕਰੋ ਜੀ॥

**ਭਾਵ ਅਰਥ** : ਪਰਮਾਤਮਾ ਅੱਗੇ ਅਰਦਾਸ ਕਰਨੀ ਚਾਹੀਦੀ ਹੈ ਕਿ ਉਹ ਚੰਗੀ ਸੰਗਤ ਦੀ ਸੋਝੀ ਬਖ਼ਸ਼ੇ ਤੇ ਭੈੜੀ ਸੰਗਤ ਤੋਂ ਬਚਾਈ ਰੱਖੇ।

## ਰਾਗੁ ਗਉੜੀ-3

***ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥***
***ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥ ੧॥***
***ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ॥ ੧॥ ਰਹਾਉ॥***
***ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ ਏਕ ਸੋ ਆਹੀ॥***
***ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥ ੨॥***
***ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ ਮਹਲ ਨ ਕੋ ਅਟਕਾਵੈ॥***
***ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤੁ ਹਮਾਰਾ॥ ੩॥ ੨॥***

**ਸ਼ਬਦ ਅਰਥ** : **ਬੇਗਮਪੁਰਾ**- ਗ਼ਮ ਤੋਂ ਰਹਿਤ ਸ਼ਹਿਰ। **ਅੰਦੋਹੁ**- ਚਿੰਤਾ। **ਠਾਉ**- ਥਾਂ। **ਤਸਵੀਸ**- ਘਬਰਾਹਟ। **ਖਿਰਾਜੁ**- ਟੈਕਸ, ਮਸੂਲ। **ਮਾਲੁ**- ਧਨ-ਦੌਲਤ, ਸੰਪਦਾ। **ਖਉਫੁ**- ਡਰ, ਭੈਅ। **ਖਤਾ**- ਗਲਤੀ, ਭੁੱਲ, ਦੋਸ਼। **ਜਵਾਲੁ**- ਘਾਟਾ॥ ੧॥

**ਖੂਬ**- ਚੰਗੀ। **ਵਤਨ**- ਸ਼ਹਿਰ। **ਗਹ**- ਥਾਂ, ਜਗ੍ਹਾ। **ਖੈਰਿ**- ਸੁੱਖ-ਸ਼ਾਂਤੀ, ਖੈਰੀਅਤ॥ ੧॥

**ਕਾਇਮੁ**- ਅਟੱਲ ਰਹਿਣ ਵਾਲਾ। **ਦਾਇਮੁ**- ਸਦਾ। **ਦੋਮ ਨ ਸੇਮ**- ਦੂਜਾ ਨਾ ਤੀਜਾ। **ਏਕ ਸੋ ਆਹੀ**- ਏਕ ਸਮਾਨ, ਇਕੋ ਜੈਸਾ। **ਆਬਾਦਾਨੁ**- ਆਬਾਦ ਵਸਦਾ। **ਗਨੀ**- ਧਨੀ। **ਮਾਮੂਰ**- ਰੱਜੇ ਪੁੱਜੇ॥ ੨॥

**ਸੈਲ ਕਰਹਿ**- ਤੁਰਦੇ-ਫਿਰਦੇ। **ਜਿਉ ਭਾਵੈ**- ਮਨ ਮਰਜ਼ੀ ਨਾਲ। **ਮਹਰਮ ਮਹਲ**- ਮਹਿਲ ਦੇ

ਵਾਕਿਫ਼, ਭੇਤੀ। **ਅਟਕਾਵੈ**- ਰੋਕਣਾ। **ਖਲਾਸ**- ਬੰਧਨਾ ਤੋਂ ਮੁਕਤੀ ਪਾਉਣਾ। **ਹਮ ਸਹਰੀ**- ਇਕੋ ਸ਼ਹਿਰ ਦੇ ਵਸਨੀਕ। **ਮੀਤੁ**- ਮਿੱਤਰ॥ ੩॥

**ਪਦ ਅਰਥ** : ਗੁਰੂ ਰਵਿਦਾਸ ਜੀ ਮਹਾਰਾਜ ਇਸ ਸ਼ਬਦ ਵਿੱਚ ਜਿਸ ਆਤਮਿਕ ਅਵਸਥਾ ਦਾ ਵਰਣਨ ਕਰਦੇ ਹਨ ਉਸ ਨੂੰ ਜੀਵ ਆਪਣੀ ਇਸ ਜ਼ਿੰਦਗੀ ਵਿੱਚ ਹੀ ਅਨੁਭਵ ਕਰ ਸਕਦਾ ਹੈ ਬੇ-ਸ਼ਰਤੇ ਕਿ ਜੀਵ ਜੀਵਨ ਦੇ ਸਹੀ ਰਸਤੇ 'ਤੇ ਚੱਲੇ। ਆਪ ਜੀ ਫ਼ਰਮਾਂਦੇ ਹਨ ਕਿ ਜਿਸ ਸ਼ਹਿਰ ਦਾ ਮੈਂ ਵਾਸੀ ਹਾਂ ਉਸ ਸ਼ਹਿਰ ਦਾ ਨਾਮ 'ਬੇਗ਼ਮਪੁਰਾ' ਹੈ ਭਾਵ ਉਹ ਸ਼ਹਿਰ ਸਭ ਤਰ੍ਹਾਂ ਦੇ ਗ਼ਮਾਂ ਤੋਂ ਰਹਿਤ ਹੈ। ਉਸ ਆਤਮਿਕ ਅਵਸਥਾ-ਰੂਪੀ ਸ਼ਹਿਰ ਵਿੱਚ ਸਦਾ ਸੁੱਖ ਹੀ ਵਸਦਾ ਹੈ। ਉਸ ਸ਼ਹਿਰ ਵਿੱਚ ਕਿਸੇ ਪ੍ਰਕਾਰ ਦੀ ਕੋਈ ਦੁੱਖ-ਤਕਲੀਫ਼ ਨਹੀਂ, ਕੋਈ ਚਿੰਤਾ ਨਹੀਂ ਤੇ ਨਾ ਹੀ ਕਿਸੇ ਨੂੰ ਕੋਈ ਘਬਰਾਹਟ ਹੈ। ਉਸ ਸ਼ਹਿਰ ਵਿੱਚ ਕੋਈ ਦੁਨੀਆਵੀ ਧਨ-ਦੌਲਤ ਤੇ ਜਾਇਦਾਦ ਆਦਿਕ ਵੀ ਨਹੀਂ ਹੈ ਤੇ ਨਾ ਹੀ ਉੱਥੇ ਕੋਈ ਟੈਕਸ ਦੇਣਾ ਪੈਂਦਾ ਹੈ। ਉਹ ਸ਼ਹਿਰ ਭੁੱਲ, ਗ਼ੁਨਾਹ ਤੇ ਪਾਪ ਤੋਂ ਰਹਿਤ ਹੈ। ਕਿਉਂਕਿ ਉੱਥੇ ਕੋਈ ਡਰ, ਖ਼ਤਾ ਜਾਂ ਗ਼ਲਤੀ ਹੁੰਦੀ ਹੀ ਨਹੀਂ ਇਸ ਲਈ ਉੱਥੇ ਕੋਈ ਤਰਸ ਦਾ ਪਾਤਰ ਵੀ ਨਹੀਂ ਹੈ। ਉੱਥੋਂ ਦੇ ਵਸਨੀਕ ਭੈਅ-ਰਹਿਤ ਰਹਿੰਦੇ ਹਨ। ਉੱਥੇ ਕਿਸੇ ਕਿਸਮ ਦਾ ਘਾਟਾ ਜਾਂ ਪਤਨ ਵੀ ਨਹੀਂ ਹੁੰਦਾ॥

ਹੇ ਭਾਈ! ਹੁਣ ਮੈਂ ਰਹਿਣ ਵਾਸਤੇ 'ਬੇਗਮਪੁਰਾ ਸ਼ਹਿਰ' ਇਕ ਚੰਗੀ ਜਗ੍ਹਾ ਲੱਭ ਲਈ ਹੈ, ਜੋ ਅਨਾਦਿ ਹੈ, ਅਨੰਤ ਹੈ ਤੇ ਨਾ ਖੁੱਸਣ ਵਾਲੀ ਹੈ। ਇਸ ਸ਼ਹਿਰ ਵਿੱਚ ਸਦਾ ਖ਼ੈਰ ਹੀ ਖ਼ੈਰ ਹੈ, ਮੰਗਲ ਹੀ ਮੰਗਲ ਹੈ। ਉੱਥੇ ਸਦਾ ਸੁੱਖ ਸ਼ਾਂਤੀ ਬਣੀ ਰਹਿੰਦੀ ਹੈ॥ ੧॥ ਰਹਾਉ॥

2. ਹੇ ਭਾਈ! ਉਸ ਸ਼ਹਿਰ ਦੀ ਪਾਤਿਸ਼ਾਹੀ (ਪਾਰਬ੍ਰਹਮ ਪਰਮੇਸ਼ਰ) ਸਦਾ ਸਥਿਰ ਰਹਿਣ ਵਾਲੀ ਹੈ, ਅਮਰ ਹੈ, ਨਿੱਤ ਹੈ। ਉਸ ਪਾਤਿਸ਼ਾਹੀ ਦਾ ਕੋਈ ਸਾਨੀ ਨਹੀਂ, ਕੋਈ ਦੂਜਾ ਜਾਂ ਤੀਜਾ ਉਸ ਦੀ ਥਾਂ ਨਹੀਂ ਲੈ ਸਕਦਾ ਭਾਵ ਕੋਈ ਦੇਵੀ-ਦੇਵਤਾ ਉਸ ਦੀ ਥਾਂ ਨਹੀਂ ਲੈ ਸਕਦਾ। (ਦੂਜਾ ਅਰਥ- ਉੱਥੇ ਦੇ ਸਾਰੇ ਵਸਨੀਕ ਇਕ ਸਮਾਨ ਹਨ ਤੇ ਕੋਈ ਵੀ ਦੂਜੇ ਜਾਂ ਤੀਜੇ ਦਰਜੇ ਦਾ ਨਹੀਂ ਹੈ। ਉੱਥੇ ਕਿਸੇ ਵੀ ਤਰ੍ਹਾਂ ਦੀ ਕੋਈ ਦੂਈ-ਦਵੈਤ ਨਹੀਂ ਹੈ) ਬੇਗਮਪੁਰਾ ਸਦਾ ਵਸਦਾ-ਰਸਦਾ ਰਹਿਣ ਵਾਲਾ ਮਸ਼ਹੂਰ ਸ਼ਹਿਰ ਹੈ। ਉੱਥੇ ਆਤਮਿਕ ਤੌਰ 'ਤੇ ਰੱਜੇ-ਪੁੱਜੇ ਹੋਏ ਧਨੀ ਲੋਕ ਵਸਦੇ ਹਨ (ਉਨ੍ਹਾਂ ਨੂੰ ਕਿਸੇ ਵੀ ਚੀਜ਼ ਦੀ ਕੋਈ ਤੋਟ ਨਹੀਂ ਆਉਂਦੀ।)॥

3. ਉਸ ਸ਼ਹਿਰ ਦੇ ਵਾਸੀ ਆਪਣੀ ਮਨ ਮਰਜ਼ੀ ਅਨੁਸਾਰ ਸੈਰ ਕਰਦੇ ਹਨ, ਜਿੱਥੇ ਜੀਅ ਚਾਹੇ ਆ-ਜਾ ਸਕਦੇ ਹਨ। ਉਨ੍ਹਾਂ ਨੂੰ ਅਜਿਹਾ ਕਰਨ ਤੋਂ ਮਹਿਲਾਂ ਦਾ ਕੋਈ ਵੀ ਭੇਤੀ ਰੋਕਦਾ-ਟੋਕਦਾ ਨਹੀਂ। (ਇਹ ਸ਼ਹਿਰ ਅਸਲ ਵਿੱਚ ਰੱਬੀ ਮਹਿਲ ਹੈ ਜਿੱਥੇ ਆਤਮਿਕ ਆਨੰਦ ਦੀ ਰੌ ਹਮੇਸ਼ਾ ਬਣੀ ਰਹਿੰਦੀ ਹੈ।) ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਮੈਂ ਪ੍ਰਭੂ ਦੇ ਨਾਮ ਦਾ ਸਿਮਰਨ ਕਰਕੇ ਸੰਸਾਰ ਦੇ ਬੰਧਨਾਂ (ਜਿਵੇਂ ਦੁੱਖ, ਅੰਦੋਹ, ਤਰਸ, ਜਵਾਲ ਆਦਿ) ਤੋਂ ਖ਼ਲਾਸੀ ਪਾ ਲਈ ਹੈ ਤੇ

ਇਸ ਸੋਹਣੇ ਸ਼ਹਿਰ ਦਾ ਵਾਸੀ ਹੋ ਗਿਆ ਹਾਂ। ਸੰਸਾਰ ਦੇ ਬੰਧਨਾਂ ਤੋਂ ਮੁਕਤੀ ਪ੍ਰਾਪਤ ਕਰ ਚੁੱਕਾ ਇਸ ਸ਼ਹਿਰ ਦਾ ਹਰੇਕ ਵਸਨੀਕ ਮੇਰਾ ਮਿੱਤਰ ਤੇ ਮੇਰਾ ਹਮ ਸ਼ਹਿਰੀ ਹੈ॥

**ਭਾਵ ਅਰਥ** : ਜੀਵ ਪਰਮਾਤਮਾ ਦੇ ਨਾਮ-ਸਿਮਰਨ ਦੀ ਬਰਕਤਿ ਨਾਲ ਸੰਸਾਰ ਦੇ ਸਾਰੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ ਤੇ ਅਜਿਹੀ ਆਤਮਿਕ ਅਵਸਥਾ ਨੂੰ ਪ੍ਰਾਪਤ ਕਰਦਾ ਹੈ ਜਿੱਥੇ ਸਦੀਵੀ ਆਨੰਦ ਹੀ ਆਨੰਦ ਬਣਿਆ ਰਹਿੰਦਾ ਹੈ।

**'ਬੇਗਮਪੁਰਾ'- ਇਕ ਕਲਿਆਣਕਾਰੀ ਸਮਾਜਵਾਦੀ ਰਾਜ ਦੀ ਸੰਕਲਪਨਾ :-**

ਆਮ ਤੌਰ 'ਤੇ ਇਸ ਸ਼ਬਦ ਦੇ ਅਰਥ ਧਾਰਮਿਕ ਪ੍ਰਸੰਗ ਵਿੱਚ ਲਏ ਜਾਂਦੇ ਹਨ ਪਰ ਗਹੁ ਨਾਲ ਵਿਚਾਰੀਏ ਤਾਂ ਪਤਾ ਲੱਗਦਾ ਹੈ ਕਿ ਇਹ ਸ਼ਬਦ ਰਾਜਨੀਤਿਕ ਦਰਸ਼ਨ ਵੱਲ ਵੀ ਓਨਾਂ ਹੀ ਸੰਕੇਤ ਕਰਦਾ ਹੈ ਜਿੰਨਾਂ ਕਿ ਧਾਰਮਿਕ ਦਰਸ਼ਨ ਵੱਲ। ਗੁਰੂ ਰਵਿਦਾਸ ਮਹਾਰਾਜ ਜੀ ਨੇ ਇਸ ਸ਼ਬਦ ਰਾਹੀਂ ਸਮਾਜ ਨੂੰ ਇਕ ਆਦਰਸ਼ ਮਾਡਲ ਬਣਾਉਣ ਦਾ ਵਿਧੀ-ਵਿਧਾਨ ਪੇਸ਼ ਕੀਤਾ ਹੈ। ਆਪ ਜੀ ਨੇ ਅਜਿਹੇ ਸਮਾਜਵਾਦੀ ਲੋਕਤੰਤਰ ਰਾਜ ਦੀ ਸੰਕਲਪਨਾ ਪ੍ਰਸਤੁਤ ਕੀਤੀ ਹੈ ਜਿੱਥੇ ਸਭ ਜੀਵਾਂ ਵਿੱਚ ਏਕਤਾ, ਸਮਾਨਤਾ ਤੇ ਸਾਂਝੀ-ਵਾਲਤਾ ਹੋਵੇ, ਸਮਾਜ ਵਿੱਚ ਕੋਈ ਦੂਜੇ-ਤੀਜੇ ਦਰਜੇ ਦਾ ਵਰਗੀਕਰਨ ਨਾ ਹੋਵੇ, ਦੁੱਖ-ਤਕਲੀਫ਼ਾਂ ਤੋਂ ਰਹਿਤ ਜ਼ਿੰਦਗੀ ਹੋਵੇ, ਟੈਕਸ ਦਾ ਭਾਰ ਨਾ ਹੋਵੇ, ਰਾਹਾਂ ਵਿੱਚ ਰੁਕਾਵਟ ਨਾ ਹੋਵੇ, ਸਵੈ-ਨਿਰਭਰਤਾ ਹੋਵੇ, ਲੋਕਾਂ ਵਿੱਚ ਨਿਰਭੈਤਾ ਤੇ ਨਿਰਵੈਰਤਾ ਹੋਵੇ। ਇਕ ਅਜਿਹਾ ਵਿਸ਼ਵ-ਬੰਧੂਤਵ ਭਰਪੂਰ ਰਾਜ ਜੋ ਪ੍ਰਾਧੀਨਤਾ-ਰਹਿਤ, ਸਾਮੰਤਵਾਦ-ਰਹਿਤ ਤੇ ਪੂੰਜੀਵਾਦ-ਰਹਿਤ ਹੋਵੇ। ਜਿੱਥੇ ਸਭਨਾਂ ਨੂੰ ਇੱਜ਼ਤ-ਮਾਣ ਮਿਲੇ। ਜਿੱਥੇ ਕੋਈ ਵੀ ਜੀਵ ਮਾਯੂਸੀ, ਮਜ਼ਬੂਰੀ ਤੇ ਲਾਚਾਰੀ ਵਿੱਚ ਨਿਰਾਸ ਆਪਣਾ ਜੀਵਨ ਬਤੀਤ ਨਾ ਕਰੇ, ਜਿੱਥੇ ਜਾਤ-ਪਾਤ, ਊਚ-ਨੀਚ, ਛੂਆ-ਛਾਤ, ਧਰਮ-ਮੱਜ਼ਹਬ, ਅਮੀਰ-ਗਰੀਬ, ਕਾਲੇ-ਗੋਰੇ, ਇਸਤਰੀ-ਪੁਰਸ਼, ਬ੍ਰਾਹਮਣ-ਚੰਡਾਲ, ਰਾਜਾ-ਰੰਕ ਆਦਿਕ ਦੀਆਂ ਹੱਦ-ਬੰਦੀਆਂ ਨਾ ਹੋਣ, ਜਿੱਥੇ ਵਰਣ-ਵੰਡ, ਸ਼੍ਰੇਣੀ-ਵੰਡ, ਜ਼ਬਰ-ਜ਼ੁਲਮ, ਧੋਖਾ-ਠੱਗੀ, ਵਹਿਮ-ਪ੍ਰਸਤੀ ਤੇ ਪਾਖੰਡਵਾਦ ਨਾ ਹੋਵੇ। ਜਿੱਥੇ ਸਾਰੇ ਪਾਸੇ ਆਨੰਦ ਹੀ ਆਨੰਦ ਹੋਵੇ ਤੇ ਹਮਦਰਦੀ ਦੀ ਜ਼ਰੂਰਤ ਹੀ ਨਾ ਪਵੇ, ਜਿੱਥੇ ਕੋਈ ਤਾਕਤਵਰ ਕਮਜ਼ੋਰ ਨੂੰ ਨਾ ਸਤਾਏ, ਜਿੱਥੇ ਪੂਰਾ ਨਿਆਂ ਹੋਵੇ ਤੇ ਸਭ ਇਕ-ਦੂਜੇ ਦੇ ਮਿੱਤਰ ਹੋਣ। ਜਿੱਥੇ ਸਮਾਜਿਕ, ਰਾਜਨੀਤਿਕ, ਆਰਥਿਕ, ਸੱਭਿਆਚਾਰਕ ਤੇ ਅਧਿਆਤਮਿਕ ਅਧਿਕਾਰ ਸਮਾਨ ਰੂਪ ਵਿੱਚ ਸਭ ਨੂੰ ਪ੍ਰਾਪਤ ਹੋਣ। ਜਿੱਥੇ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਹੋਣ ਤੇ ਲੋਕ ਖ਼ੁਸ਼ਹਾਲ ਜੀਵਨ ਗੁਜ਼ਾਰਨ।

ਜੇਕਰ ਵਿਸ਼ਵ ਦੇ ਇਤਿਹਾਸ ਨੂੰ ਪੜਚੋਲਿਆ ਜਾਏ ਤਾਂ ਪਤਾ ਲੱਗਦਾ ਹੈ ਕਿ 18ਵੀਂ ਸਦੀ (ਸੰਨ 1789) ਵਿੱਚ ਹੋਈ ਫ਼ਰਾਂਸ ਦੀ ਕ੍ਰਾਂਤੀ ਜਿਸ ਨੇ ਦੁਨੀਆਂ ਦੇ ਮੁਲਕਾਂ ਦੀ ਰਾਜਨੈਤਿਕ ਤੇ ਸਮਾਜਿਕ ਪ੍ਰਸਥਿਤੀਆਂ ਨੂੰ ਬਦਲਿਆ ਤੇ ਜਨ-ਸਾਧਾਰਨ 'ਤੇ ਆਪਣੀ ਅਮਿੱਟ ਛਾਪ ਛੱਡੀ, ਉਹ ਵੀ ਸਤਿਗੁਰੂ ਮਹਾਰਾਜ ਜੀ ਦੇ

ਸਮਾਨਤਾ, ਸਵਤੰਤਰਤਾ ਤੇ ਭਾਈਚਾਰੇ ਦੀ ਭਾਵਨਾ ਵਾਲੇ 'ਬੇਗਮਪੁਰਾ ਸਿਧਾਂਤ' 'ਤੇ ਹੀ ਆਧਾਰਿਤ ਸੀ। ਦੁਨੀਆਂ ਦੇ ਮਹਾਨ ਦਾਰਸ਼ਨਿਕ 'ਕਾਰਲ ਮਾਰਕਸ'(1818 –1883) ਵੱਲੋਂ 19ਵੀਂ ਸਦੀ (ਸੰਨ 1867) ਵਿੱਚ ਰਚੀ ਗਈ ਜਗਤ ਪ੍ਰਸਿੱਧ ਰਚਨਾ 'ਦ ਦਾਸ ਕੈਪੀਟਲ' (The Das Capital) ਜਿਸ ਨੇ ਦੁਨੀਆਂ ਦੇ ਦੇਸ਼ਾਂ ਨੂੰ ਸਮਾਜਵਾਦ ਵੱਲ ਆਕਰਸ਼ਿਤ ਕੀਤਾ, ਉਹ ਵੀ 'ਬੇਗਮਪੁਰਾ' ਵਾਲੇ ਸਮਾਜਵਾਦੀ ਸਿਧਾਂਤਾਂ 'ਤੇ ਹੀ ਆਧਾਰਿਤ ਸੀ। 'ਬੇਗਮਪੁਰੇ' ਦੇ ਸਿਧਾਂਤਾਂ ਨੂੰ ਦੁਨੀਆਂ ਦੇ ਲਗਪਗ ਸਾਰੇ ਦੇਸ਼ਾਂ ਨੇ ਆਪੋ-ਆਪਣੇ ਸੰਵਿਧਾਨਾਂ ਵਿੱਚ ਅਪਣਾਇਆ ਹੈ ਤੇ ਅੰਤਰ-ਰਾਸ਼ਟਰੀ ਸੰਸਥਾਵਾਂ ਜਿਵੇਂ ਯੂ. ਐੱਨ. ਓ. (ਯੂਨਾਈਟਿਡ ਨੇਸ਼ਨ ਆਰਗੇਨਾਈਜੇਸ਼ਨ) ਤੇ ਐੱਚ. ਆਰ. ਓ. (ਹਿਊਮਨ-ਰਾਈਟਸ ਸੰਗਠਨ) ਆਦਿਕ ਨੇ ਵੀ ਆਪੋ-ਆਪਣੇ ਘੋਸ਼ਨਾ-ਪੱਤਰ ਵਿੱਚ ਯੋਗ ਸਥਾਨ ਦਿੱਤਾ ਹੈ।

ਭਾਰਤੀ ਸੰਵਿਧਾਨ ਦੇ ਮੁੱਖ ਸ਼ਿਲਪਕਾਰ 'ਭਾਰਤ ਰਤਨ' ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੇ ਵੀ ਸਤਿਗੁਰੂ ਮਹਾਰਾਜ ਜੀ ਦੀ ਬਾਣੀ ਦੇ ਅਨੇਕਾਂ ਸਿਧਾਂਤਾਂ ਜਿਵੇਂ ਕਿ ਸਮਾਜਿਕ ਨਿਆਂ, ਪੂਰਨ ਸੁਤੰਤਰਤਾ, ਆਪਸੀ ਭਾਈਚਾਰਾ ਤੇ ਧਰਮ ਨਿਰਪੇਖਤਾ ਆਦਿ ਨੂੰ ਸੰਵਿਧਾਨ ਵਿੱਚ ਯੋਗ ਸਥਾਨ ਦਿੱਤਾ ਹੈ। ਭਾਰਤੀ ਸੰਵਿਧਾਨ ਦੇ ਅਨੁਛੇਦ 14 ਅਨੁਸਾਰ ਕਾਨੂੰਨ ਅੱਗੇ ਸਾਰੇ ਵਿਅਕਤੀ ਇਕ ਸਮਾਨ ਹਨ। ਅਨੁਛੇਦ 15 ਅਨੁਸਾਰ ਕਿਸੇ ਵੀ ਵਿਅਕਤੀ ਨਾਲ ਧਰਮ, ਨਸਲ, ਜਾਤ, ਲਿੰਗ ਜਾਂ ਜਨਮ-ਸਥਾਨ ਦੇ ਆਧਾਰ 'ਤੇ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ। ਅਨੁਛੇਦ 16 ਅਨੁਸਾਰ ਲੋਕ-ਰੁਜ਼ਗਾਰ ਵਿੱਚ ਸਭ ਨੂੰ ਸਮਾਨ ਅਵਸਰ ਦਿੱਤੇ ਜਾਣਗੇ। ਅਨੁਛੇਦ 17 ਰਾਹੀਂ ਛੂਆ-ਛਾਤ ਦਾ ਅੰਤ ਕੀਤਾ ਗਿਆ ਹੈ, ਇਸ ਦਾ ਕਿਸੇ ਵੀ ਰੂਪ ਵਿੱਚ ਆਚਰਣ ਕਰਨਾ ਵਰਜਿਤ ਹੈ। ਅਨੁਛੇਦ 19 ਰਾਹੀਂ ਸਭਨਾਂ ਨੂੰ ਕਿਸੇ ਵੀ ਥਾਂ 'ਤੇ ਆਉਣ-ਜਾਣ ਤੇ ਵਸਣ ਦਾ, ਬੋਲਣ ਤੇ ਆਪਣੇ ਭਾਵ ਪ੍ਰਗਟ ਕਰਨ ਦਾ ਅਤੇ ਕਿਸੇ ਵੀ ਕਿੱਤੇ ਜਾਂ ਕਾਰੋਬਾਰ ਨੂੰ ਕਰਨ ਦਾ ਪੂਰਨ ਅਧਿਕਾਰ ਹੈ। ਅਨੁਛੇਦ 21 ਰਾਹੀਂ ਸਭਨਾਂ ਨੂੰ ਨਿੱਜੀ ਸੁਤੰਤਰਤਾ ਤੇ ਜੀਵਨ ਜਿਊਣ ਦਾ ਅਧਿਕਾਰ ਹੈ। ਅਨੁਛੇਦ 23 ਅਨੁਸਾਰ ਕੋਈ ਵੀ ਵਿਅਕਤੀ ਕਿਸੇ ਦਾ ਕਿਸੇ ਵੀ ਢੰਗ ਨਾਲ ਸੋਸ਼ਣ ਨਹੀਂ ਕਰ ਸਕਦਾ। ਅਨੁਛੇਦ 25 ਅਨੁਸਾਰ ਕਿਸੇ ਵੀ ਧਰਮ ਨੂੰ ਮੰਨਣ, ਉਸ 'ਤੇ ਚੱਲਣ ਅਤੇ ਉਸ ਦੇ ਪ੍ਰਚਾਰ ਕਰਨ ਦੀ ਸਭ ਨੂੰ ਸਮਾਨ ਤੌਰ 'ਤੇ ਸੁਤੰਤਰਤਾ ਹੈ। ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ ਇਸ ਤਰ੍ਹਾਂ ਦੇ ਹੋਣਗੇ ਕਿ ਸਭ ਨੂੰ ਸਮਾਨ ਤੌਰ 'ਤੇ ਜੀਵਿਕਾ ਕਮਾਉਣ ਦਾ ਹੱਕ ਹੋਵੇਗਾ, ਸਭ ਨੂੰ ਸਮਾਜਿਕ, ਆਰਥਿਕ ਤੇ ਰਾਜਨੀਤਿਕ ਨਿਆਂ ਮਿਲੇਗਾ ਅਤੇ ਸਮਾਜ ਦੇ ਪਦਾਰਥਕ ਵਸੀਲਿਆਂ ਦੀ ਮਾਲਕੀ ਵਿੱਚ ਸਭਨਾਂ ਦੀ ਸਾਂਝੀਵਾਲਤਾ ਹੋਵੇਗੀ ਆਦਿਕ-ਆਦਿਕ ਅਨੇਕਾਂ ਉਦਾਹਰਣਾਂ ਹਨ ਜਿਹੜੀਆਂ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਕਲਿਆਣ-ਕਾਰੀ ਸਮਾਜਵਾਦ ਦੀ ਸੰਕਲਪਨਾਂ ਨੂੰ ਉਜਾਗਰ ਕਰਦੀਆਂ ਹਨ।

# ਰਾਗੁ ਗਉੜੀ -4

***ਸਾਧੋ ! ਕਾ ਸਾਸ਼ਤ੍ਰਨ ਸੁਨਿ ਕੀਨੌ,***
***ਅਨਪਾਵਨੀ ਭਗਤਿ ਨਹੀਂ ਸਾਧੀ, ਭੂਖੇ ਅੰਨ ਨ ਦੀਨੌ॥ ਟੇਕ॥***
***ਕਾਮ ਨ ਵਿਸਰਿਓ ਡਿੰਭ ਨ ਤਿਆਗਿਓ, ਲੋਭੁ ਨ ਬਿਸਾਰਿਓ ਦੇਵਾ।***
***ਪਰ ਨਿੰਦਾ ਮੁਖ ਤੈ ਨਹਿੰ ਛਾਡਿ, ਨਿਫਲ ਭਇ ਸਭੁ ਸੇਵਾ॥ ੧॥***
***ਬਾਟ ਪਾੜਿ ਘਰ ਮੁਸਿ ਪਰਾਓ, ਉਦਰਿ ਭਰਿਓ ਅਪਰਾਧੀ।***
***ਹੋਵੈ ਅਪਰਾਧੀ ਕੇਸੌਂ ਨ ਸਿਮਰਿਓ, ਅਹੁ ਅਵਿਦਿਆ ਸਾਧੀ॥ ੨॥***
***ਹਰਿ ਅਰਪਨ ਕਰਿ ਭੋਜ ਨ ਕੀਨੋ, ਕਥਾ ਕੀਰਤ ਨਹੀਂ ਜਾਨੀਂ।***
***ਰਾਮ ਭਗਤਿ ਬਿਨ ਮੁਕਤਿ ਨ ਪਾਵੈ, ਅਮਰ ਜੀਵ ਗਰਾਵੈ ਪ੍ਰਾਨੀ॥ ੩॥***
***ਚਰਨ ਕੰਵਲ ਅਨੁਰਾਗ ਨ ਉਪਜਿਓ, ਭੂਤ ਦਇਆ ਨਹੀਂ ਪਾਲੀ।***
***ਰਵਿਦਾਸ ਪਲੁ ਸਾਧ ਸੰਗਤਿ ਮਿਲਿ, ਪੂਰਨ ਬ੍ਰਹਮ ਸਦਾ ਪ੍ਰਤਿਪਾਲੀ॥ ੪॥***

**ਸ਼ਬਦ ਅਰਥ** : **ਅਨਪਾਵਨੀ**- ਜਿਸ ਦਾ ਨਾਸ਼ ਨਾ ਹੋਵੇ, ਅਟੱਲ। **ਸਾਧੀ** - ਕੀਤੀ, ਸਾਧਨਾ ਕਰਨਾ। **ਵਿਸਰਿਓ** - ਤਿਆਗਣਾ। **ਡਿੰਭ**- ਪਖੰਡ, ਆਡੰਬਰ। **ਦੇਵਾ**- ਦੇਵਤਾ, ਵੱਡਾ ਭਰਾ। **ਨਿਫਲ**- ਵਿਅਰਥ, ਨਿਸ਼ਫਲ। **ਪਰ ਨਿੰਦਾ**- ਦੂਸਰਿਆਂ ਦੀ ਨਿੰਦਾ ਕਰਨਾ॥ ੧॥ **ਬਾਟ-ਪਾੜਿ**- ਜੀਵਨ ਦਾ ਸਹੀ ਰਾਹ ਛੱਡ ਕੇ ਕੁਰਾਹੇ ਪੈਣਾ। **ਮੁਸਿ**- ਲੁੱਟਣਾ, ਖੋਹਣਾ। **ਪਰਾਓ**- ਦੂਸਰਾ। **ਉਦਰਿ**- ਪੇਟ। **ਕੇਸੌਂ**- ਹੇ ਸੋਹਣੇ ਪ੍ਰਭੂ। **ਅਵਿਦਿਆ**- ਅਗਿਆਨਤਾ, ਮੂਰਖ਼ਤਾ॥ ੨॥
**ਕੀਰਤ**- ਵਡਿਆਈ, ਮਹਿਮਾ। **ਗਰਾਵੈ**- ਗਰਭ ਵਿੱਚ ਜਾਣਾ। **ਪ੍ਰਾਨੀ**- ਜੀਵ॥ ੩॥
**ਅਨੁਰਾਗ**-ਪ੍ਰੇਮ, ਪਿਆਰ। **ਭੂਤ**- ਵਰਗਾ, ਸਮਾਨ। **ਉਪਜਿਓ**- ਪੈਦਾ ਹੋਣਾ, ਜਾਗਣਾ। **ਪ੍ਰਤਿਪਾਲੀ**- ਪ੍ਰਤਿਪਾਲਕ, ਪਾਲਣ ਪੋਸ਼ਣ ਕਰਨ ਵਾਲਾ॥ ੪॥

**ਪਦ ਅਰਥ** : ਹੇ ਸਾਧੋ! ਜੀਵ ਨੂੰ ਵੇਦ-ਸ਼ਾਸਤਰ ਆਦਿਕ ਧਰਮ ਗ੍ਰੰਥਾਂ ਨੂੰ ਕੇਵਲ ਸੁਣਨ ਦਾ ਕੋਈ ਲਾਭ ਨਹੀਂ ਹੋਣਾ ਜੇਕਰ ਉਸ ਨੇ ਸੱਚੇ ਮਨੋਂ ਪ੍ਰਭੂ ਦੀ ਅਟੱਲ ਤੇ ਨਿਰਛਲ ਭਗਤੀ ਨਹੀਂ ਕੀਤੀ ਤੇ ਨਾ ਹੀ ਕਿਸੇ ਭੁੱਖੇ-ਭਾਣੇ ਜੀਵ ਨੂੰ ਭੋਜਨ ਖਿਲਾਇਆ ?॥ ਟੇਕ॥

ਹੇ ਭਾਈ! ਜੇਕਰ ਜੀਵ ਨੇ ਆਪਣੇ ਮਨੋਂ ਕਾਮ-ਵਾਸਨਾ ਨੂੰ ਨਹੀਂ ਤਿਆਗਿਆ, ਪਾਖੰਡਾਂ ਤੇ ਆਡੰਬਰਾਂ ਨੂੰ ਨਹੀਂ ਛੱਡਿਆ ਤੇ ਨਾ ਹੀ ਸੰਸਾਰਿਕ ਲੋਭਾਂ ਤੋਂ ਛੁਟਕਾਰਾ ਪਾਇਆ ਤਾਂ ਵੀ ਉਸ ਨੂੰ ਵੇਦ-ਸ਼ਾਸਤਰ ਸੁਣਨ ਦਾ ਕੋਈ ਫ਼ਾਇਦਾ ਨਹੀਂ ਹੋਣਾ, ਇਹ ਸਭ ਵਿਅਰਥ ਹੀ ਸਿੱਧ ਹੋਣੇ ਹਨ। ਜੇਕਰ ਜੀਵ ਨੇ ਆਪਣੇ ਮੂੰਹੋਂ ਦੂਜਿਆਂ ਦੀ ਨਿੰਦਿਆ ਕਰਨ ਦੀ ਆਦਤ ਨਹੀਂ ਛੱਡੀ ਤਾਂ ਵੀ ਉਸ ਨੂੰ ਕੀਤੀ ਹੋਈ ਸੇਵਾ ਦਾ ਕੋਈ ਲਾਭ ਪ੍ਰਾਪਤ ਨਹੀਂ ਹੋਣਾ, ਉਹ ਸਾਰੀ ਦੀ ਸਾਰੀ ਹੀ ਨਿਸ਼ਫਲ ਚਲੀ ਜਾਣੀ ਹੈ॥

2. ਹੇ ਜੀਵ! ਤੂੰ (ਜੀਵਨ ਦਾ ਸਹੀ ਰਾਹ ਛੱਡ ਕੇ) ਕੁਰਾਹੇ ਪਿਆ ਹੋਇਆ ਦੂਸਰਿਆਂ ਦੇ ਘਰਾਂ ਵਿੱਚ ਲੁੱਟ-ਖੋਹ ਕਰਦਾ ਹੈਂ। ਇੰਝ ਤੂੰ ਅਪਰਾਧੀ ਬਣ ਕੇ ਆਪਣਾ ਪੇਟ ਪਾਲਦਾ ਹੈਂ। ਤੂੰ ਗ਼ੁਨਾਹਗਾਰ ਬਣ ਕੇ ਤੇ ਪਰਮਾਤਮਾ ਦੇ ਸਿਮਰਨ ਤੋਂ

ਬੇਮੁੱਖ ਹੋ ਕੇ ਸਾਰੀ ਉਮਰ ਮੂਰਖ਼ਤਾ ਭਰੇ ਕਰਮ ਹੀ ਕਰਦਾ ਰਿਹਾ ਹੈਂ। (ਫਿਰ ਦੱਸ ਤੈਨੂੰ ਧਾਰਮਿਕ ਗ੍ਰੰਥਾਂ ਨੂੰ ਸੁਣਨ ਦਾ ਕੀ ਲਾਭ ਹੋਇਆ ?)॥

3. ਹੇ ਜੀਵ! (ਤੂੰ ਪ੍ਰਭੂ ਵੱਲੋਂ ਬਖ਼ਸ਼ੇ ਹੋਏ ਅਨੇਕ ਭੋਜਨ ਪਦਾਰਥਾਂ ਦਾ ਆਨੰਦ ਤਾਂ ਲੈਂਦਾ ਹੈਂ) ਪਰ ਭੋਜਨ ਕਰਨ ਤੋਂ ਪਹਿਲਾਂ ਨਾ ਤਾਂ ਪ੍ਰਭੂ ਨੂੰ ਯਾਦ ਕਰਦਾ ਹੈਂ ਤੇ ਨਾ ਹੀ ਸ਼ੁਕਰਾਨੇ ਵਜੋਂ ਭੋਜਨ ਦੀ ਪਹਿਲੀ ਗਰਾਹੀ ਉਸ ਨੂੰ ਅਰਪਣ ਕਰਦਾ ਹੈਂ। ਇੱਥੋਂ ਤੱਕ ਕਿ ਤੂੰ ਤਾਂ ਉਸ ਪ੍ਰਭੂ ਦੀ ਸਿਫ਼ਤਿ-ਸਾਲਾਹ ਅਤੇ ਮਹਿਮਾ ਨੂੰ ਜਾਨਣ ਦੀ ਕੋਸ਼ਿਸ਼ ਵੀ ਨਹੀਂ ਕਰਦਾ। ਹੇ ਪ੍ਰਾਣੀ! ਯਾਦ ਰੱਖ ਪ੍ਰਭੂ ਦੀ ਭਗਤੀ ਤੋਂ ਬਿਨਾਂ ਤੇਰੀ ਅਮਰ ਜੀਵਾਤਮਾ ਜਨਮ-ਮਰਨ ਦੇ ਚੱਕਰਾਂ ਤੋਂ ਮੁਕਤੀ ਨਹੀਂ ਪਾਉਂਦੀ, ਉਹ ਭਟਕਦੀ ਹੋਈ ਵਾਰ-ਵਾਰ ਗਰਭ-ਯੋਨੀਆਂ (ਦੇ ਨਰਕਾਂ) ਵਿੱਚ ਪੈਂਦੀ ਰਹਿੰਦੀ ਹੈ॥

4. ਹੇ ਜੀਵ! ਨਾ ਤਾਂ ਤੇਰੇ ਹਿਰਦੇ ਅੰਦਰ ਪਰਮਾਤਮਾ ਦੇ ਚਰਨ-ਕੰਵਲਾਂ ਲਈ ਕਦੇ ਪ੍ਰੇਮ-ਭਾਵ ਜਾਗਿਆ ਤੇ ਨਾ ਹੀ ਇਸ ਨੇ ਦੂਜਿਆਂ ਪ੍ਰਤੀ ਦਇਆ ਵਰਗੇ ਪਵਿੱਤਰ ਗੁਣਾਂ ਨੂੰ ਧਾਰਨ ਕੀਤਾ। (ਤਾਂ ਫਿਰ ਦੱਸ ਤੈਨੂੰ ਧਾਰਮਿਕ ਪੁਸਤਕਾਂ ਸੁਣਨ ਦਾ ਕੀ ਫ਼ਾਇਦਾ ਹੋਇਆ ?) ਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹੋਏ ਫ਼ਰਮਾਂਦੇ ਹਨ ਕਿ ਜੇਕਰ ਕੋਈ ਵੀ ਜੀਵ (ਇਨ੍ਹਾਂ ਧਾਰਮਿਕ ਗ੍ਰੰਥਾਂ ਨੂੰ ਸੁਣਨ ਦੀ ਬਜਾਏ) ਸੰਤਾਂ ਦੀ ਸੰਗਤ ਨਾਲ ਮਿਲ ਕੇ ਇਕ ਪਲ ਭਰ ਲਈ (ਹੀ ਪ੍ਰਭੂ ਦਾ ਨਾਮ ਸਿਮਰਦਾ) ਹੈ ਤਾਂ ਸਰਵ-ਵਿਆਪਕ ਪਾਰਬ੍ਰਹਮ ਪਰਮੇਸ਼ਰ ਉਸ ਦਾ ਸਦਾ ਲਈ ਪ੍ਰਤਿਪਾਲਕ ਬਣ ਜਾਂਦਾ ਹੈ, ਉਸ ਦਾ ਰਾਖ਼ਾ ਬਣ ਜਾਂਦਾ ਹੈ (ਤੇ ਉਸ ਦਾ ਉੱਧਾਰ ਕਰ ਦਿੰਦਾ ਹੈ।)॥

<u>**ਭਾਵ ਅਰਥ**</u> : ਆਡੰਬਰਾਂ ਨੂੰ ਤਿਆਗ ਕੇ ਸਾਧੂ-ਸੰਤਾਂ ਦੀ ਸੰਗਤ ਵਿੱਚ ਪਰਮਾਤਮਾ ਦੀ ਪ੍ਰੇਮਾ-ਭਗਤੀ ਕਰਨ ਨਾਲ ਜੀਵ ਨੂੰ ਆਵਾਗਵਨ ਤੋਂ ਮੁਕਤੀ ਮਿਲਦੀ ਹੈ।

# ਰਾਗੁ ਗਉੜੀ -5

***ਤੇਰੋ ਜਨ ਕਾਹੇ ਕੋ ਬੋਲੈ।***
***ਬੋਲਿ ਬੋਲਿ ਆਪਨੀ, ਭਗਤਿ ਕਿਉ ਖੋਲੈ॥ ਟੇਕ॥***
***ਬੋਲਤ ਬੋਲਤ ਬੜੈ ਬਿਆਧੀ, ਬੋਲ ਅਬੋਲੇ ਜਾਈ।***
***ਬੋਲੇ ਬੋਲ ਅਬੋਲ ਕੋ ਪਕਰੈ, ਬੋਲ ਬੋਲ ਕੌਂ ਖਾਈ॥ ੧॥***
***ਬੋਲੈ ਗਿਆਨ ਔਰ ਬੋਲ ਧਿਆਨ, ਬੋਲੈ ਬੇਦ ਬੜਾਈ।***
***ਉਰ ਮਹਿ ਧਰਿ ਧਰਿ ਜਬ ਹੀ ਬੋਲੈ, ਤਬ ਹੀ ਮੂਲ ਗੰਵਾਈ॥ ੨॥***
***ਬੋਲਿ ਬੋਲਿ ਔਰਹਿੰ ਸਮਝਾਵੈ, ਤਬ ਲਗਿ ਸਮਝ ਨਹੀਂ ਰੇ ਭਾਈ।***
***ਬੋਲਿ ਬੋਲਿ ਸਮੁਝਿ ਜਬ ਬੂਝੀ, ਤਬ ਕਾਲ ਸਹਿਤ ਸਬ ਖਾਈ॥ ੩॥***
***ਬੋਲੈ ਗੁਰੂ ਅਰ ਬੋਲੈ ਚੇਲਾ, ਬੋਲ ਬੋਲ ਪਰਤਿਤਿ ਜਾਈ।***
***ਕਹੈ ਰਵਿਦਾਸ ਥਕਿਤ ਭਇਓ ਜਬਹਿ, ਤਬਹਿ ਪਰਮਨਿਧਿ ਪਾਈ॥ ੪॥***

**<u>ਸ਼ਬਦ ਅਰਥ</u>** : **ਕਾਹੇ**-ਕਿਉਂ। **ਬੜੈ**-ਵਧਣਾ। **ਬਿਆਧੀ**-ਵਾਦ ਵਿਵਾਦ, ਰੋਗ। **ਅਬੋਲੇ**-ਨਿਰਾਰਥਕ ਬੋਲ। **ਅਬੋਲ**- ਨਾ ਬੋਲਣਾ, ਸ਼ਾਂਤ ਰਹਿਣਾ। **ਖਾਈ**- ਖਾਣ ਨੂੰ ਪੈਣਾ, ਬੁਰਾ ਲਗਣਾ॥ ੧॥

**ਗਿਆਨ**- ਆਤਮਿਕ ਜੀਵਨ ਦੀ ਸੂਝ ਹੋਣਾ। **ਧਿਆਨ**-ਸੁਰਤਿ ਨੂੰ ਪ੍ਰਭੂ ਵਿੱਚ ਜੋੜਨਾ। **ਬੇਦ**-ਵੇਦ, ਸ਼ਾਸਤਰ ਆਦਿਕ। **ਬਡਾਈ**-ਵਡੱਪਣ, ਵਡਿਆਈ। **ਉਰ**- ਹਿਰਦੇ। **ਮੂਲ**-ਸਾਰ, ਅਸਲੀਅਤ। **ਗੰਵਾਈ**-ਖੋ ਲੈਣਾ, ਦੂਰ ਹੋ ਜਾਣਾ॥ ੨॥

**ਬੂਝੀ**-ਜਾਨਣਾ। **ਕਾਲ**-ਮੌਤ। **ਖਾਈ**-ਅਧੀਨ ਕਰਨਾ, ਜਿੱਤ ਪ੍ਰਾਪਤ ਕਰਨਾ॥ ੩॥

**ਪਰਤਿਤਿ**-ਭਰੋਸਾ, ਇਤਬਾਰ। **ਪਰਮਨਿਧਿ**-ਸ੍ਰੇਸ਼ਟ ਖ਼ਜ਼ਾਨਾ॥ ੪॥

**<u>ਪਦ ਅਰਥ</u>** : ਇਸ ਸ਼ਬਦ ਰਾਹੀਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਕਥਨ ਕਰਦੇ ਹਨ ਕਿ ਪ੍ਰਭੂ-ਭਗਤ ਵਿਵਾਦਾਂ ਵਿੱਚ ਨਹੀਂ ਪੈਂਦਾ। ਉਹ ਬਹਿਸਾਂ ਰਾਹੀਂ ਆਪਣੀ ਵਿੱਦਿਆ (ਭਗਤੀ) ਦਾ ਢੰਡੋਰਾ ਨਹੀਂ ਦਿੰਦਾ। ਆਪ ਜੀ ਫ਼ਰਮਾਉਂਦੇ ਹਨ ਕਿ ਪਰਮਾਤਮਾ ਦਾ ਸੇਵਕ ਆਪਣੀ ਭਗਤੀ ਬਾਰੇ ਕਿਸੇ ਨਾਲ ਗੱਲ ਕਿਉਂ ਕਰੇ ? ਉਹ ਬੋਲ-ਬੋਲ ਕੇ ਆਪਣੀ ਭਗਤੀ ਦਾ ਪ੍ਰਗਟਾਵਾ ਕਿਉਂ ਕਰੇ ?॥ ਟੇਕ॥

ਭਗਤੀ ਬਾਰੇ ਬਹੁਤਾ ਬੋਲਣ ਨਾਲ ਵਾਦ-ਵਿਵਾਦ ਵਧਦਾ ਹੈ। ਬੋਲ ਬੋਲਦਿਆਂ ਕਈ ਵਾਰ ਫ਼ਜ਼ੂਲ ਬੋਲ ਬੋਲੇ ਜਾਂਦੇ ਹਨ ਤੇ ਕਈ ਵਾਰ ਕੁਬੋਲ ਵੀ ਮੂੰਹੋਂ ਨਿਕਲ ਜਾਂਦੇ ਹਨ। (ਵਿਅਰਥ ਬੋਲ ਬੋਲਣ ਵਾਲਾ ਕਈ ਵਾਰ ਆਪਣੇ ਬੋਲਾਂ ਦੇ ਘੇਰੇ ਵਿੱਚ ਹੀ ਬੱਝ ਕੇ ਰਹਿ ਜਾਂਦਾ ਹੈ ਤੇ ਕਈ ਵਾਰ ਉਨ੍ਹਾਂ ਨੂੰ ਝੁਠਲਾ ਵੀ ਬਹਿੰਦਾ ਹੈ।) ਜਦੋਂ ਫ਼ਜ਼ੂਲ ਬੋਲਣ ਵਾਲਾ ਨਾ ਬੋਲਣ ਵਾਲੇ (ਭਾਵ ਸ਼ਾਂਤ ਰਹਿਣ ਵਾਲੇ) 'ਤੇ ਬੋਲ ਕੇ ਗੁੱਸਾ ਕਰਦਾ ਹੈ ਤਾਂ ਉਸ ਦੇ ਅਜਿਹੇ ਬੋਲ ਸ਼ਾਂਤ ਰਹਿਣ ਵਾਲੇ ਨੂੰ ਖਾਣ ਨੂੰ ਪੈਂਦੇ ਲੱਗਦੇ ਹਨ॥

2. (ਵਿੱਦਿਆ-ਪ੍ਰਾਪਤੀ ਦੀ ਹਉਮੈ ਨਾਲ ਭਰਿਆ ਹੋਇਆ ਜੀਵ) ਬੋਲਾਂ ਰਾਹੀਂ ਆਪਣੇ ਗਿਆਨ-ਧਿਆਨ ਦੀਆਂ (ਭਾਵ ਆਪਣੀ ਆਤਮਿਕ ਜੀਵਨ ਦੀ ਸੂਝ ਦੀਆਂ ਤੇ ਪ੍ਰਭੂ ਵਿੱਚ ਸੁਰਤਿ ਜੋੜਨ ਦੀਆਂ) ਵੱਡੀਆਂ-ਵੱਡੀਆਂ ਗੱਲਾਂ ਕਰਦਾ ਹੈ। ਉਹ ਵੇਦਾਂ ਤੇ ਸ਼ਾਸਤਰਾਂ ਦੇ ਮਹੱਤਵਪੂਰਨ ਬੋਲ ਬੋਲਕੇ ਆਪਣੇ ਵੱਡੇਪਨ ਨੂੰ ਪ੍ਰਗਟਾਉਂਦਾ ਹੈ। ਜਦੋਂ ਕੋਈ ਜੀਵ ਆਪਣੇ ਹਿਰਦੇ ਅੰਦਰਲੀ ਸੱਚਾਈ ਨੂੰ ਛਿਪਾ ਕੇ ਕੁਝ ਹੋਰ ਹੀ ਬੋਲ ਬੋਲਦਾ ਹੈ ਤਦੋਂ ਉਹ ਆਪਣੇ ਬੋਲਾਂ ਦੀ ਅਸਲੀਅਤ (ਮੂਲ ਤੱਤ) ਨੂੰ ਗਵਾ ਬਹਿੰਦਾ ਹੈ ਤੇ ਉਸ ਤੋਂ ਬਹੁਤ ਦੂਰ ਹੋ ਜਾਂਦਾ ਹੈ॥

3. ਜੀਵ ਬੋਲਾਂ ਰਾਹੀਂ (ਵਾਦ-ਵਿਵਾਦ ਕਰਕੇ) ਦੂਸਰਿਆਂ ਨੂੰ ਆਪਣੀ ਗੱਲ ਸਮਝਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ ਪਰ ਉਹ ਦੂਸਰਿਆਂ ਨੂੰ ਆਪਣੀ ਗੱਲ ਉਦੋਂ ਤੱਕ ਨਹੀਂ ਸਮਝਾ ਸਕਦਾ ਜਦੋਂ ਤੱਕ ਉਹ ਖ਼ੁਦ ਆਪਣੇ ਬੋਲਾਂ ਨੂੰ ਸਮਝ-ਵਿਚਾਰ ਕੇ ਨਹੀਂ ਬੋਲਦਾ। ਜਦੋਂ ਉਹ ਪ੍ਰੇਮ ਪੂਰਵਕ ਬੋਲਾਂ ਨੂੰ ਸਮਝਦਾ ਹੈ, ਉਨ੍ਹਾਂ ਨੂੰ ਆਪਣੀ ਸੋਚ-ਮੰਡਲ ਵਿੱਚ ਵਿਚਾਰਦਾ ਹੈ (ਤਾਂ ਉਹ ਬੋਲਾਂ ਦੇ ਸਾਰ ਤੱਤ ਨੂੰ ਜਾਣ ਲੈਂਦਾ ਹੈ ਤੇ ਭਗਤੀ ਦੇ ਰਹੱਸ ਨੂੰ ਸਮਝ ਲੈਂਦਾ ਹੈ)। ਫਿਰ ਉਹ ਮੌਤ ਸਮੇਤ ਸਾਰੇ ਵਿਕਾਰਾਂ 'ਤੇ ਜਿੱਤ ਪਾ ਲੈਂਦਾ ਹੈ॥

4. ਜਦੋਂ ਗੁਰੂ ਬੋਲਦਾ ਹੈ ਜਾਂ ਉਸ ਦਾ ਚੇਲਾ ਬੋਲਦਾ ਹੈ ਤਾਂ ਉਨ੍ਹਾਂ ਦੇ ਬੋਲਾਂ 'ਤੇ ਜੀਵ ਨੂੰ ਭਰੋਸਾ ਹੋ ਜਾਂਦਾ ਹੈ, ਯਕੀਨ ਬੱਝ ਜਾਂਦਾ ਹੈ (ਕਿਉਂਕਿ ਉਨ੍ਹਾਂ ਦੇ ਬੋਲ ਆਪਣੇ ਨਿੱਜੀ ਅਨੁਭਵ 'ਤੇ ਆਧਾਰਿਤ ਹੁੰਦੇ ਹਨ ਤੇ ਅਸਲੀਅਤ ਦੇ ਅਨੁਕੂਲ ਹੁੰਦੇ ਹਨ)। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਜਦੋਂ ਜੀਵ ਬੋਲ-ਬੋਲ ਕੇ ਥੱਕ ਜਾਂਦਾ ਹੈ ਤੇ ਤਰਕ-ਵਿਤਰਕ ਨੂੰ ਛੱਡ ਕੇ ਆਪਣੀ ਚਿੱਤ-ਬਿਰਤੀ ਨੂੰ ਆਪਣੇ ਅੰਤਰ-ਆਤਮੇ ਪ੍ਰਭੂ ਦੇ ਨਾਮ-ਸਿਮਰਨ ਨਾਲ ਜੋੜਦਾ ਹੈ ਤਾਂ ਉਹ ਭਗਤੀ-ਰੂਪੀ ਸ੍ਰੇਸ਼ਟ ਖ਼ਜ਼ਾਨੇ ਨੂੰ ਪਾ ਲੈਂਦਾ ਹੈ॥

**ਭਾਵ ਅਰਥ** : ਪ੍ਰਭੂ ਦੀ ਭਗਤੀ ਬਾਰੇ ਬਹਿਸ ਕਰਨਾ ਵਿਅਰਥ ਦਾ ਉੱਦਮ ਹੈ। ਬਹਿਸ ਕੀਤਿਆਂ ਤਾਂ ਵਾਦ-ਵਿਵਾਦ ਹੀ ਵਧਦੇ ਹਨ।

## ਰਾਗੁ ਗਉੜੀ -6

***ਐਸੀ ਭਗਤਿ ਨ ਹੋਇ ਰੇ ਭਾਈ।***
***ਰਾਮ ਨਾਮ ਬਿਨੁ ਜੋ ਕਛੁ ਕਰੀਏ, ਸੋ ਸਬ ਭਰਮ ਕਹਾਈ॥ ਟੇਕ॥***
***ਭਗਤਿ ਨ ਰਸ ਦਾਨ, ਭਗਤਿ ਨ ਕਥੈ ਗਿਆਨ।***
***ਭਗਤਿ ਨ ਬਨ ਮੇਂ ਗੁਫਾ ਖੁਦਾਈ॥ ੧॥***
***ਭਗਤਿ ਨ ਐਸੀ ਹਾਂਸੀ, ਭਗਤਿ ਨ ਆਸਾ ਪਾਸੀ।***
***ਭਗਤਿ ਨ ਕੁਲ ਕਾਨਿ ਗਵਾਈ॥ ੨॥***
***ਭਗਤਿ ਨਾ ਇੰਦ੍ਰੀ ਬਾਂਧੈ, ਭਗਤਿ ਨ ਜੋਗ ਸਾਧੈ।***
***ਭਗਤਿ ਨ ਅਹਾਰ ਘਟਾਈ, ਏ ਸਬ ਕਰਮ ਕਹਾਈ॥ ੩॥***
***ਭਗਤਿ ਨ ਨਿੰਦ੍ਰਾ ਸਾਧੈ ਭਗਤਿ ਨ ਵੈਰਾਗ ਬਾਧੈ।***
***ਭਗਤਿ ਨ ਏ ਸਬ ਬੇਦ ਬੜਾਈ॥ ੪॥***
***ਭਗਤਿ ਨ ਮੂੰਡ ਮੁੰਡਾਏ, ਭਗਤਿ ਨ ਮਾਲਾ ਦਿਖਾਏ।***
***ਭਗਤਿ ਨ ਚਰਨ ਧੁਆਏ, ਏ ਸਭ ਗੁਨੀ ਜਨ ਗਾਈ॥ ੫॥***
***ਭਗਤਿ ਨ ਤੌ ਲੌ ਜਾਨੀ, ਜੌ ਲੌ ਆਪ ਕੋ ਆਪ ਬਖਾਨੀ।***
***ਜੋਈ ਜੋਈ ਕਰੈ, ਸੋਈ ਸੋਈ ਕਰਮ ਬੜਾਈ॥ ੬॥***
***ਆਪਾ ਗਇਓ ਤਬ ਭਗਤਿ ਪਾਈ, ਐਸੀ ਹੈ ਭਗਤਿ ਭਾਈ।***
***ਰਾਮ ਮਿਲਿਓ ਅਪਨੇ ਗੁਨ ਖੋਇਓ, ਰਿਧਿ ਸਿਧਿ ਸਭੈ ਜੋ ਗੰਵਾਈ॥ ੭॥***
***ਕਹਿ ਰਵਿਦਾਸ ਛੂਟੀ ਸਬ ਆਸ, ਤਬ ਹਰਿ ਤਾਹੀ ਕੇ ਪਾਸ।***
***ਆਤਮਾ ਥਿਰ ਭਈ ਤਬ, ਸਬ ਹੀ ਨਿਧਿ ਪਾਈ॥ ੮॥***

**ਸ਼ਬਦ ਅਰਥ** : **ਭਰਮ**-ਭੁਲੇਖਾ, ਧੋਖਾ। **ਰਸ ਦਾਨ**-ਧਾਰਮਿਕ ਰਾਗਾਂ ਵਿੱਚ ਰਸ ਪੈਦਾ ਕਰਨਾ, ਰਾਗ ਰਾਹੀਂ ਗਾਉਂਣਾ॥ ੧॥ **ਹਾਂਸੀ**- ਮਜ਼ਾਕ। **ਪਾਸੀ**- ਜੂਏ ਦਾ ਪਾਸਾ। **ਕਾਨਿ**- ਮਰਿਆਦਾ॥ ੨॥ **ਅਹਾਰ**-ਭੋਜਨ॥ ੩॥ **ਨਿੰਦ੍ਰਾ**-ਨੀਂਦ। **ਸਾਧੈ**-ਵੱਸ ਵਿੱਚ ਕਰਨਾ॥ ੪॥ **ਮੂੰਡ**-ਸਿਰ-ਮੂੰਹ। **ਗੁਨੀ ਜਨ**-ਗਿਆਨੀ ਪੁਰਸ਼॥ ੫॥ **ਬਖਾਨੀ**-ਵਿਖਿਆਨ ਕਰਨਾ, ਬੋਲਣਾ। **ਬੜਾਈ**-ਵਧਣਾ, ਕਰੜੇ ਹੋਣਾ॥ ੬॥

**ਆਪਾ**– ਹਉਮੈ ਭਾਵ ਹੋਣਾ। **ਗਇਓ**–ਖ਼ਤਮ ਹੋਣਾ, ਮਿਟਾਉਣਾ। **ਰਿਧਿ ਸਿਧਿ**–ਯੋਗ ਤੇ ਭਗਤੀ ਦੁਆਰਾ ਪ੍ਰਾਪਤ ਕੀਤੀ ਕਰਾਮਾਤੀ ਸ਼ਕਤੀਆਂ॥ ੭॥
**ਨਿਧਿ**–ਖ਼ਜ਼ਾਨਾ, ਪਰਮਾਤਮਾ ਰੂਪੀ ਖ਼ਜ਼ਾਨਾ। **ਥਿਰ**–ਸਥਿਰ॥ ੮॥

**ਪਦ ਅਰਥ** : ਹੇ ਭਾਈ! ਪਰਮਾਤਮਾ ਦੀ ਭਗਤੀ ਲਈ ਬਾਹਰੀ ਕਰਮਕਾਂਡ ਤੇ ਆਡੰਬਰ ਰਚਾਉਣਾ ਪ੍ਰਭੂ–ਭਗਤੀ ਕਰਨ ਦਾ ਕੋਈ ਤਰੀਕਾ ਨਹੀਂ ਹੈ। ਰਾਮ–ਨਾਮ ਦੀ ਸੱਚੇ ਮਨੋਂ ਅਰਾਧਨਾ ਕੀਤੇ ਬਿਨਾਂ ਜੀਵ ਭਗਤੀ ਲਈ ਜੋ ਕੁਝ ਵੀ ਕਰਦਾ ਹੈ ਉਹ ਕੇਵਲ ਭਰਮ ਹੀ ਕਿਹਾ ਜਾ ਸਕਦਾ ਹੈ ਸੱਚੀ ਭਗਤੀ ਨਹੀਂ॥ ਟੇਕ॥

ਹੇ ਭਾਈ! (ਪ੍ਰਭੂ ਦੀ ਅਨੁਭੂਤੀ ਤੋਂ ਬਿਨਾਂ) ਰਸ ਦਾਨ ਕਰਨਾ ਭਾਵ ਕਿਸੇ ਸੁੰਦਰ ਧਾਰਮਿਕ ਪਦ ਦਾ ਗਾਉਣਾ, ਵੇਦਾਂ ਤੇ ਸ਼ਾਸਤਰਾਂ ਦੇ ਗਿਆਨ ਦੀਆਂ ਵੱਡੀਆਂ–ਵੱਡੀਆਂ ਕਥਾਵਾਂ ਕਰਨਾ ਤੇ ਜੰਗਲਾਂ ਵਿੱਚ ਜਾਂ ਗੁਫ਼ਾਵਾਂ ਨੂੰ ਖੋਦ ਕੇ ਉਨ੍ਹਾਂ 'ਚ ਇਕੱਲਿਆਂ ਵਾਸ ਕਰਨਾ ਵੀ ਪਰਮਾਤਮਾ ਦੀ ਸੱਚੀ ਭਗਤੀ ਨਹੀਂ ਹੈ॥

2. ਹੇ ਭਾਈ! ਪਰਮਾਤਮਾ ਦੀ ਭਗਤੀ ਕੋਈ ਹਾਸਾ–ਮਜ਼ਾਕ ਨਹੀਂ ਹੈ ਤੇ ਨਾ ਹੀ ਇਹ ਕਿਸੇ ਜੂਏ ਦਾ ਪਾਸਾ ਹੈ ਜਿਸ ਨੂੰ ਆਸ਼ਾਵਾਂ ਅਧੀਨ ਹੋਏ ਜਿਵੇਂ ਚਾਹੀਏ ਸੁੱਟ ਦੇਈਏ। ਆਪਣੇ ਖ਼ਾਨਦਾਨ ਜਾਂ ਕਬੀਲੇ ਦੀ ਮਰਿਆਦਾ ਤਿਆਗਣਾ ਵੀ ਪ੍ਰਭੂ–ਭਗਤੀ ਨਹੀਂ ਹੈ॥

3. ਇੰਦ੍ਰੀਆਂ ਨੂੰ ਵੱਸ ਵਿੱਚ ਕਰਨਾ, ਯੋਗ–ਸਾਧਨਾ ਦੀਆਂ ਕਠਿਨ ਕਿਰਿਆਵਾਂ ਕਰਨਾ ਤੇ ਖ਼ੁਰਾਕ ਘਟਾਉਣਾ ਆਦਿਕ ਨੂੰ ਕਰਮ ਕਿਹਾ ਜਾ ਸਕਦਾ ਹੈ ਭਗਤੀ ਨਹੀਂ। (ਕਰਮ ਕਰਨ ਨਾਲ ਜੀਵ ਕਰਮ–ਫਲ ਦੇ ਬੰਧਨ ਵਿੱਚ ਬੱਝਿਆ ਜਾਂਦਾ ਹੈ ਤੇ ਉਸ ਨੂੰ ਮੁਕਤੀ ਨਹੀਂ ਮਿਲਦੀ। ਸੋ ਅਜਿਹੇ ਕਰਮ ਕਰਨਾ ਵੀ ਪਰਮਾਤਮਾ ਦੀ ਸੱਚੀ ਭਗਤੀ ਨਹੀਂ ਹੈ।)॥

4. ਨੀਂਦ ਨੂੰ ਵੱਸ ਵਿੱਚ ਕਰਨਾ, ਘਰ–ਬਾਰ ਛੱਡ ਕੇ ਵੈਰਾਗੀ ਬਣਨਾ ਤੇ ਵੇਦਾਂ ਦੇ ਗਿਆਨ ਦੀ ਮਹੱਤਤਾ ਦਾ ਕੇਵਲ ਵਿਖਿਆਨ ਕਰਨਾ ਵੀ ਪਰਮਾਤਮਾ ਦੀ ਸੱਚੀ ਭਗਤੀ ਨਹੀਂ ਹੈ॥

5. ਹੇ ਭਾਈ! ਸਾਰੇ ਗਿਆਨੀ ਪੁਰਸ਼ਾਂ ਦਾ ਕਹਿਣਾ ਹੈ ਕਿ ਸਿਰ ਮੁਨਾਉਣਾ, ਗਲ ਵਿੱਚ ਮਾਲਾ ਪਾ ਕੇ ਦਿਖਾਉਣਾ ਤੇ ਪੈਰ ਧੁਆਉਣਾ ਵੀ ਪਰਮਾਤਮਾ ਦੀ ਸੱਚੀ ਭਗਤੀ ਨਹੀਂ ਹੈ॥

6. ਹੇ ਭਾਈ! ਜਦੋਂ ਤੱਕ ਜੀਵ ਆਪਣੀ ਵਡਿਆਈ ਆਪ ਕਰਦਾ ਹੈ ਉਦੋਂ ਤੱਕ ਉਹ ਸੱਚੀ ਭਗਤੀ ਨੂੰ ਨਹੀਂ ਜਾਣ ਸਕਦਾ। ਸੱਚੀ ਭਗਤੀ ਨੂੰ ਜਾਣੇ ਬਿਨਾਂ ਉਹ ਜੋ–ਜੋ ਵੀ ਕਰਮ ਕਰਦਾ ਹੈ ਉਸ ਨਾਲ ਉਸ ਦੇ ਕਰਮਾਂ ਦੇ ਬੰਧਨ ਹੀ ਹੋਰ ਕਰੜੇ ਹੁੰਦੇ ਹਨ॥

7. (ਹੇ ਭਾਈ! ਅਭਿਮਾਨੀ ਜੀਵ ਕਦੇ ਵੀ ਭਗਤ ਦਾ ਮਰਤਬਾ ਹਾਸਲ ਨਹੀਂ ਕਰ ਸਕਦਾ। ਹਉਮੈ ਤੇ ਭਗਤੀ ਕਦੇ ਇਕੱਠੇ ਨਹੀਂ ਰਹਿ ਸਕਦੇ।) ਜਦੋਂ ਜੀਵ ਆਪਣੇ ਅੰਦਰੋਂ ਹਉਮੈਂ ਤੇ ਆਪਾ–ਭਾਵ ਖ਼ਤਮ ਕਰ ਦਿੰਦਾ ਹੈ ਤਦੋਂ ਹੀ ਉਸਦਾ ਹਿਰਦਾ ਭਗਤੀ ਨਾਲ ਭਰਦਾ ਹੈ। ਇਸੇ ਨੂੰ ਹੀ ਸੱਚੀ ਭਗਤੀ ਕਹਿੰਦੇ ਹਨ। ਇਸ

ਅਵਸਥਾ ਵਿੱਚ ਪਹੁੰਚ ਕੇ ਜੀਵ ਆਪਣੇ-ਪਨ ਦੇ ਸਾਰੇ ਗੁਣਾਂ ਨੂੰ ਖ਼ਤਮ ਕਰ ਲੈਂਦਾ ਹੈ ਤੇ ਪ੍ਰਭੂ-ਸਿਮਰਨ 'ਚ ਲੀਨ ਹੋਇਆ ਉਸ ਨਾਲ ਇੱਕਮਿਕ ਹੋ ਜਾਂਦਾ ਹੈ। ਉਹ ਯੋਗ ਤੇ ਭਗਤੀ ਦੁਆਰਾ ਪ੍ਰਾਪਤ ਕੀਤੀਆਂ ਰਿੱਧੀਆਂ-ਸਿੱਧੀਆਂ ਤੇ ਹੋਰ ਕਰਾਮਾਤੀ ਸ਼ਕਤੀਆਂ ਨੂੰ ਤਿਆਗ ਦਿੰਦਾ ਹੈ (ਤੇ ਪਰਮਾਤਮਾ ਦੀ ਰਜ਼ਾ ਵਿੱਚ ਰਾਜ਼ੀ ਰਹਿੰਦਾ ਹੈ।)॥

੮. ਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਜਦੋਂ ਜੀਵ ਆਪਣੀਆਂ ਸਾਰੀਆਂ ਇੱਛਾਵਾਂ ਤੇ ਤ੍ਰਿਸ਼ਨਾਵਾਂ ਨੂੰ ਤਿਆਗ ਕੇ (ਪਰਮਾਤਮਾ ਅੱਗੇ ਪੂਰੀ ਤਰ੍ਹਾਂ ਸਮਰਪਿਤ ਹੁੰਦਾ ਹੈ) ਤਦੋਂ ਹੀ ਉਹ ਪਰਮਾਤਮਾ ਵਿੱਚ ਪਤੀਜਦਾ ਹੈ। ਫਿਰ ਉਸ ਦੀ ਆਤਮਾ ਅਡੋਲਤਾ ਵਿੱਚ ਟਿਕ ਜਾਂਦੀ ਹੈ ਤੇ ਦੁਨੀਆਂ ਦੇ ਸਾਰੇ ਖ਼ਜ਼ਾਨੇ ਉਸ ਵਿੱਚ ਆ ਵਸਦੇ ਹਨ ਭਾਵ ਉਹ ਪ੍ਰਭੂ-ਰੂਪੀ ਨਿਧੀ ਨੂੰ ਪ੍ਰਾਪਤ ਕਰ ਲੈਂਦਾ ਹੈ॥

**ਭਾਵ ਅਰਥ** : ਪਰਮਾਤਮਾ ਦੀ ਸੱਚੀ ਭਗਤੀ ਆਡੰਬਰਾਂ ਤੇ ਕਰਮਕਾਂਡਾਂ ਨਾਲ ਨਹੀਂ ਬਲਕਿ ਹਉਮੈ ਤਿਆਗ ਕੇ ਪ੍ਰਭੂ ਦਾ ਨਾਮ-ਸਿਮਰਨ ਕਰਨ ਨਾਲ ਹੁੰਦੀ ਹੈ।

## ਰਾਗੁ ਗਉੜੀ -7

***ਹੈ ਸਬ ਆਤਮ ਸੁਖ ਪ੍ਰਕਾਸ ਸਾਂਚੋ।***
***ਨਿਰੰਤਰ ਨਿਰਾਹਾਰ ਕਲਪਿਤ ਏ ਪਾਂਚੋ॥ ਟੇਕ॥***
***ਆਦਿ ਮਧਯ ਔਸਾਨ ਏਕ ਰਸ, ਤਾਰ ਤੂੰਬ ਨ ਤਾਈ।***
***ਥਾਵਰ ਜੰਗਮ ਕੀਟ ਪਤੰਗਾ, ਪੂਰਿ ਰਹਿਓ ਹਰਿ ਰਾਈ॥ ੧॥***
***ਸਰਬੇਸਵਰ ਸ੍ਰਬੰਗੀ ਸਰਬਗਤਿ, ਕਰਤਾ ਹਰਤਾ ਸੋਈ।***
***ਸਿਵ ਨ ਅਸਿਵ ਨ ਸਾਧ ਅਰੁ ਸੇਵਕ, ਉਭੈ ਭਾਵ ਨਹਿ ਹੋਈ॥ ੨॥***
***ਧਰਮ ਅਧਰਮ ਮੋਛਿ ਨਹਿ ਬੰਧਨ, ਜਰਾ ਮਰਨ ਭਵ ਨਾਸਾ।***
***ਦ੍ਰਿਸਿਟ ਅਦ੍ਰਿਸਿਟ ਗੇਯਾ ਅਰੁ ਗਿਆਤਾ, ਏਕ ਮੇਕ ਰਵਿਦਾਸਾ॥ ੩॥***

**ਸ਼ਬਦ ਅਰਥ** : **ਆਤਮ**- ਆਤਮ ਤੱਤ। **ਸੁਖ**- ਆਨੰਦ। **ਪ੍ਰਕਾਸ਼**- ਜੋਤਿ ਸਰੂਪ। **ਸਾਂਚੋ**- ਸੱਚ। **ਨਿਰੰਤਰ**- ਲਗਾਤਾਰ, ਇਕ ਰਸ। **ਨਿਰਾਹਾਰ**- ਨਿਰ+ਆਹਾਰ ਭਾਵ ਅੰਨ-ਪਾਣੀ ਤੋਂ ਬਿਨਾਂ ਜਿਊਂਦਾ ਰਹਿਣਾ ਵਾਲਾ, ਜਿਸ ਨੂੰ ਕਿਸੇ ਖੁਰਾਕ ਦੀ ਲੋੜ ਨਹੀਂ ਪੈਂਦੀ। **ਕਲਪਿਤ**-ਘੜਨਾ, ਬਣਾਉਣਾ। **ਪਾਂਚੋ**- ਪੰਜ ਤੱਤ। **ਔਸਾਨ**- ਅੰਤ। **ਤਾਰ**- ਲਗਾਤਾਰ, ਅਖੰਡ। **ਤੂੰਬ** -ਤੂੰਬਾ, ਉੱਖੜਿਆ ਹੋਇਆ। **ਤਾਈ**- ਹੱਦ, ਸੀਮਾ। **ਥਾਵਰ**- ਅਚਲ, ਸਥਿਰ ਵਸਤੂ। **ਜੰਗਮ**- ਤੁਰਨ ਫਿਰਨ ਵਾਲਾ, ਗਮਨ ਕਰਤਾ, ਚੇਤਨ। **ਰਾਈ**-ਰਾਜਾ, ਮਾਲਿਕ॥ ੧॥

**ਸਰਬੇਸਵਰ**- ਸਭ ਦਾ ਸੁਆਮੀ, ਈਸ਼ਵਰ। **ਸ੍ਰਬੰਗੀ**- ਸਭ ਅੰਗ ਪੂਰਨ ਹੋਣਾ, ਕਿਸੇ ਪੱਖ ਵਿੱਚ ਕਮੀ ਨਾ ਹੋਣੀ। **ਸਰਬਗਤਿ**- ਸਰਬ ਵਿਆਪਕ, ਸਭ ਥਾਂ ਹੋਣ ਵਾਲਾ। **ਹਰਤਾ**- ਮਾਰਨ ਵਾਲਾ। **ਸਿਵ**- ਸੁੱਖ, ਮੰਗਲ। **ਅਸਿਵ**- ਅਮੰਗਲ, ਦੁੱਖ। **ਉਭੈ**- ਦਵੈਤ, ਦੋ ਹੋਣ ਦਾ ਭਾਵ। **ਭਾਵ**-ਦਿਲ ਦੀ ਦਸ਼ਾ ਨੂੰ ਪ੍ਰਗਟ ਕਰਨ ਵਾਲਾ ਵਿਕਾਰ, ਭਾਵਨਾ ॥ ੨॥

**ਮੋਛਿ**-ਮੁਕਤੀ। **ਜਰਾ**- ਬੁਢਾਪਾ। **ਭਵ**- ਹੋਣਾ। **ਨਾਸਾ**- ਨਾਸ਼ ਹੋਣਾ, ਪਰ੍ਹੇ ਹੋਣਾ। **ਦ੍ਰਿਸਿਟ ਅਦ੍ਰਿਸਿਟ**-ਦਿੱਖ ਅਦਿੱਖ, ਸਗੁਣ ਨਿਰਗੁਣ। **ਗੇਯਾ**- ਗਿਆਨ, ਸਮਝਣਯੋਗ। **ਗਿਆਤਾ**-

ਗਿਆਨੀ, ਜਾਨਣ ਵਾਲਾ॥ ੩॥

**ਪਦ ਅਰਥ** : ਉਹ ਪਰਮ-ਪਿਤਾ ਪਰਮਾਤਮਾ ਪ੍ਰਕਾਸ਼-ਪੁੰਜ ਹੈ, ਜੋਤਿ-ਸਰੂਪ ਹੈ, ਖੁਦ ਪ੍ਰਕਾਸ਼ਮਾਨ ਹੈ ਤੇ ਸਭ ਨੂੰ ਆਤਮਿਕ ਆਨੰਦ ਦੇਣ ਵਾਲਾ ਹੈ। ਉਹ ਇੱਕ ਮਾਤਰ ਸੱਚ ਹੈ, ਉਸ ਦਾ ਸੱਚਾ ਅਸਤਿਤਵ ਹੈ। ਉਹ ਆਤਮ-ਤੱਤ ਦੇ ਰੂਪ ਵਿੱਚ ਸਭ ਜੀਵਾਂ ਅੰਦਰ ਬਿਰਾਜਮਾਨ ਹੈ। ਉਹ ਨਿਰ-ਆਹਾਰੀ ਪਰਮਾਤਮਾ ਅੰਨ-ਪਾਣੀ ਤੋਂ ਬਿਨਾਂ ਲਗਾਤਾਰ ਇਕ-ਰਸ ਰਹਿਣ ਵਾਲਾ ਹੈ। ਪੰਜ ਤੱਤਾਂ ਤੋਂ ਬਣੇ ਇਸ ਜਗਤ ਤੇ ਜੀਵ ਦਾ ਅਸਤਿਤਵ ਤਾਂ ਕਲਪਿਤ ਹੈ। ਉਸ ਨੇ ਇਨ੍ਹਾਂ ਨੂੰ ਖੁਦ ਆਪ ਬਣਾਇਆ ਹੈ॥ ਟੇਕ॥

ਪਰਮਾਤਮਾ ਜਗਤ ਦੇ ਸ਼ੁਰੂ ਵਿੱਚ, ਜਗਤ ਦੇ ਮੱਧ ਵਿੱਚ (ਭਾਵ ਹੁਣ, ਜਗਤ ਦੀ ਮੌਜੂਦਗੀ ਵਿੱਚ) ਤੇ ਜਗਤ ਦੇ ਅੰਤ ਤੱਕ ਇਕ-ਰਸ ਰਹਿਣ ਵਾਲਾ ਹੈ। ਉਹ ਜੁਗਾਂ ਤੋਂ ਵੀ ਪਹਿਲਾਂ ਦਾ ਲਗਾਤਾਰ ਇਕ-ਸਮਾਨ ਰੂਪ ਵਿੱਚ ਵਿਆਪਕ ਰਹਿੰਦਾ ਹੈ। ਉਹ ਉਖਾੜਿਆ ਵੀ ਨਹੀਂ ਜਾ ਸਕਦਾ, ਉਹ ਸਦਾ ਕਾਇਮ ਰਹਿੰਦਾ ਹੈ। ਉਸ ਦੀ ਕੋਈ ਹੱਦ-ਸੀਮਾ ਵੀ ਨਹੀਂ ਹੈ, ਉਹ ਪਰ੍ਹੇ ਤੋਂ ਪਰ੍ਹੇ ਹੈ, ਅਪਰੰਪਾਰ ਹੈ। ਉਹ ਮਾਲਿਕ-ਪ੍ਰਭੂ ਹਰ ਚੱਲ-ਅਚੱਲ, ਕੀਟ-ਪਤੰਗੇ ਤੇ ਜੀਵ-ਜੰਤੂਆਂ ਆਦਿਕ 'ਚ (ਗਤੀ, ਹਰਕਤ ਜਾਂ ਜ਼ਿੰਦਗੀ ਦੇ ਰੂਪ ਵਿੱਚ) ਪੂਰੀ ਤਰ੍ਹਾਂ ਮੌਜੂਦ ਰਹਿੰਦਾ ਹੈ॥

2. ਉਹ ਪ੍ਰਭੂ ਸਭ ਦਾ ਮਾਲਿਕ ਹੈ। ਉਹ ਹਰ ਪੱਖੋਂ ਸੰਪੂਰਨ ਹੈ ਤੇ ਸਭ ਥਾਂ 'ਤੇ ਵਿਆਪਕ ਹੈ। ਉਹ ਕਰਨ-ਕਰਾਉਣ ਵਾਲਾ ਕਰਤਾ ਪੁਰਖ ਖ਼ੁਦ ਹੀ ਹੈ। ਉਹ ਪ੍ਰਭੂ ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਤੇ ਇਸ ਦਾ ਸੰਹਾਰ (ਨਾਸ਼) ਕਰਨ ਵਾਲਾ ਹੈ। ਉਹ ਪ੍ਰਭੂ ਜੀਵਨ ਦੇਣ ਵਾਲਾ ਤੇ ਜੀਵਨ ਲੈਣ ਵਾਲਾ ਹੈ। ਉਹ ਨਾ ਸ਼ੁੱਭ ਹੈ ਤੇ ਨਾ ਹੀ ਅਸ਼ੁੱਭ ਹੈ, ਨਾ ਸਾਧ ਹੈ ਤੇ ਨਾ ਹੀ ਸੇਵਕ ਹੈ। ਕੋਈ ਵੀ ਦਵੈਤ-ਭਾਵ ਉਸ ਨੂੰ ਪੋਹ ਨਹੀਂ ਸਕਦਾ। ਉਹ ਅਦਵੈਤ-ਰੂਪ ਹੋ ਕੇ ਸਾਰੀ ਸ੍ਰਿਸ਼ਟੀ 'ਚ ਵਿਆਪਕ ਹੈ॥

3. ਉਹ ਪ੍ਰਭੂ ਧਰਮ, ਅਧਰਮ, ਮੁਕਤੀ ਤੇ ਹੋਰ ਸਭ ਤਰ੍ਹਾਂ ਦੇ ਬੰਧਨਾਂ ਤੋਂ ਪਰ੍ਹੇ ਹੈ। ਉਹ ਬੁਢਾਪੇ ਤੇ ਮੌਤ ਨੂੰ ਵੀ ਪ੍ਰਾਪਤ ਨਹੀਂ ਹੁੰਦਾ। ਸਤਿਗੁਰੂ ਮਹਾਰਾਜ ਜੀ ਫ਼ਰਮਾਂਦੇ ਹਨ ਕਿ ਉਹ ਪ੍ਰਭੂ ਦ੍ਰਿਸ਼ਟ ਵੀ ਹੈ ਤੇ ਅਦ੍ਰਿਸ਼ਟ ਵੀ। ਜਿਸ ਜੀਵ ਨੂੰ ਇਸ ਵਾਸਤਵਿਕਤਾ ਦਾ ਗਿਆਨ ਹੋ ਜਾਂਦਾ ਹੈ ਕਿ ਗੇਯਾ ਤੇ ਗਿਆਨੀ ਭਾਵ ਪ੍ਰਭੂ ਤੇ ਪ੍ਰਭੂ ਨੂੰ ਜਾਣਨ ਵਾਲਾ ਦੋਨੋਂ ਇਕ ਹਨ, ਉਸ ਜੀਵ ਲਈ ਉਹ ਪ੍ਰਭੂ ਹਰ (ਜੀਵ-ਜੰਤੂ, ਵਸਤ-ਪਦਾਰਥ, ਬ੍ਰਿਛ-ਲਤਾ ਆਦਿ ਵਿੱਚ) 'ਦ੍ਰਿਸ਼ਟਿ-ਰੂਪ' ਹੋ ਕੇ ਮੌਜੂਦ ਹੈ ਅਤੇ ਸ੍ਰਿਸ਼ਟੀ ਦੇ ਕਣ-ਕਣ ਵਿੱਚ ਵਿਆਪਕ ਹੋ ਕੇ ਉਹ 'ਅਦ੍ਰਿਸ਼ਟਿ-ਰੂਪ' ਵਿੱਚ ਮੌਜੂਦ ਹੈ। ਅਜਿਹਾ ਜੀਵ ਹੀ (ਪ੍ਰਭੂ ਦੀ ਪ੍ਰੇਮਾ-ਭਗਤੀ ਰਾਹੀਂ) ਦਵੈਤ ਭਾਵਨਾ ਨੂੰ ਆਪਣੇ ਅੰਦਰੋਂ ਖ਼ਤਮ ਕਰਕੇ ਉਸ ਪ੍ਰਭੂ ਨਾਲ ਇੱਕ-ਮਿਕ ਹੋ ਸਕਦਾ ਹੈ॥

**ਭਾਵ ਅਰਥ** : ਪਰਮਾਤਮਾ ਸ੍ਰਿਸ਼ਟੀ ਦੇ ਆਦਿ ਤੋਂ ਅੰਤ ਤੱਕ ਇਕ ਸਮਾਨ ਰੂਪ

ਵਿੱਚ ਵਿਆਪਕ ਹੈ ਤੇ ਦਵੈਤ ਦੀ ਭਾਵਨਾ ਤੋਂ ਪਰ੍ਹੇ ਹੈ। ਉਹ ਆਪਣੀ ਰਜ਼ਾ ਦਾ ਖ਼ੁਦ ਹੀ ਮਾਲਿਕ ਹੈ॥

## ਰਾਗੁ ਗਉੜੀ - 8

***ਕੋਉ ਸੁਮਰਨ ਦੇਖੋ, ਯੇ ਸਬ ਓਪਲੀ ਚੋਭਾ।***
***ਜਾ ਕੋ ਜੈਸੀ ਸੁਮਿਰਨ, ਤਾ ਕੋ ਤੈਸੀ ਸੋਭਾ॥ ਟੇਕ॥***
***ਹਮਰੀ ਹੀ ਸੀਖ ਸੁਨੈ, ਹਮ ਸੌ ਹੀ ਮਾਂਡੇ ਰੇ।***
***ਥੋਰੇ ਹੀ ਇਤਰਾਈ ਚਾਲੈਂ, ਪਤਿਸ਼ਾਹਿ ਛਾਂਡੇ ਰੇ॥ ੧॥***
***ਅਤਿਹਿ ਆਤੁਰ ਹ੍ਵੈ, ਕਾਂਚਾ ਹੀ ਤੋਲੇ ਰੇ।***
***ਊਂਚੇ ਜਲ ਪੈਸਿ ਨਹੀਂ, ਪਾਂਡ ਰਾਖੋ ਰੇ॥ ੨॥***
***ਥੋਰੇ ਹੀ ਥੋਰੇ ਮੁਸੀਅਤ, ਪਰਾਈਓ ਧਨਾ।***
***ਕਹੈ ਰਵਿਦਾਸ, ਸੁਨੋ ਸੰਤ ਜਨਾ॥ ੩॥***

**ਸ਼ਬਦ ਅਰਥ** : **ਓਪਲੀ**–ਉਪਰਲੀ, ਬਾਹਰੀ। **ਚੋਭਾ**–ਚੋਭ, ਦਿਖਾਵਾ। **ਸੋਭਾ**–ਵਡਿਆਈ। **ਸੀਖ**–ਸਿੱਖਿਆ। **ਮਾਂਡੇ**–ਵਾਦ ਵਿਵਾਦ ਕਰਨਾ, ਝਗੜਾ ਕਰਨਾ, ਧੱਕੇਬਾਜ਼ੀ, ਸੀਨਾਜ਼ੋਰੀ। **ਇਤਰਾਈ**–ਆਕੜ ਵਿੱਚ ਵਿਰੋਧ ਕਰਨਾ, ਇਤਰਾਜ਼ ਕਰਨਾ। **ਛਾਂਡੇ**–ਛੱਡਣਾ, ਦੂਰ ਹੋਣਾ॥ ੧॥ **ਅਤਿਹਿ**–ਬਹੁਤ। **ਆਤੁਰ**–ਵਿਆਕੁਲ, ਚਲਾਕ। **ਕਾਂਚਾ**–ਕੱਚਾ, ਝੂਠ। **ਪੈਸਿ**– ਪੈਣਾ, ਡਿਗਣਾ, ਪ੍ਰਵੇਸ਼ ਹੋਣਾ, ਵਗਣਾ। **ਪਾਂਡ**–ਗੰਢ, ਗੱਠੜੀ॥ ੨॥ **ਮੁਸੀਅਤ**–ਲੁਟਾਉਣਾ, ਚੁਰਾਉਣਾ॥ ੩॥

**ਪਦ ਅਰਥ** : ਜਦੋਂ ਅਸੀਂ ਕਿਸੇ ਨੂੰ ਸੁਮਿਰਨ ਕਰਦੇ ਦੇਖਦੇ ਹਾਂ ਤਾਂ ਅਸੀਂ ਉਸ ਦਾ ਕੇਵਲ ਬਾਹਰੀ ਧਾਰਮਿਕ ਭੇਖ ਹੀ ਦੇਖ ਰਹੇ ਹੁੰਦੇ ਹਾਂ ਜੋ ਸਾਨੂੰ ਕਈ ਵਾਰ ਚੋਭਦਾ ਹੈ, ਓਪਰਾ ਤੇ ਦਿਖਾਵੇ ਵਾਲਾ ਲੱਗਦਾ ਹੈ।(ਪਰ ਸੁਮਿਰਨ ਕਰਨ ਵਾਲੇ ਦੇ ਹਿਰਦੇ ਵਿੱਚ ਪ੍ਰਭੂ ਦੀ ਕਿੰਨੀਂ ਕੁ ਭਗਤੀ ਹੈ, ਇਸਦਾ ਅੰਦਾਜ਼ਾ ਉਸ ਦੇ ਬਾਹਰੀ ਭੇਖ ਨੂੰ ਦੇਖ ਕੇ ਨਹੀਂ ਲਗਾਇਆ ਜਾ ਸਕਦਾ। ਇਸ ਦਾ ਅੰਦਾਜ਼ਾ ਤਾਂ ਸੰਸਾਰ ਵਿੱਚ ਹੋ ਰਹੀ ਉਸ ਦੀ ਵਡਿਆਈ ਤੋਂ ਹੀ ਲੱਗਦਾ ਹੈ।) ਜੀਵ ਦੇ ਹਿਰਦੇ ਅੰਦਰ ਜਿੰਨੀ ਪ੍ਰਭੂ ਦੇ ਨਾਮ ਦੀ ਭਗਤੀ ਹੋਵੇਗੀ ਓਨੀਂ ਹੀ ਉਸ ਦੀ ਸੰਸਾਰ ਵਿੱਚ ਵਡਿਆਈ ਹੋ ਰਹੀ ਹੋਵੇਗੀ॥ ਟੇਕ॥

ਸਤਿਗੁਰੂ ਮਹਾਰਾਜ ਜੀ ਫ਼ਰਮਾਂਦੇ ਹਨ ਕਿ ਦਿਖਾਵੇ ਦੀ ਭਗਤੀ ਕਰਨ ਵਾਲੇ ਪਾਖੰਡੀ ਲੋਕ ਮੇਰੇ ਕੋਲ ਪ੍ਰਭੂ ਦੇ ਨਾਮ ਦੀ ਸਿੱਖਿਆ ਸੁਣਨ ਆਉਂਦੇ ਹਨ ਪਰ ਵਾਦ–ਵਿਵਾਦ ਵਿੱਚ ਪੈ ਜਾਂਦੇ ਹਨ ਤੇ ਪ੍ਰਭੂ ਦੀ ਏਨੀਂ ਵੱਡੀ ਪਾਤਿਸ਼ਾਹੀ ਨੂੰ ਛੱਡ ਕੇ ਛੋਟੀਆਂ–ਛੋਟੀਆਂ ਗੱਲਾਂ ’ਤੇ ਇਤਰਾਜ਼ ਕਰਦੇ ਹੋਏ ਆਕੜਦੇ ਹਨ। ਅਜਿਹੇ ਆਚਰਣ ਵਾਲੇ ਹੰਕਾਰੀ ਲੋਕ ਪ੍ਰਭੂ ਤੋਂ ਹੋਰ ਦੂਰ ਹੋ ਜਾਂਦੇ ਹਨ॥

2. ਇਹ ਪਾਖੰਡੀ ਲੋਕ ਝੂਠ ਦੇ ਵਣਜ ਵਿੱਚ ਬਹੁਤ ਵਿਆਕੁਲ ਰਹਿੰਦੇ ਹਨ ਤੇ ਸਦਾ ਕੱਚਾ ਹੀ ਤੋਲਦੇ ਹਨ (ਭਾਵ ਭਗਤੀ ਦੀ ਪਰਪੱਕਤਾ ਤੋਂ ਪਹਿਲਾਂ ਹੀ ਇਹ ਆਪਣੇ ਆਪ ਨੂੰ ਸੰਪੂਰਨ ਮੰਨੀ ਬੈਠੇ ਹਨ।) ਸਤਿਗੁਰੂ ਜੀ ਇਨ੍ਹਾਂ ਪਾਖੰਡੀ ਲੋਕਾਂ

ਨੂੰ ਸਮਝਾਉਂਦੇ ਹੋਏ ਫ਼ਰਮਾਂਦੇ ਹਨ ਕਿ ਹੇ ਝੂਠ ਦੇ ਵਣਜਾਰਿਓ! ਪਾਣੀ ਕਦੇ ਵੀ ਉੱਚੇ ਪਾਸੇ ਵੱਲ ਨਹੀਂ ਪੈ ਸਕਦਾ (ਭਾਵ ਨਹੀਂ ਵਗ ਸਕਦਾ, ਉਹ ਤਾਂ ਹਮੇਸ਼ਾ ਨੀਵੇਂ ਪਾਸੇ ਵੱਲ ਹੀ ਵਗਦਾ ਹੈ।) ਤੁਸੀਂ ਆਪਣੇ ਪਾਖੰਡੀ ਗਿਆਨ ਦੀ ਗੱਠੜੀ ਆਪਣੇ ਕੋਲ ਹੀ ਰੱਖੋ ਤੇ (ਸੱਚੀ ਭਗਤੀ ਲਈ ਨੀਵੇਂ ਪਾਸੇ ਵੱਲ ਵਗਦੇ ਪਾਣੀ ਦੀ ਤਰ੍ਹਾਂ ਆਪਣੇ ਹੰਕਾਰ ਨੂੰ ਛੱਡ ਕੇ ਨਿਮਰਤਾ ਸਹਿਤ ਪਰਮਾਤਮਾ ਦੇ ਨਾਮ ਦਾ ਸਿਮਰਨ ਕਰੋ।)॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਸੰਤ-ਜਨੋਂ! ਮੇਰੀ ਗੱਲ ਧਿਆਨ ਨਾਲ ਸੁਣੋ ਕਿ ਜੀਵ ਆਪਣੀ ਜ਼ਿੰਦਗੀ ਦੇ ਸਵਾਸਾਂ-ਰੂਪੀ ਪਰਾਏ ਧਨ ਨੂੰ (ਪ੍ਰਭੂ ਦੀ ਬੰਦਗੀ ਵਿੱਚ ਲਗਾਏ ਬਿਨਾਂ) ਥੋੜ੍ਹਾ-ਥੋੜ੍ਹਾ ਕਰ ਕੇ ਅਜਾਈਂ ਹੀ ਲੁਟਾਈ ਜਾ ਰਿਹਾ ਹੈ। (ਇਸ ਤੋਂ ਪਹਿਲਾਂ ਕਿ ਸਵਾਸਾਂ-ਰੂਪੀ ਧਨ ਖ਼ਤਮ ਹੋ ਜਾਏ ਭਾਵ ਮੌਤ ਆ ਜਾਏ ਜੀਵ ਨੂੰ ਚਾਹੀਦਾ ਹੈ ਕਿ ਉਹ ਦਿਖਾਵੇ ਦੀ ਭਗਤੀ ਨੂੰ ਛੱਡ ਕੇ ਸੱਚੇ ਮਨੋਂ ਪਰਮਾਤਮਾ ਦਾ ਨਾਮ-ਸਿਮਰਨ ਕਰੇ।)॥

**ਭਾਵ ਅਰਥ** : ਪਰਮਾਤਮਾ ਦੀ ਪ੍ਰਾਪਤੀ ਪਾਖੰਡੀ, ਕਰਮਕਾਂਡੀ ਤੇ ਆਡੰਬਰੀ ਭਗਤੀ ਨਾਲ ਨਹੀਂ ਸਗੋਂ ਅੰਤਰਮੁਖੀ ਸੱਚੀ ਭਗਤੀ ਨਾਲ ਹੁੰਦੀ ਹੈ।

## ਰਾਗੁ ਗਉੜੀ -9

*ਪਹਿਲੇ ਪਹਿਰੈ ਰੈਣਿ ਦੇ ਵਣਿਜਾਰਿਆ, ਤੈਂ ਜਨਮ ਲਿਆ ਸੰਸਾਰ ਵੇ।*
*ਸੇਵਾ ਚੂਕੋ ਰਾਮ ਕੀ ਵਣਿਜਾਰਿਆ, ਤੇਰੀ ਬਾਲਕ ਬੁਧਿ ਗੰਵਾਰ ਵੇ॥ ੧॥*
*ਬਾਲਕ ਬੁਧਿ ਗੰਵਾਰ ਨ ਚੇਤਿਓ, ਭੂਲਾ ਮਾਇਆ ਜਾਲ ਵੇ।*
*ਕਹਾ ਹੋਇ ਪਾਛੈਂ ਪਛਿਤਾਏ, ਜਲ ਪਹਿਲੇ ਨ ਬਾਂਧੀ ਪਾਲ ਵੇ॥ ੨॥*
*ਬੀਸ ਬਰਸ ਕਾ ਭਇਆ ਅੰਜਾਨਾ, ਥੰਮਿ ਨ ਸਕਿਆ ਭਾਵ ਵੇ।*
*ਜਨ ਰਵਿਦਾਸ ਕਹੈ ਵਣਿਜਾਰਿਆ, ਤੈ ਜਨਮ ਲਿਆ ਸੰਸਾਰ ਵੇ॥ ੩॥*
*ਦੂਜੇ ਪਹਿਰੈ ਰੈਣਿ ਦੇ ਵਣਿਜਾਰਿਆ, ਤੂੰ ਨਿਰਖਤ ਚਾਲਿਓ ਛਾਂਹ ਵੇ।*
*ਹਰਿ ਨ ਦਮੋਦਰ ਧਿਆਇਆ ਵਣਿਜਾਰਿਆ, ਤੈਂ ਲਇ ਨ ਸਕਿਆ ਨਾਂਵ ਵੇ॥ ੪॥*
*ਨਾਂਵ ਨ ਲੀਆ ਔਗੁਣ ਕੀਆ, ਇਸ ਜੋਬਨ ਕੈ ਤਾਣ ਵੇ।*
*ਅਪਨੀ ਪਰਾਈ ਗਿਨੀ ਨ ਕਾਈ, ਮੰਦ ਕਰਮ ਕਮਾਨ ਵੇ॥ ੫॥*
*ਸਾਹਿਬ ਲੇਖਾ ਲੇਸੀ ਤੂੰ ਭਰਿ ਦੇਸੀ, ਭੀਰ ਪਰੈ ਤੁਝ ਤਾਂਹ ਵੇ।*
*ਜਨ ਰਵਿਦਾਸ ਕਹੈ ਵਣਿਜਾਰਿਆ, ਤੂੰ ਨਿਰਖਤ ਚਾਲਿਓ ਛਾਂਹ ਵੇ॥ ੬॥*
*ਤੀਜੈ ਪਹਿਰੈ ਰੈਣਿ ਦੇ ਵਣਿਜਾਰਿਆ, ਤੇਰੇ ਢਿਲੜੇ ਪੜੇ ਪ੍ਰਾਨ ਵੇ।*
*ਕਾਇਆ ਰਵਾਨੀ ਨਾ ਕਰੈ ਵਣਿਜਾਰਿਆ, ਘਟ ਭੀਤਰਿ ਬਸੇ ਕੁਜਾਨ ਵੇ॥ ੭॥*
*ਏਕ ਬਸੈ ਕੁਜਾਨ ਕਾਇਆ ਗੜ ਭੀਤਰਿ, ਪਹਿਲਾ ਜਨਮ ਗਵਾਇਆ ਵੇ।*
*ਅਬ ਕੀ ਬੇਰ ਨ ਸੁਕ੍ਰਿਤ ਕੀਇਓ, ਬਹੁਰਿ ਨ ਯਹਿ ਗੜ ਪਾਇ ਵੇ॥ ੮॥*
*ਕੰਪੀ ਦੇਹ ਕਾਇਆ ਗੜ ਛੀਨਾ, ਫਿਰਿ ਲਾਗਾ ਪਛਿਤਾਂਣ ਵੇ।*

*ਜਨ ਰਵਿਦਾਸ ਕਹੈ ਵਣਿਜਾਰਿਆ, ਤੇਰੇ ਢਿਲੜੇ ਪੜੇ ਪ੍ਰਾਨ ਵੇ ॥ ੯ ॥*
*ਚੌਥੇ ਪਹਿਰੈ ਰੈਣਿ ਦੇ ਵਣਿਜਾਰਿਆ, ਤੇਰੀ ਕੰਪਨ ਲਾਗੀ ਦੇਹ ਵੇ ।*
*ਸਾਹਿਬ ਲੇਖਾ ਮਾਂਗਿਆ ਵਣਿਜਾਰਿਆ, ਤੂ ਛਾਡਿ ਪੁਰਾਨੀ ਥੇਹ ਵੇ ॥ ੧੦ ॥*
*ਛਾਂਡਿ ਪੁਰਾਨੀ ਜਿੰਦ ਅੰਜਾਨਾ, ਬਾਲਦਿ ਲਦਿ ਸਬੇਰਿਆ ਵੇ ।*
*ਜਮ ਕੇ ਆਏ ਬਾਂਧਿ ਚਲਾਏ, ਬਾਰੀ ਪੂਗੀ ਤੇਰਿਆ ਵੇ ॥ ੧੧ ॥*
*ਪੰਥਿ ਚਲੇ ਅਕੇਲਾ ਹੋਏ ਦੁਹੇਲਾ, ਕਿਸ ਕੋ ਦੇਇ ਸਨੇਹ ਵੇ ।*
*ਜਨ ਰਵਿਦਾਸ ਕਹੈ ਵਣਿਜਾਰਿਆ, ਤੇਰੀ ਕੰਪਨ ਲਾਗੀ ਦੇਹ ਵੇ ॥ ੧੨ ॥*

**ਸ਼ਬਦ ਅਰਥ** : **ਪਹਿਲੇ ਪਹਿਰੈ**–ਭਾਵ ਬਾਲ ਅਵਸਥਾ। **ਚੂਕੋ**–ਭੁੱਲ ਗਿਆ। **ਗੰਵਾਰ**–ਅਨਜਾਣ ॥ ੧ ॥ **ਚੇਤਿਓ**–ਯਾਦ ਕਰਨਾ। **ਪਹਿਲੀ**–ਪਹਿਲਾ। **ਪਾਲ**–ਬੇੜੀ ਦਾ ਉਹ ਵਸਤ੍ਰ ਜੋ ਹਵਾ ਦਾ ਰੁੱਖ ਬਦਲ ਕੇ ਬੇੜੀ ਦੀ ਚਾਲ ਤੇਜ਼ ਕਰਦਾ ਹੈ, ਪਾਣੀ ਦਾ ਬੰਨ੍ਹ, ਵੱਟ ॥ ੨ ॥ **ਅੰਜਾਨਾ**– ਅੰਞਾਣ, ਮੂਰਖ਼। **ਭਾਵ**–ਭਾਵਨਾਵਾਂ। **ਥਾਂਮਿ**–ਰੋਕਣਾ ॥ ੩ ॥
**ਨਿਰਖਤ**–ਜਾਂਚਣਾ, ਪਰਖਣਾ। **ਦਮੋਦਰ**–ਸਾਰੇ ਬ੍ਰਹਿਮੰਡ ਦਾ ਮਾਲਿਕ–ਪ੍ਰਭੂ ॥ ੪ ॥
**ਤਾਣ**–ਬਲ, ਸਕਤਿ, ਹੰਕਾਰ, ਗਰੂਰ। **ਗਿਨੀ**–ਗਿਣਤੀ। **ਗਿਨੀ ਨ ਕਾਈ**–ਗਿਣਤੀ ਨਹੀਂ ਹੋ ਸਕਦੀ। **ਮੰਦ**–ਖੋਟੇ, ਕੁਕਰਮ ॥ ੫ ॥
**ਭੀਰ**–ਮੁਸੀਬਤ। **ਤਾਂਹ**–ਵੇਲੇ, ਸਮੇਂ। **ਲੇਖਾ**–ਕਰਮਾਂ ਦਾ ਹਿਸਾਬ ॥ ੬ ॥
**ਕਾਇਆ**–ਸਰੀਰ, ਦੇਹ। **ਢਿਲੜੇ**–ਕਮਜ਼ੋਰ। **ਰਵਾਨੀ**–ਉਚਾਰਨ ਦੀ ਕਿਰਿਆ, ਜਾਪ ਦੀ ਵਿਧੀ, ਜਪਣ ਦੀ ਇਕ ਪਰਿਪਾਟੀ ਪੈਣਾ। **ਵਾਨੀ**–ਬੋਲ, ਸਿਮਰਨ ॥ ੭ ॥
**ਕੁਜਾਨ**– ਦੁਰਵਿਚਾਰ। **ਸੁਕ੍ਰਿਤ**–ਪੁੰਨ ਕਰਮ, ਨੇਕ ਕਰਮ। **ਬਹੁਰਿ**–ਦੁਬਾਰਾ। **ਗੜ**–ਸਰੀਰ ਰੂਪੀ ਕਿਲ੍ਹਾ, ਕਿਲ੍ਹਾ ॥ ੮ ॥ **ਥੇਹ**–ਸਥਾਨ, ਥਾਂ ॥ ੧੦ ॥
**ਪੁਰਾਨੀ ਜਿੰਦ**–ਬੁੱਢਾ ਸਰੀਰ। **ਬਾਲਦਿ**–ਬੈਲ। **ਬਾਂਧਿ ਚਲਾਏ**–ਬੰਨ੍ਹ ਕੇ ਅੱਗੇ ਤੋਰ ਲਿਆ। **ਬਾਰੀ ਪੂਗੀ**–ਵਾਰੀ ਪੂਰੀ ਹੋ ਗਈ ॥ ੧੧ ॥ **ਦੁਹੇਲਾ**–ਕਠਿਨ, ਔਖਾ ॥ ੧੨ ॥

**ਪਦ ਅਰਥ** : ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇ ਜੀਵ ਦੇ ਜੀਵਨ ਦੀਆਂ ਚਾਰ ਅਵਸਥਾਵਾਂ– ਬਚਪਨ, ਜਵਾਨੀ, ਅਧਖੜ੍ਹ ਤੇ ਬੁਢਾਪੇ ਦੀ ਤੁਲਨਾ ਰਾਤ ਦੇ ਚਾਰ ਪਹਿਰਾਂ ਨਾਲ ਕੀਤੀ ਹੈ। ਜੀਵ ਸੰਸਾਰ ਵਿੱਚ ਰਾਮ ਨਾਮ ਦਾ ਵਡਮੁੱਲਾ ਵਣਜ ਕਰਨ ਆਉਂਦਾ ਹੈ। ਪਰ ਉਹ ਸੰਸਾਰ ਦੀ ਮੋਹ–ਮਾਇਆ ਤੇ ਵਿਸ਼ੇ–ਵਿਕਾਰਾਂ ਵਿੱਚ ਲੁਭਾਇਮਾਨ ਹੋਇਆ ਕੁਰਾਹੇ ਪੈ ਜਾਂਦਾ ਹੈ ਤੇ ਪ੍ਰਭੂ ਦਾ ਨਾਮ–ਸਿਮਰਨ ਵਿਸਾਰ ਕੇ ਕੋਈ ਅਧਿਆਤਮਿਕ ਕਮਾਈ ਕੀਤੇ ਬਿਨਾਂ ਹੀ ਆਪਣਾ ਅਨਮੋਲ ਮਨੁੱਖਾ ਜਨਮ ਅਜਾਈਂ ਗਵਾ ਲੈਂਦਾ ਹੈ ਤੇ ਸੰਸਾਰ ਵਿੱਚੋਂ ਖਾਲ੍ਹੀ ਹੱਥੀਂ ਹੀ ਚਲਾ ਜਾਂਦਾ ਹੈ॥

1. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਰਾਮ–ਨਾਮ ਦਾ ਵਣਜ ਕਰਨ ਆਏ ਜੀਵ! ਤੂੰ ਰਾਤ ਰੂਪੀ–ਜੀਵਨ ਦੇ ਪਹਿਲੇ ਪਹਿਰ ਨੂੰ ਇਸ ਸੰਸਾਰ ਵਿੱਚ ਜਨਮ ਲਿਆ ਸੀ। ਜੀਵਨ ਦੇ ਪਹਿਲੇ ਪੜਾਅ ਭਾਵ ਬਾਲ ਅਵਸਥਾ ਵਿੱਚ ਤੇਰੀ ਅਕਲ ਅੰਞਾਣ ਤੇ ਗੰਵਾਰ ਸੀ ਜਿਸ ਕਾਰਨ ਤੂੰ ਪ੍ਰਭੂ ਦੀ ਸੇਵਾ–ਭਗਤੀ ਕਰਨ ਵੱਲੋਂ ਬੇ–ਪਰਵਾਹ ਰਿਹਾ॥

2. ਬਚਪਨ ਵਿੱਚ ਤੇਰੀ ਅਕਲ ਅੰਞਾਣ ਤੇ ਗੰਵਾਰ ਹੋਣ ਕਰਕੇ ਤੂੰ ਸੰਸਾਰ ਦੀ

ਮੋਹ-ਮਾਇਆ ਦੇ ਜਾਲ ਵਿੱਚ ਹੀ ਫਸਿਆ ਰਿਹਾ ਅਤੇ ਪ੍ਰਭੂ ਨੂੰ ਕਦੇ ਵੀ ਯਾਦ ਨਹੀਂ ਕੀਤਾ। ਹੇ ਵਣਜਾਰੇ ਜੀਵ! ਜੇਕਰ (ਮੋਹ-ਮਾਇਆ ਤੇ ਵਿਸ਼ੇ-ਵਿਕਾਰਾਂ)-ਰੂਪੀ ਜਲ ਨੂੰ ਸਮੇਂ ਸਿਰ ਪ੍ਰਭੂ ਦੇ ਨਾਮ-ਸਿਮਰਨ ਦੀ ਪਾਲ ਨਾ ਬੰਨ੍ਹੀ ਜਾਏ ਤਾਂ (ਜੀਵਨ 'ਚ ਹੋਏ ਆਤਮਿਕ ਨੁਕਸਾਨ ਲਈ) ਬਾਅਦ ਵਿੱਚ ਪਛਤਾਉਣ ਦਾ ਕੋਈ ਫ਼ਾਇਦਾ ਨਹੀਂ ਹੁੰਦਾ॥

3. ਹੇ ਗੰਵਾਰ ਵਣਜਾਰੇ! ਤੂੰ ਵੀਹ ਸਾਲਾਂ ਦਾ ਹੋ ਕੇ ਵੀ ਮੂਰਖ਼ ਤੇ ਨਿਆਣਾ ਹੀ ਬਣਿਆ ਰਿਹਾ ਤੇ ਆਪਣੀਆਂ ਗਲਤ ਭਾਵਨਾਵਾਂ ਨੂੰ ਰੋਕ ਨਹੀਂ ਸਕਿਆ। ਹੇ ਵਣਜਾਰੇ ਜੀਵ! ਤੂੰ ਇਸ ਸੰਸਾਰ ਵਿੱਚ ਆਪਣੇ ਜਨਮ ਲੈਣ ਦੇ ਅਸਲ ਮਨੋਰਥ ਨੂੰ ਕਿਉਂ ਨਹੀਂ ਸਮਝ ਸਕਿਆ?॥

4. ਹੇ ਰਾਮ-ਨਾਮ ਦਾ ਵਣਜ ਕਰਨ ਆਏ ਜੀਵ! ਤੂੰ ਰਾਤ-ਰੂਪੀ ਜੀਵਨ ਦੇ ਦੂਸਰੇ ਪਹਿਰ ਭਾਵ ਜਵਾਨੀ ਵਿੱਚ ਵੀ ਮਨੁੱਖਾ ਜਨਮ ਦੇ ਮਨੋਰਥ ਨੂੰ ਜਾਣੇ ਬਿਨਾਂ ਹੀ ਮਾਇਆ-ਰੂਪੀ ਝੂਠੀ ਛਾਂ ਦਾ ਆਸਰਾ ਲੱਭਦਾ ਰਿਹਾ ਤੇ ਬ੍ਰਹਿਮੰਡਾਂ ਦੇ ਮਾਲਿਕ-ਪ੍ਰਭੂ ਤੋਂ (ਬੇਮੁਖ ਹੋਇਆ ਮਾਇਆ ਦੇ ਦੂੱਸ਼ ਪ੍ਰਭਾਵ ਹੇਠ) ਨਾ ਤਾਂ ਉਸ ਪ੍ਰਭੂ ਨੂੰ ਯਾਦ ਕੀਤਾ ਤੇ ਨਾ ਹੀ ਉਸ ਦੇ ਨਾਮ ਨੂੰ ਧਿਆਇਆ॥

5. ਹੇ ਵਣਜਾਰੇ ਜੀਵ! ਤੂੰ ਜਵਾਨੀ ਦੇ ਗਰੂਰ ਵਿੱਚ ਪਰਮਾਤਮਾ ਦੇ ਨਾਮ ਦਾ ਸਿਮਰਨ ਨਾ ਕਰਕੇ ਗ਼ੁਨਾਹ ਹੀ ਕੀਤਾ। ਤੂੰ ਕਾਮ ਵੱਸ ਹੋ ਕੇ ਆਪਣੀ ਤੇ ਕਈ ਹੋਰ ਅਣਗਿਣਤ ਪਰਾਈ ਇਸਤਰੀਆਂ ਨਾਲ ਖੋਟੇ ਕਰਮ ਹੀ ਕਮਾਉਂਦਾ ਰਿਹਾ॥

6. ਹੇ ਵਣਜਾਰੇ ਜੀਵ! ਪ੍ਰਭੂ ਨੇ ਤੇਰੇ ਕੋਲੋਂ ਤੇਰੇ ਕੀਤੇ ਹੋਏ ਕਰਮਾਂ-ਕੁਕਰਮਾਂ ਦਾ ਲੇਖਾ ਮੰਗਣਾ ਹੈ ਤੇ ਤੈਨੂੰ ਉਸ ਦਾ ਪੂਰਾ-ਪੂਰਾ ਹਿਸਾਬ ਦੇਣਾ ਪੈਣਾ ਹੈ। ਉਸ ਵੇਲੇ ਤੇਰੇ ਉੱਤੇ ਮੁਸੀਬਤਾਂ ਪੈਣਗੀਆਂ। ਰਾਮ-ਨਾਮ ਦੀ ਸੱਚੀ ਛਾਂ ਛੱਡ ਕੇ ਮਾਇਆ-ਰੂਪੀ ਝੂਠੀ ਛਾਂ ਦਾ ਆਸਰਾ ਲੈਣ ਦਾ ਇਹੋ ਹੀ ਨਤੀਜਾ ਹੁੰਦਾ ਹੈ। ਹੇ ਵਣਜਾਰੇ! ਤੂੰ ਮਾਇਆ-ਰੂਪੀ ਝੂਠੀ ਛਾਂ (ਦੀ ਅਸਲੀਅਤ) ਨੂੰ ਪਰਖੇ ਬਿਨਾਂ ਹੀ ਇਸ ਦਾ ਆਸਰਾ ਲੈ ਕੇ ਆਪਣਾ ਅਨਮੋਲ ਜੀਵਨ ਅਜਾਈਂ ਗਵਾ ਲਿਆ ਹੈ॥

7. ਹੇ ਰਾਮ-ਨਾਮ ਦਾ ਵਣਜ ਕਰਨ ਆਏ ਜੀਵ! ਰਾਤ-ਰੂਪੀ ਜੀਵਨ ਦੇ ਤੀਸਰੇ ਪਹਿਰ ਭਾਵ ਅਧਖੜ੍ਹ ਉਮਰ ਵਿੱਚ ਤੇਰਾ ਸਰੀਰ ਤੇ ਪ੍ਰਾਣ ਢਿੱਲੇ ਪੈਣੇ ਸ਼ੁਰੂ ਹੋ ਗਏ ਹਨ। ਤੇਰੇ ਹੱਡਾਂ-ਪੈਰਾਂ ਨੇ ਜਵਾਬ ਦੇਣਾ ਸ਼ੁਰੂ ਕਰ ਦਿੱਤਾ ਹੈ। ਬਚਪਨ ਤੋਂ ਲੈ ਕੇ ਹੁਣ ਤੱਕ ਤੇਰੇ ਸਰੀਰ ਅੰਦਰ ਦੁਰ-ਵਿਚਾਰਾਂ ਦਾ ਹੀ ਵਾਸ ਰਿਹਾ, ਜਿਸ ਕਰਕੇ ਤੇਰਾ ਸਰੀਰ ਹੁਣ ਪ੍ਰਭੂ ਦੇ ਨਾਮ ਦਾ ਉਚਾਰਨ ਨਹੀਂ ਕਰ ਪਾ ਰਿਹਾ॥

8. ਹੇ ਵਣਜਾਰੇ! ਤੂੰ ਔਗੁਣਾਂ ਤੇ ਦੁਰ-ਵਿਚਾਰਾਂ ਨੂੰ ਆਪਣੇ ਸਰੀਰ-ਰੂਪੀ ਕਿਲ੍ਹੇ ਵਿੱਚ ਵਸਾ ਕੇ ਜੀਵਨ ਦੇ ਹੁਣ ਤੱਕ ਦਾ ਸਮਾਂ ਪਹਿਲਾਂ ਹੀ ਅਜਾਈਂ ਗਵਾ ਬੈਠਾ ਹੈਂ। ਯਾਦ ਰੱਖ ਜੇਕਰ ਤੂੰ ਹਾਲੇ ਵੀ ਨੇਕ ਕਰਮ ਨਾ ਕੀਤੇ ਤਾਂ ਇਹ ਸਰੀਰ-ਰੂਪੀ ਕਿਲ੍ਹਾ ਤੈਨੂੰ ਦੁਬਾਰਾ ਨਹੀਂ ਮਿਲੇਗਾ॥

9. ਹੇ ਵਣਜਾਰੇ! ਹੁਣ ਤੇਰੀ ਦੇਹ ਨਿਰਬਲ ਹੋ ਕੇ ਕੰਬਣ ਲੱਗ ਪਈ ਹੈ। ਇਹ ਸਰੀਰ-ਰੂਪੀ ਕਿਲ੍ਹੇ ਦੇ ਖੁੱਸਣ ਦੇ ਸੰਕੇਤ ਹਨ। ਤੂੰ ਸਮਾਂ ਰਹਿੰਦੇ ਪ੍ਰਭੂ ਦਾ ਨਾਮ ਨਹੀਂ ਜੱਪਿਆ, ਹੁਣ ਤੈਨੂੰ ਪਛਤਾਉਣ ਦਾ ਕੋਈ ਲਾਭ ਨਹੀਂ ਹੋਣਾ। ਗੁਰੂ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਵਣਜਾਰੇ! ਹੁਣ ਤੇਰੇ ਪ੍ਰਾਣ ਢਿੱਲੇ ਪੈ ਗਏ ਹਨ ਭਾਵ ਤੇਰਾ ਸਰੀਰ ਸਮਾਪਤੀ ਵੱਲ ਵਧਣਾ ਸ਼ੁਰੂ ਹੋ ਗਿਆ ਹੈ॥

10. ਹੇ ਰਾਮ-ਨਾਮ ਦਾ ਵਣਜ ਕਰਨ ਆਏ ਜੀਵ! ਰਾਤ-ਰੂਪੀ ਜੀਵਨ ਦੇ ਚੌਥੇ ਪਹਿਰ ਭਾਵ ਬੁਢਾਪੇ ਦੇ ਆਉਣ ਨਾਲ ਤੇਰਾ ਸਰੀਰ ਥਰ-ਥਰ ਕੰਬਣ ਲੱਗ ਪਿਆ ਹੈ। ਪ੍ਰਭੂ-ਪਾਤਿਸ਼ਾਹ ਨੇ ਹੁਣ ਤੇਰੇ ਕੋਲੋਂ (ਤੇਰੇ ਕੀਤੇ ਹੋਏ ਕਰਮਾਂ ਦਾ) ਲੇਖਾ ਮੰਗਿਆ ਹੈ ਤੇ ਸਰੀਰ-ਰੂਪੀ ਪੁਰਾਣੀ ਥਾਂ ਨੂੰ ਛੱਡਣ ਲਈ ਕਿਹਾ ਹੈ॥

11. ਇਸ ਲਈ ਹੇ ਅੰਞਾਣ ਜੀਵ! ਤੈਨੂੰ ਹੁਣ ਆਪਣਾ ਪੁਰਾਣਾ ਸਰੀਰ ਛੱਡਣਾ ਹੀ ਪੈਣਾ ਹੈ। ਜਿਸ ਤਰ੍ਹਾਂ ਸਵੇਰ ਵੇਲੇ ਬਲਦਾਂ 'ਤੇ ਬੋਝਾ ਰੱਖ ਕੇ ਉਨ੍ਹਾਂ ਨੂੰ ਅੱਗੇ ਤੋਰ ਲੈਂਦੇ ਹਨ, ਉਸੇ ਤਰ੍ਹਾਂ ਤੈਨੂੰ ਵੀ ਜਮਦੂਤਾਂ ਨੇ ਬੰਨ੍ਹ ਕੇ ਆਪਣੇ ਅੱਗੇ ਤੋਰ ਲੈਣਾ ਹੈ। ਇਸ ਤਰ੍ਹਾਂ ਸੰਸਾਰ ਵਿੱਚ ਆਉਣ ਦੀ ਤੇਰੇ ਜੀਵਨ-ਸਫ਼ਰ ਦੀ ਵਾਰੀ ਪੂਰੀ ਹੋ ਜਾਣੀ ਹੈ॥

12. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਹੇ ਵਣਜਾਰੇ! ਤੈਨੂੰ ਪ੍ਰਲੋਕ ਦੇ ਰਸਤੇ 'ਤੇ ਇਕੱਲਿਆਂ ਹੀ ਚੱਲਣਾ ਪੈਣਾ ਹੈ। ਇਹ ਬੜਾ ਔਖਾ ਸਮਾਂ ਹੁੰਦਾ ਹੈ।ਉਸ ਵੇਲੇ ਤੂੰ ਆਪਣੀ ਸਹਾਇਤਾ ਲਈ ਕਿਸ ਨੂੰ ਪੁਕਾਰੇਂਗਾ? (ਰਾਮ-ਨਾਮ ਦੀ ਕਮਾਈ ਜੋ ਤੇਰੇ ਇਸ ਔਖੇ ਵੇਲੇ ਸਹਾਈ ਹੋਣੀ ਸੀ, ਉਸ ਕਮਾਈ ਦੀ ਖੱਟੀ ਨਾ ਕਰਨ ਕਰਕੇ) ਹੁਣ ਤੇਰੀ ਇਹ ਦੇਹ (ਜਮਾਂ ਦੀ ਮਾਰ ਦੇ ਭੈਅ ਤੋਂ ਡਰ ਕੇ) ਥਰ-ਥਰ ਕੰਬਣ ਲੱਗ ਪਈ ਹੈ॥

**ਭਾਵ ਅਰਥ** : ਜੀਵ ਨੂੰ ਇੰਦਰੀਆਂ ਦੇ ਭੋਗਾਂ ਤੇ ਸੰਸਾਰ ਦੇ ਵਿਸ਼ੇ-ਵਿਕਾਰਾਂ ਵਿੱਚ ਗਲਤਾਨ ਹੋ ਕੇ ਆਪਣਾ ਅਨਮੋਲ ਜਨਮ ਵਿਅਰਥ ਨਹੀਂ ਗੁਆਉਣਾ ਚਾਹੀਦਾ, ਸਗੋਂ ਪ੍ਰਭੂ ਦੇ ਨਾਮ ਦਾ ਸਿਮਰਨ ਕਰਕੇ ਇਸਨੂੰ ਸੁਹੇਲਾ ਬਣਾਉਣਾ ਚਾਹੀਦਾ ਹੈ।

## ਰਾਗੁ ਗਉੜੀ -10

***ਯਾ ਰਾਮਾ ਏਕ ਤੂੰ ਦਾਨਾ, ਤੇਰਾ ਆਦਿ ਭੇਖ ਨਾ।***
***ਤੂੰ ਸਲਤਾਨ ਸੁਲਤਾਨਾਂ, ਬੰਦਾ ਸਕਿਸਤਾ ਅਜਾਨਾ॥ ਟੇਕ॥***
***ਮੈਂ ਬੇਦਿਆਨਤ ਬਦਨਜ਼ਰ, ਦਰਮੰਦ ਬਰਖੁਰਦਾਰ।***
***ਬੇਅਦਬ ਬਦਬਖਤ ਬੌਰਾ, ਬੇਅਕਲ ਬਦਕਾਰ॥ ੧॥***
***ਮੈਂ ਗੁਨਹਗਾਰ ਗੁਮਹਾਰ ਗਾਫਿਲ, ਕਮਦਿਲਾ ਕਰਤਾਰ।***
***ਤੂੰ ਦਰਕਦਰ ਦਰਿਆਨ ਦਿਲ, ਮੈਂ ਹਿਰਸਿਆ ਹੁਸਿਆਰ॥ ੨॥***
***ਯਹ ਤਨ ਹਸਤ ਖਸਤ ਖਰਾਬ, ਖਾਤਿਰ ਅੰਦੇਸਾ ਬਿਸਿਆਰ।***
***ਰਵਿਦਾਸ ਦਾਸਹਿ ਬੋਲਿ ਸਾਹਿਬ, ਦੇਹੁ ਅਬ ਦੀਦਾਰ॥ ੩॥***

**ਸ਼ਬਦ ਅਰਥ** : **ਦਾਨਾ**–ਦਿਲਾਂ ਦਾ ਜਾਣਨਹਾਰ ਪ੍ਰਭੂ, ਬੁੱਧੀਮਾਨ। **ਭੇਖ**–ਸਰੂਪ। **ਸਲਤਾਨ ਸੁਲਤਾਨਾਂ**–ਬਾਦਸ਼ਾਹਾਂ ਦਾ ਬਾਦਸ਼ਾਹ। **ਸਕਿਸਤਾ**–ਕਮਜ਼ੋਰ, ਟੁੱਟਿਆ ਹੋਇਆ। **ਅਜਾਨਾ**–ਜਿਸ ਨੂੰ ਗਿਆਨ ਨਹੀਂ, ਅਗਿਆਨੀ, ਅਨਜਾਣ॥ ਟੇਕ॥ **ਬੇਦਿਆਨਤ**–ਨਿਮਾਣਾ, ਬੇਈਮਾਨ। **ਬਦਨਜ਼ਰ**–ਭੈੜੀ ਨਜ਼ਰ ਵਾਲਾ। **ਦਰਮੰਦ**-ਦਰ 'ਤੇ ਆਉਣ ਵਾਲਾ, ਸ਼ਰਣਾਗਤ। **ਬਰਖੁਰਦਾਰ**–ਸੇਵਕ, ਇਨਸਾਨ। **ਬੇਅਦਬ**–ਗੁਸਤਾਖ਼, ਜੋ ਕਿਸੇ ਦਾ ਆਦਰ –ਮਾਣ ਨਾ ਕਰੇ। **ਬਦਬਖਤ**–ਨਿਭਾਗਾ, ਭੈੜੇ ਨਸੀਬਾਂ ਵਾਲਾ, ਮੰਦਭਾਗਾ, ਅਭਾਗਾ। **ਬੌਰਾ**–ਪਾਗ਼ਲ, ਸਿਰੜਾ। **ਬੇਅਕਲ**–ਮੂਰਖ਼। **ਬਦਕਾਰ**– ਕੁਕਰਮੀ॥ ੧॥

**ਗੁਮਰਾਹ**- ਸਹੀ ਰਸਤੇ ਤੋਂ ਭਟਕਿਆ ਹੋਇਆ। **ਗਾਫਿਲ**–ਬੇਸਮਝ, ਲਾ–ਪ੍ਰਵਾਹ। **ਕਮਦਿਲਾ**–ਤੰਗਦਿਲੀ। **ਦਰਕਦਰ**–ਦਰ 'ਤੇ ਆਏ ਦੀ ਕਦਰ ਕਰਨ ਵਾਲਾ। **ਦਰਿਆਨ ਦਿਲ**–ਵੱਡੇ ਦਿਲ ਵਾਲਾ। **ਹਿਰਸਿਆ**–ਤ੍ਰਿਸ਼ਨਾ ਪ੍ਰਾਪਤੀ ਲਈ ਲਾਲਚੀ॥ ੨॥

**ਹਸਤ ਖਸਤ**–ਟੁੱਟਿਆ ਫੁੱਟਿਆ, ਖ਼ਰਾਬ ਹਾਲਤ ਵਿੱਚ। **ਖਾਤਿਰ**- ਇਸ ਕਰਕੇ। **ਅੰਦੇਸਾ**–ਚਿੰਤਾ। **ਖਰਾਬ**–ਭੈੜਾ, ਕਮਜ਼ੋਰ। **ਬਿਸਿਆਰ**–ਬਹੁਤ, ਅਧਿਕ॥ ੩॥

**ਪਦ ਅਰਥ** : ਹੇ ਦਿਲਾਂ ਦੇ ਜਾਣਨਹਾਰ ਪ੍ਰਭੂ! ਕੇਵਲ ਇਕ ਆਪ ਜੀ ਹੀ ਸ੍ਰਿਸ਼ਟੀ ਵਿੱਚ ਸਰਬ–ਕਲਾ ਸਮਰੱਥ ਹੋ ਤੇ ਸਭ ਦੇ ਦਾਤਾ ਹੋ। ਆਪ ਜੀ ਅਨਾਦਿ ਹੋ, ਆਪ ਜੀ ਦੇ ਆਰੰਭ ਨੂੰ ਕੋਈ ਵੀ ਨਹੀਂ ਜਾਣਦਾ। ਆਪ ਜੀ ਦਾ ਕੋਈ ਖ਼ਾਸ ਸਰੂਪ ਵੀ ਨਹੀਂ ਹੈ। ਆਪ ਜੀ ਬਾਦਸ਼ਾਹਾਂ ਦੇ ਬਾਦਸ਼ਾਹ ਹੋ। ਮੈਂ ਆਪ ਜੀ ਦਾ ਨਿਮਾਣਾ ਜਿਹਾ ਤੇ ਕਮਜ਼ੋਰ ਸੇਵਕ ਆਪ ਜੀ ਦੀ ਮਹਿਮਾ ਤੋਂ ਅਨਜਾਣ ਹਾਂ॥ ਟੇਕ॥

ਹੇ ਪਰਮਾਤਮਾ! ਮੈਂ ਔਗੁਣਾਂ ਦਾ ਭਰਿਆ ਹੋਇਆ ਬੇਈਮਾਨ, ਭੈੜੀ ਨਜ਼ਰ ਵਾਲਾ, ਦੁਖੀ, ਗੁਸਤਾਖ਼, ਨਿਭਾਗਾ, ਪਾਗ਼ਲ, ਸਿਰੜਾ ਤੇ ਬੁਰੇ ਕਰਮ ਕਰਨ ਵਾਲਾ ਮੂਰਖ਼ ਇਨਸਾਨ ਹਾਂ। (ਮੈਂ ਆਪ ਜੀ ਦੀ ਸ਼ਰਨਾਗਤ ਹਾਂ। ਆਪ ਜੀ ਮੇਰੇ 'ਤੇ ਦਇਆ–ਮਿਹਰ ਦੀ ਨਿਗ੍ਹਾ ਕਰੋ ਜੀ।)॥

2. ਹੇ ਪਰਮਾਤਮਾ! ਮੈਂ ਗ਼ੁਨਾਹਗਾਰ, ਸੱਚ ਦੀ ਰਾਹੋਂ ਭਟਕਿਆ ਹੋਇਆ, ਬੇਸਮਝ, ਲਾ–ਪਰਵਾਹ, ਤੰਗ ਦਿਲ ਵਾਲਾ, ਇੱਛਾਵਾਂ ਤੇ ਤ੍ਰਿਸ਼ਨਾਵਾਂ ਦਾ ਮਾਰਿਆ ਹੋਇਆ ਲਾਲਚੀ ਤੇ ਚਲਾਕ ਇਨਸਾਨ ਹਾਂ ਪਰ ਆਪ ਜੀ ਤਾਂ ਦਇਆ ਦੇ ਪੁੰਜ, ਦਰਿਆ ਵਾਂਗ ਵੱਡੇ ਦਿਲ ਵਾਲੇ, ਸਭ ਦਾ ਉੱਧਾਰ ਕਰਨ ਵਾਲੇ ਤੇ ਦਰ 'ਤੇ ਆਏ ਦੀ ਫ਼ਰਿਆਦ ਸੁਣਨ ਵਾਲੇ ਹੋ। (ਆਪ ਜੀ ਮੇਰੇ ਔਗੁਣ ਨਾ ਚਿਤਾਰਦੇ ਹੋਏ ਮੇਰੇ 'ਤੇ ਆਪਣੀ ਕਿਰਪਾ–ਦ੍ਰਿਸ਼ਟੀ ਕਰੋ ਜੀ।)॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਪਰਮਾਤਮਾ ਅੱਗੇ ਅਰਜੋਈ ਕਰਦੇ ਹੋਏ ਫ਼ਰਮਾਂਦੇ ਹਨ ਕਿ ਹੇ ਪ੍ਰਭੂ! ਮੇਰੇ ਸਰੀਰ ਦੀ ਹਾਲਤ ਬਹੁਤ ਨਾਜ਼ੁਕ ਤੇ ਖਸਤਾ ਹੈ। ਇਹ ਕਮਜ਼ੋਰ ਤੇ ਬਿਖਰਿਆ ਹੋਇਆ ਹੈ। ਇਸ ਲਈ ਮੈਨੂੰ ਬਹੁਤ ਚਿੰਤਾ ਲੱਗੀ ਰਹਿੰਦੀ ਹੈ ਕਿ ਮੈਂ ਆਪਣਾ ਸਰੀਰ ਛੱਡਣ ਤੋਂ ਪਹਿਲਾਂ–ਪਹਿਲਾਂ ਆਪ ਜੀ ਦੇ ਦਰਸ਼ਨ ਕਰ ਲਵਾਂ। ਹੇ ਸਭ ਜੀਵਾਂ ਦੇ ਮਾਲਿਕ ਪ੍ਰਭੂ! ਹੇ ਦਿਲਾਂ ਦੇ ਜਾਣਨਹਾਰ ਪ੍ਰਭੂ! ਆਪ ਜੀ ਦਾ ਦਾਸ ਪੁਕਾਰ–ਪੁਕਾਰ ਕੇ ਇਹ ਫ਼ਰਿਆਦ ਕਰ ਰਿਹਾ ਹੈ ਕਿ ਆਪ ਜੀ ਮੈਨੂੰ ਜਲਦੀ–ਜਲਦੀ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ ਜੀ॥

**ਭਾਵ ਅਰਥ** : ਪਰਮਾਤਮਾ ਸਰਬ–ਵਿਆਪਕ, ਅਬਿਨਾਸ਼ੀ ਤੇ ਦਿਆਲੂ ਹੈ। ਜੀਵ

ਔਗੁਣਾਂ ਨਾਲ ਭਰਿਆ ਹੋਇਆ ਨਾਸ਼ਵੰਤ ਪ੍ਰਾਣੀ ਹੈ। ਜੀਵ ਨੂੰ ਚਾਹੀਦਾ ਹੈ ਕਿ ਉਹ ਪਰਮਾਤਮਾ ਦਾ ਸਿਮਰਨ ਕਰਕੇ ਆਪਣਾ ਲੋਕ-ਪ੍ਰਲੋਕ ਸੰਵਾਰੇ।

## ਰਾਗੁ ਗਾਉੜੀ ਬੈਰਾਗਣਿ-11

***ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥***
***ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥ ੧ ॥***
***ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ ॥ ੧ ॥ ਰਹਾਉ ॥***
***ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯ੍ਯਾਪਾਰੁ ॥***
***ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ ॥ ੨ ॥***
***ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ ॥***
***ਮੋਹਿ ਜਮ ਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ ॥ ੩ ॥***
***ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ ॥***
***ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥ ੪ ॥***

**ਸ਼ਬਦ ਅਰਥ** : **ਘਟ**- ਰਸਤਾ। **ਅਵਘਟ**- ਕਠਿਨ। **ਡੂਗਰ**- ਪਹਾੜੀ। **ਘਣਾ**-ਸੰਘਣਾ। **ਨਿਰਗੁਣੁ**- ਗੁਣਹੀਣ, ਕਮਜ਼ੋਰ। **ਮੁਰਾਰਿ**- ਪ੍ਰਭੂ ਨੂੰ ਸੰਬੋਧਿਤ ਇਕ ਨਾਮ, ਅਗਿਆਨ ਵਿਨਾਸ਼ਕ ਪ੍ਰਭੂ। **ਕੋ**- ਕੋਈ। **ਬਨਜਾਰੋ**- ਵਣਜ ਕਰਨ ਵਾਲਾ, ਵਪਾਰੀ। **ਟਾਂਡਾ**- ਬਲਦਾਂ ਜਾਂ ਗੱਡਿਆਂ ਦਾ ਸਮੂਹ ਜਿਨ੍ਹਾਂ ਉੱਤੇ ਵਾਪਰ ਦੀ ਸਮੱਗਰੀ ਲੱਦੀ ਹੋਵੇ ॥ ੧ ॥ **ਹਉ**- ਮੈਂ। **ਸਹਜ ਕਰਉ ਬ੍ਯ੍ਯਾਪਾਰੁ**- ਆਤਮਿਕ ਅਡੋਲਤਾ ਦਾ ਵਪਾਰ। **ਬਿਖੁ**-ਜ਼ਹਿਰ ॥ ੨ ॥ **ਉਰਵਾਰ ਪਾਰ**- ਲੋਕ ਪਰਲੋਕ। **ਦਾਨੀਆ**- ਜਾਨਣ ਵਾਲਿਓ, ਚਿੱਤਰ ਗੁਪਤ। **ਆਲ ਪਤਾਲੁ**- ਮਨ ਮਰਜ਼ੀ ਦੀਆਂ ਗੱਲਾਂ। **ਡੰਡੁ**- ਦੰਡ। **ਤਜੀਲੇ**- ਛੱਡ ਦਿੱਤੇ ॥ ੩ ॥ **ਕਸੁੰਭ**- ਇਕ ਫੁੱਲ ਜਿਸਦਾ ਰੰਗ ਸੂਹਾ ਪਰ ਕੱਚਾ ਤੇ ਛੇਤੀ ਉਤਰਣ ਵਾਲਾ ਹੈ। **ਮਜੀਠ**- ਇਕ ਬ੍ਰਿਛ ਜਿਸ ਦੀ ਲੱਕੜ ਦਾ ਰੰਗ ਪੱਕਾ ਤੇ ਕਦੇ ਨਾ ਉਤਰਣ ਵਾਲਾ **ਹੈ** ॥ ੪ ॥ ੧ ॥

**ਪਦ ਅਰਥ** : ਹੇ ਭਾਈ! ਜਿਸ ਰਸਤੇ ਤੋਂ ਪ੍ਰਭੂ ਦਾ ਨਾਮ-ਧਨ ਲੱਦ ਕੇ ਲੈ ਜਾਣ ਵਾਲਾ ਮੇਰਾ ਜੀਵਨ-ਰੂਪੀ ਟਾਂਡਾ ਲੰਘਣਾ ਹੈ, ਉਹ ਰਸਤਾ ਬੜਾ ਕਠਿਨ, ਸੰਘਣਾ, ਪਥਰੀਲਾ ਤੇ ਪਹਾੜੀ ਹੈ, ਪਰ ਅਜਿਹੇ ਮੁਸ਼ਕਿਲ ਰਸਤੇ 'ਤੇ ਚੱਲਣ ਲਈ ਮੇਰਾ ਮਨ-ਰੂਪੀ ਬੈਲ ਗੁਣਹੀਨ ਤੇ ਕਮਜ਼ੋਰ ਹੈ। (ਭਾਵ ਗਿਆਨ-ਇੰਦਰੀਆਂ ਜਿਵੇਂ ਮੂੰਹ, ਅੱਖ, ਕੰਨ, ਨੱਕ, ਹੱਥ, ਪੈਰ ਆਦਿਕ ਦਾ ਇਕੱਠ ਜੀਵ-ਰੂਪੀ ਵਣਜਾਰੇ ਦਾ ਟਾਂਡਾ ਹੈ। ਇਨ੍ਹਾਂ ਗਿਆਨ ਇੰਦਰੀਆਂ ਰਾਹੀਂ ਹੀ ਜੀਵ ਨੇ ਪ੍ਰਭੂ ਦੇ ਨਾਮ-ਧਨ ਨੂੰ ਲੱਦਣਾ ਹੈ। ਪਰ ਇਨ੍ਹਾਂ ਦੇ ਰਸਤੇ ਵਿੱਚ ਸ਼ਬਦ, ਰਸ, ਗੰਧ, ਸਪਰਸ਼ ਤੇ ਰੂਪ ਆਦਿਕ ਦੇ ਵਿਸ਼ੇ-ਵਿਕਾਰਾਂ ਰੂਪੀ ਪਥਰੀਲੇ ਪਹਾੜ ਤੇ ਮੋਹ-ਮਾਇਆ ਰੂਪੀ ਘਣੇ ਜੰਗਲ ਹਨ।) ਸੋ ਹੇ ਅਗਿਆਨ ਵਿਨਾਸ਼ਕ ਪ੍ਰਭੂ! ਹੇ ਸੋਹਣੇ ਪ੍ਰਭੂ! ਆਪ ਜੀ ਅੱਗੇ ਅਰਦਾਸ ਹੈ ਕਿ ਆਪ ਜੀ ਮੇਰੀ ਨਾਮ-ਧਨ ਦੀ ਇਸ ਪੂੰਜੀ ਨੂੰ ਇਨ੍ਹਾਂ ਭਿਆਨਕ ਰੁਕਾਵਟਾਂ ਤੋਂ ਬਚਾਈ ਰੱਖੋ ਜੀ॥

ਹੇ ਭਾਈ! ਜੇਕਰ ਰਾਮ ਨਾਮ-ਧਨ ਦਾ ਵਣਜ ਕਰਨ ਵਾਲਾ ਕੋਈ ਵਪਾਰੀ ਹੈ

ਤਾਂ ਉਹ ਮੇਰੇ ਨਾਲ ਨਾਮ-ਧਨ ਦਾ ਵਪਾਰ ਕਰ ਲਵੇ। ਹੁਣ ਮੇਰਾ ਜੀਵਨ-ਰੂਪੀ ਟਾਂਡਾ ਨਾਮ-ਧਨ ਨਾਲ ਲੱਦਿਆ ਜਾ ਰਿਹਾ ਹੈ ॥ ੧ ॥ ਰਹਾਉ ॥

2. ਹੇ ਭਾਈ! ਮੈਂ ਰਾਮ ਨਾਮ-ਧਨ ਦਾ ਵਪਾਰੀ ਹਾਂ ਤੇ ਇਹ ਵਪਾਰ ਇਸ ਤਰ੍ਹਾਂ ਕਰਦਾ ਹਾਂ ਕਿ ਜਿਸ ਵਿੱਚੋਂ ਆਤਮਿਕ ਅਡੋਲਤਾ ਦੀ ਪ੍ਰਾਪਤੀ ਹੋਵੇ। ਮੈਂ ਤਾਂ ਰਾਮ ਨਾਮ-ਧਨ ਲੱਦਿਆ ਹੋਇਆ ਹੈ ਪਰ ਸੰਸਾਰੀ ਜੀਵਾਂ ਨੇ ਤਾਂ ਆਤਮਿਕ ਜੀਵਨ ਨੂੰ ਮਾਰ ਮੁਕਾਉਣ ਵਾਲੀ ਮਾਇਆ-ਜ਼ਹਿਰ ਲੱਦੀ ਹੋਈ ਹੈ ॥

3. ਇਸ ਲੋਕ ਤੇ ਪਰਲੋਕ ਦੇ ਜੀਵਾਂ ਦੇ ਚੰਗੇ-ਮਾੜੇ ਕਰਮਾਂ ਦਾ ਲੇਖਾ ਲਿਖਣ ਵਾਲੇ ਚਿੱਤਰ-ਗੁਪਤ ਮੇਰੇ ਬਾਰੇ ਜੋ ਤੁਹਾਡਾ ਜੀਅ ਕਰੇ ਲਿਖ ਲਵੋ। ਮੈਨੂੰ ਕਿਸੇ ਦੀ ਕੋਈ ਚਿੰਤਾ ਨਹੀਂ। (ਕਿਉਂਕਿ ਪ੍ਰਭੂ ਦੀ ਰਹਿਮਤ ਸਦਕਾ) ਮੈਂ ਤਾਂ ਦੁਨੀਆਂ ਦੇ ਸਾਰੇ ਝਮੇਲੇ ਪਹਿਲਾਂ ਹੀ ਛੱਡ ਚੁੱਕਾ ਹਾਂ, ਇਸ ਲਈ ਤੁਹਾਨੂੰ ਮੇਰੇ ਕਰਮਾਂ ਬਾਰੇ ਕੋਈ ਅਜਿਹੀ ਗੱਲ ਲੱਭਣੀ ਹੀ ਨਹੀਂ ਜਿਸ ਨਾਲ ਮੈਨੂੰ ਜਮਦੂਤਾਂ ਦਾ ਦੰਡ ਲੱਗੇ ॥

4. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਰਾਮ ਨਾਮ ਦੇ ਵਣਜ ਕਰਨ ਨਾਲ ਮੈਨੂੰ ਇਹ ਗਿਆਨ ਹੋ ਗਿਆ ਹੈ ਕਿ ਜਿਸ ਤਰ੍ਹਾਂ ਕਸੁੰਭ ਦਾ ਰੰਗ ਸੂਹਾ ਪਰ ਕੱਚਾ, ਥੁੜਚਿਰਾ ਤੇ ਨਾਸ਼ਵਾਨ ਹੁੰਦਾ ਹੈ, ਉਸੇ ਤਰ੍ਹਾਂ ਇਹ ਸੰਸਾਰ ਵੀ ਦੇਖਣ ਵਿੱਚ ਸੁੰਦਰ ਪਰ ਅਸਥਿਰ ਤੇ ਨਾਸ਼ਵਾਨ ਹੈ ਪਰ ਮੇਰੇ ਪ੍ਰਭੂ ਦੇ ਨਾਮ ਦਾ ਰੰਗ ਮਜੀਠ ਦੇ ਰੰਗ ਵਾਂਗ ਪੱਕਾ ਤੇ ਸਦੀਵੀ ਰਹਿਣ ਵਾਲਾ ਹੈ ॥

**ਭਾਵ ਅਰਥ** : ਪਰਮਾਤਮਾ ਦੀ ਭਗਤੀ ਦਾ ਰਾਹ ਬਹੁਤ ਕਠਿਨ ਹੈ। ਜੀਵ ਪ੍ਰਭੂ ਦੀ ਰਹਿਮਤ ਤੇ ਬਖ਼ਸ਼ਿਸ਼ ਨਾਲ ਹੀ ਇਸ ਰਸਤੇ ਨੂੰ ਤੈਅ ਕਰਕੇ ਉਸ ਦੇ ਮਜੀਠ ਰੰਗ ਵਿੱਚ ਰੰਗਿਆ ਜਾਂਦਾ ਹੈ ਜੋ ਸਥਾਈ ਤੇ ਤੋੜ ਤੱਕ ਨਿਭਣ ਵਾਲਾ ਹੈ।

## ਰਾਗੁ ਗਾਉੜੀ ਬੈਰਾਗਣਿ-12

*ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥*
*ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥ ੧ ॥*
*ਪਾਰੁ ਕੈਸੇ ਪਾਇਬੋ ਰੇ ॥ ਮੋ ਸਉ ਕੋਊ ਨ ਕਹੈ ਸਮਝਾਇ ॥*
*ਜਾ ਤੇ ਆਵਾਗਵਨੁ ਬਿਲਾਇ ॥ ੧ ॥ ਰਹਾਉ ॥*
*ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ ॥*
*ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ ॥ ੨ ॥*
*ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ ॥*
*ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ ॥ ੩ ॥*
*ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ ॥*
*ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ॥ ੪ ॥*
*ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ॥*
*ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥ ੫ ॥*

***ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥***
***ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥ ੬ ॥***
***ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ॥***
***ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ ॥ ੭ ॥***
***ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ ॥***
***ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸ ॥ ੮ ॥ ੧ ॥***

**ਸ਼ਬਦ ਅਰਥ** : **ਸਤਜੁਗਿ**-ਇਹ ਉਹ ਸਮਾਂ ਸੀ ਜਦੋਂ ਲੋਕ ਸਬਰ-ਸੰਤੋਖੀ ਸੁਭਾਅ ਦੇ ਮਾਲਿਕ ਸਨ ਤੇ ਨੇਕੀ ਪੂਰੀ ਜ਼ੋਰਾਂ 'ਤੇ ਸੀ। ਇਸ ਜੁਗ ਵਿੱਚ ਸਤਿ, ਗਿਆਨ, ਧਿਆਨ ਤੇ ਤੱਪ ਪ੍ਰਧਾਨ ਸੀ। ਲੋਕ ਭਲੇ ਕਰਮ ਕਰਦੇ ਸਨ ਤੇ ਜਿਹੜੀ ਵੀ ਕਾਮਨਾ ਮਨ ਵਿੱਚ ਲਿਆਉਂਦੇ ਸਨ ਉਹ ਪੂਰੀ ਹੋ ਜਾਂਦੀ ਸੀ। ਹਰ ਕੋਈ ਆਪਣੇ ਧਰਮ-ਕਰਮ ਵਿੱਚ ਪੱਕਾ ਸੀ। **ਤੇਤਾ**-ਤ੍ਰੇਤਾ, ਇਹ ਉਹ ਸਮਾਂ ਸੀ ਜਦੋਂ ਸ੍ਰੀ ਰਾਮ ਚੰਦਰ ਜੀ ਪੈਦਾ ਹੋਏ। ਇਸ ਸਮੇਂ ਲੋਕ ਚਿੱਤ ਵਿੱਚ ਕਾਮਨਾ ਰੱਖ ਕੇ ਭਗਤੀ ਕਰਦੇ ਸਨ ਤੇ ਕਰਮ ਕਰਕੇ ਕਰਮ-ਫ਼ਲ ਪ੍ਰਾਪਤ ਕਰਦੇ ਸਨ। ਇਸ ਸਮੇਂ ਯੱਗ, ਹੋਮ, ਪੂਜਾ ਆਦਿਕ ਕਰਮਕਾਂਡਾਂ ਦਾ ਪ੍ਰਬਲ ਪ੍ਰਚਾਰ ਜ਼ੋਰਾਂ 'ਤੇ ਸੀ। ਇਸ ਯੁੱਗ ਵਿੱਚ ਨੇਕੀ ਦਾ ਚੌਥਾ ਹਿੱਸਾ ਘਟ ਗਿਆ ਸੀ। **ਦੁਆਪਰਿ**-ਦੁਆਪਰ, ਇਹ ਉਹ ਸਮਾਂ ਸੀ ਜਦੋਂ ਸ੍ਰੀ ਕ੍ਰਿਸ਼ਨ ਜੀ ਹੋਏ। ਇਸ ਯੁੱਗ ਵਿੱਚ ਲੋਕ ਸਤਿ-ਭ੍ਰਿਸ਼ਟ ਹੋ ਗਏ ਸਨ ਤੇ ਧਰਮ ਦੇ ਮਾਰਗ ਤੋਂ ਭਟਕ ਗਏ ਸਨ। ਆਧੀਆਂ, ਵਿਆਧੀਆਂ ਤੇ ਉਪਾਧੀਆਂ ਕਰਮਾਂ ਅਨੁਸਾਰ ਆ ਗਈਆਂ ਸਨ ਜਿਸ ਨਾਲ ਉਨ੍ਹਾਂ ਲੋਕਾਂ ਨੂੰ ਅਨੇਕਾਂ ਸੰਤਾਪ ਹੋਏ। ਆਪਣੀ ਸਲਾਮਤੀ ਲਈ ਖ਼ੂਨੀ ਰਿਸ਼ਤਿਆਂ ਦਾ ਖ਼ੂਨ ਕਰਨਾ ਆਮ ਹੋ ਗਿਆ ਸੀ। ਇਸ ਯੁੱਗ ਵਿੱਚ ਨੇਕੀ ਘਟ ਕੇ ਅੱਧੀ ਰਹਿ ਗਈ ਸੀ। **ਕਲਿ**-ਕਲਿਯੁੱਗ, ਇਹ ਸਮਾਂ ਮਾਨਵ-ਸਮਾਜ ਵਿੱਚ ਸਭ ਤੋਂ ਵਧੀਕ ਭੈੜਾ ਮੰਨਿਆਂ ਗਿਆ ਹੈ। ਲੋਕ-ਜੀਵਨ ਵਿੱਚੋਂ ਸਤਿ, ਯੱਗ, ਹੋਮ ਆਦਿਕ ਦੀ ਭਾਵਨਾ ਮਿਟ ਗਈ ਤੇ ਬੁਰਿਆਈ ਜਿਵੇਂ ਕਾਮ, ਕ੍ਰੋਧ, ਰੋਗ, ਸੰਤਾਪ, ਭੁੱਖ, ਡਰ ਆਦਿਕ ਨੇ ਮਾਨਵ ਜੀਵਨ ਨੂੰ ਪੂਰੀ ਤਰ੍ਹਾਂ ਆਪਣੀ ਪਕੜ ਵਿੱਚ ਲੈ ਲਿਆ। ਇਸ ਯੁੱਗ ਵਿੱਚ ਨੇਕੀ ਘਟ ਕੇ ਸਿਰਫ਼ ਚੌਥਾ ਹਿੱਸਾ ਹੀ ਰਹਿ ਗਈ। ਲੋਕ ਮੂਰਤੀਆਂ ਨੂੰ ਭਗਵਾਨ ਸਮਝ ਕੇ ਉਨ੍ਹਾਂ ਨੂੰ ਪੂਜਣ ਲੱਗ ਪਏ। **ਸਤੁ**-ਸੱਚ। **ਜਗੀ**-ਯੱਗ ਕਰਨਾ। **ਪੂਜਾਚਾਰ**-ਦੇਵਤਿਆਂ ਦੀ ਪੂਜਾ। **ਦਿੜੇ**-ਦ੍ਰਿੜ੍ਹ ਕਰਨਾ। **ਨਾਮ ਅਧਾਰ**-ਨਾਮ ਦਾ ਆਸਰਾ, ਅਵਤਾਰੀ ਦੇਵੀ-ਦੇਵਤੇ ਦੀ ਮੂਰਤੀ ਦੇ ਨਾਮ ਦਾ ਆਸਰਾ ਲੈਣਾ।

**ਨੋਟ** : ਜੇਕਰ 'ਨਾਮ ਅਧਾਰ' ਦਾ ਅਰਥ ਇੱਥੇ ਇਹ ਮੰਨ ਲਿਆ ਜਾਵੇ ਕਿ 'ਪਰਮਾਤਮਾ ਦੇ ਨਾਮ ਦਾ ਆਧਾਰ' ਹੈ ਤਾਂ ਸਤਿਗੁਰੂ ਮਹਾਰਾਜ ਜੀ ਅਗਲੀ ਤੁੱਕ ਵਿੱਚ ਇਹ ਕਦੇ ਨਾ ਲਿਖਦੇ 'ਪਾਰੁ ਕੈਸੇ ਪਾਇਬੋ ਰੇ॥ ਮੋ ਸਉ ਕੋਊ ਨ ਕਹੈ ਸਮਝਾਇ॥ ਜਾ ਤੇ ਆਵਾਗਵਨ ਬਿਲਾਇ॥ ੧ ॥ ਰਹਾਉ ॥' ਜਿਸ ਦਾ ਅਰਥ ਇਹ ਹੈ ਕਿ 'ਮੈਨੂੰ ਕੋਈ ਸਮਝਾ ਕੇ ਦੱਸ ਨਹੀਂ ਰਿਹਾ ਕਿ ਸੰਸਾਰ ਸਮੁੰਦਰ ਤੋਂ ਪਾਰ ਕਿਵੇਂ ਲੰਘਣਾ ਹੈ ਤੇ ਆਵਾਗਵਨ ਦੇ ਚੱਕਰ ਤੋਂ ਮੁਕਤੀ ਕਿਵੇਂ ਪਾਉਣੀ ਹੈ'। ਸੰਸਾਰ ਸਮੁੰਦਰ ਤੋਂ ਪਾਰ ਲੰਘਣਾ ਤੇ ਆਵਾਗਵਨ ਤੋਂ

ਮੁਕਤ ਹੋਣ ਦਾ ਹੱਲ ਤਾਂ ਪਰਮਾਤਮਾ ਦੇ ਨਾਮ ਦਾ ਆਸਰਾ ਲੈਣਾ ਹੀ ਹੈ। ਪਰ ਜੇਕਰ ਇਸ ਸ਼ਬਦ ਦੀ ਪਹਿਲੀ ਤੁਕ ਵਿੱਚ ਆਏ 'ਨਾਮ ਅਧਾਰ' ਦਾ ਅਰਥ ਪਰਮਾਤਮਾ ਦੇ ਨਾਮ ਦਾ ਆਸਰਾ ਮੰਨਿਆ ਜਾਏ ਤਾਂ ਫਿਰ ਇਸ ਸ਼ਬਦ ਦੀ ਰਹਾਉ ਵਾਲੀ ਤੁਕ ਦਾ ਕੋਈ ਉਚਿੱਤਿਆ (Justification) ਹੀ ਨਹੀਂ ਰਹਿ ਜਾਂਦਾ। ਪਰ ਅਜਿਹਾ ਨਹੀਂ ਹੈ। ਪਹਿਲੀ ਤੁਕ ਨੂੰ ਗਹੁ ਨਾਲ ਦੇਖੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਇਸ ਵਿੱਚ ਸਤਿਗੁਰੂ ਜੀ ਨੇ ਲੋਕਾਂ ਵੱਲੋਂ ਮਿੱਥੇ ਗਏ ਹਰੇਕ ਯੁੱਗ ਲਈ ਵੱਖੋ-ਵੱਖਰੇ ਕਰਮਾਂ-ਧਰਮਾਂ ਦਾ ਜ਼ਿਕਰ ਕੀਤਾ ਹੈ। ਕਲਿਯੁਗ ਵਿੱਚ ਇਹ ਕਰਮ-ਧਰਮ ਮੂਰਤੀ-ਪੂਜਾ ਦਾ ਹੀ ਹੈ। ਸੋ ਅਸਲ ਵਿੱਚ ਇੱਥੇ ਗੁਰੂ ਮਹਾਰਾਜ ਜੀ ਨੇ ਕਲਿਯੁੱਗ ਵਿੱਚ ਪ੍ਰਚੱਲਿਤ ਮੂਰਤੀ ਪੂਜਾ ਦਾ ਜ਼ਿਕਰ ਕੀਤਾ ਹੈ, ਲੋਕਾਂ ਵੱਲੋਂ ਮੂਰਤੀ ਵਿੱਚ ਸੁਰਤਿ ਜੋੜ ਕੇ ਉਸ ਮੂਰਤੀ ਵਿੱਚ ਮਿੱਥੇ ਹੋਏ ਕਿਸੇ ਦੇਵੀ-ਦੇਵਤੇ ਨੂੰ ਭਗਵਾਨ ਦਾ ਰੂਪ ਮੰਨ ਕੇ ਉਸ ਦੇ ਨਾਮ ਜੱਪਣ ਦਾ ਜ਼ਿਕਰ ਕੀਤਾ ਹੈ। ਮੂਰਤੀ ਵਿੱਚ ਨਾਮ ਦਾ ਵਾਸਾ ਸਮਝ ਕੇ ਉਸ ਮੂਰਤੀ ਦਾ ਆਸਰਾ ਲੈਣ ਦਾ ਜ਼ਿਕਰ ਕੀਤਾ ਹੈ ਨਾ ਕਿ ਪਰਮਾਤਮਾ ਦੇ ਨਾਮ ਦਾ ਆਸਰਾ ਲੈਣ ਦਾ। ਅਸੀਂ ਦੇਖਦੇ ਵੀ ਹਾਂ ਕਿ ਮੰਦਰਾਂ ਵਿੱਚ ਮੂਰਤੀ ਹੀ ਭਗਵਾਨ ਦਾ ਰੂਪ ਸਮਝ ਕੇ ਪੂਜੀ ਜਾਂਦੀ ਹੈ।

ਇੱਥੇ ਇਹ ਵੀ ਵਰਨਣਯੋਗ ਹੈ ਕਿ ਪ੍ਰਕਿਰਤੀ ਦੇ ਨਿਯਮ ਅਟੱਲ ਹਨ, ਪਰਮਾਤਮਾ ਦਾ ਰੱਬੀ ਵਿਧਾਨ ਅਟੱਲ ਹੈ। ਇਹ ਨਿਯਮ/ਵਿਧਾਨ ਹਰ ਯੁੱਗ ਵਿੱਚ ਇਕ ਸਮਾਨ ਰਹਿੰਦੇ ਹਨ। ਇਹ ਨਹੀਂ ਕਿ ਸਤਿਯੁੱਗ ਵਿੱਚ ਕੁਝ ਹੋਰ ਹੋਵੇ ਤੇ ਕਲਿਯੁੱਗ ਵਿੱਚ ਕੁਝ ਹੋਰ। ਪਰਮਾਤਮਾ ਨੂੰ ਪਾਉਣ ਤੇ ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਦਾ ਆਧਾਰ 'ਪਰਮਾਤਮਾ ਦਾ ਨਾਮ-ਸਿਮਰਨ' ਸਤਿਯੁੱਗ ਵਿੱਚ ਵੀ ਸੀ ਤੇ ਕਲਿਯੁੱਗ ਵਿੱਚ ਵੀ ਉਹੋ ਹੀ ਹੈ। ਕਲਿਯੁੱਗ ਲਈ ਕੋਈ ਵੱਖਰਾ ਤੇ ਸਪੈਸ਼ਲ ਨਿਯਮ ਨਹੀਂ। ਸਤਿਯੁੱਗ, ਦੁਆਪਰ ਤੇ ਤ੍ਰੇਤਾ ਯੁੱਗ ਵਿੱਚ ਕਲਿਯੁੱਗ ਵਾਂਗ ਹੀ ਜੀਵ ਵਸਦੇ ਸਨ, ਸਾਰੇ ਪਰਮ-ਹੰਸ ਨਹੀਂ ਹੋਏ। ਜਿਨ੍ਹਾਂ ਨੇ ਨਾਮ ਜੱਪਿਆ ਉਹ ਪਰਮ-ਗਤਿ ਨੂੰ ਪ੍ਰਾਪਤ ਹੋਏ॥ ੧॥

**ਪਾਰੁ**- ਦੂਸਰਾ ਕੰਢਾ, ਭਵਸਾਗਰ ਤੋਂ ਪਾਰ। **ਬਿਲਾਇ**- ਮੁਕਤੀ, ਨਾਸ਼ ਹੋਣਾ, ਲੀਨ ਹੋਣਾ। **ਆਵਾਗਵਨੁ**-ਜਨਮ ਮਰਨ ਦਾ ਚੱਕਰ। **ਰੇ**-ਹੇ ਭਾਈ॥ ੧॥

**ਬਿਧਿ**-ਤਰੀਕੇ, ਤਰ੍ਹਾਂ। **ਨਿਰੂਪੀਐ**-ਕਾਲਪਨਿਕ, ਮਿੱਥੇ ਹਨ। **ਸਭ ਲੋਇ**-ਸੰਸਾਰ ਦੇ ਸਾਰੇ ਲੋਕ। **ਜਿਹ ਸਾਧੇ**-ਜਿਸ ਦੇ ਕਰਨ ਨਾਲ। **ਸਿਧਿ**-ਸਫ਼ਲ ਹੋਣਾ, ਸਿੱਧ ਹੋਣਾ॥ ੨॥

**ਕਰਮ**-ਉਹ ਕੰਮ ਜੋ ਸ਼ਾਸਤ੍ਰਾਂ ਨੇ ਨਿਯਤ ਕੀਤੇ ਹਨ। **ਅਕਰਮ**-ਉਹ ਕੰਮ ਜੋ ਸ਼ਾਸਤ੍ਰਾਂ ਨੇ ਵਰਜਿਤ ਕੀਤੇ ਹਨ। **ਸੰਸਾ**-ਭਰਮ। **ਹਿਰੈ**-ਦੂਰ ਕਰੇ। **ਅਭਿਮਾਨੁ**-ਹੰਕਾਰ॥ ੩॥

**ਬਾਹਰੁ**-ਬਾਹਰਲਾ ਪਾਸਾ। **ਉਦਕਿ**-ਪਾਣੀ। **ਪਖਾਰੀਐ**-ਧੋਣਾ। **ਘਟ**-ਹਿਰਦੇ। **ਬਿਬਿਧਿ**-ਕਈ ਕਿਸਮ ਦੇ। **ਬਿਕਾਰ**-ਵਿਕਾਰ। **ਸੁਧ**-ਪਵਿੱਤਰ। **ਹੋਇਬੋ**-ਹੋਵੇਗਾ। **ਸੁਚ**- ਸ਼ੁੱਧ ਕਰਨਾ, ਪਵਿੱਤਰ ਕਰਨਾ। **ਕੁੰਚਰ**-ਹਾਥੀ। **ਬਿਉਹਾਰ**-ਵਿਉਹਾਰ, ਕੰਮ॥ ੪॥

**ਰਵਿ**-ਸੂਰਜ। **ਰਜਨੀ**-ਰਾਤ। **ਜਥਾ ਗਤਿ**-ਜਿਵੇਂ ਕਿਵੇਂ ਮੁਕਤੀ ਮਿਲਦੀ ਹੈ, ਜਿਵੇਂ ਦੂਰ ਹੋ ਜਾਂਦਾ ਹੈ। **ਪਾਰਸ**- ਇਕ ਕਲਪਿਤ ਪੱਥਰ ਜਿਸ ਦੇ ਛੂਹਣ ਤੋਂ ਲੋਹੇ ਦਾ ਸੋਨਾ ਹੋਣਾ ਮੰਨਿਆ ਜਾਂਦਾ ਹੈ। **ਮਾਨੋ**-ਜਾਣੇ। **ਕਨਕ**-ਸੋਨਾ। **ਬਾਰ**-ਚਿਰ, ਦੇਰ॥ ੫॥

**ਪਰਮ ਪਰਸ**-ਸਭ ਪਾਰਸਾਂ ਤੋਂ ਵਧੀਆ ਪਾਰਸ। **ਭੇਟੀਐ**-ਮਿਲ ਜਾਏ। **ਪੂਰਬ**- ਪੂਰਬਲੇ, ਪਹਿਲੇ। **ਲਿਲਾਟ**-ਮੱਥਾ। **ਉਨਮਨ ਮਨ**-ਉਹ ਹਿਰਦੇ ਜਿਸ ਵਿੱਚ ਪ੍ਰਭੂ ਨੂੰ ਮਿਲਣ ਦੀ ਤਾਂਘ ਹੁੰਦੀ ਹੈ।

**ਛੁਟਕਤ**–ਖੁੱਲ੍ਹ ਜਾਣਾ। **ਬਜਰ**–ਸਖ਼ਤ। **ਕਪਾਟ**–ਦਰਵਾਜ਼ਾ॥ ੬॥
**ਜੁਗਤਿ**–ਤਰੀਕਾ, ਜੁਗਤੀ। **ਮਤਿ**–ਅਕਲ, ਬੁੱਧੀ, ਮਨ। **ਸਤਿ**- ਸੱਚ, ਨਿਰਮਲ। **ਕਾਟਿ**–ਕੱਟਣਾ, ਖ਼ਤਮ ਕਰਨ। **ਰਸਿ**–ਆਨੰਦ ਨਾਲ, ਨਾਮ ਰਸ। **ਮਨ ਮਿਲੇ**–ਮਨ ਅੰਦਰ ਹੀ ਪਾ ਲੈਂਦਾ ਹੈ, ਅੰਤਰ-ਆਤਮੇ ਮਿਲਣਾ। **ਗੁਨ**–ਸਗੁਣ। **ਨਿਰਗੁਨ**–ਮਾਇਆ ਦੇ ਤਿੰਨਾਂ ਗੁਣਾਂ ਤੋਂ ਰਹਿਤ ਪ੍ਰਭੂ, ਨਿਰਾਕਾਰ ਪ੍ਰਭੂ। **ਬਿਚਾਰ**–ਵਿਚਾਰਨਾ, ਸਮਝਣਾ॥ ੭॥
**ਨਿਗ੍ਰਹ**–ਰੋਕਣਾ। **ਟਾਰੀ**–ਟਾਲਦਿਆਂ। **ਟਰੈ**–ਟਲਦੀ। **ਉਦਾਸ**–ਉਪਰਾਮ॥ ੮॥ ੧॥
**ਪਦ ਅਰਥ :** ਹੇ ਪੰਡਿਤ! ਤੁਸੀਂ ਕਹਿੰਦੇ ਹੋ ਕਿ ਹਰੇਕ ਯੁੱਗ ਵਿੱਚ ਵੱਖੋ-ਵੱਖਰੇ ਕਰਮਾਂ-ਧਰਮਾਂ ਨੂੰ ਪ੍ਰਧਾਨ ਮੰਨਿਆ ਗਿਆ ਹੈ। ਇਸ ਅਨੁਸਾਰ ਸਤਿ-ਯੁੱਗ ਵਿੱਚ ਸੱਚ ਬੋਲਣਾ, ਤ੍ਰੇਤਾ-ਯੁੱਗ ਵਿੱਚ ਯੱਗ ਕਰਨਾ ਤੇ ਦੁਆਪਰ-ਯੁੱਗ ਵਿੱਚ ਦੇਵੀ-ਦੇਵਤਿਆਂ ਦੀ ਪੂਜਾ ਕਰਨਾ ਸ੍ਰੇਸ਼ਟ ਕਰਮ ਮੰਨਿਆ ਜਾਂਦਾ ਸੀ। ਇਸ ਤਰ੍ਹਾਂ ਇਹ ਤਿੰਨੋਂ ਯੁੱਗ ਇਨ੍ਹਾਂ ਤਿੰਨਾਂ ਕਰਮਾਂ-ਧਰਮਾਂ ਨੂੰ ਦ੍ਰਿੜ ਕਰਦੇ ਸਨ ਤੇ ਹੁਣ ਕਲਿ-ਯੁੱਗ ਵਿੱਚ (ਮੂਰਤੀ ਨੂੰ ਕਿਸੇ ਦੇਵੀ-ਦੇਵਤੇ ਜਾਂ ਭਗਵਾਨ ਦਾ ਰੂਪ ਮੰਨ ਕੇ ਉਸ ਮੂਰਤੀ ਦੇ) ਨਾਮ ਦਾ ਆਸਰਾ ਲੈਣ ਉੱਤੇ ਹੀ ਜ਼ੋਰ ਦਿੱਤਾ ਜਾ ਰਿਹਾ ਹੈ। (ਦੇਖੋ : ਸ਼ਬਦ ਅਰਥ ਦੇ ਨੋਟ ਨੂੰ।)॥
ਹੇ ਪੰਡਿਤ! ਇਨ੍ਹਾਂ ਕਰਮਾਂ-ਧਰਮਾਂ ਨੂੰ ਕਰਨ ਨਾਲ ਜੀਵ ਸੰਸਾਰ-ਸਮੁੰਦਰ ਤੋਂ ਪਾਰ ਕਿਵੇਂ ਲੰਘੇਗਾ ? ਤੁਹਾਡੇ ਵਿੱਚੋਂ ਮੈਨੂੰ ਕੋਈ ਵੀ ਇਹ ਉਪਾਏ ਸਮਝਾ ਕੇ ਦੱਸ ਨਹੀਂ ਰਿਹਾ ਕਿ ਜਿਸ ਦੇ ਕਰਨ ਨਾਲ ਜੀਵ ਨੂੰ ਜਨਮ-ਮਰਨ ਦੇ ਗੇੜ ਤੋਂ ਸਦਾ ਲਈ ਮੁਕਤੀ ਮਿਲ ਜਾਵੇ॥ ੧॥ ਰਹਾਉ॥
2. ਹੇ ਪੰਡਿਤ! ਤੁਸੀਂ ਕਹਿੰਦੇ ਹੋ ਕਿ ਧਰਮ ਸ਼ਾਸਤਰਾਂ ਨੇ ਕਈ ਤਰ੍ਹਾਂ ਦੇ ਕਰਮ-ਧਰਮ ਮਿੱਥੇ ਹਨ। ਸੰਸਾਰ ਦੇ ਸਾਰੇ ਲੋਕ ਇਨ੍ਹਾਂ ਕਰਮਾਂ-ਧਰਮਾਂ ਨੂੰ ਕਰਦੇ ਹੋਏ ਦਿਖਾਈ ਵੀ ਦਿੰਦੇ ਹਨ। ਪਰ ਤੁਸੀਂ ਉਹ ਕਰਮ-ਧਰਮ ਦੱਸੋ ਜਿਸ ਦੇ ਕਰਨ ਨਾਲ ਜੀਵ ਦੇ ਸਾਰੇ ਕਾਰਜ ਸਫ਼ਲ ਹੋ ਜਾਣ ਤੇ ਉਸ ਦਾ ਜਨਮ-ਮਰਨ ਦਾ ਗੇੜ ਵੀ ਮੁੱਕ ਜਾਏ॥
3. ਹੇ ਪੰਡਿਤ! ਵੇਦਾਂ ਤੇ ਪੁਰਾਣਾਂ ਨੂੰ ਪੜ੍ਹਨ-ਸੁਣਨ ਨਾਲ ਕਈ ਵਾਰ ਸਗੋਂ ਹੋਰ ਸ਼ੰਕਾ ਵਧਦੀ ਹੈ। ਮਨ ਵਿੱਚ ਵਿਚਾਰ ਉੱਠਦਾ ਹੈ ਕਿ ਕਿਹੜਾ ਕਰਮ ਸ਼ਾਸਤਰਾਂ ਦੇ ਅਨੁਸਾਰ ਹੈ ਤੇ ਕਿਹੜਾ ਕਰਮ ਸ਼ਾਸਤਰਾਂ ਨੇ ਵਰਜਿਆ ਹੋਇਆ ਹੈ। ਸੋ ਇਸ ਤਰ੍ਹਾਂ ਜੀਵ ਦੇ ਮਨ ਵਿੱਚ ਹਮੇਸ਼ਾ ਭਰਮ ਬਣਿਆ ਰਹਿੰਦਾ ਹੈ ਕਿ ਕਿਹੜਾ ਕਰਮ ਕਰੀਏ ਤੇ ਕਿਹੜਾ ਨਾ ਕਰੀਏ। ਹੇ ਪੰਡਿਤ! ਇਨ੍ਹਾਂ ਵੇਦਾਂ-ਸ਼ਾਸਤਰਾਂ ਨੂੰ ਪੜ੍ਹਨ-ਸੁਣਨ ਨਾਲ ਕਈ ਵਾਰ ਜੀਵ ਦੇ ਮਨ ਵਿੱਚ 'ਗਿਆਨ ਪ੍ਰਾਪਤੀ' ਦਾ ਸਗੋਂ ਉਲਟਾ ਘੁਮੰਡ ਆ ਜਾਂਦਾ ਹੈ। ਤਾਂ ਫਿਰ ਤੁਸੀਂ ਹੀ ਦੱਸੋ ਕਿ ਉਹ ਕਿਹੜਾ ਕਰਮ-ਧਰਮ ਹੈ ਜਿਸ ਦੇ ਕਰਨ ਨਾਲ ਜੀਵ ਦੇ ਹਿਰਦੇ ਅੰਦਰ ਭਰਮ ਹੀ ਨਾ ਰਹੇ ਤੇ ਜਿਸ ਦੇ ਕਰਨ ਨਾਲ ਜੀਵ ਦਾ ਘੁੰਮਡ ਵੀ ਦੂਰ ਹੋ ਜਾਏ॥
4. ਹੇ ਪੰਡਿਤ! ਤੀਰਥ ਇਸ਼ਨਾਨ ਕਰਨ ਨਾਲ ਜੀਵ ਦੇ ਬਾਹਰਲੇ ਸਰੀਰ ਨੂੰ ਤਾਂ ਧੋਤਾ ਜਾ ਸਕਦਾ ਹੈ ਪਰ ਮਨ ਵਿੱਚ ਵਸੇ ਅਨੇਕਾਂ ਵਿਕਾਰਾਂ ਨੂੰ ਨਹੀਂ ਧੋਤਾ ਜਾ

ਸਕਦਾ। ਉਹ ਵਿਕਾਰ ਤਾਂ ਜਿਉਂ ਦੇ ਤਿਉਂ ਹੀ ਬਣੇ ਰਹਿੰਦੇ ਹਨ, ਤਾਂ ਫਿਰ ਤੀਰਥ ਇਸ਼ਨਾਨ ਕਰਨ ਨਾਲ ਜੀਵ ਪਵਿੱਤਰ ਕਿਵੇਂ ਹੋ ਸਕਦਾ ਹੈ ? ਹੇ ਪੰਡਿਤ ! ਤੁਸੀਂ ਦੱਸੋ ਕਿ ਜੀਵ ਕਿਹੜਾ ਕਰਮ-ਧਰਮ ਕਰੇ ਜਿਸ ਨਾਲ ਕਿ ਉਹ ਪਵਿੱਤਰ ਹੋ ਜਾਏ। ਤੀਰਥ ਇਸ਼ਨਾਨ ਤਾਂ ਹਾਥੀ ਦੇ ਇਸ਼ਨਾਨ ਵਾਂਗ ਹੈ। ਹਾਥੀ ਨੂੰ ਕਿੰਨਾਂ ਵੀ ਨੁਹਾਇਆ ਜਾਏ ਪਰ ਉਹ ਆਪਣੇ ਸੁਭਾਅ ਅਨੁਸਾਰ ਆਪਣੇ ਉੱਪਰ ਚਿੱਕੜ ਪਾ ਕੇ ਸਰੀਰ ਨੂੰ ਫਿਰ ਮੈਲਾ ਕਰ ਲੈਂਦਾ ਹੈ॥

5. ਸਾਰੀ ਦੁਨੀਆਂ ਦੇ ਲੋਕ ਜਾਣਦੇ ਹਨ ਕਿ ਸੂਰਜ ਦੇ ਪ੍ਰਕਾਸ਼ ਨਾਲ ਰਾਤ ਦਾ ਹਨ੍ਹੇਰਾ ਦੂਰ ਹੋ ਜਾਂਦਾ ਹੈ, (ਇਸੇ ਤਰ੍ਹਾਂ ਜਦੋਂ ਪ੍ਰਭੂ ਦੀ ਕ੍ਰਿਪਾ ਨਾਲ ਜੀਵ ਨੂੰ ਗੁਰੂ ਦੇ ਆਤਮਿਕ-ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਤਾਂ ਉਸ ਦੇ ਮਨ ਅੰਦਰੋਂ ਵੀ ਆਤਮਿਕ-ਜੀਵਨ ਵੱਲੋਂ ਬੇਸਮਝੀ ਦਾ ਹਨ੍ਹੇਰਾ ਦੂਰ ਹੋ ਜਾਂਦਾ ਹੈ।) ਜਿਸ ਤਰ੍ਹਾਂ ਪਾਰਸ ਨੂੰ ਤਾਂਬੇ ਨਾਲ ਛੁਹਾਂਦੇ ਹੋਏ ਤਾਂਬੇ ਨੂੰ ਸੋਨਾ ਬਣਨ ਵਿੱਚ ਚਿਰ ਨਹੀਂ ਲੱਗਦਾ, (ਉਸੇ ਤਰ੍ਹਾਂ ਪਾਰਸ-ਰੂਪੀ ਗੁਰੂ ਦੀ ਸੰਗਤ ਨਾਲ ਜੁੜਿਆਂ ਤਾਂਬਾ-ਰੂਪੀ ਜੀਵ ਨੂੰ ਵੀ ਪ੍ਰਭੂ-ਭਗਤ ਹੋਣ ਲੱਗਿਆਂ ਚਿਰ ਨਹੀਂ ਲੱਗਦਾ।)॥

6. ਜਦੋਂ ਜੀਵ ਦੇ ਮਸਤਕ 'ਤੇ ਲਿਖੇ ਪੁਰਬਲੇ ਭਾਗਾਂ ਦੇ ਸੰਸਕਾਰ ਜਾਗਦੇ ਹਨ ਤਾਂ ਉਸਨੂੰ ਸਰਬ-ਸ੍ਰੇਸ਼ਟ ਆਤਮਿਕ ਉੱਚਤਾ ਵਾਲੇ ਪਾਰਸ-ਗੁਰੂ ਦਾ ਮਿਲਾਪ ਹਾਸਲ ਹੁੰਦਾ ਹੈ। ਫਿਰ ਗੁਰੂ ਦੀ ਕਿਰਪਾ ਨਾਲ ਉਸ ਦੇ ਮਨ ਅੰਦਰ ਪ੍ਰਭੂ ਨੂੰ ਮਿਲਣ ਦੀ ਤਾਂਘ ਪੈਦਾ ਹੁੰਦੀ ਹੈ। (ਗੁਰੂ ਜੀਵ ਦੀ ਕਰਮ-ਕਾਂਡੀ ਭਗਤੀ ਨੂੰ ਛੁਡਵਾ ਕੇ) ਉਸ ਦੇ ਮਨ ਅੰਦਰਲੇ ਬਜਰ-ਕਪਾਟ ਖੋਲ੍ਹ ਦਿੰਦਾ ਹੈ (ਭਾਵ 'ਸ਼ਬਦ' ਦੇ ਰਾਹੀਂ ਜੀਵ ਨੂੰ ਆਤਮਿਕ ਜੀਵਨ ਜਿਊਣ ਦੀ ਸੋਝੀ ਬਖ਼ਸ਼ ਦਿੰਦਾ ਹੈ) ਤੇ ਜਿਸ ਨਾਲ ਜੀਵ ਆਪਣੇ ਅੰਤਰ-ਆਤਮੇ ਹੀ ਪ੍ਰਭੂ ਨੂੰ ਮਿਲ ਲੈਂਦਾ ਹੈ॥

7. ਜੋ ਜੀਵ ਪਰਮ-ਪਾਰਸ ਸਤਿਗੁਰੂ ਦੇ ਉਪਦੇਸ਼ਾਂ ਅਨੁਸਾਰ ਭਗਤੀ ਨੂੰ ਜੁਗਤੀ ਬਣਾ ਕੇ (ਭਾਵ ਭਗਤੀ ਨੂੰ ਜੀਵਨ ਜਿਊਣ ਦਾ ਇਕ ਤਰੀਕਾ ਬਣਾ ਕੇ) ਅਤੇ ਬੁੱਧੀ ਨੂੰ ਨਿਰਮਲ ਕਰ ਕੇ ਆਪਣੇ ਅੰਦਰੋਂ ਭਰਮਾਂ ਅਤੇ ਵਿਕਾਰਾਂ ਦੇ ਬੰਧਨਾਂ ਨੂੰ ਖ਼ਤਮ ਕਰ ਲੈਂਦਾ ਹੈ (ਤਾਂ ਉਹ ਜੀਵ ਨਾਮ-ਸਿਮਰਨ ਦੇ ਸਦਕਾ) ਪ੍ਰਭੂ ਨੂੰ ਆਪਣੇ ਅੰਤਰ-ਆਤਮੇ ਹੀ ਮਿਲ ਲੈਂਦਾ ਹੈ ਤੇ ਸਦਾ ਆਨੰਦ ਭਰਪੂਰ ਰਹਿੰਦਾ ਹੈ। ਫਿਰ ਉਹ ਪ੍ਰਭੂ ਦੇ ਸਗੁਣ ਤੇ ਨਿਰਗੁਣ ਦੋਨਾਂ ਸਰੂਪਾਂ ਨੂੰ ਇਕ ਸਮਾਨ (ਇੱਕੋ ਜਿਹਾ) ਸਮਝਦਾ ਹੈ। (ਦੂਜਾ ਅਰਥ : ਫਿਰ ਉਹ ਉਸ 'ਇਕ' ਪ੍ਰਭੂ ਦੇ ਗੁਣਾਂ ਦੇ ਵਿਚਾਰ ਵਿੱਚ ਟਿਕਿਆ ਰਹਿੰਦਾ ਹੈ ਜੋ ਮਾਇਆ ਦੇ ਤਿੰਨਾਂ ਗੁਣਾਂ ਤੋਂ ਪਰ੍ਹੇ ਹੈ।)॥

8. (ਪ੍ਰਭੂ ਦੇ ਨਾਮ-ਸਿਮਰਨ ਤੋਂ ਬਿਨਾਂ) ਜੀਵ ਆਪਣੇ ਮਨ ਨੂੰ ਵਿਕਾਰਾਂ ਅਤੇ ਭਰਮਾਂ ਤੋਂ ਰੋਕਣ ਲਈ ਕਈ ਯਤਨ ਕਰਦਾ ਹੈ ਪਰ ਫਿਰ ਵੀ (ਵਿਕਾਰਾਂ ਅਤੇ) ਭਰਮਾਂ ਦੀ ਫ਼ਾਹੀ ਟਾਲਿਆਂ ਨਹੀਂ ਟਲਦੀ ਭਾਵ (ਵਿਕਾਰ ਤੇ) ਭਰਮ ਦੂਰ ਨਹੀਂ ਹੁੰਦੇ ਬਲਕਿ ਜਿਉਂ ਦੇ ਤਿਉਂ ਹੀ ਬਰਕਰਾਰ ਰਹਿੰਦੇ ਹਨ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਹੇ ਭਾਈ ! ਕਰਮਾਂ-ਧਰਮਾਂ ਦੇ ਕਰਮਕਾਂਡਾਂ ਨਾਲ

(ਹਿਰਦੇ ਵਿੱਚ) ਪ੍ਰਭੂ ਦੀ ਪ੍ਰੇਮਾ-ਭਗਤੀ ਪੈਦਾ ਨਹੀਂ ਹੁੰਦੀ। ਇਸ ਲਈ ਮੈਂ ਇਨ੍ਹਾਂ ਕਰਮਕਾਂਡਾਂ ਤੋਂ ਸਦਾ ਲਈ ਉਪਰਾਮ ਹੋ ਗਿਆ ਹਾਂ॥

**ਭਾਵ ਅਰਥ** : ਪਰਮਾਤਮਾ ਦੇ ਨਾਮ ਦਾ ਸਿਮਰਨ ਹੀ ਜੀਵ ਨੂੰ ਆਵਾਗਵਨ ਦੇ ਚੱਕਰ ਤੋਂ ਮੁਕਤੀ ਦਿਵਾ ਸਕਦਾ ਹੈ।

## ਰਾਗੁ ਗਉੜੀ ਪੂਰਬੀ-13

***ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ॥***
***ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾਪਾਰੁ ਨ ਸੂਝ॥ ੧॥***
***ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ॥ ੧॥ ਰਹਾਉ॥***
***ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ॥***
***ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ॥ ੨॥***
***ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ॥***
***ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ॥ ੩॥ ੧॥***

**ਸ਼ਬਦ ਅਰਥ** : **ਕੂਪੁ**-ਖੂਹ। **ਦਾਦਿਰਾ**-ਡੱਡੂ। **ਬਿਦੇਸੁ**-ਪਰਦੇਸ। **ਨ ਬੂਝ**- ਸਮਝ ਨਾ ਆਉਣਾ, ਗਿਆਨ ਨਾ ਹੋਣਾ। **ਬਿਖਿਆ**- ਜ਼ਹਿਰ, ਮਾਇਆ ਜ਼ਹਿਰ। **ਬਿਮੋਹਿਆ**-ਚੰਗੀ ਤਰ੍ਹਾਂ ਮੋਹਿਆ ਹੋਣਾ, ਵੱਸ ਵਿੱਚ ਹੋਣਾ। **ਆਰਾਪਾਰੁ**-ਉਰਲਾ ਪਰਲਾ। **ਸੂਝ**-ਸੁਝਣਾ। **ਸਗਲ ਭਵਨ**-ਸਾਰੇ ਖੰਡਾਂ-ਬ੍ਰਹਿਮੰਡਾਂ। **ਨਾਇਕਾ**-ਮਾਲਿਕ॥ ੧॥
**ਮਲਿਨ**-ਮੈਲੀ। **ਮਤਿ**-ਅਕਲ। **ਮਾਧਵਾ**-ਮਾਇਆ ਦੇ ਪਤੀ-ਪ੍ਰਭੂ। **ਤੇਰੀ ਗਤਿ**-ਤੇਰਾ ਸਰੂਪ ਕਿਹੋ ਜਿਹਾ ਹੈ। **ਲਖੀ ਨ ਜਾਇ**-ਪਛਾਣ ਨਹੀਂ ਹੁੰਦੀ। **ਚੂਕਈ**-ਖ਼ਤਮ ਹੋਣਾ, ਦੂਰ ਹੋਣਾ। **ਸੁਮਤਿ**-ਸੁਚੱਜੀ ਮੱਤ॥ ੨॥
**ਜੋਗੀਸਰ**-ਵੱਡੇ ਵੱਡੇ ਜੋਗੀ। **ਅਪਾਰ**-ਬੇਅੰਤ। **ਕਾਰਣੈ**-ਖ਼ਾਤਰ॥ ੩॥ ੧॥

**ਪਦ ਅਰਥ** :ਜਿਸ ਤਰ੍ਹਾਂ ਡੱਡੂਆਂ ਨਾਲ ਭਰੇ ਹੋਏ ਖੂਹ ਵਿੱਚ ਡੱਡੂਆਂ ਨੂੰ ਖੂਹ ਤੋਂ ਬਾਹਰ ਕਿਸੇ ਦੇਸ਼-ਪ੍ਰਦੇਸ਼ ਦਾ ਗਿਆਨ ਨਹੀਂ ਹੁੰਦਾ ਭਾਵ ਖੂਹ ਤੋਂ ਬਾਹਰ ਦੀ ਦੁਨੀਆਂ ਦੀ ਕੋਈ ਖ਼ਬਰ-ਸਾਰ ਨਹੀਂ ਹੁੰਦੀ, ਉਸੇ ਤਰ੍ਹਾਂ ਮੇਰਾ ਮਨ ਵੀ ਮਾਇਆ-ਜ਼ਹਿਰ ਦੇ ਖੂਹ ਵਿੱਚ ਮੋਹਿਆ ਹੋਇਆ ਹੈ ਤੇ ਇਸ ਨੂੰ ਇਸ ਖੂਹ ਵਿੱਚੋਂ ਬਾਹਰ ਨਿਕਲਣ ਦਾ ਕੋਈ ਉਰਲਾ-ਪਾਰਲਾ ਬੰਨਾ ਨਹੀਂ ਸੁੱਝ ਰਿਹਾ। (ਭਾਵ ਆਤਮਿਕ ਜੀਵਨ ਵੱਲੋਂ ਬੇਸਮਝੀ ਦੇ ਕਾਰਨ ਜੀਵ ਸੰਸਾਰ ਦੀ ਮੋਹ-ਮਾਇਆ ਤੇ ਵਿਸ਼ੇ-ਵਿਕਾਰਾਂ ਵਿੱਚ ਹੀ ਲਿਪਤ ਰਹਿੰਦਾ ਹੈ; ਨਾ ਤਾਂ ਉਹ ਇਸ ਲੋਕ ਦੀ ਹਕੀਕਤ ਨੂੰ ਸਮਝਦਾ ਹੈ ਤੇ ਨਾ ਹੀ ਉਹ ਪਰਲੋਕ ਦਾ ਕੋਈ ਗਿਆਨ ਹਾਸਲ ਕਰਦਾ ਹੈ। ਮਾਇਆ ਉਸ ਦੇ ਬੁੱਧ-ਵਿਵੇਕ ਨੂੰ ਨਸ਼ਟ ਕਰ ਦਿੰਦੀ ਹੈ।)॥
ਹੇ ਸਾਰੇ ਖੰਡਾਂ-ਬ੍ਰਹਿਮੰਡਾਂ ਦੇ ਮਾਲਿਕ ਪ੍ਰਭੂ! ਆਪ ਜੀ ਅੱਗੇ ਬੇਨਤੀ ਹੈ ਕਿ ਮੈਨੂੰ ਇਕ ਪਲ ਲਈ ਆਪਣੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ ਜੀ (ਤਾਂ ਕਿ ਮੇਰਾ ਆਤਮਿਕ ਜੀਵਨ ਵੱਲੋਂ ਬੇਸਮਝੀ ਦਾ ਹਨ੍ਹੇਰਾ ਕੱਟ ਜਾਏ ਤੇ ਮੈਂ ਅਸਲੀਅਤ ਸਮਝ ਸਕਾਂ।)॥ ੧॥ ਰਹਾਉ॥
2. ਹੇ ਪਰਮਾਤਮਾ! ਮੇਰੀ ਅਕਲ ਮਾਇਆ ਦੇ ਵਿਕਾਰਾਂ ਨਾਲ ਮੈਲੀ ਹੋ ਗਈ ਹੈ,

ਜਿਸ ਕਰਕੇ ਮੈਨੂੰ ਆਪ ਜੀ ਦੇ ਸਰੂਪ ਦੀ ਪਛਾਣ ਨਹੀਂ ਹੋ ਰਹੀ ਕਿ ਆਪ ਜੀ ਕਿਹੋ ਜਿਹੇ ਹੋ। ਆਪ ਕ੍ਰਿਪਾ ਕਰਕੇ ਮੈਨੂੰ ਅਜਿਹੀ ਸੁਚੱਜੀ ਮੱਤ ਬਖ਼ਸ਼ੋ ਜੀ ਕਿ ਜਿਸ ਨਾਲ ਮੇਰੇ ਸਾਰੇ ਭਰਮ-ਭੁਲੇਖੇ ਦੂਰ ਹੋ ਜਾਣ ਤੇ ਭਟਕਣਾ ਵੀ ਖ਼ਤਮ ਹੋ ਜਾਵੇ ਤੇ ਮੈਂ ਆਪ ਜੀ ਦੇ ਸਰੂਪ ਨੂੰ ਵੀ ਪਹਿਚਾਣ ਸਕਾਂ॥

3. (ਹੇ ਪਰਮਾਤਮਾ! ਆਪ ਜੀ ਦੇ ਗੁਣਾਂ ਦਾ ਵਰਣਨ ਕਰਨਾ ਜੀਵ ਦੀ ਬੁੱਧੀ ਤੋਂ ਪਰ੍ਹੇ ਹੈ।) ਆਪ ਜੀ ਦੇ ਗੁਣ ਇਸ ਕਦਰ ਆਪਾਰ ਹਨ, ਅਣਗਿਣਤ ਹਨ ਕਿ ਵੱਡੇ-ਵੱਡੇ ਜੋਗੀ ਵੀ ਇਨ੍ਹਾਂ ਦਾ ਵਰਣਨ ਨਹੀਂ ਕਰ ਸਕੇ ਤੇ ਨਾ ਹੀ ਆਪ ਜੀ ਦੇ ਸਰੂਪ ਦਾ ਅੰਤ ਪਾ ਸਕੇ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਮੈਂ 'ਚਮਾਰ' ਆਪ ਜੀ ਦੀ ਪ੍ਰੇਮਾ-ਭਗਤੀ ਪਾਉਣ ਖ਼ਾਤਰ ਹੀ ਆਪ ਜੀ ਦੇ ਗੁਣ ਗਾ ਰਿਹਾ ਹਾਂ, ਆਪ ਜੀ ਦੀ ਸਿਫ਼ਤਿ-ਸਾਲਾਹ ਕਰ ਰਿਹਾ ਹਾਂ। (ਕਿਰਪਾ ਕਰਕੇ ਆਪ ਜੀ ਮੈਨੂੰ ਆਪਣੀ ਪ੍ਰੇਮਾ-ਭਗਤੀ ਦੀ ਦਾਤ ਬਖ਼ਸ਼ੋ ਜੀ।)॥

**ਭਾਵ ਅਰਥ** : ਜੀਵ ਨੂੰ ਪ੍ਰਭੂ ਦਰਸ਼ਨ ਲਈ ਤੇ ਮਾਇਆ ਮੋਹੇ ਮਨ ਦੀ ਚੰਗੀ ਮੱਤ ਲਈ ਪਰਮਾਤਮਾ ਅੱਗੇ ਅਰਦਾਸ ਕਰਨੀ ਚਾਹੀਦੀ ਹੈ।

## ਰਾਗੁ ਆਸਾ ਬਾਣੀ -14

***ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥***
***ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥ ੧ ॥***
***ਮਾਧੋ ਅਬਿਦਿਆ ਹਿਤ ਕੀਨ ॥ ਬਿਬੇਕ ਦੀਪ ਮਲੀਨ ॥ ੧ ॥ ਰਹਾਉ ॥***
***ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ ॥***
***ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ ॥ ੨ ॥***
***ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ ॥***
***ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ ॥ ੩ ॥***
***ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ ॥***
***ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ ॥ ੪ ॥ ੧ ॥***

**ਸ਼ਬਦ ਅਰਥ** : **ਮ੍ਰਿਗ**-ਹਿਰਨ। **ਮੀਨ**-ਮੱਛੀ। **ਭ੍ਰਿੰਗ**-ਭੌਰਾ। **ਕੁੰਚਰ**-ਹਾਥੀ। **ਦੋਖ**-ਐਬ, ਔਗੁਣ। **ਬਿਨਾਸ**-ਨਾਸ਼। **ਅਸਾਧ**-ਜੋ ਵੱਸ ਵਿੱਚ ਨਾ ਆ ਸਕੇ। **ਕੇਤਕ**-ਕਦੋਂ ਤੱਕ॥ ੧॥
**ਮਾਧੋ**- ਮਾਇਆ ਦੇ ਪਤੀ ਪ੍ਰਭੂ। **ਅਬਿਦਿਆ**-ਅਗਿਆਨਤਾ। **ਹਿਤ ਕੀਨ**-ਹਿੱਤ ਲਈ, ਫ਼ਾਇਦੇ ਲਈ। **ਬਿਬੇਕ**-ਸੋਚਣ ਸਮਝਣ ਦੀ ਸ਼ਕਤੀ। **ਮਲੀਨ**-ਮੈਲਾ, ਧੁੰਧਲਾ॥ ੧॥
**ਤ੍ਰਿਗਦ ਜੋਨਿ**-ਟੇਢੀਆਂ ਜੂਨਾਂ ਵਾਲੇ ਜੀਵ। **ਅਚੇਤ**-ਵਿਚਾਰਹੀਣ। **ਅਸੋਚ**-ਸੋਝੀ ਨ ਹੋਣਾ। **ਅਵਤਾਰ**-ਜਨਮ। **ਪੋਚ**-ਨੀਚ॥ ੨॥
**ਜੀਅ ਜੰਤ**-ਛੋਟੇ ਵੱਡੇ ਜੀਵ, ਸਰਬ ਜੀਵ, ਹਰ ਤਰ੍ਹਾਂ ਦੇ ਜੀਵ। **ਬਸਿ**-ਅਧੀਨ। **ਜਾਇ**-ਜਨਮ ਲੈ ਕੇ। **ਕਾਲ**-ਮੌਤ। **ਫਾਸ**-ਫ਼ਾਹੀ। **ਅਬਧ**-ਜੋ ਕੱਟਿਆ ਨਾ ਜਾਵੇ। **ਉਪਾਇ**-ਹੀਲਾ, ਪੇਸ਼॥ ੩॥
**ਉਦਾਸ**-ਵਿਕਾਰਾਂ ਤੋਂ ਉਪਰਾਮ ਹੋਣਾ, ਨਿਰਲੇਪ ਹੋਣਾ। **ਭ੍ਰਮ**- ਭਟਕਣਾ। **ਤਪਨ ਤਪੁ**-ਤਪਾਂ ਦਾ ਤਪ, ਸ੍ਰੇਸ਼ਟ ਤਪ। **ਪਰਮਾਨੰਦ**- ਪਰਮ+ਆਨੰਦ, ਉੱਚੇ ਆਨੰਦ ਦੇ ਮਾਲਿਕ

ਪ੍ਰਭੂ, ਆਨੰਦ ਸਰੂਪ ਪ੍ਰਭੂ। **ਨਿਦਾਨ**–ਅੰਤ, ਸਮਾਪਤੀ॥ ੪॥ ੧॥

**ਪਦ ਅਰਥ** : ਹੇ ਭਾਈ! ਹਿਰਨ ਕੰਨ ਰਸ, ਮੱਛੀ ਜੀਭ ਰਸ, ਭੌਰਾ ਨੱਕ ਰਸ, ਪਤੰਗਾ ਰੂਪ ਰਸ ਤੇ ਹਾਥੀ ਕਾਮ ਰਸ ਦੇ ਵੱਸ ਪਏ ਰਹਿੰਦੇ ਹਨ ਤੇ ਇਨ੍ਹਾਂ ਇਕ–ਇਕ ਇੰਦ੍ਰੀ ਦੇ ਦੋਸ਼ ਕਾਰਨ ਨਾਸ਼ ਹੋ ਜਾਂਦੇ ਹਨ। ਪਰ ਜੋ ਜੀਵ ਵੱਸ ਵਿੱਚ ਨਾ ਆਉਣ ਵਾਲੀਆਂ ਇਨ੍ਹਾਂ ਪੰਜ ਇੰਦ੍ਰੀਆਂ ਦੇ ਦੋਸ਼ਾਂ ਵਿੱਚ ਬੁਰੀ ਤਰ੍ਹਾਂ ਫਸਿਆ ਹੋਵੇ ਤਾਂ ਉਸਦੇ ਬਚਣ ਦੀ ਕਦੋਂ ਤੱਕ ਆਸ ਕੀਤੀ ਜਾ ਸਕਦੀ ਹੈ? ਭਾਵ ਜੀਵ ਦਾ ਇਨ੍ਹਾਂ ਇੰਦਰੀਆਂ ਦੇ ਦੋਸ਼ਾਂ ਤੋਂ ਬਚਣਾ ਬਹੁਤ ਮੁਸ਼ਕਿਲ ਹੈ। (ਹੇ ਭਾਈ! ਹਿਰਨ ਨੂੰ ਕੰਨ ਨਾਲ ਸ਼ਬਦ ਸੁਣਨ ਦਾ ਚਸਕਾ ਹੈ। ਸ਼ਿਕਾਰੀ ਉਸ ਨੂੰ ਮਧੁਰ ਨਾਦ ਵਜਾ ਕੇ ਫੜ੍ਹ ਲੈਂਦਾ ਹੈ। ਮੱਛੀ ਨੂੰ ਜੀਭ ਨਾਲ ਖਾਣ ਦਾ ਲੋਭ ਹੈ। ਉਹ ਕੁੰਡੀ ਨੂੰ ਲੱਗੇ ਹੋਏ ਆਟੇ ਨੂੰ ਖਾਣ ਦੇ ਲਾਲਚ ਵਿੱਚ ਕੁੰਡੀ ਨੂੰ ਆਪਣੇ ਗਲ ਵਿੱਚ ਫਸਾ ਲੈਂਦੀ ਹੈ ਅਤੇ ਮਰ ਜਾਂਦੀ ਹੈ। ਭੌਰੇ ਨੂੰ ਸੁਗੰਧ ਨਾਲ ਪ੍ਰੇਮ ਹੈ। ਉਹ ਫੁੱਲ ਦੀ ਸੁਗੰਧ ਲੈਂਦਾ ਹੋਇਆ ਸ਼ਾਮ ਵੇਲੇ ਫੁੱਲ ਦੀਆਂ ਪੱਤੀਆਂ ਦੇ ਬੰਦ ਹੋਣ ’ਤੇ ਉਸ ਵਿੱਚ ਕੈਦ ਹੋ ਕੇ ਮਰ ਜਾਂਦਾ ਹੈ। ਪਤੰਗੇ ਨੂੰ ਅੱਖ ਨਾਲ ਦੇਖਣ ਦਾ ਰਸ ਹੈ। ਉਹ ਦੀਵੇ ਦੀ ਸੁੰਦਰ ਲੋਅ ਦੇਖਦਾ ਹੋਇਆ ਉਸ ’ਤੇ ਜਲ ਕੇ ਮਰ ਜਾਂਦਾ ਹੈ। ਹਾਥੀ ਨੂੰ ਕਾਮ–ਵਾਸ਼ਨਾ ਦਾ ਦੋਸ਼ ਹੈ। ਕਾਮ ਵੱਸ ਹੋਇਆ ਉਹ ਕਲਬੂਤ ਦੀ ਬਣੀ ਹੋਈ ਹਥਨੀ ਵੱਲ ਦੋੜਦਾ ਜਾਂਦਾ ਹੈ ਤੇ ਗੱਢੇ ਵਿੱਚ ਡਿੱਗ ਕੇ ਮਹਾਵਤ ਦੇ ਹੱਥ ਲੱਗ ਜਾਂਦਾ ਹੈ। ਪਰ ਮਨੁੱਖ ਵਿੱਚ ਤਾਂ ਇਹ ਪੰਜੇ ਦੋਸ਼ ਹਨ, ਤਾਂ ਫਿਰ ਉਹ ਭਲਾ ਇਨ੍ਹਾਂ ਤੋਂ ਕਿਵੇਂ ਬਚ ਸਕਦਾ ਹੈ?)॥

ਹੇ ਮਾਇਆ ਦੇ ਪਤੀ–ਪ੍ਰਭੂ! ਜੀਵ ਅਗਿਆਨਤਾ (ਭਾਵ ਆਤਮਿਕ ਬੇ–ਸਮਝੀ) ਨਾਲ ਹੀ ਮੋਹ ਪਾਈ ਬੈਠਾ ਹੈ। ਉਹ ਇਸ ਵਿੱਚ ਹੀ ਆਪਣਾ ਹਿੱਤ ਸਮਝਦਾ ਹੈ ਜਿਸ ਕਾਰਨ ਉਸ ਦੀ ਸੋਚਣ–ਸਮਝਣ ਦੀ ਸ਼ਕਤੀ ਦਾ ਦੀਵਾ ਧੁੰਧਲਾ ਹੋ ਗਿਆ ਹੈ ਭਾਵ ਜੀਵ ਪਰਖਹੀਣ ਹੋ ਗਿਆ ਹੈ ਤੇ ਚੰਗੇ–ਮਾੜੇ ਦੀ ਪਛਾਣ ਹੀ ਨਹੀਂ ਕਰ ਪਾ ਰਿਹਾ॥ ੧॥ ਰਹਾਉ॥

2. ਟੇਢੀਆਂ–ਮੇਢੀਆਂ ਜੂਨਾਂ ਵਾਲੇ ਜੀਵ–ਜੰਤੂਆਂ ਵਿੱਚ ਇਨਸਾਨਾਂ ਵਰਗੀ ਚੇਤਨਤਾ (ਸੋਚ–ਵਿਚਾਰ ਤੇ ਬੁੱਧੀ ਆਦਿਕ) ਨਹੀਂ ਹੁੰਦੀ ਤੇ ਨਾ ਹੀ ਉਨ੍ਹਾਂ ਵਿੱਚ ਪੁੰਨ–ਪਾਪ ਦੀ ਸੋਝੀ ਹੁੰਦੀ ਹੈ, ਭਾਵ ਉਹ ਵਿਚਾਰਹੀਣ ਹੁੰਦੇ ਹਨ (ਨੋਟ: ਤਾਂ ਹੀ ਤਾਂ ਉਨ੍ਹਾਂ ਨੂੰ ਭੋਗ ਜੂਨੀ ਕਿਹਾ ਗਿਆ ਹੈ)। ਪਰੰਤੂ ਜੀਵ ਨੂੰ ਤਾਂ ਮਨੁੱਖਾ ਜਨਮ ਬਹੁਤ ਮੁਸ਼ਕਿਲਾਂ ਨਾਲ ਮਿਲਦਾ ਹੈ, ਕਈ ਜਨਮਾਂ ਦੇ ਪੁੰਨ–ਕਰਮਾਂ ਦੇ ਫ਼ਲਸਰੂਪ ਮਿਲਦਾ ਹੈ ਪਰ ਫਿਰ ਵੀ ਜੇਕਰ ਉਸ ਦੀ ਸੰਗਤ ਟੇਢੀ–ਮੇਢੀ ਜੂਨਾਂ ਦੇ ਜੀਵ–ਜੰਤੂਆਂ ਵਾਂਗ ਨੀਚ ਵਿਕਾਰਾਂ ਨਾਲ ਹੋਵੇ ਤਾਂ ਫਿਰ ਉਸ ਮਨੁੱਖ ਵਿੱਚ ਤੇ ਟੇਢੀ–ਮੇਢੀ ਜੂਨਾਂ ਵਾਲੇ ਜੀਵ–ਜੰਤੂਆਂ ਵਿੱਚ ਕੀ ਫ਼ਰਕ ਹੋਇਆ? (ਮਨੁੱਖ ਨੂੰ ਤਾਂ ਸੋਚ ਕਰਨੀ ਚਾਹੀਦੀ ਹੈ ਤੇ ਵਿਕਾਰਾਂ ਤੋਂ ਬਚਣਾ ਚਾਹੀਦਾ ਹੈ।)॥

3. ਹੇ ਭਾਈ! ਸੰਸਾਰ ਵਿੱਚ ਜੀਵ–ਜੰਤੂ ਜਿੱਥੇ–ਜਿੱਥੇ ਵੀ ਹਨ ਉਹ ਆਪਣੇ

ਪੁਰਬਲੇ ਕਰਮਾਂ ਦੇ ਆਧਾਰ 'ਤੇ ਜਨਮ ਲੈ ਕੇ ਉੱਥੇ ਹੀ ਜੀਵਨ ਦਾ ਕਰਮ-ਫਲ ਭੋਗ ਰਹੇ ਹਨ। ਇਨ੍ਹਾਂ ਕਰਮਾਂ ਦੇ ਸੰਸਕਾਰਾਂ ਕਾਰਨ ਉਹ ਜਿੱਥੇ ਵੀ ਹਨ ਉਨ੍ਹਾਂ ਨੂੰ ਉੱਥੇ ਹੀ ਮੌਤ ਦੀ ਫ਼ਾਹੀ ਪਈ ਹੋਈ ਹੈ ਜੋ ਕੱਟੀ ਨਹੀਂ ਜਾ ਸਕਦੀ। ਭਾਵ ਜਦੋਂ ਨਿਸ਼ਚਿਤ ਸਮਾਂ ਆਉਂਦਾ ਹੈ ਤਾਂ ਕੋਈ ਵੀ ਮੌਤ ਨੂੰ ਟਾਲ ਨਹੀਂ ਸਕਦਾ। ਮੌਤ ਅੱਗੇ ਕਿਸੇ ਦੀ ਵੀ ਕੋਈ ਪੇਸ਼ ਨਹੀਂ ਚੱਲਦੀ ਹੈ, ਕੋਈ ਉਪਾਏ ਨਹੀਂ ਚੱਲਦਾ॥

4. ਸਤਿਗੁਰੂ ਰਵਿਦਾਸ ਜੀ ਮਹਾਰਾਜ ਆਪਣੇ ਆਪ ਨੂੰ ਪ੍ਰਭੂ ਦਾ ਦਾਸ ਕਹਿੰਦੇ ਹੋਏ ਉਪਦੇਸ਼ ਦਿੰਦੇ ਹਨ ਕਿ ਹੇ ਜੀਵ! ਤੂੰ ਸੰਸਾਰ ਦੇ ਵਿਕਾਰਾਂ ਤੋਂ ਉਪਰਾਮ ਹੋ ਕੇ ਤੇ ਸਾਰੇ ਭਰਮ ਛੱਡ ਕੇ ਗੁਰੂ ਦੇ ਆਤਮਿਕ ਗਿਆਨ ਦੀ ਕਮਾਈ ਕਰ। ਇਹੋ ਹੀ ਸਾਰੇ ਤਪਾਂ ਵਿੱਚੋਂ ਸ੍ਰੇਸ਼ਟ ਤਪ ਹੈ, (ਜਿਸ ਨਾਲ ਕਰਮਾਂ ਦੇ ਬੰਧਨ ਟੁੱਟਦੇ ਹਨ ਤੇ ਵਿਕਾਰਾਂ ਤੋਂ ਮੁਕਤੀ ਮਿਲਦੀ ਹੈ।) ਹੇ ਭਗਤ-ਜਨਾਂ ਦੇ ਭੈਅ ਦੂਰ ਕਰਨ ਵਾਲੇ ਪ੍ਰਭੂ! ਹੇ ਸਭ ਤੋਂ ਉੱਚੇ ਆਤਮਿਕ ਆਨੰਦ ਦੇ ਮਾਲਿਕ ਪ੍ਰਭੂ! ਆਪ ਜੀ ਕਿਰਪਾ ਕਰਕੇ ਆਪਣੇ ਭਗਤਾਂ ਦੇ (ਵਿਕਾਰਾਂ ਤੇ ਦੋਸ਼ਾਂ) ਦਾ ਅੰਤ ਕਰ ਦਿਉ ਜੀ॥

**ਭਾਵ ਅਰਥ** : ਜੀਵ ਪੰਜ ਵਿਕਾਰਾਂ ਦੇ ਪ੍ਰਭਾਵ ਅਧੀਨ ਹੋ ਕੇ ਆਵਾਗਵਨ ਦੇ ਚੱਕਰਾਂ ਵਿੱਚ ਪਿਆ ਹੋਇਆ ਹੈ। ਸਤਿਗੁਰੂ ਦੇ ਗਿਆਨ ਦੀ ਕਮਾਈ ਨਾਲ ਹੀ ਉਹ ਇਨ੍ਹਾਂ ਵਿਕਾਰਾਂ ਤੋਂ ਛੁਟਕਾਰਾ ਪਾ ਕੇ ਪਰਮਾਤਮਾ ਦੀ ਪ੍ਰਾਪਤੀ ਕਰ ਸਕਦਾ ਹੈ।

## ਰਾਗੁ ਆਸਾ ਬਾਣੀ -15

***ਸੰਤ ਤੁਝੀ ਤਨੁ ਸੰਗਤਿ ਪ੍ਰਾਨ ॥***
***ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ ॥ ੧ ॥***
***ਸੰਤ ਚੀ ਸੰਗਤਿ ਸੰਤ ਕਥਾ ਰਸੁ ॥***
***ਸੰਤ ਪ੍ਰੇਮ ਮਾਝੈ ਦੀਜੈ ਦੇਵਾਦੇਵ ॥੧ ॥ ਰਹਾਉ ॥***
***ਸੰਤ ਆਚਰਣ ਸੰਤ ਚੋ ਮਾਰਗੁ ॥***
***ਸੰਤ ਚ ਓਲ੍ਹਗ ਓਲ੍ਹਗਣੀ ॥ ੨ ॥***
***ਅਉਰ ਇਕ ਮਾਗਉ ਭਗਤਿ ਚਿੰਤਾਮਣਿ ॥***
***ਜਣੀ ਲਖਾਵਹੁ ਅਸੰਤ ਪਾਪੀ ਸਣਿ ॥ ੩ ॥***
***ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ ॥***
***ਸੰਤ ਅਨੰਤਹਿ ਅੰਤਰੁ ਨਾਹੀ ॥ ੪ ॥ ੨ ॥***

**ਸ਼ਬਦ ਅਰਥ** : **ਤੁਝੀ**-ਆਪ ਜੀ ਦਾ। **ਤਨੁ**-ਸਰੀਰ, ਸਰੂਪ। **ਜਾਨੈ**-ਪਛਾਣ ਲੈਂਦਾ ਹੈ। **ਦੇਵਾ ਦੇਵ**- ਦੇਵਤਿਆਂ ਦੇ ਦੇਵਤਾ॥ ੧॥ **ਚੀ**-ਦੀ, ਵਿੱਚ। **ਰਸੁ**-ਆਨੰਦ। **ਮਾਝੈ**-ਮੈਨੂੰ॥ ੧॥ **ਆਚਰਣ**-ਚਾਲ ਚਲਣ। **ਓਲ੍ਹਗ ਓਲ੍ਹਗਣੀ**-ਲਾਗੀਆਂ ਦਾ ਲਾਗੀ, ਦਾਸਾਂ ਦੇ ਦਾਸ ਦਾ ਦਾਸ॥ ੨॥ **ਚਿੰਤਾਮਣਿ**-ਇੱਛਾਵਾਂ ਪੂਰੀਆਂ ਕਰਨ ਵਾਲੀ ਮਣੀ। **ਜਣੀ**-ਨਾ। **ਲਖਾਵਹੁ**-ਦਿਖਾਵੋ॥ ੩॥ **ਜੋ ਜਾਣੈ**- ਜੋ ਇਹ ਜਾਣਦਾ ਹੈ। **ਸੋ**- ਉਹੀ। **ਜਾਣੁ**-ਸਿਆਣਾ। **ਅਨੰਤਹਿ**-ਬੇਅੰਤ॥ ੪॥ ੨॥

**ਪਦ ਅਰਥ** : ਹੇ ਪ੍ਰਭੂ! ਸੰਤ-ਜਨ ਆਪ ਜੀ ਦਾ ਸਰੀਰ ਹਨ, ਆਪ ਜੀ ਦਾ

ਸਾਕਾਰ ਰੂਪ ਹਨ ਤੇ ਸੰਤਾਂ ਦੀ ਸੰਗਤ ਆਪ ਜੀ ਦੇ ਪ੍ਰਾਣ ਹਨ। ਸਤਿਗੁਰੂ ਜੀ ਦੇ ਗਿਆਨ ਦੁਆਰਾ ਹੀ ਜਾਣਿਆ ਜਾਂਦਾ ਹੈ ਕਿ ਸੰਤ ਦੇਵਤਿਆਂ ਦੇ ਦੇਵਤਾ ਹਨ। (ਦੂਜਾ ਅਰਥ: ਹੇ ਦੇਵਤਿਆਂ ਦੇ ਦੇਵਤਾ ਪ੍ਰਭੂ ਜੀ! ਸੰਤ-ਜਨ ਆਪ ਜੀ ਨੂੰ ਸਤਿਗੁਰੂ ਦੇ ਗਿਆਨ ਦੁਆਰਾ ਹੀ ਜਾਣ ਸਕਦੇ ਹਨ।)॥

ਹੇ ਦੇਵਤਿਆਂ ਦੇ ਦੇਵਤਾ ਪਰਮ-ਪਿਤਾ ਪਰਮਾਤਮਾ! ਮੈਨੂੰ ਸੰਤਾਂ ਦੀ ਸੰਗਤ ਬਖ਼ਸ਼ੋ ਜੀ ਤਾਂ ਕਿ ਮੈਂ ਸੰਤ-ਜਨਾਂ ਵੱਲੋਂ ਕੀਤੀ ਜਾ ਰਹੀ ਪ੍ਰਭੂ-ਕਥਾ ਦਾ ਆਤਮਿਕ ਆਨੰਦ ਮਾਣ ਸਕਾਂ ਜੀ। ਹੇ ਪਰਮਾਤਮਾ! ਮੈਨੂੰ ਸੰਤਾਂ ਨਾਲ ਪ੍ਰੇਮ ਕਰਨ ਦੀ ਦਾਤ ਵੀ ਬਖ਼ਸ਼ੋ ਜੀ॥ ਰਹਾਉ॥

2. ਹੇ ਪ੍ਰਭੂ! ਮੈਨੂੰ ਸੰਤਾਂ ਦਾ ਆਚਰਣ ਤੇ ਉਨ੍ਹਾਂ ਦੇ ਦੱਸੇ ਹੋਏ ਮਾਰਗ ਉੱਤੇ ਚੱਲਣ ਦੀ ਸਮਰੱਥਾ ਬਖ਼ਸ਼ੋ ਜੀ (ਕਿਉਂਕਿ ਸੰਤਾਂ ਦਾ ਆਚਰਣ ਤੇ ਉਨ੍ਹਾਂ ਦਾ ਮਾਰਗ ਹੀ ਸਭ ਤੋਂ ਸ੍ਰੇਸ਼ਟ ਹੁੰਦਾ ਹੈ।) ਆਪ ਜੀ ਮੇਰੀ ਰਹਿਣੀ-ਬਹਿਣੀ ਨੂੰ ਸੰਤਾਂ ਦੀ ਰਹਿਣੀ-ਬਹਿਣੀ ਦੇ ਅਨੁਕੂਲ ਬਣਾ ਦਿਉ ਜੀ। ਹੇ ਪ੍ਰਭੂ! ਮੈਨੂੰ ਕੇਵਲ ਸੰਤਾਂ ਦੀ ਸੇਵਾ ਹੀ ਨਹੀਂ ਬਲਕਿ ਉਨ੍ਹਾਂ ਸੇਵਕਾਂ ਦੀ ਸੇਵਾ ਕਰਨ ਦੀ ਵੀ ਦਾਤ ਬਖ਼ਸ਼ੋ ਜੀ ਜਿਨ੍ਹਾਂ ਨੂੰ ਆਪ ਜੀ ਨੇ ਆਪਣੀ ਸੇਵਾ ਵਿੱਚ ਲਗਾਇਆ ਹੋਇਆ ਹੈ॥

3. ਹੇ ਪ੍ਰਭੂ! ਮੈਂ ਆਪ ਜੀ ਪਾਸੋਂ ਇਕ ਹੋਰ ਦਾਤ ਦੀ ਮੰਗ ਕਰਦਾ ਹਾਂ। ਆਪ ਜੀ ਮੈਨੂੰ ਆਪਣੀ ਭਗਤੀ ਦੀ ਦਾਤ ਬਖ਼ਸ਼ੋ ਜੀ ਜੋ ਕਿ ਮਨ-ਇੱਛਿਤ ਫਲ ਦੇਣ ਵਾਲੀ 'ਮਣੀ' ਹੈ। ਪਰ ਕ੍ਰਿਪਾ ਕਰਕੇ ਮੈਨੂੰ ਵਿਕਾਰੀਆਂ ਤੇ ਪਾਪੀਆਂ ਦੇ ਕਦੇ ਵੀ ਦਰਸ਼ਨ ਨਾ ਕਰਵਾਉਣਾ ਜੀ, (ਮੈਨੂੰ ਉਨ੍ਹਾਂ ਦੀ ਕੁਸੰਗਤ ਤੋਂ ਦੂਰ ਹੀ ਰੱਖਣਾ ਜੀ।)॥

4. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਅਸਲ ਵਿੱਚ ਸਿਆਣਾ ਮਨੁੱਖ ਉਹ ਹੈ ਜੋ ਇਹ ਜਾਣ ਜਾਂਦਾ ਹੈ ਕਿ ਸੰਤਾਂ ਤੇ ਬੇਅੰਤ ਪ੍ਰਭੂ ਵਿੱਚ ਕੋਈ ਫ਼ਰਕ ਨਹੀਂ ਹੈ। ਸੰਤ ਹੀ ਪ੍ਰਭੂ ਦਾ ਰੂਪ ਹੁੰਦੇ ਹਨ॥

**ਭਾਵ ਅਰਥ** : ਜੀਵ ਨੂੰ ਪਰਮਾਤਮਾ ਅੱਗੇ ਅਰਦਾਸ ਕਰਨੀ ਚਾਹੀਦੀ ਹੈ ਕਿ ਉਹ ਜੀਵ ਨੂੰ ਸੰਤਾਂ ਦੀ ਸੰਗਤ ਕਰਨੀ ਬਖ਼ਸ਼ੇ।

## ਰਾਗੁ ਆਸਾ ਬਾਣੀ -16

*ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥*
*ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥ ੧॥*
*ਮਾਧਉ ਸਤਸੰਗਤਿ ਸਰਨਿ ਤੁਮ੍ਾਰੀ॥*
*ਹਮ ਅਉਗਨ ਤੁਮ੍ ਉਪਕਾਰੀ॥ ੧॥ ਰਹਾਉ॥*
*ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ॥*
*ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥ ੨॥*
*ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ॥*
*ਰਾਜਾ ਰਾਮ ਕੀ ਸੇਵ ਨ ਕੀਨ੍ੀ ਕਹਿ ਰਵਿਦਾਸ ਚਮਾਰਾ॥ ੩॥ ੩॥*

**ਸ਼ਬਦ ਅਰਥ** : **ਚੰਦਨ**–ਖੁਸ਼ਬੂ ਦੇਣ ਵਾਲਾ ਬ੍ਰਿਛ। **ਇਰੰਡ**–ਇਕ ਬ੍ਰਿਛ ਜਿਸ ਵਿੱਚੋਂ ਬਦਬੂ ਆਉਂਦੇ ਹੈ ਤੇ ਜਿਸ ਦੇ ਬੀਜਾਂ ਦਾ ਤੇਲ ਲੋਅ ਜਗਾਉਣ ਲਈ ਵਰਤਦੇ ਹਾਂ। **ਬਾਪੁਰੇ**–ਨਿਮਾਣੇ। **ਬਾਸਾ**–ਵਾਸ। **ਰੂਖ**–ਰੁੱਖ। **ਸੁਗੰਧ**–ਮਿੱਠੀ ਵਾਸ਼ਨਾ। **ਨਿਵਾਸਾ**–ਵਸ ਗਈ ਹੈ॥ ੧॥ **ਮਾਧਉ**–ਮਾਇਆ ਦਾ ਪਤੀ ਪ੍ਰਭੂ। **ਅਉਗਨ**–ਮੰਦ ਕਰਮੀ। **ਉਪਕਾਰੀ**–ਮਿਹਰ ਕਰਨ ਵਾਲਾ॥ ੧॥ **ਮਖਤੂਲ**–ਰੇਸ਼ਮ। **ਸੁਪੇਦ**–ਚਿੱਟਾ। **ਸਪੀਅਲ**–ਪੀਲਾ। **ਬਪੁਰੇ**–ਬੇਚਾਰੇ, ਤਰਸਯੋਗ। **ਜਸ**–ਜਿਵੇਂ, ਵਾਂਗ। **ਕੀਰਾ**–ਕੀੜਾ। **ਮਧੁਪ**–ਸ਼ਹਿਦ ਦੀ ਮੱਖੀ। **ਮਖੀਰਾ**–ਸ਼ਹਿਦ ਦਾ ਛੱਤਾ॥ ੨॥ **ਓਛਾ**–ਨੀਵਾਂ। **ਪਾਤੀ**–ਪਾਤ, ਕੁਲ॥ ੩॥ ੩॥

**ਪਦ ਅਰਥ** : ਹੇ ਪ੍ਰਭੂ! ਆਪ ਜੀ ਖੁਸ਼ਬੂਦਾਰ ਚੰਦਨ ਦੇ ਰੁੱਖ ਵਾਂਗ ਹੋ ਤੇ ਮੈਂ ਇਰੰਡ ਦੇ ਬੂਟੇ ਵਾਂਗ ਹਾਂ। ਭਾਵ ਆਪ ਜੀ ਸਰਬ–ਕਲਾ ਭਰਪੂਰ ਸ੍ਰੇਸ਼ਟ ਹੋ ਤੇ ਮੈਂ ਗੁਣਹੀਣ ਹਾਂ। ਪਰ ਹੁਣ ਮੈਨੂੰ ਆਪ ਜੀ ਦੇ ਚਰਨ–ਕੰਵਲਾਂ ਵਿੱਚ ਰਹਿਣ ਦੀ ਥਾਂ ਮਿਲ ਗਈ ਹੈ। ਜਿਵੇਂ ਚੰਦਨ ਨਾਲ ਰਹਿਣ ਕਰਕੇ ਇਰੰਡ ਵੀ ਦੁਰਗੰਧ ਦੀ ਥਾਂ ਚੰਦਨ ਵਰਗੀ ਮਿੱਠੀ ਸੁਗੰਧ ਦੇਣ ਲੱਗ ਪੈਂਦਾ ਹੈ, ਇਵੇਂ ਹੀ ਆਪ ਜੀ ਦੇ ਚਰਨਾਂ ਵਿੱਚ ਰਹਿਣ ਕਰਕੇ ਮੇਰੇ ਅੰਦਰੋਂ ਵੀ ਇਰੰਡ–ਪਨ ਦੀ ਦੁਰਗੰਧ ਖ਼ਤਮ ਹੋ ਗਈ ਹੈ ਤੇ ਆਪ ਜੀ ਦੀ ਸੋਹਣੀ ਮਿੱਠੀ ਸੁਗੰਧ ਵਸ ਗਈ ਹੈ। ਮੈਂ ਨੀਵੇਂ ਨਿਮਾਣੇ ਰੁੱਖ ਤੋਂ ਉੱਚਾ ਰੁੱਖ ਹੋ ਗਿਆ ਹਾਂ, ਭਾਵ ਉੱਚ ਆਤਮਿਕ ਅਵਸਥਾ ਪਾ ਲਈ ਹੈ। (ਇਹ ਸਭ ਆਪ ਜੀ ਦੀ ਕ੍ਰਿਪਾ–ਦ੍ਰਿਸ਼ਟੀ ਸਦਕਾ ਹੀ ਹੈ।)॥

ਹੇ ਮਾਇਆ ਦੇ ਪਤੀ–ਪ੍ਰਭੂ! ਮੈਂ ਨਿਮਾਣੇ ਨੇ ਆਪ ਜੀ ਦੀ ਸ਼ਰਨ ਲਈ ਹੈ, ਆਪ ਜੀ ਦੀ ਸਾਧ–ਸੰਗਤ ਦੀ ਓਟ ਲਈ ਹੈ। ਮੈਂ ਔਗੁਣਾਂ ਨਾਲ ਭਰਿਆ ਹੋਇਆ ਮੰਦ–ਕਰਮੀ ਇਨਸਾਨ ਹਾਂ ਪਰ ਆਪ ਜੀ ਤਾਂ ਪਰਉਪਕਾਰੀ ਹੋ, ਜੀਵਾਂ ’ਤੇ ਦਇਆ ਕਰਕੇ ਉਨ੍ਹਾਂ ਦੇ ਔਗੁਣ ਬਖ਼ਸ਼ਣ ਵਾਲੇ ਹੋ। ਕ੍ਰਿਪਾ ਕਰਕੇ ਆਪ ਜੀ ਮੇਰੇ ਔਗੁਣ ਵੀ ਬਖ਼ਸ਼ ਦਿਉ ਜੀ ਤੇ ਆਪਣੀ ਸੰਗਤ ਵਿੱਚ ਜੋੜੀ ਰੱਖੋ ਜੀ॥ ੧॥ ਰਹਾਉ॥

2. ਹੇ ਮਾਇਆ ਦੇ ਪਤੀ–ਪ੍ਰਭੂ! ਆਪ ਜੀ ਚਿੱਟੇ–ਪੀਲੇ ਰੇਸ਼ਮ ਵਾਂਗ ਅਤਿ ਸੁੰਦਰ ਤੇ ਮਨਮੋਹਕ ਹੋ। ਅਸੀਂ ਰੇਸ਼ਮ ’ਤੇ ਰਹਿਣ ਵਾਲੇ ਤਰਸਯੋਗ ਕੀੜਿਆਂ ਵਾਂਗ ਹਾਂ। ਕਿਰਪਾ ਕਰਕੇ ਸਾਨੂੰ ਆਪਣੇ ਨਾਲ ਜੋੜੀ ਰੱਖਣਾ ਜੀ (ਕਿਤੇ ਇਵੇਂ ਨਾ ਹੋਵੇ ਕਿ ਜਿਵੇਂ ਕੀੜਾ ਰੇਸ਼ਮ ਨੂੰ ਛੱਡ ਕੇ ਬਾਹਰ ਨਿਕਲ ਜਾਂਦਾ ਹੈ ਤੇ ਆਪਣੀ ਜਾਨ ਗਵਾ ਲੈਂਦਾ ਹੈ ਤਿਵੇਂ ਹੀ ਅਸੀਂ ਵੀ ਆਪ ਜੀ ਦੀ ਸੰਗਤ ਨਾਲੋਂ ਵਿੱਛੁੜ ਕੇ ਆਪਣੀ ਆਤਮਿਕ ਮੌਤ ਸਹੇੜ ਲਈਏ ਜੀ।) ਹੇ ਪ੍ਰਭੂ! ਆਪ ਜੀ ਮੇਰੇ ’ਤੇ ਇਹੋ ਜਿਹੀ ਰਹਿਮਤ ਬਖ਼ਸ਼ੋ ਕਿ ਮੈਂ ਆਪ ਜੀ ਦੀ ਸਾਧ–ਸੰਗਤ ਵਿੱਚ ਉਸੇ ਤਰ੍ਹਾਂ ਹੀ ਸਦਾ ਜੁੜਿਆ ਰਹਾਂ ਜਿਸ ਤਰ੍ਹਾਂ ਸ਼ਹਿਦ ਦੀਆਂ ਮੱਖੀਆਂ ਸ਼ਹਿਦ ਦੇ ਛੱਤੇ ਨਾਲ ਜੁੜੀਆਂ ਰਹਿੰਦੀਆਂ ਹਨ॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਸਮਾਜ ਦੇ ਲੋਕਾਂ ਦੀਆਂ ਨਜ਼ਰਾਂ ਵਿੱਚ ਮੇਰੀ ਜਾਤ ਤੇ ਕੁਲ ਨੀਵੇਂ ਸਮਝੇ ਜਾਂਦੇ ਹਨ ਤੇ ਮੇਰਾ ਜਨਮ ਵੀ ਨੀਚ ਕਿਹਾ ਜਾਂਦਾ ਹੈ। ਹੇ ਪਰਮ ਪਿਤਾ ਪਰਮਾਤਮਾ! ਹੇ ਰਾਜਾ ਰਾਮ! ਜੇਕਰ

ਮੈਂ ਆਪ ਜੀ ਦੀ ਸੇਵਾ-ਭਗਤੀ ਨਾ ਕਰਦਾ ਤਾਂ ਮੈਂ 'ਚਮਾਰ' ਸੱਚ-ਮੁੱਚ ਹੀ ਨੀਵਾਂ ਰਹਿ ਜਾਂਦਾ। (ਆਪ ਜੀ ਦੀ ਭਗਤੀ ਸਦਕਾ ਹੁਣ ਮੈਂ ਇਰੰਡ ਤੋਂ ਚੰਦਨ ਵਾਂਗ ਸੁਗੰਧ-ਯੁਕਤ ਹੋ ਗਿਆ ਹਾਂ, ਨੀਵੇਂ ਤੋਂ ਉੱਚਾ ਹੋ ਗਿਆ ਹਾਂ। ਇਹ ਸਭ ਆਪ ਜੀ ਦੀ ਕਿਰਪਾ ਸਦਕਾ ਹੀ ਹੈ।)॥

**ਭਾਵ ਅਰਥ** : ਸਾਧ ਸੰਗਤ ਜੀਵ ਨੂੰ ਨੀਵੇਂ ਤੋਂ ਉੱਚਾ ਕਰ ਦਿੰਦੀ ਹੈ।

## ਰਾਗੁ ਆਸਾ ਬਾਣੀ - 17

***ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥***
***ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥ ੧ ॥***
***ਤੁਝਹਿ ਚਰਨ ਅਰਬਿੰਦ ਭਵਨ ਮਨੁ ॥***
***ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ ॥ ੧ ॥ ਰਹਾਉ ॥***
***ਸੰਪਤਿ ਬਿਪਤਿ ਪਟਲ ਮਾਇਆ ਧਨੁ ॥***
***ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥ ੨ ॥***
***ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥***
***ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥ ੩ ॥ ੪ ॥***

**ਸ਼ਬਦ ਅਰਥ** : **ਕਹਾ ਭਇਓ**-ਕੀ ਹੋਇਆ। **ਜਉ**-ਜੇਕਰ। **ਛਿਨੁ ਛਿਨੁ**-ਟੁਕੜੇ ਟੁਕੜੇ। **ਤਉ**-ਤਦੋਂ, ਤੋਂ। **ਡਰਪੈ**-ਡਰ ਲੱਗਦਾ ਹੈ। **ਤੁਝਹਿ**-ਆਪ ਜੀ ਦੇ। **ਅਰਬਿੰਦ**-ਕਮਲ। **ਭਵਨ**-ਨਿਵਾਸ ਸਥਾਨ, ਟਿਕਾਣ। **ਪਾਨ ਕਰਤ**-ਪੀਂਦਿਆਂ। **ਪਾਇਓ ਪਾਇਓ**-ਲੱਭ ਲਿਆ, ਪ੍ਰਾਪਤ ਕਰ ਲਿਆ। **ਰਾਮਈਆ ਧਨੁ**-ਨਾਮ ਰੂਪੀ ਧਨ ॥ ੧ ॥
**ਸੰਪਤਿ**-ਧਨ ਦੌਲਤ, ਸੁੱਖ। **ਬਿਪਤਿ**-ਮੁਸੀਬਤ, ਦੁੱਖ। **ਪਟਲ**-ਪਰਦਾ। **ਮਗਨ**-ਮਸਤ ॥ ੨ ॥
**ਜੇਵਰੀ**-ਰੱਸੀ, ਡੋਰੀ। **ਛੂਟਿਬੋ**-ਛੁੱਟਣਾ। **ਕਵਨ ਗੁਨ**-ਕੀ ਲਾਭ ਹੈ, ਕੀ ਲੋੜ ਹੈ ॥ ੩ ॥ ੪ ॥

**ਪਦ ਅਰਥ** : ਸਤਿਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ ਨਾਲ ਆਪਣੇ ਘਣੇ ਪ੍ਰੇਮ ਦਾ ਪ੍ਰਗਟਾਵਾ ਕਰਦੇ ਹੋਏ ਫ਼ਰਮਾਂਦੇ ਹਨ ਕਿ ਹੇ ਪ੍ਰਭੂ ਜੀ! ਪ੍ਰੇਮ ਦੇ ਮਾਰਗ 'ਤੇ ਚੱਲਦਿਆਂ ਜੇਕਰ ਮੇਰੇ ਸਰੀਰ ਦੇ ਟੁਕੜੇ-ਟੁਕੜੇ ਵੀ ਹੋ ਜਾਣ ਤਾਂ ਮੈਨੂੰ ਇਸ ਦੀ ਬਿਲਕੁਲ ਵੀ ਪ੍ਰਵਾਹ ਨਹੀਂ ਪਰ ਆਪ ਜੀ ਨਾਲੋਂ ਮੇਰਾ ਪ੍ਰੇਮ ਟੁੱਟ ਜਾਣ 'ਤੇ ਮੈਨੂੰ ਬਹੁਤ ਹੀ ਡਰ ਲਗਦਾ ਹੈ॥

ਹੇ ਪ੍ਰਭੂ! ਆਪ ਜੀ ਦੇ ਚਰਨ-ਕੰਵਲਾਂ ਨੂੰ ਮੇਰੇ ਮਨ ਨੇ ਰਹਿਣ ਦਾ ਟਿਕਾਣਾ ਬਣਾ ਲਿਆ ਹੈ। ਆਪ ਜੀ ਦੇ ਚਰਨਾਂ ਵਿੱਚੋਂ ਪ੍ਰੇਮ-ਰਸ ਪੀਂਦਿਆਂ-ਪੀਂਦਿਆਂ ਹੀ ਮੈਨੂੰ ਆਪ ਜੀ ਦਾ ਨਾਮ-ਧਨ ਪ੍ਰਾਪਤ ਹੋਇਆ ਹੈ ॥ ੧ ॥ ਰਹਾਉ ॥

2. ਹੇ ਪਰਮਾਤਮਾ! ਸੰਸਾਰਿਕ ਸੁੱਖ-ਦੁੱਖ, ਧਨ-ਦੌਲਤ ਤੇ ਮੁਸੀਬਤ ਆਦਿਕ ਸਭ ਮਾਇਆ ਦੇ ਪਰਦੇ ਹਨ ਜੋ ਜੀਵ ਦੀ ਮੱਤ 'ਤੇ ਪਏ ਰਹਿੰਦੇ ਹਨ। (ਇਨ੍ਹਾਂ ਪਰਦਿਆਂ ਦੇ ਕਾਰਨ ਹੀ ਜੀਵ ਆਪ ਜੀ ਦੇ ਸਰੂਪ ਦੇ ਦਰਸ਼ਨ ਨਹੀਂ ਕਰ ਪਾਉਂਦਾ।) ਪਰ ਮੇਰੇ ਵਰਗੇ ਦਾਸ 'ਤੇ ਆਪ ਜੀ ਦੀ ਅਜਿਹੀ ਕਿਰਪਾ ਹੋਈ ਹੈ ਕਿ ਮੈਂ ਹੁਣ ਮਾਇਆ ਦੇ ਇਨ੍ਹਾਂ ਪਰਦਿਆਂ ਵਿੱਚ ਮਸਤ ਹੋ ਕੇ ਨਹੀਂ ਫਸਦਾ॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਪ੍ਰਭੂ! ਆਪ ਜੀ ਦਾ ਇਹ ਸੇਵਕ ਆਪ ਜੀ ਦੀ ਪ੍ਰੇਮ-ਪ੍ਰੀਤ ਦੀ ਡੋਰੀ ਨਾਲ ਬੱਝਾ ਹੋਇਆ ਹੈ ਤੇ ਇਸ ਪ੍ਰੇਮ-ਬੰਧਨ ਦਾ ਆਨੰਦ ਮਾਣ ਰਿਹਾ ਹੈ। ਇਸ ਬੰਧਨ ਤੋਂ ਛੁੱਟ ਕੇ ਹੁਣ ਮੈਨੂੰ ਕੀ ਲਾਭ ਹੋਵੇਗਾ? ਭਾਵ ਮੈਂ ਆਪ ਜੀ ਨਾਲ ਸਦਾ ਬੱਝਿਆ ਰਹਿਣਾ ਚਾਹੁੰਦਾ ਹਾਂ॥

**ਭਾਵ ਅਰਥ** : ਜੋ ਜੀਵ ਆਪਣਾ ਤਨ-ਮਨ ਕੁਰਬਾਨ ਕਰਕੇ ਪ੍ਰਭੂ ਨੂੰ ਪ੍ਰੇਮ ਕਰਦਾ ਹੈ, ਉਸ ਨੂੰ ਹੀ ਪ੍ਰਭੂ ਦਾ ਸੱਚਾ ਨਾਮ-ਧਨ ਪ੍ਰਾਪਤ ਹੁੰਦਾ ਹੈ।

## ਰਾਗੁ ਆਸਾ ਬਾਣੀ -18

***ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ॥***
***ਹਰਿ ਸਿਮਰਤ ਜਨ ਗਏ ਨਿਸਤਰਿ ਤਰੇ ॥ ੧ ॥ ਰਹਾਉ ॥***
***ਹਰਿ ਕੇ ਨਾਮ ਕਬੀਰ ਉਜਾਗਰ ॥***
***ਜਨਮ ਜਨਮ ਕੇ ਕਾਟੇ ਕਾਗਰ ॥ ੧ ॥***
***ਨਿਮਤ ਨਾਮਦੇਉ ਦੂਧੁ ਪੀਆਇਆ ॥***
***ਤਉ ਜਗ ਜਨਮ ਸੰਕਟ ਨਹੀ ਆਇਆ ॥ ੨ ॥***
***ਜਨ ਰਵਿਦਾਸ ਰਾਮ ਰੰਗਿ ਰਾਤਾ ॥***
***ਇਉ ਗੁਰ ਪਰਸਾਦਿ ਨਰਕ ਨਹੀ ਜਾਤਾ ॥ ੩ ॥ ੫ ॥***

**ਸ਼ਬਦ ਅਰਥ** : **ਜਨ**-ਸੇਵਕ, ਦਾਸ। **ਨਿਸਤਰਿ**-ਚੰਗੀ ਤਰ੍ਹਾਂ, ਪੂਰਨ ਤੌਰ 'ਤੇ। **ਤਰੇ**-ਤਰ ਗਏ, ਸੰਸਾਰ ਰੂਪੀ ਭਵਸਾਗਰ ਤੋਂ ਪਾਰ ਲੰਘ ਗਏ॥ **ਉਜਾਗਰ**-ਮਸ਼ਹੂਰ। **ਕਾਗਰ**-ਕਾਗਜ਼॥ ੧॥ **ਨਿਮਤ**-ਇਸ ਕਾਰਨ ਕਰਕੇ, ਬਰਕਤਿ ਨਾਲ। **ਸੰਕਟ**-ਕਸ਼ਟ॥ ੨॥ **ਰੰਗਿ ਰਾਤਾ**-ਰੰਗਿਆ ਜਾਂਦਾ ਹੈ। **ਇਉ**-ਇਸ ਤਰ੍ਹਾਂ। **ਪਰਸਾਦਿ**-ਮਿਹਰ ਨਾਲ॥ ੩॥ ੫॥

**ਪਦ ਅਰਥ** : ਹੇ ਭਾਈ! ਪਰਮਾਤਮਾ ਦਾ ਸੁਆਸ-ਸੁਆਸ 'ਹਰਿ ਨਾਮ' ਸਿਮਰਨ ਕਰਨ ਨਾਲ ਪ੍ਰਭੂ ਦੇ ਸੇਵਕਾਂ ਦਾ ਮਾਇਆ ਦੇ ਮੋਹ-ਰੂਪ ਸੰਸਾਰ-ਸਮੁੰਦਰ ਤੋਂ ਪੂਰਨ ਤੌਰ 'ਤੇ ਪਾਰ ਉਤਾਰਾ ਹੋ ਜਾਂਦਾ ਹੈ॥ ੧॥ ਰਹਾਉ॥

'ਹਰਿ' ਪਰਮਾਤਮਾ ਦਾ ਨਾਮ-ਸਿਮਰਨ ਕਰਕੇ ਕਬੀਰ ਸਾਹਿਬ ਸੰਸਾਰ ਵਿੱਚ ਮਸ਼ਹੂਰ ਹੋਏ। ਹਰਿ ਦੇ ਨਾਮ-ਸਿਮਰਨ ਸਦਕੇ ਹੀ ਉਨ੍ਹਾਂ ਦੇ ਕਈ ਜਨਮਾਂ ਦੇ ਕਰਮਾਂ ਦੇ ਹਿਸਾਬ-ਕਿਤਾਬ ਦੇ ਕਾਗਜ਼ ਨਸ਼ਟ ਹੋ ਗਏ ਭਾਵ ਜਨਮ-ਜਨਮਾਂਤਰਾਂ ਦੇ ਕਰਮਾਂ ਦਾ ਲੇਖਾ ਕੱਟਿਆ ਗਿਆ ਤੇ (ਉਹ ਉੱਜਲ ਮੁੱਖ ਪ੍ਰਭੂ ਦੀ ਦਰਗਾਹ ਵਿੱਚ ਗਏ।)॥

2. 'ਹਰਿ ਨਾਮ' ਦੇ ਸਿਮਰਨ ਦੀ ਬਰਕਤਿ ਨਾਲ ਹੀ ਨਾਮਦੇਵ ਜੀ ਨੇ ਠਾਕੁਰਾਂ (ਪ੍ਰਭੂ) ਨੂੰ ਦੁੱਧ ਪਿਆਇਆ ਤੇ ਪੂਰੀ ਭਗਤੀ-ਭਾਵ ਨਾਲ ਉਨ੍ਹਾਂ ਦੀ ਸੇਵਾ ਵਿੱਚ ਸਮਰਪਿਤ ਹੋਏ। ਇਸੇ ਕਾਰਨ ਆਪ ਜੀ ਜਨਮਾਂ ਦੇ ਸੰਕਟ ਵਿੱਚ ਦੁਬਾਰਾ ਨਹੀਂ ਪਏ ਭਾਵ ਜੀਵਨ-ਮੁਕਤ ਹੋ ਗਏ॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਜੋ ਵੀ ਸੇਵਕ ਹਰਿ ਦੇ ਨਾਮ-ਰੰਗ ਵਿੱਚ ਰੰਗਿਆਂ ਜਾਂਦਾ ਹੈ ਉਹ ਸਤਿਗੁਰੂ ਦੀ ਮਿਹਰ ਸਦਕਾ

ਨਰਕਾਂ ਵਿੱਚ ਨਹੀਂ ਜਾਂਦਾ। ਉਸ ਦੀ ਮੁਕਤੀ ਹੋ ਜਾਂਦੀ ਹੈ॥

**ਭਾਵ ਅਰਥ** : ਸਤਿਗੁਰੂ ਦੀ ਕਿਰਪਾ ਤੇ ਪ੍ਰਭੂ ਦੇ ਨਾਮ-ਸਿਮਰਨ ਦੀ ਬਰਕਤਿ ਨਾਲ ਜੀਵ ਨੂੰ ਆਵਾਗਵਨ ਦੇ ਚੱਕਰ ਤੋਂ ਮੁਕਤੀ ਮਿਲਦੀ ਹੈ ਤੇ ਨਰਕਾਂ ਤੋਂ ਬਚਿਆ ਜਾ ਸਕਦਾ ਹੈ।

## ਰਾਗੁ ਆਸਾ ਬਾਣੀ- 19

***ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥***
***ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ ॥ ੧ ॥ ਰਹਾਉ ॥***
***ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥***
***ਮਾਇਆ ਗਈ ਤਬ ਰੋਵਨੁ ਲਗਤੁ ਹੈ ॥ ੧ ॥***
***ਮਨ ਬਚ ਕ੍ਰਮ ਰਸ ਕਸਹਿ ਲੁਭਾਨਾ ॥***
***ਬਿਨਸਿ ਗਇਆ ਜਾਇ ਕਹੂੰ ਸਮਾਨਾ ॥ ੨ ॥***
***ਕਹਿ ਰਵਿਦਾਸ ਬਾਜੀ ਜਗੁ ਭਾਈ ॥***
***ਬਾਜੀਗਰ ਸਉ ਮੁੋਹਿ ਪ੍ਰੀਤਿ ਬਨਿ ਆਈ ॥ ੩ ॥ ੬ ॥***

**ਸ਼ਬਦ ਅਰਥ** : **ਪੁਤਰਾ**-ਪੁਤਲਾ। **ਕੈਸੇ ਨਚਤੁ**-ਹਾਸੋ-ਹੀਣਾ ਹੋ ਕੇ ਨੱਚਣਾ, ਅਚਰਜ ਤਰ੍ਹਾਂ ਨੱਚਣਾ। **ਦਉਰਿਓ ਫਿਰਤੁ**-ਦੌੜਦਾ ਫਿਰਦਾ। **ਪਾਵੈ**-ਹਾਸਲ ਕਰਦਾ ਹੈ। **ਗਰਬੁ**-ਹੰਕਾਰ। **ਗਈ**-ਗੁਆਚ ਜਾਣਾ, ਨੁਕਸਾਨ ਹੋਣਾ॥ ੧॥
**ਰਸ ਕਸਹਿ**-ਵਿਸ਼ੇ ਵਿਕਾਰਾਂ ਦੇ ਰਸਾਂ-ਕਸਾਂ ਵਿੱਚ, ਚਸਕਿਆਂ ਵਿੱਚ। **ਲੁਭਾਨਾ**-ਮਸਤ। **ਬਿਨਸਿ ਗਇਆ**-ਨਾਸ਼ ਹੋ ਜਾਣਾ। **ਜਾਇ**-ਇਥੋ (ਸੰਸਾਰ ਵਿੱਚੋਂ) ਜਾ ਕੇ। **ਕਹੂੰ**-ਕਿਸੇ ਹੋਰ ਥਾਂ ਤੇ। **ਸਮਾਨਾ**-ਸਮਾਏਗੀ॥ ੨॥
**ਬਾਜੀ**-ਖੇਡ। **ਜਗ**-ਜਗਤ। **ਸਉ**-ਨਾਲ। **ਮੁੋਹਿ**-ਮੈਨੂੰ, ਮੇਰੀ॥ ੩॥ ੬॥

**ਪਦ ਅਰਥ** : ਹੇ ਭਾਈ! ਜੀਵ ਮਿੱਟੀ ਦੇ ਪੁਤਲੇ ਦੀ ਨਿਆਈਂ ਹੈ ਜੋ (ਮਾਇਆ ਦੇ ਮੋਹ-ਜਾਲ ਵਿੱਚ ਫਸ ਕੇ) ਕਈ ਤਰ੍ਹਾਂ ਦੇ ਹਾਸੋ-ਹੀਣ ਨਾਚ ਨੱਚ ਰਿਹਾ ਹੈ। (ਕਾਮਾਦਿਕ ਚੋਰਾਂ ਦੇ ਢਹੇ ਚੜ੍ਹਿਆ ਹੋਇਆ ਇਹ ਜੀਵ ਚਾਰ-ਚੁਫ਼ੇਰੇ) ਮਾਇਆ ਵੱਲ ਹੀ ਦੇਖਦਾ ਹੈ, ਮਾਇਆ ਬਾਰੇ ਹੀ ਸੁਣਦਾ ਹੈ ਤੇ ਮਾਇਆ ਬਾਰੇ ਹੀ ਬੋਲਦਾ ਹੈ। ਮਾਇਆ ਦੇ ਪ੍ਰਭਾਵ ਅਧੀਨ ਹੋਇਆਂ (ਉਸ ਦੀਆਂ ਗਿਆਨ-ਇੰਦ੍ਰੀਆਂ ਜਿਵੇਂ ਚਾਹੁੰਣ) ਉਸ ਨੂੰ ਹਰ ਵਕਤ ਤਿਵੇਂ ਹੀ ਦੌੜਾਈ-ਫਿਰਾਈ ਰੱਖਦੀਆਂ ਹਨ॥ ੧॥ ਰਹਾਉ॥

ਜੀਵ ਨੂੰ ਜਦੋਂ ਧਨ-ਦੌਲਤ, ਮਾਣ-ਵਡਿਆਈ ਆਦਿਕ ਸਭ ਕੁਝ ਮਿਲ ਜਾਂਦਾ ਹੈ ਤਾਂ ਉਹ ਹੰਕਾਰ ਕਰਨ ਲੱਗ ਪੈਂਦਾ ਹੈ ਪਰ ਜਦੋਂ ਮਾਇਆ ਦਾ ਨੁਕਸਾਨ ਹੁੰਦਾ ਹੈ ਤਾਂ (ਪ੍ਰਭੂ ਦਾ ਭਾਣਾ ਮੰਨਣ ਦੀ ਬਜਾਏ) ਉੱਚੀ-ਉੱਚੀ ਵਿਰਲਾਪ ਕਰਨ ਲੱਗ ਪੈਂਦਾ ਹੈ ਤੇ ਦੁਖੀ ਹੁੰਦਾ ਹੈ॥

2. ਜੀਵ ਆਪਣੇ ਮਨ ਦੇ ਰਾਹੀਂ, ਆਪਣੇ ਬੋਲਾਂ ਦੇ ਰਾਹੀਂ ਤੇ ਆਪਣੇ ਕਰਮਾਂ ਦੇ ਰਾਹੀਂ ਇੰਦ੍ਰੀਆਂ ਦੇ ਭੋਗਾਂ ਤੇ ਵਿਸ਼ੇ-ਵਿਕਾਰਾਂ ਦੇ ਚਸਕਿਆਂ ਵਿੱਚ ਹੀ ਸਦਾ

ਮਸਤ ਰਹਿੰਦਾ ਹੈ (ਤੇ ਭੁੱਲ ਜਾਂਦਾ ਹੈ ਕਿ ਮੌਤ ਆਉਣ 'ਤੇ ਉਸਦੇ ਸਰੀਰ ਦਾ ਨਾਸ਼ ਹੋ ਜਾਣਾ ਹੈ)। ਉਸ ਦੇ ਮਾੜੇ ਕਰਮਾਂ ਕਾਰਨ, ਮਰਨ ਉਪਰੰਤ ਉਸ ਦੀ ਜੀਵਾਤਮਾ ਨੇ ਪ੍ਰਭੂ ਵਿੱਚ ਲੀਨ ਹੋਣ ਦੀ ਬਜਾਏ ਪਤਾ ਨਹੀਂ ਕਿਹੜੀ ਮਾੜੀ ਥਾਂ 'ਤੇ ਜਾ ਟਿਕਣਾ ਹੈ, ਸਮਾਉਣਾ ਹੈ? (ਨੋਟ : ਕਹਿੰਦੇ ਹਨ ਕਿ ਜੀਵ ਦੀ ਉਮਰ ਭਰ ਜਿਹੋ ਜਿਹੀ ਮਨ-ਬਿਰਤੀ ਹੁੰਦੀ ਹੈ ਮਰਨ ਤੋਂ ਬਾਅਦ ਉਹ ਉਸੇ ਜੂਨ ਵਿੱਚ ਪਹੁੰਚਦਾ ਹੈ।)॥

3. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਹੇ ਭਾਈ! ਇਹ ਸੰਸਾਰ ਇਕ ਬਾਜ਼ੀ ਹੈ ਤੇ ਇਸ ਬਾਜ਼ੀ ਨੂੰ ਰਚਾਉਣ ਵਾਲਾ ਬਾਜ਼ੀਗਰ ਖ਼ੁਦ ਪਰਮਾਤਮਾ ਹੀ ਹੈ। (ਜੀਵ ਮਾਇਆ ਦੇ ਪ੍ਰਭਾਵ ਅਧੀਨ ਹੋਇਆ ਇਸ ਬਾਜ਼ੀ ਵਿੱਚ ਫਸਿਆ ਰਹਿੰਦਾ ਹੈ। ਪਰ ਮੈਨੂੰ ਇਸ ਬਾਜ਼ੀ ਦੀ ਹਕੀਕਤ ਸਮਝ ਆ ਗਈ ਹੈ।) ਇਸ ਲਈ ਮੇਰੇ ਮਨ ਨੇ ਇਸ ਬਾਜ਼ੀ ਨੂੰ ਛੱਡ ਕੇ ਇਸ ਦੇ ਰਚਾਇਤਾ ਬਾਜ਼ੀਗਰ-ਪ੍ਰਭੂ ਨਾਲ ਪ੍ਰੀਤ ਪਾ ਲਈ ਹੈ ਜਿਸ ਦੇ ਸਦਕੇ ਹੁਣ ਮੈਂ ਮਾਇਆ ਦੇ ਅਚਰਜ ਨਾਚ ਤੋਂ ਬਚ ਗਿਆ ਹਾਂ॥

**ਭਾਵ ਅਰਥ** : ਜੀਵ ਮਾਇਆ ਦੇ ਪ੍ਰਭਾਵ ਅਧੀਨ ਭਟਕਦਾ ਰਹਿੰਦਾ ਹੈ। ਮਾਇਆ ਤੋਂ ਉਹ ਜੀਵ ਹੀ ਬਚਦਾ ਹੈ ਜੋ ਮਾਇਆ ਦੇ ਰਚਨਹਾਰ ਪਰਮੇਸ਼ਰ ਨਾਲ ਸੱਚੀ ਪ੍ਰੀਤ ਪਾਉਂਦਾ ਹੈ॥

# ਰਾਗੁ ਗੂਜਰੀ-20

*ਦੂਧੁ ਤ ਬਛਰੈ ਥਨਹੁ ਬਿਟਾਰਿਓ ॥*
*ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥ ੧ ॥*
*ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥*
*ਅਵਰੁ ਨ ਫੂਲੁ ਅਨੂਪੁ ਨ ਪਾਵਉ ॥ ੧ ॥ ਰਹਾਉ ॥*
*ਮੈਲਾਗਰ ਬੇਰ੍ਹੇ ਹੈ ਭੁਇਅੰਗਾ ॥*
*ਬਿਖੁ ਅੰਮ੍ਰਿਤ ਬਸਹਿ ਇਕ ਸੰਗਾ ॥ ੨ ॥*
*ਧੂਪ ਦੀਪ ਨਈਬੇਦਹਿ ਬਾਸਾ ॥*
*ਕੈਸੇ ਪੂਜ ਕਰਹਿ ਤੇਰੀ ਦਾਸਾ ॥ ੩ ॥*
*ਤਨੁ ਮਨੁ ਅਰਪਉ ਪੂਜ ਚਰਾਵਉ ॥*
*ਗੁਰ ਪਰਸਾਦਿ ਨਿਰੰਜਨੁ ਪਾਵਉ ॥ ੪ ॥*
*ਪੂਜਾ ਅਰਚਾ ਆਹਿ ਨ ਤੋਰੀ ॥*
*ਕਹਿ ਰਵਿਦਾਸ ਕਵਨ ਗਤਿ ਮੋਰੀ ॥ ੫ ॥ ੧ ॥*

**ਸ਼ਬਦ ਅਰਥ** : **ਥਨਹੁ**-ਥਣਾਂ ਤੋਂ। **ਬਿਟਾਰਿਓ**-ਜੂਠਾ ਕਰਨਾ। **ਭਵਰਿ**-ਭੌਰਾ। **ਮੀਨਿ**-ਮੱਛੀ। **ਬਿਗਾਰਿਓ**-ਖ਼ਰਾਬ ਕਰਨਾ॥ **ਮਾਈ**-ਹੇ ਮਾਂ। **ਗੋਬਿੰਦ**- ਜੀਵਾਂ ਦੇ ਦਿਲਾਂ ਦੀ ਜਾਣਨਹਾਰ ਪ੍ਰਭੂ। **ਕਹਾ**-ਕਿੱਥੋਂ। **ਚਰਾਵਉ**-ਭੇਟ ਕਰਾਂ। **ਅਵਰੁ**-ਕੋਈ ਦੂਜਾ। **ਅਨੂਪੁ**-ਸੋਹਣਾ, ਸੁੰਦਰ॥ ੧॥ **ਮੈਲਾਗਰ**-ਮੈਲਾਗਰ ਪਰਬਤ 'ਤੇ (ਚੰਦਨ ਦਾ ਰੁੱਖ)। **ਬੇਰ੍ਹੇ**-ਲਪੇਟੇ ਹੋਏ। **ਭੁਇਅੰਗਾ**-ਸੱਪ।

**ਬਿਖੁ**–ਜ਼ਹਿਰ। **ਸੰਗਾ**–ਇਕੱਠੇ॥ ੨॥ **ਨਈਬੇਦਹਿ**–ਦੇਵੀ ਦੇਵਤੇ ਅੱਗੇ ਚੜ੍ਹਾਇਆ ਹੋਇਆ ਭੋਜਨ, ਭੇਟਾ। **ਬਾਸਾ**–ਸੁਗੰਧੀ॥ ੩॥ **ਅਰਪਉ**–ਅਰਪਣ ਕਰਨਾ। **ਪਰਸਾਦਿ**–ਕਿਰਪਾ, ਮਿਹਰ। **ਨਿਰੰਜਨੁ**–ਮਾਇਆ ਤੋਂ ਨਿਰਲੇਪ ਪ੍ਰਭੂ॥ ੪॥
**ਅਰਚਾ**–ਅਰਚਨਾ ਕਰਨਾ, ਮੂਰਤੀ ਨੂੰ ਸ਼ਿੰਗਾਰਨਾ। **ਆਹਿ ਨ**–ਨਹੀਂ ਹੋ ਸਕੀ। **ਕਵਨ ਗਤਿ ਮੋਰੀ**–ਮੇਰਾ ਕੀ ਹਾਲ ਹੋਵੇਗਾ। **ਗਤਿ**- ਉੱਚੀ ਆਤਮਿਕ ਅਵਸਥਾ॥ ੫॥ ੧॥

**ਪਦ ਅਰਥ :** ਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਪ੍ਰਭੂ ਦੀ ਪ੍ਰਾਪਤੀ ਤਾਂ ਸੱਚੇ ਮਨੋਂ ਉਸ ਦੀ ਪੂਜਾ ਕਰਨ ਨਾਲ ਹੁੰਦੀ ਹੈ ਨਾ ਕਿ ਬਾਹਰੀ ਸਮੱਗਰੀ ਭੇਟ ਕਰਨ ਨਾਲ। ਆਪ ਜੀ ਫ਼ਰਮਾਉਂਦੇ ਹਨ ਕਿ ਹੇ ਪ੍ਰਭੂ! ਦੁੱਧ ਨੂੰ ਤਾਂ ਵੱਛੜੇ ਨੇ ਥਣਾਂ ਤੋਂ ਚੁੰਘ ਕੇ ਪਹਿਲਾਂ ਹੀ ਜੂਠਾ ਕਰ ਦਿੱਤਾ ਹੈ, ਫੁੱਲ ਨੂੰ ਭੌਰੇ ਨੇ ਉਸ ਦੀ ਸੁਗੰਧੀ ਲੈ ਕੇ ਭਿੱਟ ਦਿੱਤਾ ਹੈ ਤੇ ਪਾਣੀ ਨੂੰ ਮੱਛੀ ਦੀ ਛੋਹ ਨੇ ਖ਼ਰਾਬ ਕਰ ਦਿੱਤਾ ਹੈ। ਸੋ ਦੁੱਧ, ਫੁੱਲ ਤੇ ਪਾਣੀ ਜੂਠੇ ਤੇ ਅਪਵਿੱਤਰ ਹੋਣ ਕਰਕੇ ਪੂਜਾ ਦੀ ਸਮੱਗਰੀ ਵਜੋਂ ਯੋਗ ਨਹੀਂ ਰਹੇ॥

ਹੇ ਮਾਤਾ ਜੀ! ਮੈਂ ਦਿਲਾਂ ਦੇ ਜਾਣਨਹਾਰ–ਪ੍ਰਭੂ ਦੀ ਪੂਜਾ ਕਰਨ ਲਈ ਸੁੱਚੀ ਤੇ ਪਵਿੱਤਰ ਸਮੱਗਰੀ ਕਿੱਥੋਂ ਲੈ ਕੇ ਭੇਟ ਚੜ੍ਹਾਵਾਂ? ਪ੍ਰਭੂ ਦੀ ਪੂਜਾ ਲਈ ਮੈਨੂੰ ਕੋਈ ਸੋਹਣਾ ਤੇ ਸੁੱਚਾ ਫੁੱਲ ਨਹੀਂ ਮਿਲ ਰਿਹਾ॥ ੧॥ ਰਹਾਉ॥

2. ਹੇ ਪ੍ਰਭੂ! ਮੈਲਾਗਰ ਪਰਬਤ ਉੱਪਰ ਚੰਦਨ ਦੇ ਰੁੱਖਾਂ ਨਾਲ ਜ਼ਹਿਰੀਲੇ ਸੱਪ ਲਿਪਟੇ ਹੁੰਦੇ ਹਨ। ਭਾਵ ਜ਼ਹਿਰ ਨਾਲ ਭਰਿਆ ਸੱਪ ਤੇ ਅੰਮ੍ਰਿਤ ਨਾਲ ਭਰਿਆ ਚੰਦਨ ਦਾ ਰੁੱਖ ਇਕ ਥਾਂ ਇਕੱਠੇ ਰਹਿ ਰਹੇ ਹਨ। (ਇਸ ਤਰ੍ਹਾਂ ਚੰਦਨ ਵੀ ਸੱਪ ਦੀ ਜ਼ਹਿਰ ਨਾਲ ਅਪਵਿੱਤਰ ਹੋ ਗਿਆ ਹੈ ਤਾਂ ਫਿਰ ਮੈਂ ਇਸ ਅਪਵਿੱਤਰ ਚੰਦਨ ਦਾ ਤਿਲਕ ਆਪ ਜੀ ਨੂੰ ਕਿਵੇਂ ਲਗਾ ਸਕਦਾ ਹਾਂ?)॥

3. ਹੇ ਪਰਮਾਤਮਾ! ਧੂਫ਼ ਨੂੰ ਧੁਖਾਉਣ ਵਾਲਾ, ਦੀਪ ਨੂੰ ਜਗਾਉਣ ਵਾਲਾ ਤੇ ਭੋਜਣ ਪਦਾਰਥਾਂ ਨੂੰ ਤਿਆਰ ਕਰਨ ਵਾਲਾ ਤਾਂ ਇਨ੍ਹਾਂ ਦੀਆਂ ਸੁਗੰਧੀਆਂ ਨੂੰ ਪਹਿਲਾਂ ਹੀ ਸੁੰਘ ਬੈਠਾ ਹੈ ਇਸ ਤਰ੍ਹਾਂ ਇਹ ਵਸਤੂਆਂ ਪਹਿਲਾਂ ਹੀ ਜੂਠੀਆਂ ਤੇ ਅਪਵਿੱਤਰ ਹੋ ਗਈਆਂ ਹਨ। ਫਿਰ ਮੈਂ, ਆਪ ਜੀ ਦਾ ਦਾਸ, ਇਨ੍ਹਾਂ ਜੂਠੀਆਂ ਤੇ ਅਪਵਿੱਤਰ ਵਸਤੂਆਂ ਨਾਲ ਆਪ ਜੀ ਦੀ ਪੂਜਾ ਕਿਵੇਂ ਕਰ ਸਕਦਾ ਹਾਂ?॥

4. (ਹੇ ਪ੍ਰਭੂ! ਆਪ ਜੀ ਦੀ ਪੂਜਾ ਸੰਸਾਰਿਕ ਅਪਵਿੱਤਰ ਪਦਾਰਥਾਂ ਨਾਲ ਹੋ ਹੀ ਨਹੀਂ ਸਕਦੀ), ਇਸ ਲਈ ਮੈਂ ਆਪਣਾ ਤਨ ਤੇ ਮਨ (ਭਾਵ ਆਪਣੇ ਗਿਆਨ ਇੰਦ੍ਰੇ ਤੇ ਆਪਣੀ ਆਤਮਾ) ਪੂਜਾ ਵਜੋਂ ਭੇਟ ਚੜ੍ਹਾਉਣ ਲਈ ਆਪ ਜੀ ਨੂੰ ਅਰਪਣ ਕਰਦਾ ਹਾਂ। ਪੂਜਾ ਲਈ ਇਸ ਤਰ੍ਹਾਂ ਦੀ ਭੇਟ ਕਰਨ ਨਾਲ ਸਤਿਗੁਰੂ ਜੀ ਆਪਣੀ ਕਿਰਪਾ ਬਖ਼ਸ਼ਦੇ ਹਨ ਤੇ ਜਿਸ ਦੇ ਸਦਕੇ ਮਾਇਆ ਤੋਂ ਨਿਰਲੇਪ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ॥

5. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਪਰਮਾਤਮਾ! ਮੈਂ ਕਿਸੇ ਤਰ੍ਹਾਂ ਦੀ ਬਾਹਰਮੁਖੀ ਪੂਜਾ ਕਰਨਾ ਨਹੀਂ ਜਾਣਦਾ। (ਜੇਕਰ ਸੰਸਾਰ ਦੇ ਜੂਠੇ ਤੇ ਅਪਵਿੱਤਰ ਪਦਾਰਥਾਂ ਦੀ ਭੇਟ ਨਾਲ ਆਪ ਜੀ ਦੀ ਪੂਜਾ ਹੋ ਸਕਦੀ

ਤਾਂ ਮੈਂ ਆਪ ਜੀ ਦੀ ਕਦੇ ਪੂਜਾ ਹੀ ਨਾ ਕਰ ਪਾਉਂਦਾ।) ਉਸ ਸਥਿਤੀ ਵਿੱਚ ਮੇਰਾ ਕੀ ਹਾਲ ਹੁੰਦਾ ? ਮੈਂ ਉੱਚ ਆਤਮਿਕ ਅਵਸਥਾ ਕਿਵੇਂ ਪ੍ਰਾਪਤ ਕਰਦਾ ? (ਹੇ ਪ੍ਰਭੂ ! ਤਨ-ਮਨ ਰੂਪੀ ਸੱਚੀ ਭੇਟ ਨਾਲ ਹੀ ਆਪ ਜੀ ਦੀ ਪੂਜਾ-ਅਰਚਨਾ ਹੋ ਸਕਦੀ ਹੈ। ਇਸ ਲਈ ਮੈਂ ਆਪਣਾ ਤਨ ਤੇ ਮਨ ਪੂਜਾ ਵਜੋਂ ਆਪ ਜੀ ਨੂੰ ਅਰਪਣ ਕਰਦਾ ਹਾਂ।)॥

**ਭਾਵ ਅਰਥ** : ਪਰਮਾਤਮਾ ਦੀ ਪੂਜਾ ਸੰਸਾਰਿਕ ਅਪਵਿੱਤਰ ਪਦਾਰਥਾਂ ਨਾਲ ਨਹੀਂ ਹੁੰਦੀ। ਇਹ ਤਾਂ ਆਪਾ-ਭਾਵ ਮਿਟਾ ਕੇ ਤਨ ਤੇ ਮਨ ਨੂੰ ਪੂਰੀ ਤਰ੍ਹਾਂ ਪਰਮਾਤਮਾ ਦੇ ਚਰਨ-ਕੰਵਲਾਂ ਵਿੱਚ ਸਮਰਪਿਤ ਕਰਕੇ ਹੀ ਹੁੰਦੀ ਹੈ॥

## ਰਾਗੁ ਸੋਰਠਿ -21

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥***
***ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ॥ ੧॥***
***ਮਾਧਵੇ ਕਿਆ ਕਹੀਐ ਭ੍ਰਮੁ ਐਸਾ॥***
***ਜੈਸਾ ਮਾਨੀਐ ਹੋਇ ਨ ਤੈਸਾ॥ ੧॥ ਰਹਾਉ॥***
***ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥***
***ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥ ੨॥***
***ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ॥***
***ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ॥ ੩॥***
***ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ॥***
***ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥ ੪॥ ੧॥***

**ਸ਼ਬਦ ਅਰਥ** : **ਹਮ**-ਮੈਂ, ਹਉਮੈ ਭਾਵ। **ਅਨਲ**-ਹਵਾ। **ਅਗਮ**-ਭਾਰੀ, ਬਹੁਤ ਤੇਜ਼। **ਮਇ**- ਵਿੱਚ। **ਓਦਧਿ**-ਸਮੁੰਦਰ॥ ੧॥ **ਮਾਧਵੇ**-ਮਾਇਆ ਦਾ ਪਤੀ-ਪ੍ਰਭੂ। **ਕਿਆ ਕਹੀਐ**-ਕਿਸ ਤਰ੍ਹਾਂ ਬਿਆਨ ਕਰੀਏ। **ਭ੍ਰਮੁ**-ਭੁਲੇਖਾ। **ਮਾਨੀਐ**-ਮੰਨਦੇ ਹਾਂ॥ ੧॥
**ਨਰਪਤਿ**-ਰਾਜਾ। **ਭਿਖਾਰੀ**-ਮੰਗਤਾ। **ਅਛਤ**-ਹੁੰਦਿਆਂ ਹੋਇਆਂ। **ਬਿਛੁਰਤ**-ਵਿੱਛੜ ਕੇ। **ਗਤਿ**-ਹਾਲਤ, ਉੱਚ ਆਤਮਿਕ ਅਵਸਥਾ॥ ੨॥
**ਰਾਜ**-ਰੱਸੀ। **ਭੁਇਅੰਗ**-ਸੱਪ। **ਪ੍ਰਸੰਗ**-ਦ੍ਰਿਸ਼ਟਾਂਤ, ਕਥਾ ਕਹਾਣੀ। **ਮਰਮੁ**-ਭੇਦ, ਰਾਜ। **ਜਨਾਇਆ**-ਜਣਾ ਦਿੱਤਾ ਹੈ। **ਕਟਕ** -ਸੋਨੇ ਦੇ ਬਣੇ ਗਹਿਣੇ। **ਭੂਲਿ ਪਰੇ**-ਭੁਲੇਖਾ ਪਾ ਕੇ। **ਕਹਤੇ ਕਹਨੁ ਨ ਆਇਆ**- ਕਹਿੰਦਿਆਂ ਹੋਇਆਂ ਵੀ ਕਿਹਾ ਨਹੀਂ ਜਾਣਾ॥ ੩॥
**ਸਰਬੇ**-ਸਾਰਿਆਂ ਵਿੱਚ। **ਭੋੁਗਵੈ**-ਭੋਗ ਰਿਹਾ ਹੈ, ਆਨੰਦ ਮਾਣ ਰਿਹਾ ਹੈ, ਵਸ ਰਿਹਾ ਹੈ। **ਪੈ**-ਤੋਂ। **ਸਹਜੇ**-ਸਹਜ ਸੁਭਾਵਿਕ, ਆਤਮਿਕ ਅਡੋਲਤਾ॥ ੪॥ ੧॥

**ਪਦ ਅਰਥ** : ਹੇ ਪ੍ਰਭੂ ! ਜਦੋਂ ਜੀਵ ਵਿੱਚ "ਮੈਂ" ਹਉਮੈ ਹੁੰਦੀ ਹੈ ਤਾਂ ਆਪ ਜੀ ਦਾ ਵਾਸਾ ਉਸ ਜੀਵ ਵਿੱਚ ਹੁੰਦਿਆਂ ਹੋਇਆਂ ਵੀ ਪਰਗਟ ਨਹੀਂ ਹੁੰਦਾ ਪਰ ਜਦੋਂ "ਮੈਂ" ਹਉਮੈ ਮਿਟ ਜਾਂਦੀ ਹੈ ਤਾਂ ਇਹ ਗਿਆਨ ਹੋ ਜਾਂਦਾ ਹੈ ਕਿ ਸਭ ਕੁਝ ਆਪ ਹੀ ਹੋ ਤੇ ਜੀਵ ਤਾਂ ਕੁਝ ਵੀ ਨਹੀਂ ਹੈ। ਉਸ ਸਮੇਂ "ਮੇਰੀ" ਦੀ ਹੋਂਦ ਮਿਟ ਜਾਂਦੀ ਹੈ ਤੇ "ਤੇਰੀ" ਦੀ ਹੋਂਦ ਦਾ ਅਨੁਭਵ ਹੁੰਦਾ ਹੈ। "ਮੈਂ" ਵਿੱਚ "ਤੂੰ" ਦਾ

ਵਾਸ ਹੋ ਜਾਂਦਾ ਹੈ। ਜਿਵੇਂ ਜਦੋਂ ਤੇਜ਼ ਹਵਾਵਾਂ ਨਾਲ ਸਮੁੰਦਰ ਵਿੱਚੋਂ ਬੇਅੰਤ ਲਹਿਰਾਂ ਉੱਠਦੀਆਂ ਹਨ ਤੇ ਇਉਂ ਜਾਪਦਾ ਹੈ ਕਿ ਇਨ੍ਹਾਂ ਲਹਿਰਾਂ ਦਾ ਆਪਣਾ ਇਕ ਵੱਖਰਾ ਹੀ ਵਜੂਦ ਹੈ ਪਰ ਅਸਲ ਵਿੱਚ ਇਹ ਲਹਿਰਾਂ ਤਾਂ ਸਮੁੰਦਰ ਦੇ ਪਾਣੀ ਵਿੱਚ ਪਾਣੀ ਹੀ ਹੁੰਦੀਆਂ ਹਨ। (ਇਸੇ ਤਰ੍ਹਾਂ ਭਰਮ ਕਾਰਨ ਜੀਵ ਦੀ ਵੀ ਪ੍ਰਭੂ ਤੋਂ ਵੱਖਰੀ ਹਸਤੀ ਨਜ਼ਰ ਆਉਂਦੀ ਹੈ ਪਰ ਅਸਲ ਵਿੱਚ ਜੀਵ ਦੀ ਉਤਪਤੀ ਤਾਂ ਪ੍ਰਭੂ ਦਾ ਆਪਣਾ ਹੀ ਪਸਾਰਾ ਹੈ, ਉਸ ਦਾ ਖ਼ੁਦ ਦਾ ਵਿਸਥਾਰ ਹੈ ਜੋ ਅੰਤ ਨੂੰ ਉਸ ਵਿੱਚ ਹੀ ਸਮਾ ਜਾਂਦਾ ਹੈ), ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਲਹਿਰਾਂ ਸਮੁੰਦਰ ਵਿੱਚ ਸਮਾ ਜਾਂਦੀਆਂ ਹਨ॥

ਹੇ ਮਾਇਆ ਦੇ ਪਤੀ ਪ੍ਰਭੂ ਜੀ! ਜੀਵਾਂ ਨੂੰ ਅਜਿਹੇ ਭੁਲੇਖੇ ਪਏ ਹਨ ਜਿਨ੍ਹਾਂ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਜਿਸ ਤਰ੍ਹਾਂ ਦੀ ਅਸੀਂ ਕੋਈ ਚੀਜ਼ ਮੰਨਦੇ ਹਾਂ ਵਾਸਤਵ ਵਿੱਚ ਉਹ ਉਸ ਤਰ੍ਹਾਂ ਦੀ ਹੁੰਦੀ ਨਹੀਂ। ਜੋ ਨਜ਼ਰ ਆਉਂਦਾ ਹੈ ਉਹ ਜੀਵ ਦੀਆਂ ਨਜ਼ਰਾਂ ਦਾ ਇਕ ਭਰਮ-ਮਾਤਰ ਹੁੰਦਾ ਹੈ ਅਸਲੀਅਤ ਨਹੀਂ। (ਇਸੇ ਤਰ੍ਹਾਂ ਭਰਮ ਕਾਰਨ ਅਸੀਂ ਜਗਤ ਨੂੰ ਬ੍ਰਹਮ ਨਾਲੋਂ ਵੱਖਰਾ ਮੰਨੀਂ ਬੈਠੇ ਹਾਂ ਪਰ ਅਸਲ ਵਿੱਚ ਇਹ ਠੀਕ ਨਹੀਂ ਹੈ। ਜਗਤ ਤੇ ਬ੍ਰਹਮ ਦੋਨੋਂ ਇਕ ਹੀ ਇਕਾਈ ਹਨ।)॥੧॥ਰਹਾਉ॥

2. ਸਤਿਗੁਰੂ ਮਹਾਰਾਜ ਜੀ ਇਕ ਦ੍ਰਿਸ਼ਟਾਂਤ ਰਾਹੀਂ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਇਕ ਰਾਜਾ ਆਪਣੇ ਸਿੰਘਾਸਨ 'ਤੇ ਸੁੱਤਾ ਹੋਇਆ ਸੁਪਨੇ ਵਿੱਚ ਮੰਗਤਾ ਬਣ ਜਾਂਦਾ ਹੈ ਤੇ ਆਪਣਾ ਰਾਜ-ਪਾਠ ਹੁੰਦਿਆਂ ਹੋਇਆਂ ਵੀ ਉਸ ਤੋਂ ਵਿੱਛੜ ਕੇ ਦੁੱਖ ਪਾਉਂਦਾ ਹੈ। ਇਸੇ ਤਰ੍ਹਾਂ ਦੀ ਹੀ ਹਾਲਤ ਸਾਡੀ ਹੈ। ਇਹ ਸੰਸਾਰ ਜੋ ਇਕ ਸੁਪਨੇ ਦੀ ਨਿਆਈਂ ਭਰਮ ਹੈ, ਅਸੀਂ ਵੀ ਇਸ ਦੇ ਭਰਮ-ਜਾਲ ਵਿੱਚ ਫਸ ਕੇ ਪ੍ਰਭੂ ਤੋਂ ਵਿੱਛੜ ਜਾਂਦੇ ਹਾਂ ਤੇ ਉਸ ਮੰਗਤੇ ਰਾਜੇ ਦੀ ਤਰ੍ਹਾਂ ਦੁੱਖ ਪਾਉਂਦੇ ਹਾਂ॥

3. ਇਸੇ ਤਰ੍ਹਾਂ ਰੱਸੀ ਤੇ ਸੱਪ ਦਾ ਪ੍ਰਸੰਗ ਹੈ। ਜੀਵ ਹਨ੍ਹੇਰੇ ਕਾਰਨ ਰੱਸੀ ਨੂੰ ਹੀ ਸੱਪ ਸਮਝ ਲੈਂਦਾ ਹੈ ਜਦਕਿ ਅਸਲ ਵਿੱਚ ਉਹ ਰੱਸੀ ਸੱਪ ਨਹੀਂ ਹੁੰਦੀ। ਇਸੇ ਤਰ੍ਹਾਂ ਭਰਮ ਕਾਰਨ ਜੀਵ ਨੂੰ ਇਹ ਸੰਸਾਰ ਸੱਚ ਲੱਗਦਾ ਹੈ ਪਰ ਅਸਲ ਵਿੱਚ ਇਹ ਸੱਚ ਨਹੀਂ। ਸੋਨੇ ਦੇ ਅਨੇਕ ਗਹਿਣੇ ਦੇਖ ਕੇ ਇਹ ਭਰਮ ਪੈ ਜਾਂਦਾ ਹੈ ਕਿ ਸੋਨਾ ਹੀ ਕਈ ਕਿਸਮ ਦਾ ਹੋਣਾ ਹੈ। ਪਰ ਅਸਲ ਵਿੱਚ ਸੋਨਾ ਤੇ ਸੋਨੇ ਤੋਂ ਬਣੇ ਗਹਿਣੇ ਸੋਨਾ ਹੀ ਹੁੰਦੇ ਹਨ। ਇਸੇ ਤਰ੍ਹਾਂ ਜੀਵ ਨੂੰ ਭੁਲੇਖਾ ਲੱਗਦਾ ਹੈ ਕਿ ਉਹ ਪਰਮਾਤਮਾ ਤੋਂ ਵੱਖਰਾ ਹੈ ਜਦਕਿ ਅਸਲ ਵਿੱਚ ਉਹ ਉਸੇ ਦੀ ਹੀ ਅੰਸ਼ ਹੈ, ਉਸ ਤੋਂ ਕੋਈ ਵੱਖਰੀ ਹਸਤੀ ਨਹੀਂ। ਹੇ ਪਰਮਾਤਮਾ! ਆਪ ਜੀ ਦੀ ਰਹਿਮਤ ਸਦਕਾ ਹੁਣ ਮੈਂ ਕੁਝ-ਕੁਝ ਇਹ ਭੇਦ ਜਾਣ ਗਿਆ ਹਾਂ ਜਿਸ ਕਾਰਨ ਮੇਰੇ ਤੋਂ ਦਵੈਤ ਵਾਲੀ ਗੱਲ ਹੁਣ ਕਹੀ ਨਹੀਂ ਜਾਣੀ (ਭਾਵ ਮੈਂ ਇਹ ਭੇਦ ਜਾਣ ਗਿਆ ਹਾਂ ਕਿ ਜੀਵ ਤੇ ਜਗਤ, ਪਰਮਾਤਮਾ ਤੋਂ ਕੋਈ ਵੱਖਰੀ ਹਸਤੀ ਨਹੀਂ ਬਲਕਿ ਉਸ ਦਾ ਆਪਣਾ ਹੀ ਵਿਸਥਾਰ ਹੈ।)॥

4. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਪਰਮਾਤਮਾ ਇਕ ਹੈ ਤੇ ਹਰ ਥਾਂ ਵਿਆਪਕ ਹੈ। ਉਹ ਅਨੇਕ ਰੂਪ ਧਾਰ ਕੇ ਸਭਨਾਂ ਘਟਾਂ ਵਿੱਚ ਵਿਚਰ ਰਿਹਾ ਹੈ ਤੇ ਉਨ੍ਹਾਂ ਨੂੰ ਭੋਗ ਰਿਹਾ ਹੈ। ਉਹ ਪਰਮਾਤਮਾ ਦੂਰ ਨਹੀਂ ਬਲਕਿ ਮੇਰੇ ਹੱਥ ਤੋਂ ਵੀ ਨੇੜੇ ਹੈ ਭਾਵ ਮੇਰੇ ਅੰਗ-ਸੰਗ ਤੇ ਮੇਰੇ ਅੰਦਰ ਹੀ ਮੌਜੂਦ ਹੈ। ਇਸ ਸੱਚਾਈ ਦਾ ਗਿਆਨ ਕੇਵਲ ਉਸ ਜੀਵ ਨੂੰ ਹੀ ਹੁੰਦਾ ਹੈ (ਜੋ ਨਾਮ-ਸਿਮਰਨ ਦੀ ਬਰਕਤਿ ਨਾਲ) ਆਤਮਿਕ ਅਡੋਲਤਾ ਵਿੱਚ ਟਿਕਿਆ ਹੋਇਆ ਪ੍ਰਭੂ ਨੂੰ ਪਾ ਲੈਂਦਾ ਹੈ। (ਦੂਜਾ ਅਰਥ : ਉਹ ਪਰਮਾਤਮਾ ਦੂਰ ਨਹੀਂ ਬਲਕਿ ਮੇਰੇ ਹੱਥ ਤੋਂ ਵੀ ਨੇੜੇ ਹੈ ਭਾਵ ਮੇਰੇ ਅੰਗ-ਸੰਗ ਤੇ ਮੇਰੇ ਅੰਦਰ ਹੀ ਮੌਜੂਦ ਹੈ ਅਤੇ ਇਸ ਸੰਸਾਰ ਵਿੱਚ ਜੋ ਕੁਝ ਵੀ ਹੋ ਰਿਹਾ ਹੈ ਉਹ ਸੁਤੇ ਹੀ ਪਰਮਾਤਮਾ ਦੀ ਰਜ਼ਾ ਵਿੱਚ ਹੋ ਰਿਹਾ ਹੈ।)॥

**ਭਾਵ ਅਰਥ** : ਸਰਬ-ਵਿਆਪਕ ਪਰਮਾਤਮਾ ਕਣ-ਕਣ ਤੇ ਘਟ-ਘਟ ਵਿੱਚ ਵਸ ਰਿਹਾ ਹੈ। ਪਰ ਹਉਮੈ ਤੇ ਭਰਮ ਕਾਰਨ ਜੀਵ ਇਸ ਦਾ ਅਨੁਭਵ ਨਹੀਂ ਕਰ ਸਕਦਾ। ਜਦੋਂ ਜੀਵ ਅੰਦਰੋਂ ਦਵੈਤ ਭਾਵਨਾ ਖ਼ਤਮ ਹੋ ਜਾਂਦੀ ਹੈ ਤਾਂ ਉਹ ਪਰਮਾਤਮਾ ਨੂੰ ਕਣ-ਕਣ ਤੇ ਘਟ-ਘਟ ਵਿੱਚ ਵਿਆਪਕ ਪਾਉਂਦਾ ਹੈ॥

## ਰਾਗੁ ਸੋਰਠਿ -22

***ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥***
***ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥ ੧ ॥***
***ਮਾਧਵੇ ਜਾਨਤ ਹਹੁ ਜੈਸੀ ਤੈਸੀ ॥ ਅਬ ਕਹਾ ਕਰਹੁਗੇ ਐਸੀ ॥ ੧ ॥ ਰਹਾਉ ॥***
***ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥***
***ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥ ੨ ॥***
***ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥***
***ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ ॥ ੩ ॥***
***ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ ॥***
***ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੂ ਸਹੀਐ ॥ ੪ ॥ ੨ ॥***

**ਸ਼ਬਦ ਅਰਥ** : **ਬਾਂਧੇ**-ਬੱਝੇ ਹੋਏ ਹਾਂ। **ਫਾਸ**-ਫ਼ਾਹੀ। **ਬਧਨਿ**-ਬੰਧਨ। **ਛੂਟਨ ਕੋ ਜਤਨੁ**-ਛੁੱਟ ਜਾਣ ਦੀ ਕੋਸ਼ਿਸ਼। **ਆਰਾਧੇ**-ਸਿਮਰ ਕੇ ॥ ੧ ॥
**ਜਾਨਤ**-ਆਪ ਜੀ ਜਾਣਦੇ ਹੋ। **ਜੈਸੀ ਤੈਸੀ**-ਜਿਹੋ ਜਿਹੀ। **ਕਹਾ ਕਰਹੁਗੇ**-ਕੀ ਕਰੋਗੇ ॥ ੧ ॥
**ਮੀਨੁ**-ਮੱਛੀ। **ਪਕਰਿ**-ਫੜ ਕੇ। **ਫਾਂਕਿਓ**-ਫਾੜੀ ਫਾੜੀ ਕਰਨਾ। **ਕਾਟਿਓ**-ਟੁਕੜੇ ਟੁਕੜੇ ਕਰਨਾ। **ਰਾਂਧਿ ਕੀਓ**-ਰਿੰਨਿਆ ਜਾਣਾ। **ਬਹੁ ਬਾਨੀ**-ਕਈ ਤਰੀਕਿਆਂ ਨਾਲ। **ਖੰਡ ਖੰਡ**-ਬੁਰਕੀ ਬੁਰਕੀ। **ਤਊ ਨ**-ਤਾ ਭੀ ਨਹੀਂ। **ਬਿਸਰਿਓ**-ਵਿੱਛੁੜਨਾ, ਭੁੱਲਣਾ ॥ ੨ ॥
**ਬਾਪੈ**-ਬਾਪ ਦੀ (ਜੱਦੀ ਮਲਕੀਅਤ)। **ਭਾਵਨ**-ਭਾਵਨਾ, ਪ੍ਰੇਮ, ਪ੍ਰੀਤ। **ਪਟਲ**-ਪਰਦਾ, ਜਾਲ। **ਬਿਆਪਿਓ**-ਫਸਿਆ ਹੋਇਆ, ਛਾਇਆ ਹੋਇਆ ਹੋਣਾ। **ਸੰਤਾਪਾ**-ਦੁੱਖ, ਕਲੇਸ਼ ॥ ੩ ॥ **ਭਗਤਿ ਇਕ**-ਇਕ ਪ੍ਰਭੂ ਦੀ ਭਗਤੀ। **ਬਾਢੀ**-ਵਧ ਗਈ ਹੈ, ਦ੍ਰਿੜ੍ਹ ਹੋ ਗਈ। **ਕਾ ਸਿਉ ਕਹੀਐ**- ਕਿਸ ਨੂੰ ਕਹਾਂ, ਕਿਸ ਨੂੰ ਸਮਝਾਵਾਂ। **ਜਾ ਕਾਰਨਿ**-ਜਿਸ ਦੀ ਖ਼ਾਤਰ।

**ਆਰਾਧੇ**-ਸਿਮਰਨ ਕੀਤਾ। **ਅਜਹੂ**-ਹੁਣ ਤੱਕ। **ਸਹੀਐ**-ਸਹਿਣ ਕਰਨਾ॥ ੪ ॥ ੨ ॥

**ਪਦ ਅਰਥ** : ਹੇ ਪ੍ਰਭੂ ! ਜੇਕਰ ਆਪ ਜੀ ਨੇ (ਸੰਸਾਰਿਕ ਲੋਭ-ਲਾਲਚ ਦੇ ਕੇ) ਸਾਨੂੰ ਮੋਹ ਦੀ ਫ਼ਾਹੀ ਵਿੱਚ ਬੰਨ੍ਹਿਆ ਹੋਇਆ ਹੈ ਤਾਂ ਅਸਾਂ ਨੇ ਵੀ ਆਪਣੀ ਸੱਚੀ ਭਗਤੀ ਨਾਲ ਆਪ ਜੀ ਨੂੰ ਆਪਣੀ ਪ੍ਰੇਮ ਦੀ ਡੋਰੀ ਨਾਲ ਬੰਨ੍ਹ ਲਿਆ ਹੈ। ਅਸੀਂ ਤਾਂ ਆਪ ਜੀ ਦੀ ਪੂਜਾ-ਸਿਮਰਨ ਕਰਕੇ ਮੋਹ ਦੀ ਫ਼ਾਹੀ ਤੋਂ ਛੁੱਟ ਗਏ ਹਾਂ ਪਰ ਆਪ ਜੀ ਆਪਣੇ ਭਗਤਾਂ ਦੇ ਪ੍ਰੇਮ ਤੇ ਸਨੇਹ ਕਾਰਨ ਉਨ੍ਹਾਂ ਦੀ ਪ੍ਰੇਮ-ਫ਼ਾਹੀ (ਪ੍ਰੇਮ ਦੀ ਜਕੜ) ਤੋਂ ਕਿਵੇਂ ਛੁੱਟੋਗੇ ? ਭਾਵ ਆਪ ਜੀ ਆਪਣੇ ਭਗਤਾਂ ਦੀ ਪ੍ਰੇਮ-ਫ਼ਾਹੀ (ਪ੍ਰੇਮ ਦੀ ਜਕੜ) ਤੋਂ ਕਦੇ ਵੀ ਨਹੀਂ ਛੁੱਟ ਸਕੋਗੇ॥

ਹੇ ਮਾਇਆ ਦੇ ਪਤੀ-ਪ੍ਰਭੂ ! ਜਿਹੋ ਜਿਹੀ ਮੇਰੀ ਅਤੁੱਟ ਪ੍ਰੀਤ ਆਪ ਜੀ ਨਾਲ ਹੈ ਉਹ ਤਾਂ ਆਪ ਜੀ ਚੰਗੀ ਤਰ੍ਹਾਂ ਜਾਣਦੇ ਹੀ ਹੋ। ਫਿਰ ਇਹੋ ਜਿਹੀ ਅਤੁੱਟ ਪ੍ਰੀਤ ਦੇ ਹੁੰਦਿਆਂ ਹੋਇਆਂ ਆਪ ਜੀ ਮੇਰੇ ਲਈ ਹੁਣ ਕੀ ਕਰੋਗੇ ? (ਯਕੀਨਨ ਆਪ ਜੀ ਮੈਨੂੰ ਮੋਹ ਦੀ ਫ਼ਾਹੀ ਤੋਂ ਸਦਾ ਬਚਾਈ ਹੀ ਰੱਖੋਗੇ।)॥ ੧ ॥ ਰਹਾਉ ॥

2. (ਹੇ ਮਾਇਆ ਦੇ ਪਤੀ-ਪ੍ਰਭੂ ! ਮੇਰੀ ਪ੍ਰੀਤ ਆਪ ਜੀ ਨਾਲ ਉਸ ਤਰ੍ਹਾਂ ਦੀ ਹੀ ਹੈ ਜਿਸ ਤਰ੍ਹਾਂ ਦੀ ਪ੍ਰੀਤ ਮੱਛੀ ਨੂੰ ਪਾਣੀ ਨਾਲ ਹੁੰਦੀ ਹੈ। ਜਿਵੇਂ ਮੱਛੀ ਮਰ ਕੇ ਵੀ ਪਾਣੀ ਦੀ ਯਾਦ ਨਹੀਂ ਭੁੱਲਦੀ, ਤਿਵੇਂ ਹੀ ਅਸਾਂ ਨੂੰ ਵੀ ਆਪ ਜੀ ਦੀ ਯਾਦ ਕਦੇ ਨਹੀਂ ਭੁੱਲਣੀ।) ਮੱਛੀ ਨੂੰ ਪਾਣੀ ਵਿੱਚੋਂ ਫੜ੍ਹ ਕੇ ਪਹਿਲਾਂ ਫਾਂਕਾਂ ਦਿੱਤਾ ਜਾਂਦਾ ਹੈ, ਫਿਰ ਉਸਦੇ ਟੁਕੜੇ-ਟੁਕੜੇ ਕਰਕੇ ਕਈ ਤਰ੍ਹਾਂ ਰਿੰਨਿਆ ਜਾਂਦਾ ਹੈ ਤੇ ਬੁਰਕੀ-ਬੁਰਕੀ ਕਰਕੇ ਉਸ ਨੂੰ ਖਾਧਾ ਜਾਂਦਾ ਹੈ। ਫਿਰ ਵੀ ਮੱਛੀ ਨੂੰ ਪਾਣੀ ਨਹੀਂ ਭੁੱਲਦਾ। ਉਹ ਖਾਣ ਵਾਲੇ ਜੀਵ ਦੇ ਪੇਟ ਵਿੱਚ ਜਾ ਕੇ ਵੀ ਪਾਣੀ ਹੀ ਮੰਗਦੀ ਹੈ ਭਾਵ ਉਸ ਜੀਵ ਨੂੰ ਵਾਰ-ਵਾਰ ਪਿਆਸ ਲੱਗਦੀ ਹੈ ਤੇ ਉਹ ਉੱਠ ਕੇ ਵਾਰ-ਵਾਰ ਪਾਣੀ ਪੀਂਦਾ ਹੈ॥

3. ਦੁਨੀਆਂ ਦਾ ਮਾਲਿਕ ਉਹ ਪਰਮਾਤਮਾ ਕਿਸੇ ਦੇ ਬਾਪ ਦੀ ਜੱਦੀ ਮਲਕੀਅਤ ਨਹੀਂ ਹੈ। (ਉਸ ਨੂੰ ਆਪਣੀ ਮਨ-ਮਰਜ਼ੀ ਨਾਲ ਹਾਸਲ ਨਹੀਂ ਕੀਤਾ ਜਾ ਸਕਦਾ।) ਉਹ 'ਹਰਿ' ਰਾਜਾ ਤਾਂ ਕੇਵਲ ਪ੍ਰੇਮ ਤੇ ਸ਼ਰਧਾ ਦਾ ਬੱਝਾ ਹੋਇਆ ਹੈ। ਜੋ ਵੀ ਜੀਵ ਉਸ ਨੂੰ ਪ੍ਰੇਮ ਕਰਦਾ ਹੈ ਤੇ ਉਸ ਦੀ ਰਜ਼ਾ ਵਿੱਚ ਰਹਿੰਦਾ ਹੈ ਉਹ ਉਸ ਦੀ ਰਹਿਮਤ ਨੂੰ ਹਾਸਲ ਕਰ ਲੈਂਦਾ ਹੈ। ਪਰ ਇਹ ਸਾਰਾ ਸੰਸਾਰ (ਪ੍ਰਭੂ-ਪ੍ਰੇਮ ਤੋਂ ਵਾਂਝਾ ਹੋਣ ਕਾਰਨ) ਮੋਹ-ਮਮਤਾ ਦੇ ਜਾਲ ਵਿੱਚ ਫਸਿਆ ਹੋਇਆ ਹੈ ਤੇ ਦੁੱਖ-ਸੰਤਾਪ ਭੋਗ ਰਿਹਾ ਹੈ। ਪਰ ਪ੍ਰਭੂ ਦੇ ਭਗਤਾਂ ਨੂੰ ਇਹ ਦੁੱਖ-ਸੰਤਾਪ ਨਹੀਂ ਸਤਾਉਂਦਾ (ਕਿਉਂਕਿ ਉਹ ਮੋਹ-ਮਮਤਾ ਦੇ ਫੰਦੇ ਤੋਂ ਮੁਕਤ ਹੋ ਗਏ ਹੁੰਦੇ ਹਨ।)॥

4. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਪ੍ਰਭੂ ! ਮੇਰੇ ਹਿਰਦੇ ਅੰਦਰ ਆਪ ਜੀ ਦੀ ਭਗਤੀ ਏਨੀ ਵਧ ਗਈ ਹੈ ਤੇ ਏਨੀ ਦ੍ਰਿੜ੍ਹ ਹੋ ਗਈ ਹੈ ਕਿ ਹੁਣ ਮੈਨੂੰ ਆਪਣੇ ਮਨ ਦੀ ਇਸ ਅਵਸਥਾ ਬਾਰੇ ਕਿਸੇ ਨੂੰ ਦੱਸਣ ਦੀ ਕੋਈ

ਲੋੜ ਨਹੀਂ ਰਹੀ। ਜਿਸ ਮੋਹ-ਮਮਤਾ ਤੋਂ ਬਚਣ ਲਈ ਮੈਂ ਆਪ ਜੀ ਦੀ ਅਰਾਧਨਾ ਕਰਦਾ ਹਾਂ, ਆਪ ਜੀ ਦੀ ਸੇਵਾ-ਭਗਤੀ ਵਿੱਚ ਲੀਨ ਰਹਿੰਦਾ ਹਾਂ ਕੀ ਉਸ ਮੋਹ-ਮਮਤਾ ਦਾ ਦੁੱਖ ਮੈਨੂੰ ਅਜੇ ਹੋਰ ਸਹਿਣਾ ਪਵੇਗਾ ? (ਉਹ ਮੋਹ-ਮਮਤਾ ਤਾਂ ਮੇਰੇ ਅੰਦਰੋਂ ਕਦੋਂ ਦੀ ਹੀ ਖ਼ਤਮ ਹੋ ਚੁੱਕੀ ਹੈ। ਇਸ ਲਈ ਹੇ ਭਾਈ! ਉਸ ਮੋਹ-ਮਮਤਾ ਦਾ ਮੈਨੂੰ ਹੁਣ ਕੋਈ ਦੁੱਖ ਨਹੀਂ ਸਹਿਣਾ ਪਵੇਗਾ।)॥

**ਭਾਵ ਅਰਥ** : ਪ੍ਰਭੂ ਦੀ ਸੱਚੀ ਪ੍ਰੇਮਾ-ਭਗਤੀ ਨਾਲ ਹੀ ਮੋਹ-ਮਾਇਆ ਦੇ ਬੰਧਨਾਂ ਤੋਂ ਮੁਕਤੀ ਮਿਲਦੀ ਹੈ।

## ਰਾਗੁ ਸੋਰਠਿ -23

***ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ ॥***
***ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ ॥ ੧ ॥***
***ਨ ਬੀਚਾਰਿਓ ਰਾਜਾ ਰਾਮ ਕੋ ਰਸੁ ॥***
***ਜਿਹ ਰਸ ਅਨਰਸ ਬੀਸਰਿ ਜਾਹੀ ॥ ੧ ॥ ਰਹਾਉ ॥***
***ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ ॥***
***ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ ॥ ੨ ॥***
***ਕਹੀਅਤ ਆਨ ਅਚਰੀਅਤ ਅਨ ਕਛੁ ਸਮਝ ਨ ਪਰੈ ਅਪਰ ਮਾਇਆ ॥***
***ਕਹਿ ਰਵਿਦਾਸ ਉਦਾਸ ਦਾਸ ਮਤਿ ਪਰਹਰਿ ਕੋਪੁ ਕਰਹੁ ਜੀਅ ਦਇਆ ॥ ੩ ॥ ੩ ॥***

**ਸ਼ਬਦ ਅਰਥ** : **ਦੁਲਭ**-ਦੁਰਲੱਭ, ਅਨਮੋਲ। **ਪੁੰਨ**-ਚੰਗੇ ਕੰਮ। **ਬਿਰਥਾ**-ਵਿਅਰਥ। **ਅਬਿਬੇਕੈ**-ਅੰਞਾਣ ਪੁਣੇ ਵਿੱਚ, ਵਿਚਾਰਹੀਣਤਾ ਵਿੱਚ। **ਸਮਸਰਿ**-ਵਰਗੇ। **ਗ੍ਰਿਹ**-ਮਹਿਲ, ਘਰ। **ਆਸਨ**-ਸਿੰਘਾਸਨ। **ਕਿਹ ਲੇਖੈ**-ਕਿਸੇ ਅਰਥ ਨਹੀਂ, ਕਿਸੇ ਕੰਮ ਦੇ ਨਹੀਂ। **ਰਸੁ**-ਆਨੰਦ। **ਜਿਹ ਰਸ**-ਜਿਸ ਰਸ ਦੇ ਕਾਰਨ। **ਅਨਰਸ**-ਹੋਰ ਰਸ, ਹੋਰ ਆਨੰਦ। **ਬੀਸਰਿ**-ਭੁੱਲ ਜਾਂਦਾ ਹੈ, ਫਿੱਕਾ ਪੈ ਜਾਂਦਾ ਹੈ॥ ੧॥

**ਜਾਨਿ**-ਜਾਣ ਬੁੱਝ ਕੇ। **ਅਜਾਨ** : ਅੰਞਾਣਪੁਣਾ। **ਬਾਵਰ**-ਮੂਰਖ਼, ਕਮਲ਼ਾ। **ਸੋਚ ਅਸੋਚ**-ਚੰਗੀਆਂ ਮੰਦੀਆਂ ਸੋਚਾਂ। **ਇੰਦ੍ਰੀ**-ਗਿਆਨ ਇੰਦ੍ਰੀਆਂ। **ਸਬਲ**-ਵਧਣਾ, ਬਲਵਾਨ। **ਨਿਬਲ**-ਕਮਜ਼ੋਰ। **ਬਿਬੇਕ**-ਸੋਚਣ ਸਮਝਣ ਦੀ ਸ਼ਕਤੀ, ਚੰਗੇ-ਮੰਦੇ ਦੀ ਪਰਖ ਕਰਨ ਵਾਲੀ ਅਕਲ। **ਪਰਮਾਰਥ**-ਪਰਮ+ਅਰਥ, ਸਭ ਤੋਂ ਵੱਡਾ ਮਨੋਰਥ। **ਪਰਵੇਸ**-ਦਾਖਲ ਹੋਣਾ॥ ੨॥ **ਆਨ**-ਕੁਝ ਹੋਰ। **ਅਚਰੀਅਤ**-ਆਚਰਣ ਵਿੱਚ, ਵਿਵਹਾਰ ਵਿੱਚ। **ਅਪਰ**-ਅਪਾਰ, ਬਲਵਾਨ। **ਉਦਾਸ**-ਉਪਰਾਮ। **ਪਰਹਰਿ**-ਛੱਡ ਦਿਉ। **ਕੋਪੁ**-ਗੁੱਸਾ। **ਜੀਅ**-ਜੀਵਾਤਮਾ, ਜਿੰਦ॥ ੩॥ ੩॥

**ਪਦ ਅਰਥ** : ਹੇ ਭਾਈ! ਚੁਰਾਸੀ ਲੱਖ ਜੂਨਾਂ ਵਿੱਚ ਮਹਾਂ-ਦੁਰਲੱਭ ਮਨੁੱਖਾ ਜਨਮ ਪਿਛਲੇ ਕੀਤੇ ਹੋਏ ਕਈ ਪੁੰਨ-ਕਰਮਾਂ ਦੇ ਫਲ-ਸਰੂਪ ਮਿਲਦਾ ਹੈ। ਪਰ ਜੀਵ ਦੇ ਅੰਞਾਣਪੁਣੇ ਤੇ ਆਤਮਿਕ-ਵਿਚਾਰ ਤੋਂ ਬਿਨਾਂ ਇਹ ਵਿਅਰਥ ਹੀ ਚਲਾ ਜਾਂਦਾ ਹੈ। (ਜਾਂ ਫਿਰ ਇਹ ਵੀ ਕਹਿ ਸਕਦੇ ਹਾਂ ਕਿ ਪ੍ਰਭੂ ਦੇ ਨਾਮ-ਸਿਮਰਨ ਦਾ ਵਿਵੇਕ ਨਾ ਹੋਣ ਕਾਰਨ ਇਹ ਜੀਵਨ ਵਿਅਰਥ ਚਲਾ ਜਾਂਦਾ ਹੈ।) ਸਤਿਗੁਰੂ ਮਹਾਰਾਜ ਜੀ

ਫ਼ਰਮਾਉਂਦੇ ਹਨ ਕਿ ਭਾਵੇਂ ਕਿਸੇ ਜੀਵ ਕੋਲ ਦੇਵਤਿਆਂ ਦੇ ਰਾਜਾ ਇੰਦਰ ਦੇ ਸਵਰਗ ਵਰਗੇ ਮਹਿਲ ਤੇ ਸੋਨੇ ਦਾ ਸਿੰਘਾਸਨ ਵੀ ਕਿਉਂ ਨਾ ਹੋਵੇ ਪਰ ਪ੍ਰਭੂ ਦੀ ਭਗਤੀ ਤੋਂ ਬਿਨਾਂ ਇਹ ਸਭ ਕਿਸੇ ਵੀ ਕੰਮ ਦੇ ਨਹੀਂ ਹਨ॥

ਮਨੁੱਖ ਮੋਹ-ਮਾਇਆ ਤੇ ਵਿਸ਼ੇ-ਵਿਕਾਰਾਂ ਦੇ ਰਸਾਂ ਵਿੱਚ ਲਿਪਤ ਹੋਇਆ ਰਾਮ-ਨਾਮ ਦੇ ਉਸ ਆਤਮਿਕ ਰਸ ਦਾ ਕਦੇ ਵਿਚਾਰ ਹੀ ਨਹੀਂ ਕਰਦਾ, ਜਿਸ ਰਸ ਦੇ ਆਨੰਦ ਨੂੰ ਪ੍ਰਾਪਤ ਕੀਤਿਆਂ ਸੰਸਾਰ ਦੇ ਬਾਕੀ ਸਾਰੇ ਰਸ ਫਿੱਕੇ ਪੈ ਜਾਂਦੇ ਹਨ। (ਨੋਟ : ਹੇ ਭਾਈ! ਸੰਸਾਰਿਕ ਭੋਗਾਂ ਦੇ ਰਸਾਂ ਦਾ ਸੁਆਦ ਭੋਗਣ ਉਪਰੰਤ ਖ਼ਤਮ ਹੋ ਜਾਂਦਾ ਹੈ ਪਰ ਰਾਮ-ਨਾਮ ਦਾ ਆਤਮਿਕ ਰਸ ਸਥਾਈ ਹੈ ਤੇ ਤੋੜ ਤੱਕ ਨਿਭਦਾ ਹੈ।)॥ ੧ ॥ ਰਹਾਉ ॥

2. ਹੇ ਭਾਈ! ਜੀਵ ਜਾਣ ਬੁੱਝ ਕੇ ਜਾਂ ਅੰਞਾਣਪੁਣੇ ਵਿੱਚ ਕਮਲ਼ਾ ਤੇ ਮੂਰਖ਼ ਬਣਿਆ ਹੋਇਆ ਹੈ। ਉਸਦੀ ਜ਼ਿੰਦਗੀ ਦੇ ਦਿਨ ਮੋਹ-ਮਾਇਆ ਦੀ ਚੰਗੀ-ਮਾੜੀ ਸੋਚ ਵਿੱਚ ਹੀ ਬੀਤਦੇ ਜਾ ਰਹੇ ਹਨ। ਉਸ ਦੀਆਂ ਗਿਆਨ-ਇੰਦਰੀਆਂ (ਅੱਖ, ਕੰਨ, ਨੱਕ, ਜੀਭ ਤੇ ਚਮੜੀ ਆਦਿ) ਜਿਨ੍ਹਾਂ ਰਾਹੀਂ ਮਨ ਨੂੰ ਗਿਆਨ ਹੁੰਦਾ ਹੈ, ਉਹ ਦਿਨ-ਪ੍ਰਤੀਦਿਨ ਹੋਰ ਤਾਕਤਵਰ ਹੋ ਰਹੀਆਂ ਹਨ ਤੇ ਚੰਗੇ-ਮੰਦੇ ਕੰਮਾਂ ਦੀ ਪਰਖ ਕਰਨ ਵਾਲੀ ਉਸਦੀ ਅਕਲ ਕਮਜ਼ੋਰ ਹੋ ਰਹੀ ਹੈ। ਉਸ ਨੂੰ ਇਸ ਗੱਲ ਦੀ ਸੋਝੀ ਹੀ ਨਹੀਂ ਪੈ ਰਹੀ ਕਿ ਮਨੁੱਖਾ ਜੀਵਨ ਦੇ ਜਿਊਣ ਦਾ ਸਭ ਤੋਂ ਵੱਡਾ ਮਨੋਰਥ ਕੀ ਹੈ? ਪਰਮਾਰਥ ਦਾ ਇਹ ਗਿਆਨ (ਭਾਵ ਜੀਵਨ ਦੇ ਜਿਊਣ ਦਾ ਸਭ ਤੋਂ ਵੱਡਾ ਲਕਸ਼) ਉਸ ਦੇ ਹਿਰਦੇ ਵਿੱਚ ਪ੍ਰਵੇਸ਼ ਹੀ ਨਹੀਂ ਕਰ ਪਾ ਰਿਹਾ ਭਾਵ ਉਸ ਦੇ ਮਨ ਨੂੰ ਇਸ ਦੀ ਸੋਝੀ ਹੀ ਨਹੀਂ ਆ ਰਹੀ॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਪ੍ਰਭੂ! ਆਪ ਜੀ ਦੀ ਰਹਿਮਤ ਸਦਕਾ ਮੇਰੀ (ਦਾਸ ਦੀ) ਮੱਤ ਮਾਇਆ ਦੇ ਪ੍ਰਭਾਵ ਤੋਂ ਉਪਰਾਮ ਹੋ ਗਈ ਹੈ। ਪਰ ਇਹ ਮਾਇਆ ਹੈ ਬੜੀ ਅਪਰੰਪਾਰ। ਇਸ ਦੇ ਪ੍ਰਭਾਵ ਅਧੀਨ ਹੋਇਆ ਜੀਵ ਕਹਿੰਦਾ ਕੁਝ ਹੋਰ ਹੈ ਪਰ ਆਚਰਣ ਰਾਹੀਂ ਕਰਦਾ ਕੁਝ ਹੋਰ ਹੀ ਹੈ, ਉਸ ਦੀ ਕਥਨੀ ਤੇ ਕਰਨੀ ਵਿੱਚ ਬਹੁਤ ਫ਼ਰਕ ਹੁੰਦਾ ਹੈ। ਮਾਇਆ ਦੇ ਇਸ ਜੋਰਾਵਰ ਪ੍ਰਭਾਵ ਕਾਰਨ ਉਸ ਨੂੰ ਆਪਣੀ ਇਸ ਮੂਰਖ਼ਤਾ (ਭਾਵ ਕਥਨੀ ਤੇ ਕਰਨੀ ਦੇ ਫ਼ਰਕ) ਦਾ ਪਤਾ ਹੀ ਨਹੀਂ ਲੱਗਦਾ। ਹੇ ਪਰਮਾਤਮਾ! ਆਪ ਕਿਰਪਾ ਕਰਕੇ ਜੀਵਾਂ ਦੀ ਅਜਿਹੀ ਮੂਰਖ਼ਤਾ ਤੇ ਅੰਞਾਣ-ਪੁਣੇ ਤੋਂ ਆਪਣਾ ਗੁੱਸਾ ਛੱਡ ਦਿਉ ਜੀ ਤੇ ਉਨ੍ਹਾਂ ਦੀ ਆਤਮਾ 'ਤੇ ਆਪਣੀ ਮਿਹਰ ਦੀ ਬਖ਼ਸ਼ਿਸ਼ ਕਰੋ ਜੀ॥

**ਭਾਵ ਅਰਥ** : ਮਨੁੱਖਾ ਜਨਮ ਦੁਰਲੱਭ ਹੈ। ਮਾਇਆ ਦੇ ਪ੍ਰਭਾਵ ਕਾਰਨ ਜੀਵ ਇਸ ਨੂੰ ਵਿਅਰਥ ਗਵਾ ਲੈਂਦਾ ਹੈ। ਪ੍ਰਭੂ ਦੀ ਪ੍ਰੇਮਾ-ਭਗਤੀ ਹੀ ਮਾਇਆ ਦੇ ਪ੍ਰਭਾਵ ਨੂੰ ਨਸ਼ਟ ਕਰ ਕੇ ਜੀਵ ਦੇ ਜੀਵਨ-ਮਨੋਰਥ ਨੂੰ ਸਫ਼ਲ ਕਰ ਸਕਦੀ ਹੈ।

## ਰਾਗੁ ਸੋਰਠਿ -24

*ਸੁਖ ਸਾਗਰੁ ਸੁਰਤਰ ਚਿੰਤਾਮਨਿ ਕਾਮਧੇਨੁ ਬਸਿ ਜਾ ਕੇ ॥*
*ਚਾਰਿ ਪਦਾਰਥ ਅਸਟ ਦਸਾ ਸਿਧਿ ਨਵ ਨਿਧਿ ਕਰ ਤਲ ਤਾ ਕੇ ॥ ੧ ॥*
*ਹਰਿ ਹਰਿ ਹਰਿ ਨ ਜਪਹਿ ਰਸਨਾ ॥*
*ਅਵਰ ਸਭ ਤਿਆਗਿ ਬਚਨ ਰਚਨਾ ॥ ੧ ॥ ਰਹਾਉ ॥*
*ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ ॥*
*ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ ॥ ੨ ॥*
*ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ ॥*
*ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ ਜਨਮ ਮਰਨ ਭੈ ਭਾਗੀ ॥ ੩ ॥ ੪ ॥*

**ਸ਼ਬਦ ਅਰਥ** : **ਸੁਰਤਰ**-ਸਵਰਗ ਦੇ ਬ੍ਰਿਛ-ਇਹ ਪੰਜ ਤਰ੍ਹਾਂ ਦੇ ਹਨ 1. ਮੰਦਾਰ 2. ਪਾਰਿਜਾਤ 3. ਸੰਤਾਨ 4. ਕਲਪ 5. ਹਰਿਚੰਦਨ। **ਚਿੰਤਾਮਨਿ**-ਮਨ ਇੱਛਿਤ ਫਲ ਦੇਣ ਵਾਲੀ ਮਣੀ। **ਕਾਮਧੇਨੁ**-ਸਵਰਗ ਵਿੱਚ ਰਹਿੰਦੀ ਗਊ ਜੋ ਹਰ ਕਾਮਨਾ ਪੂਰੀ ਕਰਦੀ ਹੈ। **ਬਸਿ**-ਵੱਸ ਵਿੱਚ। **ਚਾਰਿ ਪਦਾਰਥ**-ਚਾਰ ਪਦਾਰਥ ਹਨ : ਧਰਮ, ਕਾਮ, ਅਰਥ ਤੇ ਮੋਕਸ਼

**ਧਰਮ**- ਧਰਮ ਦਾ ਅਰਥ ਹੈ 'ਧਾਰਨ ਕਰਨ ਯੋਗ' ਅਰਥਾਤ ਜਿਹੜਾ ਸਭ ਨੂੰ ਧਾਰਨ ਕਰਨਾ ਚਾਹੀਦਾ ਹੈ। ਇਹ ਉਹ ਪਵਿੱਤਰ ਨਿਯਮ ਹਨ ਜਿਸ ਦੇ ਆਧਾਰ 'ਤੇ ਸਾਰਾ ਵਿਸ਼ਵ ਟਿਕਿਆ ਹੋਇਆ ਹੈ। ਦਇਆ, ਧੀਰਜ, ਪਵਿੱਤਰਤਾ (ਸੁੱਚਤਾ), ਸਦ-ਆਚਰਨ, ਅਕ੍ਰੋਧ, ਅਹਿੰਸਾ ਆਦਿਕ ਸਦ-ਗੁਣ ਧਰਮ ਦੇ ਹੀ ਅਭਿੰਨ ਅੰਗ ਹਨ। ਮਨ ਦੀ ਪਵਿੱਤਰਤਾ ਧਰਮ ਦਾ ਵਾਸਤਵਿਕ ਰੂਪ ਹੈ।

**ਕਾਮ**- ਜੀਵ ਵਿੱਚ ਇਹ ਇਕ ਰਾਗਾਤਮਿਕ (ਪ੍ਰੇਮ ਕਰਨ ਵਾਲੀ) ਪ੍ਰਵਿਰਤੀ ਹੈ। ਜੀਵ ਆਪਣੀ ਬੁੱਧੀ ਨਾਲ ਪਦਾਰਥਾਂ ਜਾਂ ਵਿਸ਼ਿਆਂ ਨੂੰ ਭੋਗਦਾ ਹੋਇਆ ਜਿਹੜੇ ਆਨੰਦ ਜਾਂ ਸੁੱਖ ਦਾ ਅਨੁਭਵ ਕਰਦਾ ਹੈ ਉਹ ਸਮਾਨ ਰੂਪ ਵਿੱਚ ਕਾਮ ਹੈ। ਕਾਮ ਪ੍ਰਜਨਨ ਲਈ ਅਤਿ ਜ਼ਰੂਰੀ ਹੈ।

**ਅਰਥ**- ਜੀਵ ਦੇ ਜੋ ਕੁਝ ਵੀ ਭੌਤਿਕ ਜੀਵਨ ਨਾਲ ਜੁੜਿਆ ਹੈ ਤੇ ਉਹ ਜੋ ਕੁਝ ਵੀ ਅਰਜਿੱਤ ਕਰਦਾ ਹੈ ਉਹ ਅਰਥ ਕਹਿਲਾਉਂਦਾ ਹੈ। ਸੋ ਧਨ-ਪਦਾਰਥ, ਕ੍ਰਿਸ਼ੀ, ਕਲਾ, ਮਿੱਤਰ, ਸੰਪਦਾ ਜਿਵੇਂ ਪਸ਼ੂ, ਸੋਨਾ, ਚਾਂਦੀ, ਗ੍ਰਹਿਸਥੀ ਦਾ ਸਾਮਾਨ ਆਦਿਕ ਸਭ ਅਰਥ ਵਿੱਚ ਹੀ ਆਉਂਦੇ ਹਨ। ਅਰਥ ਤੋਂ ਬਿਨਾਂ ਜੀਵ ਦਾ ਕੰਮ ਨਹੀਂ ਚੱਲ ਸਕਦਾ। ਜੀਵ ਦੀਆਂ ਸਾਰੀਆਂ ਕਾਮਨਾਵਾਂ ਨੂੰ ਪੂਰਾ ਕਰਨ ਦਾ ਇਕ-ਮਾਤਰ ਸਾਧਨ ਅਰਥ ਹੈ।

**ਮੋਕਸ਼**- ਜੀਵ ਦਾ ਜਨਮ-ਮਰਨ ਦੇ ਗੇੜ ਵਿੱਚੋਂ ਨਿਕਲ ਕੇ ਹਮੇਸ਼ਾ-ਹਮੇਸ਼ਾ ਲਈ ਪਾਰਬ੍ਰਹਮ-ਪਰਮੇਸ਼ਰ ਵਿੱਚ ਲੀਨ ਹੋਣਾ ਮੋਕਸ਼ ਹੈ।

**ਅਸਟ ਦਸਾ ਸਿਧਿ**-ਅਠਾਰਾਂ ਸਿੱਧੀਆਂ 1. ਅਣਿਮਾਂ-ਬਹੁਤ ਛੋਟਾ ਹੋ ਜਾਣਾ 2. ਮਹਿਮਾ-ਬਹੁਤ ਵੱਡਾ ਹੋ ਜਾਣਾ 3. ਗਰਿਮਾ-ਭਾਰਾ ਹੋ ਜਾਣਾ 4. ਲਬਿਮਾ-ਹੌਲਾ ਹੋ ਜਾਣਾ 5. ਪ੍ਰਾਪਤੀ-ਮਨਬਾਂਛਤ ਫਲ ਪ੍ਰਾਪਤ ਕਰਨ ਦੀ ਸ਼ਕਤੀ 6. ਪ੍ਰਕਾਸ਼ਮਯ-ਅੰਤਰਯਾਮੀ ਹੋਣ ਦੀ ਸ਼ਕਤੀ 7. ਈਸਤਾ-ਆਪਣੀ ਇੱਛਾ ਅਨੁਸਾਰ ਪ੍ਰੇਰ ਲੈਣਾ 8. ਵਸਿਤਾ-ਵੱਸ ਵਿੱਚ ਕਰਨਾ 9. ਅਨਰੂਪੀ-ਪਦਾਰਥਾਂ ਨੂੰ ਰਚਣ ਤੇ ਲੈਅ ਕਰਨ ਦੀ ਸ਼ਕਤੀ 10. ਸ੍ਰਵਣ-ਦੂਰ ਬੈਠੇ ਸਭਨਾਂ ਦੀ ਗੱਲ ਸੁਣਨਾ 11. ਦਰਸ਼ਨ-ਦੂਰ ਬੈਠੇ ਆਪਣੀ ਅੱਖਾਂ ਨਾਲ ਦੇਖ ਲੈਣਾ 12. ਮਨੋ ਬੇਗ-ਮਨ ਦੇ ਅਨੁਸਾਰ ਗਮਨ ਕਰਨਾ 13. ਕਾਮ ਰੂਪੀ-ਇੱਛਾ ਅਨੁਸਾਰ ਰੂਪ ਧਾਰਨ ਕਰ ਲੈਣਾ 14. ਪਰਕਾਂਯ ਪ੍ਰਵੇਸ਼-ਭੂਤ ਦੀ ਤਰ੍ਹਾਂ ਪਰਾਏ

ਸਰੀਰ ਵਿੱਚ ਪ੍ਰਵੇਸ਼ ਕਰਨਾ 15. ਸਵਛੰਦ ਮ੍ਰਿਤਯੂ-ਆਪਣੀ ਇੱਛਾ ਅਨੁਸਾਰ ਦੇਹ ਤਿਆਗਣੀ 16. ਸੁਰ ਕਰੀੜਾ-ਅਪਸਰਾ ਨਾਲ ਮਿਲ ਕੇ ਵਿਚਰਦੇ ਦੇਵਤਾ ਨੂੰ ਦੇਖਣਾ 17. ਸੰਕਲਪ-ਦਿਲ ਵਿੱਚ ਧਾਰਿਆ ਸੰਕਲਪ ਪੂਰਾ ਕਰਨਾ 18. ਅਪ੍ਰਹਤਿਗਤਿ-ਜਿੱਥੇ ਚਾਹੇ ਉੱਥੇ ਝਟਪਟ ਪੁੱਜ ਜਾਣਾ।

**ਨਵ ਨਿਧਿ**-ਨੌਂ ਨਿਧਿਆਂ- ਕਿਹਾ ਜਾਂਦਾ ਹੈ ਕਿ ਕੁਬੇਰ ਪਾਸ ਨੌ ਖ਼ਜ਼ਾਨੇ ਹਨ। ਹਰੇਕ ਨਿਧਿ ਦਾ ਭੌਤਿਕ ਪਦਾਰਥ ਨਾਲ ਸੰਬੰਧ ਇਸ ਤਰ੍ਹਾਂ ਹੈ:- 1. ਪਦਮ-ਸੋਨੇ ਆਦਿਕ ਕੀਮਤੀ ਧਾਤੂਆਂ ਦੀ ਨਿਧਿ 2. ਮਹਾਂ ਪਦਮ-ਹੀਰਾ, ਮੋਤੀ, ਮੂੰਗੇ ਆਦਿਕ ਮਾਣਕ ਦੀ ਨਿਧਿ 3. ਮਕਰ-ਧਨੁਖ, ਤਲਵਾਰ, ਬਾਣ, ਲੜਾਈ ਦੇ ਸ਼ਸਤਰ ਆਦਿਕ ਦੀ ਨਿਧਿ 4. ਕਛਪ-ਧਨ ਇਕੱਠਾ ਕਰਨਾ, ਜ਼ਮੀਨ ਆਦਿਕ ਦੀ ਨਿਧਿ 5. ਮੁਕੰਦ-ਰਾਗ ਯੰਤਰ, ਸ਼ਾਸਤਰੀਆ ਯੰਤਰ ਆਦਿਕ ਦੀ ਨਿਧਿ 6. ਕੁੰਦ-ਅੰਨ, ਭੋਜਨ ਪਦਾਰਥ ਆਦਿਕ ਦੀ ਨਿਧਿ 7. ਨੀਲ- ਸੰਖ, ਸਿੱਪੀ ਆਦਿਕ ਦੀ ਨਿਧਿ 8. ਸੰਤੋਖ-ਸਰੀਰਕ ਅਰਾਮ, ਬਸਤਰ, ਭੋਜਨ ਆਦਿਕ ਦੀ ਨਿਧਿ 9.ਖਰਬ-ਹਰ ਤਰ੍ਹਾਂ ਦੇ ਪਦਾਰਥ ਦੀ ਨਿਧਿ। **ਕਰ ਤਲ**-ਹੱਥਾਂ ਦੀਆਂ ਤਲੀਆਂ ॥ ੧ ॥

**ਰਸਨਾ**-ਜੀਭ ਨਾਲ। **ਬਚਨ ਰਚਨਾ**-ਫ਼ੋਕੀਆਂ ਗੱਲਾਂ, ਬਣਾਉਟੀ ਗੱਲ ॥ ੧ ॥

**ਨਾਨਾ**-ਅਨੇਕ। **ਖਿਆਨ**-ਕਥਾ ਕਹਾਣੀਆਂ, ਪ੍ਰਸੰਗ। **ਬਿਧਿ**-ਵਿਧੀਆਂ। **ਪਰਮਾਰਥੁ**-ਪਰਮ+ਅਰਥ, ਮੂਲ ਤੱਤ, ਸਭ ਤੋਂ ਵੱਡਾ ਮਨੋਰਥ। **ਸਰਿ**-ਬਰਾਬਰ ॥ ੨ ॥

**ਸਹਜ ਸਮਾਧਿ**- ਆਤਮਿਕ ਅਡੋਲਤਾ ਵਿੱਚ ਇਕ-ਰਸ ਟਿਕੇ ਰਹਿਣ ਦੀ ਅਵਸਥਾ। **ਉਪਾਧਿ**-ਵਿਕਾਰ, ਕਲੇਸ਼। **ਬਡੈ ਭਾਗਿ**-ਵੱਡੀ ਕਿਸਮਤ ਨਾਲ। **ਲਿਵ**-ਸੁਰਤਿ। **ਭੈ**-ਡਰ। **ਭਾਗੀ**-ਨਾਸ਼ ਹੋਣਾ, ਦੂਰ ਹੋਣਾ ॥ ੩ ॥ ੪ ॥

**ਪਦ ਅਰਥ** : ਹੇ ਜੀਵ! ਪਾਰਬ੍ਰਹਮ ਪਰਮੇਸ਼ਰ ਸੁੱਖਾਂ ਦਾ ਸਾਗਰ ਹੈ। ਸਵਰਗ ਦੇ ਪੰਜੇ ਬ੍ਰਿਛ (ਕਲਪ, ਮੰਦਾਰ, ਪਾਰਿਜਾਤ, ਸੰਤਾਨ, ਤੇ ਹਰਿਚੰਦਨ), ਮਨ ਇੱਛਿਤ ਫਲ ਦੇਣ ਵਾਲੀ ਮਨੀ ਭਾਵ ਚਿੰਤਾਮਨੀ, ਜੀਵ ਦੀ ਹਰੇਕ ਮਨੋ-ਕਾਮਨਾ ਪੂਰੀ ਕਰਨ ਵਾਲੀ ਸਵਰਗ ਦੀ ਕਾਮਧੇਨ ਗਊ ਉਸ ਦੇ ਵੱਸ ਵਿੱਚ ਹਨ। ਚਾਰ ਪਦਾਰਥ (ਕਾਮ, ਅਰਥ, ਧਰਮ, ਮੌਕਸ਼), ਅਠਾਰ੍ਹਾਂ ਸਿੱਧੀਆਂ ਤੇ ਨੌਂ ਨਿਧੀਆਂ ਵੀ ਉਸ ਦੇ ਹੱਥਾਂ ਦੀਆਂ ਤਲੀਆਂ ਉੱਤੇ ਹਨ ॥

ਇਸ ਲਈ ਹੇ ਜੀਵ! ਸੰਸਾਰ ਦੀਆਂ ਸਰਵ ਸ਼ਕਤੀਆਂ ਤੇ ਸਰਵ ਵਸਤ-ਪਦਾਰਥਾਂ ਦੇ ਮਾਲਿਕ-ਪ੍ਰਭੂ ਦਾ ਨਾਮ ਤੂੰ ਆਪਣੀ ਜੀਭਾ ਨਾਲ ਕਿਉਂ ਨਹੀਂ ਸਿਮਰਦਾ? ਹੁਣ ਤੂੰ ਹੋਰ ਸਾਰੀਆਂ ਫਜ਼ੂਲ ਤੇ ਫ਼ੋਕੀਆਂ ਗੱਲਾਂ ਛੱਡ ਦੇ ਤੇ ਪ੍ਰਭੂ ਦੇ ਨਾਮ-ਸਿਮਰਨ ਵਿੱਚ ਲੱਗ ਜਾ ॥ ੧ ॥ ਰਹਾਉ ॥

2. ਹੇ ਜੀਵ! ਚੌਂਤੀ ਅੱਖਰਾਂ ਵਿੱਚ ਲਿਖੇ ਹੋਏ ਪੁਰਾਣਾਂ ਦੀਆਂ ਅਨੇਕਾਂ ਕਥਾ-ਕਹਾਣੀਆਂ ਤੇ ਵੇਦਾਂ ਵਿੱਚ ਵਰਣਨ ਕੀਤੀਆਂ ਅਨੇਕਾਂ ਵਿਧੀਆਂ ਤਾਂ ਕੇਵਲ ਵਾਕ ਰਚਨਾਵਾਂ ਹਨ, ਵਰਣਮਾਲਾ ਵਿੱਚ ਵਿਅਕਤ ਅੱਖਰੀ ਗਿਆਨ ਹਨ। (ਇਸ ਗਿਆਨ ਦੇ ਸਾਰ-ਤੱਤ ਦੀ ਅਨੁਭੂਤੀ ਤਾਂ ਕੇਵਲ ਪਰਮਾਤਮਾ ਦੇ ਨਾਮ-ਸਿਮਰਨ ਨਾਲ ਹੀ ਹਿਰਦੇ ਅੰਦਰ ਪ੍ਰਗਟ ਹੋਣੀ ਹੈ।) ਵੇਦਾਂ ਦੇ ਖੋਜੀ ਰਿਸ਼ੀ ਵੇਦ

ਵਿਆਸ ਨੇ ਵੀ ਸੋਚ-ਵਿਚਾਰ ਕੇ ਇਹੀ ਮੂਲ ਤੱਤ ਕੱਢਿਆ ਸੀ ਕਿ ਵੇਦਾਂ ਤੇ ਸ਼ਾਸਤਰਾਂ ਦੀ ਪੂਜਾ-ਪਾਠ ਵੀ ਪ੍ਰਭੂ ਦੇ ਨਾਮ-ਸਿਮਰਨ ਦੀ ਬਰਾਬਰੀ ਨਹੀਂ ਕਰ ਸਕਦੇ ਅਰਥਾਤ ਪਰਮਾਤਮਾ ਦਾ ਨਾਮ-ਸਿਮਰਨ ਹੀ ਸਭ ਤੋਂ ਉੱਚਾ ਤੇ ਸੁੱਚਾ ਕਰਮ ਹੈ। ਹੇ ਭਾਈ! ਤਾਂ ਫਿਰ ਤੂੰ ਪਰਮਾਤਮਾ ਦੇ ਨਾਮ ਦਾ ਸਿਮਰਨ ਕਿਉਂ ਨਹੀਂ ਕਰਦਾ?॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਉਹ ਜੀਵ ਬੜੀ ਚੰਗੀ ਕਿਸਮਤ ਵਾਲੇ ਹਨ ਜਿਨ੍ਹਾਂ ਦੀ ਸੁਰਤਿ ਪਰਮਾਤਮਾ ਦੇ ਨਾਮ-ਸਿਮਰਨ ਵਿੱਚ ਸਹਿਜੇ ਹੀ ਜੁੜੀ ਰਹਿੰਦੀ ਹੈ। ਉਹ ਆਤਮਿਕ ਅਡੋਲਤਾ ਵਿੱਚ ਇਕ-ਰਸ ਟਿਕੇ ਰਹਿੰਦੇ ਹਨ ਤੇ ਕੋਈ ਵੀ ਵਿਕਾਰ ਉਨ੍ਹਾਂ ਦੇ ਮਨ ਵਿੱਚ ਨਹੀਂ ਉੱਠਦਾ। ਉਨ੍ਹਾਂ ਦੇ ਹਿਰਦੇ ਵਿੱਚ ਪ੍ਰਭੂ ਦੇ ਨਾਮ ਦਾ ਚਾਨਣਾ ਹੋ ਜਾਂਦਾ ਹੈ ਭਾਵ ਉਨ੍ਹਾਂ ਦੇ ਅੰਦਰ ਆਤਮਿਕ ਜੀਵਨ ਜਿਊਣ ਦੀ ਸੂਝ ਉੱਘੜ ਪੈਂਦੀ ਹੈ ਤੇ ਜਿਸ ਦੀ ਬਰਕਤਿ ਨਾਲ ਉਨ੍ਹਾਂ ਦੇ ਅੰਦਰੋਂ ਜਨਮ-ਮਰਨ ਦਾ ਡਰ ਸਦਾ ਲਈ ਦੂਰ ਹੋ ਜਾਂਦਾ ਹੈ, ਆਤਮਿਕ ਮੌਤ ਦਾ ਸਹਿਮ ਸਦਾ ਲਈ ਮੁੱਕ ਜਾਂਦਾ ਹੈ॥

**ਭਾਵ ਅਰਥ** : ਪਰਮਾਤਮਾ ਸਭ ਪਦਾਰਥਾਂ ਦਾ ਦਾਤਾ ਹੈ। ਉਸ ਦੇ ਨਾਮ-ਸਿਮਰਨ ਨਾਲ ਜੀਵ ਨੂੰ ਕੋਈ ਭੁੱਖ ਨਹੀਂ ਰਹਿ ਜਾਂਦੀ ਤੇ ਜਨਮ-ਮਰਨ ਤੋਂ ਵੀ ਮੁਕਤੀ ਮਿਲਦੀ ਹੈ।

## ਰਾਗੁ ਸੋਰਠਿ -25

***ਜਉ ਤੁਮ ਗਿਰਿਵਰ ਤਉ ਹਮ ਮੋਰਾ ॥***
***ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥ ੧ ॥***
***ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥***
***ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥ ੧ ॥ ਰਹਾਉ ॥***
***ਜਉ ਤੁਮ ਦੀਵਰਾ ਤਉ ਹਮ ਬਾਤੀ ॥***
***ਜਉ ਤੁਮ ਤੀਰਥ ਤਉ ਹਮ ਜਾਤੀ ॥ ੨ ॥***
***ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥***
***ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥ ੩ ॥***
***ਜਹ ਜਹ ਜਾਉ ਤਹਾ ਤੇਰੀ ਸੇਵਾ ॥***
***ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥ ੪ ॥***
***ਤੁਮਰੇ ਭਜਨ ਕਟਹਿ ਜਮ ਫਾਂਸਾ ॥***
***ਭਗਤਿ ਹੇਤ ਗਾਵੈ ਰਵਿਦਾਸਾ ॥ ੫ ॥***

**ਸ਼ਬਦ ਅਰਥ** : **ਜਉ**-ਜੇ। **ਗਿਰਿਵਰ**- ਪਹਾੜ। **ਭਏ ਹੈ**-ਬਣਾਂਗਾ॥ ੧॥
**ਤੋਰਹੁ**-ਤੋੜੋ। **ਤੋਰਿ**-ਤੋੜ। **ਸਿਉ**-ਨਾਲ। **ਜੋਰਹਿ**-ਜੋੜਾ॥ ੧॥
**ਦੀਵਰਾ**-ਦੀਵਾ। **ਜਾਤੀ**-ਯਾਤਰੀ॥ ੨॥

**ਸਿਉ**–ਨਾਲ। **ਜੋਰੀ**–ਜੋੜੀ। **ਅਵਰ**–ਹੋਰਨਾਂ॥ ੩॥
**ਜਹ ਜਹ**–ਜਿੱਥੇ ਜਿੱਥੇ। **ਤੁਮ ਸੋ**–ਤੇਰੇ ਵਰਗਾ। **ਠਾਕੁਰੁ**–ਮਾਲਿਕ॥ ੪॥
**ਜਮ ਫਾਂਸਾ**–ਜਮ ਦੀ ਫ਼ਾਹੀ। **ਭਗਤਿ ਹੇਤ**–ਭਗਤੀ ਹਾਸਲ ਕਰਨ ਲਈ॥ ੫॥

**ਪਦ ਅਰਥ :** ਸਤਿਗੁਰੂ ਮਹਾਰਾਜ ਜੀ ਪ੍ਰਭੂ ਨਾਲ ਆਪਣੇ ਅਟੁੱਟ ਪ੍ਰੇਮ ਤੇ ਸਮਰਪਣ ਭਾਵ ਨੂੰ ਦਰਸਾਉਂਦੇ ਹੋਏ ਫ਼ਰਮਾਂਦੇ ਹਨ ਕਿ ਹੇ ਸਰਵ–ਕਲਾ ਸਮਰੱਥ ਪ੍ਰਭੂ! ਮੇਰੀ ਪ੍ਰੀਤ ਆਪ ਜੀ ਨਾਲ ਇਸ ਤਰ੍ਹਾਂ ਦੀ ਹੈ ਕਿ ਜੇਕਰ ਆਪ ਜੀ ਪਹਾੜ ਹੋ ਤਾਂ ਮੈਂ ਉਸ ਉੱਪਰ ਰਹਿਣ ਵਾਲਾ ਮੋਰ ਹਾਂ। (ਮੈਂ ਆਪ ਜੀ ਨੂੰ ਤੱਕ–ਤੱਕ ਕੇ ਪੈਲਾਂ ਪਾਵਾਂਗਾ ਤੇ ਆਪ ਜੀ ਦੇ ਮਨ ਨੂੰ ਰਿਝਾਵਾਂਗਾ।) ਜੇਕਰ ਆਪ ਜੀ ਚੰਦਰਮਾ ਹੋ ਤਾਂ ਮੈਂ ਆਪ ਜੀ ਦਾ ਚਕੋਰ ਹਾਂ। (ਮੈਂ ਆਪ ਜੀ ਨੂੰ ਇਕ ਟਕ ਨਿਹਾਰਦਾ ਰਹਾਂਗਾ।)॥

ਹੇ ਮਾਇਆ ਦੇ ਪ੍ਰਤੀ–ਪ੍ਰਭੂ! ਆਪ ਜੀ ਅੱਗੇ ਅਰਦਾਸ ਹੈ ਕਿ ਆਪ ਜੀ ਮੇਰੇ ਨਾਲੋਂ ਪ੍ਰੇਮ ਦਾ ਇਹ ਮਧੁਰ ਸੰਬੰਧ ਕਦੇ ਨਾ ਤੋੜਨਾ ਜੀ। ਮੈਂ ਵੀ ਆਪ ਜੀ ਨਾਲੋਂ ਇਹ ਮਧੁਰ ਸੰਬੰਧ ਕਦੇ ਨਹੀਂ ਤੋੜਾਂਗਾ। ਮੈਂ ਆਪ ਜੀ ਨਾਲੋਂ ਇਹ ਸੰਬੰਧ ਤੋੜ ਕੇ ਭਲਾ ਹੋਰ ਕਿਸ ਨਾਲ ਜੋੜਾਂਗਾ? (ਹੇ ਪ੍ਰਭੂ! ਆਪ ਜੀ ਵਰਗਾ ਸ੍ਰਿਸ਼ਟੀ ਵਿੱਚ ਹੋਰ ਕੋਈ ਹੈ ਹੀ ਨਹੀਂ ਜਿਸ ਨਾਲ ਪ੍ਰੀਤ ਦਾ ਇਹ ਸੰਬੰਧ ਜੋੜਿਆ ਜਾ ਸਕੇ।)॥ ੧॥ ਰਹਾਉ॥

2. ਹੇ ਪ੍ਰਕਾਸ਼–ਸਰੂਪ ਪ੍ਰਭੂ! ਜੇਕਰ ਆਪ ਜੀ ਦੀਵਾ ਹੋ ਤਾਂ ਮੈਂ ਉਸ ਵਿੱਚ ਜਗਣ ਵਾਲੀ ਆਪ ਜੀ ਦੀ ਬੱਤੀ ਹਾਂ। ਜੇਕਰ ਆਪ ਜੀ ਤੀਰਥ ਹੋ ਤਾਂ ਮੈਂ ਉਸ ਤੀਰਥ ਦੇ ਦਰਸ਼ਨ ਕਰਨ ਵਾਲਾ ਯਾਤਰੀ ਹਾਂ॥

3. ਹੇ ਪ੍ਰੀਤਮ–ਪ੍ਰਭੂ! ਅਸਾਂ ਨੇ ਆਪ ਜੀ ਨਾਲ ਸੱਚੀ ਪ੍ਰੀਤ ਜੋੜੀ ਹੈ। ਆਪ ਜੀ ਨਾਲ ਸੱਚੀ ਪ੍ਰੀਤ ਜੋੜ ਕੇ ਹੋਰ ਸਭਨਾਂ ਨਾਲੋਂ ਤੋੜੀ ਹੈ॥

4. ਹੇ ਸਰਬ–ਵਿਆਪਕ ਪ੍ਰਭੂ! ਆਪ ਜੀ ਵਰਗਾ ਇਸ ਦੁਨੀਆਂ ਵਿੱਚ ਹੋਰ ਕੋਈ ਮਾਲਿਕ ਨਹੀਂ ਹੈ ਤੇ ਨਾ ਹੀ ਕੋਈ ਦੇਵਤਾ। (ਜਿਹੋ ਜਿਹੇ ਆਪ ਜੀ ਹੋ ਉਹੋ ਜਿਹੇ ਕੇਵਲ 'ਇਕ' ਆਪ ਜੀ ਹੀ ਹੋ।) ਮੈਂ ਜਿੱਥੇ–ਜਿੱਥੇ ਵੀ ਜਾਂਦਾ ਹਾਂ ਉੱਥੇ ਆਪ ਜੀ ਹੀ ਦਿਖਾਈ ਦਿੰਦੇ ਹੋ। ਇਸ ਲਈ ਮੈਂ ਹਰ ਥਾਂ ਆਪ ਜੀ ਦੀ ਸੇਵਾ–ਭਗਤੀ ਕਰਦਾ ਹਾਂ ਤੇ ਅਰਾਧਨਾ ਕਰਦਾ ਹਾਂ॥

5. ਹੇ ਮੁਕਤੀ ਦੇ ਦਾਤਾ ਪ੍ਰਭੂ! ਆਪ ਜੀ ਦਾ ਭਜਨ–ਸਿਮਰਨ ਕਰਨ ਨਾਲ ਸਿਰ 'ਤੇ ਲਗਾਤਾਰ ਲਟਕ ਰਹੀ ਜਮਦੂਤਾਂ ਦੀ ਫ਼ਾਹੀ ਕੱਟੀ ਜਾਂਦੀ ਹੈ (ਭਾਵ ਆਤਮਿਕ ਮੌਤ ਦਾ ਸਹਿਮ ਸਦਾ ਲਈ ਮੁੱਕ ਜਾਂਦਾ ਹੈ।) ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਪਰਮਾਤਮਾ! ਮੈਂ ਆਪ ਜੀ ਦੀ ਭਗਤੀ ਹਾਸਲ ਕਰਨ ਲਈ ਹੀ ਤਾਂ ਆਪ ਜੀ ਦੇ ਗੁਣ ਗਾਉਂਦਾ ਰਹਿੰਦਾ ਹਾਂ॥

**ਭਾਵ ਅਰਥ :** ਜੀਵ ਨੂੰ ਪ੍ਰਭੂ ਨਾਲ ਸੱਚੀ ਪ੍ਰੀਤ ਕਰਨੀ ਚਾਹੀਦੀ ਹੈ। ਉਸ ਦੇ ਸਿਮਰਨ ਨਾਲ ਹੀ ਜਮਾਂ ਤੋਂ ਮੁਕਤੀ ਮਿਲਦੀ ਹੈ।

## ਰਾਗੁ ਸੋਰਠਿ -26

***ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥***
***ਹਾਡ ਮਾਸ ਨਾਂੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥ ੧ ॥***
***ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥ ਜੈਸੇ ਤਰਵਰ ਪੰਖਿ ਬਸੇਰਾ ॥ ੧ ॥ ਰਹਾਉ ॥***
***ਰਾਖਹੁ ਕੰਧ ਉਸਾਰਹੁ ਨੀਵਾਂ ॥ ਸਾਢੇ ਤੀਨਿ ਹਾਥ ਤੇਰੀ ਸੀਵਾਂ ॥ ੨ ॥***
***ਬੰਕੇ ਬਾਲ ਪਾਗ ਸਿਰਿ ਡੇਰੀ ॥ ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥ ੩ ॥***
***ਊਚੇ ਮੰਦਰ ਸੁੰਦਰ ਨਾਰੀ ॥ ਰਾਮ ਨਾਮ ਬਿਨੁ ਬਾਜੀ ਹਾਰੀ ॥ ੪ ॥***
***ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ॥***
***ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ ॥ ੫ ॥ ੬ ॥***

**ਸ਼ਬਦ ਅਰਥ** : **ਭੀਤਿ**-ਕੰਧ। **ਪਵਨ**-ਹਵਾ। **ਥੰਭਾ**-ਥੰਮੀ। **ਰਕਤ**-ਮਾਂ ਦਾ ਰੱਤ। **ਬੁੰਦ**-ਪਿਤਾ ਦੇ ਵੀਰਜ ਦੀ ਬੂੰਦ। **ਗਾਰਾ**-ਮਿਲਾਪ, ਘੋਲ। **ਪੰਖੀ**-ਜੀਵਾਤਮਾ ਰੂਪੀ ਪੰਛੀ। **ਬਸੈ**-ਨਿਵਾਸ ਕਰਦਾ ਹੈ। **ਬਿਚਾਰਾ**-ਨਿਮਾਣਾ॥ ੧ ॥ **ਪ੍ਰਾਨੀ**-ਹੇ ਜੀਵ। **ਤਰਵਰ**-ਰੁੱਖ। **ਪੰਖਿ**-ਪੰਛੀ॥ ੧ ॥ **ਨੀਵਾਂ**-ਨੀਹਾਂ। **ਸੀਵਾਂ**-ਸੀਮਾ, ਹੱਦ॥ ੨ ॥ **ਬੰਕੇ**-ਸੋਹਣੇ। **ਪਾਗ**-ਪਗੜੀ। **ਸਿਰਿ**-ਸਿਰ। **ਡੇਰੀ**-ਟੇਢੀ, ਵਿੰਗੀ। **ਭਸਮ**-ਸੁਆਹ॥ ੩ ॥
**ਮੰਦਰ**-ਮਹਿਲ। **ਬਾਜੀ**- ਖੇਡ॥ ੪ ॥ **ਕਮੀਨੀ**-ਨੀਵੀਂ। **ਪਾਂਤਿ**-ਕੁਲ, ਗੋਤ। **ਓਛਾ**-ਤੁੱਛ। **ਸਰਨਾਗਤਿ**-ਸ਼ਰਨ ਆਇਆ ਹਾਂ॥ ੫ ॥

**ਪਦ ਅਰਥ** : ਪਰਮਾਤਮਾ ਨੇ ਜੀਵ ਦਾ ਸਰੀਰ ਪੰਜ ਤੱਤਾਂ ਨਾਲ ਬਣਾਇਆ ਹੈ। ਉਸਨੇ ਇਸ ਸਰੀਰ (ਪਿੰਜਰ) ਨੂੰ ਪਾਣੀ ਦੀ ਦੀਵਾਰ, ਹਵਾ (ਸਾਹ) ਦਾ ਥੰਮ੍ਹ, ਮਾਂ ਦਾ ਰਕਤ ਤੇ ਪਿਤਾ ਦੇ ਵੀਰਜ (ਅਗਨੀ) ਦਾ ਗਾਰਾ, ਹੱਡ-ਮਾਸ (ਧਰਤੀ) ਅਤੇ ਨਾੜੀਆਂ (ਆਕਾਸ਼) ਲਗਾ ਕੇ ਤਿਆਰ ਕੀਤਾ ਹੈ, ਜਿਸ ਵਿੱਚ ਨਿਮਾਣਾ ਜੀਵਾਤਮਾ-ਰੂਪੀ ਪੰਛੀ ਨਿਵਾਸ ਕਰਦਾ ਹੈ॥

ਹੇ ਜੀਵ! ਇਸ ਸੰਸਾਰ ਵਿੱਚ ਮੇਰਾ ਕੀ ਹੈ ਤੇ ਤੇਰਾ ਕੀ ਹੈ? (ਭਾਵ ਸੰਸਾਰ ਵਿੱਚ ਜੀਵ ਦਾ ਆਪਣਾ ਕੁਝ ਵੀ ਨਹੀਂ ਹੈ।) ਜਿਸ ਤਰ੍ਹਾਂ ਪੰਛੀ ਰਾਤ ਬਿਤਾਉਣ ਲਈ ਦਰੱਖਤ ਉੱਤੇ ਬਸੇਰਾ ਕਰਦਾ ਹੈ (ਤੇ ਦਿਨ ਚੜ੍ਹਦਿਆਂ ਸਾਰ ਹੀ ਕਿਤੇ ਹੋਰ ਥਾਂ ਜਾਣ ਲਈ ਉੱਡ ਜਾਂਦਾ ਹੈ), ਉਸੇ ਤਰ੍ਹਾਂ ਸੰਸਾਰ ਵਿੱਚ ਜੀਵ ਦਾ ਬਸੇਰਾ ਵੀ ਸਥਾਈ ਨਹੀਂ ਹੈ। (ਇਹ ਸੰਸਾਰ ਰਾਤ ਕੱਟਣ ਲਈ ਸਰਾਂ ਵਾਂਗ ਹੈ, ਮੌਤ ਆਉਣ 'ਤੇ ਇਸ ਸੰਸਾਰ ਨੂੰ ਛੱਡਣਾ ਹੀ ਪੈਂਦਾ ਹੈ।)॥ ਰਹਾਉ ॥

2. (ਪਰ ਜੀਵ ਇਹ ਭਰਮ ਪਾਲ ਲੈਂਦਾ ਹੈ ਕਿ ਉਹ ਸੰਸਾਰ ਵਿੱਚ ਸਦਾ ਲਈ ਰਹੇਗਾ।) ਇਸ ਲਈ ਉਹ ਰਹਿਣ ਲਈ ਡੂੰਘੀਆਂ ਨੀਹਾਂ ਪੁੱਟ ਕੇ ਉਸ ਉੱਤੇ ਮੋਟੀਆਂ ਤੇ ਉੱਚੀਆਂ ਕੰਧਾਂ ਉਸਾਰ ਕੇ ਵੱਡੇ-ਵੱਡੇ ਮਹਿਲ ਬਣਾਉਂਦਾ ਹੈ। ਪਰ ਉਸ ਨੂੰ ਸੌਣ ਵੇਲੇ ਆਪਣਾ ਸਰੀਰ ਪਸਾਰਨ ਲਈ ਤਾਂ ਸਿਰਫ਼ ਸਾਢੇ ਤਿੰਨ ਹੱਥ ਥਾਂ ਦੀ ਹੀ ਲੋੜ ਪੈਂਦੀ ਹੈ। (ਮੌਤ ਤੋਂ ਬਾਅਦ ਦੇਹ ਸੰਸਕਾਰ ਲਈ ਵੀ ਇੰਨੀ ਕੁ ਥਾਂ ਦੀ ਹੀ ਲੋੜ ਪੈਂਦੀ ਹੈ।)॥

3. ਹੇ ਜੀਵ! ਤੂੰ ਆਪਣੇ ਵਾਲ ਸੁਹਣੇ ਢੰਗ ਨਾਲ ਸੰਵਾਰ ਕੇ ਉਸ ਉੱਤੇ ਟੇਢੀ ਪਗੜੀ ਬੰਨ੍ਹੀ ਫਿਰਦਾ ਹੈਂ ਤੇ (ਸੁਹਣੇ ਸਰੀਰ ਦਾ ਘੁਮੰਡ ਕਰਦਾ ਹੈਂ) ਪਰ ਤੈਨੂੰ ਇਹ ਯਾਦ ਨਹੀਂ ਰਹਿੰਦਾ ਕਿ ਇਕ ਦਿਨ ਇਸ ਸੁਹਣੇ ਸਰੀਰ ਨੇ ਸੜ ਕੇ ਸੁਆਹ ਦੀ ਢੇਰੀ ਹੋ ਜਾਣਾ ਹੈ॥

4. ਹੇ ਜੀਵ! ਤੂੰ ਆਪਣੇ ਉੱਚੇ-ਉੱਚੇ ਮਹਿਲਾਂ ਤੇ ਸੁੰਦਰ ਇਸਤਰੀਆਂ ਦਾ ਮਾਣ ਕਰਦਾ ਹੈਂ, (ਪਰ ਯਾਦ ਰੱਖ ਸੰਸਾਰ ਨੂੰ ਜਿੱਤਣ ਵਾਲਾ) ਜੀਵ ਵੀ ਪ੍ਰਭੂ ਦੇ ਨਾਮ-ਸਿਮਰਨ ਤੋਂ ਬਿਨਾਂ ਜ਼ਿੰਦਗੀ ਦੀ ਬਾਜ਼ੀ ਹਾਰ ਜਾਂਦਾ ਹੈ॥

5. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਸਮਾਜ ਵਿੱਚ ਕਹੀ ਜਾਣ ਵਾਲੀ ਮੇਰੀ ਜਾਤ ਤੇ ਕੁਲ ਦੋਵੇਂ ਨੀਵੇਂ ਸਮਝੇ ਜਾਂਦੇ ਹਨ। ਮੇਰਾ ਜਨਮ ਵੀ ਨਿਮਨ ਪਰਿਵਾਰ ਵਿੱਚ ਹੋਇਆ ਮੰਨਿਆ ਜਾਂਦਾ ਹੈ। ਹੇ ਸਭ ਦੇ ਰਾਜਨ ਪ੍ਰਭੂ! (ਇੱਥੇ ਅਭਿਮਾਨੀ ਲੋਕ ਤੇ ਉੱਚੀਆਂ ਕੁਲਾਂ ਵਾਲੇ ਲੋਕ ਡੁੱਬਦੇ ਜਾ ਰਹੇ ਹਨ ਪਰ) ਮੈਂ 'ਚਮਾਰ' ਨੇ ਤਾਂ ਆਪ ਜੀ ਦੀ ਸ਼ਰਨ ਵਿੱਚ ਆ ਕੇ ਆਪਣਾ ਜੀਵਨ ਸਫ਼ਲ ਕਰ ਲਿਆ ਹੈ। ਇਹ ਸਭ ਆਪ ਜੀ ਦੀ ਹੀ ਕ੍ਰਿਪਾ-ਦ੍ਰਿਸ਼ਟੀ ਸਦਕਾ ਹੈ॥

**ਭਾਵ ਅਰਥ** : ਮਨੁੱਖਾ ਸਰੀਰ ਦੀ ਰਚਨਾ ਪੰਜ ਤੱਤਾਂ ਨਾਲ ਹੋਈ ਹੈ। ਜੀਵ ਹੰਕਾਰ ਕਾਰਨ ਜੀਵਨ ਦੀ ਬਾਜ਼ੀ ਹਾਰ ਜਾਂਦਾ ਹੈ ਪਰ ਪ੍ਰਭੂ ਦਾ ਨਾਮ-ਸਿਮਰਨ ਜੀਵਨ ਨੂੰ ਸਾਰਥਕ ਬਣਾਉਂਦਾ ਹੈ।

## ਰਾਗੁ ਸੋਰਠਿ -27

***ਚਮਰਟਾ ਗਾਂਠਿ ਨ ਜਨਈ॥ ਲੋਗੁ ਗਠਾਵੈ ਪਨਹੀ॥ ੧॥ ਰਹਾਉ॥***
***ਆਰ ਨਹੀ ਜਿਹ ਤੋਪਉ॥ ਨਹੀ ਰਾਂਬੀ ਠਾਉ ਰੋਪਉ॥ ੧॥***
***ਲੋਗੁ ਗੰਠਿ ਗੰਠਿ ਖਰਾ ਬਿਗੂਚਾ॥ ਹਉ ਬਿਨੁ ਗਾਂਠੇ ਜਾਇ ਪਹੂਚਾ॥ ੨॥***
***ਰਵਿਦਾਸੁ ਜਪੈ ਰਾਮ ਨਾਮਾ॥ ਮੋਹਿ ਜਮ ਸਿਉ ਨਾਹੀ ਕਾਮਾ॥ ੩॥ ੭॥***

**ਸ਼ਬਦ ਅਰਥ** : **ਚਰਮਟਾ**-ਚੰਮ ਦਾ ਕੰਮ ਕਰਨ ਵਾਲਾ, ਚਮਾਰ। **ਗਾਂਠਿ**-ਗੰਢਣਾ। **ਨ ਜਨਈ**-ਨਹੀਂ ਜਾਣਦਾ। **ਗਠਾਵੈ**-ਗੰਢਾਉਂਦੇ ਹਨ। **ਪਨਹੀ**-ਜੁੱਤੀ। **ਆਰ**-ਤੋਪੇ ਲਾਉਣ ਵਾਲਾ ਸੂਆ। **ਤੋਪਉ**-ਤ੍ਰੋਪਾ ਲਾਵਾਂ। **ਰਾਂਬੀ**-ਕੱਟਣ ਵਾਲੀ ਰੰਬੀ। **ਠਾਉ**- ਥਾਂ, ਟੁੱਟੀ ਥਾਂ। **ਰੋਪਉ**-ਟਾਕੀ ਲਾਉਣਾ॥ ੧॥

**ਖਰਾ**-ਬਹੁਤ। **ਬਿਗੂਚਾ**-ਖ਼ੁਆਰ ਹੋਣਾ। **ਹਉ**-ਮੈਂ। **ਬਿਨੁ ਗਾਂਠੇ**-ਗੰਢ ਤੋਪੇ ਤੋਂ ਬਿਨਾਂ ਭਾਵ ਇਨ੍ਹਾਂ ਤੋਂ ਉੱਪਰ ਉੱਠ ਗਿਆ ਹਾਂ ॥ ੨॥ **ਕਾਮਾ**-ਵਾਸਤਾ॥ ੩॥ ੭॥

**ਪਦ ਅਰਥ** : ਸਤਿਗੁਰੂ ਰਵਿਦਾਸ ਜੀ ਮਹਾਰਾਜ ਆਪਣੀ ਦੁਨਿਆਵੀ ਕਿਰਤ-ਕਾਰੋਬਾਰ 'ਜੋੜੇ ਗੰਢਣ' ਰਾਹੀਂ ਜੀਵਾਂ ਨੂੰ ਉਪਦੇਸ਼ ਦਿੰਦੇ ਹਨ ਕਿ ਉਹ ਆਪਣੇ ਸਰੀਰ ਦੇ ਮੋਹ ਵਿੱਚੋਂ ਬਾਹਰ ਨਿੱਕਲ ਕੇ ਪਰਮਾਤਮਾ ਨਾਲ ਸੱਚੀ ਪ੍ਰੀਤ ਦੀ ਗੰਢ ਪਾਉਣ ਤਾਂ ਕਿ ਉਹ ਆਤਮਿਕ ਮੌਤ ਲਿਆਉਣ ਵਾਲੇ ਵਿਕਾਰਾਂ-ਰੂਪੀ ਜਮਾਂ ਦੀ ਮਾਰ ਤੋਂ ਬਚ ਸਕਣ। ਆਪ ਜੀ ਮਨੁੱਖਾ ਸਰੀਰ ਨੂੰ ਜੁੱਤੀ ਦੀ ਉਪਮਾ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਮੈਂ 'ਚਮਾਰ' ਸਰੀਰ-ਰੂਪੀ ਜੁੱਤੀ ਨੂੰ ਗੰਢਣਾ ਨਹੀਂ ਜਾਣਦਾ।

ਪਰ ਸੰਸਾਰੀ ਲੋਕ ਆਪੋ-ਆਪਣੀ ਸਰੀਰ-ਰੂਪੀ ਜੁੱਤੀ ਗੰਢਣ ਵਿੱਚ ਲੱਗੇ ਹੋਏ ਹਨ। (ਭਾਵ ਮਾਇਆ ਗ੍ਰਸਤ ਲੋਕ ਦਿਨ-ਰਾਤ ਆਪਣੀ ਸਰੀਰ-ਰੂਪੀ ਜੁੱਤੀ ਨੂੰ ਪਾਲਣ ਲਈ ਚੰਗੀਆਂ ਖ਼ੁਰਾਕਾਂ ਤੇ ਪੁਸ਼ਾਕਾਂ ਦੇ ਆਹਾਰ-ਰੂਪੀ ਗੰਢ ਤੋਪੇ ਲਾ ਰਹੇ ਹਨ।)॥੧॥ਰਹਾਉ॥

ਮੇਰੇ ਪਾਸ ਆਰ ਨਹੀਂ ਹੈ ਜਿਸ ਨਾਲ ਮੈਂ ਜੁੱਤੀ ਵਿੱਚ ਛੇਕ ਕਰਕੇ ਤੋਪੇ ਲਗਾ ਸਕਾਂ (ਭਾਵ ਮਾਇਆ-ਗ੍ਰਸਤ ਲੋਕਾਂ ਵਾਂਗ ਮੇਰੇ ਅੰਦਰ ਸਰੀਰ ਲਈ ਮੋਹ ਨਹੀਂ ਹੈ ਕਿ ਮੈਂ ਹਮੇਸ਼ਾ ਆਪਣੀ ਸੁਰਤਿ ਸਰੀਰ ਦੇ ਪਾਲਣ-ਪੋਸ਼ਣ ਵਿੱਚ ਹੀ ਟਿਕਾਈ ਰੱਖਾਂ) ਤੇ ਨਾ ਹੀ ਮੇਰੇ ਪਾਸ ਰੰਬੀ ਹੈ ਜਿਸ ਨਾਲ ਮੈਂ ਚਮੜੇ ਦੀ ਟਾਕੀ ਕੱਟ ਕੇ ਉਸ ਨੂੰ ਜੁੱਤੀ ਦੀ ਟੁੱਟੀ ਹੋਈ ਥਾਂ ਉੱਤੇ ਲਗਾ ਸਕਾਂ (ਭਾਵ ਮਾਇਆ ਗ੍ਰਸਤ ਲੋਕਾਂ ਵਾਂਗ ਮੇਰੇ ਅੰਦਰ ਸਰੀਰ ਲਈ ਲੋਭ ਵੀ ਨਹੀਂ ਹੈ ਕਿ ਮੈਂ ਇਸ ਦੇ ਪਾਲਣ-ਪੋਸ਼ਣ ਲਈ ਚੰਗੇ-ਚੰਗੇ ਆਹਾਰ ਮੁਹੱਈਆ ਕਰਵਾਵਾਂ।)॥

2. ਸੰਸਾਰ ਦੇ ਲੋਕ ਗੰਢ-ਗੰਢ ਕੇ ਖ਼ੱਜਲ-ਖ਼ੁਆਰ ਹੋ ਰਹੇ ਹਨ (ਭਾਵ ਮਾਇਆ ਗ੍ਰਸਤ ਲੋਕ ਆਪੋ-ਆਪਣੇ ਸਰੀਰ ਨੂੰ ਬਿਨਸ ਜਾਣ ਤੋਂ ਬਚਾਉਣ ਲਈ ਉਸ ਨੂੰ ਪਾਲਣ-ਪੋਸ਼ਣ ਦੇ ਆਹਰੇ ਲੱਗ ਕੇ ਬਹੁਤ ਦੁਖੀ ਹੋ ਰਹੇ ਹਨ। ਪਰ ਮੈਂ ਸਰੀਰ ਦੇ ਪਾਲਣ-ਪੋਸ਼ਣ ਦੀ ਉਲਝਣ ਤੋਂ ਉੱਪਰ ਉੱਠ ਗਿਆ ਹਾਂ ਤੇ ਇਸ ਦੇ ਬਿਨਸ ਜਾਣ ਦੇ ਡਰ ਤੋਂ ਮੁਕਤ ਹੋ ਗਿਆ ਹਾਂ।) ਮੈਂ ਆਪਣੇ ਸਰੀਰ ਨਾਲ ਪ੍ਰੀਤ ਦੀ ਗੰਢ ਪਾਏ ਬਿਨਾਂ ਹੀ (ਪ੍ਰੇਮਾ-ਭਗਤੀ ਰਾਹੀਂ) ਪ੍ਰਭੂ ਦੇ ਚਰਨ-ਕੰਵਲਾਂ ਵਿੱਚ ਪਹੁੰਚ ਗਿਆ ਹਾਂ॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ (ਸਰੀਰ ਦੇ ਮੋਹ ਤੋਂ ਉੱਪਰ ਉੱਠ ਕੇ) ਮੈਂ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹਾਂ, ਜਿਸ ਦੀ ਬਰਕਤਿ ਨਾਲ ਹੁਣ ਮੇਰਾ ਜਮਦੂਤਾਂ ਨਾਲ ਕੋਈ ਵਾਸਤਾ ਨਹੀਂ ਪਵੇਗਾ ਭਾਵ ਮੈਂ ਹੁਣ ਆਤਮਿਕ ਮੌਤ ਨਹੀਂ ਸਹੇੜਾਂਗਾ॥

**ਭਾਵ ਅਰਥ** : ਜੀਵ ਦਾ ਸਰੀਰ ਨਾਲ ਮੋਹ ਉਸ ਨੂੰ ਦੁਖੀ ਕਰਦਾ ਹੈ। ਜੀਵ ਪ੍ਰਭੂ ਦੇ ਨਾਮ-ਸਿਮਰਨ ਰਾਹੀਂ ਜਮਦੂਤਾਂ ਦੇ ਭੈਅ ਤੋਂ ਰਹਿਤ ਹੋ ਕੇ ਜਨਮ-ਮਰਨ ਦੇ ਗੇੜ ਤੋਂ ਮੁਕਤੀ ਪਾ ਸਕਦਾ ਹੈ।

## ਰਾਗੁ ਸੋਰਠਿ -28

*ਰੇ ਮਨ ! ਚੇਤ ਮੀਚੁ ਦਿਨ ਆਇਆ।*
*ਤੋ ਜਗ ਜਾਲੁ ਨ ਭਇਆ ਪਰਾਇਆ॥ ਟੇਕ॥*
*ਕਾਨਿ ਸੁਨੈ ਨ ਨਜਰਿ ਦੀਸੈ, ਜੀਹਾ ਥਿਰੁ ਨ ਰਹਾਈ।*
*ਮੁੰਡ ਰੁ ਤਨ ਥਰ ਥਰ ਕਾਂਪੇ, ਅੰਤਹੁ ਬਿਰਿਆਂ ਪਹੁੰਤੌ ਆਈ॥ ੧॥*
*ਕੇਸੋ ਸੇਤਹ ਪਿਕੁ ਭਏ ਸਬੁ, ਤਨ ਮਨੁ ਬਲ ਬਿਲਮਾਇਆ।*
*ਮਧਿਆਂਨ ਗਇਓ ਤੁਰਾ ਚਲਿ ਆਈ, ਅਜਹੁੰ ਜਗ ਰਹਿਓ ਭਰਮਾਇਆ॥ ੨॥*

***ਪਾਨੀ ਗਇਓ ਪਲੁ ਛੀਜੈ ਕਾਇਆ, ਯਹਿ ਤਨ ਜਰਾ ਜਰਾਨਾ।***
***ਪਾਂਚੌ ਥਾਕੇ ਜਰਾ ਜਰੁ ਸਾਨੈ, ਤੌ ਰਾਮਹਿ ਮਰਮੁ ਨ ਜਾਨਾ॥ ੩॥***
***ਹੰਸ ਪੰਖੇਰੂ ਚੰਚਲੁ ਭਾਈ, ਸਮੁਝਿ ਪੇਖਿ ਮਨ ਮਾਂਹਿ।***
***ਪ੍ਰਤਿ ਪਲੁ ਮੀਚੁ ਗਰਾਸੈ ਦੇਹੀ, ਫੁਨਿ ਰਵਿਦਾਸ ਚੇਤਹੁ ਨਾਂਹਿ॥ ੪॥***

**ਸ਼ਬਦ ਅਰਥ** : **ਚੇਤ**–ਚੇਤੰਨ ਹੋਣਾ, ਯਾਦ ਕਰਨਾ। **ਨ ਭਇਆ**–ਨਹੀਂ ਲੱਗ ਰਿਹਾ। **ਜੀਹਾ**–ਜੀਭਾ। **ਥਿਰੁ**–ਸਥਿਰ, ਠੀਕ। **ਮੁੰਡ**–ਸਿਰ। **ਅੰਤਹੁ**–ਅੰਤਮ। **ਬਿਰਿਆਂ**–ਸਮਾਂ॥ ੧॥ **ਕੇਸੋ**–ਵਾਲ। **ਸੇਤਹ ਪਿਕੁ**–ਚਿੱਟੇ ਤੇ ਭੂਰੇ। **ਬਲ**–ਸ਼ਕਤੀ। **ਬਿਲਮਾਇਆ**–ਕਮਜ਼ੋਰ ਹੋਣਾ। **ਮਧਿਆਂਨ**–ਅਧਖੜ੍ਹ ਉਮਰ। **ਤੁਰਾ**–ਬੁਢਾਪਾ। **ਭਰਮਾਇਆ**–ਭਟਕਣਾ॥ ੨॥
**ਪਾਨੀ ਗਇਓ**–ਤੇਜ ਖ਼ਤਮ ਹੋ ਗਿਆ, ਜਵਾਨ ਨਾ ਰਹਿਣਾ। **ਕਾਇਆ**–ਸਰੀਰ। **ਜਰਾ**–ਬੁਢਾਪਾ। **ਜਰਾਨਾ**– ਜਲਣਾ, ਦੁਖੀ ਹੋਣਾ। **ਪਾਂਚੌ**–ਪੰਜ ਗਿਆਨ ਇੰਦਰੀਆਂ। **ਜਰਾ ਜਰੁ**-ਜਰ ਜਰ ਕਰਨਾ, ਥਰ–ਥਰ ਕਰਨਾ। **ਸਾਨੈ**–ਸਹਿਤ, ਨਾਲ ਹੀ। **ਮਰਮੁ**–ਭੇਦ॥ ੩॥
**ਹੰਸ**–ਜੀਵ ਆਤਮਾ, ਰੂਹ। **ਪੇਖਿ**–ਦੇਖਣਾ, ਸਮਝਣਾ। **ਗਰਾਸੈ**–ਖਾਣਾ, ਨਿਗਲਣਾ॥ ੪॥

**ਪਦ ਅਰਥ** : ਹੇ ਮੇਰੇ ਮਨ! ਤੂੰ ਹੁਣ ਚੇਤੰਨ ਹੋ ਜਾ। ਤੇਰੀ ਮੌਤ ਦਾ ਦਿਨ ਨਜ਼ਦੀਕ ਆ ਗਿਆ ਹੈ। ਤੂੰ ਅਜੇ ਵੀ ਸੰਸਾਰ ਦੀ ਮੋਹ–ਮਾਇਆ ਦੇ ਜਾਲ ਵਿੱਚ ਫਸਿਆ ਹੋਇਆ ਹੈਂ, ਤੈਨੂੰ ਹਾਲੇ ਵੀ ਇਹ ਸੰਸਾਰ ਪਰਾਇਆ ਨਹੀਂ ਲੱਗ ਰਿਹਾ। (ਹੇ ਮੇਰੇ ਮਨ! ਯਾਦ ਰੱਖ ਕਿ ਜਿਸ ਸੰਸਾਰ ਨਾਲ ਤੂੰ ਮੋਹ ਪਾਈ ਬੈਠਾ ਹੈਂ ਮੌਤ ਆਉਣ ’ਤੇ ਉਸ ਨੂੰ ਛੱਡਣਾ ਹੀ ਪੈਣਾ ਹੈ।)॥ ਟੇਕ॥

ਹੇ ਜੀਵ! ਬੁਢਾਪੇ ਦੀ ਅਵਸਥਾ ਵਿੱਚ ਪਹੁੰਚ ਕੇ ਕੰਨਾਂ ਤੋਂ ਸਹੀ ਢੰਗ ਨਾਲ ਸੁਣਦਾ ਨਹੀਂ, ਅੱਖਾਂ ਤੋਂ ਠੀਕ ਤਰ੍ਹਾਂ ਨਾਲ ਦਿਸਦਾ ਨਹੀਂ ਤੇ ਜੀਭ ਵੀ ਠੀਕ ਢੰਗ ਨਾਲ ਬੋਲਦੀ ਨਹੀਂ। ਉਹ ਰੁਕ–ਰੁਕ ਕੇ (ਥਥਲਾ ਕੇ) ਬੋਲਦੀ ਹੈ। ਬੁਢਾਪੇ ਕਾਰਨ (ਵਾਲ ਝੜ ਜਾਣ ਕਰਕੇ) ਤੇਰਾ ਸਿਰ ਗੰਜਾ ਹੋ ਗਿਆ ਹੈ ਤੇ ਕਮਜ਼ੋਰੀ ਨਾਲ ਸਰੀਰ ਵੀ ਥਰ–ਥਰ ਕੰਬਣ ਲੱਗ ਪਿਆ ਹੈ ਭਾਵ ਤੇਰੇ ਅੰਗਾਂ ਨੇ ਤੇਰਾ ਸਾਥ ਦੇਣ ਤੋਂ ਜਵਾਬ ਦੇਣਾ ਸ਼ੁਰੂ ਕਰ ਦਿੱਤਾ ਹੈ। ਇਸ ਤਰ੍ਹਾਂ ਹੁਣ ਤੇਰਾ ਅੰਤਿਮ ਸਮਾਂ ਪਲ–ਪਲ ਕਰਕੇ ਨਜ਼ਦੀਕ ਆ ਰਿਹਾ ਹੈ॥

2. ਹੇ ਜੀਵ! ਤੇਰੇ ਸਰੀਰ ਦੇ ਸਾਰੇ ਵਾਲ ਹੁਣ ਚਿੱਟੇ ਭੂਰੇ ਹੋ ਗਏ ਹਨ। ਤੇਰੀ ਮਾਨਸਿਕ ਤੇ ਸਰੀਰਕ ਸ਼ਕਤੀ ਪਹਿਲੇ ਨਾਲੋਂ ਘਟ ਗਈ ਹੈ। ਇਹ ਸਾਰੇ ਸੰਕੇਤ ਦੱਸ ਰਹੇ ਹਨ ਕਿ ਤੇਰੀ ਜਵਾਨੀ ਦੀ ਉਮਰ ਬੀਤ ਗਈ ਹੈ ਤੇ ਬੁਢਾਪਾ ਸ਼ੁਰੂ ਹੋ ਗਿਆ ਹੈ। ਪਰ ਅਜੇ ਵੀ ਤੇਰਾ ਮਨ ਸੰਸਾਰ ਦੀ ਮੋਹ–ਮਾਇਆ ਵਿੱਚ ਹੀ ਭਟਕ ਰਿਹਾ ਹੈ॥

3. ਹੇ ਜੀਵ! ਤੇਰੇ ਅੰਦਰੋਂ ਜਵਾਨੀ ਦਾ ਤੇਜ ਖ਼ਤਮ ਹੋ ਗਿਆ ਹੈ। ਜਿਸ ਕਾਰਨ ਤੇਰੀ ਦੇਹ ਹੁਣ ਪਲ–ਪਲ ਕਰਕੇ ਛਿੱਜ ਰਹੀ ਹੈ। ਤੇਰੇ ਸਰੀਰ ਨੂੰ ਬੁਢਾਪੇ ਨੇ ਘੇਰ ਲਿਆ ਹੈ ਜਿਸ ਕਰਕੇ ਇਹ ਹੁਣ ਅਸਹਿ ਦੁੱਖਾਂ ਦੀ ਮਾਰ ਝੱਲ ਰਿਹਾ ਹੈ। ਬੁਢਾਪੇ ਦੇ ਅਸਰ ਕਾਰਨ ਤੇਰੀਆਂ ਪੰਜੇ ਗਿਆਨ ਇੰਦਰੀਆਂ ਕਮਜ਼ੋਰ ਹੋ ਕੇ ਥੱਕ ਗਈਆਂ ਹਨ ਤੇ ਸਰੀਰ ਵੀ ਥਰ–ਥਰ ਕੰਬਣ ਲੱਗ ਪਿਆ ਹੈ। ਪਰ ਹਾਲੇ ਵੀ

ਤੂੰ ਪਰਮਾਤਮਾ ਦੇ ਭੇਦਾਂ ਨੂੰ ਜਾਣਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ॥

4. ਹੇ ਜੀਵ! ਤੂੰ ਆਪਣੇ ਮਨ ਦੇ ਸੋਚ-ਮੰਡਲ ਵਿੱਚ ਇਹ ਗੱਲ ਚੰਗੀ ਤਰ੍ਹਾਂ ਸੋਚ-ਵਿਚਾਰ ਲੈ ਕਿ ਇਹ ਜੀਵਾਤਮਾ-ਰੂਪੀ ਪੰਛੀ ਬਹੁਤ ਚੰਚਲ ਹੈ। (ਪਤਾ ਨਹੀਂ ਕਿਸ ਵੇਲੇ ਇਸ ਨੇ ਸਰੀਰ-ਰੂਪੀ ਆਲ੍ਹਣੇ ਵਿੱਚੋਂ ਉਡਾਰੀ ਮਾਰ ਜਾਣੀ ਹੈ।) ਸਤਿਗੁਰੂ ਰਵਿਦਾਸ ਜੀ ਮਹਾਰਾਜ ਸਮਝਾਉਂਦੇ ਹਨ ਕਿ ਹੇ ਜੀਵ! ਤੈਨੂੰ ਹਾਲੇ ਵੀ ਪਤਾ ਨਹੀਂ ਲੱਗ ਰਿਹਾ ਕਿ ਮੌਤ ਹਰ ਪਲ ਤੇਰੀ ਦੇਹੀ ਨੂੰ ਨਿਗ਼ਲ ਰਹੀ ਹੈ ਭਾਵ ਮੌਤ ਤੇਜ਼ੀ ਨਾਲ ਤੇਰੇ ਵੱਲ ਵਧ ਰਹੀ ਹੈ ਤੇ ਤੈਨੂੰ ਆਪਣੇ ਸ਼ਿਕੰਜੇ ਵਿੱਚ ਜਕੜ ਰਹੀ ਹੈ। (ਘੱਟੋ-ਘੱਟ ਹੁਣ ਤਾਂ ਤੂੰ ਆਤਮਿਕ ਜੀਵਨ ਵੱਲੋਂ ਬੇ-ਪ੍ਰਵਾਹੀ ਦੀ ਨੀਂਦ ਵਿੱਚੋਂ ਜਾਗ ਤੇ ਜ਼ਿੰਦਗੀ ਦੇ ਬਚੇ ਹੋਏ ਸਮੇਂ ਨੂੰ ਪ੍ਰਭੂ ਦੀ ਭਗਤੀ ਵਿੱਚ ਲੱਗਾ। ਹੇ ਮਨ! ਯਾਦ ਰੱਖ ਪ੍ਰਭੂ ਦੇ ਨਾਮ-ਸਿਮਰਨ ਦਾ ਮੌਕਾ ਤੈਨੂੰ ਸ਼ਾਇਦ ਹੀ ਦੁਬਾਰਾ ਮਿਲੇ।)॥

**ਭਾਵ ਅਰਥ** : ਮੌਤ ਨਿਸ਼ਚਿਤ ਹੈ। ਜੀਵ ਨੂੰ ਚਾਹੀਦਾ ਹੈ ਕਿ ਉਹ ਸਮੇਂ ਰਹਿੰਦੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰ ਕੇ ਆਪਣਾ ਲੋਕ ਤੇ ਪਰਲੋਕ ਸੰਵਾਰੇ।

# ਰਾਗੁ ਧਨਾਸਰੀ -29

***ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥***
***ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥ ੧ ॥***
***ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥ ਕਾਰਨ ਕਵਨ ਅਬੋਲ ॥ ਰਹਾਉ ॥***
***ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਾਰੇ ਲੇਖੇ ॥***
***ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥ ੨ ॥ ੧ ॥***

**ਸ਼ਬਦ ਅਰਥ** : **ਹਮ ਸਰਿ**-ਮੇਰੇ ਵਰਗਾ। **ਦੀਨੁ**-ਨਿਮਾਣਾ। **ਅਬ**-ਹੁਣ। **ਪਤੀਆਰੁ**-ਪਰਤਾਵਾ, ਪਰਖ, ਪ੍ਰੀਖਿਆ। **ਕਿਆ ਕੀਜੈ**-ਕਰਨ ਦੀ ਕੀ ਲੋੜ ਹੈ। **ਬਚਨੀ**-ਆਪ ਜੀ ਦੇ ਗਿਆਨ ਦੀਆਂ ਗੱਲਾਂ। **ਜਨ**-ਦਾਸ, ਸੇਵਕ। **ਪੂਰਨੁ**-ਸੰਪੂਰਨ॥ ੧॥
**ਹਉ**-ਮੈਂ। **ਬਲਿ ਬਲਿ**-ਬਲਿਹਾਰੀ ਬਲਿਹਾਰੀ। **ਕਾਰਨ ਕਵਨ**-ਕਿਸ ਕਾਰਨ। **ਅਬੋਲ**-ਨਹੀਂ ਬੋਲਦੇ। **ਆਸ ਲਗਿ ਜੀਵਉ**-ਇਸ ਉਮੀਦ 'ਚ ਜੀਅ ਰਿਹਾ ਹਾਂ॥ ੨॥ ੧॥

**ਪਦ ਅਰਥ** : ਸਤਿਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ ਅੱਗੇ ਅਰਜੋਈ ਕਰਦੇ ਹੋਏ ਉਚਾਰਨ ਕਰਦੇ ਹਨ ਕਿ ਹੇ ਪ੍ਰਭੂ! ਇਹ ਸਿੱਧ ਹੈ ਕਿ ਮੇਰੇ ਵਰਗਾ ਕੋਈ ਵੀ ਦੀਨ ਤੇ ਨਿਮਾਣਾ ਨਹੀਂ ਹੈ ਅਤੇ ਆਪ ਜੀ ਵਰਗਾ ਕੋਈ ਦਿਆਲੂ ਤੇ ਸਮਰੱਥ ਦਾਤਾ ਨਹੀਂ ਹੈ। ਫਿਰ ਮੇਰੀ ਦੀਨਤਾ ਤੇ ਨਿਮਾਣਤਾ ਦੀ ਹੋਰ ਪਰਖ ਕਰਨ ਦੀ ਕੀ ਲੋੜ ਹੈ? ਹੇ ਪ੍ਰਭੂ! ਆਪ ਜੀ ਦੇ ਪਾਵਨ ਬਚਨਾਂ ਨੂੰ ਮੇਰੇ ਮਨ ਨੇ ਸਵੀਕਾਰ ਕਰ ਲਿਆ ਹੈ, ਫਿਰ ਆਪ ਜੀ ਮੇਰੇ 'ਤੇ ਆਪਣੀ ਦਇਆ-ਮਿਹਰ ਦੀ ਬਖ਼ਸ਼ਿਸ਼ ਕਰਨ ਵਿੱਚ ਦੇਰੀ ਕਿਉਂ ਕਰ ਰਹੇ ਹੋ? ਕਿਰਪਾ ਕਰਕੇ ਮੈਨੂੰ ਸੰਪੂਰਨਤਾ ਦਾ ਵਰਦਾਨ ਦਿਉ ਜੀ (ਜਿਸ ਨਾਲ ਮੈਂ ਆਪਣੇ ਬਚਨ ਨਿਭਾ ਸਕਾਂ, ਆਪ ਜੀ ਦੀ ਸਿਫ਼ਤਿ-ਸਾਲਾਹ ਕਰ ਸਕਾਂ ਤੇ ਆਪ ਜੀ ਦੀ ਸੇਵਾ-ਭਗਤੀ ਵਿੱਚ ਸਦਾ

ਪਰਚਿਆ ਰਹਾਂ।)॥
ਹੇ ਸੰਸਾਰ ਵਿੱਚ ਰਮੇ ਹੋਏ ਪ੍ਰਭੂ! ਹੇ ਸੋਹਣੇ ਰਾਮ! ਮੈਂ ਆਪ ਜੀ ਤੋਂ ਬਲਿਹਾਰੀ-ਬਲਿਹਾਰੀ ਜਾਂਦਾ ਹਾਂ। ਫਿਰ ਕੀ ਕਾਰਨ ਹੈ ਕਿ ਆਪ ਜੀ ਮੇਰੇ ਨਾਲ ਬੋਲ ਨਹੀਂ ਰਹੇ ਹੋ? (ਕੀ ਮੇਰੇ ਤੋਂ ਕੋਈ ਭੁੱਲ ਹੋ ਗਈ ਹੈ?)॥ ਰਹਾਉ॥
2. ਹੇ ਮਾਇਆ ਦੇ ਪਤੀ-ਪ੍ਰਭੂ! ਮੈਂ ਆਪ ਜੀ ਨਾਲੋਂ ਕਈ ਜਨਮਾਂ ਤੋਂ ਵਿੱਛੜਿਆ ਹੋਇਆ ਸਾਂ (ਕਿਉਂਕਿ ਉਦੋਂ ਮੈਂ ਆਪ ਜੀ ਦੀ ਸੇਵਾ-ਭਗਤੀ ਤੋਂ ਹੀਣਾ ਸਾਂ।) ਪਰ ਹੁਣ ਮਿਹਰ ਕਰੋ ਕਿ ਮੇਰਾ ਇਹ ਜਨਮ ਆਪ ਜੀ ਦੇ ਹੀ ਲੇਖੇ ਲੱਗੇ ਭਾਵ ਆਪ ਜੀ ਦੀ ਸੇਵਾ-ਭਗਤੀ 'ਚ ਹੀ ਬੀਤੇ। ਸਤਿਗੁਰੂ ਮਹਾਰਾਜ ਜੀ ਪ੍ਰਭੂ ਅੱਗੇ ਅਰਜੋਈ ਕਰਦੇ ਹੋਏ ਫ਼ਰਮਾਂਦੇ ਹਨ ਕਿ ਹੇ ਪ੍ਰਭੂ! ਆਪ ਜੀ ਦੇ ਦਰਸ਼ਨ ਕੀਤਿਆਂ ਬਹੁਤ ਸਮਾਂ ਹੋ ਗਿਆ ਹੈ। ਮੈਂ ਇਸ ਆਸ ਦੇ ਸਹਾਰੇ ਹੀ ਜੀਅ ਰਿਹਾ ਹਾਂ ਕਿ ਆਪ ਜੀ ਨਾਲ ਮੇਰਾ ਇਸ ਜਨਮ ਵਿੱਚ ਜ਼ਰੂਰ ਮਿਲਾਪ ਹੋਵੇਗਾ। (ਹੁਣ ਆਪ ਜੀ ਜਲਦੀ-ਜਲਦੀ ਦਰਸ਼ਨ ਦੇ ਕੇ ਮੇਰੀ ਇਹ ਅਭਿਲਾਸ਼ਾ ਪੂਰੀ ਕਰੋ ਜੀ।)॥
**ਭਾਵ ਅਰਥ** : ਪਰਮਾਤਮਾ ਦੀਨ ਦਿਆਲ ਹੈ। ਮਨੁੱਖਾ ਜੀਵਨ ਬੜੇ ਭਾਗਾਂ ਨਾਲ ਮਿਲਦਾ ਹੈ। ਪ੍ਰਭੂ-ਪ੍ਰੇਮੀ ਇਸ ਜੀਵਨ ਨੂੰ ਉਸ ਦੇ ਦਰਸ਼ਨਾਂ ਲਈ ਸਮਰਪਿਤ ਕਰ ਦਿੰਦਾ ਹੈ।

## ਰਾਗੁ ਧਨਾਸਰੀ-30

***ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ॥***
***ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ ਰਸਨ ਅੰਮ੍ਰਿਤ ਰਾਮ ਨਾਮ ਭਾਖਉ॥ ੧॥***
***ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ॥***
***ਮੈ ਤਉ ਮੋਲਿ ਮਹਗੀ ਲਈ ਜੀਅ ਸਟੈ॥ ੧॥ ਰਹਾਉ॥***
***ਸਾਧਸੰਗਤਿ ਬਿਨਾ ਭਾਉ ਨਹੀ ਊਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥***
***ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ ਪੈਜ ਰਾਖਹੁ ਰਾਜਾ ਰਾਮ ਮੇਰੀ॥ ੨॥ ੨॥***

**ਸ਼ਬਦ ਅਰਥ** : **ਚਿਤ**-ਹਿਰਦਾ। **ਅਵਿਲੋਕਨੋ**-ਵੇਖਣਾ। **ਸ੍ਰਵਨ**-ਕੰਨਾਂ ਨਾਲ ਸੁਣਨਾ। **ਬਾਨੀ**-ਕਥਾ। **ਸੁਜਸੁ**-ਚੰਗਾ ਜੱਸ। **ਪੂਰਿ ਰਾਖਉ**-ਭਰਪੂਰ ਰੱਖਾਂ। **ਮਧੁਕਰੁ**-ਭੌਰਾ। **ਧਰਉ**-ਟਿਕਾਣਾ, ਵਸਾਈ ਰੱਖਾਂ। **ਰਸਨ**-ਜੀਭਾ। **ਭਾਖਉ**-ਉਚਾਰਨ ਕਰਨਾ॥ ੧॥
**ਗੋਬਿੰਦ**- ਦਿਲਾਂ ਦਾ ਜਾਣਨਹਾਰ ਪ੍ਰਭੂ। **ਸਿਉ**-ਨਾਲ। **ਜਿਨਿ**-ਮਤਾਂ, ਕਦੇ ਵੀ ਨਾ। **ਘਟੈ**-ਘਟ ਜਾਣਾ। **ਮੋਲਿ**-ਮੁੱਲ। **ਜੀਅ ਸਟੈ**-ਜ਼ਿੰਦਜਾਨ ਦੇ ਬਦਲੇ॥ ੧॥
**ਭਾਉ**-ਪ੍ਰੇਮ। **ਊਪਜੈ**-ਪੈਦਾ ਹੋਣਾ। **ਭਾਵ**-ਭਾਵਨਾ, ਪ੍ਰੇਮ ਭਾਵਨਾ। **ਪੈਜ**-ਲਾਜ॥ ੨॥ ੨॥
**ਪਦ ਅਰਥ** : ਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ ਅੱਗੇ ਅਰਜੋਈ ਕਰਦੇ ਹੋਏ ਫ਼ਰਮਾਂਦੇ ਹਨ ਕਿ ਹੇ ਪ੍ਰਭੂ! ਮੇਰੇ 'ਤੇ ਬਖ਼ਸ਼ਿਸ਼ ਕਰੋ ਕਿ ਮੈਂ ਸਦਾ ਆਪ ਜੀ ਦਾ ਨਾਮ ਮਨ ਲਗਾ ਕੇ ਸਿਮਰਦਾ ਰਹਾਂ, ਸੂਖ਼ਮ ਅੱਖਾਂ ਨਾਲ ਆਪ ਜੀ ਦੇ ਸਤਿ-ਸਰੂਪ ਦੇ ਦਰਸ਼ਨ ਕਰਦਾ ਰਹਾਂ ਤੇ ਕੰਨਾਂ ਨੂੰ ਆਪ ਜੀ ਦੀ ਪਵਿੱਤਰ ਬਾਣੀ ਤੇ ਸੁਹਣੇ ਜੱਸ ਨਾਲ ਭਰਪੂਰ ਰੱਖਾਂ। ਹੇ ਪ੍ਰਭੂ! ਮੈਨੂੰ ਇਹ ਵੀ ਸੋਝੀ ਬਖ਼ਸ਼ੋ ਕਿ ਮੈਂ

ਆਪਣੇ ਮਨ ਨੂੰ ਆਪ ਜੀ ਦੇ ਪ੍ਰੇਮ ਵਿੱਚ ਭੌਰਾ ਬਣਾਈ ਰੱਖਾਂ ਭਾਵ ਜਿਵੇਂ ਭੌਰਾ ਫੁੱਲਾਂ 'ਤੇ ਲਪਟਿਆ ਹੋਇਆ ਫੁੱਲਾਂ ਦੀ ਸੁਗੰਧੀ ਵਿੱਚ ਲੀਨ ਰਹਿੰਦਾ ਹੈ ਤਿਵੇਂ ਹੀ ਮੇਰਾ ਮਨ ਵੀ ਆਪ ਜੀ ਦੀ ਭਗਤੀ ਵਿੱਚ ਹਮੇਸ਼ਾ ਲੀਨ ਰਹੇ। ਮੈਂ ਆਪ ਜੀ ਦੇ ਚਰਨ-ਕੰਵਲਾਂ ਨੂੰ ਆਪਣੇ ਦਿਲ ਵਿੱਚ ਹਮੇਸ਼ਾ ਵਸਾਈ ਰੱਖਾਂ ਭਾਵ ਆਪ ਜੀ ਦੇ ਨਾਮ, ਗੁਣ-ਖ਼ੂਬੀਆਂ ਤੇ ਬਰਕਿਤਾਂ ਨੂੰ ਹਮੇਸ਼ਾ ਯਾਦ ਰੱਖਾਂ ਤੇ ਆਤਮਿਕ ਜੀਵਨ ਦੇਣ ਵਾਲਾ ਆਪ ਜੀ ਦਾ ਨਾਮ ਮੈਂ ਆਪਣੀ ਜੀਭਾ ਨਾਲ ਹਰ ਵੇਲੇ ਸਿਮਰਦਾ ਰਹਾਂ। (ਇਸ ਤਰ੍ਹਾਂ ਮੈਂ ਆਪਣਾ ਮਨ ਤੇ ਗਿਆਨ-ਇੰਦ੍ਰੀਆਂ ਹਮੇਸ਼ਾ ਆਪ ਜੀ ਵੱਲ ਹੀ ਲਗਾਈ ਰੱਖਾਂ।)॥

ਹੇ ਦਿਲਾਂ ਦੇ ਜਾਣਨਹਾਰ ਪ੍ਰਭੂ! ਮੇਰੇ 'ਤੇ ਇਹ ਵੀ ਬਖ਼ਸ਼ਿਸ਼ ਕਰੋ ਕਿ ਮੇਰੀ ਪ੍ਰੀਤ ਆਪ ਜੀ ਨਾਲੋਂ ਕਦੇ ਵੀ ਨਾ ਘਟੇ ਕਿਉਂਕਿ ਇਹ ਪ੍ਰੀਤ ਮੈਂ ਆਪਣੀ ਜ਼ਿੰਦ-ਜਾਨ ਦੇ ਕੇ ਬਹੁਤ ਮਹਿੰਗੇ ਮੁੱਲ ਵਿੱਚ ਲਈ ਹੈ॥ ੧॥ ਰਹਾਉ॥

2. ਹੇ ਪ੍ਰਭੂ! ਸਾਧ-ਸੰਗਤ ਤੋਂ ਬਿਨਾਂ ਆਪ ਜੀ ਦੇ ਪ੍ਰਤੀ ਮਨ ਵਿੱਚ ਸੱਚੀ ਪ੍ਰੀਤ ਉਤਪੰਨ ਨਹੀਂ ਹੋ ਸਕਦੀ ਤੇ ਸੱਚੀ ਪ੍ਰੀਤ ਤੋਂ ਬਿਨਾਂ ਆਪ ਜੀ ਦੀ ਭਗਤੀ ਵੀ ਨਹੀਂ ਕੀਤੀ ਜਾ ਸਕਦੀ। ਸਤਿਗੁਰੂ ਮਹਾਰਾਜ ਜੀ ਹਰਿ-ਪ੍ਰਭੂ ਅੱਗੇ ਅਰਦਾਸ ਕਰਦੇ ਹਨ ਕਿ ਹੇ ਰਾਜਨ! ਹੇ ਮੇਰੇ ਰਾਮ! ਹੇ ਸੰਸਾਰ ਦੇ ਪ੍ਰਤਿ-ਪਾਲਕ! ਮੈਂ ਆਪ ਜੀ ਦੀ ਸ਼ਰਨ ਵਿੱਚ ਆਇਆ ਹਾਂ। ਹੁਣ ਆਪ ਸ਼ਰਨ ਆਏ ਦੀ ਲਾਜ ਰੱਖੋ ਜੀ ਭਾਵ ਮੇਰੀ ਪ੍ਰੀਤ ਪ੍ਰਵਾਨ ਕਰੋ ਜੀ ਤੇ ਆਪਣੀ ਭਗਤੀ ਦੀ ਦਾਤ ਬਖ਼ਸ਼ੋ ਜੀ॥

**ਭਾਵ ਅਰਥ** : ਸਾਧ-ਸੰਗਤ ਅਤੇ ਰਾਮ-ਨਾਮ ਦੇ ਸਿਮਰਨ ਸਦਕਾ ਹੀ ਪਰਮਾਤਮਾ ਨਾਲ ਪ੍ਰੀਤ ਕਾਇਮ ਕੀਤੀ ਜਾ ਸਕਦੀ ਹੈ।

## ਰਾਗੁ ਧਨਾਸਰੀ -31

***ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥***
***ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥ ੧॥ ਰਹਾਉ॥***
***ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥***
***ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ॥ ੧॥***
***ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥***
***ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ॥੨॥***
***ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ॥***
***ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ॥ ੩॥***
***ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ॥***
***ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿਨਾਮੁ ਹੈ ਹਰਿ ਭੋਗ ਤੁਹਾਰੇ॥ ੪॥ ੩॥***

**ਸ਼ਬਦ ਅਰਥ** : **ਆਰਤੀ**-ਥਾਲ ਵਿੱਚ ਫੁੱਲ, ਜਗਦਾ ਦੀਵਾ ਤੇ ਸੁਗੰਧੀ ਪਦਾਰਥ ਰੱਖ ਕੇ ਕਿਸੇ ਦੇਵੀ-ਦੇਵਤੇ ਜਾਂ ਕਿਸੇ ਹੋਰ ਪੂਜਨੀਕ ਦੀ ਮੂਰਤੀ ਅੱਗੇ ਥਾਲ ਹਿਲਾਉਣਾ ਤੇ ਉਸਤਤਿ ਵਿੱਚ ਭਜਨ ਗਾਉਣਾ ਉਸ ਮੂਰਤੀ ਦੀ ਆਰਤੀ ਕਹਾਉਂਦੀ ਹੈ।

ਪੁਰਾਤਨ ਮੱਤ ਅਨੁਸਾਰ ਆਰਤੀ ਕਰਦੇ ਸਮੇਂ ਦੀਵਿਆਂ ਨੂੰ ਚਾਰ ਵਾਰ ਮੂਰਤੀ ਦੇ ਚਰਨਾਂ ਅੱਗੇ, ਦੋ ਵਾਰ ਨਾਭੀ ਉੱਤੇ, ਇਕ ਵਾਰ ਮੂੰਹ ਉੱਤੇ ਤੇ ਸੱਤ ਵਾਰ ਸਰੀਰ ਉੱਤੇ ਘੁਮਾਉਣਾ ਚਾਹੀਦਾ ਹੈ। **ਨਾਮੁ**–ਨਾਮ ਦਾ ਸਿਮਰਨ। **ਮਜਨੁ**–ਇਸ਼ਨਾਨ। **ਮੁਰਾਰੇ**–ਪ੍ਰਭੂ ਨੂੰ ਸੰਬੋਧਿਤ ਇਕ ਨਾਮ, ਅਗਿਆਨ ਵਿਨਾਸ਼ਕ ਪ੍ਰਭੂ। **ਪਾਸਾਰੇ**–ਖ਼ਿਲਾਰੇ, ਆਡੰਬਰ॥ ੧॥

**ਆਸਨੋ**–ਉਹ ਕਪੜਾ ਜਿਸ ਉੱਪਰ ਬੈਠ ਕੇ ਪੂਜਾ ਕੀਤੀ ਜਾਂਦੀ ਹੈ। **ਉਰਸਾ**–ਚੰਦਨ ਰਗੜਨ ਵਾਲੀ ਪੱਥਰੀ। **ਕੇਸਰੋ**–ਕੇਸਰ। **ਛਿਟਕਾਰੇ**–ਛਿੜਕਦਾ ਹਾਂ। **ਅੰਭੁਲਾ**–ਪਾਣੀ। **ਜਪੇ**–ਜਪ ਕੇ। **ਤੁਝਹਿ ਕਉ**–ਆਪ ਜੀ ਨੂੰ ਹੀ। **ਚਾਰੇ**–ਚੜ੍ਹਾਉਣਾ॥ ੧॥

**ਮਾਹਿ**–ਵਿੱਚ। **ਪਸਾਰੇ**–ਪਾਉਂਦਾ ਹਾਂ। **ਭਇਓ**–ਹੋ ਗਿਆ ਹੈ। **ਉਜਿਆਰੋ**–ਚਾਨਣ, ਪ੍ਰਕਾਸ਼। **ਜੋਤਿ ਲਗਾਈ**–ਜੋਤ ਜਗਾਈ। **ਭਵਨ**–ਖੰਡਾਂ, ਬ੍ਰਹਿਮੰਡਾਂ। **ਸਗਲਾਰੇ**–ਸਾਰੇ॥ ੨॥

**ਤਾਗਾ**–ਧਾਗਾ। **ਭਾਰ ਅਠਾਰਹ**–ਸੰਸਾਰ ਦੀ ਸਾਰੀ ਬਨਸਪਤੀ ਦੇ ਹਰੇਕ ਕਿਸਮ ਦੇ ਬੂਟੇ ਦਾ ਇਕ ਇਕ ਪੱਤਾ ਲੈ ਕੇ ਇਕੱਠੇ ਕੀਤੀਆਂ 18 ਭਾਰ ਬਣਦੇ ਹਨ। ਇਕ ਭਾਰ ਪੰਜ ਮਣ ਕੱਚੇ ਦਾ ਹੁੰਦਾ ਹੈ। **ਜੂਠਾਰੇ**–ਜੂਠੇ ਹਨ। **ਤੇਰੋ ਕੀਆ**–ਆਪ ਜੀ ਦਾ ਬਣਾਇਆ ਹੋਇਆ। **ਅਰਪਉ**–ਭੇਟ ਕਰੂੰ। **ਚਵਰ**–ਚਉਰ। **ਢੋਲਾਰੇ**–ਝਲਾਉਣਾ॥ ੩॥

**ਦਸ ਅਠਾ**–ਅਠਾਰਾਂ ਪੁਰਾਣः– ਵਿਸ਼ਨੂੰ, ਪਦਮ, ਬ੍ਰਹਮ, ਸ਼ਿਵ, ਭਾਗਵਤ, ਨਾਰਦ, ਮਾਰਕੰਡੇਯ, ਅਗਨੀ, ਬ੍ਰਹਮਵੈਵਰਤ, ਲਿੰਗ, ਵਰਾਹ, ਸਕੰਦ, ਵਾਮਨ, ਕੂਰਮ, ਮਤਸਯ, ਗਰੁੜ, ਬ੍ਰਹਮਾਂਡ ਅਤੇ ਭਵਿਸ਼ਯ ਪੁਰਾਣ। **ਅਠਸਠੇ**–ਅਠਾਹਠ ਤੀਰਥः ਅਜੋਧਿਆ, ਅਵੰਤਿਕ, ਐਰਾਵਤੀ, ਸ਼ਤਦ੍ਰ, ਸਰਸ੍ਵਤੀ, ਸਰਯੂ, ਸਿੰਧ, ਸ਼ਿਪ੍ਰਾ, ਸ਼ੋਣ, ਸ਼੍ਰੀ ਰੰਗ, ਸ਼੍ਰੀ ਸ਼ੈਲੋ, ਹਰਿਦ੍ਵਾਰ, ਕਪਾਲ ਮੋਚਨ, ਕਪਿਲੇਸ਼ਵਰ, ਕਾਂਸੀ, ਕਾਂਚੀ, ਕਲਿਜਰ, ਕਾਵੇਰੀ, ਕੁਰੁਖੇਤ੍ਰ, ਕੇਦਾਰ ਨਾਥ, ਕੋਸ਼ਿਕੀ, ਗਯਾ, ਗੋਕਰਣ, ਗੋਦਾਵਰੀ, ਗੋਮਤੀ, ਗੋਵਰਧਨ, ਗੰਗਾ ਸਾਗਰ, ਗੰਡਕਾ, ਘਰਘਰਾ, ਚਰਮਨਵਤੀ, ਚਿਤ੍ਰਕੂਟ, ਚੰਦ੍ਰ ਭਾਗਾ, ਜਗਨ ਨਾਥ, ਜਵਾਲਾਮੁਖੀ, ਤਪਤੀ, ਤਾਮ੍ਰਪਰਣੀ, ਤੁੰਗਭਦ੍ਰਾ, ਦਸਾਸ਼੍ਵਮੇਧ, ਦ੍ਰਿਸਦਵਤੀ, ਦ੍ਵਾਰਿਕਾ, ਧਾਰਾ, ਨਰਮਦਾ, ਨਾਗ ਤੀਰਥ, ਨੈਮਿਸ, ਪੁਸ਼ਕਰ, ਪ੍ਰਯਾਗ, ਤ੍ਰਿਬੇਣੀਸੰਗਮ, ਪ੍ਰਿਥੂਦਕ, ਬਦ੍ਰੀ ਨਾਰਾਇਣ, ਭਰਦੇਸਵਰ, ਭਾਮੇਸਵਰ, ਭਿਰਗਤੁੰਗ, ਮਹਾਂ ਕਾਲ, ਮਹਾਂ ਬੋਧ, ਮਥੁਰਾ, ਮਾਨ ਸਰੋਵਰ, ਮਾਇਆਪੁਰੀ, ਮੰਦਾਕਿਨੀ, ਜਮੁਨਾ, ਰਾਮੇਸ਼ਵਰ, ਵਿਤਸਤਾ, ਵਿਪਾਸ, ਵਿਮਲੇਸਵਰ, ਵੇਣਾ, ਵੇਤਰਵਤੀ, ਵੈਸ਼ਨਵੀ, ਵੈਦ ਨਾਥ, ਓਅੰਕਾਰ।

**ਚਾਰੇ ਖਾਣੀ**–ਚਾਰੇ ਖਾਣਿਆਂ ਦੀਆਂ ਜੂਨਾਂ, ਚਾਰ ਖਾਣਿਆ ਹਨः– 1. ਅੰਡਜः–ਅੰਡੇ ਤੋਂ ਉਤਪੰਨ ਹੁੰਦੇ ਹਨ, ਜਿਵੇਂ–ਪੰਛੀ, ਸੱਪ ਆਦਿਕ। 2. ਜੇਰਜः–ਝਿੱਲੀ ਵਿੱਚ ਲਿਪਟੇ ਹੋਏ ਪੈਦਾ ਹੁੰਦੇ ਹਨ, ਜਿਵੇਂ–ਮਨੁੱਖ, ਪਸ਼ੂ ਆਦਿਕ। 3. ਸੇਤਜः–ਗਰਮੀ ਕਾਰਨ ਪਸੀਨੇ ਤੋਂ ਜਾਂ ਭੜਾਸ ਤੋਂ ਪੈਦਾ ਹੁੰਦੇ ਹਨ, ਜਿਵੇਂ–ਮੱਛਰ ਜਾਂ ਖਟਮਲ ਆਦਿਕ। ਅਤੇ 4. ਉਤਭੁਜः–ਧਰਤੀ ਅੰਦਰੋਂ ਬਨਸਪਤੀ ਦੇ ਰੂਪ ਵਿੱਚ ਪੈਦਾ ਹੁੰਦੇ ਹਨ, ਜਿਵੇਂ–ਪੌਦੇ, ਬਿਰਛ ਆਦਿਕ। **ਵਰਤਣਿ**–ਵਿਚਰਨਾ। **ਸਤਿਨਾਮੁ**–'ਸਤਿ' ਦਾ ਸੰਸਕ੍ਰਿਤ ਸਰੂਪ 'ਸਤਯ' ਹੈ ਜਿਸ ਦਾ ਅਰਥ ਹੈ ਹੋਂਦ ਵਾਲਾ ਸੋ 'ਸਤਿਨਾਮੁ' ਦਾ ਅਰਥ ਹੋਇਆ 'ਜਿਸ ਦਾ ਨਾਮ ਹੈ ਹੋਂਦ ਵਾਲਾ' ਭਾਵ ਜਿਸ ਦੀ ਆਪਣੀ ਸੱਤਾ, ਵਜੂਦ ਜਾਂ ਹਸਤੀ ਹੈ ਤੇ ਜੋ ਹਮੇਸ਼ਾ ਸਥਿਰ ਰਹਿੰਦਾ ਹੈ। **ਭੋਗ**–ਨੈਵੇਦ, ਭੋਜਨ॥ ੪॥ ੩॥

**ਪਦ ਅਰਥ** : ਹੇ ਅਗਿਆਨ ਵਿਨਾਸ਼ਕ ਪ੍ਰਭੂ! ਹੇ ਪ੍ਰਕਾਸ਼-ਸਰੂਪ ਪ੍ਰਭੂ! ਅਗਿਆਨੀ ਜੀਵ ਮੂਰਤੀ ਦੀ ਆਰਤੀ ਕਰਦੇ ਹਨ ਪਰ ਮੇਰੇ ਲਈ ਤਾਂ ਆਪ ਜੀ ਦਾ ਨਾਮ

ਸਿਮਰਨ ਕਰਨਾ ਹੀ ਆਪ ਜੀ ਦੀ ਆਰਤੀ ਕਰਨਾ ਹੈ। ਆਪ ਜੀ ਦਾ ਨਾਮ ਜੱਪਣਾ ਹੀ ਨਿਰਮਲ ਜਲ ਨਾਲ ਤੀਰਥ ਇਸ਼ਨਾਨ ਕਰਨਾ ਹੈ। ਹੇ ਪ੍ਰਭੂ! ਆਪ ਜੀ ਦੇ ਨਾਮ-ਸਿਮਰਨ ਤੋਂ ਬਿਨਾਂ ਹਰ ਤਰ੍ਹਾਂ ਦਾ ਪੂਜਾ-ਪਾਠ ਤੇ ਹਰ ਤਰ੍ਹਾਂ ਦੀ ਪ੍ਰਚੱਲਿਤ ਆਰਤੀ ਕੂੜ ਦੇ ਪਸਾਰੇ ਹੀ ਹਨ॥ ੧ ॥ ਰਹਾਉ ॥

ਹੇ ਪ੍ਰਭੂ! ਆਪ ਜੀ ਦਾ ਨਾਮ ਹੀ ਮੇਰੇ ਲਈ ਪੂਜਾ ਕਰਨ ਲਈ ਬੈਠਣ ਵਾਲਾ ਆਸਨ ਹੈ, ਆਪ ਜੀ ਦਾ ਨਾਮ ਹੀ ਚੰਦਨ ਰਗੜਨ ਵਾਲਾ ਪੱਥਰ ਹੈ ਤੇ ਆਪ ਜੀ ਦਾ ਨਾਮ ਹੀ ਮੇਰੇ ਲਈ ਕੇਸਰ ਹੈ ਜੋ ਮੈਂ ਪੱਥਰ ਉੱਤੇ ਘੋਲ ਕੇ ਆਪ ਜੀ 'ਤੇ ਛਿੜਕਦਾ ਹਾਂ। ਹੇ ਪ੍ਰਭੂ! ਮੇਰੇ ਲਈ ਆਪ ਜੀ ਦਾ ਨਾਮ ਹੀ ਸੁੱਚਾ ਜਲ ਹੈ ਤੇ ਆਪ ਜੀ ਦਾ ਨਾਮ ਹੀ ਚੰਦਨ ਹੈ। ਮੈਂ ਨਾਮ-ਰੂਪੀ ਚੰਦਨ ਨੂੰ ਨਾਮ-ਰੂਪੀ ਪਾਣੀ ਨਾਲ ਘਸਾ ਕੇ ਆਪ ਜੀ ਨੂੰ ਆਰਤੀ ਵਜੋਂ ਲਗਾਉਂਦਾ ਹਾਂ॥

2. (ਹੇ ਪ੍ਰਭੂ! ਆਪ ਜੀ ਦੀ ਪੂਜਾ ਕਰਨ ਲਈ ਸੰਸਾਰੀ ਲੋਕਾਂ ਵਾਂਗ ਮੈਨੂੰ ਦੀਵੇ, ਬੱਤੀ ਤੇ ਤੇਲ ਦੀ ਲੋੜ ਨਹੀਂ ਪੈਂਦੀ।) ਮੇਰੇ ਲਈ ਤਾਂ ਆਪ ਜੀ ਦਾ ਨਾਮ ਹੀ ਦੀਵਾ ਹੈ, ਆਪ ਜੀ ਦਾ ਨਾਮ ਹੀ ਦੀਵੇ ਵਿੱਚ ਪਈ ਹੋਈ ਬੱਤੀ ਹੈ ਤੇ ਆਪ ਜੀ ਦਾ ਨਾਮ ਹੀ ਤੇਲ ਹੈ। ਹੇ ਪ੍ਰਭੂ! ਮੈਂ ਨਾਮ-ਰੂਪੀ ਦੀਵੇ ਵਿੱਚ ਨਾਮ-ਰੂਪੀ ਤੇਲ ਤੇ ਨਾਮ-ਰੂਪੀ ਬੱਤੀ ਪਾ ਕੇ ਆਪ ਜੀ ਦੇ ਨਾਮ ਦੀ ਜੋਤਿ ਜਗਾਈ ਹੈ, ਜਿਸ ਦੀ ਬਰਕਤਿ ਨਾਲ ਸਾਰੇ ਖੰਡਾਂ-ਬ੍ਰਹਿਮੰਡਾਂ ਵਿੱਚ ਪ੍ਰਕਾਸ਼ ਹੋ ਗਿਆ ਹੈ॥

3. (ਹੇ ਪ੍ਰਭੂ! ਆਪ ਜੀ ਦੀ ਅਰਾਧਨਾ ਲਈ ਫੁੱਲ ਤੇ ਫੁੱਲਾਂ ਦੀ ਮਾਲਾ ਵੀ ਵਿਅਰਥ ਹਨ।) ਮੇਰੇ ਲਈ ਤਾਂ ਆਪ ਜੀ ਦਾ ਨਾਮ ਹੀ ਧਾਗਾ ਹੈ ਤੇ ਆਪ ਜੀ ਦਾ ਨਾਮ ਹੀ ਫੁੱਲ ਤੇ ਫੁੱਲਾਂ ਦੀ ਮਾਲਾ ਹੈ। ਮੈਂ ਨਾਮ-ਰੂਪੀ ਫੁੱਲਾਂ ਨੂੰ ਨਾਮ-ਰੂਪੀ ਧਾਗੇ ਵਿੱਚ ਪਰੋ ਕੇ ਨਾਮ-ਰੂਪੀ ਮਾਲਾ ਆਪ ਜੀ ਅੱਗੇ ਆਰਤੀ ਵਜੋਂ ਭੇਟ ਕਰਦਾ ਹਾਂ। ਹੇ ਪ੍ਰਭੂ! ਸੰਸਾਰ ਦੀ ਸਾਰੀ ਬਨਸਪਤੀ ਜੋ ਪੂਜਾ ਵਜੋਂ ਮੂਰਤੀਆਂ ਨੂੰ ਅਰਪਿਤ ਕੀਤੀ ਜਾਂਦੀ ਹੈ ਤੇ ਜੋ ਅਠਾਰ੍ਹਾਂ ਭਾਰ ਦੇ ਬਰਾਬਰ ਹੈ, ਉਹ ਵੀ ਆਪ ਜੀ ਦੇ ਨਾਮ ਤੋਂ ਬਿਨਾਂ ਸਾਰੀ ਦੀ ਸਾਰੀ ਜੂਠੀ, ਝੂਠੀ ਤੇ ਅਪਵਿੱਤਰ ਹੈ। ਹੇ ਪ੍ਰਭੂ! ਇਹ ਸਾਰੀ ਸ੍ਰਿਸ਼ਟੀ ਤਾਂ ਆਪ ਜੀ ਦੀ ਬਣਾਈ ਹੋਈ ਹੈ ਫਿਰ ਮੈਂ ਆਪ ਜੀ ਦੀਆਂ ਪੈਦਾ ਕੀਤੀਆਂ ਹੋਈਆਂ ਚੀਜ਼ਾਂ ਨੂੰ ਆਰਤੀ ਵਜੋਂ ਆਪ ਜੀ ਅੱਗੇ ਕਿਵੇਂ ਭੇਟ ਕਰ ਸਕਦਾ ਹਾਂ ? ਭਾਵ ਭੇਟ ਨਹੀਂ ਕਰ ਸਕਦਾ। ਹੇ ਪ੍ਰਭੂ! ਆਪ ਜੀ ਨੂੰ ਤਾਂ ਦੁਨਿਆਵੀ ਚਉਰ ਦੀ ਵੀ ਲੋੜ ਨਹੀਂ ਹੈ। ਆਪ ਜੀ ਦੇ ਨਾਮ ਦਾ ਸਿਮਰਨ ਕਰਨਾ ਹੀ ਆਪ ਜੀ ਉੱਪਰ ਚਉਰ ਝੁਲਾਉਣਾ ਹੈ॥

4. ਹੇ ਪ੍ਰਭੂ! ਸੰਸਾਰ ਦੇ ਸਾਰੇ ਜੀਵ ਆਪ ਜੀ ਨੂੰ ਭੁਲਾ ਕੇ, ਅਠਾਰ੍ਹਾਂ ਪੁਰਾਣਾਂ ਦੀਆਂ ਕਥਾਵਾਂ ਨੂੰ ਪੜ੍ਹਨ-ਸੁਣਨ ਤੇ ਅਠਾਹਠ ਤੀਰਥਾਂ ਦੇ ਇਸ਼ਨਾਨਾਂ ਨੂੰ ਹੀ ਪੁੰਨ ਕਰਮ ਸਮਝ ਕੇ ਦੁਨੀਆਂ ਵਿੱਚ ਵਿਚਰ ਰਹੇ ਹਨ ਤੇ ਨਿੱਤ ਦੀ ਕਾਰ-ਵਿਹਾਰ ਕਰ ਰਹੇ ਹਨ। ਇਸੇ ਕਾਰਨ ਹੀ ਤਾਂ ਸਾਰੇ ਜੀਵ ਚਾਰੇ ਖਾਣੀਆਂ ਦੀਆਂ ਜੂਨਾਂ ਵਿੱਚ ਭਟਕ ਰਹੇ ਹਨ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ

ਕਿ ਹੇ ਪ੍ਰਭੂ! ਆਪ ਜੀ ਦੇ ਨਾਮ ਦਾ ਸਿਮਰਨ ਕਰਨਾ ਹੀ ਮੇਰੇ ਲਈ ਆਪ ਜੀ ਦੀ ਸੱਚੀ ਆਰਤੀ ਹੈ। ਆਪ ਜੀ ਦੇ ਸਤਿ ਨਾਮ (ਜੋ ਸਦਾ ਕਾਇਮ ਰਹਿਣ ਵਾਲਾ ਨਾਮ ਹੈ) ਦਾ ਜਾਪ ਕਰਨਾ ਹੀ ਆਪ ਜੀ ਨੂੰ ਭੋਗ ਲਗਾਉਣਾ ਹੈ॥

**ਭਾਵ ਅਰਥ** : ਪ੍ਰਭੂ ਦੇ ਨਾਮ ਦਾ ਸਿਮਰਨ ਕਰਨਾ ਹੀ ਉਸਦੀ ਸੱਚੀ ਆਰਤੀ ਕਰਨਾ ਹੈ। ਉਸ ਦੇ ਨਾਮ-ਸਿਮਰਨ ਤੋਂ ਬਿਨਾਂ ਬਾਕੀ ਹਰ ਤਰ੍ਹਾਂ ਦੀ ਪੂਜਾ-ਪਾਠ ਤੇ ਆਰਤੀ ਆਦਿਕ ਸਭ ਕੂੜ ਦੇ ਪਸਾਰੇ ਹਨ॥

## ਰਾਗੁ ਧਨਾਸਰੀ -32

***ਮੇਰੀ ਪ੍ਰੀਤ ਗੋਪਾਲ ਸੌਂ ਜਿਨਿ ਘਟੈ ਹੋ। ਮੈ ਮੋਲਿ ਮਹਿੰਗੈ ਲਈ ਤਨ ਸਟੈ ਹੋ॥ ਟੇਕ॥***
***ਰਿਦੈ ਸੁਮਿਰਨ ਕਰੂੰ ਨੈਨ ਅਵਿਲੋਕਨੋ। ਸ੍ਰਵਨਾ ਹਰਿ ਕਥਾ ਪੂਰਿ ਰਾਖੂੰ॥***
***ਮਨੁ ਮਧੁਕਰ ਕਰੂੰ ਚਰਨਾ ਚਿਤ ਧਰੂੰ। ਰਾਮ ਰਸਾਇਨ ਰਸਨ ਚਾਖੂੰ॥ ੧॥***
***ਸਾਧੁ ਸੰਗਤਿ ਬਿਨਾ ਭਾਵ ਨਹਿੰ ਉਪਜੈ। ਭਾਵ ਬਿਨੁ ਭਗਤਿ ਕਿਉ ਹੋਇ ਤੇਰੀ॥***
***ਬੰਦਤ ਰਵਿਦਾਸ ਰਾਜਾ ਰਾਮ ਸੁਨਿ ਬੀਨਤੀ। ਗੁਰ ਪ੍ਰਸਾਦਿ ਕ੍ਰਿਪਾ ਕਰੋ ਨ ਦੇਰੀ॥ ੨॥***

**ਸ਼ਬਦ ਅਰਥ** : **ਗੋਪਾਲ**-ਸ੍ਰਿਸ਼ਟੀ ਦਾ ਪਾਲਣਹਾਰ-ਪ੍ਰਭੂ। **ਸੌਂ**-ਨਾਲ। **ਜਿਨਿ**-ਕਦੇ ਵੀ ਨਾ। **ਤਨ ਸਟੈ**-ਸਰੀਰ ਦੇ ਵੱਟੇ। **ਰਿਦੈ**-ਹਿਰਦੇ। **ਅਵਿਲੋਕਨੋ**-ਵੇਖਣਾ। **ਸ੍ਰਵਨਾ**-ਕੰਨਾਂ ਨਾਲ ਸੁਣਨਾ। **ਪੂਰਿ ਰਾਖੂੰ**-ਭਰਪੂਰ ਰੱਖਾਂ। **ਮਧੁਕਰ**-ਭੌਰਾ। **ਧਰੂੰ**-ਟਿਕਾਣਾ, ਵਸਾਈ ਰੱਖਾਂ। **ਰਸਾਇਨ**-ਰਸ+ਆਯਨ=ਰਸ ਦਾ ਘਰ, ਗੁਰਮਤਿ ਅਨੁਸਾਰ ਪਰਮਾਤਮਾ ਦਾ ਨਾਮ ਜੋ ਸਾਰੇ ਰਸਾਂ ਦਾ ਘਰ ਹੈ। **ਰਸਨ**-ਰਸਨਾ, ਜੀਭ ॥ ੧॥
**ਭਾਵ**-ਪ੍ਰੇਮ। **ਉਪਜੈ**-ਪੈਦਾ ਹੋਣਾ। **ਬੰਦਤ**-ਬੰਦਨਾ, ਅਰਜੋਈ॥ ੨॥
(**ਨੋਟ**:- ਇਹ ਸ਼ਬਦ, ਸ਼ਬਦ ਨੰਬਰ 30 ਦੇ ਲਗਭਗ ਰੁਪਾਂਤਰ ਹੈ।)

**ਪਦ ਅਰਥ** : ਸਤਿਗੁਰੂ ਮਹਾਰਾਜ ਜੀ ਪ੍ਰਭੂ ਅੱਗੇ ਅਰਜੋਈ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਹੇ ਸ੍ਰਿਸ਼ਟੀ ਦੇ ਪਾਲਕ-ਪ੍ਰਭੂ! ਮੇਰੇ 'ਤੇ ਇਹ ਬਖ਼ਸ਼ਿਸ਼ ਕਰੋ ਕਿ ਮੇਰੀ ਪ੍ਰੀਤ ਆਪ ਜੀ ਨਾਲੋਂ ਕਦੇ ਵੀ ਨਾ ਘਟੇ ਕਿਉਂਕਿ ਇਹ ਪ੍ਰੀਤ ਮੈਂ ਬਹੁਤ ਮਹਿੰਗੇ ਮੁੱਲ ਵਿੱਚ ਲਈ ਹੈ। ਇਸ ਦੇ ਬਦਲੇ ਵਿੱਚ ਮੈਨੂੰ ਆਪਣਾ ਸਰੀਰ ਅਰਪਣ ਕਰਨਾ ਪਿਆ ਹੈ॥ ਟੇਕ॥

ਹੇ ਪ੍ਰਭੂ! ਮੇਰੇ 'ਤੇ ਬਖ਼ਸ਼ਿਸ਼ ਕਰੋ ਕਿ ਮੈਂ ਸਦਾ ਆਪਣੇ ਹਿਰਦੇ ਵਿੱਚ ਆਪ ਜੀ ਦਾ ਸਿਮਰਨ ਕਰਦਾ ਰਹਾਂ, ਅੱਖਾਂ ਨਾਲ ਆਪ ਜੀ ਦਾ ਦਰਸ਼ਨ ਕਰਦਾ ਰਹਾਂ ਤੇ ਕੰਨਾਂ ਨਾਲ ਆਪ ਜੀ ਦੀ ਪਵਿੱਤਰ ਬਾਣੀ ਤੇ ਸੋਹਣੇ ਜੱਸ ਨੂੰ ਸ੍ਰਵਣ ਕਰਦਾ ਹੋਇਆ ਆਨੰਦ ਭਰਪੂਰ ਰਹਾਂ। ਹੇ ਪ੍ਰਭੂ! ਮੈਨੂੰ ਇਹ ਸੋਝੀ ਬਖ਼ਸ਼ੋ ਕਿ ਮੈਂ ਆਪਣੇ ਮਨ ਨੂੰ ਆਪ ਜੀ ਦੇ ਪ੍ਰੇਮ ਵਿੱਚ ਭੌਰਾ ਬਣਾਈ ਰੱਖਾਂ ਤੇ ਆਪ ਜੀ ਦੇ ਚਰਨਾਂ ਨੂੰ ਆਪਣੇ ਦਿਲ ਵਿੱਚ ਸਦਾ ਵਸਾਈ ਰੱਖਾਂ। ਹੇ ਪ੍ਰਭੂ! ਮੇਰੇ 'ਤੇ ਇਹ ਵੀ ਰਹਿਮਤ ਕਰੋ ਕਿ ਮੈਂ ਆਪਣੀ ਰਸਨਾ ਨਾਲ ਆਤਮਿਕ ਜੀਵਨ ਦੇਣ ਵਾਲਾ ਆਪ ਜੀ ਦਾ ਨਾਮ-ਰਸ ਹਰ ਸਮੇਂ ਪੀਂਦਾ ਰਹਾਂ॥

2. ਹੇ ਪ੍ਰਭੂ! ਸਾਧੂ ਸੰਤਾਂ ਦੀ ਸੰਗਤ ਤੋਂ ਬਿਨਾਂ ਆਪ ਜੀ ਦੇ ਪ੍ਰਤੀ ਪ੍ਰੇਮ-ਭਾਵ

ਉਤਪੰਨ ਨਹੀਂ ਹੁੰਦਾ ਤੇ ਪ੍ਰੇਮ-ਭਾਵ ਤੋਂ ਬਿਨਾਂ ਆਪ ਜੀ ਦੀ ਭਗਤੀ ਵੀ ਨਹੀਂ ਹੋ ਸਕਦੀ। ਸਤਿਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ ਅੱਗੇ ਬੇਨਤੀ ਕਰਦੇ ਹਨ ਕਿ ਹੇ ਰਾਜਨ! ਹੇ ਮੇਰੇ ਰਾਮ-ਪ੍ਰਭੂ! ਸਤਿਗੁਰੂ ਦੀ ਕਿਰਪਾ ਨਾਲ ਮੈਂ ਆਪ ਜੀ ਦੀ ਸ਼ਰਨ ਵਿੱਚ ਆ ਗਿਆ ਹਾਂ। ਹੁਣ ਆਪ ਜੀ ਮੈਨੂੰ ਛੇਤੀ-ਛੇਤੀ ਭਗਤੀ-ਭਾਵ ਤੇ ਸੰਤ-ਜਨਾਂ ਦੀ ਸੰਗਤ ਬਖ਼ਸ਼ੋ ਜੀ ਤੇ ਹੋਰ ਦੇਰੀ ਨਾ ਕਰੋ ਜੀ॥

**ਭਾਵ ਅਰਥ** : ਪ੍ਰਭੂ ਨੂੰ ਮਿਲਣ ਦਾ ਸਾਧਨ ਸੰਤਾਂ ਦੀ ਸੰਗਤ, ਪ੍ਰਭੂ ਨਾਲ ਸੱਚੀ ਪ੍ਰੀਤ ਤੇ ਉਸਦੇ ਨਾਮ ਦਾ ਸਿਮਰਨ ਕਰਨਾ ਹੈ।

## ਰਾਗੁ ਧਨਾਸਰੀ -33

***ਤ੍ਰਾਹਿ ਤ੍ਰਾਹਿ ਤ੍ਰਿਭੁਵਨਪਤਿ ਪਾਵਨ। ਅਤਿਸ਼ਯ ਸੂਲ ਸਕਲ ਬਲਿ ਜਾਵਨ॥ ਟੇਕ॥***
***ਕਾਮ ਕ੍ਰੋਧ ਲੰਪਟ ਮਨ ਮੋਰਾ। ਕੈਸੇ ਭਜਨ ਕਰੂੰ ਮੈਂ ਤੋਰਾ॥ ੧॥***
***ਬਿਸ਼ਮ ਬਿਸ਼ਾਦ ਬਿਹੰਡਨਕਾਰੀ। ਅਸਰਨ ਸਰਨ ਸਰਨਿ ਭੌਹਾਰੀ॥ ੨॥***
***ਦੇਵ ਦੇਵ ਦਰਬਾਰਿ ਦੁਆਰੈ। ਰਾਮ ਰਾਮ ਰਵਿਦਾਸ ਪੁਕਾਰੈ॥ ੩॥***

**ਸ਼ਬਦ ਅਰਥ** : **ਤ੍ਰਾਹਿ ਤ੍ਰਾਹਿ**-ਰੱਖਿਆ ਕਰੋ ਰੱਖਿਆ ਕਰੋ। **ਤ੍ਰਿਭੁਵਨਪਤਿ**-ਤਿੰਨਾਂ ਲੋਕਾਂ ਦੇ ਮਾਲਿਕ ਪ੍ਰਭੂ। **ਪਾਵਨ**-ਪਵਿੱਤਰ, ਪਰਮ-ਪਾਕ। **ਅਤਿਸ਼ਯ**-ਅਸਹਿ, ਨਾ ਸਹੇ ਜਾਣ ਵਾਲੇ। **ਸੂਲ**-ਦੁੱਖ। **ਸਕਲ**-ਸਾਰੇ। **ਬਲਿ**-ਬਲਿਹਾਰੀ। **ਲੰਪਟ**-ਲਿਪਤ, ਚੁੰਬੜਿਆ ਹੋਇਆ॥ ੧॥ **ਬਿਸ਼ਮ**-ਵੱਡੇ ਹੈਰਾਨ ਕਰਨ ਵਾਲੇ। **ਬਿਸ਼ਾਦ**-ਕਸ਼ਟ, ਮਾਨਸਿਕ ਦੁੱਖ। **ਬਿਹੰਡਨਕਾਰੀ**-ਖੰਡਨ ਕਰਨ ਵਾਲੇ, ਨਾਸ਼ ਕਰਨ ਵਾਲੇ। **ਅਸਰਨ**-ਬੇਆਸਰਾ, ਜਿਸਨੂੰ ਕਿਤੇ ਪਨਾਹ ਨਾ ਮਿਲੇ। **ਸਰਨ**-ਆਸਰਾ, ਓਟ, ਪਨਾਹ। **ਸਰਨਿ**-ਸ਼ਰਨ ਵਿੱਚ ਆਉਣਾ। **ਭੌਹਾਰੀ**-ਡਰ ਦੂਰ ਕਰਨ ਵਾਲੇ॥ ੨॥
**ਦੇਵ ਦੇਵ**-ਦੇਵਤਿਆਂ ਦਾ ਦੇਵਤਾ॥ ੩॥

**ਪਦ ਅਰਥ** : ਹੇ ਪਰਮਪਾਕ ਪਰਮਾਤਮਾ! ਹੇ ਤਿੰਨਾਂ ਲੋਕਾਂ ਦੇ ਮਾਲਿਕ-ਪ੍ਰਭੂ! ਮੇਰੀ ਰੱਖਿਆ ਕਰੋ ਜੀ-ਮੇਰੀ ਰੱਖਿਆ ਕਰੋ ਜੀ। ਆਪ ਜੀ ਜੀਵਾਂ ਦੇ ਅਸਹਿ ਦੁੱਖਾਂ ਦਾ ਨਾਸ਼ ਕਰਨ ਵਾਲੇ ਹੋ ਜਿਸ ਕਰਕੇ ਸੰਸਾਰ ਦੇ ਸਾਰੇ ਜੀਵ ਆਪ ਜੀ ਤੋਂ ਬਲਿਹਾਰੀ-ਬਲਿਹਾਰੀ ਜਾਂਦੇ ਹਨ॥ ਟੇਕ॥

ਹੇ ਪਰਮਾਤਮਾ! ਮੇਰਾ ਮਨ ਕਾਮ ਕ੍ਰੋਧ ਵਰਗੇ ਭਿਆਨਕ ਵਿਕਾਰਾਂ ਨਾਲ ਸਦਾ ਚੁੰਬੜਿਆ ਰਹਿੰਦਾ ਹੈ। ਫਿਰ ਮਾਇਆ ਦੇ ਇਨ੍ਹਾਂ ਵਿਕਾਰਾਂ ਵਿੱਚ ਗ੍ਰੱਸਿਆ ਮੇਰਾ ਮਨ ਆਪ ਜੀ ਦੇ ਨਾਮ ਦਾ ਸਿਮਰਨ ਕਿਵੇਂ ਕਰੇ? ਆਪ ਕਿਰਪਾ ਕਰਕੇ ਮੈਨੂੰ ਇਨ੍ਹਾਂ ਵਿਕਾਰਾਂ ਤੋਂ ਛੁਟਕਾਰਾ ਦਿਵਾਓ ਜੀ॥

2. ਹੇ ਸਭਨਾਂ ਦੇ ਡਰ ਦੂਰ ਕਰਨ ਵਾਲੇ ਪ੍ਰਭੂ ਜੀ! ਆਪ ਜੀ ਜੀਵਾਂ ਦੇ ਘੋਰ ਮਾਨਸਿਕ ਦੁੱਖਾਂ ਦਾ ਨਾਸ਼ ਕਰਨ ਵਾਲੇ ਹੋ। ਜੋ ਵੀ ਬੇ-ਸਹਾਰਾ ਜੀਵ ਆਪ ਜੀ ਦੀ ਸ਼ਰਨ ਵਿੱਚ ਆਉਂਦਾ ਹੈ ਆਪ ਜੀ ਉਸ ਨੂੰ ਪਨਾਹ ਦਿੰਦੇ ਹੋ। (ਆਪ ਜੀ ਨਿਓਟਿਆਂ ਦੀ ਓਟ ਤੇ ਨਿਆਸਰਿਆਂ ਦੇ ਆਸਰੇ ਹੋ।)॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਦੇਵਤਿਆਂ ਦੇ

ਦੇਵਤਾ, ਪਰਮ ਪਿਤਾ ਪਰਮਾਤਮਾ! ਮੈਂ ਆਪ ਜੀ ਦੇ ਦਰ 'ਤੇ ਆਇਆ ਹਾਂ ਤੇ ਆਪ ਜੀ ਨੂੰ ਵਾਰ-ਵਾਰ ਪੁਕਾਰਦਾ ਹਾਂ ਭਾਵ ਆਪ ਜੀ ਦਾ ਸਵਾਸ-ਸਵਾਸ ਸਿਮਰਨ ਕਰਦਾ ਹਾਂ। (ਆਪ ਜੀ ਆਪਣਾ ਬਿਰਦ ਨਿਭਾਉਂਦੇ ਹੋਏ ਮੇਰੇ ਦੁੱਖਾਂ ਦਾ ਨਾਸ਼ ਕਰੋ ਜੀ ਤੇ ਆਤਮਿਕ ਮੌਤ ਲਿਆਉਣ ਵਾਲੀ ਮਾਇਆ-ਜ਼ਹਿਰ ਦੇ ਘੋਰ ਵਿਕਾਰਾਂ ਤੋਂ ਮੇਰੀ ਰੱਖਿਆ ਕਰੋ ਜੀ।)॥

**ਭਾਵ ਅਰਥ** : ਪਰਮਾਤਮਾ ਦੀ ਸ਼ਰਨ ਪ੍ਰਾਪਤ ਕਰਨ ਨਾਲ ਦੁੱਖਾਂ ਦਾ ਨਾਸ਼ ਹੁੰਦਾ ਹੈ।

# ਰਾਗੁ ਧਨਾਸਰੀ -34

***ਦਰਸ਼ਨ ਦੀਜੈ ਰਾਮ ਦਰਸ਼ਨ ਦੀਜੈ। ਦਰਸ਼ਨ ਦੀਜੈ ਬਿਲੰਬ ਨ ਕੀਜੈ॥ ਟੇਕ॥***
***ਦਰਸ਼ਨ ਤੋਰਾ ਜੀਵਨ ਮੋਰਾ। ਬਿਨ ਦਰਸ਼ਨ ਕਿਉਂ ਜੀਵੈ ਚਕੋਰਾ॥ ੧॥***
***ਮਾਧੋ ਸਤਿਗੁਰ ਸਬ ਜਗ ਚੇਲਾ। ਅਬ ਕੈ ਬਿਛੁਰੈ ਮਿਲਨ ਦੁਹੇਲਾ॥ ੨॥***
***ਧਨ ਜੋਬਨ ਕੀ ਝੂਠੀ ਆਸਾ। ਸਤਿ ਸਤਿ ਭਾਖੈ ਜਨ ਰਵਿਦਾਸਾ॥ ੩॥***

**ਸ਼ਬਦ ਅਰਥ** : **ਬਿਲੰਬ**-ਦੇਰ॥ ੧॥ **ਬਿਛੁਰੈ**-ਵਿੱਛੁੜਨਾ। **ਦੁਹੇਲਾ**-ਕਠਿਨ, ਮੁਸ਼ਕਿਲ॥ ੨॥ **ਜੋਬਨ**-ਜਵਾਨੀ। **ਸਤਿ ਸਤਿ**-ਸੱਚ ਸੱਚ। **ਭਾਖੈ**-ਕਹਿਣਾ, ਬੋਲਣਾ॥ ੩॥

**ਪਦ ਅਰਥ** : ਸਤਿਗੁਰੂ ਰਵਿਦਾਸ ਮਹਾਰਾਜ ਜੀ ਪ੍ਰਭੂ ਅੱਗੇ ਅਰਦਾਸ ਕਰਦੇ ਹਨ ਕਿ ਹੇ ਸਰਬ-ਵਿਆਪਕ ਪ੍ਰਭੂ! ਆਪ ਜੀ ਮੈਨੂੰ ਆਪਣੇ ਪ੍ਰਤੱਖ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ ਜੀ। ਆਪ ਜੀ ਹੁਣ ਹੋਰ ਦੇਰੀ ਨਾ ਕਰੋ ਜੀ ਤੇ ਛੇਤੀ-ਛੇਤੀ ਆਪਣੇ ਦਰਸ਼ਨ ਦਿਉ ਜੀ॥ ਟੇਕ॥

ਹੇ ਪ੍ਰਭੂ! ਆਪ ਜੀ ਦੇ ਦਰਸ਼ਨ ਕਰਨਾ ਹੀ ਮੇਰੇ ਜੀਵਨ ਦਾ ਆਧਾਰ ਹੈ, ਮਕਸਦ ਹੈ। ਜਿਸ ਤਰ੍ਹਾਂ ਚਕੌਰ, ਚੰਦਰਮਾ ਦੇ ਦਰਸ਼ਨ ਤੋਂ ਬਿਨਾਂ ਜੀਵਤ ਨਹੀਂ ਰਹਿ ਸਕਦੀ, ਉਸੇ ਤਰ੍ਹਾਂ ਮੈਂ ਵੀ ਆਪ ਜੀ ਦੇ ਦਰਸ਼ਨਾਂ ਤੋਂ ਬਿਨਾਂ ਜੀਵਤ ਨਹੀਂ ਰਹਿ ਸਕਦਾ॥

2. ਹੇ ਭਾਈ! ਮਾਇਆ ਦਾ ਪਤੀ-ਪ੍ਰਭੂ ਹੀ ਕੁਲ ਦੁਨੀਆਂ ਦਾ ਸੱਚਾ ਰਹਿਬਰ ਹੈ, ਸੱਚਾ ਸਤਿਗੁਰ ਹੈ ਤੇ ਸੰਸਾਰ ਦੇ ਸਾਰੇ ਜੀਵ ਉਸ ਦੇ ਸ਼ਿਸ਼ ਹਨ। ਜੇਕਰ ਜੀਵ ਮਨੁੱਖਾ ਜੀਵਨ ਵਿੱਚ ਵੀ ਪਰਮਾਤਮਾ ਨਾਲੋਂ ਵਿੱਛੁੜਿਆ ਰਹਿੰਦਾ ਹੈ ਤਾਂ ਫਿਰ ਅਗਲੇ ਜਨਮਾਂ ਵਿੱਚ ਤਾਂ ਉਸ ਨਾਲ ਮਿਲਾਪ ਕਰਨਾ ਹੋਰ ਵੀ ਮੁਸ਼ਕਿਲ ਹੋ ਜਾਂਦਾ ਹੈ। ਇਸ ਲਈ ਹੇ ਪਰਮਾਤਮਾ! ਆਪ ਕਿਰਪਾ ਕਰਕੇ (ਮੈਨੂੰ ਮੇਰੇ ਇਸੇ ਹੀ ਜਨਮ ਵਿੱਚ ਆਪਣੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ ਜੀ।)॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਮੈਂ ਸੱਚ ਕਹਿੰਦਾ ਹਾਂ ਕਿ ਧਨ-ਦੌਲਤ ਤੇ ਜਵਾਨੀ ਮਾਇਆ ਦੀਆਂ ਝੂਠੀਆਂ ਇੱਛਾਵਾਂ ਹਨ ਜੋ ਅੰਤ ਨੂੰ ਜੀਵ ਦਾ ਸਾਥ ਛੱਡ ਜਾਂਦੀਆਂ ਹਨ। ਹੇ ਪ੍ਰਭੂ! ਆਪ ਜੀ ਮੈਨੂੰ ਮਾਇਆ ਦੇ ਇਨ੍ਹਾਂ ਝੂਠੇ ਜੰਜਾਲਾਂ ਤੋਂ ਬਚਾਉ ਜੀ ਤੇ ਛੇਤੀ-ਛੇਤੀ ਦਰਸ਼ਨ ਦੇ ਕੇ ਮੇਰਾ ਜੀਵਨ ਸਫ਼ਲ ਕਰੋ ਜੀ॥

**ਭਾਵ ਅਰਥ** : ਪ੍ਰਭੂ-ਪ੍ਰੇਮੀ ਦੇ ਮਨ ਵਿੱਚ ਪ੍ਰਭੂ ਦੇ ਦਰਸ਼ਨਾਂ ਦੀ ਤਾਂਘ ਹਰ ਵਕਤ ਲੱਗੀ ਰਹਿੰਦੀ ਹੈ।

## ਰਾਗੁ ਧਨਾਸਰੀ -35

***ਜਨ ਕੌ ਤਾਰਿ ਤਾਰਿ ਨਾਥ ਰਮਈਆ।***
***ਕਠਿਨ ਫੰਦ ਪਰਿਓ ਪੰਚ ਜਮਈਆ॥ ਟੇਕ॥***
***ਤੁਮ ਬਿਨ ਸਕਲ ਦੇਵ ਮੁਨਿ ਢੂੰਢੈ।***
***ਕਹੂੰ ਨਾ ਪਾਇਓ ਜਮ ਪਾਸ ਛੁਡਈਆ॥ ੧॥***
***ਹਮ ਸੇ ਦੀਨ ਦਿਆਲ ਨ ਤੁਮ ਸਰ।***
***ਚਰਨ ਸਰਨ ਰਵਿਦਾਸ ਚਮਈਆ॥ ੨॥***

**ਸ਼ਬਦ ਅਰਥ** : **ਜਨ**–ਸੇਵਕ। **ਤਾਰਿ ਤਾਰਿ**–ਪਾਰ ਉਤਾਰੋ। **ਨਾਥ**-ਸ੍ਰਿਸ਼ਟੀ ਦੇ ਮਾਲਿਕ–ਪ੍ਰਭੂ, ਜੋਗੀਆਂ ਦੇ ਮਹੰਤਾਂ ਦੀ ਇਕ ਉਪਾਧੀ। **ਰਮਈਆ**–ਹੇ ਸੋਹਣੇ–ਪ੍ਰਭੂ। **ਪਰਿਓ**–ਫਸਿਆ ਹੋਇਆ ਹੈ। **ਪੰਚ ਜਮਈਆ**–ਪੰਜ ਜਮਦੂਤ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ)। **ਮੁਨਿ**–ਰਿਸ਼ੀ ਮੁਨੀ। **ਸਕਲ**–ਸਾਰੇ। **ਪਾਸ**–ਫ਼ਾਹੀ। **ਛੁਡਈਆ**–ਛੁਡਾਉਣਾ॥ ੧॥
**ਦੀਨ**–ਗ਼ਰੀਬ। **ਸਰ**–ਵਰਗਾ, ਬਰਾਬਰ। **ਚਮਈਆ**–ਚਮਾਰ॥ ੨॥

**ਪਦ ਅਰਥ** : ਸਤਿਗੁਰੂ ਰਵਿਦਾਸ ਜੀ ਮਹਾਰਾਜ ਸ੍ਰਿਸ਼ਟੀ ਵਿੱਚ ਰਮੇ ਹੋਏ ਪ੍ਰਭੂ ਅੱਗੇ ਅਰਜੋਈ ਕਰਦੇ ਹਨ ਕਿ ਹੇ ਸ੍ਰਿਸ਼ਟੀ ਦੇ ਮਾਲਿਕ–ਪ੍ਰਭੂ! ਆਪ ਜੀ ਆਪਣੀ ਮਿਹਰ ਦੁਆਰਾ ਆਪਣੇ ਸੇਵਕਾਂ ਨੂੰ ਮਾਇਆ ਦੇ ਮੋਹ–ਰੂਪ ਭਵਸਾਗਰ ਤੋਂ ਪਾਰ ਉਤਾਰੋ ਜੀ। ਜੀਵ ਆਤਮਿਕ ਮੌਤ ਲਿਆਉਣ ਵਾਲੇ ਪੰਜ ਜਮਦੂਤਾਂ– (ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ) ਦੇ ਮਜ਼ਬੂਤ ਫੰਦੇ ਵਿੱਚ ਬੜੀ ਬੁਰੀ ਤਰ੍ਹਾਂ ਫਸੇ ਹੋਏ ਹਨ। ਆਪ ਜੀ ਦੀ ਕਿਰਪਾ–ਦ੍ਰਿਸ਼ਟੀ ਹੀ ਉਨ੍ਹਾਂ ਨੂੰ ਇਨ੍ਹਾਂ ਜਮਦੂਤਾਂ ਤੋਂ ਬਚਾ ਸਕਦੀ ਹੈ॥ ਟੇਕ॥

ਹੇ ਪਰਮਾਤਮਾ! ਆਤਮਿਕ ਜੀਵਨ ਨੂੰ ਮਾਰ–ਮੁਕਾਉਣ ਵਾਲੇ ਇਨ੍ਹਾਂ ਵਿਕਾਰਾਂ ਤੋਂ ਬਚਣ ਲਈ ਮੈਂ ਸਾਰੇ ਦੇਵਤੇ ਤੇ ਰਿਸ਼ੀ–ਮੁਨੀ ਲੱਭ ਲਏ ਭਾਵ ਸਭਨਾਂ ਦਾ ਆਸਰਾ ਲੈ ਕੇ ਦੇਖ ਲਿਆ ਪਰ ਆਪ ਜੀ ਦੀ ਰਹਿਮਤ ਤੋਂ ਬਿਨਾਂ ਹੋਰ ਕਿਸੇ ਦਾ ਵੀ ਆਸਰਾ ਮੈਨੂੰ ਇਨ੍ਹਾਂ ਜਮਦੂਤਾਂ ਦੀ ਫ਼ਾਹੀ ਤੋਂ ਨਹੀਂ ਛੁਡਾ ਸਕਿਆ॥

2. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਪਰਮਾਤਮਾ! ਸੰਸਾਰ ਵਿੱਚ ਮੇਰੇ ਵਰਗਾ ਕੋਈ ਗ਼ਰੀਬ ਤੇ ਆਪ ਜੀ ਵਰਗਾ ਕੋਈ ਦਿਆਲੂ ਨਹੀਂ ਹੈ। ਮੈਂ, ਚਮਾਰ, ਆਪ ਜੀ ਦੇ ਚਰਨ–ਕੰਵਲਾਂ ਦੀ ਸ਼ਰਨ ਵਿੱਚ ਆਇਆ ਹਾਂ ਭਾਵ ਆਪ ਜੀ ਦੇ ਨਾਮ ਦਾ ਆਸਰਾ ਲਿਆ ਹੈ। (ਆਪ ਜੀ ਆਪਣੀ ਦਿਆਲਤਾ ਦਿਖਾਉਂਦੇ ਹੋਏ ਮੈਨੂੰ ਮਾਇਆ ਦੇ ਮੋਹ–ਰੂਪ ਭਵਸਾਗਰ ਤੋਂ ਪਾਰ ਉਤਾਰੋ ਜੀ।)॥

**ਭਾਵ ਅਰਥ** : ਵਿਕਾਰਾਂ ਦੇ ਪੰਜ ਦੂਤਾਂ ਨੇ ਜੀਵ ਨੂੰ ਬੁਰੀ ਤਰ੍ਹਾਂ ਮਾਇਆ ਜਾਲ ਵਿੱਚ ਜਕੜਿਆ ਹੋਇਆ ਹੈ। ਪਰਮਾਤਮਾ ਦੀ ਮਿਹਰ, ਰਹਿਮਤ ਤੇ ਕ੍ਰਿਪਾ–ਦ੍ਰਿਸ਼ਟੀ ਹੀ ਜੀਵ ਨੂੰ ਇਨ੍ਹਾਂ ਵਿਕਾਰਾਂ ਤੋਂ ਮੁਕਤੀ ਦਿਵਾ ਸਕਦੀ ਹੈ।

# ਰਾਗੁ ਧਨਾਸਰੀ -36

***ਜੋ ਤੁਮ ਗੋਪਾਲਹਿੰ ਨਹਿੰ ਗੈਹੌਂ।***
***ਤੌ ਤੁਮ ਕੌ ਸੁਖ ਮੈਂ ਦੁਖ ਉਪਜੈ, ਸੁਖਹਿ ਕਹਾਂ ਤੇ ਪੈਹੌਂ॥ ਟੇਕ॥***
***ਮਾਲਾ ਨਾਮ ਸਬੈ ਜਗ ਡਹਿਕੋ, ਝੂਠੌਂ ਭੇਖ ਬਨੈਹੌਂ।***
***ਝੂਠੇ ਤੇ ਸਾਂਚਿ ਤਬ ਹੋਇਹੌਂ, ਹਰਿ ਕੀ ਸਰਨਿ ਜਬ ਆਈਹੌਂ॥ ੧॥***
***ਕਨ ਰਸ ਬਤ ਰਸ ਔਰ ਸਬੈ ਰਸ, ਝੂਠਹਿ ਮੂੰਡ ਮੂੰਡੈਹੋ।***
***ਜਬ ਲਗਿ ਤੇਲ ਦਿਯਾ ਮੈਂ ਬਾਤੀ, ਦੇਖਤ ਹੀ ਬੁਝਿ ਜੈਹੌਂ॥ ੨॥***
***ਜੋ ਜਨ ਰਾਮ ਨਾਮ ਰੰਗ ਰਾਤੇ, ਔਰ ਰੰਗ ਨ ਸੁਹੈਹੌਂ।***
***ਕਹੈ ਰਵਿਦਾਸ ਭਜੋ ਰੇ ਕ੍ਰਿਪਾਨਿਧਿ, ਪ੍ਰਾਨ ਗਏ ਪਛਿਤੈਹੌਂ॥ ੩॥***

**<u>ਸ਼ਬਦ ਅਰਥ</u>** : **ਗੋਪਾਲਹਿੰ**–ਸ੍ਰਿਸ਼ਟੀ ਦਾ ਪਾਲਣਹਾਰ-ਪ੍ਰਭੂ। **ਗੈਹੌਂ**–ਯਾਦ ਕਰਨਾ, ਸਿਮਰਨ ਕਰਨਾ। **ਉਪਜੈ**–ਪੈਦਾ ਹੋਣਾ, ਪ੍ਰਤੀਤ ਹੋਣਾ। **ਸੁਖਹਿ**–ਸੁੱਖ ਹੀ। **ਪੈਹੌਂ**–ਪ੍ਰਾਪਤ ਕਰਨਾ। **ਡਹਿਕੋ**–ਛਲ ਕਰਨਾ, ਧੋਖਾ ਦੇਣਾ। **ਬਨੈਹੌਂ**–ਬਣਾਉਣਾ॥ ੧॥
**ਕਨ ਰਸ**–ਕੰਨ ਨਾਲ ਸੁਣਨ ਦਾ ਆਨੰਦ। **ਬਤ ਰਸ**–ਮੂੰਹ ਨਾਲ ਗੱਲਾਂ ਕਰਨ ਦਾ ਆਨੰਦ। **ਮੂੰਡ**–ਸਿਰ। **ਮੁੰਡੈਹੋ**–ਮੁਨਾ ਕੇ। **ਦਿਯਾ**–ਦੀਵਾ॥ ੨॥
**ਰੰਗ ਰਾਤੇ**–ਰੰਗ ਵਿੱਚ ਰੰਗੇ ਜਾਂਦੇ ਹਨ। **ਸੁਹੈਹੋ**–ਸੁਹਣਾ ਲੱਗਣਾ, ਚੰਗਾ ਲੱਗਣਾ। **ਕ੍ਰਿਪਾਨਿਧਿ**–ਦਇਆ ਦਾ ਖ਼ਜ਼ਾਨਾ। **ਪਛਿਤੈਹੌਂ**–ਪਛਤਾਉਣਾ॥ ੩॥

**<u>ਪਦ ਅਰਥ</u>** : ਹੇ ਜੀਵ! ਜਦੋਂ ਤੱਕ ਤੂੰ ਸ੍ਰਿਸ਼ਟੀ ਦੇ ਪਾਲਣਹਾਰ-ਪ੍ਰਭੂ ਦੇ ਨਾਮ ਨੂੰ ਨਹੀਂ ਸਿਮਰਦਾ ਉਦੋਂ ਤੱਕ ਤੈਨੂੰ ਸੱਚਾ ਸੁੱਖ ਨਸੀਬ ਨਹੀਂ ਹੋ ਸਕਦਾ। ਉਸ ਦੇ ਨਾਮ-ਸਿਮਰਨ ਤੋਂ ਬਿਨਾਂ ਤਾਂ ਸੁੱਖ ਵੀ ਦੁੱਖਾਂ ਵਿੱਚ ਬਦਲ ਜਾਂਦੇ ਹਨ, ਭਾਵ ਸੁੱਖ ਵੀ ਦੁੱਖਾਂ ਵਾਂਗ ਪ੍ਰਤੀਤ ਹੁੰਦੇ ਹਨ। ਯਾਦ ਰੱਖ, ਪ੍ਰਭੂ ਦੇ ਨਾਮ-ਸਿਮਰਨ ਤੋਂ ਬਿਨਾਂ ਆਤਮਿਕ ਸੁੱਖ ਦੀ ਪ੍ਰਾਪਤੀ ਕਦੇ ਹੋ ਹੀ ਨਹੀਂ ਸਕਦੀ॥ ਟੇਕ॥
ਪਾਖੰਡੀ ਜੀਵ ਆਪਣੇ ਆਪ ਦਾ ਸਾਧੂ-ਸੰਤਾਂ ਵਰਗਾ ਨਕਲੀ ਧਾਰਮਿਕ ਭੇਖ (ਸਵਾਂਗ) ਬਣਾ ਕੇ ਤੇ ਹੱਥ ਵਿੱਚ ਮਾਲਾ ਫੜ ਕੇ ਪ੍ਰਭੂ ਦੇ ਨਾਮ-ਸਿਮਰਨ ਦਾ ਢੋਂਗ ਕਰਦੇ ਹੋਇਆਂ ਸਾਰੀ ਦੁਨੀਆਂ ਨੂੰ ਧੋਖਾ ਦੇ ਰਹੇ ਹਨ। ਪਰ ਜਦੋਂ ਜੀਵ ਪਖੰਡ, ਝੂਠ ਤੇ ਢੋਂਗ ਨੂੰ ਤਿਆਗ ਕੇ ਸੱਚੇ ਮਨੋਂ ਪ੍ਰਭੂ ਦੀ ਸ਼ਰਨ ਵਿੱਚ ਆਉਂਦੇ ਹਨ ਤਾਂ ਉਨ੍ਹਾਂ ਦੀ ਭਗਤੀ ਸੱਚੀ ਹੋ ਜਾਂਦੀ ਹੈ ਤੇ ਉਹ ਸਾਰੇ ਹੀ ਪ੍ਰਭੂ ਦੇ ਸੱਚੇ ਸੰਤ ਕਹਿਲਾਉਂਦੇ ਹਨ॥
2. ਜੀਵ ਆਪਣੇ ਜੀਵਨ ਭਰ ਕੰਨਾਂ ਨਾਲ ਕਿੱਸੇ-ਕਹਾਣੀਆਂ ਆਦਿਕ ਸੁਣਨ ਦੇ ਸੁਆਦ ਵਿੱਚ, ਮੂੰਹ ਦੁਆਰਾ ਗੱਲਾਂ ਕਰਨ ਦੇ ਚਸਕਿਆਂ ਵਿੱਚ ਤੇ ਹੋਰ ਕਈ ਤਰ੍ਹਾਂ ਦੇ ਦੁਨਿਆਵੀ ਰਸਾਂ ਵਿੱਚ ਹੀ ਲੁਭਾਇਮਾਨ ਰਹਿੰਦਾ ਹੈ। ਉਹ ਆਪਣਾ ਸਿਰ ਮੁੰਨਵਾ ਕੇ ਪ੍ਰਭੂ ਦੇ ਭਗਤ ਹੋਣ ਦਾ ਝੂਠਾ ਦਿਖਾਵਾ ਕਰਦਾ ਹੈ। ਉਹ ਭੁੱਲ ਜਾਂਦਾ ਹੈ ਕਿ ਉਸ ਦਾ ਜੀਵਨ ਵੀ ਉਸ ਦੀਵੇ ਦੀ ਤਰ੍ਹਾਂ ਹੀ ਹੈ ਜਿਸ ਦੀ

ਬੱਤੀ ਉਦੋਂ ਤੱਕ ਜਗਦੀ ਹੈ ਜਦੋਂ ਤੱਕ ਉਸ ਵਿੱਚ ਤੇਲ ਰਹਿੰਦਾ ਹੈ। ਦੇਖਦੇ ਹੀ ਦੇਖਦੇ, ਤੇਲ ਖ਼ਤਮ ਹੋਣ 'ਤੇ ਬੱਤੀ ਬੁਝ ਜਾਂਦੀ ਹੈ। ਇਸੇ ਤਰ੍ਹਾਂ ਸਵਾਸਾਂ ਦੇ ਖ਼ਤਮ ਹੋਣ 'ਤੇ ਜੀਵਨ ਦਾ ਵੀ ਅੰਤ ਹੋ ਜਾਂਦਾ ਹੈ। ਪਦ-ਸਾਰ ਇਹ ਹੈ ਕਿ ਸੰਸਾਰੀ ਜੀਵ ਸੰਤਾਂ ਵਾਲਾ ਝੂਠਾ ਸਵਾਂਗ ਬਣਾ ਕੇ ਭਗਤੀ ਦਾ ਢੌਂਗ ਕਰਦੇ ਹਨ ਤੇ ਪ੍ਰਭੂ ਦੇ ਨਾਮ ਨੂੰ ਭੁਲਾ ਕੇ ਸੰਸਾਰਿਕ ਰਸਾਂ-ਕਸਾਂ ਵਿੱਚ ਲਿਪਤ ਹੋਏ ਆਪਣਾ ਜੀਵਨ ਅਜਾਈਂ ਗਵਾ ਲੈਂਦੇ ਹਨ॥

3. ਪਰ ਜਿਹੜੇ ਜੀਵ (ਗੁਰੂ ਦੇ 'ਸ਼ਬਦ' ਰਾਹੀਂ) ਰਾਮ-ਨਾਮ ਦੇ ਰੰਗ ਵਿੱਚ ਰੰਗੇ ਜਾਂਦੇ ਹਨ, ਉਨ੍ਹਾਂ ਦਾ ਜੀਵਨ ਸਫ਼ਲ ਹੋ ਜਾਂਦਾ ਹੈ। ਉਨ੍ਹਾਂ ਨੂੰ ਪ੍ਰਭੂ ਦੇ ਰੰਗ ਤੋਂ ਸਿਵਾਏ ਸੰਸਾਰ ਦਾ ਹੋਰ ਕੋਈ ਵੀ ਰੰਗ ਚੰਗਾ ਨਹੀਂ ਲੱਗਦਾ। ਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਹੇ ਜੀਵ! ਤੂੰ ਦਇਆ ਦੇ ਪੁੰਜ ਉਸ ਪ੍ਰਭੂ ਦੇ ਨਾਮ ਦਾ ਸਿਮਰਨ ਕਰਿਆ ਕਰ, ਨਹੀਂ ਤਾਂ ਅੰਤ ਸਮੇਂ ਸਵਾਸਾਂ ਦੇ ਖ਼ਤਮ ਹੋਣ 'ਤੇ ਤੈਨੂੰ ਪਛਤਾਉਣਾ ਪਵੇਗਾ॥

**ਭਾਵ ਅਰਥ** : ਜੀਵ ਨੂੰ ਆਪਣਾ ਜੀਵਨ ਵਿਸ਼ੇ-ਵਿਕਾਰਾਂ ਤੇ ਬਾਹਰੀ ਆਡੰਬਰਾਂ ਵਿੱਚ ਅਜਾਈਂ ਬਰਬਾਦ ਨਹੀਂ ਕਰਨਾ ਚਾਹੀਦਾ ਬਲਕਿ ਪ੍ਰਭੂ ਦੇ ਨਾਮ-ਸਿਮਰਨ ਨਾਲ ਇਸ ਨੂੰ ਸਾਰਥਕ ਬਣਾਉਂਣਾ ਚਾਹੀਦਾ ਹੈ।

## ਰਾਗੁ ਧਨਾਸਰੀ -37

***ਪ੍ਰਭ ਜੀ ਸੰਗਤਿ ਸਰਨਿ ਤਿਹਾਰੀ। ਜਗ ਜੀਵਨ ਰਾਮ ਮੁਰਾਰੀ॥ ਟੇਕ॥***
***ਗਲੀ ਗਲੀ ਕੋ ਜਲ ਬਹਿ ਆਇਓ, ਸੁਰਸਰੀ ਜਾਇ ਸਮਾਇਓ।***
***ਸੰਗਤਿ ਕੈ ਪਰਤਾਪ ਮਹਾਤਮ, ਨਾਮ ਗੰਗੋਦਿਕ ਪਾਇਓ॥ ੧॥***
***ਸੰਵਾਤਿ ਬੂੰਦ ਬਰਸੈਂ ਫਨਿ ਊਪਰ, ਸੀਸ ਬਿਸ਼ੈ ਬਿਸ਼ ਹੋਈ।***
***ਵਾਹੀ ਬੂੰਦ ਕੈ ਮੋਤੀ ਨਿਪਜੈ, ਸੰਗਤਿ ਕੀ ਅਧਿਕਾਈ॥ ੨॥***
***ਤੁਮ ਚੰਦਨ ਹਮ ਇਰੰਡ ਬਾਪੁਰੇ, ਨਿਕਟਿ ਤੁਮ੍ਹਾਰੇ ਬਾਸਾ।***
***ਨੀਚ ਬ੍ਰਿਖ ਤੈ ਊਂਚ ਭਏ ਹੈ, ਤੁਮ੍ਹਰੀ ਬਾਸ ਸ਼ੁਬਾਸਾ॥ ੩॥***
***ਜਾਤਿ ਭੀ ਓਛੀ ਪਾਂਤਿ ਭੀ ਓਛੀ, ਓੱਛਾ ਕਸਬ ਹਮਾਰਾ।***
***ਤੁਮਹਾਰੀ ਕ੍ਰਿਪਾ ਤੈ ਊਂਚ ਭਏ ਹੈ, ਕਹੈ ਰਵਿਦਾਸ ਚਮਾਰਾ॥ ੪॥***

**ਸ਼ਬਦ ਅਰਥ** : **ਮੁਰਾਰੀ**- ਪ੍ਰਭੂ ਨੂੰ ਸੰਬੋਧਿਤ ਇਕ ਨਾਮ, ਅਗਿਆਨ ਵਿਨਾਸ਼ਕ ਪ੍ਰਭੂ। **ਸੁਰਸਰੀ**-ਗੰਗਾ। **ਪਰਤਾਪ**-ਤੇਜ, ਪ੍ਰਭਾਵ। **ਮਹਾਤਮ**-ਮਹੱਤਤਾ। **ਗੰਗੋਦਿਕ**-ਗੰਗਾ ਦਾ ਪਾਣੀ॥ ੧॥ **ਸੰਵਾਤਿ ਬੂੰਦ**-ਆਕਾਸ਼ ਵਿੱਚ ਸਵਾਂਤੀ ਤਾਰਾ ਹੋਣ ਸਮੇਂ ਬੱਦਲਾਂ ਵਿੱਚੋ ਨਿਕਲੀ ਬਰਖਾ ਦੀ ਬੂੰਦ ਨੂੰ ਸਵਾਂਤੀ ਬੂੰਦ ਕਿਹਾ ਜਾਂਦਾ ਹੈ। **ਫਨਿ**-ਸੱਪ ਦਾ ਫ਼ਨ। **ਸੀਸ**-ਮੁਖ, ਮੂੰਹ। **ਬਿਸ਼ੈ ਬਿਸ਼**-ਜ਼ਹਿਰ ਵਿੱਚ ਰਲ ਕੇ ਜ਼ਹਿਰ ਬਣਨਾ। **ਨਿਪਜੈ**-ਪੈਦਾ ਹੋਣਾ, ਬਣਨਾ। **ਅਧਿਕਾਈ**-ਅਧਿਕਤਾ, ਪ੍ਰਭਾਵ, ਪ੍ਰਤਾਪ॥ ੨॥
**ਬਾਪੁਰੇ**-ਬੇਚਾਰੇ, ਨਿਕੰਮੇ। **ਬਾਸਾ**-ਨਿਵਾਸ ਕਰਨਾ, ਨਾਲ ਜੁੜਨਾ। **ਸ਼ੁਬਾਸਾ**-ਸੁਗੰਧ॥ ੩॥ **ਓਛੀ**-ਨੀਵੀਂ। **ਕਸਬ**-ਕਿੱਤਾ, ਪੇਸ਼ਾ। **ਪਾਂਤਿ**-ਪਾਤ, ਕੁਲ॥ ੪॥

**ਪਦ ਅਰਥ** : ਹੇ ਪਰਮਾਤਮਾ! ਹੇ ਅਗਿਆਨ ਵਿਨਾਸ਼ਕ ਪ੍ਰਭੂ! ਆਪ ਜੀ ਸੰਸਾਰ ਦੇ ਸਾਰੇ ਜੀਵਾਂ ਨੂੰ ਜੀਵਨ ਦੇਣ ਵਾਲੇ ਹੋ, ਉਨ੍ਹਾਂ ਦੀ ਜ਼ਿੰਦ ਦੇ ਆਧਾਰ ਹੋ। ਆਪ ਜੀ ਦੀ ਸ਼ਰਨ ਸਭ ਤੋਂ ਸ੍ਰੇਸ਼ਟ ਸੰਗਤ ਮੰਨੀ ਜਾਂਦੀ ਹੈ, ਇਸ ਲਈ ਮੈਂ ਆਪ ਜੀ ਦੀ ਸ਼ਰਨ ਆਇਆ ਹਾਂ॥ ਟੇਕ॥

ਹੇ ਭਾਈ! ਇਹ ਚੰਗੀ ਸੰਗਤ ਦੇ ਪ੍ਰਭਾਵ ਦੀ ਹੀ ਮਹੱਤਤਾ ਹੈ ਕਿ ਗਲੀ-ਗਲੀ ਵਿੱਚੋਂ ਵਹਿ ਕੇ ਆਇਆ ਪਾਣੀ ਜਦੋਂ ਗੰਗਾ ਵਿੱਚ ਮਿਲ ਜਾਂਦਾ ਹੈ ਤਾਂ ਉਹ ਪਾਣੀ ਗੰਗਾ ਦਾ ਹੀ ਰੂਪ ਹੋ ਜਾਂਦਾ ਹੈ ਤੇ ਗੰਗਾ-ਜਲ ਕਹਿਲਾਉਂਦਾ ਹੈ॥

2. ਇਸੇ ਪ੍ਰਸੰਗ ਨੂੰ ਅੱਗੇ ਤੋਰਦੇ ਹੋਏ ਸਤਿਗੁਰੂ ਮਹਾਰਾਜ ਜੀ ਉਚਾਰਨ ਕਰਦੇ ਹਨ ਕਿ ਜਦੋਂ ਬਰਖਾ ਦੀ ਸਵਾਂਤੀ ਬੂੰਦ ਸੱਪ ਦੇ ਫ਼ੱਨ 'ਤੇ ਡਿੱਗ ਕੇ ਉਸ ਦੇ ਮੂੰਹ ਵਿੱਚ ਪੈਂਦੀ ਹੈ ਤਾਂ ਉਹ ਜ਼ਹਿਰ ਬਣ ਜਾਂਦੀ ਹੈ। ਪਰ ਜਦੋਂ ਉਹ ਬੂੰਦ ਸਿੱਪੀ ਦੇ ਮੂੰਹ ਵਿੱਚ ਪੈਂਦੀ ਹੈ ਤਾਂ ਸੁੱਚਾ ਮੋਤੀ ਬਣ ਜਾਂਦੀ ਹੈ। ਹੇ ਭਾਈ! ਇਹ ਸਭ ਸੰਗਤ ਦੀ ਰੰਗਤ ਦਾ ਹੀ ਪਰਤਾਪ ਹੈ। (ਭੈੜੀ ਸੰਗਤ ਵਿੱਚ ਭੈੜਾ ਤੇ ਚੰਗੀ ਸੰਗਤ ਵਿੱਚ ਚੰਗਾ ਪ੍ਰਭਾਵ ਪ੍ਰਗਟ ਹੁੰਦਾ ਹੈ।)॥

3. ਹੇ ਪ੍ਰਭੂ! ਆਪ ਜੀ ਸੁਗੰਧ ਦੇਣ ਵਾਲੇ ਚੰਦਨ ਦੇ ਰੁੱਖ ਵਾਂਗ ਸ੍ਰੇਸ਼ਟ ਹੋ, ਅਸੀਂ ਸੁਗੰਧ-ਰਹਿਤ ਅਰਿੰਡ ਦੇ ਰੁੱਖ ਵਾਂਗ ਨਿਕੰਮੇ ਹਾਂ। ਜਿਸ ਤਰ੍ਹਾਂ ਚੰਦਨ ਦੇ ਰੁੱਖ ਦੀ ਸੰਗਤ ਕਰਕੇ ਅਰਿੰਡ ਦੇ ਰੁੱਖ ਵਿੱਚੋਂ ਵੀ ਚੰਦਨ ਵਰਗੀ ਮਿੱਠੀ ਸੁਗੰਧ ਆਉਣ ਲੱਗ ਪੈਂਦੀ ਹੈ, ਉਸੇ ਤਰ੍ਹਾਂ ਆਪ ਜੀ ਦੀ ਸੰਗਤ ਵਿੱਚ ਜੁੜਣ ਨਾਲ ਅਸੀਂ ਨੀਵੇਂ ਕਹੇ ਜਾਣ ਵਾਲੇ ਲੋਕ ਵੀ ਪ੍ਰਭੂ-ਪ੍ਰੇਮ ਦੀ ਸੁਗੰਧੀ ਨਾਲ ਭਰ ਗਏ ਹਾਂ ਤੇ ਆਪ ਜੀ ਵਾਂਗ ਸ੍ਰੇਸ਼ਟ ਹੋ ਗਏ ਹਾਂ॥

4. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਸਮਾਜ ਦੇ ਲੋਕਾਂ ਦੀਆਂ ਨਜ਼ਰਾਂ ਵਿੱਚ ਮੇਰੀ ਜਾਤ ਤੇ ਕੁਲ ਨੀਵੇਂ ਸਮਝੇ ਜਾਂਦੇ ਹਨ, ਮੇਰਾ ਕਿੱਤਾ ਵੀ ਨੀਵਾਂ ਸਮਝਿਆ ਜਾਂਦਾ ਹੈ ਪਰ ਆਪ ਜੀ ਦੀ ਕ੍ਰਿਪਾ ਸਦਕਾ ਸੰਤਾਂ ਦੀ ਸੰਗਤ ਕਰਨ ਨਾਲ ਮੈਂ ਨੀਵੇਂ ਤੋਂ ਉੱਚਾ ਹੋ ਗਿਆ ਹਾਂ ਜਿਸ ਦੇ ਸਦਕਾ, ਮੈਨੂੰ ਚਮਾਰ ਨੂੰ, ਹੁਣ ਸੰਸਾਰ ਦੇ ਸਾਰੇ ਲੋਕ ਮਾਣ-ਵਡਿਆਈ ਦੇਣ ਲੱਗ ਪਏ ਹਨ। ਇਹ ਸਭ ਆਪ ਜੀ ਦੀ ਕਿਰਪਾ ਸਦਕਾ ਹੀ ਹੈ॥

**ਭਾਵ ਅਰਥ** : ਸੰਗਤ ਦਾ ਜੀਵਨ 'ਤੇ ਬਹੁਤ ਗਾੜ੍ਹਾ ਪ੍ਰਭਾਵ ਪੈਂਦਾ ਹੈ। ਭੈੜੀ ਸੰਗਤ ਅਪਰਾਧੀ ਤੇ ਚੰਗੀ ਸੰਗਤ ਨੇਕ ਇਨਸਾਨ ਬਣਾਉਂਦੀ ਹੈ।

## ਰਾਗੁ ਧਨਾਸਰੀ -38

***ਪਾਂਡੇ ! ਕੈਸੀ ਪੂਜਿ ਰਚੀ ਰੇ ।***
***ਸਤਿ ਬੋਲੈ ਸੋਈ ਸਤਿਵਾਦੀ, ਝੂਠੀ ਬਾਤ ਬਦੀ ਰੇ ॥ ਟੇਕ ॥***
***ਜੋ ਅਬਿਨਾਸੀ ਸਬਕਾ ਕਰਤਾ, ਵਿਆਪਿ ਰਹਿਓ ਸਬ ਠੋਰ ਰੇ ।***

***ਪੰਚ ਤੱਤ ਜਿਨਿ ਕੀਓ ਪਸਾਰਾ, ਸੋ ਯੌਂ ਹੀ ਕਛੂ ਔਰ ਰੇ ॥ ੧ ॥***
***ਤੂੰ ਜੋ ਕਹੈਤ ਹੌ ਯੌ ਹੀ ਕਰਤਾ, ਤਾਕੂੰ ਮਾਨਿਖ ਕਰੈ ਰੇ।***
***ਤਾਰਣਿ ਸਕਤਿ ਸਹੀ ਜੇ ਯਾ ਮੇਂ, ਤੌ ਆਪਣ ਕਿਉਂ ਨ ਤਿਰੈ ਰੇ ॥ ੨ ॥***
***ਅੰਹੀ ਭਰੋਸੇ ਸਬ ਜਗ ਬੂਡਾ, ਸੁਣ ਪੰਡਿਤ ਕੀ ਬਾਤ ਰੇ।***
***ਯਾ ਕੈ ਦਰਸਿ ਕੌਣ ਗੁਣ ਛੂਟਾ, ਸਬ ਜਗ ਆਇਆ ਜਾਤ ਰੇ ॥ ੩ ॥***
***ਯਾ ਕੀ ਸੇਵ ਸੂਲ ਨਹਿੰ ਭਾਜੈ, ਕਟੈ ਨ ਸੰਸੇ ਪਾਂਸ ਰੇ।***
***ਸੋਚਿ ਵਿਚਾਰਿ ਦੇਖ ਯੇਹ ਮੂਰਤਿ, ਯੂੰ ਛਾਂਡੀ ਰਵਿਦਾਸ ਰੇ ॥ ੪ ॥***

**ਸ਼ਬਦ ਅਰਥ** : **ਪੂਜਿ**-ਭਗਤੀ, ਪੂਜਾ। **ਸਤਿਵਾਦੀ**-ਸੱਚ ਬੋਲਣ ਵਾਲਾ। **ਬਾਤ**-ਗੱਲ। **ਬਦੀ**-ਬੁਰਾਈ। **ਅਬਿਨਾਸੀ**-ਜਿਸ ਦਾ ਨਾਸ਼ ਨ ਹੋਵੇ, ਅਮਰ। **ਵਿਆਪਿ**-ਵਿਆਪਕ। **ਠੋਰ**-ਥਾਂ। **ਪੰਚ ਤੱਤ**-ਪੰਜ ਤੱਤ : ਆਕਾਸ਼, ਜਲ, ਹਵਾ, ਧਰਤੀ ਤੇ ਅਗਨੀ। **ਪਸਾਰਾ**-ਰਚਨਾ॥ ੧॥ **ਯੌਂ ਹੀ**-ਉਹੀ ਭਾਵ ਮੂਰਤੀ। **ਮਾਨਿਖ ਕਰੈ ਰੇ**-ਮਨੁੱਖ ਕਰਦਾ ਹੈ ਅਰਥਾਤ ਬਣਾਉਂਦਾ ਹੈ। **ਤਾਰਣਿ ਸਕਤਿ**-ਤਾਰਨ ਦੀ ਸ਼ਕਤੀ। **ਯਾ ਮੇਂ**-ਉਸ (ਮੂਰਤੀ) ਵਿੱਚ। **ਤਿਰੈ**-ਤਰਨਾ॥ ੨॥ **ਬੂਡਾ**-ਡੁੱਬਣਾ। **ਦਰਸਿ**-ਦਰਸ਼ਨ। **ਕੌਣ ਗੁਣ ਛੂਟਾ**-ਕੀ ਲਾਭ ਹੋਇਆ, ਕੌਣ ਮੁਕਤ ਹੋਇਆ। **ਆਇਆ ਜਾਤ**-ਆਵਾਗਵਨ ਦਾ ਚੱਕਰ, ਜਨਮ ਮਰਨ ਦਾ ਗੇੜ॥ ੩॥ **ਸੇਵ**-ਸੇਵਾ ਪੂਜਾ। **ਸੂਲ**-ਦੁੱਖ। **ਭਾਜੈ**-ਦੂਰ ਕਰੇ। **ਸੰਸੇ**-ਸ਼ੰਕਾ, ਭਰਮ। **ਪਾਂਸ**-ਫ਼ਾਹੀ॥ ੪॥

**ਮੂਰਤੀ ਪੂਜਾ** - ਕਿਸੇ ਮੂਰਤ, ਚਿੱਤਰ, ਪ੍ਰਤੀਮਾ, ਪ੍ਰਤੀਕ ਜਾਂ ਚਿੰਨ੍ਹ ਆਦਿਕ 'ਤੇ ਸ਼ਰਧਾ ਟਿਕਾਉਣਾ ਮੂਰਤੀ ਪੂਜਾ ਕਹਿਲਾਉਂਦਾ ਹੈ। ਸਤਿਗੁਰੂ ਮਹਾਰਾਜ ਜੀ ਨੇ ਮੂਰਤੀ ਪੂਜਾ ਦਾ ਖੰਡਨ ਪ੍ਰਤੱਖ ਰੂਪ ਵਿੱਚ ਸ਼ਬਦ ਨੰਬਰ 38, 97 ਤੇ 115 ਅਤੇ ਪਰੋਖ ਰੂਪ ਵਿੱਚ ਦੋਹਾ ਨੰਬਰ 16 ਤੇ 67 ਵਿੱਚ ਕੀਤਾ ਹੈ। ਪਰਮਾਤਮਾ ਨਿਰਾਕਾਰ ਹੈ। ਨਿਰਾਕਾਰ ਦਾ ਕੋਈ ਸਰੀਰ ਨਹੀਂ ਹੁੰਦਾ ਤਾਂ ਫਿਰ ਸਰੀਰ-ਰਹਿਤ ਨਿਰਾਕਾਰ ਪਰਮਾਤਮਾ ਦੀ ਕੋਈ ਮੂਰਤ ਕਿਵੇਂ ਹੋ ਸਕਦੀ ਹੈ? ਕਿਸੇ ਦੇਵੀ-ਦੇਵਤੇ ਜਾਂ ਮਨੁੱਖ ਆਦਿਕ ਨੂੰ ਪਰਮਾਤਮਾ ਦਾ ਅਵਤਾਰ ਮੰਨ ਕੇ, ਉਸ ਦੀ ਮੂਰਤੀ ਬਣਾ ਕੇ ਉਸ ਮੂਰਤੀ ਦੀ ਪੂਜਾ ਕਰਨਾ ਤਾਂ ਫਿਰ ਬਿਲਕੁੱਲ ਅਗਿਆਨਤਾ ਵਾਲੀ ਗੱਲ ਹੀ ਹੋਈ। ਹਾਂ ਅਸੀਂ ਕਹਿ ਸਕਦੇ ਹਾਂ ਕਿ ਮੂਰਤੀ ਨੂੰ ਈਸ਼ਵਰ ਦੇ ਇਕ ਪ੍ਰਤੀਕ ਤੌਰ 'ਤੇ ਵਰਤਿਆ ਜਾ ਸਕਦਾ ਹੈ। ਪ੍ਰਤੀਕ ਨੂੰ ਈਸ਼ਵਰ ਮੰਨ ਕੇ ਪ੍ਰਤੀਕ ਦੀ ਪੂਜਾ ਕਰਨਾ ਈਸ਼ਵਰ ਦੀ ਪੂਜਾ ਨਹੀਂ ਹੈ। ਮੂਰਤੀ ਤਾਂ ਕੇਵਲ ਇਕ ਪ੍ਰਤੀਕ ਹੈ, ਮਾਲਿਕ ਤਾਂ ਕੋਈ ਹੋਰ ਹੀ ਹੈ। ਪਰ ਪੰਡਿਤਾਂ ਅਨੁਸਾਰ ਮੂਰਤੀ ਦੀ ਪ੍ਰਾਣ-ਪ੍ਰਤਿੱਸ਼ਠਾ ਤੋਂ ਬਾਅਦ ਈਸ਼ਵਰ ਆਪ ਮੂਰਤੀ ਵਿੱਚ ਬਿਰਾਜਮਾਨ ਹੋ ਜਾਂਦੇ ਹਨ। ਜੇਕਰ ਇਹ ਸੱਚ ਹੈ ਤਾਂ ਮੂਰਤੀ ਵਿੱਚ ਹਰਕਤ ਦਾ ਹੋਣਾ ਵੀ ਜ਼ਰੂਰੀ ਹੈ ਤੇ ਬੇਪੱਤੀ ਸਮੇਂ (ਭਾਵ ਔਖੇ ਸਮੇਂ ਜਿਵੇਂ ਹਮਲਾ ਜਾਂ ਭੁਚਾਲ ਆਦਿਕ ਸਮੇਂ) ਉਸ ਮੂਰਤੀ ਨੂੰ ਆਪਣੀ ਰੱਖਿਆ ਵੀ ਖ਼ੁਦ ਹੀ ਕਰਨੀ ਚਾਹੀਦੀ ਹੈ। ਪਰ ਅਜੇ ਤੱਕ ਅਜਿਹਾ ਕਦੇ ਵੀ ਨਹੀਂ ਹੋਇਆ। ਮੂਰਤੀ ਤਾਂ ਜੜ੍ਹ ਹੈ, ਜੇਕਰ ਉਸ ਨੂੰ ਪਰਮਾਤਮਾ ਮੰਨਾਂਗੇ ਤਾਂ ਪਰਮਾਤਮਾ ਵੀ ਜੜ੍ਹ ਹੀ ਸਿੱਧ ਹੋਵੇਗਾ, ਫਿਰ ਅਸੀਂ ਉਸ ਨੂੰ ਅਖੰਡ ਸਿੱਧ ਨਹੀਂ ਕਰ ਸਕਾਂਗੇ। ਸਤਿਗੁਰੂ ਮਹਾਰਾਜ ਜੀ ਨੇ ਮੂਰਤੀ ਪੂਜਾ ਦਾ ਵਿਰੋਧ ਕਰਦੇ ਹੋਏ ਇਉਂ ਉਚਾਰਨ ਕੀਤਾ ਹੈ, 'ਯਾ ਕੀ ਸੇਵ ਸੂਲ ਨਹਿੰ

ਭਾਜੈ, ਕਟੈ ਨ ਸੰਸੇ ਪਾਂਸ ਰੇ। ਸੋਚਿ ਵਿਚਾਰਿ ਦੇਖ ਯੇਹ ਮੂਰਤਿ, ਯੂੰ ਛਾਂਡੀ ਰਵਿਦਾਸ ਰੇ॥',.... 'ਮੂਰਤਿ ਮਾਹਿੰ ਬਸੈ ਪਰਮੇਸਰ, ਤੌ ਪਾਨੀ ਮਹਿੰ ਤਿਰੈ ਰੇ॥', ਇਕ ਹੋਰ ਸ਼ਬਦ ਵਿੱਚ ਇਉਂ ਫ਼ਰਮਾਂਦੇ ਹਨ, 'ਤੋੜ ਨ ਪਾਤੀ ਪੂਜੋ ਨ ਦੇਵਾ। ਸਹਜ ਸਮਾਧਿ ਕਰੌ ਹਰਿ ਸੇਵਾ॥' ਤੇ 'ਮਨਹੀ ਪੂਜਾ ਮਨਹੀ ਧੂਪ ਮਨਹੀ ਸੇਉ ਸਹਜ ਸਰੂਪ॥' ਇਸੇ ਤਰ੍ਹਾਂ 'ਦੂਧੁ ਤ ਬਛਰੈ ਥਨਹੁ ਬਿਟਾਰਿਓ॥' ਸ਼ਬਦ ਰਾਹੀਂ ਵੀ ਸਤਿਗੁਰੂ ਮਹਾਰਾਜ ਜੀ ਨੇ ਪਰੋਖ ਰੂਪ ਵਿੱਚ ਮੂਰਤੀ ਪੂਜਾ ਦਾ ਹੀ ਖੰਡਨ ਕੀਤਾ ਹੈ। ਇਕ ਹੋਰ ਥਾਂ 'ਤੇ ਮੂਰਤੀ ਪੂਜਾ ਤੇ ਸੰਸਥਾਪਿਤ ਪੂਜਾ ਸਥਲਾਂ ਦਾ ਖੰਡਨ ਕਰਦੇ ਹੋਏ ਆਪ ਜੀ ਕਹਿੰਦੇ ਹਨ 'ਦੇਹਰਾ ਅਰੁ ਮਸੀਤ ਮੰਹਿ, ਰਵਿਦਾਸ ਨ ਸੀਸ ਨਵਾਇੰ। ਜਿਹ ਲੋ ਸੀਸ ਨਿਵਾਵਨਾ, ਸੋ ਠਾਕੁਰ ਸਭ ਥਾਇੰ॥' ਇਸੇ ਤਰ੍ਹਾਂ 'ਨਾਮੁ ਤੇਰੋ ਆਰਤੀ ਮਜਨੁ ਮੁਰਾਰੇ' ਵਾਲੇ ਸ਼ਬਦ ਵਿੱਚ ਵੀ ਸਤਿਗੁਰੂ ਮਹਾਰਾਜ ਜੀ ਨੇ ਕਿਸੇ ਮੂਰਤੀ ਦੀ ਆਰਤੀ ਨਾ ਉਤਾਰ ਕੇ ਪ੍ਰਭੂ ਦੇ ਨਾਮ ਦੀ ਆਰਤੀ ਉਤਾਰਨ ਦਾ ਹੀ ਉਪਦੇਸ਼ ਦਿੱਤਾ ਹੈ। ਆਪ ਜੀ ਦਾ ਇਹ ਦ੍ਰਿੜ ਮੱਤ ਹੈ ਕਿ ਜੋ ਈਸ਼ਵਰ ਸਾਰੇ ਸੰਸਾਰ ਦਾ ਕਰਤਾ, ਹਰਤਾ ਤੇ ਪ੍ਰਤਿਪਾਲਕ ਹੈ ਉਸ ਦੀ ਪ੍ਰਤੀਨਿਧੀ ਇਕ ਮੂਰਤੀ ਨਹੀਂ ਹੋ ਸਕਦੀ।

ਸਤਿਗੁਰੂ ਮਹਾਰਾਜ ਜੀ ਦੇ ਸਮਕਾਲੀ ਮਹਾਨ ਸੰਤ ਸਤਿਗੁਰੂ ਕਬੀਰ ਸਾਹਿਬ ਜੀ ਨੇ ਵੀ ਮੂਰਤੀ ਪੂਜਾ ਦਾ ਖੰਡਨ ਕਰਦੇ ਹੋਏ ਇਉਂ ਉਚਾਰਨ ਕੀਤਾ ਹੈ, 'ਪਾਹਨ ਪੂਜੇ ਹਰਿ ਮਿਲੇ ਤੋ ਮੈ ਪੂਜੂ ਪਹਾਰ। ਤਾਤੇ ਤੋ ਚਕੀ ਭਲੀ ਪੀਸ ਖਾਏ ਸੰਸਾਰ॥' ਇਕ ਹੋਰ ਸ਼ਬਦ ਵਿੱਚ ਮੂਰਤੀ ਪੂਜਾ ਦਾ ਵਿਰੋਧ ਕਰਦੇ ਹੋਏ ਆਪ ਜੀ ਕਹਿੰਦੇ ਹਨ, 'ਪਾਤੀ ਤੋਰੈ ਮਾਲਿਨੀ, ਪਾਤੀ ਪਾਤੀ ਜੀਉ। ਜਿਸ ਪਾਹਨ ਕਉ ਪਾਤੀ ਤੋਰੈ, ਸੋੌ ਪਾਹਨ ਨਿਰਜੀਉ॥' ਇਕ ਹੋਰ ਸ਼ਬਦ ਵਿੱਚ ਇਉਂ ਫ਼ਰਮਾਉਂਦੇ ਹਨ, 'ਪਾਖਾਨ ਗਾਢਿ ਕੈ ਮੂਰਤਿ ਕੀਨੀ ਦੇ ਕੇ ਛਾਤੀ ਪਾਉਂ। ਜੇ ਇਹੁ ਮੂਰਤਿ ਸਾਚੀ ਹੈ ਤਾ ਘੜਨਹਾਰੇ ਖਾਉ॥' ਇਸੇ ਤਰ੍ਹਾਂ ਸਤਿਗੁਰੂ ਨਾਮਦੇਵ ਮਹਾਰਾਜ ਜੀ ਨੇ ਵੀ ਮੂਰਤੀ ਪੂਜਾ ਦਾ ਖੰਡਨ ਕਰਦੇ ਹੋਏ ਕਿਹਾ ਹੈ, 'ਏਕੈ ਪਾਥਰ ਕੀਜੈ ਭਾਉ। ਦੂਜੈ ਪਾਥਰ ਧਰੀਐ ਪਾਉ॥ ਜੇ ਓਹੁ ਦੇਉ ਤ ਓਹੁ ਭੀ ਦੇਵਾ। ਕਹਿ ਨਾਮਦੇਉ ਹਮ ਹਰਿ ਕੀ ਸੇਵਾ॥' ਇਕ ਹੋਰ ਸ਼ਬਦ ਵਿੱਚ ਮੂਰਤੀ ਪੂਜਾ ਦਾ ਖੰਡਨ ਇਉਂ ਕੀਤਾ ਹੈ, 'ਜੋ ਪਾਥਰ ਕਉ ਕਹਤੇ ਦੇਵ॥ ਤਾ ਕੀ ਬਿਰਥਾ ਹੋਵੈ ਸੇਵ॥ ਜੋ ਪਾਥਰ ਕੀ ਪਾਂਈ ਪਾਇ॥ ਤਿਸ ਕੀ ਘਾਲ ਅਜਾਂਈ ਜਾਇ॥' ਸੋ ਇਸ ਤਰ੍ਹਾਂ ਸਤਿਗੁਰੂ ਮਹਾਰਾਜ ਜੀ ਦੇ ਨਾਲ-ਨਾਲ ਉਨ੍ਹਾਂ ਨੇ ਸਮਕਾਲੀ ਸੰਤਾਂ-ਮਹਾਪੁਰਸ਼ਾਂ ਨੇ ਵੀ ਮੂਰਤੀ-ਪੂਜਾ ਦਾ ਪੁਰਜ਼ੋਰ ਸ਼ਬਦਾਂ ਵਿੱਚ ਵਿਰੋਧ ਕੀਤਾ ਹੈ ਤੇ 'ਸਹਿਜ-ਸਮਾਧਿ' ਭਾਵ 'ਆਤਮਿਕ ਅਡੋਲ ਅਵਸਥਾ' (ਜਿੱਥੇ ਮਾਇਕ-ਪਦਾਰਥਾਂ ਦਾ ਕੋਈ ਫ਼ੁਰਨ ਹੀ ਨਹੀਂ ਉੱਠਦਾ) ਦੇ ਰਾਹੀਂ ਨਿਰੰਕਾਰ ਪਰਮਾਤਮਾ ਦੀ ਪੂਜਾ ਕਰਨ ਦਾ ਉਪਦੇਸ਼ ਦਿੱਤਾ ਹੈ।

ਵਰਤਮਾਨ ਸਮਾਜ ਵਿੱਚ ਅਸੀਂ ਦੇਖਦੇ ਹਾਂ ਕਿ ਕਈ ਲੋਕ ਗੁਰੂ, ਮਹਾਂਪੁਰਸ਼ ਜਾਂ ਸੰਤ ਨੂੰ ਆਪਣਾ ਇਸ਼ਟ ਮਨ ਕੇ ਉਸ ਦੀ ਤਸਵੀਰ ਜਾਂ ਮੂਰਤੀ ਅੱਗੇ ਧੂਪ ਧੁਖਾ ਕੇ ਉਸ ਦੀ ਪੂਜਾ ਕਰਦੇ ਹਨ ਤਾਂ ਕਿ ਉਨ੍ਹਾਂ ਦਾ ਜੀਵਨ ਵੀ ਇਸ਼ਟ ਵਾਂਗ ਉੱਚਾ-ਸੁੱਚਾ ਹੋਵੇ ਅਤੇ ਸੰਸਾਰ ਵਿੱਚ ਉਨ੍ਹਾਂ ਦਾ ਜਨਮ ਲੈਣ ਦਾ ਮਨੋਰਥ ਵੀ ਪੂਰਾ ਹੋਵੇ। ਪਰ ਇਹ ਤਾਂ ਹੀ ਸੰਭਵ ਹੈ ਜੇਕਰ ਜੀਵ ਆਪਣੇ ਗੁਰੂ, ਮਹਾਂਪੁਰਸ਼ ਜਾਂ ਸੰਤ ਦੀ ਆਤਮਾ ਨਾਲ ਜੁੜੇ। ਉਸ ਗੁਰੂ, ਮਹਾਂਪੁਰਸ਼ ਜਾਂ ਸੰਤ ਦੀ ਆਤਮਾ ਹੈ ਉਸ ਦੀ ਬਾਣੀ, ਉਸ ਦਾ 'ਸ਼ਬਦ'। ਗੁਰੂ ਦੀ

'ਬਾਣੀ/ਸ਼ਬਦ' ਹੀ ਜੀਵ ਨੂੰ ਪ੍ਰਭੂ ਨਾਲ ਮਿਲਾਉਂਦੀ ਹੈ ਤੇ ਉਸ ਨਾਲ ਇੱਕਮਿਕ ਕਰਵਾਉਂਦੀ ਹੈ। ਸੋ 'ਬਾਣੀ/ਸ਼ਬਦ' ਨਾਲ ਜੁੜਿਆਂ ਹੀ ਜੀਵ ਦਾ ਸੰਸਾਰ ਵਿੱਚ ਆਉਣ ਸਫ਼ਲ ਹੋ ਸਕਦਾ ਹੈ। ਪਰ ਜਿਹੜਾ ਜੀਵ ਆਪਣੇ ਗੁਰੂ, ਮਹਾਂਪੁਰਸ਼ ਜਾਂ ਸੰਤ ਦੀ ਤਸਵੀਰ ਜਾਂ ਮੂਰਤੀ ਦੀ ਪੂਜਾ ਕਰਦਾ ਹੈ ਅਤੇ ਉਸ ਤਸਵੀਰ ਜਾਂ ਮੂਰਤੀ ਨੂੰ ਆਪਣੇ ਮਨ ਵਿੱਚ ਵਸਾਉਣ ਦਾ ਯਤਨ ਕਰਦਾ ਹੈ ਤਾਂ ਉਹ ਸਦੀਵੀ 'ਬਾਣੀ/ ਸ਼ਬਦ' ਨਾਲ ਜੁੜਨ ਦੀ ਥਾਂ ਨਾਸ਼ਵੰਤ ਸਰੀਰ/ਸ਼ੈਅ ਨਾਲ ਹੀ ਪਿਆਰ ਬਣਾਉਂਦਾ ਹੈ। ਨਾਸ਼ਵੰਤ ਵਸਤਾਂ ਨਾਲ ਪਿਆਰ ਪਾਇਆਂ ਜੀਵ ਨਸ਼ਵਰਤਾ ਵੱਲ ਹੀ ਜਾਂਦਾ ਹੈ, ਮੁਕਤੀ ਵੱਲ ਨਹੀਂ। **ਸੋ ਜੇਕਰ ਜੀਵ ਨੇ ਆਪਣਾ ਜਨਮ ਸਫ਼ਲ ਕਰਨਾ ਹੈ ਤਾਂ ਉਸ ਨੂੰ ਕੇਵਲ ਤੇ ਕੇਵਲ ਸਤਿਗੁਰੂ ਦੀ 'ਬਾਣੀ/ਸ਼ਬਦ' ਨਾਲ ਹੀ ਜੁੜਨਾ ਚਾਹੀਦਾ ਹੈ ਨਾ ਕਿ ਤਸਵੀਰਾਂ ਜਾਂ ਮੂਰਤੀਆਂ ਦੀ ਪੂਜਾ ਨਾਲ।**

**ਪਦ ਅਰਥ** : ਹੇ ਪੰਡਿਤ! ਤੂੰ ਮੂਰਤੀਆਂ ਦੀ ਕਿਹੋ ਜਿਹੀ ਪਾਖੰਡੀ ਤੇ ਆਡੰਬਰੀ ਪੂਜਾ ਰਚਾਈ ਬੈਠਾ ਹੈਂ? ਤੂੰ ਕਰਮਕਾਂਡੀ ਤੇ ਝੂਠੀ ਪੂਜਾ ਰਚਾਉਣ ਦੇ ਬਾਵਜੂਦ ਵੀ ਆਪਣੇ ਆਪ ਨੂੰ ਸੱਤਵਾਦੀ ਕਹਿੰਦਾ ਹੈਂ? ਪਰ ਸੱਤਵਾਦੀ ਤਾਂ ਉਹ ਹੁੰਦਾ ਹੈ ਜੋ ਸੱਚ ਬੋਲਦਾ ਹੈ। ਝੂਠ ਬੋਲਣਾ ਤਾਂ ਬੁਰਾਈ ਹੈ। (ਇਸ ਤਰ੍ਹਾਂ ਮੂਰਤੀ ਰਾਹੀਂ ਪਰਮਾਤਮਾ ਦੀ ਝੂਠੀ ਪੂਜਾ ਰਚਾਉਣਾ ਵੀ ਪਰਮਾਤਮਾ ਦੀ ਬੁਰਾਈ ਕਰਨ ਸਮਾਨ ਹੀ ਹੈ।)॥ਟੇਕ॥

ਹੇ ਪੰਡਿਤ! ਉਹ ਅਬਿਨਾਸ਼ੀ ਪਰਮਾਤਮਾ ਜੋ ਸਭ ਦਾ ਸੰਚਾਲਕ ਹੈ ਤੇ ਜਿਸ ਦੀ ਰਜ਼ਾ ਵਿੱਚ ਸੰਸਾਰ ਦੇ ਸਾਰੇ ਕਾਰਜ ਹੋ ਰਹੇ ਹਨ, ਉਹ ਤਾਂ ਸਭ ਥਾਂ ਵਿਆਪਕ ਹੈ, ਉਹ ਤੇਰੀ ਦੇਵ-ਮੂਰਤੀ ਵਿੱਚ ਛੁਪਿਆ ਹੋਇਆ ਨਹੀਂ ਹੈ। ਜਿਸ ਪ੍ਰਭੂ ਨੇ ਪੰਜ ਤੱਤਾਂ-ਧਰਤੀ, ਪਾਣੀ, ਅਗਨੀ, ਹਵਾ ਤੇ ਆਕਾਸ਼ ਨਾਲ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ (ਉਹ ਤੇਰੀ ਦੇਵ-ਮੂਰਤੀ ਨਹੀਂ) ਬਲਕਿ ਕੋਈ ਹੋਰ ਹੀ ਹੈ ਭਾਵ ਸ੍ਰਿਸ਼ਟੀ ਦਾ ਰਚਨਹਾਰ ਤਾਂ ਸਰਬ-ਵਿਆਪਕ ਪਰਮਾਤਮਾ ਹੀ ਹੈ॥

2. ਹੇ ਪੰਡਿਤ! ਤੂੰ ਜੋ ਕਹਿੰਦਾ ਹੈਂ ਕਿ ਇਹ ਮੂਰਤੀ ਹੀ ਸੰਸਾਰ ਦੀ ਸੰਚਾਲਕ ਤੇ ਪ੍ਰਤਿਪਾਲਕ ਹੈ, ਇਹ ਗੱਲ ਠੀਕ ਨਹੀਂ। ਇਸ ਮੂਰਤੀ ਨੂੰ ਤਾਂ ਮਨੁੱਖ ਨੇ ਘੜ ਕੇ ਆਪ ਬਣਾਇਆ ਹੈ, (ਫਿਰ ਜਿਹੜੀ ਚੀਜ਼ ਮੁਨੱਖ ਨੇ ਬਣਾਈ ਹੋਵੇ ਉਹ ਸੰਸਾਰ ਦੀ ਕਰਤਾ ਪੁਰਖ ਕਿਵੇਂ ਹੋ ਸਕਦੀ ਹੈ?) ਜੇਕਰ ਇਸ ਮੂਰਤੀ ਦੀ ਜੀਵ ਨੂੰ ਸੰਸਾਰ-ਰੂਪੀ ਭਵਸਾਗਰ ਤੋਂ ਪਾਰ ਉਤਾਰਨ ਵਾਲੀ ਸ਼ਕਤੀ ਨੂੰ ਸਹੀ ਮੰਨ ਲਿਆ ਜਾਵੇ ਤਾਂ ਇਹ ਆਪ ਕਿਉਂ ਨਹੀਂ ਤਰਦੀ? (ਇਹ ਮੂਰਤੀ ਪਾਣੀ ਵਿੱਚ ਤੈਰਾਉਣ ਸਮੇਂ ਖ਼ੁਦ ਡੁੱਬ ਕਿਉਂ ਜਾਂਦੀ ਹੈ?)॥

3. ਪਰ ਪੰਡਿਤ ਦੀਆਂ ਝੂਠੀਆਂ ਤੇ ਭਰਮਾਊ ਗੱਲਾਂ ਸੁਣ ਕੇ ਸੰਸਾਰ ਦੇ ਲੋਕ ਮੂਰਤੀ ਨੂੰ ਹੀ ਆਪਣਾ ਪਾਰ ਉਤਾਰੂ ਸਮਝੀ ਬੈਠੇ ਹਨ ਤੇ ਉਸ 'ਤੇ ਵਿਸ਼ਵਾਸ ਕਰਕੇ ਮਾਇਆ-ਵੇੜ੍ਹੇ ਭਵਸਾਗਰ ਵਿੱਚ ਡੁੱਬੀ ਜਾ ਰਹੇ ਹਨ। ਹੇ ਪੰਡਿਤ!

ਇਸ ਮੂਰਤੀ ਦੇ ਦਰਸ਼ਨ ਕਰਨ ਨਾਲ ਅੱਜ ਤੱਕ ਕਿਸੇ ਨੂੰ ਵੀ ਕੋਈ ਲਾਭ ਨਹੀਂ ਹੋਇਆ ਤੇ ਨਾ ਹੀ ਕਿਸੇ ਨੂੰ ਮੁਕਤੀ ਮਿਲੀ ਹੈ। ਇਹ ਸਾਰਾ ਸੰਸਾਰ ਤਾਂ ਆਵਾਗਵਨ ਦੇ ਚੱਕਰਾਂ ਵਿੱਚ ਫਿਰ ਵੀ ਪਿਆ ਹੋਇਆ ਹੈ॥

4. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਮੂਰਤੀ ਪੂਜਾ ਕਰਨ ਨਾਲ ਕਿਸੇ ਵੀ ਜੀਵ ਦਾ ਅੱਜ ਤੱਕ ਕੋਈ ਦੁੱਖ ਦੂਰ ਨਹੀਂ ਹੋਇਆ ਤੇ ਨਾ ਹੀ ਸੰਸਿਆਂ ਤੇ ਭਰਮਾਂ ਦੀ ਫ਼ਾਹੀ ਕੱਟੀ ਗਈ (ਭਾਵ ਇਨ੍ਹਾਂ ਦਾ ਨਿਵਾਰਨ ਨਹੀਂ ਹੋਇਆ ਹੈ।) ਆਪ ਜੀ ਫ਼ਰਮਾਉਂਦੇ ਹਨ ਕਿ ਉਪਰੋਕਤ ਸਾਰੇ ਤੱਥਾਂ ਬਾਰੇ ਚੰਗੀ ਤਰ੍ਹਾਂ ਸੋਚ-ਵਿਚਾਰ ਕਰਨ ਤੋਂ ਬਾਅਦ ਹੀ ਮੈਂ ਮੂਰਤੀ ਦੀ ਪੂਜਾ ਤੋਂ ਬਹੁਤ ਦੂਰ ਹੋ ਗਿਆ ਹਾਂ॥

**ਭਾਵ ਅਰਥ** : ਜੀਵ ਨੂੰ ਮੂਰਤੀ ਪੂਜਾ ਛੱਡ ਕੇ ਪ੍ਰਭੂ ਦਾ ਨਾਮ-ਸਿਮਰਨ ਕਰਨਾ ਚਾਹੀਦਾ ਹੈ॥

## ਰਾਗੁ ਜੈਤਸਰੀ -39

***ਨਾਥ ਕਛੂਅ ਨ ਜਾਨਉ ॥ ਮਨੁ ਮਾਇਆ ਕੈ ਹਾਥਿ ਬਿਕਾਨਉ ॥ ੧ ॥ ਰਹਾਉ ॥***
***ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥ ਹਮ ਕਹੀਅਤ ਕਲਿਜੁਗ ਕੇ ਕਾਮੀ ॥ ੧ ॥***
***ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥ ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥ ੨ ॥***
***ਜਤ ਦੇਖਉ ਤਤ ਦੁਖ ਕੀ ਰਾਸੀ ॥ ਅਜੌਂ ਨ ਪਤ੍ਯਾਇ ਨਿਗਮ ਭਏ ਸਾਖੀ ॥ ੩ ॥***
***ਗੋਤਮ ਨਾਰਿ ਉਮਾਪਤਿ ਸ੍ਵਾਮੀ ॥ ਸੀਸੁ ਧਰਨਿ ਸਹਸ ਭਗ ਗਾਂਮੀ ॥ ੪ ॥***
***ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥ ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥ ੫ ॥***
***ਕਹਿ ਰਵਿਦਾਸ ਕਹਾ ਕੈਸੇ ਕੀਜੈ ॥ ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥ ੬ ॥***

**ਸ਼ਬਦ ਅਰਥ** : **ਨਾਥ**-ਹੇ ਸ੍ਰਿਸ਼ਟੀ ਦੇ ਮਾਲਿਕ ਪ੍ਰਭੂ, ਜੋਗੀਆਂ ਦੇ ਮਹੰਤਾਂ ਦੀ ਉਪਾਧੀ। **ਕਛੂਅ ਨ ਜਾਨਉ**-ਕੁਝ ਵੀ ਨਹੀਂ ਜਾਣਦਾ, ਕੋਈ ਪੇਸ਼ ਨਹੀਂ ਜਾਂਦੀ। **ਬਿਕਾਨਉ**-ਵੇਚ ਦੇਣਾ॥ ੧॥ **ਕਹੀਅਤ**-ਅਖ਼ਵਾਉਂਦੇ ਹੋ, ਕਿਹਾ ਜਾਂਦਾ ਹੈ। **ਕਾਮੀ**-ਵਿਸ਼ਈ॥ ੧॥

**ਪੰਚਨ**-ਕਾਮਾਦਿਕ ਪੰਜ ਵਿਕਾਰ। ਮਨ ਦੇ ਪੰਜ ਵਿਨਾਸ਼ਕਾਰੀ ਵਿਕਾਰਾਂ ਬਾਰੇ ਜਾਣੇ ਬਿਨਾਂ ਸਤਿਗੁਰੂ ਮਹਾਰਾਜ ਜੀ ਦੀ ਬਾਣੀ-ਵਿਚਾਰਧਾਰਾ ਨੂੰ ਪੂਰਨ ਰੂਪ ਵਿੱਚ ਸਮਝਿਆ ਨਹੀਂ ਜਾ ਸਕਦਾ। ਇਹ ਜਾਨਲੇਵਾ ਵਿਕਾਰ ਹਨ : ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ। ਸਤਿਗੁਰੂ ਮਹਾਰਾਜ ਜੀ ਦੀ ਬਾਣੀ ਵਿੱਚ ਇਨ੍ਹਾਂ ਵਿਕਾਰਾਂ ਦਾ 25 ਸ਼ਬਦਾਂ ਤੇ 9 ਦੋਹਿਆਂ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਜ਼ਿਕਰ ਹੋਇਆ ਮਿਲਦਾ ਹੈ। ਉਦਾਹਰਣ ਵਜੋਂ ਪ੍ਰਮੁੱਖ ਸ਼ਬਦ ਹਨ : ਸ਼ਬਦ ਨੰ: 35, 39, 50, 63, 77 'ਬਾਰਾਂ ਮਾਸ' ਉਪਦੇਸ਼ ਤੇ ਮੰਗਲਾਚਾਰ ਆਦਿਕ ਅਤੇ ਦੋਹਾ ਨੰ : 133 ਤੇ 135 ਆਦਿਕ। ਆਪ ਜੀ ਅਨੁਸਾਰ ਇਹ ਵਿਕਾਰ ਆਸ਼ਾ-ਤ੍ਰਿਸ਼ਨਾ ਤੋਂ ਪੈਦਾ ਹੁੰਦੇ ਹਨ ਤੇ ਜੀਵ ਦਾ ਅੰਦਰੋ-ਅੰਦਰ ਹੀ ਵਿਨਾਸ਼ ਕਰ ਦਿੰਦੇ ਹਨ। ਪਰ ਜਦੋਂ ਤੱਕ ਜੀਵ ਇਨ੍ਹਾਂ ਨੂੰ ਨਿਓਂਦਾ ਨਹੀਂ ਦਿੰਦਾ ਉਦੋਂ ਤੱਕ ਇਹ ਵਿਕਾਰ ਉਸ ਅੰਦਰ ਆਪਣੀਆਂ ਜੜ੍ਹਾਂ ਪੱਕੀਆਂ ਨਹੀਂ ਕਰ ਸਕਦੇ। ਜਿਉਂ ਹੀ ਜੀਵ ਵਿਕਾਰਾਂ ਵਿੱਚ ਗ੍ਰਸਤ ਹੋਣਾ ਸ਼ੁਰੂ ਹੁੰਦਾ ਹੈ ਤਿਉਂ ਹੀ ਬੁਰੇ ਕਰਮਾਂ ਦੀ ਪਕੜ ਮਜ਼ਬੂਤ

ਹੋਣਾ ਸ਼ੁਰੂ ਹੋ ਜਾਂਦੀ ਹੈ ਤੇ ਹੌਲੀ-ਹੌਲੀ ਕਰਕੇ ਜੀਵ ਨੂੰ ਪੂਰੀ ਤਰ੍ਹਾਂ ਆਪਣੇ ਸ਼ਿਕੰਜੇ ਵਿੱਚ ਲੈ ਲੈਂਦੀ ਹੈ। ਇਹ ਵਿਕਾਰ ਜੀਵ ਨੂੰ ਕਈ ਤਰ੍ਹਾਂ ਦੇ ਪ੍ਰਲੋਭਨ ਦਿਖਾਉਂਦੇ ਹਨ ਤੇ ਇੰਦਰੀਆਂ ਨੂੰ ਲੁਭਾਉਣ ਲਈ ਕਈ ਤਰ੍ਹਾਂ ਦੇ ਝੂਠੇ ਬਹਾਨੇ ਵੀ ਬਣਾਉਂਦੇ ਹਨ। ਇਹ ਵਿਕਾਰ ਜੀਵ ਨੂੰ ਧਨ-ਦੌਲਤ, ਪ੍ਰੇਮ-ਪਿਆਰ, ਭੋਗ-ਵਿਲਾਸ, ਮਾਣ-ਵਡਿਆਈ, ਰਾਜ-ਪਾਠ ਤੇ ਹਕੂਮਤ ਆਦਿਕ ਦੇ ਮ੍ਰਿਗ-ਤ੍ਰਿਸ਼ਨਾ ਰੂਪੀ ਜਾਲ਼ ਵਿੱਚ ਇਹੋ ਜਿਹਾ ਫਸਾਉਂਦੇ ਹਨ ਕਿ ਉਹ ਆਪਣੇ ਜੀਵਨ ਦੇ ਅਸਲੀ ਮਕਸਦ ਨੂੰ ਬਿਲਕੁਲ ਹੀ ਭੁੱਲ ਜਾਂਦਾ ਹੈ ਤੇ ਮੁੜ ਜਨਮ-ਮਰਨ ਦੇ ਸਦਾ ਚੱਲਦੇ ਰਹਿਣ ਵਾਲੇ ਚੱਕਰ ਵਿੱਚ ਪੈ ਜਾਂਦਾ ਹੈ। ਆਓ ਕੁਝ ਵਿਸਥਾਰ ਨਾਲ ਇਨ੍ਹਾਂ ਵਿਕਾਰਾਂ ਦਾ ਅਧਿਐਨ ਕਰੀਏ।

**ਕਾਮ** :- ਜੀਵ ਆਪਣੀ ਬੁੱਧੀ ਨਾਲ ਵਿਸ਼ਿਆਂ ਨੂੰ ਭੋਗਦਾ ਹੋਇਆ ਜਿਹੜੇ ਆਨੰਦ ਦਾ ਅਨੁਭਵ ਕਰਦਾ ਹੈ, ਉਹ ਸਧਾਰਨ ਤੌਰ ’ਤੇ ਕਾਮ ਹੈ। ਜੀਵ ਵਿੱਚ ਇਹ ਸੁਭਾਵਿਕ ਤੇ ਰਾਗਾਤਮਕ (ਪ੍ਰੇਮ ਦੀ ਕਲਾ) ਪ੍ਰਵਿਰਤੀ ਹੈ। ਕੁਦਰਤ ਨੇ ਸੰਸਾਰ ਵਿੱਚ ਜੀਵਨ ਕਾਇਮ ਰੱਖਣ ਲਈ ਸਭ ਜੀਵ-ਜੰਤੂਆਂ ਨੂੰ ਇਹ ਇਕ ਸਾਧਨ ਦਿੱਤਾ ਹੈ। ਇਸ ਦੀ ਮਰਿਯਾਦਾ ਅਤਿਅੰਤ ਪਵਿੱਤਰ ਹੈ। ਇਹ ਮਾਨਵ ਸਰੀਰ ਦੀ ਚੇਤਨਾ ਦਾ ਅਭਿੰਨ ਅੰਗ ਹੈ। ਕਾਮ ਸ਼ਕਤੀ, ਜੀਵਨ ਸ਼ਕਤੀ ਦਾ ਚਿੰਨ੍ਹ ਹੈ। ਕਾਮ ਪ੍ਰਜਨਨ ਲਈ ਅਤਿ ਜ਼ਰੂਰੀ ਹੈ ਪਰ ਇਸਦਾ ਨਿਰਧਾਰਿਤ ਸਮੇਂ ’ਤੇ ਹੀ ਪ੍ਰਯੋਗ ਕਰਨਾ ਚਾਹੀਦਾ ਹੈ। ਮਨੋ-ਵਿਗਿਆਨੀਆਂ ਅਨੁਸਾਰ ‘ਕਾਮ’ ਸਾਰੀਆਂ ਵਾਸ਼ਨਾਵਾਂ ਦੀ ਮੂਲ-ਭੂਤ (ਮੁੱਢਲੀ) ਵਾਸ਼ਨਾ ਹੈ। ਸਭ ਤਰ੍ਹਾਂ ਦੀਆਂ ਅਸਾਧਾਰਨ ਇੱਛਾਵਾਂ-ਤ੍ਰਿਸ਼ਨਾਵਾਂ-ਲਾਲਸਾਵਾਂ ਜਿਨ੍ਹਾਂ ਨੂੰ ਸਿਰਫ਼ ਸੁਆਦ ਲੈਣ ਲਈ ਪੂਰਾ ਕੀਤਾ ਜਾਂਦਾ ਹੈ, ਕਾਮ-ਵਾਸ਼ਨਾਵਾਂ ਅਖਵਾਉਂਦੀਆਂ ਹਨ। ਇਹ ਵਿਕਾਰ ਪੰਜਾਂ ਵਿਕਾਰਾਂ ਵਿੱਚੋਂ ਸਭ ਤੋਂ ਵੱਧ ਸ਼ਕਤੀਸ਼ਾਲੀ ਤੇ ਘਾਤਕ ਹੈ। ਜਦੋਂ ਜੀਵ ਅੰਨ੍ਹੇਵਾਹ ਇਸ ਵਿੱਚ ਲਿਪਤ ਹੋ ਜਾਂਦਾ ਹੈ ਤਾਂ ਇਹ ਜੀਵ ਦੀ ਤਬਾਹੀ ਦਾ ਕਾਰਨ ਬਣਦਾ ਹੈ। ਇਸ ਵਿਕਾਰ ਦਾ ਮੰਤਵ ਜੀਵ ਦੇ ਮਨ ਨੂੰ ਅੰਨ੍ਹਾ ਕਰਕੇ ਹੇਠਾਂ ਵੱਲ ਘਸੀਟਣਾ ਹੁੰਦਾ ਹੈ। ਇਹ ਜੀਵ ਨੂੰ ਜੀਵਨ ਭਰ ਆਪਣੇ ਜਾਲ਼ ਵਿੱਚ ਫਸਾਈ ਰੱਖਦਾ ਹੈ। ਸ਼ੁਰੂ ਵਿੱਚ ਇਹ ਬਹੁਤ ਲੁਭਾਉਣਾ ਪ੍ਰਤੀਤ ਹੁੰਦਾ ਹੈ, ਪਰ ਜਦੋਂ ਨਤੀਜੇ ਸਾਹਮਣੇ ਆਉਂਦੇ ਹਨ ਤਾਂ ਪਤਾ ਲੱਗਦਾ ਹੈ ਕਿ ਇਹ ਕਿੰਨਾ ਕਪਟੀ, ਭਿਆਨਕ ਤੇ ਘਾਤਕ ਹੈ। ਇਸ ਦੇ ਹੱਥੇ ਚੜ੍ਹਿਆ ਜੀਵ ਹਰ ਤਰ੍ਹਾਂ ਦੀ ਨੈਤਿਕ ਜ਼ੁੰਮੇਵਾਰੀ ਭੁੱਲ ਜਾਂਦਾ ਹੈ ਤੇ ਪਸ਼ੂਆਂ ਵਾਲੀ ਪੱਧਰ ’ਤੇ ਹੇਠਾਂ ਡਿਗ ਕੇ ਅੰਨ੍ਹੇਵਾਹ ਮੂਰਖ਼ਤਾ ਭਰੇ ਕਰਮ ਕਰਦਾ ਹੈ। ਫਿਰ ਇਹ ਵਿਕਾਰ ਜੀਵ ਨੂੰ ਇਸ ਸਤਰ ’ਤੇ ਹੀ ਟਿਕੇ ਰਹਿਣ ਲਈ ਮਜ਼ਬੂਰ ਕਰ ਦਿੰਦਾ ਹੈ। ਜਦੋਂ ਜੀਵ ਇਸ ਵਿੱਚ ਲਿਪਤ ਹੋ ਕੇ ਆਪਣਾ ਤੇਜ ਖੋਹ ਬੈਠਦਾ ਹੈ ਤਾਂ ਇਹ ਵਿਕਾਰ ਉਸਨੂੰ ਕੂੜੇ ਦੇ ਢੇਰ ’ਤੇ ਪਟਕ ਦਿੰਦਾ ਹੈ। ਭੋਗ-ਵਿਲਾਸ ਵਿੱਚ ਲਿਪਤ ਹੋਏ ਜੀਵ ਦੀ ਨਾ ਕੇਵਲ ਸਰੀਰਕ ਸ਼ਕਤੀ ਦਾ ਨਾਸ਼ ਹੁੰਦਾ ਹੈ ਬਲਕਿ ਉਸਦੀ ਸਮਰਨ ਸ਼ਕਤੀ ਵੀ ਅਲੋਪ ਹੋ ਜਾਂਦੀ ਹੈ ਤੇ ਬੁੱਧੀ ਵੀ ਭ੍ਰਿਸ਼ਟ ਹੋ ਜਾਂਦੀ ਹੈ। ਉਹ ਵਿਵੇਕਹੀਣ ਹੋਇਆ ਇੰਦਰੀਆਂ ਦਾ ਗ਼ੁਲਾਮ ਬਣ ਕੇ ਹੀ ਰਹਿ ਜਾਂਦਾ ਹੈ ਜਿਸ ਕਾਰਨ ਉਸ ਦਾ ਸਰੀਰ, ਮਨ ਤੇ ਆਤਮਾ ਮਲੀਨ ਤੇ ਅਪਵਿੱਤਰ ਰਹਿੰਦੇ ਹਨ। ਪਰ ਜਦੋਂ ਕਾਮ-ਵਾਸਨਾ ਦੀ ਠੀਕ ਉਦੇਸ਼ ਲਈ ਵਰਤੋਂ

ਕੀਤੀ ਜਾਵੇ ਤਾਂ ਇਹ ਜੀਵ ਨੂੰ ਨੈਤਿਕ ਪਤਨ ਵੱਲ ਹੇਠਾਂ ਡਿਗਣ ਨਹੀਂ ਦਿੰਦੀ।

**ਕ੍ਰੋਧ** :- ਕ੍ਰੋਧ ਚਿੱਤ ਦੀ ਉਹ ਉੱਘਰ ਭਾਵਨਾ ਹੈ ਜਿਹੜੀ ਵਿਰੋਧ, ਕਸ਼ਟ ਜਾਂ ਹਾਨੀ ਪਹੁੰਚਾਉਣ ਵਾਲੇ ਅਥਵਾ ਅਨੁੱਚਿਤ ਕੰਮ ਕਰਨ ਵਾਲੇ ਦੇ ਪ੍ਰਤੀ ਹੁੰਦੀ ਹੈ। ਪੰਜ ਘਾਤਕ ਦੁਸ਼ਮਣਾਂ ਵਿੱਚੋਂ ਦੂਸਰਾ ਸਥਾਨ ਕ੍ਰੋਧ ਦਾ ਹੈ। ਇਸ ਦਾ ਕੰਮ ਗੁੱਸਾ ਕਰਨਾ, ਫ਼ਸਾਦ ਕਰਨਾ, ਭਰਮ ਪੈਦਾ ਕਰਨਾ ਤੇ ਮਨ ਨੂੰ ਫ਼ੈਲਾਉਣਾ ਹੈ। ਕ੍ਰੋਧ ਹਰ ਬੁਰਾਈ ਦਾ ਸਰੋਤ ਹੈ, ਜੜ੍ਹ ਹੈ। ਕ੍ਰੋਧ ਸ਼ਾਂਤੀ ਭੰਗ ਕਰਦਾ ਹੈ, ਪ੍ਰੇਮ ਦੇ ਭਾਵ ਨੂੰ ਨਸ਼ਟ ਕਰਦਾ ਹੈ ਤੇ ਨਫ਼ਰਤ ਪੈਦਾ ਕਰਦਾ ਹੈ। ਕ੍ਰੋਧ ਮੂਰਖ਼ ਜੀਵ ਦੇ ਹਿਰਦੇ ਵਿੱਚ ਵਸਦਾ ਹੈ। ਜਦੋਂ ਜੀਵ ਵਿਵੇਕ ਸ਼ਕਤੀ ਖੋਹ ਬਹਿੰਦਾ ਹੈ ਤਾਂ ਉਹ ਕ੍ਰੋਧਿਤ ਕਹਾਉਂਦਾ ਹੈ। ਉਸ ਸਮੇਂ ਉਸਦਾ ਵਿਵਹਾਰ ਦੈਂਤ ਵਰਗਾ ਹੋ ਜਾਂਦਾ ਹੈ। ਕ੍ਰੋਧ ਇਨਸਾਨ ਨੂੰ ਇਨਸਾਨ ਦਾ, ਇਕ ਸਮਾਜ ਨੂੰ ਦੂਜੇ ਸਮਾਜ ਦਾ ਤੇ ਇਕ ਧਰਮ ਨੂੰ ਦੂਜੇ ਧਰਮ ਦਾ ਦੁਸ਼ਮਨ ਬਣਾਉਂਦਾ ਹੈ। ਇਹ ਮਨ ਤੇ ਆਤਮਾ ਦੇ ਹਰ ਉੱਤਮ ਗੁਣਾਂ ਦਾ ਨਾਸ਼ ਕਰਦਾ ਹੈ। ਇਸ ਵਿਕਾਰ ਦੇ ਸ਼ਿਕਾਰ ਹੋਏ ਜੀਵ ਦਾ ਕੁਝ ਬਚਦਾ ਹੀ ਨਹੀਂ ਸਿਵਾਏ ਇਸ ਦੇ ਕਿ ਉਹ ਜੀਵ ਇਕ ਬੇਜ਼ਾਨ ਢਾਂਚਾ-ਮਾਤਰ ਹੀ ਰਹਿ ਜਾਂਦਾ ਹੈ। ਇਸ ਦਾ ਕਾਰਜ ਦੂਸਰਿਆਂ 'ਤੇ ਚੋਟ ਕਰਨਾ ਤੇ ਉਨ੍ਹਾਂ ਦਾ ਨਾਸ਼ ਕਰਨਾ ਹੁੰਦਾ ਹੈ ਪਰ ਇਸ ਦਾ ਸਭ ਤੋਂ ਵੱਧ ਵਿਨਾਸ਼ਕਾਰੀ ਨਤੀਜਾ ਕ੍ਰੋਧ ਕਰਨ ਵਾਲੇ ਜੀਵ ਨੂੰ ਖ਼ੁਦ ਭੋਗਣਾ ਪੈਂਦਾ ਹੈ। ਇਹ ਇਕ ਅਜਿਹਾ ਘਾਤਕ ਵਿਕਾਰ ਹੈ ਜਿਹੜਾ ਜੀਵ ਨੂੰ ਅਨੇਕਾਂ ਮੁਸੀਬਤਾਂ ਤੇ ਕਸ਼ਟਮਈ ਪ੍ਰਸਥਿਤੀਆਂ ਵਿੱਚ ਧਕੇਲਦਾ ਹੈ। ਇਹ ਇਕ ਖ਼ਤਰਨਾਕ ਮਾਨਸਿਕ ਰੋਗ ਹੈ ਜਿਹੜਾ ਸਰੀਰ ਨੂੰ ਲੱਗੇ ਹੋਏ ਹੋਰ ਅਨੇਕਾਂ ਰੋਗਾਂ ਨਾਲੋਂ ਕਿਤੇ ਵੱਧ ਦੁਖਦਾਈ ਹੁੰਦਾ ਹੈ ਤੇ ਜਿਸ ਨੂੰ ਠੀਕ ਕਰਨ ਵਿੱਚ ਵੀ ਸਰੀਰ ਦੇ ਰੋਗਾਂ ਨੂੰ ਠੀਕ ਕਰਨ ਨਾਲੋਂ ਕਿਤੇ ਵੱਧ ਸਮਾਂ ਲਗਦਾ ਹੈ। ਕ੍ਰੋਧ ਦਾ ਇਲਾਜ ਵੀ ਜੀਵ ਨੂੰ ਖ਼ੁਦ ਆਪ ਹੀ ਕਰਨਾ ਪੈਂਦਾ ਹੈ। ਕ੍ਰੋਧ ਕਾਇਰਤਾ ਦੀ ਨਿਸ਼ਾਨੀ ਹੈ। ਸ਼ੱਕੀ/ਸ਼ੰਕੀ ਜੀਵ ਨੂੰ ਹਮੇਸ਼ਾ ਜ਼ਿਆਦਾ ਕ੍ਰੋਧ ਆਉਂਦਾ ਹੈ ਕਿਉਂਕਿ ਉਸ ਵਿੱਚ ਪ੍ਰਸਿਥਤੀਆਂ ਦਾ ਬੋਝ ਝੱਲਣ ਲਈ ਤਾਕਤ ਤੇ ਹੌਸਲਾ ਨਹੀਂ ਹੁੰਦਾ। ਕ੍ਰੋਧ ਜੀਵ ਵਿੱਚ ਸੋਚਣ-ਸਮਝਣ ਦੀ ਬੁੱਧੀ ਨੂੰ ਖ਼ਤਮ ਕਰਕੇ ਉਸਦੇ ਮਨ ਨੂੰ ਕਾਲਾ ਕਰ ਦਿੰਦਾ ਹੈ। ਫਿਰ ਵਿਵੇਕਹੀਣ ਹੋਇਆ ਜੀਵ ਸਮਾਜ ਦੀਆਂ ਨਜ਼ਰਾਂ ਵਿੱਚ ਗਿਰ ਜਾਂਦਾ ਹੈ। ਕ੍ਰੋਧ ਆਉਣ ਦਾ ਪ੍ਰਮੁੱਖ ਕਾਰਨ ਵਿਅਕਤੀਗਤ ਜਾਂ ਸਮਾਜਿਕ ਅਣ-ਗਹਿਲੀ ਹੁੰਦਾ ਹੈ। ਕ੍ਰੋਧ ਕਾਲ ਦਾ ਸਭ ਤੋਂ ਵੱਡਾ ਸੇਵਕ ਹੈ। ਇਸ ਦਾ ਅੰਤ ਅੰਧਕਾਰ ਹੈ ਤੇ ਇਹ ਹਮੇਸ਼ਾ ਜੀਵ ਨੂੰ ਜਨਮ-ਮਰਨ ਦੇ ਗੇੜ ਨਾਲ ਬੰਨ੍ਹੀ ਰੱਖਦਾ ਹੈ। ਇਸ ਲਈ ਕੋਈ ਵੀ ਬੋਲ ਬੋਲਣ ਤੋਂ ਪਹਿਲਾਂ ਜੀਵ ਨੂੰ ਆਪਣੇ ਆਪ ਤੋਂ ਪੁੱਛ ਲੈਣਾ ਚਾਹੀਦਾ ਹੈ ਕਿ ਕੀ ਇਹ ਬੋਲ ਸੱਚੇ ਹਨ ? ਕੀ ਇਹ ਬੋਲ ਬੋਲਣੇ ਜ਼ਰੂਰੀ ਹਨ ? ਕੀ ਇਨ੍ਹਾਂ ਵਿੱਚ ਪ੍ਰੇਮ ਤੇ ਦਇਆ ਦਾ ਭਾਵ ਹੈ ? ਜੋ ਵੀ ਜੀਵ ਅਜਿਹੇ ਨਿਯਮਾਂ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਂਦਾ ਹੈ ਉਹ ਸਤਿਗੁਰ ਦੀ ਕਿਰਪਾ ਨਾਲ ਕ੍ਰੋਧ ਦੇ ਪ੍ਰਕੋਪ ਤੋਂ ਬਚਿਆ ਰਹਿੰਦਾ ਹੈ।

**ਲੋਭ** :- ਕਿਸੇ ਵੀ ਚੀਜ਼ ਨੂੰ ਪ੍ਰਾਪਤ ਕਰਨ ਦੀ ਪ੍ਰਬਲ ਕਾਮਨਾ ਜਾਂ ਲਾਲਸਾ ਜਿਸ ਦੀ ਪੂਰਤੀ ਹੋ ਜਾਣ 'ਤੇ ਵੀ ਤ੍ਰਿਪਤੀ ਨਾ ਹੋਵੇ ਲੋਭ ਕਹਾਉਂਦੀ ਹੈ। ਇਸ ਤਰ੍ਹਾਂ ਅਸੀਂ ਕਹਿ

ਸਕਦੇ ਹਾਂ ਕਿ ਕਿਸੇ ਵੀ ਭੌਤਿਕ ਵਸਤੂ, ਪਦਾਰਥ, ਧਨ, ਜਾਇਦਾਦ ਆਦਿ ਦੇ ਪ੍ਰਤੀ ਮੋਹ ਹੋ ਜਾਣ 'ਤੇ ਜ਼ਿਆਦਾ ਤੋਂ ਜ਼ਿਆਦਾ ਪ੍ਰਾਪਤ ਕਰਨ ਲਈ ਮਨ ਦੀ ਕਾਮਨਾ ਹੀ ਲੋਭ ਹੈ। ਲੋਭ ਅਜਿਹੀ ਤ੍ਰਿਸ਼ਨਾ ਹੈ ਜਿਸ ਨਾਲ ਜੀਵਨ ਵਿੱਚ ਸਬਰ-ਸੰਤੋਖ ਕਰਨ ਵਾਲੀ ਸ਼ਕਤੀ ਦਾ ਖ਼ਾਤਮਾ ਹੋ ਜਾਂਦਾ ਹੈ। ਇਹ ਅਤਿਅੰਤ ਭ੍ਰਿਸ਼ਟਿਆ ਹੋਇਆ ਤੇ ਸਭ ਤੋਂ ਵੱਧ ਜ਼ਹਿਰੀਲਾ ਵਿਕਾਰ ਹੈ। ਲੋਭ ਦਾ ਕਾਰਜ ਜੀਵ ਨੂੰ ਮਾਇਆਵੀ ਸੰਸਾਰ ਨਾਲ ਬੰਨ੍ਹੀਂ ਰੱਖਣਾ ਹੈ। ਇਹ ਜੀਵ ਨੂੰ ਭਰਮਾਂ ਵਿੱਚ ਪਾ ਕੇ ਉਸ ਨੂੰ ਉੱਚੇ ਤੇ ਸੁੱਚੇ ਆਦਰਸ਼ਾਂ ਤੋਂ ਨੀਚੇ ਡਿਗਾਉਂਦਾ ਹੈ। ਜਿਸ ਤਰ੍ਹਾਂ ਕਾਮ ਜੀਵ ਨੂੰ ਪਸ਼ੂ ਦੀ ਪੱਧਰ 'ਤੇ ਹੇਠਾਂ ਖਿੱਚਦਾ ਹੈ, ਕ੍ਰੋਧ ਉਸ (ਜੀਵ) ਨੂੰ ਸਾੜ ਕੇ ਸੁਆਹ ਕਰਦਾ ਹੈ, ਉਸ ਤਰ੍ਹਾਂ ਲੋਭ ਜੀਵ ਦੇ ਹਿਰਦੇ ਨੂੰ ਕਠੋਰ ਤੇ ਨਿਰਦਈ ਬਣਾਉਂਦਾ ਹੈ ਤੇ ਧਨ-ਦੌਲਤ ਆਦਿਕ ਦੁਨਿਆਵੀ ਪਦਾਰਥਾਂ ਨਾਲ ਬੰਨ੍ਹੀਂ ਰੱਖਦਾ ਹੈ। ਅਧਿਕ ਪ੍ਰਾਪਤੀ ਦਾ ਲੋਭ ਜੀਵ ਨੂੰ ਭ੍ਰਿਸ਼ਟ ਤੇ ਕਪਟੀ ਬਣਾਉਂਦਾ ਹੈ, ਜਿਸ ਨਾਲ ਉਹ ਆਪਣੇ ਤੇ ਪਰਾਏ ਦੀ ਸਮਝ ਖੋਹ ਬਹਿੰਦਾ ਹੈ। ਸੰਸਾਰ ਵਿੱਚ ਜਿੰਨੇ ਵੀ ਘੋਰ ਪਾਪ ਹੁੰਦੇ ਹਨ ਉਹ ਲੋਭ ਦੇ ਹੀ ਕਾਰਨ ਹੁੰਦੇ ਹਨ। ਲੋਭ ਸਾਰੇ ਕੁਕਰਮਾਂ/ ਅਨਰਥਾਂ ਦਾ ਰਾਜਾ ਤੇ ਪਾਪ ਦਾ ਪਿਓ ਹੈ। ਲੋਭੀ ਜੀਵ ਸਮਾਜ ਵਿੱਚ ਆਪਣਾ ਮਾਨ-ਸਨਮਾਨ ਸਭ ਕੁਝ ਖੋਹ ਬਹਿੰਦਾ ਹੈ। ਲੋਭ ਕਿਸੇ ਵੀ ਤਰ੍ਹਾਂ ਦਾ ਹੋਵੇ ਉਹ ਜੀਵਨ ਨੂੰ ਕਸ਼ਟਮਈ ਹੀ ਬਣਾਉਂਦਾ ਹੈ। ਲੋਭ ਦੇ ਵੱਸ ਪਿਆ ਹੋਇਆ ਜੀਵ ਧਨ-ਦੌਲਤ ਦਾ ਗ਼ੁਲਾਮ ਬਣ ਕੇ ਰਹਿ ਜਾਂਦਾ ਹੈ। ਅਜਿਹੇ ਜੀਵ ਦੇ ਮਨ ਵਿੱਚ ਦਇਆ-ਭਾਵ ਨਹੀਂ ਰਹਿੰਦਾ। ਉਸ ਲਈ ਕੋਈ ਵੀ ਦੂਸਰੀ ਚੀਜ਼ ਧਨ ਤੋਂ ਵੱਧ ਮਹੱਤਵਪੂਰਨ ਨਹੀਂ ਹੁੰਦੀ। ਉਸਨੂੰ ਲੋਭ ਤੋਂ ਸਿਵਾਏ ਨਾ ਤਾਂ ਕੁਝ ਦਿਸਦਾ ਹੈ ਤੇ ਨਾ ਹੀ ਕੁਝ ਸੁੱਝਦਾ ਹੈ। ਲੋਭ ਦੇ ਵੱਸ ਪਿਆ ਮਨ ਲਗਭਗ ਪੱਥਰ ਬਣ ਚੁੱਕੀ ਬੁੱਧੀ ਸਮਾਨ ਹੁੰਦਾ ਹੈ। ਜਿਸ ਜੀਵ ਦੀਆਂ ਲੋਭ ਬਿਰਤੀਆਂ ਅਸੀਮ ਹੋਣ ਉਹ ਕਦੇ ਵੀ ਸ਼ਾਂਤ ਨਹੀਂ ਰਹਿੰਦਾ। ਬਹੁਤ ਕੁਝ ਪਾਉਣ ਦੇ ਬਾਵਜੂਦ ਵੀ ਉਸਨੂੰ ਓਨੀਂ ਖ਼ੁਸ਼ੀ ਨਹੀਂ ਹੁੰਦੀ ਜਿੰਨਾਂ ਥੋੜ੍ਹਾ ਜਿਹਾ ਖੋਹਣ 'ਤੇ ਦੁੱਖ ਹੁੰਦਾ ਹੈ। ਕੰਜੂਸ ਬਣਨਾ, ਝੂਠ ਬੋਲਣਾ, ਪਖੰਡ ਕਰਨਾ, ਛਲ-ਕਪਟ ਤੋਂ ਕੰਮ ਲੈਣਾ, ਲੁੱਟ-ਮਾਰ ਕਰਨਾ, ਮੁਨਾਫ਼ਾਖੋਰੀ ਤੇ ਚੋਰ-ਬਜ਼ਾਰੀ ਕਰਨਾ ਆਦਿਕ ਲੋਭ ਦੇ ਮੁੱਖ ਲੱਛਣ ਹਨ। ਜਦੋਂ ਜੀਵ ਲੈਣ ਬਾਰੇ ਘੱਟ ਤੇ ਦੇਣ ਬਾਰੇ ਵੱਧ ਸੋਚਣਾ ਸ਼ੁਰੂ ਕਰ ਦਿੰਦਾ ਹੈ ਉਦੋਂ ਉਸਦੇ ਅੰਦਰੋਂ ਇਹ ਵਿਕਾਰ ਖ਼ਤਮ ਹੋਣਾ ਸ਼ੁਰੂ ਹੋ ਜਾਂਦਾ ਹੈ।

**ਮੋਹ** :- ਮੋਹ ਦਾ ਅਰਥ ਹੈ ਮੇਰਾ ਤੇ ਮੇਰੇ ਦੇ ਪ੍ਰਤੀ ਲਗਾਵ, ਕੀ ਜੋ ਮੈਂ ਪਾ ਲਿਆ ਉਹ ਕਿਤੇ ਖੁੱਸ ਨਾ ਜਾਵੇ। ਇਸ ਤਰ੍ਹਾਂ ਵਸਤ-ਪਦਾਰਥ ਜਾਂ ਵਿਅਕਤੀ ਨੂੰ ਦੇਖ ਕੇ ਉਸ 'ਤੇ ਆਕਰਸ਼ਿਤ (ਲਗਾਵ) ਹੋਣਾ ਹੀ ਮੋਹ ਹੈ। ਇਹ ਇਕ ਅਗਿਆਨਤਾ ਭਰਿਆ ਲਗਾਓ ਹੈ ਜਿਸ ਵਿੱਚ ਸਿਰਫ਼ ਦਿਲ ਦਾ ਇਸਤੇਮਾਲ ਹੁੰਦਾ ਹੈ, ਬੁੱਧੀ ਜਾਂ ਵਿਵੇਕ ਦਾ ਨਹੀਂ। ਅੰਨ੍ਹਾ ਮੋਹ ਚੌਥਾ ਵਿਨਾਸ਼ਕਾਰੀ ਵਿਕਾਰ ਹੈ। ਇਹ ਸਭ ਤੋਂ ਵੱਡਾ ਦਗ਼ੇਬਾਜ ਵਿਕਾਰ ਹੈ। ਇਸ ਦੇ ਵੱਸ ਪਏ ਜੀਵ ਨੂੰ ਪਤਾ ਹੀ ਨਹੀਂ ਚਲਦਾ ਕਿ ਉਹ ਕਦੋਂ ਇਸ ਦੇ ਚੁੰਗਲ ਵਿੱਚ ਫਸ ਗਿਆ। ਇਹ ਭੱਦਰ ਪੁਰਸ਼ ਦਾ ਰੂਪ ਧਾਰ ਕੇ ਜੀਵ ਨੂੰ ਅਚਨਚੇਤ ਹੀ ਆਪਣੇ ਪ੍ਰਭਾਵ ਹੇਠਾਂ ਲੈ ਲੈਂਦਾ ਹੈ ਤੇ ਸੱਚਾ ਮਿੱਤਰ ਤੇ ਸਥਾਈ ਸਹਾਇਕ ਹੋਣ ਦਾ ਪਖੰਡ ਕਰਦਾ

ਹੈ। ਇਹ ਬੜੀ ਆਸਾਨੀ ਨਾਲ ਪਰਿਵਾਰ ਦੇ ਮੈਂਬਰ, ਮਿੱਤਰ ਜਾਂ ਹਤੈਸ਼ੀ ਦੇ ਰੂਪ ਵਿੱਚ ਜੀਵ ਦੇ ਮਨ ਅੰਦਰ ਆਪਣੀ ਥਾਂ ਬਣਾ ਲੈਂਦਾ ਹੈ ਤੇ ਉਸ ਵਿੱਚ ਸੰਸਾਰਿਕ ਵਸਤ-ਪਦਾਰਥਾਂ ਦਾ ਮਹੱਤਵ ਏਨਾਂ ਵਧਾ ਦਿੰਦਾ ਹੈ ਕਿ ਉਹ ਉਨ੍ਹਾਂ ਦੇ ਮੋਹ ਵਿੱਚ ਹੀ ਅੰਨ੍ਹਾ ਹੋਇਆ ਰਹਿੰਦਾ ਹੈ। ਜਦੋਂ ਉਹ ਜੀਵ ਪੂਰੀ ਤਰ੍ਹਾਂ ਇਨ੍ਹਾਂ ਵਸਤ-ਪਦਾਰਥਾਂ ਵਿੱਚ ਲਿਪਤ ਹੋ ਜਾਂਦਾ ਹੈ ਤਾਂ ਉਸ ਕੋਲ ਦੂਸਰੇ ਕੰਮਾਂ ਲਈ ਵਕਤ ਹੀ ਨਹੀਂ ਰਹਿੰਦਾ। ਫਿਰ ਉਹ ਆਪਣੇ ਜੀਵਨ ਦੇ ਮੁੱਖ ਲਕਸ਼ ਭਾਵ 'ਮੁਕਤੀ ਪ੍ਰਾਪਤੀ' ਤੋਂ ਵੀ ਦੂਰ ਹੋ ਜਾਂਦਾ ਹੈ। ਜੀਵ ਨੂੰ ਉਸ ਦੇ ਲਕਸ਼ ਤੋਂ ਦੂਰ ਰੱਖਣਾ ਹੀ ਮੋਹ ਦਾ ਇੱਕੋ-ਇਕ ਮੂਲ ਉਦੇਸ਼ ਹੁੰਦਾ ਹੈ। ਮੋਹ ਨਿਤਾ-ਪ੍ਰਤੀ ਨਵੇਂ-ਨਵੇਂ ਬਹਾਨੇ ਘੜਦਾ ਰਹਿੰਦਾ ਹੈ। ਇਹ ਇਕ ਪਾਸੇ ਤਾਂ ਠੀਕ ਸਮੇਂ ਦੀ ਇੰਤਜ਼ਾਰ ਕਰਨ ਦੀ ਸਲਾਹ ਦਿੰਦਾ ਹੈ ਤੇ ਦੂਜੇ ਪਾਸੇ ਨਾਲ ਹੀ ਭਾਂਤ-ਭਾਂਤ ਦੀਆਂ ਸਾਜ਼ਿਸ਼ਾਂ ਰਚ ਕੇ ਹਰ ਵਕਤ ਜੀਵਨ ਵਿੱਚ ਨਵੀਆਂ ਉਲਝਣਾਂ ਪੈਦਾ ਕਰਦਾ ਰਹਿੰਦਾ ਹੈ। ਇਹ ਇਸ ਗੱਲ ਦਾ ਪੂਰਾ ਧਿਆਨ ਰੱਖਦਾ ਹੈ ਕਿ ਜਿਸ ਮੁਨਾਸਿਬ ਸਮੇਂ ਦੇ ਆਉਣ ਦੀ ਇਸ ਨੇ ਸਲਾਹ ਦਿੱਤੀ ਸੀ, ਉਹ ਸਮਾਂ ਕਦੇ ਵੀ ਨਾ ਆਵੇ।

**ਹੰਕਾਰ** :- ਹੰਕਾਰ ਮਨ ਦੀ ਉਹ ਸਵਾਰਥ-ਪੂਰਨ ਬਿਰਤੀ ਹੈ ਜਿਸ ਕਾਰਨ ਜੀਵ ਆਪਣੇ ਆਪ ਨੂੰ ਦੂਸਰਿਆਂ ਨਾਲੋਂ ਬਹੁਤ ਜ਼ਿਆਦਾ ਯੋਗ, ਸਮਰੱਥ ਤੇ ਵੱਡਾ ਕਰਕੇ ਸਮਝਦਾ ਹੈ। ਇਹ ਉਹ ਸ਼ਕਤੀ ਹੈ ਜਿਹੜੀ ਜੀਵ ਨੂੰ ਆਪਣੇ ਆਪ ਨੂੰ ਵਿਸ਼ੇਸ਼ ਸਮਝਣ ਲਈ ਪ੍ਰੇਰਦੀ ਹੈ। ਧੰਨ, ਰੂਪ ਤੇ ਗੁਣ ਦਾ ਆਮ ਲੋਕਾਂ ਨਾਲੋਂ ਜ਼ਿਆਦਾ ਹੋਣ 'ਤੇ ਜੀਵ ਵਿੱਚ ਹੰਕਾਰ ਆ ਜਾਂਦਾ ਹੈ। ਕਿਸੇ ਵੀ ਵਿਅਕਤੀ, ਵਸਤ-ਪਦਾਰਥ ਜਾਂ ਵਿਚਾਰ ਨਾਲ 'ਮੈਂ' ਦਾ ਸੰਬੰਧ ਜੋੜ ਲੈਣਾ ਹੀ ਹੰਕਾਰ ਹੈ। ਇਸ ਨੂੰ ਹੀ 'ਮੈਂ-ਮੇਰੀ' ਦਾ ਨਾਮ ਦਿੱਤਾ ਗਿਆ ਹੈ। ਅਜਿਹੀ ਸ਼ਕਤੀ ਹੀ ਇੱਛਾਵਾਂ ਦੀ ਪੂਰਤੀ ਲਈ ਬੁੱਧੀ ਨੂੰ ਹੁਕਮ ਦਿੰਦੀ ਹੈ। ਲੋੜ ਤੋਂ ਵੱਧ ਵਰਤੋਂ ਕੀਤੇ ਜਾਣ 'ਤੇ ਇਹ ਸ਼ਕਤੀ ਹੰਕਾਰ ਵਿੱਚ ਬਦਲ ਜਾਂਦੀ ਹੈ। ਹੰਕਾਰ ਦਾ ਰੂਪ ਧਾਰ ਕੇ ਇਹ ਸ਼ਕਤੀ ਏਨੀਂ ਜ਼ੋਰਾਵਰ ਤੇ ਬਲਵਾਨ ਹੋ ਜਾਂਦੀ ਹੈ ਕਿ ਜੀਵ ਆਪਣੇ ਆਪ ਨੂੰ ਸਾਰੀ ਸ੍ਰਿਸ਼ਟੀ ਦਾ ਕੇਂਦਰ ਸਮਝਣ ਲੱਗ ਪੈਂਦਾ ਹੈ। ਹੰਕਾਰ ਤੁੱਛ ਬੁੱਧੀ ਦਾ ਪ੍ਰਤੀਕ ਹੈ ਜੋ ਕਿਸੇ ਨੂੰ ਵੀ ਆਪਣੇ ਤੋਂ ਜ਼ਿਆਦਾ ਬੁੱਧੀਮਾਨ ਨਹੀਂ ਸਮਝਦਾ। ਇਹ ਜੀਵਨ ਵਿੱਚ ਚੁੱਪ-ਚਾਪ ਕਦੋਂ ਆ ਜਾਏ ਇਸ ਦੀ ਜੀਵ ਨੂੰ ਭਿਣਕ ਤੱਕ ਹੀ ਨਹੀਂ ਪੈਂਦੀ। ਹੰਕਾਰ ਸਾਰੇ ਵਿਕਾਰਾਂ ਵਿੱਚੋਂ ਵੱਧ ਤਾਕਤਵਰ ਤੇ ਚਤੁਰ-ਚਲਾਕ ਹੈ। ਇਹ ਬਹੁਤ ਲੰਬੇ ਸਮੇਂ ਤੱਕ ਕਾਇਮ ਰਹਿੰਦਾ ਹੈ। ਹੰਕਾਰ ਬੁਰਾਈ ਦਾ ਪੱਕਾ ਦੋਸਤ, ਅੰਧ-ਵਿਸ਼ਵਾਸ ਦਾ ਸਭ ਤੋਂ ਵੱਡਾ ਸਮਰਥਕ ਤੇ ਕ੍ਰੋਧ ਦਾ ਸਭ ਤੋਂ ਵੱਡਾ ਸਾਥੀ ਹੈ। ਇਸ ਦਾ ਮੁੱਖ ਕਾਰਜ ਸੱਚ ਦੇ ਰਾਹ ਉੱਤੇ ਚੱਲਣ ਵਿੱਚ ਰੁਕਾਵਟ ਪਾਉਣਾ ਹੈ। ਵਿਚਾਰ ਦਾ ਸਰੂਪ ਵਿਗਾੜਨਾ, ਹਰ ਗੱਲ ਨੂੰ ਵਧਾ-ਚੜ੍ਹਾ ਕੇ ਬਿਆਨ ਕਰਨਾ ਤੇ ਸਿਰਫ਼ ਆਪਣੇ ਆਪ ਨੂੰ ਹਰ ਚੀਜ਼ ਦਾ ਕੇਂਦਰ ਸਮਝਣਾ, ਹੰਕਾਰ ਦੇ ਵਿਸ਼ੇਸ਼ ਗੁਣ ਹਨ। ਹੰਕਾਰੀ ਜੀਵ ਆਪਣੀ ਅਸਲੀਅਤ ਨਹੀਂ ਪਛਾਣ ਸਕਦਾ ਕਿਉਂਕਿ ਉਸ ਨੂੰ ਆਪਣੀ ਆਕੜ ਦੇ ਸਿਵਾਏ ਹੋਰ ਕੁਝ ਦਿਖਾਈ ਹੀ ਨਹੀਂ ਦਿੰਦਾ। ਹੰਕਾਰ ਉਸ ਨੂੰ ਇਸ ਭਰਮ ਵਿੱਚ ਪਾ ਦਿੰਦਾ ਹੈ ਕਿ ਉਸ (ਜੀਵ) ਵਿੱਚ ਕੋਈ ਔਗੁਣ ਹੈ ਹੀ ਨਹੀਂ। ਉਹ ਹਮੇਸ਼ਾ ਆਪਣੇ ਆਪ ਨੂੰ ਪੂਰੀ ਤਰ੍ਹਾਂ ਦੋਸ਼-ਰਹਿਤ

ਸਮਝਦਾ ਹੈ ਤੇ ਬਾਕੀ ਸਭ ਜੀਵ ਉਸ ਨੂੰ ਦੋਸ਼ਾਂ ਨਾਲ ਭਰੇ ਹੋਏ ਦਿਖਾਈ ਦਿੰਦੇ ਹਨ। ਹੰਕਾਰ-ਵੱਸ ਹੋਇਆ ਜੀਵ ਇਹ ਮੰਨਣ ਲਈ ਕਦੇ ਵੀ ਤਿਆਰ ਨਹੀਂ ਹੁੰਦਾ ਕਿ ਉਸ ਤੋਂ ਕੋਈ ਗ਼ਲਤੀ ਹੋ ਸਕਦੀ ਹੈ। ਇਸ ਲਈ ਉਹ ਹਮੇਸ਼ਾ ਆਪਣੀਆਂ ਧਾਰਨਾਵਾਂ ਤੇ ਅਸੂਲਾਂ ਨਾਲ ਚੁੰਬੜਿਆ ਰਹਿੰਦਾ ਹੈ ਤੇ ਚਾਹੁੰਦਾ ਹੈ ਕਿ ਬਾਕੀ ਸਭ ਜੀਵ ਬਿਨਾਂ ਕਿੰਤੂ-ਪ੍ਰੰਤੂ ਕੀਤੇ ਉਸ ਦੇ ਇਨ੍ਹਾਂ ਸਿਧਾਂਤਾਂ ਨੂੰ ਠੀਕ ਮੰਨਣ। ਹੰਕਾਰ ਕਦੇ ਵੀ ਦੂਸਰਿਆਂ ਦੇ ਹੱਕ ਬਾਰੇ ਨਹੀਂ ਸੋਚਦਾ। ਇਹ ਆਪਣਾ ਸਵਾਰਥ ਪੂਰਾ ਕਰਨ ਲਈ ਦੂਸਰਿਆਂ ਦਾ ਕਿਸੇ ਵੀ ਹੱਦ ਤੱਕ ਇਸਤੇਮਾਲ ਕਰ ਸਕਦਾ ਹੈ। ਆਪਣੀ ਜਿੱਤ ਨਾਲੋਂ ਦੂਸਰਿਆਂ ਦੀ ਹਾਰ 'ਤੇ ਇਸਨੂੰ ਜ਼ਿਆਦਾ ਖ਼ੁਸ਼ੀ ਹੁੰਦੀ ਹੈ। ਇਹ ਆਪਣੇ ਆਪ ਨਾਲ ਬਹੁਤ ਹਮਦਰਦੀ ਕਰਦਾ ਹੈ ਪਰ ਦੂਸਰਿਆਂ ਨਾਲ ਹਰ ਦਮ ਨਿਰਦਯਤਾ ਵਾਲਾ ਵਿਵਹਾਰ ਕਰਦਾ ਹੈ। ਜੀਵਨ ਦੀ ਤਰੱਕੀ ਵਿੱਚ ਹੰਕਾਰ ਇਕ ਬਹੁਤ ਵੱਡੀ ਰੁਕਾਵਟ ਹੈ। ਇਸ ਦੇ ਵੱਸ ਪਿਆ ਜੀਵ ਅਮੂਮਨ ਗਿਰਾਵਟ ਵੱਲ ਹੀ ਜਾਂਦਾ ਹੈ। ਹੰਕਾਰ ਤੋਂ ਭੇਦ-ਬੁੱਧੀ ਪੈਦਾ ਹੁੰਦੀ ਹੈ ਜਿਹੜੀ ਜੀਵ ਨੂੰ ਜੀਵ ਤੋਂ ਹੀ ਨਹੀਂ ਬਲਕਿ ਆਪਣੇ ਮੂਲ ਸਰੋਤ 'ਪਰਮ ਪਿਤਾ ਪਰਮੇਸ਼ਰ' ਤੋਂ ਵੀ ਦੂਰ ਕਰ ਦਿੰਦੀ ਹੈ।

ਸਤਿਗੁਰੂ ਮਹਾਰਾਜ ਜੀ ਅਨੁਸਾਰ ਇਨ੍ਹਾਂ ਵਿਕਾਰਾਂ ਦਾ ਇਲਾਜ ਪੂਰਨ ਗੁਰੂ ਤੋਂ ਸਿਵਾਏ ਹੋਰ ਕਿਸੇ ਕੋਲ ਵੀ ਨਹੀਂ ਹੈ। ਜੋ ਜੀਵ ਸਤਿਗੁਰੂ ਦੇ ਉਪਦੇਸ਼ਾਂ ਅਨੁਸਾਰ ਜਿਉਂ ਹੀ ਆਪਣੀ 'ਸੁਰਤਿ' ਨੂੰ 'ਸ਼ਬਦ' ਨਾਲ ਜੋੜਨਾ ਸ਼ੁਰੂ ਕਰਦਾ ਹੈ ਤਿਉਂ ਹੀ ਇਹ ਨੀਚ ਵਿਕਾਰ ਕਮਜ਼ੋਰ ਹੋਣੇ ਸ਼ੁਰੂ ਹੋ ਜਾਂਦੇ ਹਨ ਤੇ ਹੌਲੀ-ਹੌਲੀ ਕਰਕੇ ਉਸ (ਜੀਵ) ਦਾ ਸਾਥ ਛੱਡ ਜਾਂਦੇ ਹਨ। ਫਿਰ ਸੰਜਮ-ਸੀਲ, ਸਹਿਣਸ਼ੀਲਤਾ, ਸਬਰ-ਸੰਤੋਖ, ਵਿਵੇਕ-ਵਿਰਾਗ ਤੇ ਦੀਨ-ਦਿਆਲਤਾ ਵਰਗੇ ਗੁਣ ਉਸ (ਜੀਵ) ਅੰਦਰ ਭਰ ਜਾਂਦੇ ਹਨ। ਉਹ ਆਤਮਿਕ ਅਡੋਲਤਾ ਵਿੱਚ ਟਿਕਿਆ ਹੋਇਆ ਇੱਛਾ-ਤ੍ਰਿਸ਼ਨਾ ਤੇ ਕਰਮ-ਸਿਧਾਂਤ ਦੇ ਅਧੀਨ ਨਹੀਂ ਰਹਿੰਦਾ ਤੇ ਇਸ ਦੇ ਫਲ-ਸਰੂਪ ਜਨਮ-ਮਰਨ ਦੇ ਗੇੜ ਤੋਂ ਮੁਕਤੀ ਪਾ ਲੈਂਦਾ ਹੈ॥

**ਜੁ**-ਇਤਨਾ। **ਬਿਗਾਰਿਓ**-ਵਿਗਾੜਨਾ। **ਅੰਤਰੁ**-ਦੂਰੀ। **ਪਾਰਿਓ**-ਪਾ ਦਿੱਤਾ ਹੈ॥ ੨॥

**ਜਤ**-ਜਿੱਧਰ। **ਤਤ**- ਉੱਧਰ। **ਰਾਸੀ**-ਢੇਰ, ਸਾਮਾਨ। **ਨ ਪਤੀਆਇ**-ਮੰਨਦਾ ਨਹੀਂ, ਪਤੀਜਦਾ ਨਹੀਂ। **ਨਿਗਮ**-ਧਾਰਮਿਕ ਪੁਸਤਕਾਂ ਜਿਵੇਂ ਵੇਦ, ਪੁਰਾਣ ਆਦਿਕ। **ਸਾਖੀ**-ਗ਼ਵਾਹੀ॥ ੩॥ **ਗੋਤਮ ਨਾਰਿ**-ਰਿਸ਼ੀ ਗੌਤਮ ਦੀ ਪਤਨੀ ਅਹੱਲਿਆ। **ਉਮਾਪਤਿ**-ਉਮਾ ਭਾਵ ਪਾਰਬਤੀ ਦਾ ਪਤੀ, ਸ਼ਿਵ ਜੀ। **ਸੀਸੁ ਧਰਨਿ**-ਸਿਰ ਧਾਰਨਾ। **ਸਹਸ**-ਹਜਾਰਾਂ। **ਪਗ**- ਇਸਤਰੀ ਦੀ ਕਾਮ-ਇੰਦਰੀ। **ਗਾਂਮੀ**- ਪ੍ਰਾਪਤ ਹੋਣਾ॥ ੪॥

**ਦੂਤਨ**-ਦੁਸ਼ਟ। **ਖਲੁ**-ਮੂਰਖ਼। **ਬਧੁ**-ਬੰਨ੍ਹ ਕੇ। **ਮਾਰਿਓ**-ਬੁਰੀ ਤਰ੍ਹਾਂ ਮਾਰਿਆ। **ਬਡੋ**-ਬੜਾ। **ਨਿਲਾਜੁ**-ਬੇ-ਸ਼ਰਮ, ਨਿਰਲੱਜ॥ ੫॥

**ਕਹਾ**-ਕਿੱਥੇ। **ਕੈਸੇ ਕੀਜੈ**-ਕੀ ਕਰਾਂ, ਭਾਵ ਕਿਹੜਾ ਤਰੀਕਾ ਕਰੀਏ। **ਰਘੁਨਾਥੁ**-ਰਘੁ+ਨਾਥੁ = ਰਘੁ-ਪ੍ਰਕਾਸ਼ + ਨਾਥੁ-ਸੁਆਮੀ, ਪ੍ਰਕਾਸ਼ ਸਰੂਪ ਸੁਆਮੀ-ਪ੍ਰਭੂ॥ ੬॥ ੧॥

**ਪਦ ਅਰਥ** : ਹੇ ਸ੍ਰਿਸ਼ਟੀ ਦੇ ਮਾਲਿਕ ਪ੍ਰਭੂ ! ਮੇਰੀ ਮਾਇਆ ਅੱਗੇ ਕੋਈ ਪੇਸ਼ ਨਹੀਂ ਚੱਲਦੀ ਕਿਉਂਕਿ ਮੈਂ ਆਪਣੇ ਮਨ ਨੂੰ ਮਾਇਆ ਦੇ ਹੱਥੀਂ ਵੇਚ ਚੁੱਕਾ ਹਾਂ (ਤੇ ਉਸ ਦਾ ਗ਼ੁਲਾਮ ਹੋ ਕੇ ਰਹਿ ਗਿਆ ਹਾਂ।) ਹੁਣ ਮੈਨੂੰ ਕੁਝ ਵੀ ਸਮਝ ਨਹੀਂ ਆਉਂਦੀ ਕਿ ਮੈਂ ਕੀ ਕਰਾਂ ਤੇ ਕਿੱਧਰ ਜਾਵਾਂ ?॥ ੧॥ ਰਹਾਉ॥

ਹੇ ਪ੍ਰਭੂ! ਆਪ ਜੀ ਨੂੰ ਸਾਰੇ ਸੰਸਾਰ ਦਾ ਗੁਰੂ ਤੇ ਮਾਲਿਕ ਕਿਹਾ ਜਾਂਦਾ ਹੈ। ਪਰ ਅਸੀਂ ਮਾਇਆ ਦੇ ਪ੍ਰਭਾਵ ਕਰਕੇ ਕਲਿਯੁੱਗ ਦੇ ਵਿਸ਼ਈ ਜੀਵ ਕਹੇ ਜਾਂਦੇ ਹਾਂ।(ਹੇ ਪ੍ਰਭੂ! ਮਾਇਆ ਦੇ ਵਿਕਾਰਾਂ ਤੋਂ ਛੁੱਟਣ ਲਈ ਸਾਡੀ ਸਹਾਇਤਾ ਕਰੋ ਜੀ।)॥

2. ਇਨ੍ਹਾਂ ਪੰਜ ਕਾਮਾਦਿਕ ਵਿਕਾਰਾਂ (ਕਾਮ, ਕ੍ਰੋਧ, ਮੋਹ, ਲੋਭ ਤੇ ਹੰਕਾਰ) ਨੇ ਮੇਰੇ ਮਨ ਨੂੰ ਬੁਰੇ ਕਰਮਾਂ ਵਿੱਚ ਲਗਾ ਕੇ ਇੰਨਾ ਵਿਗਾੜ ਦਿੱਤਾ ਹੈ ਕਿ ਮੈਂ ਪਲ-ਪਲ ਕਰਕੇ ਆਪ ਜੀ ਤੋਂ ਦੂਰ ਹੋਈ ਜਾ ਰਿਹਾ ਹਾਂ॥

3. (ਆਤਮਿਕ ਜੀਵਨ ਨੂੰ ਮਾਰ ਮੁਕਾਉਣ ਵਾਲੇ ਇਨ੍ਹਾਂ ਪੰਜ ਦੁਸ਼ਟ ਵਿਕਾਰਾਂ ਨੇ ਸੰਸਾਰ ਨੂੰ ਬੜਾ ਖ਼ੱਜਲ-ਖ਼ੁਆਰ ਕੀਤਾ ਹੋਇਆ ਹੈ।) ਮੈਂ ਜਿੱਧਰ ਵੀ ਦੇਖਦਾ ਹਾਂ ਉੱਧਰ ਹੀ ਦੁੱਖਾਂ ਦੇ ਢੇਰ ਬਣੇ ਹੋਏ ਹਨ। ਮੇਰਾ ਮੂਰਖ਼ ਮਨ ਇਹ ਸਭ ਕੁਝ ਦੇਖਦੇ ਹੋਏ ਵੀ ਨਹੀਂ ਮੰਨਦਾ ਕਿ ਵਿਕਾਰਾਂ ਕਾਰਨ ਹੀ ਦੁੱਖ ਆਉਂਦੇ ਹਨ। ਧਾਰਮਿਕ ਪੁਸਤਕਾਂ ਦੀਆਂ ਸਾਖੀਆਂ ਵੀ ਇਹੋ ਗ਼ਵਾਹੀ ਦਿੰਦੀਆਂ ਹਨ ਕਿ ਵਿਕਾਰ ਹੀ ਸੰਸਾਰੀ-ਜੀਵਾਂ ਦੇ ਦੁੱਖਾਂ ਦੇ ਕਾਰਨ ਹਨ॥

4. ਇਨ੍ਹਾਂ ਪੰਜ ਵਿਕਾਰਾਂ ਤੋਂ ਰਿਸ਼ੀ ਗੌਤਮ, ਉਸਦੀ ਪਤਨੀ ਅਹੱਲਿਆ, ਬ੍ਰਹਮਾ, ਇੰਦਰ ਤੇ ਪਾਰਵਤੀ ਦਾ ਪਤੀ ਸ਼ਿਵ ਆਦਿਕ ਵੱਡੇ-ਵੱਡੇ ਦੇਵਤੇ ਵੀ ਨਹੀਂ ਬਚ ਸਕੇ।(ਕਿਹਾ ਜਾਂਦਾ ਹੈ ਕਿ ਇੰਦਰ ਦੇਵਤਾ ਨੇ ਗੌਤਮ ਰਿਸ਼ੀ ਦੀ ਪਤਨੀ ਅਹੱਲਿਆ ਨਾਲ ਛਲ ਕਰਕੇ ਸੰਭੋਗ ਕੀਤਾ ਜਿਸ ’ਤੇ ਕ੍ਰੋਧਿਤ ਹੋ ਕੇ ਗੌਤਮ ਰਿਸ਼ੀ ਨੇ ਇੰਦਰ ਦੇਵਤਾ ਨੂੰ ਸਰਾਪ ਦੇ ਦਿੱਤਾ, ਜਿਸ ਕਾਰਨ ਇੰਦਰ ਦੇਵਤਾ ਦੇ ਸਰੀਰ ’ਤੇ ਇਸਤਰੀ ਦੇ ਹਜ਼ਾਰਾਂ ਗੁਪਤ ਅੰਗਾਂ ਦਾ ਕੋੜ੍ਹ ਪੈ ਗਿਆ। ਗੌਤਮ ਰਿਸ਼ੀ ਨੇ ਆਪਣੀ ਪਤਨੀ ਅਹੱਲਿਆ ਨੂੰ ਪੱਥਰ ਹੋ ਜਾਣ ਦਾ ਸਰਾਪ ਦੇ ਦਿੱਤਾ ਤੇ ਉਹ ਪੱਥਰ ਬਣ ਗਈ। ਕਾਮ ਵੱਸ ਹੋ ਕੇ ਬ੍ਰਹਮਾ ਆਪਣੀ ਪੁੱਤਰੀ ਦੇ ਰੂਪ ’ਤੇ ਮੋਹਿਤ ਹੋ ਗਿਆ। ਪੁੱਤਰੀ ਜਿੱਧਰ ਜਾਵੇ ਬ੍ਰਹਮਾ ਉੱਧਰ ਹੀ ਆਪਣਾ ਨਵਾਂ ਮੂੰਹ ਬਣਾ ਲਵੇ। ਦੁਖੀ ਹੋ ਕੇ ਉਹ ਆਕਾਸ਼ ਵੱਲ ਉੱਡ ਗਈ ਤੇ ਬ੍ਰਹਮਾ ਨੇ ਆਪਣਾ ਪੰਜਵਾਂ ਮੂੰਹ ਉੱਪਰ ਆਕਾਸ਼ ਵੱਲ ਬਣਾ ਲਿਆ। ਸ਼ਿਵ ਜੀ ਇਹ ਅੱਤ ਦੇਖ ਕੇ ਕ੍ਰੋਧ ਵਿੱਚ ਆ ਗਏ ਤੇ ਉਨ੍ਹਾਂ ਨੇ ਬ੍ਰਹਮਾ ਦਾ ਪੰਜਵਾਂ ਸਿਰ ਕੱਟ ਦਿੱਤਾ ਜੋ ਉਨ੍ਹਾਂ ਦੇ ਹੱਥ ਨਾਲ ਹੀ ਚਿੰਬੜ ਗਿਆ।) ਸੋ ਇਸ ਤਰ੍ਹਾਂ ਇਨ੍ਹਾਂ ਸਭ ਦੇਵਤਿਆਂ ਨੂੰ ਵੀ ਵਿਕਾਰਾਂ ਨੇ ਹੀ ਖ਼ੱਜਲ-ਖ਼ੁਆਰ ਕੀਤਾ ਹੈ॥

5. ਇਨ੍ਹਾਂ ਪੰਜ ਦੁਸ਼ਟ ਵਿਕਾਰਾਂ ਨੇ ਜੀਵ ਦੇ ਮੂਰਖ਼ ਮਨ ਨੂੰ ਬੰਨ੍ਹ ਕੇ ਬੁਰੀ ਤਰ੍ਹਾਂ ਮਾਰਿਆ ਹੈ, ਭਾਵ ਇਨ੍ਹਾਂ ਦੁਸ਼ਟ ਵਿਕਾਰਾਂ ਕਾਰਨ ਜੀਵ ਨੇ ਅਣਗਿਣਤ ਅਸਹਿ ਦੁੱਖ ਝੱਲੇ ਹਨ। ਪਰ ਇਹ ਮਨ ਵੀ ਬੜਾ ਬੇ-ਸ਼ਰਮ ਹੈ, ਇਹ ਅਜੇ ਵੀ ਹਾਰ ਨਹੀਂ ਮੰਨਦਾ ਤੇ ਵਿਕਾਰਾਂ ਵੱਲੋਂ ਨਹੀਂ ਮੁੜਦਾ॥

6. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਇਨ੍ਹਾਂ ਵਿਕਾਰਾਂ ਤੋਂ ਬਚਣ ਲਈ ਜੀਵ ਕਿੱਥੇ ਜਾਏ ਤੇ ਕਿਹੜਾ ਉਪਾਏ ਕਰੇ? ਇਨ੍ਹਾਂ ਵਿਕਾਰਾਂ ਦੇ ਦੁੱਸ਼ ਪ੍ਰਭਾਵ ਤੋਂ ਮੁਕਤ ਹੋਣ ਲਈ ਜੀਵ ਪ੍ਰਭੂ ਦੀ ਸ਼ਰਨ ਤੋਂ ਇਲਾਵਾ ਹੋਰ ਕਿੱਥੇ ਜਾ

ਸਕਦਾ ਹੈ ? ਸੋ ਜੀਵਾਂ ਨੂੰ ਉਸ ਪ੍ਰਕਾਸ਼ ਸਰੂਪ ਸੁਆਮੀ-ਪ੍ਰਭੂ ਦੀ ਸ਼ਰਨ ਵਿੱਚ ਹੀ ਜਾਣਾ ਚਾਹੀਦਾ ਹੈ ਤੇ ਉਸ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ॥

**ਭਾਵ ਅਰਥ** : ਮਾਇਆ ਦੇ ਪੰਜ ਵਿਕਾਰਾਂ ਦੇ ਦੂੱਸ਼ ਪ੍ਰਭਾਵ ਕਾਰਨ ਜੀਵ ਦੂੱਖ ਭੋਗਦਾ ਹੈ। ਪ੍ਰਭੂ ਦੀ ਸ਼ਰਨ ਲੈ ਕੇ ਹੀ ਦੁੱਖਾਂ ਤੋਂ ਮੁਕਤੀ ਪਾਈ ਜਾ ਸਕਦੀ ਹੈ।

## ਰਾਗੁ ਸੂਹੀ -40

***ਸਹ ਕੀ ਸਾਰ ਸੁਹਾਗਨਿ ਜਾਨੈ ॥ ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥***
***ਤਨੁ ਮਨੁ ਦੇਇ ਨ ਅੰਤਰੁ ਰਾਖੈ ॥ ਅਵਰਾ ਦੇਖਿ ਨ ਸੁਨੈ ਅਭਾਖੈ ॥ ੧ ॥***
***ਸੋ ਕਤ ਜਾਨੈ ਪੀਰ ਪਰਾਈ ॥ ਜਾ ਕੈ ਅੰਤਰਿ ਦਰਦੁ ਨ ਪਾਈ ॥ ੧ ॥ ਰਹਾਉ ॥***
***ਦੁਖੀ ਦੁਹਾਗਨਿ ਦੁਇ ਪਖ ਹੀਨੀ ॥ ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ ॥***
***ਪੁਰ ਸਲਾਤ ਕਾ ਪੰਥੁ ਦੁਹੇਲਾ ॥ ਸੰਗਿ ਨ ਸਾਥੀ ਗਵਨੁ ਇਕੇਲਾ ॥ ੨ ॥***
***ਦੁਖੀਆ ਦਰਦਵੰਦੁ ਦਰਿ ਆਇਆ ॥ ਬਹੁਤੁ ਪਿਆਸ ਜਬਾਬੁ ਨ ਪਾਇਆ ॥***
***ਕਹਿ ਰਵਿਦਾਸ ਸਰਨਿ ਪ੍ਰਭ ਤੇਰੀ ॥ ਜਿਉ ਜਾਨਹੁ ਤਿਉ ਕਰੁ ਗਤਿ ਮੇਰੀ ॥ ੩ ॥***

**ਸ਼ਬਦ ਅਰਥ** : **ਸਹ**-ਪਤੀ। **ਸਾਰ**-ਕਦਰ। **ਸੁਹਾਗਨਿ**-ਪਤੀ ਨਾਲ ਪਿਆਰ ਕਰਨ ਵਾਲੀ ਔਰਤ। **ਤਜਿ**-ਛੱਡ ਕੇ। **ਸੁਖ ਰਲੀਆ**-ਸੁੱਖ ਆਨੰਦ। **ਦੇਇ**-ਹਵਾਲੇ ਕਰਦੀ ਹੈ। **ਅੰਤਰੁ**-ਫ਼ਰਕ, ਵਿੱਥ। **ਅਵਰਾ**-ਦੂਸਰਾ। **ਨ ਸੁਨੈ**-ਸੁਣਦੀ ਨਹੀਂ। **ਅਭਾਖੈ**-ਬੋਲਦੀ ਨਹੀਂ॥ ੧॥ **ਸੋ**-ਉਹ। **ਕਤ ਜਾਨੈ**-ਕਿਵੇਂ ਜਾਣ ਸਕਦੀ ਹੈ। **ਪੀਰ ਪਰਾਈ**-ਹੋਰਨਾਂ ਦੀ ਪੀੜ। **ਜਾ ਕੈ ਅੰਤਰਿ**-ਜਿਸ ਦੇ ਹਿਰਦੇ ਵਿੱਚ॥ ੧॥

**ਦੁਹਾਗਨਿ**- ਪਤੀ ਵੱਲੋਂ ਤਿਆਗੀ ਹੋਈ ਔਰਤ। **ਦੁਇ ਪਖ**-ਦੋਨੋਂ ਪਾਸਿਓਂ ਭਾਵ ਸਹੁਰੇ ਤੇ ਪੇਕੇ। **ਹੀਨੀ**-ਵਾਂਝੀ। **ਨਿਰੰਤਰਿ**- ਲਗਾਤਾਰ। **ਪੁਰ ਸਲਾਤ**-ਮੁਸਲਮਾਨੀ ਖ਼ਿਆਲ ਮੁਤਾਬਕ ਦੋਜ਼ਖ ਦੀ ਅੱਗ ਉੱਤੇ ਵਾਲ ਜਿੰਨਾ ਬਾਰੀਕ ਬਣਿਆ ਹੋਇਆ ਪੁਲ। **ਪੰਥੁ**-ਰਸਤਾ। **ਦੁਹੇਲਾ**-ਕਠਿਨ, ਔਖਾ। **ਗਵਨੁ**-ਲੰਘਣਾ, ਪਾਰ ਕਰਨਾ॥ ੨॥

**ਦੁਖੀਆ**-ਦੁੱਖਾਂ ਦਾ ਝੰਬਿਆ ਹੋਇਆ। **ਦਰਦਵੰਦੁ**-ਜੋ ਦੂਜੇ ਦਾ ਦੁੱਖ ਅਨੁਭਵ ਕਰੇ, ਦਯਾਵਾਨ। **ਜਿਉ ਜਾਨਹੁ**- ਜਿਵੇਂ ਆਪ ਨੂੰ ਭਾਉਂਦਾ ਹੈ। **ਤਿਉ ਕਰੁ**-ਤਿਵੇਂ ਹੀ ਕਰ। **ਗਤਿ**-ਮੁਕਤੀ, ਉੱਚ ਆਤਮਿਕ ਅਵਸਥਾ॥ ੩॥

**ਪਦ ਅਰਥ** : ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਇਸ ਸ਼ਬਦ ਵਿੱਚ ਸੁਹਾਗਣ ਤੇ ਦੁਹਾਗਣ ਰਾਹੀਂ ਪ੍ਰਭੂ-ਭਗਤ ਤੇ ਸੰਸਾਰੀ-ਜੀਵ ਦੀ ਜੀਵਨ-ਸ਼ੈਲੀ ਦਾ ਤੁਲਨਾਤਮਿਕ ਚਿੱਤਰ ਪੇਸ਼ ਕੀਤਾ ਹੈ। ਆਪ ਜੀ ਫ਼ਰਮਾਂਦੇ ਹਨ ਕਿ ਪ੍ਰਭੂ-ਪਤੀ ਦੇ ਮਿਲਾਪ ਦੀ ਕਦਰ ਕੇਵਲ ਸੁਹਾਗਣ ਜੀਵ-ਇਸਤਰੀ ਹੀ ਜਾਣਦੀ ਹੈ। ਉਹ ਹੰਕਾਰ ਨੂੰ ਛੱਡ ਕੇ ਤੇ ਪ੍ਰਭੂ-ਪਤੀ ਦੇ ਅਨੁਕੂਲ ਹੋ ਕੇ (ਭਾਵ ਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ-ਚਰਨਾਂ ਵਿੱਚ ਜੁੜ ਕੇ) ਉਸ ਦੇ ਮਿਲਾਪ ਦਾ ਆਨੰਦ ਮਾਣਦੀ ਹੈ। ਉਹ ਆਪਣਾ ਤਨ ਤੇ ਮਨ ਪ੍ਰੀਤਮ-ਪ੍ਰਭੂ ਦੇ ਹਵਾਲੇ ਕਰ ਦਿੰਦੀ ਹੈ (ਭਾਵ ਆਪਣੀਆਂ ਗਿਆਨ ਇੰਦਰੀਆਂ ਨੂੰ ਮਾਇਆ ਦੀ ਭਟਕਣਾਂ ਵੱਲੋਂ ਹਟਾ ਕੇ ਤੇ ਆਪਣੇ ਮਨ ਦੇ ਪਿੱਛੇ ਤੁਰਨਾ ਬੰਦ ਕਰਕੇ ਪ੍ਰਭੂ ਦੀ ਰਜ਼ਾ ਵਿੱਚ ਹੀ ਰਾਜ਼ੀ ਰਹਿੰਦੀ ਹੈ) ਤੇ ਉਸ ਨਾਲੋਂ ਕੋਈ ਵਿੱਥ ਨਹੀਂ ਰੱਖਦੀ (ਭਾਵ ਪ੍ਰਭੂ ਨੂੰ ਹਮੇਸ਼ਾ

ਆਪਣੇ ਅੰਗ-ਸੰਗ ਤੇ ਅੰਦਰ-ਬਾਹਰ ਦੇਖਦੀ ਹੈ)। ਉਹ ਕਿਸੇ ਹੋਰ ਦਾ (ਭਾਵ ਦੇਵੀ-ਦੇਵਤੇ ਆਦਿਕ ਦਾ) ਆਸਰਾ ਨਹੀਂ ਭਾਲਦੀ। ਉਹ ਨਾ ਕਿਸੇ ਦੀ ਮੰਦ ਪ੍ਰੇਰਨਾ ਸੁਣਦੀ ਹੈ ਤੇ ਨਾ ਹੀ ਕਿਸੇ ਨਾਲ ਭੈੜੀ ਭਾਵਨਾ ਨਾਲ ਬੋਲਦੀ ਹੈ॥
ਹੇ ਭਾਈ! ਜਿਸ ਜੀਵ-ਇਸਤਰੀ ਦੇ ਮਨ ਵਿੱਚ ਕਦੀ ਪ੍ਰੀਤਮ-ਪ੍ਰਭੂ ਦੇ ਵਿਛੋੜੇ ਦਾ ਦਰਦ ਹੀ ਨਾ ਉੱਠਿਆ ਹੋਵੇ ਤਾਂ ਉਹ ਭਲਾ ਕਿਸੇ ਹੋਰ ਦੇ ਦਿਲ ਦੇ ਦਰਦ ਨੂੰ ਕਿਵੇਂ ਜਾਣ ਸਕਦੀ ਹੈ? (ਦਰਦਮੰਦ ਹੋਣ ਲਈ ਪਹਿਲਾਂ ਖ਼ੁਦ ਦਰਦ ਵਿੱਚੋਂ ਗੁਜ਼ਰਨਾ ਪੈਂਦਾ ਹੈ।)॥ ੧ ॥ ਰਹਾਉ ॥

2. ਹੇ ਭਾਈ! ਦੁਹਾਗਣ ਇਸਤਰੀ ਹਮੇਸ਼ਾ ਦੁਖੀ ਰਹਿੰਦੀ ਹੈ। ਉਹ ਪੇਕੇ ਘਰ ਤੇ ਸਹੁਰੇ ਘਰ ਦੇ ਸੁੱਖਾਂ ਤੋਂ ਵਾਂਝੀ ਰਹਿ ਜਾਂਦੀ ਹੈ। ਇਸੇ ਤਰ੍ਹਾਂ ਉਹ ਬਦਕਿਸਮਤ ਜੀਵ-ਇਸਤਰੀ ਜਿਸਨੇ ਆਪਣੇ ਪ੍ਰੀਤਮ-ਪ੍ਰਭੂ ਦੀ ਇਕ-ਰਸ ਬੰਦਗੀ ਨਹੀਂ ਕੀਤੀ ਅਤੇ ਉਸ ਤੋਂ ਬੇਮੁੱਖ ਹੋ ਕੇ ਕੁਰਾਹੇ ਪਈ ਰਹੀ, ਉਹ ਜੀਵ-ਇਸਤਰੀ ਦੁਹਾਗਣ ਹੈ। ਉਹ ਲੋਕ-ਪਰਲੋਕ ਦੇ ਸੁੱਖਾਂ ਤੋਂ ਵਾਂਝੀ ਰਹਿ ਜਾਂਦੀ ਹੈ। ਗੁਰੂ ਮਹਾਰਾਜ ਜੀ ਜੀਵਾਂ ਨੂੰ ਸੁਚੇਤ ਕਰਦੇ ਹੋਏ ਕਹਿੰਦੇ ਹਨ ਕਿ ਮੌਤ ਤੋਂ ਬਾਅਦ ਜੀਵ ਨੂੰ ਦੋਜਖ ਦੀ ਅੱਗ ’ਤੇ ਬਣੇ ਹੋਏ ਪੁੱਲ ਤੋਂ ਲੰਘਣਾ ਪੈਂਦਾ ਹੈ ਜੋ ਵਾਲ ਜਿੰਨਾਂ ਬਾਰੀਕ ਹੈ। ਇਹ ਬੜਾ ਔਖ਼ਾ ਪੈਂਡਾ ਹੈ। ਇਹ ਪੈਂਡਾ ਇਕੱਲਿਆਂ ਹੀ ਤੈਅ ਕਰਨਾ ਪੈਂਦਾ ਹੈ। ਉੱਥੇ ਕੋਈ ਸੰਗੀ-ਸਾਥੀ ਜਾਂ ਸਹਾਇਕ ਨਾਲ ਨਹੀਂ ਜਾਂਦਾ, (ਕੇਵਲ ਪ੍ਰਭੂ-ਭਗਤੀ ਹੀ ਨਾਲ ਨਿਭਦੀ ਹੈ।)॥

3. ਹੇ ਦੁੱਖਾਂ ਨੂੰ ਦੂਰ ਕਰਨ ਵਾਲੇ ਪਰਮਾਤਮਾ! ਮੈਂ ਦੁੱਖਾਂ ਦਾ ਝੰਬਿਆ ਹੋਇਆ ਨਿਮਾਣਾ ਆਪ ਜੀ ਦੇ ਦਰ ’ਤੇ ਆਇਆ ਹਾਂ। ਮੈਨੂੰ ਆਪ ਜੀ ਦੇ ਦਰਸ਼ਨਾਂ ਦੀ ਚਾਹਤ ਬਹੁਤ ਸਤਾ ਰਹੀ ਹੈ, ਪਰ ਮੈਨੂੰ ਆਪ ਜੀ ਦੇ ਦਰ ਤੋਂ ਕੋਈ ਜਵਾਬ ਨਹੀਂ ਮਿਲ ਰਿਹਾ। (ਆਪ ਜੀ ਮੇਰੀ ਦਰਸ਼ਨ-ਰੂਪੀ ਚਾਹਤ ਕਿਉਂ ਨਹੀਂ ਪੂਰੀ ਕਰਦੇ ਹੋ?) ਸਤਿਗੁਰੂ ਮਹਾਰਾਜ ਜੀ ਪਰਮਾਤਮਾ ਅੱਗੇ ਅਰਜੋਈ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਹੇ ਪਰਮਾਤਮਾ! (ਮੈਂ ਤਾਂ ਦੁਨੀਆਂ ਦੇ ਸਾਰੇ ਆਸਰੇ ਛੱਡ ਕੇ) ਆਪ ਜੀ ਦੀ ਸ਼ਰਨ ਵਿੱਚ ਆਇਆ ਹਾਂ। ਮੇਰੇ ’ਤੇ ਦਇਆ-ਦ੍ਰਿਸ਼ਟੀ ਕਰੋ ਜੀ ਤੇ ਜਿਵੇਂ ਵੀ ਆਪ ਜੀ ਨੂੰ ਭਾਉਂਦਾ ਹੈ ਤਿਵੇਂ ਹੀ ਮੇਰਾ ਉੱਧਾਰ ਕਰੋ ਜੀ ਤੇ ਮੈਨੂੰ ਉੱਚ ਆਤਮਿਕ ਅਵਸਥਾ ਦੀ ਦਾਤ ਬਖ਼ਸ਼ੋ ਜੀ॥

**ਭਾਵ ਅਰਥ** : ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹੋਏ ਸਮਝਾਂਦੇ ਹਨ ਕਿ ਸੁਹਾਗਣ ਦੀ ਪ੍ਰੀਤ ਵਾਂਗ ਹੀ ਜੀਵ ਨੂੰ ਵੀ ਪ੍ਰਭੂ ਦੀ ਭਗਤੀ ’ਚ ਲੀਨ ਰਹਿਣਾ ਚਾਹੀਦਾ ਹੈ ਤਾਂ ਕਿ ਉਹ ਜੀਵਨ ਮੁਕਤੀ ਪ੍ਰਾਪਤ ਕਰ ਸਕੇ।

## ਰਾਗੁ ਸੂਹੀ -41

***ਜੋ ਦਿਨ ਆਵਹਿ ਸੋ ਦਿਨ ਜਾਹੀ॥ ਕਰਨਾ ਕੂਚੁ ਰਹਨੁ ਥਿਰੁ ਨਾਹੀ॥***
***ਸੰਗੁ ਚਲਤ ਹੈ ਹਮ ਭੀ ਚਲਨਾ॥ ਦੂਰਿ ਗਵਨੁ ਸਿਰ ਊਪਰਿ ਮਰਨਾ॥ ੧ ॥***
***ਕਿਆ ਤੂ ਸੋਇਆ ਜਾਗੁ ਇਆਨਾ॥ ਤੈ ਜੀਵਨੁ ਜਗਿ ਸਚੁ ਕਰਿ ਜਾਨਾ॥ ੧ ॥ ਰਹਾਉ॥***

***ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ॥ ਸਭ ਘਟ ਭੀਤਰਿ ਹਾਟੁ ਚਲਾਵੈ ॥***
***ਕਰਿ ਬੰਦਿਗੀ ਛਾਡਿ ਮੈ ਮੇਰਾ ॥ ਹਿਰਦੈ ਨਾਮੁ ਸਮ੍ਾਰਿ ਸਵੇਰਾ ॥ ੨ ॥***
***ਜਨਮੁ ਸਿਰਾਨੋ ਪੰਥੁ ਨ ਸਵਾਰਾ ॥ ਸਾਂਝ ਪਰੀ ਦਹਦਿਸ ਅੰਧਿਆਰਾ ॥***
***ਕਹਿ ਰਵਿਦਾਸ ਨਿਦਾਨਿ ਦਿਵਾਨੇ ॥ ਚੇਤਸਿ ਨਾਹੀ ਦੁਨੀਆ ਫਨਖਾਨੇ ॥ ੩ ॥ ੨ ॥***

**ਸ਼ਬਦ ਅਰਥ** : **ਜਾਹੀ**–ਬੀਤ ਜਾਣਾ। **ਕੂਚੁ**–ਚਲੇ ਜਾਣਾ। **ਥਿਰੁ**–ਸਥਿਰ, ਸਦਾ ਲਈ। **ਸੰਗੁ**–ਸਾਥੀ। **ਚਲਤ**–ਚਲੇ ਗਏ। **ਦੂਰਿ ਗਵਨੁ**–ਦੂਰ ਦਾ ਪੈਂਡਾ। **ਮਰਨਾ**–ਮੌਤ ॥ ੧ ॥ **ਕਿਆ**–ਕਿਉਂ। **ਇਆਨਾ**–ਅੰਞਾਣ। **ਜੀਵਨੁ**–ਜ਼ਿੰਦਗੀ। **ਜਗਿ**–ਸੰਸਾਰ। **ਸਚੁ ਕਰਿ ਜਾਨਾ**–ਸੱਚ ਕਰ ਕੇ ਜਾਣਨਾ ਭਾਵ ਸਦਾ ਕਾਇਮ ਰਹਿਣ ਵਾਲਾ ਸਮਝਣਾ ॥ ੧ ॥
**ਜੀਉ**–ਜ਼ਿੰਦ ਜਾਨ। **ਸੁ**– ਉਹੀ। **ਰਿਜਕੁ**–ਰੋਟੀ ਕਪੜਾ ਆਦਿਕ। **ਅੰਬਰਾਵੈ**–ਪਹੁੰਚਾਉਂਦਾ ਹੈ। **ਘਟ**- ਸਰੀਰ। **ਭੀਤਰਿ**–ਅੰਦਰ। **ਹਾਟੁ ਚਲਾਵੈ**– ਦੁਕਾਨਾਂ ਚਲਾਉਣਾ ਭਾਵ ਰਿਜ਼ਕ ਦਾ ਪ੍ਰਬੰਧ ਕਰਨਾ। **ਬੰਦਿਗੀ**–ਭਗਤੀ, ਸਿਮਰਨ। **ਸਮ੍ਾਰਿ**–ਸਾਂਭ ਲੈ, ਸੰਭਾਲ ਲੈ। **ਸਵੇਰਾ**–ਸਵਖਤੇ, ਵੇਲੇ ਸਿਰ, ਜ਼ਲਦੀ–ਜ਼ਲਦੀ ॥ ੨ ॥
**ਸਿਰਾਨੋ**–ਬੀਤ ਜਾਣਾ। **ਪੰਥੁ**–ਰਸਤਾ। **ਸਵਾਰਾ**–ਸਵਾਰਨਾ। **ਸਾਂਝ**–ਸ਼ਾਮ। **ਦਹਦਿਸ**–ਦਸ ਦਿਸ਼ਾਵਾਂ (ਪੂਰਵ, ਪੱਛਮ, ਉੱਤਰ, ਦੱਖਣ, ਚਾਰੇ ਗੁੱਠਾਂ, ਉੱਪਰ, ਹੇਠਾਂ)। **ਨਿਦਾਨਿ**–ਅੰਤ ਨੂੰ, ਓੜਕ। **ਦਿਵਾਨੇ**–ਕਮਲੇ, ਪਾਗ਼ਲ, ਮੂਰਖ਼। **ਫਨਖਾਨੇ**–ਫ਼ਨਾਹ ਦਾ ਘਰ, ਨਾਸ਼ਵਾਨ ॥ ੩ ॥ ੨ ॥

**ਪਦ ਅਰਥ** : ਸਤਿਗੁਰੂ ਮਹਾਰਾਜ ਜੀ ਜੀਵਨ ਦੀ ਨਸ਼ਵਰਤਾ ਦਾ ਜ਼ਿਕਰ ਕਰਦੇ ਹੋਏ ਜੀਵਾਂ ਨੂੰ ਸਮਝਾਉਂਦੇ ਹਨ ਕਿ ਪ੍ਰਕਿਰਤੀ ਦਾ ਇਹ ਅੱਟਲ ਨਿਯਮ ਹੈ ਕਿ ਜਿਹੜਾ ਦਿਨ ਆਉਂਦਾ ਹੈ, ਉਹ ਦਿਨ ਬੀਤ ਜਾਂਦਾ ਹੈ। (ਇਸ ਤਰ੍ਹਾਂ ਜੀਵ ਦੀ ਜ਼ਿੰਦਗੀ ਇਕ–ਇਕ ਦਿਨ ਕਰਕੇ ਘਟਦੀ ਜਾਂਦੀ ਹੈ।) ਇਸ ਮਾਤ–ਲੋਕ ਵਿੱਚ ਸਦਾ ਲਈ ਰਹਿਣ ਵਾਲਾ ਕੋਈ ਵੀ ਨਹੀਂ ਹੈ। ਸਭ ਨੇ ਸੰਸਾਰ ਨੂੰ ਛੱਡ ਕੇ ਚਲੇ ਜਾਣਾ ਹੈ। (ਜਿਸ ਨੇ ਜਨਮ ਲਿਆ ਹੈ ਉਸ ਨੇ ਮਰਨਾ ਵੀ ਜ਼ਰੂਰ ਹੈ।) ਜੀਵ ਦੇ ਸਾਥੀ ਇਕ–ਇਕ ਕਰਕੇ ਸੰਸਾਰ ਨੂੰ ਛੱਡੀ ਜਾ ਰਹੇ ਹਨ। ਅਸੀਂ ਵੀ ਇਕ ਦਿਨ ਸੰਸਾਰ ਨੂੰ ਛੱਡ ਕੇ ਚਲੇ ਜਾਣਾ ਹੈ। ਇਹ ਬਹੁਤ ਦੂਰ ਦੀ ਮੁਸਾਫ਼ਰੀ ਹੈ। ਜੀਵ ਅਗਿਆਨਤਾ ਵੱਸ ਮੌਤ ਨੂੰ ਸਦਾ ਦੂਰ ਸਮਝਦਾ ਹੈ ਪਰ ਵਿਚਾਰ ਕਰਨ 'ਤੇ ਪਤਾ ਲੱਗਦਾ ਹੈ ਕਿ ਇਹ ਤਾਂ ਹਰ ਵਕਤ ਸਿਰ 'ਤੇ ਮੰਡਰਾਉਂਦੀ ਰਹਿੰਦੀ ਹੈ, ਪਤਾ ਨਹੀਂ ਕਿਸ ਵੇਲੇ ਆ ਜਾਵੇ ॥
ਹੇ ਅੰਞਾਣ ਜੀਵ! ਕੀ ਤੂੰ ਆਤਮਿਕ–ਜੀਵਨ ਵੱਲੋਂ ਬੇ–ਪਰਵਾਹੀ ਦੀ ਨੀਂਦ ਵਿੱਚ ਸੁੱਤਾ ਪਿਆ ਹੈਂ? ਕੀ ਤੂੰ ਆਪਣੇ ਇਸ ਜੀਵਨ ਤੇ ਇਸ ਸੰਸਾਰ ਨੂੰ ਸੱਚਾ ਅਤੇ ਸਦੀਵੀ ਸਮਝੀ ਬੈਠਾ ਹੈਂ? ਯਾਦ ਰੱਖ, ਅਸਲ ਵਿੱਚ ਇਹ ਦੋਵੇਂ ਨਾਸ਼ਵਾਨ ਹਨ, ਸਦਾ–ਥਿਰ ਰਹਿਣ ਵਾਲੇ ਨਹੀਂ। ਇਸ ਲਈ ਹੇ ਅੰਞਾਣ ਜੀਵ! ਤੂੰ ਬੇ–ਪਰਵਾਹੀ ਦੀ ਨੀਂਦ ਵਿੱਚੋਂ ਜਾਗ ਤੇ ਅਸਲੀਅਤ ਨੂੰ ਸਮਝਣ ਦੀ ਕੋਸ਼ਿਸ਼ ਕਰ ॥ ੧ ॥ ਰਹਾਉ ॥
2. (ਹੇ ਜੀਵ! ਤੂੰ ਰੋਜ਼ੀ–ਰੋਟੀ ਦੀ ਚਿੰਤਾ ਨਾ ਕਰ, ਤੂੰ ਪਰਮਾਤਮਾ ਦੇ ਨਾਮ–

ਸਿਮਰਨ ਦੀ ਚਿੰਤਾ ਕਰ।) ਜਿਸ ਪਰਮਾਤਮਾ ਨੇ ਜੀਵ ਨੂੰ ਜ਼ਿੰਦ-ਜਾਨ ਦਿੱਤੀ ਹੈ, ਉਸ ਨੇ ਜੀਵ ਦਾ ਰਿਜ਼ਕ ਵੀ ਨਾਲ ਹੀ ਭੇਜ ਦਿੱਤਾ ਹੈ। ਉਹ ਸਭ ਜੀਵਾਂ ਦੇ ਅੰਦਰ ਬੈਠਾ ਹੋਇਆ ਦੁਕਾਨਾਂ ਚਲਾ ਰਿਹਾ ਹੈ (ਭਾਵ ਸਭਨਾਂ ਨੂੰ ਆਹਾਰ ਤੇ ਲੋੜੀਂਦੀਆਂ ਚੀਜ਼ਾਂ ਦਾ ਹੀਲਾ (ਸਬੱਬ) ਮੁਹੱਈਆ ਕਰਾ ਰਿਹਾ ਹੈ।) ਇਸ ਲਈ ਹੇ ਜੀਵ! ਤੂੰ ਮੈਂ-ਮੇਰੀ ਦਾ ਹੰਕਾਰ ਛੱਡ ਕੇ ਪਰਮਾਤਮਾ ਦੀ ਭਗਤੀ ਕਰ। ਤੂੰ ਹੁਣ ਪ੍ਰਭੂ ਦੇ ਨਾਮ ਨੂੰ ਆਪਣੇ ਹਿਰਦੇ ਵਿੱਚ ਜ਼ਲਦੀ-ਜ਼ਲਦੀ ਸਾਂਭ ਲੈ ਭਾਵ ਹਿਰਦੇ ਵਿੱਚ ਪ੍ਰਭੂ ਦੇ ਨਾਮ ਦਾ ਸਿਮਰਨ ਕਰਦਾ ਰਹਿ॥

3. ਹੇ ਜੀਵ! ਤੇਰੀ ਉਮਰ ਬੀਤਦੀ ਜਾ ਰਹੀ ਹੈ, ਪਰ ਤੂੰ ਅਜੇ ਤੱਕ ਪਰਮਾਤਮਾ ਦਾ ਨਾਮ-ਸਿਮਰਨ ਕਰਕੇ ਆਪਣੇ ਲੋਕ-ਪ੍ਰਲੋਕ ਦੇ ਰਸਤੇ ਨੂੰ ਸੰਵਾਰਨ ਦਾ ਕੋਈ ਉਪਰਾਲਾ ਨਹੀਂ ਕੀਤਾ, ਕੋਈ ਅਧਿਆਤਮਿਕ ਕਮਾਈ ਨਹੀਂ ਕੀਤੀ। ਜਿਸ ਤਰ੍ਹਾਂ ਸ਼ਾਮ ਹੋਣ 'ਤੇ ਦਸੇ ਦਿਸ਼ਾਵਾਂ ਵਿੱਚ ਹਨ੍ਹੇਰਾ ਪੈਣਾ ਸ਼ੁਰੂ ਹੋ ਜਾਂਦਾ ਹੈ, ਉਸੇ ਤਰ੍ਹਾਂ ਬੁਢਾਪਾ ਆਉਣ 'ਤੇ ਵੀ ਦਸੇ ਗਿਆਨ ਇੰਦ੍ਰੇ ਕੰਮ ਕਰਨਾ ਬੰਦ ਕਰ ਦਿੰਦੇ ਹਨ। ਉਸ ਸਮੇਂ ਤੈਨੂੰ ਕੋਈ ਉਪਾਏ ਨਹੀਂ ਸੁੱਝਣਾ। ਸਤਿਗੁਰੂ ਰਵਿਦਾਸ ਜੀ ਮਹਾਰਾਜ ਸਮਝਾਉਂਦੇ ਹਨ ਕਿ ਹੇ ਕਮਲੇ ਤੇ ਮੂਰਖ਼ ਜੀਵ! ਤੂੰ ਇਹ ਯਾਦ ਕਿਉਂ ਨਹੀਂ ਰੱਖਦਾ ਕਿ ਜਿਸ ਸੰਸਾਰ ਨਾਲ ਤੂੰ ਮੋਹ ਪਾਈ ਬੈਠਾ ਹੈਂ, ਉਹ ਸਦਾ ਕਾਇਮ ਰਹਿਣ ਵਾਲਾ ਨਹੀਂ ਬਲਕਿ ਅੰਤ ਨੂੰ ਫ਼ਨਾਹ ਹੋ ਜਾਣ ਵਾਲਾ ਹੈ। (ਇਸ ਤੋਂ ਪਹਿਲਾਂ ਕਿ ਤੇਰੀ ਮੌਤ ਆ ਜਾਵੇ ਤੂੰ ਉਸ ਸਦੀਵੀ ਰਹਿਣ ਵਾਲੇ ਪਰਮਾਤਮਾ ਦਾ ਨਾਮ-ਸਿਮਰਨ ਕਰ ਲੈ ਤਾਂ ਕਿ ਤੇਰਾ ਲੋਕ-ਪ੍ਰਲੋਕ ਸੰਵਰ ਜਾਵੇ।)॥

**ਭਾਵ ਅਰਥ** : ਇਹ ਸੰਸਾਰ ਨਾਸ਼ਵਾਨ ਹੈ। ਜੀਵ ਨੂੰ ਇਸ ਦੇ ਮੋਹ ਵਿੱਚੋਂ ਨਿਕਲ ਕੇ ਪ੍ਰਭੂ-ਸਿਮਰਨ ਰਾਹੀਂ ਆਪਣੇ ਲੋਕ-ਪ੍ਰਲੋਕ ਦਾ ਪੰਥ ਸੰਵਾਰਨਾ ਚਾਹੀਦਾ ਹੈ।

## ਰਾਗੁ ਸੂਹੀ -42

***ਊਚੇ ਮੰਦਰ ਸਾਲ ਰਸੋਈ॥ ਏਕ ਘਰੀ ਫੁਨਿ ਰਹਨੁ ਨ ਹੋਈ॥ ੧॥***
***ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ॥***
***ਜਲਿ ਗਇਓ ਘਾਸੁ ਰਲਿ ਗਇਓ ਮਾਟੀ॥ ੧॥ ਰਹਾਉ॥***
***ਭਾਈ ਬੰਧ ਕੁਟੰਬ ਸਹੇਰਾ॥ ਓਇ ਭੀ ਲਾਗੇ ਕਾਢੁ ਸਵੇਰਾ॥ ੨॥***
***ਘਰ ਕੀ ਨਾਰਿ ਉਰਹਿ ਤਨ ਲਾਗੀ। ਉਹ ਤਉ ਭੂਤੁ ਭੂਤੁ ਕਰਿ ਭਾਗੀ॥ ੩॥***
***ਕਹਿ ਰਵਿਦਾਸ ਸਭੈ ਜਗੁ ਲੂਟਿਆ॥ ਹਮ ਤਉ ਏਕ ਰਾਮੁ ਕਹਿ ਛੂਟਿਆ॥ ੪॥***

**ਸ਼ਬਦ ਅਰਥ** : **ਮੰਦਰ**-ਮਹਿਲ। **ਸਾਲ ਰਸੋਈ**-ਸੁੰਦਰ ਰਸੋਈ। **ਫੁਨਿ**-ਫਿਰ॥ ੧॥ **ਟਾਟੀ**-ਛੱਪਰੀ, ਕੁੱਲੀ॥ ੧॥ **ਭਾਈ ਬੰਧ**-ਰਿਸ਼ਤੇਦਾਰ। **ਕੁਟੰਬ**-ਪਰਿਵਾਰ। **ਸਹੇਰਾ**-ਸੰਗੀ ਸਾਥੀ। **ਲਾਗੇ**-ਕਹਿਣ ਲੱਗ ਪੈਂਦੇ ਹਨ। **ਸਵੇਰਾ**-ਸਵਖਤੇ, ਛੇਤੀ ਛੇਤੀ॥ ੨॥ **ਘਰ ਕੀ ਨਾਰਿ**-ਘਰ ਦੀ ਔਰਤ/ ਪਤਨੀ। **ਉਰਹਿ**-ਛਾਤੀ ਨਾਲ। **ਭੂਤੁ ਭੂਤੁ**-ਪ੍ਰੇਤ ਪ੍ਰੇਤ, ਮਰ ਗਿਆ ਮਰ ਗਿਆ। **ਕਰਿ ਭਾਗੀ**-ਕਹਿ ਕੇ ਭੱਜਦੀ॥ ੩॥ **ਲੂਟਿਆ**-ਠੱਗਿਆ॥੪॥੩॥

**ਪਦ ਅਰਥ** : (ਹੇ ਜੀਵ! ਤੂੰ ਵਿਅਰਥ ਹੀ ਸੰਸਾਰ ਦੀ ਮੋਹ-ਮਾਇਆ 'ਚ ਫਸਿਆ ਹੋਇਆ ਹੈਂ।) ਇਸ ਮੋਹ ਦੇ ਵੱਸ ਪਏ ਹੋਏ ਨੇ ਤੂੰ ਆਪਣੇ ਰਹਿਣ ਲਈ ਵੱਡੇ-ਵੱਡੇ ਮਹਿਲ ਅਤੇ ਖਾਣ-ਪੀਣ ਲਈ ਸੁੰਦਰ ਰਸੋਈ-ਘਰ ਬਣਾਏ ਹਨ। ਪਰ ਯਾਦ ਰੱਖ ਕਿ ਜਦੋਂ ਮੌਤ ਆਉਣੀ ਹੈ ਤਾਂ ਫਿਰ ਇਕ ਘੜੀ ਵਾਧੂ ਵੀ ਇਨ੍ਹਾਂ ਵਿੱਚ ਰਹਿਣਾ ਨਸੀਬ ਨਹੀਂ ਹੋਣਾ ਹੈ॥

ਹੇ ਜੀਵ! ਤੇਰਾ ਪੰਜ-ਭੂਤਕ ਸਰੀਰ ਘਾਹ ਦੀ ਛੱਪਰੀ ਵਾਂਗ ਹੈ। ਜਿਸ ਤਰ੍ਹਾਂ ਘਾਹ ਦੀ ਛੱਪਰੀ ਸੜ ਕੇ ਸੁਆਹ ਹੋ ਜਾਂਦੀ ਹੈ ਤੇ ਮਿੱਟੀ ਵਿੱਚ ਮਿਲ ਜਾਂਦੀ ਹੈ ਉਸੇ ਤਰ੍ਹਾਂ ਹੀ ਇਹ ਤੇਰਾ ਸੁੰਦਰ ਸਰੀਰ ਵੀ ਮੌਤ ਤੋਂ ਬਾਅਦ ਸੜ ਕੇ ਸੁਆਹ ਹੋ ਜਾਵੇਗਾ ਤੇ ਮਿੱਟੀ ਵਿੱਚ ਮਿਲ ਜਾਵੇਗਾ॥ ੧ ॥ ਰਹਾਉ ॥

2. ਹੇ ਜੀਵ! ਜਿਸ ਨੂੰ ਤੂੰ ਆਪਣਾ ਸੰਗੀ-ਸਾਥੀ, ਸਾਕ-ਸੰਬੰਧੀ ਤੇ ਪਰਿਵਾਰ ਸਮਝ ਕੇ ਗਰਬ ਕਰਦਾ ਹੈਂ ਉਹ ਤੇਰੀ ਮੌਤ ਤੋਂ ਬਾਅਦ ਇਕ ਘੜੀ ਲਈ ਵੀ ਤੇਰੇ ਮ੍ਰਿਤਕ ਸਰੀਰ ਨੂੰ ਆਪਣੇ ਕੋਲ ਨਹੀਂ ਰੱਖਣਗੇ। ਉਹ ਤੇਰੀ ਅਰਥੀ ਨੂੰ ਛੇਤੀ-ਛੇਤੀ ਘਰ ਤੋਂ ਬਾਹਰ ਕੱਢ ਦੇਣਗੇ ਤੇ ਸ਼ਮਸ਼ਾਨ ਘਾਟ ਲੈ ਜਾਣਗੇ॥

3. ਹੇ ਜੀਵ! ਤੇਰੀ ਪਤਨੀ ਜੋ ਸਦਾ ਤੇਰੀ ਛਾਤੀ ਨਾਲ ਲੱਗੀ ਰਹਿੰਦੀ ਸੀ, ਉਹ ਵੀ ਇਹ ਕਹਿ ਕੇ ਪਰ੍ਹੇ ਹਟ ਜਾਵੇਗੀ ਕਿ ਇਹ ਤਾਂ ਹੁਣ ਮਰ ਗਿਆ ਹੈ। ਉਹ ਤੇਰੇ ਸਰੀਰ ਨੂੰ ਭੂਤ-ਭੂਤ ਕਹਿ ਕੇ ਉਸ ਤੋਂ ਦੂਰ ਭੱਜ ਜਾਵੇਗੀ॥

4. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਸੰਸਾਰ ਦੇ ਸਾਰੇ ਜੀਵ (ਮੋਹ-ਮਾਇਆ ਦੇ ਪ੍ਰਭਾਵ ਅਧੀਨ ਹੋਏ ਸੰਸਾਰਿਕ ਸੰਬੰਧਾਂ ਜਿਵੇਂ-ਪਤਨੀ, ਪੁੱਤਰ-ਧੀ, ਸਾਕ-ਸੰਬੰਧੀ ਤੇ ਧਨ-ਦੌਲਤ ਆਦਿਕ ਨਾਲ ਨਾਤਾ ਜੋੜ ਕੇ ਅਤੇ ਇਨ੍ਹਾਂ ਨੂੰ ਆਪਣਾ ਸਮਝ ਕੇ) ਠੱਗੇ ਜਾ ਰਹੇ ਹਨ। ਪਰ ਮੈਂ ਮੋਹ-ਮਾਇਆ ਦੇ ਇਸ ਜਾਲ ਵਿੱਚ ਨਹੀਂ ਫਸਿਆ ਬਲਕਿ ਪ੍ਰਭੂ ਦੇ ਨਾਮ ਦਾ ਸਿਮਰਨ ਕਰਕੇ ਇਸ ਠੱਗੀ ਤੋਂ ਬਚ ਗਿਆ ਹਾਂ। (ਹੇ ਸੰਸਾਰੀ ਜੀਵੋ! ਤੁਸੀਂ ਵੀ ਮੋਹ-ਮਾਇਆ ਨੂੰ ਛੱਡ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ।)॥

**ਭਾਵ ਅਰਥ** : ਇਸ ਸੰਸਾਰ ਵਿੱਚ ਜੀਵ ਦਾ ਆਪਣੇ ਸਰੀਰ, ਜਾਇਦਾਦ, ਸਾਕ-ਸੰਬੰਧੀ ਆਦਿਕ ਨਾਲ ਚਿਰਕਾਲ ਤੱਕ ਦਾ ਸੰਬੰਧ ਨਹੀਂ ਰਹਿੰਦਾ। ਮਰਨ ਉਪਰੰਤ ਇਨ੍ਹਾਂ ਸਭ ਨਾਲੋਂ ਸੰਬੰਧ ਟੁੱਟ ਜਾਂਦਾ ਹੈ। ਜੀਵ ਨੂੰ ਸਿਮਰਨ ਰਾਹੀਂ ਪਰਮਾਤਮਾ ਨਾਲ ਸਦੀਵੀ ਸੰਬੰਧ ਬਣਾਉਣਾ ਚਾਹੀਦਾ ਹੈ।

## ਰਾਗੁ ਸੂਹੀ -43

***ਦੁਖਿਆਰੀ ਦੁਖਿਆਰਾ ਜਗ ਮਹਿੰ, ਮਨ ਜਪੁ ਲੈ ਰਾਮ ਪਿਆਰਾ ਰੇ ॥ ਟੇਕ ॥***
***ਗੜ ਕਾਂਚਾ ਤਸਕਰ ਤਿਹ ਲਾਗਾ, ਤੂੰ ਕਾਹੇ ਨ ਜਾਗ ਅਭਾਗਾ ਰੇ ॥***
***ਨੈਨ ਉਘਾਰਿ ਨ ਪੇਖਿਓ ਤੂਨੇ, ਮਾਨੁਸ਼ ਜਨਮ ਕਿਹ ਲੇਖਾ ਰੇ ॥ ੧ ॥***

***ਪਾਊਂ ਪਸਾਰ ਕਿਮਿ ਸੋਇ ਪਰਿਓ, ਤੈਂ ਜਨਮ ਅਕਾਰਥ ਖੋਇਆ ਰੇ ॥***
***ਜਨ ਰਵਿਦਾਸ ਰਾਮ ਨਿਤ ਭੇਂਟਹਿ, ਰਹਿ ਸੰਜਮ ਜਾਗਿਤ ਪਹਿਰਾ ਰੇ ॥ ੨ ॥***

**ਸ਼ਬਦ ਅਰਥ** : **ਜਪੁ**–ਸਿਮਰਨ। **ਗੜ**–ਕਿਲ੍ਹਾ, ਸਰੀਰ ਰੂਪੀ ਕਿਲ੍ਹਾ। **ਕਾਂਚਾ**–ਕੱਚਾ, ਕਮਜ਼ੋਰ। **ਤਸਕਰ**–ਚੋਰ। **ਉਘਾਰਿ**–ਖੋਲ੍ਹ। **ਲੇਖਾ**–ਕੀਤੇ ਹੋਏ ਕਰਮਾਂ ਦਾ ਹਿਸਾਬ ਕਿਤਾਬ॥ ੧॥
**ਅਕਾਰਥ**–ਵਿਅਰਥ। **ਨਿਤ ਭੇਂਟਹਿ**–ਹਰ ਪਲ ਭੇਂਟ ਕਰਦਾ ਹੈ ਭਾਵ ਦੇਖਦਾ ਹੈ। **ਰਹਿ ਸੰਜਮ**–ਮਨ ਇੰਦ੍ਰੀਆਂ ਨੂੰ ਵਿਕਾਰਾਂ ਵੱਲ ਜਾਣੋ ਰੋਕਣਾ। **ਪਹਿਰਾ**–ਪਹਿਰ (ਤਿੰਨ ਘੰਟੇ ਪਿੱਛੋਂ ਬਦਲਣ ਵਾਲੀ ਚੌਂਕੀ)॥ ੨॥

**ਪਦ ਅਰਥ** : ਇਹ ਸੰਸਾਰ ਦੁੱਖਾਂ ਦਾ ਘਰ ਹੈ। ਇਸ ਵਿੱਚ ਰਹਿਣ ਵਾਲੇ ਸਾਰੇ ਜੀਵ ਦੁਖੀ ਹਨ। (ਕੋਈ ਆਧਿਆਤਮਿਕ–ਮਨ ਤੇ ਸਰੀਰ ਆਦਿਕ ਤੋਂ, ਕੋਈ ਆਧਿ–ਭੌਤਿਕ –ਵੈਰੀ ਤੇ ਪਸ਼ੂ–ਪੰਛੀਆਂ ਆਦਿਕ ਤੋਂ ਤੇ ਕੋਈ ਆਧਿਦੈਵਿਕ–ਪ੍ਰਾਕ੍ਰਿਤਿਕ ਸ਼ਕਤੀਆਂ ਜਿਵੇਂ ਸਰਦੀ, ਗਰਮੀ, ਅੰਧੇਰੀ ਆਦਿਕ ਤੋਂ ਦੁਖੀ ਹੈ।) ਹੇ ਮੇਰੇ ਮਨ! ਇਨ੍ਹਾਂ ਦੁੱਖਾਂ ਦੀ ਨਿਵਿਰਤੀ ਦਾ ਇੱਕੋ–ਇਕ ਹੱਲ ਇਹ ਹੈ ਕਿ ਤੂੰ ਪ੍ਰੀਤਮ–ਪ੍ਰਭੂ ਦੇ ਨਾਮ ਦਾ ਸਿਮਰਨ ਹਮੇਸ਼ਾ ਕਰਦਾ ਰਿਹਾ ਕਰ॥ ਟੇਕ॥

ਹੇ ਜੀਵ! ਤੇਰਾ ਸਰੀਰ–ਰੂਪੀ ਕਿਲ੍ਹਾ ਕੱਚਾ ਤੇ ਕਮਜ਼ੋਰ ਹੈ। ਇਸ ਨੂੰ ਪੰਜ ਵਿਕਾਰਾਂ–(ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ) ਦੇ ਚੋਰ ਹਰ ਪਲ ਬੜੀ ਆਸਾਨੀ ਨਾਲ ਲੁੱਟੀ ਜਾ ਰਹੇ ਹਨ। ਹੇ ਅਭਾਗੇ ਜੀਵ! ਤੂੰ ਆਤਮਿਕ ਜੀਵਨ ਵੱਲੋਂ ਬੇ–ਪਰਵਾਹੀ ਦੀ ਨੀਂਦ ਵਿੱਚੋਂ ਕਿਉਂ ਨਹੀਂ ਜਾਗਦਾ ਤੇ ਆਤਮਿਕ ਜੀਵਨ ਨੂੰ ਲੁੱਟਣ ਵਾਲੇ ਇਨ੍ਹਾਂ ਚੋਰਾਂ ਤੋਂ ਆਪਣੇ ਆਪ ਨੂੰ ਕਿਉਂ ਨਹੀਂ ਬਚਾਉਂਦਾ? ਤੂੰ ਆਪਣੀਆਂ ਵਿਵੇਕ–ਰੂਪੀ ਅੱਖਾਂ ਨੂੰ ਖੋਲ੍ਹ ਕੇ ਕਿਉਂ ਨਹੀਂ ਸੋਚ–ਵਿਚਾਰਦਾ ਕਿ ਇਹ ਤੇਰਾ ਦੁਰਲੱਭ ਮਨੁੱਖਾ–ਜਨਮ ਕਿਸ ਕੰਮ ਆਇਆ? ਭਾਵ ਆਪਣੇ ਕੀਤੇ ਹੋਏ ਕਰਮਾਂ ਦਾ ਲੇਖਾ–ਜੋਖਾ ਕਰਕੇ ਦੇਖ ਕਿ ਇਸ ਜਨਮ ਦਾ ਤੂੰ ਕੀ ਲਾਭ ਖੱਟਿਆ?॥

2. ਹੇ ਜੀਵ! ਆਪਣੀ ਜ਼ਿੰਦਗੀ ਦਾ ਅਸਲੀ ਮਕਸਦ ਪੂਰਾ ਕੀਤੇ ਬਿਨਾਂ ਤੂੰ ਆਤਮਿਕ ਜੀਵਨ ਵੱਲੋਂ ਬੇ–ਪਰਵਾਹੀ ਦੀ ਗੂੜ੍ਹੀ ਨੀਂਦ ਵਿੱਚ ਪੈਰ ਪਸਾਰ ਕੇ ਕਿਵੇਂ ਸੁੱਤਾ ਪਿਆ ਹੈਂ? ਅਜਿਹਾ ਕਰਨ ਨਾਲ ਤਾਂ ਤੂੰ ਆਪਣਾ ਅਨਮੋਲ ਜਨਮ ਵਿਅਰਥ ਹੀ ਗੁਆ ਰਿਹਾ ਹੈਂ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਮੂਰਖ਼ ਜੀਵ! (ਅਜੇ ਵੀ ਵਕਤ ਹੈ ਕਿ ਤੂੰ ਨਿੱਤਾ–ਪ੍ਰਤੀ ਪਰਮਾਤਮਾ ਦਾ ਨਾਮ–ਸਿਮਰਨ ਕਰਕੇ ਆਪਣੇ ਜੀਵਨ ਦੇ ਮਨੋਰਥ ਨੂੰ ਸਾਰਥਕ ਬਣਾ ਲਵੇ।) ਉਹ ਪਰਮਾਤਮਾ ਤੈਨੂੰ ਹਰ ਪਲ ਦੇਖ ਰਿਹਾ ਹੈ। ਤੂੰ ਆਪਣੀਆਂ ਮਨ ਤੇ ਇੰਦ੍ਰੀਆਂ ਨੂੰ ਵਿਕਾਰਾਂ ਤੋਂ ਬਚਾ ਕੇ ਰੱਖ ਤੇ ਸੋਚ–ਵਿਚਾਰ ਕੇ ਕਰਮ ਕਰ ਕਿਉਂਕਿ ਪਰਮਾਤਮਾ ਨੇ ਤੇਰੇ ਕਰਮਾਂ ਦਾ ਹਿਸਾਬ–ਕਿਤਾਬ ਰੱਖਣ ਲਈ ਤੇਰੇ 'ਤੇ ਧਰਮਰਾਜ ਦਾ ਪਹਿਰਾ ਬਿਠਾਇਆ ਹੋਇਆ ਹੈ॥

**ਭਾਵ ਅਰਥ** : ਸੰਸਾਰ ਦੁੱਖਾਂ ਦਾ ਘਰ ਹੈ। ਸੁੱਖਾਂ ਦਾ ਖ਼ਜ਼ਾਨਾ ਤਾਂ ਪਰਮਾਤਮਾ ਦੇ ਨਾਮ–ਸਿਮਰਨ ਕਰਨ ਨਾਲ ਹੀ ਮਿਲਦਾ ਹੈ।

# ਰਾਗੁ ਬਿਲਾਵਲੁ -44

***ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ ॥***
***ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ ॥ ੧ ॥***
***ਤੂ ਜਾਨਤ ਮੈ ਕਿਛੁ ਨਹੀ ਭਵ ਖੰਡਨ ਰਾਮ ॥***
***ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ ॥ ੧ ॥ ਰਹਾਉ ॥***
***ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ ॥***
***ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ ॥ ੨ ॥***
***ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ ॥***
***ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ॥ ੩ ॥ ੧ ॥***

**ਸ਼ਬਦ ਅਰਥ** : **ਦਾਰਿਦੁ**–ਗ਼ਰੀਬ। **ਹਸੈ**–ਮਖ਼ੌਲ। **ਦਸਾ**–ਹਾਲਤ। **ਅਸਟ ਦਸਾ ਸਿਧਿ**–ਅਠ੍ਹਾਰਾਂ ਸਿੱਧੀਆਂ (ਦੇਖੋ: ਸ਼ਬਦ–ਅਰਥ, ਸ਼ਬਦ ਨੰਬਰ 24 ਦੇ) **ਕਰ ਤਲੈ**–ਹੱਥ ਦੀ ਤਲੀ ਉੱਤੇ। **ਭਵ ਖੰਡਨ**–ਜਨਮ ਮਰਨ ਦਾ ਨਾਸ਼ ਕਰਨ ਵਾਲਾ, ਭਵਸਾਗਰ ਤੋਂ ਮੁਕਤੀ ਦਿਵਾਉਂਣ ਵਾਲੇ। **ਜੀਅ**–ਜੀਵਾਂ। **ਸਰਨਾਗਤੀ**–ਸ਼ਰਨ ਆਏ ਹਾਂ। **ਪੂਰਨ ਕਾਮ**–ਕਾਮਨਾ ਪੂਰੀ ਕਰਨਾ ॥ ੧ ॥ **ਭਾਰੁ**–ਬੋਝ, ਕਰਮਾਂ ਤੇ ਵਿਕਾਰਾਂ ਦਾ ਬੋਝ। **ਤੁਮ ਤੇ**–ਆਪ ਜੀ ਦੀ ਕਿਰਪਾ ਨਾਲ। **ਆਲਜੁ**–ਗ੍ਰਹਿਸਤ ਦੇ ਜੰਜਾਲ ਨਾਲ ਭਰਿਆ, ਬਖੇੜਿਆਂ ਨਾਲ ਭਰਿਆ ॥ ੨ ॥ **ਅਕਥ**–ਜੋ ਬਿਆਨ ਨ ਕੀਤਾ ਜਾ ਸਕੇ। **ਬਹੁ**–ਬਹੁਤ ਗੱਲਾਂ। **ਕਾਇ ਕਰੀਜੈ**–ਕਿਹਦੇ ਲਈ ਕਰੀਏ। **ਉਪਮਾ**–ਬਰਾਬਰੀ, ਤੁਲਨਾ ॥ ੩ ॥ ੧ ॥

**ਪਦ ਅਰਥ** : ਹੇ ਪ੍ਰਭੂ ! ਗ਼ਰੀਬ ਦੀ ਦਰਦਨਾਕ ਦਸ਼ਾ ਦੇਖ ਕੇ ਸਾਰੇ ਲੋਕ ਉਸ ਨੂੰ ਮਖ਼ੌਲ ਕਰਦੇ ਹਨ। ਇਹੋ ਜਿਹੀ ਦਰਦਨਾਕ ਹਾਲਤ ਮੇਰੀ ਵੀ ਸੀ ਪਰ ਆਪ ਜੀ ਦੇ ਨਾਮ–ਸਿਮਰਨ ਦੀ ਬਰਕਤਿ ਨਾਲ ਹੁਣ ਅਠਾਰ੍ਹਾਂ ਸਿੱਧੀਆਂ ਮੇਰੇ ਹੱਥਾਂ ਦੀਆਂ ਤਲੀਆਂ ਉੱਤੇ ਆ ਗਈਆਂ ਹਨ। ਹੇ ਪਰਮਾਤਮਾ ! ਇਹ ਸਭ ਆਪ ਜੀ ਦੀ ਕ੍ਰਿਪਾ–ਦ੍ਰਿਸ਼ਟੀ ਸਦਕਾ ਹੀ ਹੈ ॥

ਹੇ ਜੀਵਾਂ ਦੇ ਜਨਮ–ਮਰਨ ਦਾ ਗੇੜ ਕੱਟਣ ਵਾਲੇ ਪਰਮਾਤਮਾ ! ਹੇ ਸਭ ਦੀਆਂ ਕਾਮਨਾਵਾਂ ਪੂਰੀਆਂ ਕਰਨ ਵਾਲੇ ਪ੍ਰਭੂ ! ਸੰਸਾਰ ਦੇ ਸਾਰੇ ਜੀਵ ਆਪ ਜੀ ਦੀ ਸ਼ਰਨ ਆਉਂਦੇ ਹਨ। ਆਪ ਜੀ ਉਨ੍ਹਾਂ ਦੀਆਂ ਸਾਰੀਆਂ ਮਨੋ–ਕਾਮਨਾਵਾਂ ਪੂਰੀਆਂ ਕਰਦੇ ਹੋ। ਮੈਂ ਗ਼ਰੀਬ ਵੀ ਆਪ ਜੀ ਦੀ ਸ਼ਰਨ ਆਇਆ ਹਾਂ। ਆਪ ਜੀ ਤਾਂ ਜਾਣਦੇ ਹੀ ਹੋ ਕਿ ਮੇਰੀ ਆਪਣੀ ਕੋਈ ਪਾਂਇਆਂ ਨਹੀਂ, ਕੋਈ ਹਸਤੀ ਨਹੀਂ (ਪਰ ਫਿਰ ਵੀ ਸੰਸਾਰ ਦੇ ਲੋਕ ਮੈਨੂੰ ਮਾਣ–ਵਡਿਆਈ ਦਿੰਦੇ ਹਨ, ਇਹ ਸਭ ਆਪ ਜੀ ਦੀ ਰਹਿਮਤ ਸਦਕਾ ਹੀ ਹੈ।) ॥ ਰਹਾਉ ॥

2. ਹੇ ਪ੍ਰਭੂ ! ਜਿਹੜੇ ਵੀ ਜੀਵ ਆਪ ਜੀ ਦੀ ਸ਼ਰਨ ਆਉਂਦੇ ਹਨ ਉਨ੍ਹਾਂ ਦੀ ਆਤਮਾ ’ਤੇ ਕਿਸੇ ਵੀ ਤਰ੍ਹਾਂ ਦਾ ਕੋਈ ਭਾਰ ਨਹੀਂ ਰਹਿ ਜਾਂਦਾ, ਉਹ ਨਿਰਲੇਪ ਹੋ ਜਾਂਦੇ ਹਨ। ਉਹ ਜੀਵ ਭਾਵੇਂ ਉੱਚੀ ਕਹੀ ਜਾਣ ਵਾਲੀ ਜਾਂ ਨੀਵੀਂ ਕਹੀ ਜਾਣ ਵਾਲੀ ਕਿਸੇ ਵੀ ਜਾਤ ਦੇ ਹੋਣ, ਉਹ ਸਭ ਆਪ ਜੀ ਦੀ ਮਿਹਰ ਸਦਕਾ ਇਸ ਬਖੇੜਿਆਂ ਭਰੇ ਸੰਸਾਰ–ਸਮੁੰਦਰ ਤੋਂ ਸਹਿਜੇ ਹੀ ਤਰ ਜਾਂਦੇ ਹਨ ॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਪਰਮਾਤਮਾ! ਜੀਵ ਭਾਵੇਂ ਕਿੰਨੇਂ ਹੀ ਯਤਨ ਕਰ ਲਵੇ ਪਰ ਉਹ ਆਪ ਜੀ ਦੇ ਗੁਣਾਂ ਨੂੰ ਬਿਆਨ ਨਹੀਂ ਕਰ ਸਕਦਾ। ਆਪ ਜੀ ਦੀ ਮਹਿਮਾ ਕਥਨ ਤੋਂ ਪਰ੍ਹੇ ਹੈ, ਅਕਥਨੀਯ ਹੈ ਫਿਰ ਬਹੁਤੀਆਂ ਗੱਲਾਂ ਕਿਸ ਵਾਸਤੇ ਕਰੀਏ? ਸੰਸਾਰੀ ਜੀਵ ਆਪ ਜੀ ਨੂੰ ਕੋਈ ਉਪਮਾ ਨਹੀਂ ਦੇ ਸਕਦੇ। ਆਪ ਜੀ ਉਪਮਾ-ਰਹਿਤ ਹੋ। ਜਿਹੋ ਜਿਹੇ ਆਪ ਜੀ ਹੋ, ਉਹੋ ਜਿਹੇ ਕੇਵਲ ਇਕ ਆਪ ਜੀ ਹੀ ਹੋ। ਦੁਨੀਆਂ ਵਿੱਚ ਕੋਈ ਅਜਿਹਾ ਦੂਸਰਾ ਹੈ ਹੀ ਨਹੀਂ ਜਿਸ ਨਾਲ ਆਪ ਜੀ ਦੀ ਤੁਲਨਾ ਕੀਤੀ ਜਾ ਸਕੇ॥

**ਭਾਵ ਅਰਥ** : ਪਰਮਾਤਮਾ ਇਕ ਹੈ, ਸੰਸਾਰ ਵਿੱਚ ਉਸ ਵਰਗਾ ਹੋਰ ਕੋਈ ਨਹੀਂ ਹੈ। ਉਸਦੇ ਨਾਮ-ਸਿਮਰਨ ਨਾਲ ਜੀਵ ਜਨਮ-ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦਾ ਹੈ।

# ਰਾਗੁ ਬਿਲਾਵਲੁ -45

***ਜਿਹ ਕੁਲ ਸਾਧੁ ਬੈਸਨੌ ਹੋਇ॥***
***ਬਰਨ ਅਬਰਨ ਰੰਕੁ ਨਹੀ ਈਸੁਰੁ ਬਿਮਲ ਬਾਸੁ ਜਾਨੀਐ ਜਗਿ ਸੋਇ॥੧॥ ਰਹਾਉ॥***
***ਬ੍ਰਹਮਨ ਬੈਸ ਸੂਦ ਅਰੁ ਖ੍ਹਤ੍ਰੀ॥ ਡੋਮ ਚੰਡਾਰ ਮਲੇਛ ਮਨ ਸੋਇ॥***
***ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥੧॥***
***ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ॥***
***ਜਿਨਿ ਪੀਆ ਸਾਰ ਰਸੁ ਤਜੇ ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ॥੨॥***
***ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥***
***ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ॥੩॥੨॥***

**ਸ਼ਬਦ ਅਰਥ** : **ਜਿਹ ਕੁਲ**-ਜਿਸ ਖ਼ਾਨਦਾਨ। **ਸਾਧੁ**-ਸੰਤ। **ਬੈਸਨੌ**-ਪ੍ਰਭੂ ਦਾ ਭਗਤ। **ਬਰਨ**-ਉੱਚੀ ਜਾਤ। **ਅਬਰਨ**-ਨੀਵੀਂ ਜਾਤ। **ਰੰਕੁ**-ਕੰਗਾਲ। **ਈਸੁਰੁ**-ਅਮੀਰ। **ਬਿਮਲ**-ਨਿਰਮਲ, ਪਵਿੱਤਰ। **ਬਾਸੁ**-ਸੁਗੰਧੀ, ਚੰਗੀ ਸੋਭਾ। **ਜਾਨੀਐ**-ਜਾਣਿਆ ਜਾਂਦਾ ਹੈ, ਪ੍ਰਸਿੱਧ ਹੋ ਜਾਂਦਾ ਹੈ। **ਜਗਿ**-ਜਗਤ। **ਸੋਇ**-ਉਹੀ ॥੧॥ **ਡੋਮ**-ਡੂਮ, ਮਿਰਾਸੀ। **ਚੰਡਾਰ**-ਚੰਡਾਲ। **ਮਲੇਛ ਮਨ**-ਮਲੀਨ ਮਨ ਵਾਲਾ। **ਪੁਨੀਤ**-ਪਵਿੱਤਰ। **ਭਗਵੰਤ ਭਜਨ**-ਪ੍ਰਭੂ ਦੀ ਭਗਤੀ। **ਤਾਰਿ**-ਤਰ ਜਾਂਦਾ ਹੈ। **ਦੋਇ**-ਦੋਵੇਂ ਭਾਵ ਨਾਨਕੇ ਤੇ ਦਾਦਕੇ॥੧॥ **ਧੰਨਿ**-ਭਾਗਾਂ ਵਾਲਾ। **ਗਾਉ**-ਪਿੰਡ। **ਠਾਉ**-ਥਾਂ। **ਕੁਟੰਬ**-ਪਰਿਵਾਰ, ਕਬੀਲਾ। **ਸਭ ਲੋਇ**-ਸਾਰੇ ਲੋਕ। **ਸਾਰ ਰਸੁ**-ਸ੍ਰੇਸ਼ਟ ਰਸ, ਪਵਿੱਤਰ ਰਸ, ਨਾਮ ਰਸ। **ਤਜੇ**-ਤਿਆਗਣਾ। **ਆਨ**-ਹੋਰ, ਦੂਸਰੇ। **ਮਗਨ**-ਮਸਤ। **ਡਾਰੇ**-ਤਿਆਗਣਾ। **ਬਿਖੁ**-ਜ਼ਹਿਰ। **ਖੋਇ**-ਖੋਹਣਾ, ਨਾਸ਼ ਕਰ ਦੇਣਾ॥੨॥

**ਪੰਡਿਤ**-ਵਿਦਵਾਨ। **ਸੂਰ**-ਸੂਰਮਾ। **ਛਤ੍ਰਪਤਿ**-ਚੱਕਰਵਰਤੀ ਰਾਜਾ। **ਪੁਰੈਨ ਪਾਤ**-ਪੂਰੈਣ (ਚੌਪੱਤੀ) ਬੂਟੀ ਦੇ ਪੱਤੇ। **ਜਨਮੇ ਜਗਿ ਓਇ**-ਸੰਸਾਰ ਵਿੱਚ ਉਨ੍ਹਾਂ ਦਾ ਜੰਮਣਾ ਹੀ ਸਾਰਥਕ ਹੈ॥੩॥੨॥

**ਪਦ ਅਰਥ** : ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਪ੍ਰਭੂ ਦੀ ਬੰਦਗੀ ਕਰਨ ਵਾਲਾ ਕੋਈ ਵੀ ਸਾਧੂ-ਸੰਤ ਭਾਵੇਂ ਕਿਸੇ ਵੀ ਕੁਲ ਜਾਂ ਖ਼ਾਨਦਾਨ ਵਿੱਚ ਜਨਮ ਲਏ, ਭਾਵ ਉਹ ਸਾਧੂ-ਸੰਤ ਭਾਵੇਂ ਉੱਚੀ ਕਹੀ ਜਾਣ ਵਾਲੀ ਜਾਤ

ਦਾ ਹੋਵੇ, ਭਾਵੇਂ ਨੀਵੀਂ ਕਹੀ ਜਾਣ ਵਾਲੀ ਜਾਤ ਦਾ ਹੋਵੇ। ਉਹ ਭਾਵੇਂ ਕੰਗਾਲ ਹੋਵੇ, ਭਾਵੇਂ ਅਮੀਰ ਹੋਵੇ ਪਰ ਉਹ ਆਪਣੀ ਪ੍ਰਭੂ-ਬੰਦਗੀ ਕਾਰਨ ਨਿਰਮਲ ਸ਼ੋਭਾ ਵਾਲਾ ਜਾਣਿਆ ਜਾਂਦਾ ਹੈ। ਉਸ ਦੀ ਮਹਿਮਾ ਦੀ ਪਵਿੱਤਰ ਖੁਸ਼ਬੂ ਸਾਰੇ ਸੰਸਾਰ ਵਿੱਚ ਫ਼ੈਲ ਜਾਂਦੀ ਹੈ (ਅਤੇ ਉਸਦੀ ਜਾਤ ਤੇ ਧਨ-ਦੌਲਤ ਆਦਿਕ ਦਾ ਕਿੱਧਰੇ ਵੀ ਜ਼ਿਕਰ ਹੀ ਨਹੀਂ ਹੁੰਦਾ।)॥ ਰਹਾਉ॥

(ਜੀਵ ਭਾਵੇਂ ਕਿਸੇ ਵੀ ਜਾਤ ਨਾਲ ਸੰਬੰਧ ਰੱਖਦਾ ਹੋਵੇ), ਉਹ ਚਾਹੇ ਬ੍ਰਾਹਮਣ ਹੋਵੇ, ਚਾਹੇ ਵੈਸ਼ ਹੋਵੇ, ਚਾਹੇ ਸ਼ੂਦਰ ਹੋਵੇ, ਚਾਹੇ ਖੱਤਰੀ ਹੋਵੇ, ਚਾਹੇ ਡੂਮ ਹੋਵੇ, ਚਾਹੇ ਚੰਡਾਲ ਹੋਵੇ ਤੇ ਚਾਹੇ ਮਲੀਨ ਬੁੱਧੀ ਵਾਲਾ ਹੋਵੇ ਪਰ ਪ੍ਰਭੂ ਦੀ ਬੰਦਗੀ ਕਰਨ ਨਾਲ ਉਹ ਨਿਰਮਲ ਅਤੇ ਪਵਿੱਤਰ ਹੋ ਜਾਂਦਾ ਹੈ। ਉਹ ਇਸ ਮਾਇਆ-ਵੇੜ੍ਹੇ ਸੰਸਾਰ-ਸਮੁੰਦਰ ਤੋਂ ਆਪ ਤਾਂ ਤਰਦਾ ਹੀ ਹੈ, ਨਾਲ ਹੀ ਆਪਣੇ ਮਾਤਾ-ਪਿਤਾ ਦੀਆਂ ਕੁਲਾਂ ਭਾਵ ਨਾਨਕੇ ਤੇ ਦਾਦਕੇ ਵੀ ਤਾਰ ਲੈਂਦਾ ਹੈ॥

2. (ਅਜਿਹੇ ਸਾਧੂ-ਸੰਤਾਂ ਦੇ ਸਾਰੇ ਵਸਤ-ਪਦਾਰਥ ਉੱਤਮ ਹੁੰਦੇ ਹਨ।) ਉਹ ਪਿੰਡ, ਉਹ ਥਾਂ ਅਤੇ ਉਸ ਪਵਿੱਤਰ ਪਰਿਵਾਰ ਦੇ ਸਾਰੇ ਲੋਕ ਭਾਗਾਂ ਵਾਲੇ ਮੰਨੇਂ ਜਾਂਦੇ ਹਨ ਜਿਸ ਵਿੱਚ ਸੰਤ-ਮਹਾਤਮਾ ਜਨਮ ਲੈਂਦੇ ਹਨ। ਉਹ ਜੀਵ (ਉਹ ਸੰਤ) ਪਰਮਾਤਮਾ ਦੇ ਨਾਮ ਦਾ ਸ੍ਰੇਸ਼ਟ-ਰਸ ਪੀਂਦਾ ਹੈ ਅਤੇ ਦੁਨੀਆਂ ਦੇ ਹੋਰ ਸਾਰੇ ਝੂਠੇ ਰਸਾਂ ਨੂੰ ਤਿਆਗ਼ ਦਿੰਦਾ ਹੈ। ਫਿਰ ਉਹ ਨਾਮ-ਰਸ ਵਿੱਚ ਮਸਤ ਹੋਇਆ ਮਾਇਆ-ਜ਼ਹਿਰ ਨੂੰ ਸਦਾ ਲਈ ਤਿਆਗ਼ਦਾ ਹੋਇਆ ਉਸਨੂੰ ਆਪਣੇ ਅੰਦਰੋਂ ਨਸ਼ਟ ਕਰ ਦਿੰਦਾ ਹੈ॥

3. ਹੇ ਭਾਈ! ਵੱਡੇ ਤੋਂ ਵੱਡਾ ਵਿਦਵਾਨ, ਮਹਾਨ ਸੂਰਮਾ, ਚੱਕਰਵਰਤੀ ਰਾਜਾ ਤੇ ਅਜਿਹਾ ਕੋਈ ਵੀ ਹੋਰ ਜੀਵ ਪ੍ਰਭੂ ਦੇ ਭਗਤ ਬਰਾਬਰ ਨਹੀਂ ਹੋ ਸਕਦਾ। ਪ੍ਰਭੂ-ਭਗਤ ਦਾ ਸਥਾਨ ਹਰ ਤਰ੍ਹਾਂ ਦੀ ਸ਼੍ਰੇਣੀ ਤੋਂ ਉੱਪਰ ਤੇ ਸਰਬ-ਸ੍ਰੇਸ਼ਟ ਹੈ। ਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਜਿਸ ਤਰ੍ਹਾਂ ਪੁਰੈਣ ਬੂਟੀ (ਚੁਪੱਤੀ ਬੂਟੀ) ਦੇ ਪੱਤੇ ਜਲ ਦੇ ਕੋਲ ਰਹਿ ਕੇ ਹਮੇਸ਼ਾ ਹਰੇ-ਭਰੇ ਰਹਿੰਦੇ ਹਨ, ਉਸੇ ਤਰ੍ਹਾਂ ਪ੍ਰਭੂ ਦੇ ਭਗਤ ਵੀ ਪ੍ਰਭੂ ਦੇ ਚਰਨਾਂ ਵਿੱਚ ਰਹਿ ਕੇ ਹੀ ਜੀਊਂਦੇ ਹਨ। ਸੰਸਾਰ ਵਿੱਚ ਅਜਿਹੇ ਭਗਤਾਂ ਦਾ ਜਨਮ ਲੈਣਾ ਹੀ ਸਾਰਥਕ ਮੰਨਿਆ ਜਾਂਦਾ ਹੈ॥

**ਭਾਵ ਅਰਥ** : ਸੰਸਾਰ ਵਿੱਚ ਪ੍ਰਭੂ ਦੇ ਭਗਤਾਂ ਦਾ ਦਰਜਾ ਸਭ ਤੋਂ ਉੱਚਾ ਹੈ। ਮਹਾਨ ਵਿਦਵਾਨ, ਬਲਵਾਨ ਸੂਰਮਾ ਤੇ ਛੱਤਰਪਤੀ ਰਾਜਾ ਆਦਿਕ ਵੀ ਉਸਦੀ ਬਰਾਬਰੀ ਨਹੀਂ ਕਰ ਸਕਦੇ।

## ਰਾਗੁ ਬਿਲਾਵਲੁ -46

***ਕਾ ਤੂੰ ਸੋਵੈ ਜਾਗਿ ਦਿਵਾਨਾ। ਝੂਠਾ ਜੀਵਨ ਸਾਚਿ ਕਰਿ ਜਾਨਾ॥ ਟੇਕ॥***
***ਜੋ ਦਿਨ ਆਵੈ ਸੋ ਦੁਖ ਮੇ ਜਾਹੀਂ। ਕੀਜੈ ਕੂੰਚ ਰਹਿਓ ਸਚੁ ਨਾਹੀਂ॥***
***ਸੰਗਿ ਚਲਿਓ ਹੈ ਹਮ ਭੀ ਚਲਨਾ। ਦੂਰਿ ਗਵਨੁ ਸਿਰ ਊਪਰਿ ਮਰਨਾ॥ ੧॥***
***ਜੋ ਕਛੁ ਬੋਇਆ ਲੁਨਿਯੇ ਸੋਈ। ਤਾ ਮੇ ਫੇਰ ਫਾਰ ਨਹੀਂ ਹੋਈ॥***

***ਛਾਡਿਆ ਕੂਰ ਭਜੋ ਹਰਿ ਚਰਨਾ। ਤਾ ਕੋ ਮਿਟੈ ਜਨਮ ਅਰੁ ਮਰਨਾ॥ ੨॥***
***ਜਿਨਿ ਜੀਉ ਦਿਆ ਸੋ ਰਿਜਕੁ ਅੰਬਰਾਵੈ। ਘਟ-ਘਟ ਭੀਤਰਿ ਰਹਟ ਚਲਾਵੈ॥***
***ਕਰਿ ਬੰਦਿਗੀ ਛਾਡਿ ਮੈਂ ਮੇਰਾ। ਹਿਰਦੈ ਕਰੀਮ ਸੰਭਾਰਿ ਸਵੇਰਾ॥ ੩॥***
***ਆਗੈ ਪੰਥ ਖਰਾ ਹੈ ਝੀਨਾ। ਖਾਂਡੈ ਧਾਰ ਜੈਸਾ ਹੈ ਪੈਨਾ॥***
***ਜਿਸ ਉਪਰਿ ਮਾਰਗ ਹੈ ਤੇਰਾ। ਪੰਥੀ ਪੰਥ ਸੰਵਾਰਿ ਸਵੇਰਾ॥ ੪॥***
***ਕਿਆ ਤੈਂ ਖਰਚਾ ਕਿਆ ਤੈ ਖਾਇਆ। ਚਲਿ ਦਰਿਹਾਲ ਦਿਬਾਨ ਬੁਲਾਇਆ॥***
***ਸਾਹਿਬ ਤੋ ਪੈ ਲੇਖਾ ਲੇਸੀ। ਭੀਰਿ ਪਰਿਆਂ ਤੂੰ ਭਰਿ ਭਰਿ ਦੇਸੀ॥ ੫॥***
***ਜਨਮ ਸਿਰਾਨਾ ਕਿਆ ਪਸਾਰਾ ਸੰਵਾਰਾ। ਸਾਂਝ ਪਰੀ ਚਹੁੰ ਦਿਸਿ ਅੰਧਿਆਰਾ॥***
***ਕਹੈ ਰਵਿਦਾਸ ਨਿਦਾਨਿ ਦਿਵਾਨਾ। ਅਜਹੂੰ ਨ ਚੇਤੈ ਦੂਨੀ ਫੰਦਖਾਨਾ॥ ੬॥***

**ਸ਼ਬਦ ਅਰਥ** : **ਦਿਵਾਨਾ**–ਪਾਗ਼ਲ, ਕਮਲਾ। **ਝੂਠਾ**–ਨਾਸ਼ਵਾਨ। **ਸਾਂਚਿ ਕਰਿ ਜਾਨਾ**–ਸੱਚ ਸਮਝਣਾ ਭਾਵ ਸਦਾ ਕਾਇਮ ਰਹਿਣ ਵਾਲਾ ਸਮਝਣਾ। **ਕੂੰਚ**–ਚਲੇ ਜਾਣਾ। **ਰਹਿਓ ਸਚੁ ਨਾਹੀ**–ਸਦਾ ਲਈ ਰਹਿਣ ਵਾਲਾ ਨਹੀਂ। **ਦੂਰਿ ਗਵਨੁ**–ਦੂਰ ਦਾ ਪੈਂਡਾ॥ ੧॥
**ਲੁਨਿਯੇ**–ਕੱਟਣਾ। **ਕੂਰ**–ਕੂੜ, ਝੂਠ। **ਮਿਟੈ**–ਮਿਟ ਜਾਣਾ, ਖ਼ਤਮ ਹੋਣਾ॥ ੨॥
**ਜੀਉ**–ਜ਼ਿੰਦਜਾਨ। **ਰਿਜਕੁ**–ਰੋਟੀ ਕਪੜਾ ਆਦਿਕ। **ਅੰਬਰਾਵੈ**–ਪਹੁੰਚਾਉਂਦਾ ਹੈ। **ਰਹਟ**–ਅਰਘੱਟ, ਪਾਣੀ ਕੱਢਣ ਲਈ ਜਿਸਨੂੰ ਟਿੰਡਾ ਬੰਨ੍ਹੀਆਂ ਹੁੰਦੀਆਂ ਹਨ, ਸਾਰੀਆਂ ਇੰਦਰੀਆਂ। **ਕਰੀਮ**–ਕ੍ਰਿਪਾ ਕਰਨ ਵਾਲਾ। **ਸੰਭਾਰਿ**–ਸਾਂਭ ਲੈ। **ਸਵੇਰਾ**–ਵੇਲੇ ਸਿਰ॥ ੩॥
**ਪੰਥ**–ਰਸਤਾ। **ਖਰਾ**–ਬਹੁਤ ਚੰਗਾ। **ਝੀਨਾ**–ਬਾਰੀਕ, ਪਤਲਾ। **ਖਾਂਡੈ**–ਤਲਵਾਰ। **ਪੈਨਾ**–ਤਿੱਖਾ, ਤੇਜ਼। **ਪੰਥੀ**–ਯਾਤਰੀ। **ਸੰਵਾਰਿ**–ਸੰਵਾਰ ਲੈ, ਠੀਕ ਕਰ ਲੈ॥ ੪॥
**ਦਰਿਹਾਲ**–ਛੇਤੀਂ-ਛਤੀਂ, ਹੁਣੇ। **ਦਿਬਾਨ**–ਧਰਮਰਾਜ ਨੇ, ਦਿਵਾਨ ਨੇ। **ਭੀਰਿ**–ਤੰਗੀ, ਕਠਿਨਾਈ, ਔਖਾ ਸਮਾਂ। **ਭਰਿ ਭਰਿ**–ਪੂਰਾ ਪੂਰਾ ਕਰਕੇ (ਹਿਸਾਬ ਦੇਵੇਗਾ)॥ ੫॥
**ਸਿਰਾਨਾ**–ਬੀਤ ਰਿਹਾ ਹੈ। **ਸੰਵਾਰਾ**–ਸੰਵਾਰਨਾ। **ਨਿਦਾਨਿ**–ਅੰਤ ਨੂੰ, ਓੜਕ। **ਦਿਵਾਨਾ**–ਮੂਰਖ਼। **ਦੂਨੀ**–ਦੁਨੀਆ। **ਫੰਦਖਾਨਾ**–ਨਾਸ਼ਵਾਨ॥ ੬॥

**ਪਦ ਅਰਥ** : ਹੇ ਕਮਲੇ ਜੀਵ! ਕੀ ਤੂੰ ਆਤਮਿਕ ਜੀਵਨ ਵੱਲੋਂ ਬੇ-ਪਰਵਾਹੀ ਦੀ ਗੂੜ੍ਹੀ ਨੀਂਦ ਵਿੱਚ ਸੁੱਤਾ ਪਿਆ ਹੈਂ? ਕੀ ਤੂੰ ਆਪਣੇ ਇਸ ਝੂਠੇ ਜੀਵਨ ਨੂੰ ਸੱਚਾ ਸਮਝੀ ਬੈਠਾ ਹੈਂ? (ਯਾਦ ਰੱਖ, ਇਹ ਸਦਾ ਕਾਇਮ ਰਹਿਣ ਵਾਲਾ ਨਹੀਂ ਬਲਕਿ ਨਾਸ਼ਵੰਤ ਹੈ।) ਇਸ ਲਈ ਤੂੰ ਆਤਮਿਕ ਜੀਵਨ ਵੱਲੋਂ ਬੇ-ਪਰਵਾਹੀ ਦੀ ਨੀਂਦ ਵਿੱਚੋਂ ਜਾਗ ਤੇ ਅਸਲੀਅਤ ਨੂੰ ਸਮਝਣ ਦੀ ਕੋਸ਼ਿਸ਼ ਕਰ॥ ਟੇਕ॥
ਹੇ ਭਾਈ! ਜੀਵ ਦੀ ਜ਼ਿੰਦਗੀ ਵਿੱਚ ਜਿਹੜਾ ਦਿਨ ਆਉਂਦਾ ਹੈ, (ਪਰਮਾਤਮਾ ਦੀ ਬੰਦਗੀ ਤੋਂ ਬਿਨਾਂ) ਉਹ ਦੁੱਖ ਵਿੱਚ ਬੀਤ ਜਾਂਦਾ ਹੈ। ਇੰਝ ਇਕ-ਇਕ ਦਿਨ ਕਰਕੇ ਜੀਵ ਦੀ ਜ਼ਿੰਦਗੀ ਘਟਦੀ ਜਾਂਦੀ ਹੈ। ਇਸ ਮਾਤ-ਲੋਕ ਵਿੱਚ ਸਦਾ ਲਈ ਰਹਿਣ ਵਾਲਾ ਕੋਈ ਵੀ ਨਹੀਂ ਹੈ, ਸਭ ਨੇ ਇੱਥੋਂ ਚਲੇ ਜਾਣਾ ਹੈ। ਜੀਵ ਦੇ ਸਾਥੀ ਸੰਸਾਰ ਨੂੰ ਛੱਡ ਕੇ ਜਾ ਰਹੇ ਹਨ। ਅਸੀਂ ਵੀ ਇਕ ਦਿਨ ਇਸ ਨੂੰ ਛੱਡ ਕੇ ਚਲੇ ਜਾਣਾ ਹੈ। ਇਹ ਬਹੁਤ ਦੂਰ ਦੀ ਮੁਸਾਫ਼ਰੀ ਹੈ। ਜੀਵ ਮੌਤ ਨੂੰ ਯਾਦ ਨਹੀਂ ਰੱਖਦਾ ਪਰ ਮੌਤ ਹਰ ਵੇਲੇ ਉਸ ਦੇ ਸਿਰ 'ਤੇ ਖਲੋਤੀ ਰਹਿੰਦੀ ਹੈ, (ਪਤਾ ਨਹੀਂ

ਕਿਸ ਵੇਲੇ ਆ ਜਾਏ।)॥
2. ਜੀਵ ਜਿਹੋ ਜਿਹਾ (ਕਰਮ-ਰੂਪ) ਬੀਜ ਬੀਜਦਾ ਹੈ ਉਹੋ ਜਿਹਾ ਹੀ ਉਹ ਕਰਮ-ਫਲ ਪ੍ਰਾਪਤ ਕਰਦਾ ਹੈ। ਪ੍ਰਭੂ ਦੀ ਰਜ਼ਾ ਦਾ ਇਹ ਨਿਯਮ ਅਟੱਲ ਹੈ। ਇਸ ਵਿੱਚ ਕੋਈ ਵੀ ਘਾਟ-ਵਾਧ ਨਹੀਂ ਹੁੰਦੀ। ਇਸ ਲਈ ਹੇ ਜੀਵ! ਤੂੰ ਝੂਠੇ ਧੰਦਿਆਂ ਨੂੰ ਛੱਡ ਕੇ ਪ੍ਰਭੂ ਦੇ ਚਰਨ-ਕੰਵਲਾਂ ਦਾ ਧਿਆਨ ਧਰ ਭਾਵ ਆਪਣੀ ਸੁਰਤਿ ਨੂੰ ਪ੍ਰਭੂ ਦੇ ਨਾਮ-ਸਿਮਰਨ ਨਾਲ ਜੋੜ ਤਾਂ ਕਿ ਤੇਰੇ ਜਨਮ-ਮਰਨ ਦਾ ਗੇੜ ਸਦਾ ਲਈ ਮੁੱਕ ਜਾਵੇ॥
3. ਜਿਸ ਪ੍ਰਭੂ ਨੇ ਜੀਵ ਨੂੰ ਜ਼ਿੰਦਜਾਨ ਬਖ਼ਸ਼ੀ ਹੈ, ਉਸ ਨੇ ਜੀਵ ਦਾ ਰਿਜਕ ਵੀ ਨਾਲ ਹੀ ਭੇਜ ਦਿੱਤਾ ਹੈ। ਉਹ ਸਭ ਜੀਵਾਂ ਵਿੱਚ ਬੈਠਾ ਹੋਇਆ ਸਭ ਦੀਆਂ ਇੰਦਰੀਆਂ ਚਲਾ ਰਿਹਾ ਹੈ ਭਾਵ ਸਭ ਨੂੰ ਆਹਾਰ ਤੇ ਲੋੜੀਂਦੀਆਂ ਚੀਜ਼ਾਂ ਦਾ ਹੀਲਾ (ਸਬੱਬ) ਮੁਹੱਈਆ ਕਰਾ ਰਿਹਾ ਹੈ। ਇਸ ਲਈ ਹੇ ਜੀਵ! ਤੂੰ ਆਪਣੇ ਅੰਦਰੋਂ ਮੈਂ-ਮੇਰੀ ਦੇ ਹੰਕਾਰ ਨੂੰ ਮਿਟਾ ਕੇ ਪ੍ਰਭੂ ਦੀ ਭਗਤੀ ਕਰ। ਤੂੰ ਹਾਲੇ ਵੀ ਆਪਣੇ ਹਿਰਦੇ ਵਿੱਚ ਉਸ ਦਿਆਲੂ-ਪ੍ਰਭੂ ਦੇ ਨਾਮ ਨੂੰ ਜ਼ਲਦੀ-ਜ਼ਲਦੀ ਸਾਂਭ ਲੈ॥
4. ਹੇ ਜੀਵ! ਮੌਤ ਤੋਂ ਬਾਅਦ ਪ੍ਰਲੋਕ ਨੂੰ ਜਾਣ ਵਾਲਾ ਰਸਤਾ ਤਿੱਖਾ, ਬਾਰੀਕ ਤੇ ਤਲਵਾਰ ਦੀ ਧਾਰ ਵਾਂਗ ਬਹੁਤ ਤੇਜ਼ ਹੈ। ਇਸ ਕਠਿਨ ਰਸਤੇ ਉੱਪਰ ਤੈਨੂੰ ਇਕੱਲਿਆਂ ਹੀ ਲੰਘਣਾ ਪੈਣਾ ਹੈ। ਹੇ ਪੰਥੀ-ਜੀਵ! ਇਸ ਰਸਤੇ ਨੂੰ ਸਹਿਜ ਕਰਨ ਦਾ ਇੱਕੋ ਇਕ ਤਰੀਕਾ ਪ੍ਰਭੂ ਦੇ ਨਾਮ ਦਾ ਸਿਮਰਨ ਕਰਨਾ ਹੈ। ਇਸ ਲਈ ਵਕਤ ਰਹਿੰਦੇ ਤੂੰ ਪ੍ਰਭੂ ਦਾ ਸਿਮਰਨ ਕਰਕੇ ਪ੍ਰਲੋਕ ਦੇ ਰਸਤੇ ਨੂੰ ਸੰਵਾਰ ਲੈ॥
5. ਹੇ ਜੀਵ! ਤੂੰ ਸੰਸਾਰ ਵਿੱਚ ਆ ਕੇ ਕੀ ਖ਼ਰਚਿਆ ਤੇ ਕੀ ਖਾਧਾ? ਭਾਵ ਤੂੰ ਆਪਣੇ ਚੰਗੇ-ਮਾੜੇ ਕਰਮਾਂ ਦਾ ਹਿਸਾਬ-ਕਿਤਾਬ ਤਿਆਰ ਰੱਖ। ਤੈਨੂੰ ਛੇਤੀਂ ਹੀ ਧਰਮਰਾਜ ਦੇ ਦਰਬਾਰ ਵਿੱਚ ਬੁਲਾਇਆ ਜਾਵੇਗਾ ਤੇ ਤੈਥੋਂ ਤੇਰੇ ਵੱਲੋਂ ਕੀਤੇ ਹੋਏ ਕਰਮਾਂ ਦਾ ਲੇਖਾ-ਜੋਖਾ ਮੰਗਿਆ ਜਾਵੇਗਾ। ਇਹ ਸਮਾਂ ਵੱਡੇ ਸੰਕਟ ਦਾ ਹੁੰਦਾ ਹੈ, ਉਦੋਂ ਤੈਨੂੰ ਆਪਣੇ ਕਰਮਾਂ ਦਾ ਪੂਰਾ-ਪੂਰਾ ਲੇਖਾ ਦੇਣਾ ਪੈਣਾ ਹੈ॥
6. ਹੇ ਜੀਵ! ਤੇਰੀ ਉਮਰ ਬੀਤਦੀ ਜਾ ਰਹੀ ਹੈ। (ਤੂੰ ਆਪਣੇ ਜੀਵਨ ਦੇ ਮਨੋਰਥ ਨੂੰ ਪੂਰਾ ਕਰਨ ਲਈ) ਹੁਣ ਤੱਕ ਕਿਹੜੇ ਕਰਮਾਂ ਦਾ ਪਸਾਰਾ ਕੀਤਾ ਤੇ ਕਿਹੜੇ ਕਰਮਾਂ ਨੂੰ ਸੰਵਾਰਿਆ ਹੈ? ਭਾਵ ਤੂੰ ਆਪਣੇ ਚੰਗੇ-ਮਾੜੇ ਕਰਮਾਂ ਦਾ ਲੇਖਾ-ਜੋਖਾ ਕਰਕੇ ਦੇਖ। ਜਿਵੇਂ ਕਿ ਸ਼ਾਮ ਹੋਣ 'ਤੇ ਚਾਰੇ ਦਿਸ਼ਾਵਾਂ ਵਿੱਚ ਹਨ੍ਹੇਰਾ ਪੈਣਾ ਸ਼ੁਰੂ ਹੋ ਜਾਂਦਾ ਹੈ ਤਿਵੇਂ ਹੀ ਬੁਢਾਪਾ ਆਉਣ 'ਤੇ ਗਿਆਨ ਇੰਦ੍ਰੀਆਂ ਵੀ ਕੰਮ ਕਰਨਾ ਬੰਦ ਕਰ ਦਿੰਦੀਆਂ ਹਨ। (ਉਸ ਸਮੇਂ ਤੈਨੂੰ ਕੋਈ ਉਪਾਏ ਨਹੀਂ ਸੁੱਝਣਾ।) ਗੁਰੂ ਮਹਾਰਾਜ ਜੀ ਸਮਝਾਉਂਦੇ ਹਨ ਕਿ ਹੇ ਮੂਰਖ਼ ਜੀਵ! (ਤੈਨੂੰ ਹਾਲੇ ਵੀ ਪਤਾ ਨਹੀਂ ਲੱਗ ਰਿਹਾ ਕਿ ਜਿਸ ਸੰਸਾਰ ਨਾਲ ਤੂੰ ਮੋਹ ਪਾਇਆ ਹੈ ਉਹ ਸਦੀਵੀ ਰਹਿਣ ਵਾਲਾ ਨਹੀਂ) ਬਲਕਿ ਅੰਤ ਨੂੰ ਫ਼ਨਾਹ ਹੋ ਜਾਣ ਵਾਲਾ ਹੈ। (ਇਸ ਲਈ ਤੂੰ ਆਪਣੇ

ਜੀਵਨ ਦੇ ਮਨੋਰਥ ਨੂੰ ਪੂਰਾ ਕਰਨ ਲਈ ਇਸ ਨਾਸ਼ਵਾਨ ਸੰਸਾਰ ਦੇ ਮੋਹ ਨੂੰ ਤਿਆਗ਼ ਕੇ ਉਸ ਸਦੀਵੀ ਰਹਿਣ ਵਾਲੇ ਪ੍ਰਭੂ ਨਾਲ ਡੂੰਘੀ ਸਾਂਝ ਬਣਾ।)॥

**ਭਾਵ ਅਰਥ** : ਇਹ ਸੰਸਾਰ ਨਾਸ਼ਵਾਨ ਹੈ। ਹੇ ਜੀਵ! ਤੂੰ ਇਸ ਦੇ ਮੋਹ ਵਿੱਚੋਂ ਨਿੱਕਲ ਕੇ ਪ੍ਰਭੂ-ਸਿਮਰਨ ਰਾਹੀਂ ਆਪਣੀ ਮੁਕਤੀ ਦਾ ਪੰਥ ਸੰਵਾਰ।

# ਰਾਗੁ ਬਿਲਾਵਲੁ -47

***ਖਾਲਿਕ ਸਿਕਸਤਾ ਮੈ ਤੇਰਾ।***
***ਦੇ ਦੀਦਾਰ ਉਮੇਦਗਾਰ, ਬੇਕਰਾਰ ਜੀਉ ਮੇਰਾ॥ ਟੇਕ॥***
***ਅਵਲਿ ਆਖਿਰ ਇਲਮ ਆਦਿਮ, ਮੌਜ ਫਰਿਸਤਾ ਬੰਦਾ।***
***ਜਿਸ ਕੀ ਪਨਹ ਪੀਰ ਪੈਗੰਬਰ, ਮੈਂ ਗਰੀਬ ਕਿਆ ਗੰਦਾ॥ ੧॥***
***ਤੂੰ ਹਾਜਰਾ ਹਜੂਰ ਜੋਗ ਇਕ, ਅਵਰ ਨਹੀਂ ਦੂਜਾ।***
***ਜਿਸਕੇ ਇਸਕ ਆਸਰਾ ਨਾਹੀਂ, ਕਿਆ ਨਿਵਾਜ ਕਿਆ ਪੂਜਾ॥ ੨॥***
***ਨਾਲੀਦੋਜ਼ ਹਨੋਜ ਬੇਬਖਤ, ਕੰਮਿ ਖਿਦਮਤਿਗਾਰ ਤੁਮ੍ਹਾਰਾ।***
***ਦਰਮਾਂਦਾ ਦਰ ਜਵਾਬ ਨ ਪਾਵੈ, ਕਹਿ ਰਵਿਦਾਸ ਬਿਚਾਰਾ॥ ੩॥***

**ਸ਼ਬਦ ਅਰਥ** : **ਖਾਲਿਕ**-ਸਿਰਜਣਹਾਰ, ਪਰਮਾਤਮਾ। **ਸਿਕਸਤਾ**-ਟੁੱਟਿਆ ਹੋਇਆ, ਕਮਜ਼ੋਰ, ਉਪਾਸਕ, ਸੇਵਕ। **ਉਮੇਦਗਾਰ**-ਉਮੀਦ ਵਿੱਚ, ਆਸ਼ਾਵਾਨ। **ਬੇਕਰਾਰ**-ਵਿਆਕੁਲ, ਬੇਚੈਨ। **ਜੀਉ**-ਹਿਰਦਾ, ਮਨ। **ਅਵਲਿ**-ਪਹਿਲਾਂ, ਆਦਿ ਤੋਂ। **ਇਲਮ**-ਗਿਆਨ, ਵਿੱਦਿਆ। **ਆਦਿਮ**-ਸਭ ਤੋਂ ਪਹਿਲਾ, ਪ੍ਰਥਮ। **ਫਰਿਸਤਾ**-ਖ਼ੁਦਾ ਦੇ ਨੂਰ ਤੋਂ ਪੈਦਾ ਹੋਇਆ, ਖ਼ੁਦਾ ਦਾ ਭੇਜਿਆ ਹੋਇਆ। **ਮੌਜ**-ਆਨੰਦ, ਮਦਮਸਤ। **ਪੀਰ**-ਧਰਮ ਦਾ ਅਚਾਰੀਆ, ਗੁਰੂ। **ਪੈਗੰਬਰ**-ਪੈਗਾਮ+ਬਰ, ਰੱਬ ਦਾ ਸੁਨੇਹਾ ਲੈ ਜਾਣ ਵਾਲਾ॥ ੧॥ **ਹਾਜਰਾ ਹਜੂਰ**-ਹਾਜ਼ਿਰ-ਨਾਜ਼ਿਰ, ਸਰਬ ਵਿਆਪਕ। **ਜੋਗ**-ਇਕ ਇਕਾਈ। **ਇਸਕ**-ਪ੍ਰੀਤ, ਪ੍ਰੇਮ। **ਆਸਰਾ**-ਸਹਾਰਾ। **ਨਿਵਾਜ**-ਨਮਾਜ਼, ਖ਼ੁਦਾ ਅੱਗੇ ਪ੍ਰਾਰਥਨਾ ਕਰਨੀ, ਇਸਲਾਮ ਅਨੁਸਾਰ ਮੁਸਲਮਾਨ ਨੂੰ ਦਿਨ ਵਿੱਚ ਪੰਜ ਨਿਵਾਜਾਂ ਦਾ ਪੜ੍ਹਨਾ ਜ਼ਰੂਰੀ ਹੈ॥ ੨॥ **ਨਾਲੀਦੋਜ਼**-ਨਾਲੀ ਵਿੱਚ ਪਿਆ ਹੋਇਆ। **ਹਨੋਜ**-ਹੁਣ ਤੱਕ, ਅਜੇ ਤੱਕ। **ਬੇਬਖਤ**-ਬੇਸਮਾਂ, ਸਮੇਂ ਤੋਂ ਖੁੰਝਿਆ ਹੋਇਆ। **ਕੰਮਿ**-ਕਾਮਾ, ਕਰਮੀ। **ਖਿਦਮਤਿਗਾਰ**-ਸੇਵਕ। **ਦਰਮਾਂਦਾ**-ਦਰ 'ਤੇ ਅਰਜ ਕਰਨ ਵਾਲਾ, ਦੀਨ। **ਵਿਚਾਰਾ**- ਨਿਮਾਣਾ॥

**ਪਦ ਅਰਥ** : ਹੇ ਸਿਰਜਨਹਾਰ-ਪ੍ਰਭੂ! ਮੈਂ ਜਿਹੋ ਜਿਹਾ ਵੀ ਹਾਂ ਆਪ ਜੀ ਦਾ ਹੀ ਹਾਂ। ਮੈਂ ਆਪ ਜੀ ਦਾ ਸੱਚਾ ਉਪਾਸਕ ਹਾਂ। ਮੇਰਾ ਮਨ ਆਪ ਜੀ ਦੇ ਦਰਸ਼ਨਾਂ ਦੀ ਆਸ ਵਿੱਚ ਬਹੁਤ ਬੇਚੈਨ ਰਹਿੰਦਾ ਹੈ, ਪਰ ਅਜੇ ਤੱਕ ਦਰਸ਼ਨ ਨਾ ਹੋਣ ਕਾਰਨ ਇਹ ਹੁਣ ਬਹੁਤ ਥੱਕ-ਟੁੱਟ ਗਿਆ ਹੈ। ਇਸ ਲਈ ਹੇ ਪ੍ਰਭੂ! ਆਪ ਜੀ ਜਲਦੀ-ਜਲਦੀ ਮੈਨੂੰ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ ਜੀ॥ ਟੇਕ॥

ਹੇ ਪ੍ਰਭੂ! ਆਪ ਜੀ ਜਗਤ ਦੇ ਸ਼ੁਰੂ ਤੋਂ ਲੈ ਕੇ ਜਗਤ ਦੇ ਅੰਤ ਤੱਕ ਕਾਇਮ ਰਹਿਣ ਵਾਲੇ ਹੋ। ਆਪ ਜੀ ਸ੍ਰਿਸ਼ਟੀ ਦੇ ਪ੍ਰਥਮ ਇਲਮ ਹੋ, ਸਾਰਿਆਂ ਵਿੱਦਿਆਵਾਂ (ਗਿਆਨ) ਦੇ ਭੰਡਾਰ ਹੋ ਜਿਸ ਨੂੰ ਜਾਣ ਕੇ ਇਨਸਾਨ ਤੇ ਫ਼ਰਿਸ਼ਤੇ ਆਨੰਦਿਤ ਹੋ ਜਾਂਦੇ ਹਨ। ਹੇ ਪਰਮਾਤਮਾ! ਆਪ ਜੀ ਦੀ ਸ਼ਰਨ ਵਿੱਚ ਤਾਂ ਪੀਰ-ਪੈਗੰਬਰ

ਵੀ ਆਉਂਦੇ ਹਨ ਫਿਰ ਮੈਂ ਆਪ ਜੀ ਦੀ ਸ਼ਰਨ ਵਿੱਚ ਕਿਵੇਂ ਨਹੀਂ ਆਵਾਂਗਾ? ਕੀ ਹੋਇਆ ਜੇਕਰ ਮੈਂ ਗ਼ਰੀਬ ਤੇ ਕਮਜ਼ੋਰ ਹਾਂ ਪਰ ਹਾਂ ਤਾਂ ਆਪ ਜੀ ਦਾ ਹੀ ਉਪਾਸਕ। ਆਪ ਜੀ ਮੇਰੇ ਔਗੁਣ ਨਾ ਚਿਤਾਰਦੇ ਹੋਏ ਮੈਨੂੰ ਆਪਣੀ ਸ਼ਰਨ ਵਿੱਚ ਲੈਣ ਦੀ ਕ੍ਰਿਪਾਲਤਾ ਕਰੋ ਜੀ॥

2. ਹੇ ਪਰਮਾਤਮਾ! ਆਪ ਜੀ ਹਰ ਥਾਂ ਹਾਜ਼ਿਰ-ਨਾਜ਼ਿਰ ਹੋ, ਸਰਬ-ਵਿਆਪਕ ਹੋ। ਆਪ ਜੀ ਇਕ ਯੋਗ ਹੋ, ਇਕ ਇਕਾਈ ਹੋ ਜਿਸ ਵਿੱਚ ਕੋਈ ਘਾਟ-ਵਾਧ ਨਹੀਂ ਹੁੰਦਾ। ਸ੍ਰਿਸ਼ਟੀ ਵਿੱਚ ਆਪ ਜੀ ਵਰਗਾ ਜਾਂ ਆਪ ਜੀ ਦੇ ਸਮਾਨ ਕੋਈ ਹੋਰ ਦੂਸਰਾ ਨਹੀਂ ਹੈ, ਆਪ ਜੀ ਲਾਸਾਨੀ ਹੋ। ਹੇ ਪਰਮਾਤਮਾ! ਜੋ ਵੀ ਜੀਵ ਆਪ ਜੀ ਦੀ ਸੱਚੀ ਪ੍ਰੀਤ ਦਾ ਆਸਰਾ ਨਹੀਂ ਲੈਂਦਾ ਉਹ ਭਾਵੇਂ ਨਮਾਜ਼ਾਂ ਪੜ੍ਹੇ ਜਾਂ ਪੂਜਾ ਕਰੇ ਉਸ ਨੂੰ ਇਨ੍ਹਾਂ ਨਾਲ ਕੁਝ ਵੀ ਹਾਸਲ ਨਹੀਂ ਹੋਣਾ ਹੈ॥

3. ਹੇ ਪਰਮਾਤਮਾ! (ਆਪ ਜੀ ਦੇ ਦਰਸ਼ਨਾਂ ਤੋਂ ਬਿਨਾਂ) ਮੈਂ ਵਕਤ ਤੋਂ ਖੁੰਝਿਆ ਹੋਇਆ (ਕਈ ਜਨਮਾਂ ਤੋਂ ਲੈ ਕੇ) ਹੁਣ ਤੱਕ ਨਾਲੀ ਵਿੱਚ ਪਏ ਹੋਏ ਕੀੜੇ ਵਾਂਗ ਹਾਂ। ਹੇ ਪਰਮਾਤਮਾ! ਮੈਂ ਆਪ ਜੀ ਦਾ ਕਾਮਾ ਹਾਂ, ਸੇਵਕ ਹਾਂ ਪਰ ਜੋ ਕੁਝ ਵੀ ਹਾਂ ਆਪ ਜੀ ਦਾ ਹੀ ਹਾਂ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਪ੍ਰਭੂ! ਮੈਂ ਨਿਮਾਣਾ ਆਪ ਜੀ ਦੇ ਦਰਸ਼ਨ ਕਰਨ ਲਈ ਆਪ ਜੀ ਦੇ ਦਰ 'ਤੇ ਅਰਜੋਈ ਕਰ ਰਿਹਾ ਹਾਂ ਪਰ ਆਪ ਜੀ ਦੇ ਦਰ ਤੋਂ ਕੋਈ ਜਵਾਬ ਨਹੀਂ ਮਿਲ ਰਿਹਾ ਅਰਥਾਤ ਆਪ ਜੀ ਦੇ ਦਰਸ਼ਨ ਨਹੀਂ ਹੋ ਰਹੇ। ਆਪ ਕਿਰਪਾ ਕਰਕੇ ਮੈਨੂੰ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ ਜੀ॥

**ਭਾਵ ਅਰਥ** : ਪਰਮਾਤਮਾ ਦੀ ਰਹਿਮਤ ਤੋਂ ਬਿਨਾਂ ਉਸਦੇ ਦਰਸ਼ਨ ਨਹੀਂ ਹੁੰਦੇ। ਸੰਸਾਰਿਕ ਪਾਠ-ਪੂਜਾ ਆਦਿਕ ਸਭ ਵਿਅਰਥ ਹਨ।

## ਰਾਗੁ ਬਿਲਾਵਲੁ -48

***ਜੋ ਮੋਹਿ ਬੇਦਨਿ ਕਾਸਨਿ ਆਖੂੰ, ਹਰਿ ਬਿਨ ਜੀਵਨ ਕੈਸੇ ਕਰਿ ਰਾਖੋ॥ ਟੇਕ॥***
***ਜੀਯ ਤਰਸੈ ਇਕ ਦੰਗਿ ਬਸੇਰਾ, ਕਰਹੁ ਸੰਭਾਲ ਤੁਮ ਸਿਰਜਨ ਮੇਰਾ॥***
***ਬਿਰਹ ਤਪੈ ਤਨ ਅਧਿਕ ਜਰਾਵੈ, ਨੀਂਦ ਨ ਆਵੈ ਭੋਜਨ ਨ ਭਾਵੈ॥ ੧॥***
***ਸਖੀ ਸਹੇਲੀ ਗਰਬ ਗਹੇਲੀ, ਪਿਉ ਕੀ ਬਾਤ ਨ ਸੁਨਹੁ ਸੁਹੇਲੀ॥***
***ਮੈਂ ਰੇ ਦੁਹਾਗਨਿ ਅਧਿਕਰ ਜਾਨੀ, ਗਯੌ ਸੁ ਜੋਬਨ ਸਾਧ ਨ ਮਾਨੀ॥ ੨॥***
***ਤੂੰ ਦਾਨਾ ਸਾਂਈਂ ਸਾਹਿਬ ਮੇਰਾ, ਖਿਦਮਤਗਾਰ ਬੰਦਾ ਮੈਂ ਤੇਰਾ॥***
***ਕਹੈ ਰਵਿਦਾਸ ਅੰਦੇਸਾ ਯੇਹੀ, ਬਿਨ ਦਰਸਨ ਕਿਉਂ ਜਿਵਹਿ ਸਨੇਹੀ॥ ੩॥***

**ਸ਼ਬਦ ਅਰਥ** : **ਬੇਦਨਿ**-ਦਰਦ, ਪੀੜਾ। **ਕਾਸਨਿ**-ਕਿਸ ਕੋਲ। **ਆਖੂੰ**-ਆਖਾਂ, ਬਿਆਨ ਕਰਾਂ। **ਜੀਯ**-ਹਿਰਦੇ, ਮਨ। **ਦੰਗਿ**-ਹੈਰਾਨ ਹੋਣਾ, ਉਤਸੁਕਤਾ। **ਬਸੇਰਾ**-ਵਾਸ ਕਰਨਾ, ਸ਼ਰਨ ਪ੍ਰਾਪਤ ਕਰਨਾ। **ਬਿਰਹ**-ਵਿਛੋੜਾ। **ਜਰਾਵੈ**-ਜਲ ਰਿਹਾ ਹੈ। **ਭਾਵੈ**-ਚੰਗਾ ਲਗਣਾ॥ ੧॥ **ਗਰਬ**-ਹੰਕਾਰ। **ਗਹੇਲੀ**-ਮਤਵਾਲੀ, ਪਗ਼ਲੀ। **ਪਿਉ**-ਪ੍ਰੀਤਮ, ਸਵਾਮੀ, ਪਤੀ।

**ਬਾਤ**-ਗੱਲ। **ਸੁਹੇਲੀ**-ਸੁੱਖ ਦੇਣ ਵਾਲੀ। **ਦੂਹਾਗਨਿ**-ਪ੍ਰੀਤਮ ਦੁਆਰਾ ਤਿਆਗੀ ਗਈ, ਅਭਾਗੀ। **ਅਘਿਕਰ**-ਪਾਪਣ। **ਸੁ ਜੋਬਨ**-ਸੁੰਦਰ ਜਵਾਨੀ। **ਸਾਧ ਨ ਮਾਨੀ**-ਸਾਧ ਦੀ ਗੱਲ ਨਾ ਮੰਨੀ, ਅਮਲ ਨਾ ਕੀਤਾ॥ ੨॥

**ਦਾਨਾ**-ਸਿਆਣਾ, ਦਿਲਾਂ ਦਾ ਜਾਣਨਹਾਰ। **ਖਿਦਮਤਗਾਰ**-ਸੇਵਾ ਕਰਨ ਵਾਲਾ, ਸੇਵਕ। **ਅੰਦੇਸਾ**-ਡਰ, ਫ਼ਿਕਰ, ਚਿੰਤਾ। **ਜਿਵਹਿ**-ਜੀਵਿਤ ਰਹਿਣਾ, ਜੀਣਾ। **ਸਨੇਹੀ**-ਸਨੇਹ ਕਰਨ ਵਾਲਾ, ਪਿਆਰ ਕਰਨ ਵਾਲਾ॥ ੩॥

**ਪਦ ਅਰਥ** : ਜੀਵਾਤਮਾ-ਰੂਪੀ ਇਸਤਰੀ ਆਪਣੀ ਆਂਤਰਿਕ ਪੀੜਾ ਨੂੰ ਬਿਆਨ ਕਰਦੀ ਹੋਈ ਕਹਿੰਦੀ ਹੈ ਕਿ ਪ੍ਰਭੂ-ਵਿਛੋੜੇ ਦੀ ਆਪਣੀ ਪੀੜਾ ਨੂੰ ਮੈਂ ਕਿਸ ਕੋਲ ਬਿਆਨ ਕਰਾਂ ਤੇ ਕਿਸ ਤਰ੍ਹਾਂ ਬਿਆਨ ਕਰਾਂ ? ਮੈਂ ਆਪਣੇ ਪ੍ਰੀਤਮ-ਪ੍ਰਭੂ ਦੇ ਮਿਲਾਪ ਤੋਂ ਬਿਨਾਂ ਆਪਣਾ ਜੀਵਨ ਜੀਆਂ ਤਾਂ ਕਿਸ ਤਰ੍ਹਾਂ ਜੀਆਂ ?॥ ਟੇਕ॥

ਵਿਰਹਣ ਜੀਵਾਤਮਾ-ਰੂਪੀ ਇਸਤਰੀ ਪ੍ਰਭੂ ਅੱਗੇ ਅਰਜੋਈ ਕਰਦੀ ਹੋਈ ਕਹਿੰਦੀ ਹੈ ਕਿ ਹੇ ਪ੍ਰੀਤਮ-ਪ੍ਰਭੂ ! ਮੇਰਾ ਮਨ ਬੜੀ ਉਤਸੁਕਤਾ ਨਾਲ ਆਪ ਜੀ ਦੇ ਮਿਲਾਪ ਲਈ ਤਰਸ ਰਿਹਾ ਹੈ। ਹੇ ਸਿਰਜਣਹਾਰ ਪ੍ਰਭੂ ! ਆਪਣੀ ਸ਼ਰਨ ਦਾ ਆਸਰਾ ਦੇ ਕੇ ਮੇਰੀ ਸੰਭਾਲ ਕਰੋ ਜੀ ਤੇ ਮੈਨੂੰ ਇਸ ਬਿਰਹਾ ਦੀ ਪੀੜਾ ਤੋਂ ਬਚਾਓ ਜੀ। ਹੇ ਪ੍ਰੀਤਮ-ਪ੍ਰਭੂ ਆਪ ਜੀ ਦੇ ਵਿਛੋੜੇ ਦੀ ਅੱਗ ਮੇਰੇ ਮਨ ਨੂੰ ਬਹੁਤ ਤਪਾ ਰਹੀ ਹੈ ਜਿਸ ਕਰਕੇ ਮੇਰਾ ਸਰੀਰ ਹੋਰ ਅਧਿਕ ਜਲਣ ਮਹਿਸੂਸ ਕਰ ਰਿਹਾ ਹੈ। ਆਪ ਜੀ ਦੇ ਵਿਛੋੜੇ ਕਾਰਨ ਨਾ ਤਾਂ ਮੈਨੂੰ ਨੀਂਦ ਆਉਂਦੀ ਹੈ ਤੇ ਨਾ ਹੀ ਭੋਜਨ ਚੰਗਾ ਲੱਗਦਾ ਹੈ॥

2. ਹੇ ਆਪਣੇ ਹੰਕਾਰ ਵਿੱਚ ਮੱਤੀ ਹੋਈ ਮੇਰੀ ਸਖੀ-ਸਹੇਲੀਏ ! ਤੂੰ ਆਪਣੇ ਪ੍ਰਭੂ-ਪ੍ਰੀਤਮ ਦੀ ਸੁੱਖ ਦੇਣ ਵਾਲੀ ਸਿਫ਼ਤਿ-ਸਾਲਾਹ ਦੀ ਗੱਲ ਕਿਉਂ ਨਹੀਂ ਸੁਣਦੀ (ਤੇ ਕਰਦੀ) ? ਤੂੰ ਮੇਰੀ ਹਾਲਤ ਦੇਖ। ਮੈਂ ਪ੍ਰਭੂ-ਪ੍ਰੀਤਮ ਤੋਂ ਵਿੱਛੜੀ ਹੋਈ ਅਜਿਹੀ ਪਾਪੀ-ਦੁਹਾਗਣ ਹਾਂ (ਜਿਸ ਨੇ ਕੁਰਾਹੇ ਪੈ ਕੇ) ਆਪਣੀ ਸੁੰਦਰ ਜਵਾਨੀ ਦਾ ਸਮਾਂ ਵਿਅਰਥ ਹੀ ਗਵਾ ਲਿਆ ਪਰ ਸੰਤ-ਜਨਾਂ ਦੀ (ਸਹੀ ਜੀਵਨ-ਰਾਹ 'ਤੇ ਚੱਲਣ ਦੀ) ਸਿੱਖਿਆ ਨਹੀਂ ਮੰਨੀਂ॥

3. ਹੇ ਦਿਲਾਂ ਦੇ ਜਾਣਨਹਾਰ-ਪ੍ਰਭੂ ! ਹੇ ਮੇਰੇ ਸਾਈਂ ! ਆਪ ਜੀ ਮੇਰੇ ਦਾਤਾ ਹੋ, ਮੇਰੇ ਮਾਲਿਕ ਹੋ। ਮੈਂ ਆਪ ਜੀ ਦਾ ਸੇਵਕ ਹਾਂ। ਆਪ ਜੀ ਮੇਰੇ 'ਤੇ ਦਇਆ-ਦ੍ਰਿਸ਼ਟੀ ਕਰੋ ਜੀ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਪ੍ਰਭੂ ! ਮੇਰੇ ਮਨ ਵਿੱਚ ਇਹ ਚਿੰਤਾ ਹਰ ਵਕਤ ਲੱਗੀ ਰਹਿੰਦੀ ਹੈ ਕਿ ਮੈਂ ਆਪ ਜੀ ਦਾ ਸਨੇਹੀ, ਆਪ ਜੀ ਦੇ ਦਰਸ਼ਨਾਂ ਤੋਂ ਬਿਨਾਂ ਜਿਊਂਦਾ ਕਿਵੇਂ ਰਹਾਗਾਂ ? ਭਾਵ ਮੈਂ ਆਪ ਜੀ ਦੇ ਦਰਸ਼ਨਾਂ ਤੋਂ ਬਿਨਾਂ ਜਿਊਂਦਾ ਨਹੀ ਰਹਿ ਸਕਾਗਾਂ। ਇਸ ਲਈ ਆਪ ਜੀ ਮੇਰੀ ਅਰਜ਼ੋਈ ਕਬੂਲ ਕਰਕੇ ਮੈਨੂੰ ਛੇਤੀ-ਛੇਤੀ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ ਜੀ॥

**ਭਾਵ ਅਰਥ** : ਜੀਵ-ਰੂਪੀ ਸੁਹਾਗਣ ਇਸਤਰੀ ਪਰਮਾਤਮਾ-ਰੂਪੀ ਪਤੀ ਦਾ ਪ੍ਰੇਮਾ-ਭਗਤੀ ਰਾਹੀਂ ਹੀ ਦਰਸ਼ਨ ਕਰ ਸਕਦੀ ਹੈ।

***ਤਾ ਥੈਂ ਪਤਿਤ ਨਹੀ ਕੋ ਪਾਵਨ, ਹਰਿ ਤਜ ਆਨ ਨ ਧਿਆਇਆ ਰੇ ॥***
***ਹਮ ਅਪੂਜਿ ਪੂਜਿ ਭਏ ਹਰਿ ਥੈ, ਨਾਮ ਅਨੂਪਮ ਗਾਇਆ ਰੇ ॥ ਟੇਕ ॥***
***ਅਸਟਾਦਸ ਬੁਯਾਕਰਨ ਬਖਾਨੈ ਰੇ, ਤੀਨ ਕਾਲ ਖਟ ਜੀਤਾ ਰੇ ॥***
***ਪ੍ਰੇਮ ਭਗਤਿ ਅੰਤਰ ਗਤਿ ਨਾਹੀਂ, ਤਾਤੇ ਧਾਨੁਕ ਨੀਕਾ ਰੇ ॥ ੧ ॥***
***ਤਾ ਥੈ ਭਲੋ ਸਵਾਨ ਕੋ ਸਤਰੁ, ਹਰਿ ਚਰਨ ਚਿਤ ਲਾਇਆ ਰੇ ॥***
***ਮੂਆਂ ਮੁਕਤਿ ਬੈਕੁੰਠ ਬਾਸਾ, ਜੀਵਤ ਇਹਾਂ ਜਸ ਪਾਇਆ ਰੇ ॥ ੨ ॥***
***ਹਮ ਅਪਰਾਧੀ ਨੀਚ ਘਰ ਜਨਮੇਂ, ਕੁਟੁੰਬ ਲੋਕ ਕਰੈ ਹਾਂਸੀ ਰੇ ॥***
***ਕਹੈ ਰਵਿਦਾਸ ਰਾਮ ਜਪੁ ਰਸਨਾ, ਕਾਟੈ ਜਮ ਕੀ ਪਾਸੀ ਰੇ ॥ ੩ ॥***

**ਸ਼ਬਦ ਅਰਥ** : **ਤਾ ਥੈਂ**–ਉਸ ਤੋਂ। **ਪਤਿਤ**–ਪਾਪੀ, ਵਿਕਾਰਾਂ ਵਿੱਚ ਡਿੱਗਿਆ ਹੋਇਆ। **ਤਜ**–ਛੱਡਣਾ। **ਆਨ**–ਦੂਸਰਾ, ਹੋਰ ਕੋਈ। **ਅਨੂਪਮ**–ਉਪਮਾ ਰਹਿਤ। **ਅਸਟਾਦਸ**–ਅਠ੍ਹਾਰਾਂ ਪੁਰਾਣ: ਬ੍ਰਹਮਾ ਪੁਰਾਣ, ਪਦਮ ਪੁਰਾਣ, ਵਿਸ਼ਨੂੰ ਪੁਰਾਣ, ਸ਼ਿਵ ਪੁਰਾਣ, ਸ਼੍ਰੀਮਦ ਭਗਵਤ ਪੁਰਾਣ, ਨਾਰਦ ਪੁਰਾਣ, ਮਰਕੰਡੇਏ ਪੁਰਾਣ, ਅਗਨੀ ਪੁਰਾਣ, ਪ੍ਰਭਾ ਗੁਣ ਪੁਰਾਣ, ਬ੍ਰਹਮਵਵੰਤ ਪੁਰਾਣ, ਲਿੰਗ ਪੁਰਾਣ, ਵਰਹ ਪੁਰਾਣ, ਸਕੰਦ ਪੁਰਨ, ਵਮਨ ਪੁਰਾਣ, ਕੁਰਮ ਪੁਰਾਣ, ਮਾਤਿਆ ਪੁਰਾਣ, ਗਰੁੜ ਪੁਰਾਣ, ਬ੍ਰਹਿਮੰਡ ਪੁਰਾਣ। **ਬੁਯਾਕਰਨ**-ਕਥਾਵਾਂ ਦਾ ਸਾਰ, ਨਿਚੋੜ। **ਬਖਾਨੈ**–ਵਿਖਿਆਨ। **ਤੀਨ ਕਾਲ**–ਤਿੰਨ ਕਾਲ (ਭੂਤ, ਵਰਤਮਾਨ, ਭਵਿੱਖ)। **ਖਟ**–ਛੇ ਸ਼ਾਸਤਰ: 1. ਵੈਸੇਸਿਕ–ਕਰਤਾ ਕਨਾਦ ਮੁਨੀ 2. ਨਯਾਯ–ਕਰਤਾ ਗੌਤਮ ਰਿਸ਼ੀ 3. ਸਾਂਖਯ– ਕਰਤਾ ਕਪਿਲ ਮੁਨੀ 4. ਯੋਗ ਦਰਸ਼ਨ–ਕਰਤਾ ਪਤਾਂਜਲੀ ਰਿਸ਼ੀ 5. ਮੀਮਾਸਾਂ–ਕਰਤਾ ਜੈਮਿਨੀ ਰਿਸ਼ੀ 6. ਵੈਦਾਂਤ–ਕਰਤਾ ਵੇਦ ਬਿਆਸ ਰਿਸ਼ੀ। **ਅੰਤਰ**–ਅੰਦਰ। **ਗਤਿ**–ਉੱਚੀ ਆਤਮਿਕ ਅਵਸਥਾ। **ਧਾਨੁਕ**–ਨੀਵੀਂ ਜਾਤ, ਭੀਲਾਂ ਵਿੱਚ ਇਕ ਜਾਤੀ ਜਿਹੜੀ ਆਪਣੇ ਕੋਲ ਧਨੁੱਖ ਰੱਖਦੀ ਸੀ। **ਨੀਕਾ**–ਚੰਗਾ॥ ੧॥

**ਭਲੋ**–ਚੰਗਾ। **ਸਵਾਨ**–ਕੁੱਤਾ। **ਸਤਰੁ**–ਦੁਸ਼ਮਨ। **ਚਿਤ**–ਮਨ ਦਾ ਧਿਆਨ, ਸੁਰਤਿ। **ਮੂਆਂ**–ਮੌਤ। **ਬੈਕੁੰਠ**–ਸੱਚਖੰਡ। **ਇਹਾਂ**–ਇੱਥੇ, ਇਸ ਦੁਨੀਆਂ ਵਿੱਚ। **ਜਸ**–ਵਡਿਆਈ॥ ੨॥

**ਕੁਟੁੰਬ ਲੋਕ**–ਕਬੀਲੇ ਦੇ ਲੋਕ। **ਹਾਂਸੀ**–ਮਜ਼ਾਕ। **ਅਪਰਾਧੀ**–ਦੋਸ਼ੀ। **ਪਾਸੀ**–ਫ਼ਾਹੀ। **ਰਾਮ ਜਪੁ**–ਰਾਮ ਨਾਮ ਦਾ ਸਿਮਰਨ॥ ੩॥

**ਪਦ ਅਰਥ** : ਜੇਕਰ ਪਾਪੀਆਂ ਨੂੰ ਪਵਿੱਤਰ ਕਰਨ ਵਾਲੇ ਪ੍ਰਭੂ ਤੋਂ ਵੱਡਾ ਕੋਈ ਹੋਰ ਨਹੀਂ ਹੈ ਤਾਂ ਫਿਰ ਉਸ ਪ੍ਰਭੂ ਨੂੰ ਛੱਡ ਕੇ ਕਿਸੇ ਹੋਰ ਦਾ ਸਿਮਰਨ ਕਿਉਂ ਕਰੀਏ ? ਅਸੀਂ ਸੰਸਾਰ ਵਿੱਚ ਪੂਜਣਯੋਗ ਨਹੀਂ ਸਾਂ ਪਰ ਪ੍ਰਭੂ ਦੇ ਨਾਮ–ਸਿਮਰਨ ਦੀ ਬਰਕਤਿ ਨਾਲ ਪੂਜਨੀਕ ਹੋ ਗਏ ਹਾਂ, ਨੀਵੇਂ ਤੋਂ ਉੱਚੇ ਹੋ ਗਏ ਹਾਂ। ਇਸ ਲਈ ਹੇ ਭਾਈ! ਉਸ ਅਦੁੱਤੀ ਤੇ ਉਪਮਾ–ਰਹਿਤ ਪਰਮਾਤਮਾ ਦੇ ਨਾਮ ਦਾ ਹਮੇਸ਼ਾ ਗੁਣਗਾਨ ਕਰਨਾ ਚਾਹੀਦਾ ਹੈ ਤੇ ਉਸ ਦਾ ਨਾਮ ਸਿਮਰਨਾ ਚਾਹੀਦਾ ਹੈ॥ ਟੇਕ॥
ਅਠਾਰ੍ਹਾਂ ਪੁਰਾਣਾਂ ਦੀਆਂ ਕਥਾ–ਕਹਾਣੀਆਂ ਦੇ ਨਿਚੋੜ ਵੀ ਇਹੋ ਵਿਖਿਆਨ ਕਰਦੇ ਹਨ ਕਿ ਪਰਮਾਤਮਾ ਦੀ ਪ੍ਰੇਮਾ–ਭਗਤੀ ਵਿੱਚ ਲੀਨ ਰਹਿਣ ਵਾਲਾ ਜੀਵ ਤਿੰਨਾਂ ਕਾਲਾਂ ਤੇ ਛੇ ਸ਼ਾਸਤਰਾਂ ਦਾ ਗਿਆਤਾ ਹੋ ਜਾਂਦਾ ਹੈ ਤੇ ਇਨ੍ਹਾਂ ’ਤੇ ਜਿੱਤ ਪ੍ਰਾਪਤ

ਕਰ ਲੈਂਦਾ ਹੈ (ਤੇ ਤ੍ਰਿਕਾਲ ਦਰਸੀ ਕਹਿਲਾਉਂਦਾ ਹੈ)। ਹੇ ਭਾਈ! ਪਰਮਾਤਮਾ ਦੀ ਪ੍ਰੇਮਾ-ਭਗਤੀ ਕਰਨ ਵਾਲਾ ਨੀਵੀਂ ਜਾਤ ਦਾ ਜੀਵ ਤਾਂ ਉੱਚੀ ਜਾਤ ਦੇ ਉਸ ਜੀਵ ਨਾਲੋਂ ਹੀ ਚੰਗਾ ਹੈ ਜਿਸ ਦੇ (ਭਾਵ ਉੱਚੀ ਜਾਤ ਦੇ ਜੀਵ ਦੇ) ਹਿਰਦੇ ਅੰਦਰ ਪਰਮਾਤਮਾ ਦੀ ਭਗਤੀ ਕਰਨ ਲਈ ਕਦੇ ਉੱਚੀ ਆਤਮਿਕ ਅਵਸਥਾ ਬਣੀ ਹੀ ਨਹੀਂ॥

2. (ਪ੍ਰਭੂ ਦੀ ਪ੍ਰੇਮਾ-ਭਗਤੀ ਨਾ ਕਰਨ ਵਾਲੇ) ਜੀਵ ਤੋਂ ਤਾਂ ਲੋਭ-ਰੂਪੀ ਕੁੱਤਿਆਂ (ਭਾਵ ਵਿਕਾਰਾਂ) ਦਾ ਵੈਰੀ ਉਹ 'ਚੰਡਾਲ' ਹੀ ਚੰਗਾ ਹੈ, ਜਿਹੜਾ ਆਪਣੀ ਸੁਰਤਿ ਨੂੰ ਹਮੇਸ਼ਾ ਪ੍ਰਭੂ ਦੇ ਚਰਨਾਂ ਨਾਲ ਜੋੜੀ ਰੱਖਦਾ ਹੈ (ਭਾਵ ਹਰ ਵੇਲੇ ਪ੍ਰਭੂ ਦਾ ਨਾਮ ਸਿਮਰਦਾ ਰਹਿੰਦਾ ਹੈ।) ਉਹ ਮਰਨ ਉਪਰੰਤ ਮੁਕਤੀ ਪ੍ਰਾਪਤ ਕਰਕੇ ਸੱਚਖੰਡ ਦਾ ਵਾਸੀ ਹੋ ਜਾਂਦਾ ਹੈ ਭਾਵ ਪ੍ਰਭੂ ਵਿੱਚ ਲੀਨ ਹੋ ਕੇ ਉਸ ਨਾਲ ਇਕ-ਰੂਪ ਹੋ ਜਾਂਦਾ ਹੈ ਅਤੇ ਜਿਊਂਦੇ-ਜੀਅ ਇਸ ਸੰਸਾਰ ਵਿੱਚ ਵੀ ਇੱਜਤ-ਮਾਣ ਖੱਟਦਾ ਹੈ॥

3. ਸੰਸਾਰ ਦੇ ਅਗਿਆਨੀ ਲੋਕ ਸਾਨੂੰ ਅਪਰਾਧੀ ਤੇ ਨੀਚ ਘਰ ਵਿੱਚ ਜਨਮਿਆ ਸਮਝਦੇ ਹਨ। ਕਬੀਲੇ ਦੇ ਲੋਕ ਵੀ ਸਾਡੇ 'ਤੇ ਮਜ਼ਾਕ ਕਰਕੇ ਹੱਸਦੇ ਹਨ। ਸਤਿਗੁਰੂ ਰਵਿਦਾਸ ਜੀ ਮਹਾਰਾਜ ਸਮਝਾਉਂਦੇ ਹਨ ਕਿ ਹੇ ਜੀਵ! ਤੂੰ ਸਭ ਤਰ੍ਹਾਂ ਦੇ ਭੇਦ-ਭਾਵ ਤੋਂ ਉੱਪਰ ਉੱਠ ਕੇ ਆਪਣੀ ਜੀਭਾ ਨਾਲ ਪ੍ਰਭੂ ਦੇ ਨਾਮ ਦਾ ਸਿਮਰਨ ਕਰਿਆ ਕਰ ਜਿਸ ਨਾਲ ਯਮਾਂ ਦੀ ਫ਼ਾਹੀ ਕੱਟੀ ਜਾਂਦੀ ਹੈ (ਭਾਵ ਆਤਮਿਕ ਮੌਤ ਦਾ ਸਹਿਮ ਸਦਾ ਲਈ ਮੁੱਕ ਜਾਂਦਾ ਹੈ।)॥

<u>**ਭਾਵ ਅਰਥ**</u> : ਪ੍ਰਭੂ ਦਾ ਨਾਮ-ਸਿਮਰਨ ਪਾਪੀਆਂ ਤੇ ਵਿਕਾਰੀਆਂ ਨੂੰ ਵੀ ਪਵਿੱਤਰ ਤੇ ਪੂਜਨੀਕ ਬਣਾ ਦਿੰਦਾ ਹੈ।

## ਰਾਗੁ ਬਿਲਾਵਲੁ -50

***ਐਸੋਈ ਹੀ ਹਰਿ ਕਿਉਂ ਪਇਬੋ, ਮਨ ਚੰਚਲੁ ਰੇ ਭਾਈ।***
***ਚਪਲੁ ਭਇਓ ਚਹੂੰਦਿਸ ਧਾਵਇ, ਰਾਖਇਓ ਨ ਰਹਾਈ॥ ਟੇਕ॥***
***ਮੈਂ ਮੇਰੀ ਛੂਟਇ ਨਹਿੰ ਕਬਹੁੰ, ਮੈਂ ਮੰਮਤਾ ਮਦੁ ਬੀਧਿਓ।***
***ਲੋਭ ਮੋਹ ਮਹਿ ਰਹਿਓ ਰੂਝਾਨੌ, ਨਿਤ ਵਿਸ਼ਿਆ ਰਸ ਰੀਝਿਓ॥ ੧॥***
***ਡਿਅੰਭ ਕੋਹ ਮੋਹ ਮਾਇਆ ਬਸੁ, ਕਪਟ ਕੂੜ ਹੂੰ ਬਧਾਇਓ।***
***ਕਾਮ ਲੁਬਧੁ ਕੌ ਬਸਿ ਪਰਿਓ, ਕੁਲਕਾਂਨਿ ਛਾਂੜਿ ਬਿਕਾਇਓ॥ ੨॥***
***ਛਾਪਾ ਤਿਲਕ ਛਪੌ ਨਹੀਂ ਸੋਭਇ, ਜੌ ਲੌ ਕੇਸੌ ਨਹਿੰ ਗਾਇਓ।***
***ਸੰਜਮਿ ਰਹਿਓ ਨ ਹਰਿ ਹੂੰ ਸਿਮਰਿਓ, ਬਿਰਥਾ ਭਰਮਿਓ ਰੂ ਭਰਮਾਇਓ॥੩॥***
***ਅਨਿਕ ਕੌਤਕ ਕਲਾ ਕਾਛੈ ਕਛੇ, ਬਹੁਰਿ ਸਾਂਗ ਦਿਖਾਵੋ।***
***ਮੂਰਿਖ ਆਪਨ ਆਪੁ ਸਮੁਝਿ ਨਹਿੰ, ਔਰਨਿ ਕਾ ਸਮੁਝਾਵੋ॥ ੪॥***
***ਆਸ ਕਰੈ ਬੈਕੁੰਠ ਗਵਨ ਕਉ, ਚਲ ਮਨ ਕਬਉ ਨ ਖਿਰਾਇਓ।***
***ਜੌ ਲੌ ਮਨ ਵਸਿ ਨਹਿੰ ਹੂੰ ਤੌ, ਤੌ ਲਗਿ ਸਭੁ ਜੁਠਰਾਇਓ॥ ੫॥***

*ਕਪਟ ਕੀਆ ਰੀਝਇ ਨਹਿੰ ਕੈਸੌਂ, ਜਗੁ ਕਰਤਾ ਨਹਿੰ ਕਾਂਚਾ।*
*ਕਹਿ ਰਵਿਦਾਸ ਭਜੌ ਹਰਿ ਮਾਧੌਂ, ਸੇਵਗ ਹੋਵੈ ਮਨ ਸਾਂਚਾ॥ ੬॥*

**ਸ਼ਬਦ ਅਰਥ** : **ਐਸੋਈ**–ਇਸ ਤਰ੍ਹਾਂ ਦਾ। **ਕਿਉਂ ਪਇਬੋ**–ਕਿਵੇਂ ਪਾਵਾਂਗਾ। **ਚੰਚਲੁ**–ਅੱਥਰਾ, ਚੁਲਬੁਲਾ। **ਚਪਲੁ**–ਚੰਚਲ, ਅਸਥਿਰ। **ਚਹੂੰਦਿਸ**–ਚਾਰੇ ਦਿਸ਼ਾਵਾਂ। **ਧਾਵਇ**–ਦੌੜਦਾ ਫਿਰਦਾ। **ਰਾਖਇਓ**–ਰੱਖਣ 'ਤੇ, ਰੋਕਣ 'ਤੇ। **ਮੰਮਤਾ**–ਮੇਰਾਪਨ, ਅਪਣੱਤ, ਪਦਾਰਥਾਂ ਵਿੱਚ ਸਨੇਹ। **ਮਦੁ ਬੀਧਿਓ**–ਨਸ਼ੇ ਵਿੱਚ ਬਿੱਝਿਆ ਰਹਿਣਾ ਭਾਵ ਚੂਰ–ਚੂਰ ਰਹਿਣ। **ਰੂਝਾਨੌ**–ਰੁੱਝੇ ਰਹਿਣਾ। **ਵਿਸ਼ਿਆ ਰਸ**–ਇੰਦਰੀਆਂ ਦੇ ਭੋਗਾਂ ਦੇ ਸੁਆਦ। **ਰੀਝਿਓ**–ਪ੍ਰਸੰਨ ਹੋਣਾ, ਮੱਤਿਆ ਹੋਣਾ॥ ੧॥

**ਡਿਅੰਭ**–ਪਖੰਡ,। **ਕੋਹ**–ਗੁੱਸਾ, ਕ੍ਰੋਧ। **ਕਪਟ**–ਛਲ, ਫ਼ਰੇਬ। **ਕਾਮ ਲੁਬਧੁ**– ਕਾਮ ਰੂਪੀ ਸ਼ਿਕਾਰੀ। **ਕੁਲਕਾਂਨਿ**–ਕੁਲ ਦੀ ਮਰਿਆਦਾ। **ਬਿਕਾਇਓ**–ਵੇਚ ਦਿੰਦਾ ਹੈ, ਤਾਕ 'ਤੇ ਲਾ ਦਿੰਦਾ ਹੈ॥ ੨॥

**ਛਾਪਾ**- ਸੰਖ ਚੱਕਰ ਆਦਿਕ ਦੇ ਛਾਪੇ। **ਸੋਭਇ**–ਸ਼ੋਭਾ ਦੇਣਾ। **ਕੇਸੌ**–ਹੇ ਸੋਹਣੇ ਪ੍ਰਭੂ। **ਸੰਜਮਿ**–ਵੱਸ ਵਿੱਚ ਕਰਨਾ, ਕਾਬੂ ਕਰਨਾ। **ਬਿਰਥਾ**–ਥੋਥਾ, ਫਜ਼ੂਲ, ਨਿਰਾਰਥਕ। **ਭਰਮਿਓ**–ਭਰਮਾਂ ਵਿੱਚ ਭਟਕਣਾ। **ਭਰਮਾਇਓ**–ਭਰਮਾਂ ਵਿੱਚ ਭਟਕਾਉਣਾ॥ ੩॥

**ਕੌਤਕ**–ਤਮਾਸ਼ਾ। **ਕਲਾ**–ਖੇਡ, ਬਾਜੀ। **ਕਾਛੈ ਕਛੇ**–ਨਟ ਦਾ ਭੇਖ ਬਣਾਉਣਾ, ਪਖੰਡ ਕਰਨਾ। **ਔਰਨਿ**–ਦੂਸਰਿਆਂ ਨੂੰ॥ ੪॥

**ਬੈਕੁੰਠ**–ਸੱਚਖੰਡ। **ਗਵਨ**–ਜਾਣਾ। **ਚਲ ਮਨ**- ਚੰਚਲ ਮਨ। **ਥਿਰਾਇਓ**–ਸਥਿਰ ਕਰਨਾ, ਅਡੋਲ ਕਰਨਾ। **ਵਸਿ**–ਕਾਬੂ। **ਜੁਠਰਾਇਓ**–ਝੂਠ ਲੱਗਦਾ ਹੈ॥ ੫॥

**ਕਪਟ**–ਪਖੰਡ। **ਰੀਝਇ**–ਪ੍ਰਸੰਨ, ਖ਼ੁਸ਼। **ਕਾਂਚਾ**–ਅਨਜਾਣ॥ ੬॥

**ਪਦ ਅਰਥ** : ਹੇ ਭਾਈ! ਜੀਵ ਦਾ ਮਨ ਬਹੁਤ ਚੰਚਲ ਹੈ, ਚੁਲਬੁਲਾ ਹੈ ਤੇ ਹਮੇਸ਼ਾ ਡਾਵਾਂਡੋਲ ਰਹਿੰਦਾ ਹੈ। ਫਿਰ ਇਸ ਤਰ੍ਹਾਂ ਦਾ ਅੱਲ੍ਹੜ ਮਨ ਪਰਮਾਤਮਾ ਨੂੰ ਕਿਵੇਂ ਪਾਵੇ ? (ਮਾਇਆ ਦੇ ਮੋਹ ਵਿੱਚ ਫਸਿਆ ਹੋਇਆ) ਇਹ ਮਨ ਚਾਰੇ ਪਾਸੇ ਦੌੜਦਾ–ਭੱਜਦਾ ਰਹਿੰਦਾ ਹੈ ਤੇ (ਜੀਵਨ ਦੇ ਸਹੀ ਰਾਹ ਤੋਂ ਖੁੰਝ ਕੇ) ਹਮੇਸ਼ਾ ਭਟਕਣਾ ਵਿੱਚ ਹੀ ਪਿਆ ਰਹਿੰਦਾ ਹੈ। ਇਸ ਨੂੰ ਕਈ ਵਾਰ ਭਟਕਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਪਰ ਇਹ ਭਟਕਣੋਂ ਨਹੀਂ ਰੁਕਿਆ॥ ਟੇਕ॥

ਮਾਇਆ–ਵੇੜ੍ਹਾ ਇਹ ਮਨ ਮੈਂ–ਮੇਰੀ ਦੀ ਹਉਮੈ ਨੂੰ ਕਦੇ ਵੀ ਨਹੀਂ ਛੱਡਦਾ ਤੇ ਅਪਣੱਤ ਦੇ ਨਸ਼ੇ ਵਿੱਚ ਹਮੇਸ਼ਾ ਚੂਰ–ਚੂਰ ਰਹਿੰਦਾ ਹੈ। ਇਹ ਮਨ ਲੋਭ ਤੇ ਮੋਹ ਵਰਗੇ ਘਨਿਸ਼ਟ ਵਿਕਾਰਾਂ ਵਿੱਚ ਸਦਾ ਰੁੱਝਿਆ ਰਹਿੰਦਾ ਹੈ ਤੇ ਇੰਦ੍ਰੀਆਂ ਦੇ ਭੋਗਾਂ ਦੇ ਸੁਆਦਾਂ ਵਿੱਚ ਹਮੇਸ਼ਾ ਮਤਿਆ ਰਹਿੰਦਾ ਹੈ॥

2. ਇਹ ਮਨ ਮੋਹ–ਮਾਇਆ ਦੇ ਜਾਲ 'ਚ ਫਸ ਕੇ ਕ੍ਰੋਧ, ਪਖੰਡ, ਛਲ–ਕਪਟ ਤੇ ਝੂਠ ਨੂੰ ਹੀ ਵਧਾਉਂਦਾ ਹੈ। ਇਹ ਕਾਮ–ਰੂਪੀ ਸ਼ਿਕਾਰੀ ਦੇ ਵੱਸ ਪਿਆ ਹੋਇਆ ਲੋਕ–ਲਾਜ ਨੂੰ ਭੁੱਲਾ ਦਿੰਦਾ ਹੈ ਤੇ ਆਪਣੀ ਖ਼ਾਨਦਾਨੀ ਮਰਿਯਾਦਾ ਨੂੰ ਵੀ ਤਾਕ 'ਤੇ ਲਗਾ ਦਿੰਦਾ ਹੈ॥

3. ਹੇ ਭਾਈ! ਜਦੋਂ ਤੱਕ ਇਹ ਮਨ ਪਰਮਾਤਮਾ ਦੀ ਮਹਿਮਾ ਦਾ ਗੁਣਗਾਨ ਨਹੀਂ ਕਰਦਾ, ਉਸ ਦੀ ਸਿਫ਼ਤਿ–ਸਾਲਾਹ ਨਹੀਂ ਗਾਉਂਦਾ, ਉਦੋਂ ਤੱਕ ਸਰੀਰ 'ਤੇ ਸੰਖ–

ਚੱਕਰ ਆਦਿ ਦੇ ਧਾਰਮਿਕ ਚਿੰਨ੍ਹ ਬਣਾਉਣਾ ਤੇ ਮੱਥੇ 'ਤੇ ਤਿਲਕ ਲਗਾਉਣਾ ਸ਼ੋਭਾ ਨਹੀਂ ਦਿੰਦੇ। ਜੇਕਰ ਅਜਿਹਾ ਪਾਖੰਡੀ ਜੀਵ ਆਪਣੇ ਗਿਆਨ-ਇੰਦ੍ਰਿਆਂ ਨੂੰ ਵਿਕਾਰਾਂ ਵੱਲੋਂ ਕਾਬੂ ਨਹੀਂ ਰੱਖਦਾ ਤੇ ਨਾ ਹੀ ਪਰਮਾਤਮਾ ਦਾ ਨਾਮ ਸਿਮਰਦਾ ਹੈ ਤਾਂ ਇਹ ਸਮਝੋ ਕਿ ਉਹ ਖ਼ੁਦ ਤਾਂ ਫ਼ਜ਼ੂਲ ਦੇ ਭਰਮ-ਭੁਲੇਖਿਆਂ ਵਿੱਚ ਭਟਕ ਰਿਹਾ ਹੈ ਤੇ ਨਾਲ ਹੀ ਦੂਜਿਆਂ ਨੂੰ ਵੀ ਫ਼ਜ਼ੂਲ ਦੇ ਭਰਮ-ਭੁਲੇਖਿਆਂ ਵਿੱਚ ਭਟਕਾ ਰਿਹਾ ਹੈ॥

4. ਹੇ ਭਾਈ! ਪਾਖੰਡੀ ਜੀਵ (ਮਾਇਆ ਦੀ ਖ਼ਾਤਰ) ਨਟ ਦਾ ਰੂਪ ਧਾਰ ਕੇ ਕਈ ਤਰ੍ਹਾਂ ਦੇ ਖੇਲ੍ਹ-ਤਮਾਸ਼ੇ ਰਚਾਉਂਦੇ ਹਨ ਤੇ ਕਈ ਤਰ੍ਹਾਂ ਦੇ ਪਾਖੰਡੀ ਸਵਾਂਗ ਵੀ ਦਿਖਾਉਂਦੇ ਹਨ। ਇਨ੍ਹਾਂ ਮੂਰਖ਼ਾਂ ਨੂੰ ਆਪਣੇ ਆਪ ਦੇ ਅਸਤਿੱਤਵ ਦੀ ਤਾਂ ਕੋਈ ਸੂਝ-ਬੂਝ ਹੁੰਦੀ ਨਹੀਂ ਪਰ ਦੂਜਿਆਂ ਨੂੰ ਇਨ੍ਹਾਂ ਬਾਰੇ ਉਪਦੇਸ਼ ਦਿੰਦੇ ਫਿਰਦੇ ਹਨ॥

5. ਇਨ੍ਹਾਂ ਪਾਖੰਡੀ ਲੋਕਾਂ ਦਾ ਚੰਚਲ ਮਨ ਕਦੇ ਵੀ ਆਡੋਲਤਾ ਵਿੱਚ ਟਿਕਦਾ ਨਹੀਂ ਪਰ ਇਹ ਲੋਕ ਸੱਚਖੰਡ ਵਿੱਚ ਜਾਣ ਦੀ ਆਸ ਲਗਾਈ ਬੈਠੇ ਹੁੰਦੇ ਹਨ। ਹੇ ਭਾਈ! ਜਦੋਂ ਤੱਕ ਜੀਵ ਦਾ ਮਨ ਆਪਣੇ ਵੱਸ ਵਿੱਚ ਨਹੀਂ ਆਉਂਦਾ ਉਦੋਂ ਤੱਕ ਅਜਿਹੀਆਂ ਸਾਰੀਆਂ ਆਸ਼ਾਵਾਂ ਝੂਠੀਆਂ ਹੀ ਸਿੱਧ ਹੁੰਦੀਆਂ ਹਨ॥

6. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਕਪਟੀ ਲੋਕੋ! ਜਗਤ ਦਾ ਰਚਣਹਾਰ ਅਣਜਾਣ ਬਾਲਕ ਨਹੀਂ ਹੈ। ਉਹ ਘਟ-ਘਟ ਦੀ ਜਾਨਣ ਵਾਲਾ ਹੈ। ਉਸ ਸੋਹਣੇ-ਪ੍ਰਭੂ ਨੂੰ ਪਖੰਡ ਤੇ ਕਪਟ ਦੁਆਰਾ ਰਿਝਾਇਆ ਨਹੀਂ ਜਾ ਸਕਦਾ। ਇਸ ਲਈ ਹੇ ਭਾਈ! ਉਸ ਮਾਇਆ ਦੇ ਪਤੀ ਹਰਿ-ਪ੍ਰਭੂ ਨੂੰ ਰਿਝਾਉਣ ਲਈ ਉਸਦੇ ਨਾਮ ਦਾ ਹਮੇਸ਼ਾ ਸਿਮਰਨ ਕਰੋ। ਇਸ ਤਰ੍ਹਾਂ ਕਰਨ ਨਾਲ ਪ੍ਰਭੂ ਦੇ ਉਸ ਸੇਵਕ ਦਾ ਮਨ ਸੱਚਾ-ਸੁੱਚਾ ਤੇ ਸਥਿਰ ਹੋ ਜਾਵੇਗਾ॥

**ਭਾਵ ਅਰਥ** : ਪ੍ਰਭੂ ਦੀ ਸੱਚੀ ਭਗਤੀ ਤੋਂ ਬਿਨਾਂ ਜੀਵ ਦਾ ਮਨ ਵਿਸ਼ੇ-ਵਿਕਾਰਾਂ, ਪਖੰਡਾਂ, ਆਡੰਬਰਾਂ ਤੇ ਕਰਮਕਾਂਡਾ ਵਿੱਚ ਰੁੱਝਿਆ ਰਹਿੰਦਾ ਹੈ। ਪ੍ਰਭੂ ਦਾ ਨਾਮ-ਸਿਮਰਨ ਹੀ ਮਨ ਨੂੰ ਸੱਚਾ-ਸੁੱਚਾ ਤੇ ਸਥਿਰ ਬਣਾਉਂਦਾ ਹੈ।

## ਰਾਗੁ ਬਿਲਾਵਲੁ -51

***ਕਾ ਗਾਊਁ ਕਛੁ ਗਾਇ ਨ ਹੋਇ, ਗਾਊਁ ਰੂਪ ਸਹਜੈ ਸੋਇ॥ ਟੇਕ॥***
***ਨਹਿੰ ਅਕਾਸ ਨਹਿੰ ਧਰ ਧਰਣੀ, ਪਵਨ ਪੁਰ ਘਟ ਚੰਦਾ।***
***ਨਹਿੰ ਅਬ ਰਾਮ ਕ੍ਰਿਸਨ ਗੁਣ ਭਾਈ, ਬੋਲਤ ਹੈ ਸੁਛ ਛੰਦਾ॥ ੧॥***
***ਨਹਿੰ ਅਬ ਬੇਦ ਕਤੇਬ ਪੁਰਾਨਨਿ, ਸੁਨਿ ਸਹਿਜ ਰੇ ਭਾਈ।***
***ਨਹਿੰ ਅਬ ਮੈਂ-ਤੈਂ, ਤੈਂ-ਮੈਂ ਨਾਂਹੀ, ਕਾ ਸਿਉਂ ਕਹੌਂ ਬਤਾਈ॥ ੨॥***
***ਭਣੈ ਰਵਿਦਾਸ ਕਾ ਕਹਿ ਗਾਊਁ, ਗਾਇਨ ਗਾਇ ਹਰਾਣਾ।***
***ਸਮੁਝਿ ਬਿਚਾਰਿ ਬੋਲਿ ਕਹਾਂ ਘੌ, ਆਪਹਿ ਆਪ ਸਮਾਣਾ॥ ੩॥***

**ਸ਼ਬਦ ਅਰਥ** : ਗਾਇ ਨ ਹੋਇ-ਗਾਏ ਨਹੀਂ ਜਾ ਸਕਦੇ। **ਗਾਊਁ**-ਇਕ ਚਿਤ ਮਨ ਹੋਕੇ

ਗਾਉ। **ਸਹਜੈ ਸੋਇ**–ਸੁੰਨਿ ਸਹਿਜ ਅਵਸਥਾ। **ਧਰ**-ਪਹਾੜ, ਪਰਬਤ। **ਧਰਣੀ**–ਧਰਤੀ। **ਚੰਦਾ**–ਚੰਦ੍ਰਮਾ। **ਪੁਰ**- ਉੱਪਰ, 'ਤੇ, ਵਿੱਚ। **ਘਟ**-ਬੱਦਲਾਂ ਦੀ ਘਟਾ ਭਾਵ ਪਾਣੀ। **ਸੁਛ ਛੰਦਾ**–ਸੱਚੇ ਮਨ ਵਾਲਾ, ਮਨ ਦੀ ਗੱਲ ਕਹਿਣ ਵਾਲਾ, ਸੁਤੰਤਰ ਮਨ ਵਾਲਾ॥ ੧॥
**ਸੁਨਿ ਸਹਿਜ**–ਸੁੰਨਿ ਸਹਿਜ ਅਵਸਥਾ, ਆਤਮਿਕ ਅਡੋਲ ਅਵਸਥਾ। **ਮੈਂ ਤੈਂ**–ਮੇਰਾ ਤੇਰਾ, ਦਵੈਤ ਭਾਵਨਾ। **ਕਾ ਸਿਉਂ**–ਕਿਸ ਨੂੰ। **ਕਹੌ ਬਤਾਈ**–ਕਹਿ ਕੇ ਦੱਸਾਂ॥ ੨॥
**ਕਾ ਕਹਿ ਗਾਊਂ**–ਕੀ ਕਹਿ ਕੇ ਹੋਰ ਗੁਣ ਗਾਵਾਂ। **ਗਾਇਨ ਗਾਇ**–ਗਾਉਂਦਾ ਹੋਇਆ। **ਹਰਾਣਾ**–ਹਾਰ ਗਿਆ ਹਾਂ। **ਘੌ**–ਸਬਦ ਕਰਨਾ॥ ੩॥

<u>**ਪਦ ਅਰਥ**</u> : (ਜਦੋਂ ਜੀਵ ਪਰਮ–ਉੱਚ ਅਵਸਥਾ ਵਿੱਚ ਪਹੁੰਚ ਜਾਂਦਾ ਹੈ ਤਾਂ ਉਸ ਦੀ ਸੁਰਤਿ ਪ੍ਰਭੂ ਵਿੱਚ ਲੈਅ ਹੋ ਜਾਂਦੀ ਹੈ। ਉਸ ਸਮੇਂ ਪ੍ਰਭੂ ਦੀ ਉਸਤਤਿ ਵਿੱਚ ਗਾਉਣ ਵਾਲਾ ਗੀਤ ਉਸ ਜੀਵ ਤੋਂ ਵੱਖ ਨਹੀਂ ਰਹਿ ਜਾਂਦਾ, ਉਹ ਉਸ ਦੀ ਸੁਰਤਿ ਵਿੱਚ ਹੀ ਸਮਾ ਜਾਂਦਾ ਹੈ।) ਫਿਰ ਅਜਿਹੀ ਅਵਸਥਾ ਵਿੱਚ ਉਹ ਜੀਵ ਕੀ ਗਾਵੇ ਤੇ ਕਿਵੇਂ ਗਾਵੇ ? ਉਸ ਤੋਂ ਤਾਂ ਕੁਝ ਗਾਇਆ ਹੀ ਨਹੀਂ ਜਾਂਦਾ। ਪ੍ਰਭੂ ਦੀ ਸਹਿਜ ਰੂਪ ਨਾਲ ਭਗਤੀ ਕਰਨ ਵਾਲਾ ਜੀਵ ਤਾਂ ਸਹਿਜ ਸੁੰਨਿ ਅਵਸਥਾ ਵਿੱਚ ਹੀ ਪਹੁੰਚ ਜਾਂਦਾ ਹੈ॥ ਟੇਕ॥

(ਸਹਿਜ ਸੁੰਨਿ ਅਵਸਥਾ ਭਾਵ ਆਤਮਿਕ ਅਡੋਲ ਅਵਸਥਾ ਵਿੱਚ ਮਨ ਦੀ ਅਜਿਹੀ ਟਿਕਵੀਂ ਹਾਲਤ ਹੁੰਦੀ ਹੈ ਕਿ ਉਸ ਵਿੱਚ ਮਾਇਕ ਪਦਾਰਥਾਂ ਦਾ ਕੋਈ ਫੁਰਨਾ ਉੱਠਦਾ ਹੀ ਨਹੀਂ।) ਕਿਉਂਕਿ ਇਸ ਅਵਸਥਾ ਵਿੱਚ ਸੰਸਾਰ ਦੇ ਮਾਇਕ ਪਦਾਰਥਾਂ ਵਲੋਂ ਸੁੰਞ ਹੀ ਸੁੰਞ ਹੁੰਦੀ ਹੈ ਇਸ ਲਈ ਆਕਾਸ਼, ਪਰਬਤ, ਧਰਤੀ, ਹਵਾ, ਪਾਣੀ ਤੇ ਚੰਦਰਮਾ ਆਦਿਕ ਸਭ ਦਾ ਅਸਤਿਤਵ ਮਹਿਸੂਸ ਹੀ ਨਹੀਂ ਹੁੰਦਾ। (ਆਤਮਿਕ ਅਡੋਲਤਾ ਦੀ ਇਸ ਅਵਸਥਾ ਵਿੱਚ ਇਕ ਪਰਮਤੱਤ ਪਰਮਾਤਮਾ ਤੋਂ ਇਲਾਵਾ ਬਾਕੀ ਸਭ ਕੁਝ ਮਿਟ ਜਾਂਦਾ ਹੈ।) ਇਸ ਲਈ ਉਸ ਨੂੰ ਰਾਮ ਜਾਂ ਕ੍ਰਿਸ਼ਨ ਦੇ ਗੁਣ ਗਾਉਣ ਦੀ ਵੀ ਲੋੜ ਨਹੀਂ ਰਹਿੰਦੀ। ਹੇ ਭਾਈ! ਇਸ ਅਵਸਥਾ ਬਾਰੇ ਤਾਂ ਕੋਈ ਸੱਚੇ ਤੇ ਸੁਤੰਤਰ ਮਨ ਵਾਲਾ ਜੀਵ ਹੀ ਕੁਝ ਕਹਿ ਸਕਦਾ ਹੈ॥

2. ਸਹਿਜ ਸੁੰਨਿ ਅਵਸਥਾ ਵਿੱਚ ਪਹੁੰਚ ਕੇ ਵੇਦਾਂ, ਕਤੇਬਾਂ ਤੇ ਪੁਰਾਣਾਂ ਆਦਿਕ ਧਾਰਮਿਕ ਗ੍ਰੰਥਾਂ ਦੀ ਵੀ ਲੋੜ ਨਹੀਂ ਰਹਿ ਜਾਂਦੀ। ਇਸ ਅਵਸਥਾ 'ਚ ਮੇਰੇ–ਤੇਰੇ ਤੇ ਤੇਰੇ–ਮੇਰੇ ਦਾ ਅੰਤਰ ਖ਼ਤਮ ਹੋ ਜਾਂਦਾ ਹੈ। ਦਵੈਤ ਭਾਵਨਾ ਮੁੱਕ ਜਾਂਦੀ ਹੈ ਤੇ ਉਸ ਇਕ ਪਰਮਤੱਤ ਪਰਮਾਤਮਾ ਵਿੱਚ ਹੀ ਸਭ ਸਮਾਏ ਹੋਏ ਅਨੁਭਵ ਹੁੰਦੇ ਹਨ। ਹੇ ਭਾਈ! ਅਦਵੈਤ ਭਾਵ ਦੀ ਇਸ ਅਵਸਥਾ ਬਾਰੇ ਕਿਸੇ ਨੂੰ ਕੀ ਕਹਿ ਕੇ ਦੱਸੀਏ ਤੇ ਕਿਵੇਂ ਦੱਸੀਏ ? (ਅਰਥਾਤ ਅਦਵੈਤ–ਭਾਵ ਦੀ ਇਹ ਅਵਸਥਾ ਕਹਿਣ–ਸੁਣਨ ਦੀ ਅਵਸਥਾ ਨਹੀਂ ਬਲਕਿ ਅਨੁਭਵ ਕਰਨ ਦੀ ਅਵਸਥਾ ਹੈ।)॥

3. ਸਤਿਗੁਰੂ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਮੈਂ ਹੁਣ ਕੀ ਕਹਿ ਕੇ ਪ੍ਰਭੂ ਦੇ ਗੁਣ ਗਾਵਾਂ ? ਮੈਂ ਉਸ ਦੇ ਗੁਣ ਗਾਉਂਦਾ–ਗਾਉਂਦਾ ਹਾਰ ਗਿਆ ਹਾਂ। ਪ੍ਰਭੂ ਦੇ ਬੇਅੰਤ ਗੁਣਾਂ ਨੂੰ ਗਾਇਆ ਨਹੀਂ ਜਾ ਸਕਦਾ। ਮੈਂ ਸੋਚ–ਵਿਚਾਰ ਕੇ ਇਹ ਕਹਿ ਸਕਦਾ

ਹਾਂ ਕਿ ਪ੍ਰਭੂ ਦੇ ਗੁਣ ਗਾਉਣ ਵਾਲਾ ਤਾਂ ਸਹਿਜ ਸੁੰਨਿ ਅਵਸਥਾ ਵਿੱਚ ਪਹੁੰਚ ਕੇ ਪ੍ਰਭੂ ਵਿੱਚ ਆਪਣੇ-ਆਪ ਹੀ ਸਮਾ ਜਾਂਦਾ ਹੈ। (ਪ੍ਰਭੂ ਵਿੱਚ ਸਮਾਉਣ ਤੋਂ ਬਾਅਦ ਫਿਰ ਗਾਉਣ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹਿ ਜਾਂਦੀ ਕਿਉਂਕਿ ਗਾਉਣ ਵਾਲਾ ਤੇ ਜਿਸ ਬਾਰੇ ਗਾਉਣਾ ਹੈ ਦੋਨੋਂ ਇਕ ਹੋ ਗਏ ਹੁੰਦੇ ਹਨ।)॥

**ਭਾਵ ਅਰਥ** : ਜਦੋਂ ਜੀਵ ਸੱਚੇ ਮਨ ਨਾਲ ਪ੍ਰਭੂ ਦੇ ਗੁਣ ਗਾਉਂਦਾ ਹੈ ਤਾਂ ਉਹ ਸਹਿਜ ਸੁੰਨਿ ਅਵਸਥਾ ਨੂੰ ਪ੍ਰਾਪਤ ਕਰਕੇ ਪ੍ਰਭੂ ਵਿੱਚ ਹੀ ਅਭੇਦ ਹੋ ਜਾਂਦਾ ਹੈ।

## ਰਾਗੁ ਬਿਲਾਵਲੁ -52

***ਅਬ ਕਾ ਕਹਿ ਕੌਨ ਬਤਾਊਂ। ਅਬ ਕਾ ਕਹਿ ਦੇਬਲਿ ਦੇਵ ਸਮਾਊਂ॥ ਟੇਕ॥***
***ਕਾ ਸਿਊਂ ਰਾਮ ਕਹੌ ਸੁਨਿ ਭਾਈ, ਕਾ ਸਿਊਂ ਕ੍ਰਿਸਨ ਕਰੀਮਾਂ।***
***ਕਾ ਸਿਊਂ ਬੇਦ ਕਤੇਬ ਕਹੂੰ ਅਬ, ਕਾ ਸਿਊਂ ਕਹੂੰ ਲਇਓ ਲੀਨਾ॥ ੧॥***
***ਕਾ ਸਿਊਂ ਤਪ ਤੀਰਥ ਬਰਤ ਪੂਜਾ, ਕਾ ਸਿਊਂ ਨਾਉਂ ਕਹਾਊਂ।***
***ਕਾ ਸਿਊਂ ਭਿਸਿਤ ਦੋਜਿਗੁ ਨਾ ਸਤਿ ਕਰਿ, ਕਾ ਸਿਊਂ ਕਹੂੰ ਕਹਾਈ॥ ੨॥***
***ਕਾ ਸਿਊਂ ਜੀਵ ਸੀਵ ਕਹੌ ਮਾਧੋ, ਸੁੰਨਿ ਸਹਜਿ ਘਰਿ ਭਾਈ।***
***ਕਾ ਸਿਊਂ ਗੁਣੀ ਨ ਗੁਣ ਕਹੂੰ ਮਾਧੌ, ਕਾ ਸਿਊਂ ਕਹੂੰ ਬਤਾਈ॥ ੩॥***
***ਜਲ ਕੇ ਤਰੰਗ ਜਲ ਮਾਂਹਿ ਸਮਾਈ, ਕਹਿ ਕਾ ਕੌ ਨਾਂਵ ਧਰਇਏ।***
***ਐਸੇ ਏਕ ਰੂਪ ਮੇਂ ਮਾਧੋ, ਆਪਣ ਹੀ ਨਿਰਵਰਿਏ ॥ ੪॥***
***ਭਣੈ ਰਵਿਦਾਸ ਅਬ ਕਾ ਕਹਿ ਗਾਊਂ, ਜਉ ਕੋਈ ਔਰਹਿ ਹੋਈ।***
***ਜਾ ਸਿਊਂ ਗਾਇਹਿ ਗਾਇ ਕਹਤ ਹੈਂ, ਪਰਮ ਰੂਪ ਹਮ ਸੋਈ॥ ੫॥***

**ਸ਼ਬਦ ਅਰਥ** : **ਕਹਿ ਕੌਨ ਬਤਾਊਂ**-ਕਹਿ ਕੇ ਕੀ ਨਾਮ ਦੱਸਾ। **ਦੇਬਲਿ**-ਦੇਵਤੇ ਦਾ ਮੰਦਰ। **ਸਮਾਊਂ**-ਸਮਾਉਣਾ, ਉਸ ਵਰਗਾ ਹੋ ਜਾਣਾ, ਅਭੇਦ ਹੋਣਾ। **ਕਾ ਸਿਊਂ**-ਕਿਸ ਨਾਲ। **ਕਰੀਮਾਂ**- ਅੱਲ੍ਹਾ। **ਕਤੇਬ**-ਕੁਰਾਨ। **ਲਇਓ ਲੀਨਾ**-ਲਿਵ ਵਿੱਚ ਲੀਨ ਹੋਣਾ, ਸੁਰਤਿ ਜੋੜਨਾ॥ ੧॥ **ਨਾਉਂ ਕਹਾਊਂ**-ਨਾਮ ਲੈ ਕੇ ਪੁਕਾਰਾ। **ਭਿਸਿਤ**-ਸਵਰਗ। **ਦੋਜਿਗੁ**-ਨਰਕ। **ਨਾ ਸਤਿ ਕਰਿ**-ਸੱਚ ਕਰ ਕੇ ਨਹੀਂ ਜਾਣਿਆ। **ਕਹੂੰ ਕਹਾਈ**-ਕਿਸੇ ਦੇ ਕਹਿਣ 'ਤੇ ਕਹਿਣਾ॥ ੨॥ **ਜੀਵ**-ਜੀਵਾਤਮਾ। **ਸੀਵ**-ਸ਼ਿਵ, ਕਲਿਆਣ ਕਰਨ ਵਾਲਾ। **ਸੁੰਨਿ ਸਹਜਿ ਘਰਿ**-ਆਤਮਿਕ ਅਡੋਲਤਾ ਦਾ ਘਰ ਜਿੱਥੇ ਮਾਇਆ ਦਾ ਕੋਈ ਫੁਰਨਾ ਉੱਠਦਾ ਹੀ ਨਹੀਂ। **ਗੁਣੀ**-ਸਗੁਣੀ। **ਨ ਗੁਣ**-ਨਿਰਗੁਣ। **ਕਹੂੰ ਬਤਾਈ**-ਕਹਿ ਕੇ ਦੱਸਾਂ॥ ੩॥ **ਕੌ ਨਾਂਵ ਧਰਇਏ**-ਕੀ ਨਾਮ ਰੱਖਾਂਗੇ। **ਨਿਰਵਰਿਏ**-ਨਿਵਾਰਣ ਕਰਨਾ॥ ੪॥ **ਕੋਈ ਔਰਹਿ**-ਕੋਈ ਦੂਸਰਾ। **ਪਰਮ**-ਉੱਤਮ, ਸ੍ਰੇਸ਼ਟ॥ ੫॥

**ਪਦ ਅਰਥ** : ਸਤਿਗੁਰੂ ਰਵਿਦਾਸ ਜੀ ਮਹਾਰਾਜ ਉੱਚ ਆਤਮਿਕ ਅਵਸਥਾ ਵਿੱਚ ਪਹੁੰਚ ਕੇ ਸਮ-ਦ੍ਰਿਸ਼ਟੀ ਦੀ ਸਥਿਤੀ ਵਿੱਚ ਪਰਮਾਤਮਾ ਦੇ ਸਰੂਪ ਬਾਰੇ ਫ਼ਰਮਾਂਦੇ ਹਨ ਕਿ ਹੇ ਭਾਈ! ਹੁਣ ਮੈਂ ਕੀ ਕਹਿ ਕੇ ਦੱਸਾਂ ਕਿ ਪਰਮਾਤਮਾ ਕਿਹੋ ਜਿਹਾ ਹੈ? ਕੀ ਦੱਸਾਂ ਕਿ ਮੰਦਰ ਦੇ ਕਿਸ ਦੇਵਤੇ ਦੀ ਮੂਰਤੀ ਵਰਗਾ ਪਰਮਾਤਮਾ ਦਾ ਸਰੂਪ ਹੈ? (ਅਸਲੀਅਤ ਇਹ ਹੈ ਕਿ ਪਰਮਾਤਮਾ ਦਾ ਸਰੂਪ ਬਿਆਨ ਤੋਂ ਪਰ੍ਹੇ ਹੈ, ਉਸ ਨੂੰ ਤਾਂ ਕੇਵਲ ਹਿਰਦੇ ਅੰਦਰ ਅਨੁਭਵ ਹੀ ਕੀਤਾ ਜਾ ਸਕਦਾ ਹੈ।)॥ ਟੇਕ॥

(ਪਰਮਤੱਤ ਪਰਮਾਤਮਾ ਤੋਂ ਬਿਨਾਂ) ਮੈਂ ਕਿਸ ਨੂੰ ਰਾਮ, ਕਿਸ ਨੂੰ ਕ੍ਰਿਸ਼ਨ ਤੇ ਕਿਸ ਨੂੰ ਕਰੀਮ ਕਹਾਂ ? ਮੈਂ ਪਰਮਾਤਮਾ ਦੇ ਕਿਸ ਸਰੂਪ ਨੂੰ ਵੇਦਾਂ ਤੇ ਕਿਤੇਬਾਂ ਵਿੱਚ ਖੋਜਾਂ ? ਮੈਂ ਕੀ ਕਹਿ ਕੇ ਦੱਸਾਂ ਕਿ ਪਰਮਾਤਮਾ ਦੇ ਕਿਸ ਸਰੂਪ ਵਿੱਚ ਮੈਂ ਆਪਣੀ ਲਿਵ ਲਾਈ ਹੋਈ ਹੈ। (ਹੇ ਭਾਈ! ਆਤਮਿਕ ਅਡੋਲਤਾ ਦੀ ਅਵਸਥਾ ਦੇ ਧਾਰਨੀ ਲਈ ਪਰਮਤੱਤ ਪਰਮਾਤਮਾ ਦੇ ਕਿਸੇ 'ਨਾਮ/ਸਰੂਪ' ਵਿਸ਼ੇਸ਼ ਦਾ ਕੋਈ ਮਹੱਤਵ ਨਹੀਂ ਰਹਿ ਜਾਂਦਾ ਕਿਉਂਕਿ ਉਸ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਸਾਰੇ ਵਿਭਿੰਨ 'ਨਾਮ/ਸਰੂਪ' ਉਸ ਇਕ ਪਰਮਤੱਤ ਪਰਮਾਤਮਾ ਦੇ ਹੀ ਹਨ।)॥

2. ਮੈਂ ਪਰਮਾਤਮਾ ਦੇ ਕਿਸ ਸਰੂਪ ਦੇ ਨਾਮ ਦਾ ਤਪ ਕਰਾਂ, ਤੀਰਥ ਇਸ਼ਨਾਨ ਕਰਾਂ, ਵਰਤ ਰੱਖਾਂ ਤੇ ਪੂਜਾ ਕਰਾਂ ? ਮੈਂ ਪ੍ਰਭੂ ਨੂੰ ਕਿਸ ਨਾਮ ਨਾਲ ਪੁਕਾਰਾਂ ? ਮੈਂ ਸਵਰਗ ਤੇ ਨਰਕ ਦੇ ਕਿਸੇ ਵੀ ਰੂਪ ਨੂੰ ਪ੍ਰਭੂ ਦੇ ਸਰੂਪ ਵਰਗਾ ਸੱਚ ਕਰ ਕੇ ਨਹੀਂ ਮੰਨਿਆ, ਮੈਂ ਇਨ੍ਹਾਂ ਦੋਨਾਂ ਨੂੰ ਆਪਣੇ ਮਨੋ ਵਿਸਾਰ ਦਿੱਤਾ ਹੈ ਭਾਵ ਰੱਦ ਕਰ ਦਿੱਤਾ ਹੈ। ਹੇ ਭਾਈ! ਮੈਂ ਇਹ ਸਭ ਕੁਝ ਕਿਸੇ ਦੇ ਕਹੇ-ਕਹਾਏ ਨਹੀਂ ਕਹਿੰਦਾ ਤੇ ਜੋ ਕੁਝ ਵੀ ਕਹਿੰਦਾ ਹਾਂ ਸਵੈ-ਇੱਛਾ ਅਨੁਸਾਰ ਹੀ ਕਹਿੰਦਾ ਹਾਂ॥

3. ਹੇ ਭਾਈ! ਮੈਂ ਉਸ ਮਾਇਆ ਦੇ ਪਤੀ-ਪ੍ਰਭੂ ਦੇ ਕਿਸ ਸਰੂਪ ਨੂੰ ਜੀਵ ਕਹਾਂ, ਕਲਿਆਣ ਕਰਨ ਵਾਲਾ ਕਹਾਂ, ਸਗੁਣ ਕਹਾਂ ਤੇ ਨਿਰਗੁਣ ਕਹਾਂ ? ਅਜਿਹੇ ਸਾਰੇ ਭਰਮਾਂ ਦਾ ਭੇਦ ਆਤਮਿਕ ਅਡੋਲਤਾ ਦੇ ਘਰ ਵਿੱਚ ਪਹੁੰਚ ਕੇ ਖੁੱਲ੍ਹ ਜਾਂਦਾ ਹੈ। (ਉਸ ਅਵਸਥਾ ਵਿੱਚ ਇਕ ਪਰਮਤੱਤ ਪਰਮਾਤਮਾ ਦਾ ਸਰੂਪ ਹੀ ਸਾਰੀ ਸ੍ਰਿਸ਼ਟੀ ਵਿੱਚ ਸਮਾਇਆ ਹੋਇਆ ਅਨੁਭਵ ਹੁੰਦਾ ਹੈ।) ਹੇ ਭਾਈ! (ਜਦੋਂ ਉਸ ਦੇ ਗੁਣਾਂ ਨੂੰ ਬਿਆਨ ਹੀ ਨਹੀਂ ਕੀਤਾ ਜਾ ਸਕਦਾ ਤਾਂ ਫਿਰ ਮੈਂ ਉਸ ਬਾਰੇ ਕੀ ਕਹਿ ਕੇ ਦੱਸਾਂ ਕਿ ਉਹ ਕਿਹੋ ਜਿਹਾ ਹੈ ?)॥

4. ਜਿਸ ਤਰ੍ਹਾਂ ਪਾਣੀ ਦੀਆਂ ਅਨੇਕਾਂ ਲਹਿਰਾਂ ਪਾਣੀ 'ਚੋਂ ਉਤਪੰਨ ਹੁੰਦੀਆਂ ਹਨ ਤੇ ਪਾਣੀ ਵਿੱਚ ਹੀ ਸਮਾ ਜਾਂਦੀਆਂ ਹਨ, ਉਸੇ ਤਰ੍ਹਾਂ ਵੱਖ-ਵੱਖ ਪ੍ਰਕਾਰ ਦੇ ਰੂਪ ਵੀ ਮਾਇਆ ਦੇ ਪਤੀ-ਪ੍ਰਭੂ ਭਾਵ ਪਰਮਤੱਤ ਪਰਮਾਤਮਾ ਤੋਂ ਹੀ ਉਤਪੰਨ ਹੁੰਦੇ ਹਨ ਤੇ ਉਸੇ ਵਿੱਚ ਹੀ ਸਮਾ ਜਾਂਦੇ ਹਨ। ਤਾਂ ਫਿਰ ਇਨ੍ਹਾਂ ਅਨੇਕਾਂ ਲਹਿਰਾਂ ਦਾ ਜਾਂ ਇਨ੍ਹਾਂ ਅਨੇਕਾਂ ਰੂਪਾਂ ਦਾ ਕੀ ਕਹਿ ਕੇ ਵੱਖਰਾ-ਵੱਖਰਾ ਨਾਮ ਰੱਖੀਏ ? ਇਸ ਦਵੈਤ-ਭਾਵ ਦਾ ਨਿਵਾਰਨ ਵੀ ਪਰਮਾਤਮਾ ਆਪ ਹੀ ਕਰਦੇ ਹਨ॥

5. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਹੁਣ ਮੈਂ ਕੀ ਕਹਿ ਕੇ ਗਾਵਾਂ ਤੇ ਕਿਸ ਦੇ ਗੁਣ ਗਾਵਾਂ ? ਕਿਉਂਕਿ ਪ੍ਰਭੂ ਤੋਂ ਬਿਨਾਂ ਜਗਤ ਵਿੱਚ ਹੋਰ ਕੋਈ ਹੈ ਹੀ ਨਹੀਂ। ਜਿਸ ਸਰੂਪ ਦੇ ਗੁਣ ਗਾਉਣ ਨੂੰ ਮੈਂ ਕਹਿ ਰਿਹਾ ਸੀ (ਨਾਮ-ਸਿਮਰਨ ਦੀ ਬਰਕਤਿ ਨਾਲ) ਉਸ ਵਿੱਚ ਮੈਂ ਆਪਣਾ-ਆਪ ਵਿਲੀਨ ਕਰ ਕੇ ਉਸੇ ਵਾਂਗ ਪਰਮ ਰੂਪ ਹੋ ਗਿਆ ਹਾਂ॥

**ਭਾਵ ਅਰਥ** : ਪਰਮਾਤਮਾ ਅਦਵੈਤ ਰੂਪ ਹੈ ਅਤੇ ਕਣ-ਕਣ ਤੇ ਘਟ-ਘਟ ਵਿੱਚ ਵਿਆਪਕ ਹੈ। ਉਸ ਦੇ ਨਾਮ-ਸਿਮਰਨ ਨਾਲ ਦਵੈਤ ਭਾਵ ਖ਼ਤਮ ਹੋ ਜਾਂਦਾ ਹੈ।

## ਰਾਗੁ ਬਿਲਾਵਲੁ -53

***ਖੋਜਤ ਕਿੰਧੂ ਫਿਰੈ, ਤੇਰੇ ਘਟਿ ਮਹਿੰ ਸਿਰਜਨਹਾਰ ॥ ਟੇਕ ॥***
***ਕਸਤੂਰੀ ਮ੍ਰਿਗ ਪਾਸ ਹੈ ਰੇ, ਢੂੰਢਤ ਘਾਸ ਫਿਰੈ।***
***ਪਾਛੈ ਲਾਗੋ ਕਾਲ ਪਾਰਧੀ, ਛਿਨ ਮਹਿੰ ਪ੍ਰਾਨ ਹਰੈ ॥ ੧ ॥***
***ਇੜਾ ਪਿੰਗਲਾ ਸੁਖਮਨ ਨਾੜੀ, ਜਾ ਮੇਂ ਚਿਤ ਨ ਧਰੈ ॥***
***ਸਹਸਤਾਰ ਮਹਿੰ ਭੰਵਰ ਗੁਫਾ ਹੈ, ਭੰਵਰਾ ਗੂੰਜ ਕਰੈ ॥ ੨ ॥***
***ਦਿਲ ਦਰਿਆਵ ਹੀਰਾ ਲਾਲ ਹੈ, ਗੁਰਮੁਖ ਸਮਝ ਪਰੈ।***
***ਮਰਜੀ ਵਾ ਕੀ ਸੈਨ ਵਿਚਾਰੈ, ਤਉ ਹੀਰਾ ਹਾਥ ਪਰੈ ॥ ੩ ॥***
***ਕਹਿ ਰਵਿਦਾਸ ਸਮੁਝਿ ਰੇ ਸੰਤੋ, ਇਹੁ ਪਦ ਹੈ ਨਿਰਵਾਨ।***
***ਇਹੁ ਰਹਸਿ ਕੋਉ ਖੋਜੈ ਬੂਝੇ, ਸੋਉ ਹੈ ਸੰਤ ਸੁਜਾਨ ॥ ੪ ॥***

**ਸ਼ਬਦ ਅਰਥ** : **ਕਿੰਧੂ**-ਕਿੱਧਰ। **ਘਟਿ**-ਹਿਰਦੇ, ਮਨ। **ਸਿਰਜਨਹਾਰ**-ਘਾੜਤ ਘੜਣ ਵਾਲਾ, ਬਣਾਉਣ ਵਾਲਾ, ਰਚਨ ਵਾਲਾ। **ਕਸਤੂਰੀ**-ਇਕ ਸੁਗੰਧ ਵਾਲਾ ਪਦਾਰਥ ਜੋ ਹਿਰਨ ਦੀ ਨਾਭੀ ਵਿੱਚ ਹੁੰਦਾ ਹੈ। **ਮ੍ਰਿਗ**-ਹਿਰਨ। **ਢੂੰਢਤ**-ਖੋਜਣਾ, ਲੱਭਣਾ। **ਘਾਸ**-ਘਾਹ, ਝਾੜੀਆਂ ਬੂਟੀਆਂ। **ਪਾਛੈ**-ਪਿੱਛੇ। **ਕਾਲ**-ਮੌਤ। **ਪਾਰਧੀ**-ਸ਼ਿਕਾਰ ਖੇਡਣ ਵਾਲਾ, ਸ਼ਿਕਾਰੀ ॥ ੧ ॥

**ਈੜਾ**- ਇਹ ਖੱਬੀ ਨਾਸ ਦੀ ਨਾੜੀ ਹੈ, ਜਿਸ ਦੇ ਰਸਤੇ ਜੋਗੀ-ਜਨ ਪ੍ਰਾਣਾਯਾਮ ਕਰਨ ਵੇਲੇ ਆਪਣੇ ਸਵਾਸ ਉੱਪਰ ਚੜ੍ਹਾਉਂਦੇ ਹਨ। ਈੜਾ ਨੂੰ ਗੰਗਾ ਅਥਵਾ ਚੰਦਰਮਾ ਵੀ ਕਿਹਾ ਜਾਂਦਾ ਹੈ। **ਪਿੰਗਲਾ**-ਇਹ ਸੱਜੀ ਨਾਸ ਦੀ ਨਾੜੀ ਹੈ, ਜਿਸ ਦੇ ਰਸਤੇ ਜੋਗੀ-ਜਨ ਪ੍ਰਾਣਾਯਾਮ ਕਰਨ ਵੇਲੇ ਆਪਣੇ ਸਵਾਸ ਨੀਚੇ ਉਤਾਰਦੇ ਹਨ। ਪਿੰਗਲਾ ਨੂੰ ਜਮੁਨਾ ਅਥਵਾ ਸੂਰਜ ਵੀ ਕਿਹਾ ਜਾਂਦਾ ਹੈ। **ਸੁਖਮਨਾ**-ਇਹ ਨੱਕ ਦੇ ਉੱਪਰਵਾਰ ਦੀ ਨਾੜੀ ਹੈ ਜੋ ਦੋਹਾਂ ਭਰਵੱਟਿਆਂ ਦੇ ਵਿਚਕਾਰ ਤੇ ਮੱਥੇ ਵਿੱਚ ਹੈ। ਪ੍ਰਾਣਾਯਾਮ ਕਰਨ ਵੇਲੇ ਜੋਗੀ-ਜਨ ਸਵਾਸਾਂ ਨੂੰ ਏਥੇ ਟਿਕਾਉਂਦੇ ਹਨ। ਇਸ ਨਾੜੀ ਨੂੰ ਸਰਸਵਤੀ ਵੀ ਕਿਹਾ ਜਾਂਦਾ ਹੈ। ਜਿਸ ਤਰ੍ਹਾਂ ਗੰਗਾ ਤੇ ਜਮੁਨਾ ਦੋਵੇਂ ਸਰਸਵਤੀ ਵਿੱਚ ਮਿਲ ਕੇ ਤ੍ਰਿਵੈਣੀ ਦਾ ਸੰਗਮ ਬਣਾਉਂਦੀਆਂ ਹਨ ਉਸੇ ਤਰ੍ਹਾਂ ਜੋਗ-ਮਤ ਅਨੁਸਾਰ ਈੜਾ ਤੇ ਪਿੰਗਲਾ ਦੋਵੇਂ ਸੁਖਮਨਾ ਵਿੱਚ ਮਿਲ ਕੇ ਤ੍ਰਿਵੈਣੀ ਦਾ ਸੰਗਮ ਬਣਾਉਂਦੀਆਂ ਹਨ।

ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇ ਈੜਾ, ਪਿੰਗਲਾ ਤੇ ਸੁਖਮਨਾ ਜਾਂ ਚੰਦਰਮਾ ਤੇ ਸੂਰਜ ਆਦਿਕ ਲਫ਼ਜ਼ਾਂ ਦੀ ਵਰਤੋਂ ਸ਼ਬਦ ਨੰਬਰ 53, 96, 111 ਤੇ 139 ਤੇ ਦੋਹਾ ਨੰਬਰ 37 ਵਿੱਚ ਕੀਤੀ ਹੈ। ਗੁਰੂ ਮਹਾਰਾਜ ਜੀ ਦੀ ਬਾਣੀ ਦੇ ਸੰਦਰਭ ਵਿੱਚ ਇਨ੍ਹਾਂ ਲਫ਼ਜ਼ਾਂ ਤੋਂ ਤੁਰੰਤ ਪ੍ਰਾਣਾਯਾਮ ਦੇ ਅਰਥ ਬਣਾ ਲੈਣਾ ਠੀਕ ਨਹੀਂ ਹੈ। ਗੁਰੂ ਮਹਾਰਾਜ ਜੀ ਨੇ ਬਾਣੀ ਵਿੱਚ ਕਿਤੇ ਵੀ ਪ੍ਰਾਣਾਯਾਮ ਕਰਨ ਦਾ ਉਪਦੇਸ਼ ਨਹੀਂ ਦਿੱਤਾ ਹੈ। ਆਪ ਜੀ ਨੇ ਇਨ੍ਹਾਂ ਲਫ਼ਜ਼ਾਂ ਦੀ ਵਰਤੋਂ ਸਿਰਫ਼ ਪ੍ਰਤੀਕਾਂ ਦੇ ਰੂਪ ਵਿੱਚ ਹੀ ਕੀਤੀ ਹੋਈ ਜਾਪਦੀ ਹੈ। ਆਪ ਜੀ ਅਨੁਸਾਰ 'ਸਹਿਜ ਸਮਾਧਿ', 'ਸਹਿਜ ਅਵਸਥਾ', 'ਸਹਿਜ ਸੁੰਨਿ ਅਵਸਥਾ' ਜਾਂ 'ਆਤਮਿਕ ਅਡੋਲਤਾ ਵਿੱਚ ਲੀਨਤਾ ਵਾਲੀ ਅਵਸਥਾ' ਹੀ ਗੰਗਾ, ਜਮੁਨਾ ਤੇ ਸਰਸਵਤੀ ਅਥਵਾ ਈੜਾ, ਪਿੰਗਲਾ ਤੇ ਸੁਖਮਨਾ ਦਾ 'ਤ੍ਰਿਵੈਣੀ ਸੰਗਮ'

ਹੈ, 'ਤ੍ਰਿਕੁਟੀ ਅਵਸਥਾ' ਹੈ। ਸੋ ਪ੍ਰਭੂ-ਮਿਲਾਪ ਲਈ ਜੀਵ ਨੂੰ ਇਸ ਅਵਸਥਾ ਭਾਵ ਆਤਮਿਕ ਅਡੋਲ ਅਵਸਥਾ ਵਿੱਚ ਹੀ ਆਪਣੀ ਸੁਰਤਿ ਟਿਕਾਉਣੀ ਚਾਹੀਦੀ ਹੈ।

ਪ੍ਰਾਣਾਯਾਮ ਤੇ ਯੋਗ ਅਭਿਆਸ ਦੇ ਸਾਧਨ ਤਾਂ ਸਰੀਰ ਦੇ ਨੌਂ ਦੁਆਰਿਆਂ ਤੱਕ ਹੀ ਸੀਮਤ ਰਹਿ ਜਾਂਦੇ ਹਨ ਜਦਕਿ ਸੰਤਾਂ ਦਾ ਮਾਰਗ ਤਾਂ ਨੌਂ ਦੁਆਰਿਆਂ 'ਚੋਂ ਨਿਕਲ ਕੇ ਦਸਵੇਂ ਦੁਆਰ 'ਤੇ ਆਉਣਾ ਹੁੰਦਾ ਹੈ ਜੋ 'ਸਹਿਜ ਅਵਸਥਾ' ਪ੍ਰਾਪਤ ਕੀਤਿਆਂ ਹੀ ਸੰਭਵ ਹੈ। 'ਸਹਿਜ' ਆਤਮਾ ਦੀ ਉਹ ਸੁਭਾਵਿਕ ਅਵਸਥਾ ਹੈ ਜਿੱਥੇ ਜੀਵ ਸਿਮਰਨ ਦੁਆਰਾ ਸਹਿਜ-ਪੂਰਵਕ ਮਨ ਨੂੰ ਹੌਲੀ-ਹੌਲੀ ਸੰਸਾਰ ਵੱਲੋਂ ਹਟਾ ਕੇ ਪਰਮਾਤਮਾ ਵੱਲ ਲਗਾਉਂਦਾ ਹੈ। ਇਸ ਅਵਸਥਾ ਵਿੱਚ ਜੀਵ ਦਾ ਸਰੀਰ ਤਾਂ ਸੰਸਾਰ ਦੇ ਕਾਰ-ਵਿਹਾਰ ਵਿੱਚ ਲੱਗਾ ਰਹਿੰਦਾ ਹੈ ਪਰ ਧਿਆਨ (ਮਨ) ਨਾਮ ਦੇ ਸਿਮਰਨ ਨਾਲ ਜੁੜਿਆ ਰਹਿੰਦਾ ਹੈ। ਇਹ ਪੂਰਨ ਖਿੜਾਓ ਤੇ ਅਡੋਲਤਾ ਦੀ ਉਹ ਅਵਸਥਾ ਹੈ ਜਿੱਥੇ ਪਹੁੰਚ ਕੇ ਦੁਨੀਆਂ ਦਾ ਕੋਈ ਵੀ ਮਾਇਕ ਫ਼ੁਰਨਾ ਜੀਵ ਨੂੰ ਡਿਗਾ ਨਹੀਂ ਸਕਦਾ।

ਸੋ ਅਸੀਂ ਕਹਿ ਸਕਦੇ ਹਾਂ ਕਿ ਪ੍ਰਾਣਾਯਾਮ ਜਾਂ ਯੋਗ ਅਭਿਆਸ ਆਦਿਕ ਸਿਹਤ ਠੀਕ ਰੱਖਣ ਲਈ ਕਸਰਤ ਦੇ ਆਸਨ ਹਨ ਜੋ ਸਰੀਰ ਤੇ ਮਨ ਨੂੰ ਚੁਸਤ ਰੱਖਦੇ ਹਨ। ਇਨ੍ਹਾਂ ਦਾ ਭਜਨ-ਸਿਮਰਨ ਨਾਲ ਕੋਈ ਸੰਬੰਧ ਨਹੀਂ ਤੇ ਨਾ ਹੀ ਇਹ ਆਸਨ ਆਪਣੇ ਆਪ ਵਿੱਚ ਭਗਤੀ ਹਨ।

ਜਦੋਂ ਜੀਵ ਸਿਮਰਨ ਕਰਦਿਆਂ ਅੱਖਾਂ ਬੰਦ ਕਰਕੇ ਮਨ ਨੂੰ ਇਕਾਗਰ ਕਰਦਾ ਹੈ ਤਾਂ ਸੁਤੇ ਹੀ ਉਸ ਦਾ ਧਿਆਨ ਅੱਖਾਂ ਤੋਂ ਉੱਪਰ ਤੇ ਦੋਹਾਂ ਭਰਵੱਟਿਆਂ ਦੇ ਵਿਚਕਾਰ ਮੱਥੇ 'ਤੇ ਟਿਕ ਜਾਂਦਾ ਹੈ, ਜਿਸਨੂੰ ਸੰਤ-ਜਨਾਂ ਨੇ 'ਤ੍ਰਿਕੁਟੀ' ਜਾਂ 'ਤੀਸਰਾ ਤਿੱਲ' ਕਿਹਾ ਹੈ। ਇਸ ਟਿਕਵੇਂ ਧਿਆਨ ਤੋਂ ਹੀ 'ਦਸਵਾਂ ਦੁਆਰ', 'ਨਿਰਵਾਨ ਪਦ' ਅਥਵਾ 'ਚਉਥੇ ਪਦ' ਵੱਲ ਵਧਿਆ ਜਾ ਸਕਦਾ ਹੈ ਜੋ ਕਿ ਪੂਰਨ ਸਤਿਗੁਰੂ ਦੀ ਸਹਾਇਤਾ ਤੋਂ ਬਿਨਾਂ ਸੰਭਵ ਨਹੀਂ। ਪੂਰਨ ਸਤਿਗੁਰੂ ਦੇ 'ਸ਼ਬਦ' ਰਾਹੀਂ ਹੀ ਦਸਵਾਂ ਦੁਆਰ ਜਾਂ ਨਿਰਵਾਨ ਪਦ ਪਾਇਆ ਜਾ ਸਕਦਾ ਹੈ ਤੇ ਪ੍ਰਭੂ ਵਿੱਚ ਅਭੇਦ ਹੋਇਆ ਜਾ ਸਕਦਾ ਹੈ।

**ਚਿਤ**-ਮਨ ਦਾ ਧਿਆਨ। **ਧਰੈ**-ਲਗਾਉਣਾ, ਧਰਨਾ। **ਸਹਸਤਾਰ**-ਸਹੰਸਦਲ ਕੰਵਲ, ਕਈ ਹਜ਼ਾਰਾਂ ਪੱਤਿਆਂ ਵਾਲਾ ਕੰਵਲ। **ਭੰਵਰਾ ਗੂੰਜ ਕਰੈ**-ਭੰਵਰੇ ਦੀ ਆਵਾਜ਼ ਵਾਂਗ (ਅਨਹਦ ਨਾਦ ਦੀ ਅਦਭੁੱਤ ਮਿੱਠੀ ਧੁਨਿ)॥ ੨॥

**ਦਿਲ**-ਹਿਰਦਾ। **ਦਰਿਆਵ**-ਸਮੁੰਦਰ, ਦਰਿਆ। **ਹੀਰਾ ਲਾਲ**-ਹੀਰੇ ਤੇ ਲਾਲ (ਮਾਣਕ ਰੰਗ ਦਾ ਰਤਨ)। **ਗੁਰਮੁਖ**-ਜਿਸ ਦਾ ਮੁਖ ਗੁਰੂ ਵੱਲ ਹੈ ਭਾਵ ਗੁਰੂ ਨੂੰ ਪੂਰੀ ਤਰ੍ਹਾਂ ਸਮਰਪਿਤ। **ਮਰਜੀ**-ਇੱਛਾ, ਰਜ਼ਾ (ਉਪਦੇਸ਼)। **ਵਾ ਕੀ**-ਉਸਦੀ (ਭਾਵ ਉਸ ਗੁਰੂ ਦੀ)। **ਸੈਨ**-ਸੱਜਣ, ਮਿੱਤਰ, ਸ਼ਰਧਾਲੂ, ਸਿਆਣਾ॥ ੩॥ **ਨਿਰਵਾਨ**-ਵਾਸ਼ਨਾਂ ਰਹਿਤ ਆਤਮਿਕ ਦਰਜਾ, ਅਬਿਨਾਸ਼ੀ ਪਦ। **ਰਹਸਿ**-ਭੇਦ। **ਸੁਜਾਨ**-ਉੱਤਮ ਗਿਆਨ॥ ੪॥

**ਪਦ ਅਰਥ** : ਹੇ ਜੀਵ! ਤੂੰ ਪਰਮਾਤਮਾ ਨੂੰ ਕਿੱਧਰੋਂ ਖੋਜਦਾ ਫਿਰਦਾ ਹੈਂ? ਉਹ ਸ੍ਰਿਸ਼ਟੀ ਦੀ ਘਾੜਤ ਘੜਣ ਵਾਲਾ ਸਿਰਜਣਹਾਰ ਪਰਮਾਤਮਾ ਤਾਂ ਤੇਰੇ ਆਪਣੇ ਹਿਰਦੇ ਅੰਦਰ ਹੀ ਬਿਰਾਜਮਾਨ ਹੈ॥ ਟੇਕ॥

ਜਿਸ ਤਰ੍ਹਾਂ ਕਸਤੂਰੀ ਹਿਰਨ ਦੀ ਨਾਭੀ ਵਿੱਚ ਹੁੰਦੀ ਹੈ, ਪਰ ਅਗਿਆਨਤਾ ਵੱਸ

ਹਿਰਨ ਉਸ ਨੂੰ ਬਾਹਰ ਝਾੜੀਆਂ ਬੂਟੀਆਂ ਆਦਿਕ ਵਿੱਚ ਲੱਭਦਾ ਰਹਿੰਦਾ ਹੈ। ਇੰਨੇ ਚਿਰ ਨੂੰ ਸ਼ਿਕਾਰੀ ਉਸਦੇ ਪਿੱਛੇ ਲੱਗ ਜਾਂਦਾ ਹੈ ਤੇ ਇਕ ਪਲ ਵਿੱਚ ਹੀ ਉਸ ਨੂੰ ਮਾਰ ਦਿੰਦਾ ਹੈ। ਇਹੋ ਹਾਲ ਜੀਵ ਦਾ ਹੈ। ਪਰਮਾਤਮਾ ਉਸ ਦੇ ਆਪਣੇ ਅੰਦਰ ਮੌਜੂਦ ਹੈ ਪਰ ਆਤਮਿਕ ਗਿਆਨ ਤੋਂ ਸੱਖਣਾ ਹੋਣ ਕਰਕੇ ਉਹ ਇਸ ਨੂੰ ਬਾਹਰ ਜੰਗਲਾਂ, ਪਹਾੜਾਂ, ਤੀਰਥਾਂ, ਕਰਮਕਾਂਡਾਂ ਤੇ ਵੇਦ-ਸ਼ਾਸਤਰਾਂ ਆਦਿ ਵਿੱਚ ਲੱਭਦਾ ਰਹਿੰਦਾ ਹੈ। ਉਹ ਪ੍ਰਭੂ ਦੀ ਖੋਜ ਲਈ ਬਾਹਰੀ ਭਟਕਣਾ ਵਿੱਚ ਪਿਆ ਹੋਇਆ ਆਪਣਾ ਜੀਵਨ ਅਜਾਈਂ ਗਵਾ ਲੈਂਦਾ ਹੈ ਤੇ ਆਤਮਿਕ ਮੌਤ ਸਹੇੜ ਲੈਂਦਾ ਹੈ॥

2. (ਜੀਵ ਦੇ ਦੋਵਾਂ ਭਰਵੱਟਿਆਂ ਵਿਚਕਾਰ ਤੇ ਮੱਥੇ ਉੱਤੇ) ਈੜਾ, ਪਿੰਗਲਾ ਤੇ ਸੁਖਮਨਾ ਨਾੜੀਆਂ ਦਾ ਤ੍ਰਿਵੈਣੀ ਸੰਗਮ ਬਣਦਾ ਹੈ, ਜਿਸ ਨੂੰ ਤ੍ਰਿਕੁਟੀ ਅਵਸਥਾ ਵੀ ਕਿਹਾ ਜਾਂਦਾ ਹੈ। ਇਸ ਅਵਸਥਾ ਵਿਖੇ ਮਨ ਦੇ ਧਿਆਨ ਨੂੰ ਪ੍ਰਭੂ ਦੇ ਨਾਮ 'ਤੇ ਇਕਾਗਰ ਕੀਤਾ ਜਾਂਦਾ ਹੈ। ਪਰ ਸਤਿਗੁਰੂ ਦੇ 'ਨਾਮ-ਸ਼ਬਦ' ਤੋਂ ਬਿਨਾਂ ਜੀਵ ਦੇ ਮਨ ਦਾ ਧਿਆਨ ਤ੍ਰਿਕੁਟੀ 'ਤੇ ਸਹਿਜੇ ਨਹੀਂ ਟਿਕਦਾ ਤੇ ਬਾਹਰ ਸੰਸਾਰ ਵੱਲ ਭੱਜਦਾ ਰਹਿੰਦਾ ਹੈ। ਮਨ ਦੇ ਚਉਥੇ ਪਦ ਦੀ ਅਡੋਲ ਅਵਸਥਾ ਵਿਖੇ, ਮਾਨੋਂ, ਹਜ਼ਾਰਾਂ ਪੱਤੀਆਂ ਵਾਲਾ ਕਉਲ-ਫੁੱਲ ਖਿੜਿਆ ਹੋਇਆ ਹੈ ਤੇ ਜਿਸ ਵਿੱਚ ਭੰਵਰ ਗੁਫ਼ਾ ਹੈ ਜਿੱਥੇ ਭੰਵਰੇ ਦੀ ਗੂੰਜ ਵਾਂਗ ਅਨਹਦ ਨਾਦ ਦੀ ਮਿੱਠੀ ਧੁਨਿ ਹਮੇਸ਼ਾ ਗੂੰਜਦੀ ਰਹਿੰਦੀ ਹੈ।(ਸੁਰਤਿ ਨੂੰ ਇਸ ਧੁਨਿ ਵਿੱਚ ਲੈਅ ਕਰਕੇ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ।)॥

3. ਜੀਵ ਦਾ ਹਿਰਦਾ-ਘਰ ਦਰਿਆ ਵਾਂਗ ਡੂੰਘਾ ਤੇ ਵਿਸ਼ਾਲ ਹੈ, ਜਿਸ ਅੰਦਰ ਪ੍ਰਭੂ-ਰੂਪੀ ਅਨਮੋਲ ਹੀਰਾ ਤੇ ਲਾਲ ਲੁਕਿਆ ਪਿਆ ਹੈ। ਪਰ ਇਸ ਰਹੱਸ ਦੀ ਸੋਝੀ ਗੁਰੂ ਵਾਲੇ ਜੀਵ ਨੂੰ ਹੀ ਪੈਂਦੀ ਹੈ। ਜਿਹੜਾ ਵੀ ਸ਼ਰਧਾਲੂ-ਸੱਜਣ ਜੀਵ ਗੁਰੂ ਦੀ ਰਜ਼ਾ ਵਿੱਚ ਰਹਿ ਕੇ (ਉਸ ਦੇ ਬਖ਼ਸ਼ੇ ਹੋਏ 'ਸ਼ਬਦ' ਦੀ ਆਪਣੇ ਮਨ ਵਿੱਚ) ਵਿਚਾਰ ਕਰਦਾ ਹੈ ਤੇ (ਉਸ ਨੂੰ ਸਿਮਰਦਾ ਰਹਿੰਦਾ ਹੈ) ਉਹ ਪ੍ਰਭੂ-ਰੂਪੀ ਹੀਰੇ ਨੂੰ ਹੱਥ ਪਾ ਲੈਂਦਾ ਹੈ ਭਾਵ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ॥

4. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਹੇ ਸੰਤੋ! ਇਸ ਗੱਲ ਨੂੰ ਸਮਝੋ ਕਿ ਪ੍ਰਭੂ ਦੀ ਪ੍ਰੇਮਾ-ਭਗਤੀ ਰਾਹੀਂ ਉੱਚ ਆਤਮਿਕ ਅਡੋਲ ਅਵਸਥਾ ਨੂੰ ਪ੍ਰਾਪਤ ਕਰਨਾ ਹੀ ਵਾਸ਼ਨਾ ਰਹਿਤ ਆਤਮਿਕ ਦਰਜਾ ਪਾਉਣਾ ਹੈ, ਅਬਿਨਾਸ਼ੀ ਪਦ ਪਾਉਣਾ ਹੈ। ਜੋ ਵੀ ਜੀਵ ਇਸ ਰਹੱਸ ਨੂੰ ਸਮਝ ਕੇ ਆਪਣੇ ਅੰਦਰੋਂ ਹੀ ਪ੍ਰਭੂ-ਰੂਪੀ ਹੀਰੇ ਨੂੰ ਖੋਜਦਾ ਹੈ, ਉਹੀ ਜੀਵ ਉੱਤਮ ਗਿਆਨੀ ਤੇ ਪੂਰਨ ਸੰਤ ਕਹਿਲਾਉਂਦਾ ਹੈ॥

**ਭਾਵ ਅਰਥ** : ਸ੍ਰਿਸ਼ਟੀ ਦਾ ਸਿਰਜਣਹਾਰ ਪ੍ਰਭੂ ਜੀਵ ਦੇ ਅੰਦਰ ਮੌਜੂਦ ਹੈ। ਉਸ ਦੀ ਪ੍ਰਾਪਤੀ ਗੁਰੂ ਦੇ 'ਸ਼ਬਦ' ਰਾਹੀਂ ਸਿਮਰਨ ਕੀਤਿਆਂ ਹੋਣੀ ਹੈ।

## ਰਾਗੁ ਬਿਲਾਵਲੁ -54

*ਸੰਤੋ ਕੁਲ ਪਖੀ ਭਗਤਿ ਹੂੈਸੀ ਕਲਿਯੁਗ ਮੇਂ, ਨਿਪਖੁ ਬਿਰਲਾ ਨਿਵਹੈਸੀ।*
*ਜਾਣਿ ਪਿਛਾਣਿ ਹਰਸ਼ਿ ਮਨ ਹੁਲਸੈ, ਬਿਨ ਪਿਛਾਣਿ ਮਿਲਤ ਮੁਰਝਾਸੀ॥ ੧॥*
*ਅਪਸਵਾਰਥ ਪਰਮੋਧਿ ਦਧਆਦੇ, ਪਰਮਾਰਥ ਨ ਦਿੜਾਸੀ।*
*ਬਿਨ ਬਿਸਵਾਸ ਬਾਂਝ ਸੁਤਿ ਜਇਸੈ, ਹਰਿ ਕਾਰਨਿ ਕਿਉਂ ਰਾਸੀ॥ ੨॥*
*ਭਾਵ ਭਗਤਿ ਹਿਰਦੈ ਨਹਿੰ ਆਸੀ, ਵਿਸ਼ੈ ਲਾਗਿ ਸੁਖ ਪਾਸੀ।*
*ਕਹਿ ਰਵਿਦਾਸ ਪੂਰਾ ਗੁਰ ਪਾਵੈ, ਸਵਾਂਗ ਕੀ ਸਵਾਂਗ ਦੁਖਾਸੀ॥ ੩॥*

**ਸ਼ਬਦ ਅਰਥ** : **ਕੁਲ**-ਸੰਪ੍ਰਦਾਏ। **ਪਖੀ**-ਪੱਖਪਾਤੀ। **ਨਿਪਖੁ**-ਨਿਰਪੱਖ। **ਨਿਵਹੈਸੀ**-ਨਿਵਾਵੇਗਾ, ਕਰੇਗਾ। **ਹੁਲਸੈ**-ਉਲਾਸ ਹੋਣਾ, ਖਿੜ ਉੱਠਣਾ। **ਮੁਰਝਾਸੀ**-ਮੁਰਝਾ ਜਾਣਾ॥ ੧॥ **ਅਪਸਵਾਰਥ**-ਆਪਣਾ ਸਵਾਰਥ। **ਪਰਮੋਧਿ**-ਮਹਾਂਸਾਗਰ, ਪਰਮਾਤਮਾ। **ਦਧਆਦੇ**-ਸੜਣਾ, ਦੁਖੀ ਹੋਣਾ। **ਪਰਮਾਰਥ**-ਪਰਮ+ਅਰਥ, ਜੀਵਨ ਦਾ ਸਭ ਤੋਂ ਵੱਡਾ ਮਨੋਰਥ। **ਦਿੜਾਸੀ**-ਦ੍ਰਿੜ੍ਹ ਕਰਨਾ। **ਬਿਨ ਬਿਸਵਾਸ**-ਵਿਸ਼ਵਾਸ ਨਾ ਹੋਣਾ। **ਬਾਂਝ**-ਉਹ ਇਸਤਰੀ ਜੋ ਸੰਤਾਨ ਜਨਨ ਲਈ ਸਮਰੱਥ ਨਾ ਹੋਵੇ। **ਸੁਤਿ**-ਪੁੱਤਰ। **ਹਰਿ ਕਾਰਨਿ**-ਹਰਿ ਦੀ ਭਗਤੀ ਕਾਰਨ। **ਰਾਸੀ**-ਰਸਿਕ ਜਾਣਾ, ਪ੍ਰੇਮ ਵਿੱਚ ਲੀਨ ਹੋਣਾ, ਰਸ ਜਾਣਾ॥ ੨॥ **ਆਸੀ**-ਆਉਣਾ, ਉਤਪੰਨ ਹੋਣਾ। **ਵਿਸ਼ੈ**-ਇੰਦਰੀਆਂ ਦੇ ਭੋਗਾਂ ਦਾ ਸੁਆਦ। **ਦੁਖਾਸੀ**-ਦਿਖਾਉਣ॥ ੩॥

**ਪਦ ਅਰਥ** : ਹੇ ਸੰਤੋ! ਕਲਿਯੁੱਗ ਵਿੱਚ ਪੱਖਪਾਤੀ ਭਗਤੀ ਹੋ ਰਹੀ ਹੈ। ਜੀਵ ਆਪਣੇ ਕੁਲ ਤੇ ਸੰਪ੍ਰਦਾਇ ਨਾਲ ਸੰਬੰਧਿਤ ਭਗਤੀ ਹੀ ਕਰ ਰਹੇ ਹਨ। ਕੋਈ ਵਿਰਲਾ ਹੀ ਜੀਵ ਨਿਰਪੱਖ ਹੋ ਕੇ ਪਰਮਾਤਮਾ ਦੀ ਸੱਚੀ ਭਗਤੀ ਕਰਦਾ ਹੈ। ਜਦੋਂ ਜੀਵ ਨੂੰ ਕੁਲ-ਪੱਖੀ ਭਗਤੀ ਕਰਨ ਵਾਲਾ ਕੋਈ ਸੱਜਣ ਮਿਲਦਾ ਹੈ ਤਾਂ ਖੁਸ਼ੀ ਵਿੱਚ ਉਸਦਾ ਮਨ ਖਿੜ ਉੱਠਦਾ ਹੈ। ਪਰ ਇਸ ਤੋਂ ਉਲਟ ਜਦੋਂ ਉਸ ਨੂੰ ਦੂਸਰੇ ਕੁਲ ਦੀ ਭਗਤੀ ਕਰਨ ਵਾਲਾ ਕੋਈ ਸੱਜਣ ਮਿਲਦਾ ਹੈ ਤਾਂ ਉਹ ਈਰਖਾ ਵੱਸ ਮੁਰਝਾ ਜਾਂਦਾ ਹੈ। ਜੀਵ ਆਪਣੇ ਅਨੁਕੂਲ ਭਗਤੀ ਦੇਖ ਕੇ ਖੁਸ਼ ਹੁੰਦਾ ਹੈ ਪਰ ਪ੍ਰਤੀਕੂਲ ਭਗਤੀ ਦੇਖ ਕੇ ਦੁਖੀ ਹੁੰਦਾ ਹੈ॥

2. ਜੋ ਜੀਵ ਆਪਣੀ ਸਵਾਰਥ ਭਾਵਨਾ ਨਾਲ ਪ੍ਰਭੂ ਦੀ ਭਗਤੀ ਕਰਦਾ ਹੈ ਉਹ ਦੁੱਖਾਂ ਦੇ ਮਹਾਂਸਾਗਰ ਵਿੱਚ ਸੜਦਾ ਹੈ। ਉਹ ਪਰਮਾਰਥ ਦੇ ਮਹੱਤਵ ਨੂੰ ਨਹੀਂ ਸਮਝਦਾ ਭਾਵ ਜੀਵਨ ਦੇ ਸਭ ਤੋਂ ਵੱਡੇ ਮਨੋਰਥ ਨੂੰ ਨਹੀਂ ਸਮਝਦਾ ਤੇ ਨਾ ਹੀ ਉਸ 'ਤੇ ਦ੍ਰਿੜ੍ਹ ਹੋ ਕੇ ਰਹਿੰਦਾ ਹੈ। ਜਿਸ ਤਰ੍ਹਾਂ ਬਾਂਝ ਇਸਤਰੀ ਨੂੰ ਸੰਤਾਨ ਸੁੱਖ ਦਾ ਵਿਸ਼ਵਾਸ ਨਹੀਂ ਹੁੰਦਾ, ਉਸੇ ਤਰ੍ਹਾਂ ਕੁਲ-ਪੱਖੀ ਭਗਤੀ ਕਰਨ ਵਾਲੇ ਜੀਵ ਨੂੰ ਵੀ ਪ੍ਰਭੂ ਦੀ ਸੱਚੀ ਤੇ ਨਿਰਪੱਖ ਭਗਤੀ ਉੱਤੇ ਕਦੇ ਵਿਸ਼ਵਾਸ ਨਹੀਂ ਹੁੰਦਾ। ਹੇ ਜੀਵ! ਤੂੰ ਪ੍ਰਭੂ ਨੂੰ ਪਾਉਣ ਲਈ ਉਸ ਦੀ ਨਿਰਪੱਖ ਭਗਤੀ 'ਚ ਕਿਉਂ ਨਹੀਂ ਰਚਦਾ?॥

3. ਕੁਲ-ਪੱਖੀ ਭਗਤੀ ਕਰਨ ਵਾਲੇ ਜੀਵ ਦੇ ਹਿਰਦੇ ਅੰਦਰ ਪ੍ਰਭੂ ਦੀ ਸੱਚੀ ਪ੍ਰੇਮਾ-ਭਗਤੀ ਦਾ ਵਿਚਾਰ ਕਦੇ ਉਤਪੰਨ ਹੀ ਨਹੀਂ ਹੁੰਦਾ। ਉਹ ਇੰਦਰੀਆਂ ਦੇ

ਭੋਗਾਂ ਵਿੱਚ ਲਿਪਤ ਹੋਇਆ ਸਥੂਲ ਸੁੱਖ ਪ੍ਰਾਪਤ ਕਰਕੇ ਆਪਣੇ ਆਪ ਨੂੰ ਸੁਖੀ ਸਮਝਦਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਜਦੋਂ ਜੀਵ ਨੂੰ ਪੂਰਨ ਗੁਰੂ ਮਿਲਦੇ ਹਨ ਤਾਂ ਉਹ ਜੀਵ ਦੇ ਕੁਲ-ਪੱਖੀ ਭਗਤੀ ਦੇ ਸਵਾਂਗ-ਰੂਪੀ ਪਰਦੇ ਨੂੰ ਲਾਹ ਦਿੰਦੇ ਹਨ। ਫਿਰ ਜੀਵ ਪ੍ਰਭੂ ਦੀ ਸੱਚੀ ਭਗਤੀ ਵਿੱਚ ਲੱਗ ਜਾਂਦਾ ਹੈ॥

**ਭਾਵ ਅਰਥ** : ਪੱਖਪਾਤੀ ਭਗਤੀ ਕਰਨ ਨਾਲ ਜੀਵ ਦੁੱਖ ਭੋਗਦਾ ਹੈ। ਪੂਰਨ ਸਤਿਗੁਰੂ ਦੇ ਦੱਸੇ ਮਾਰਗ 'ਤੇ ਚੱਲ ਕੇ ਜੀਵ ਪਰਮਾਤਮਾ ਦੀ ਸੱਚੀ ਭਗਤੀ ਕਰਦਾ ਹੋਇਆ ਸਦੀਵੀ ਆਤਮਿਕ ਆਨੰਦ ਮਾਣਦਾ ਹੈ।

## ਰਾਗੁ ਬਿਲਾਵਲੁ -55

***ਪਾਂਡੇ ! ਹਰਿ ਵਿਚ ਅੰਤਰ ਡਾਢਾ।***
***ਮੁੰਡ ਮੁੰਡਾਵੈ ਸੇਵਾ ਪੂਜਾ, ਭ੍ਰਮ ਕਾ ਬੰਧਨ ਗਾਢਾ॥ ਟੇਕ॥***
***ਮਾਲਾ ਤਿਲਕ ਮਨੋਹਰ ਬਾਨੌਂ, ਲਾਗੋ ਜਮ ਕੀ ਪਾਸੀ।***
***ਜੋ ਹਰਿ ਸੇਤੀ ਜੋੜਓ ਚਾਹੋ, ਤੋ ਜਗ ਸੌਂ ਰਹੋ ਉਦਾਸੀ॥ ੧॥***
***ਭੁਖ ਨਾ ਭਾਜੈ ਤ੍ਰਿਸਨਾ ਨ ਜਾਈ, ਕਹੋ ਕੌਣ ਕਵਨ ਗੁਣ ਹੋਈ।***
***ਜੋ ਦਧਿ ਮੇਂ ਕਾਂਜੀ ਕੋ ਜਾਂਵਣ, ਤੋ ਘ੍ਰਿਤ ਨ ਕਾਢੈ ਕੋਈ॥ ੨॥***
***ਕਰਨੀ ਕਥਨੀ ਗਿਆਨ ਅਚਾਰਾ, ਭਗਤਿ ਇਨਹੂੰ ਸੋ ਨਿਆਰੀ।***
***ਦੋਇ ਘੋੜਾ ਚਢਿ ਕੋਉ ਨ ਪਹੁੰਚੌ, ਸਤਿਗੁਰੂ ਕਹੈ ਪੁਕਾਰੀ॥ ੩॥***
***ਜੋ ਦਾਸਾ ਤਣ ਕੀਓ ਚਾਹੋਂ, ਆਸ ਭਗਤਿ ਕੀ ਹੋਈ।***
***ਤੋ ਨਿਰਮਲ ਸਾਂਗ ਮਗਨ ਹਵੈ ਨਾਚੋ, ਲਾਜ ਸਰਮ ਸਬ ਖੋਈ॥ ੪॥***
***ਕੋਈ ਦਾਧੌਂ ਕੋਈ ਸੀਧੌਂ, ਸਾਂਚੌਂ ਕੂੜ ਨਿਤਿ ਮਾਰਿਆ।***
***ਕਹੈ ਰਵਿਦਾਸ ਹੌਂ ਨ ਕਹਤ ਹੌਂ, ਯੋਕਾਦਸਹ ਪੁਕਾਰਿਆ॥ ੫॥***

**ਸ਼ਬਦ ਅਰਥ** : **ਅੰਤਰ**-ਭੇਦ, ਫ਼ਰਕ। **ਮੁੰਡ ਮੁੰਡਾਵੈ**-ਮੂੰਹ ਸਿਰ ਮੁੰਨਣਾ। **ਗਾਢਾ**-ਬਹੁਤ। **ਬਾਨੌਂ**-ਪਹਿਰਾਵਾ, ਬਸਤਰ। **ਪਾਸੀ**-ਫ਼ਾਹੀ। **ਸੇਤੀ**-ਨਾਲ। **ਉਦਾਸੀ**-ਉਪਰਾਮ॥ ੧॥
**ਭਾਜੈ**-ਭੱਜਣਾ, ਖ਼ਤਮ ਹੋਣਾ। **ਕਵਨ**-ਕਿਹੜਾ, ਕੀ। **ਗੁਣ**-ਲਾਭ। **ਦਧਿ**-ਦੁੱਧ। **ਕਾਂਜੀ**-ਫ਼ਟੇ ਹੋਏ ਦੁੱਧ ਦਾ ਪਾਣੀ। **ਜਾਂਵਣ**-ਜਾਗ ਲਾਉਣਾ। **ਘ੍ਰਿਤ**-ਘਿਓ॥ ੨॥
**ਅਚਾਰਾ**-ਵਿਵਹਾਰ। **ਨਿਆਰੀ**-ਵੱਖਰੀ, ਅਨੋਖੀ। **ਦੋਇ**-ਦੋ। **ਪੁਕਾਰੀ**-ਪੁਕਾਰਣਾ, ਉਪਦੇਸ਼ ਦੇਣਾ॥ ੩॥ **ਦਾਸਾ**-ਦਾਸ ਭਾਵ। **ਤਣ**-ਸਰੀਰ, ਤਨੋ ਮਨੋ। **ਕੀਓ ਚਾਹੋਂ**-ਕਰਨਾ ਚਾਹੁੰਦੇ ਨੇ, ਧਾਰਨਾ ਚਾਹੁੰਦੇ ਨੇ। **ਆਸ**-ਚਾਹਤ। **ਨਿਰਮਲ**-ਸਵੱਛ, ਸ਼ੁੱਧ, ਨਿਰਲੇਪ। **ਸਾਂਗ**-ਰੂਪ॥ ੪॥ **ਦਾਧੌਂ**-ਵਿੰਗਾ ਟੇਢਾ ਹੋਣਾ, ਸੜੇ ਹੋਣਾ, ਦੁੱਖੀ ਹੋਣਾ। **ਸੀਧੌਂ**-ਸਿੱਧਾ ਹੋਣਾ, ਮਿੱਤਰ ਵਾਂਗ ਵਰਤਣਾ, ਸੁੱਖ ਦੇਣਾ। **ਸਾਂਚੌਂ**-ਸੱਚ। **ਕੂੜ**-ਝੂਠ। **ਨਿਤਿ**-ਹਮੇਸ਼ਾ, ਸਦਾ। **ਹੌਂ ਨ ਕਹਤ**- ਮੈਂ ਹੀ ਨਹੀਂ ਕਹਿੰਦਾ। **ਯੋਕਾਦਸਹ**-ਗ਼ਿਆਰਾਂ: ਕਿਹਾ ਜਾਂਦਾ ਹੈ ਕਿ ਬਨਾਰਸ ਵਿੱਚ ਬਾਰਾਂ ਸੰਤਾਂ ਦੀ ਇਕ ਮੰਡਲੀ ਸੀ ਇਹ ਸੰਤ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਤੋਂ ਇਲਾਵਾ ਬਾਕੀ ਗ਼ਿਆਰਾਂ ਇਹ ਸਨ:-ਕਬੀਰ, ਸੈਣ, ਨਰਹਰਿ, ਪੀਪਾ, ਅਨੰਤਾ ਨੰਦ, ਪਦਮਾਂਵਤੀ, ਭਾਵਾ ਨੰਦ, ਧੰਨਾ, ਸੁਖਾ

ਨੰਦ, ਸੁਰਸਰਾ ਨੰਦ ਤੇ ਸੁਰਸਰੀ। **ਪੁਕਾਰਿਆ**–ਕਿਹਾ ਹੈ, ਵਿਚਾਰ ਪ੍ਰਗਟ ਕੀਤੇ॥ ੫॥

**ਪਦ ਅਰਥ** : ਹੇ ਪੰਡਿਤ! ਜਿਸ ਇਸਟ ਨੂੰ ਤੂੰ ਪ੍ਰਭੂ ਸਮਝ ਕੇ ਉਸਦੀ ਭਗਤੀ ਕਰਦਾ ਹੈਂ ਉਸ ਇਸਟ ਵਿੱਚ ਤੇ ਸਰਬ–ਵਿਆਪਕ ਪ੍ਰਭੂ ਵਿੱਚ ਬਹੁਤ ਅੰਤਰ ਹੈ। (ਇਹੋ ਕਾਰਨ ਹੈ ਕਿ ਤੂੰ ਪ੍ਰਭੂ ਦੀ ਸੱਚੀ ਭਗਤੀ ਤੋਂ ਬਹੁਤ ਦੂਰ ਹੈਂ।) ਤੂੰ ਸਿਰ ਮੁੰਨਵਾ ਕੇ ਮੂਰਤੀਆਂ ਦੀ ਸੇਵਾ–ਪੂਜਾ ਕਰਨ ਨੂੰ ਹੀ ਭਗਤੀ ਸਮਝਦਾ ਹੈਂ ਪਰ ਇਹ ਤਾਂ ਨਿਰਾ ਭਰਮ ਹੈ। ਇਸ ਤਰ੍ਹਾਂ ਦੀ ਭਗਤੀ ਨਾਲ ਤੂੰ ਭਰਮਾਂ ਦੇ ਬੰਧਨਾਂ ਵਿੱਚ ਬੁਰੀ ਤਰ੍ਹਾਂ ਜਕੜਿਆ ਗਿਆ ਹੈਂ ਤੇ (ਪਰਮਾਤਮਾ ਤੋਂ ਦੂਰ ਹੋ ਗਿਆ ਹੈਂ।)॥ ਟੇਕ॥

ਹੇ ਪੰਡਿਤ! ਗਲ ਵਿੱਚ ਮਾਲਾ ਪਾਉਣਾ, ਮੱਥੇ 'ਤੇ ਤਿਲਕ ਲਗਾਉਣਾ ਤੇ ਸੁੰਦਰ ਧਾਰਮਿਕ ਪਹਿਰਾਵਾ ਪਾਉਣਾ ਤਾਂ ਭਗਤੀ ਦਾ ਦਿਖਾਵਾ ਕਰਨਾ ਹੈ। ਅਜਿਹੇ ਆਡੰਬਰਾਂ ਨਾਲ ਤਾਂ ਆਤਮਿਕ ਮੌਤ ਲਿਆਉਣ ਵਾਲੇ ਜਮਦੂਤਾਂ ਦੀ ਫ਼ਾਹੀ ਲੱਗਦੀ ਹੈ। ਜੇਕਰ ਤੂੰ ਪ੍ਰਭੂ ਨਾਲ ਸੱਚ–ਮੁੱਚ ਜੁੜਨਾ ਚਾਹੁੰਦਾ ਹੈਂ ਤਾਂ ਸੰਸਾਰ ਵਿੱਚ ਰਹਿੰਦੇ ਹੋਏ ਤੈਨੂੰ ਵਿਰਕਤ–ਭਾਵ ਅਪਣਾਉਣਾ ਪਵੇਗਾ ਤੇ ਕਰਮਕਾਂਡੀ ਭਗਤੀ ਨੂੰ ਛੱਡਣਾ ਪਵੇਗਾ॥

2. ਹੇ ਪੰਡਿਤ! ਇਨ੍ਹਾਂ ਕਰਮਕਾਂਡਾਂ ਨਾਲ ਨਾ ਤਾਂ ਤੇਰੀ (ਮਾਇਕ–ਪਦਾਰਥਾਂ ਦੀ) ਭੁੱਖ ਮਿਟੀ ਹੈ ਤੇ ਨਾ ਹੀ ਤੇਰੀ (ਵਿਸ਼ੇ–ਵਿਕਾਰਾਂ ਦੀ) ਤ੍ਰਿਸ਼ਨਾ ਖ਼ਤਮ ਹੋਈ ਹੈ। ਫਿਰ ਦੱਸ ਤੈਨੂੰ ਇਸ ਦਿਖਾਵੇ ਦੀ ਭਗਤੀ ਕਰਨ ਦਾ ਕੀ ਲਾਭ ਹੋਇਆ? ਜੇਕਰ ਦੁੱਧ ਵਿੱਚ ਜਾਗ ਲਾਉਣ ਦੀ ਥਾਂ ਕਾਂਜੀ ਪਾ ਦਈਏ ਤਾਂ ਦਹੀਂ ਕਿਵੇਂ ਜੰਮੇਗਾ? ਫਿਰ ਉਸ ਵਿੱਚੋਂ ਘਿਉ ਕਿਵੇਂ ਪ੍ਰਾਪਤ ਹੋਵੇਗਾ? (ਇਹ ਤੇਰੀ ਕਰਮ–ਕਾਂਡੀ ਭਗਤੀ ਵੀ ਕਾਂਜੀ ਵਾਂਗ ਹੈ ਜਿਸ ਵਿੱਚੋਂ ਪਰਮ–ਤੱਤ ਪਰਮਾਤਮਾ (ਭਾਵ ਜਗਤ ਦੇ ਮੂਲ–ਪ੍ਰਭੂ) ਦੀ ਪ੍ਰਾਪਤੀ ਕਦੇ ਵੀ ਨਹੀਂ ਹੋਣੀ ਹੈ।)॥

3. ਹੇ ਪੰਡਿਤ! ਤੇਰੀ ਤਾਂ ਕਰਨੀ–ਕਥਨੀ, ਗਿਆਨ–ਧਿਆਨ ਤੇ ਆਚਾਰ–ਵਿਹਾਰ ਵੀ ਭਗਤੀ ਦੇ ਅਨੁਕੂਲ ਨਹੀਂ ਹਨ। ਪ੍ਰਭੂ ਦੀ ਸੱਚੀ ਭਗਤੀ ਤਾਂ ਇਨ੍ਹਾਂ ਕਰਮਕਾਂਡਾਂ ਤੋਂ ਵੱਖਰੀ ਤੇ ਅਨੋਖੀ ਹੈ, (ਉਸ ਦੀ ਤਾਂ ਇਕ ਵੱਖਰੀ ਹੀ ਅਨੂਪਮ ਪ੍ਰਕਿਰਤੀ ਹੁੰਦੀ ਹੈ।) ਸਤਿਗੁਰੂ ਮਹਾਰਾਜ ਜੀ ਸਮਝਾਂਦੇ ਹਨ ਕਿ ਜਿਸ ਤਰ੍ਹਾਂ ਕੋਈ ਮੁਸਾਫ਼ਿਰ ਇੱਕੋ ਸਮੇਂ ਦੋ ਘੋੜਿਆਂ 'ਤੇ ਚੜ੍ਹ ਕੇ ਮੰਜ਼ਿਲ ਤੱਕ ਨਹੀਂ ਪਹੁੰਚ ਸਕਦਾ, ਉਸੇ ਤਰ੍ਹਾਂ ਪ੍ਰਭੂ ਦੀ ਪ੍ਰੇਮਾ–ਭਗਤੀ ਤੇ ਕਰਮਕਾਂਡੀ–ਭਗਤੀ ਵੀ ਦੋ ਘੋੜਿਆਂ ਦੀ ਸਵਾਰੀ ਵਾਂਗ ਹੈ ਜੋ ਕਿ ਨਾਲ–ਨਾਲ ਨਹੀਂ ਚੱਲ ਸਕਦੀ ਤੇ ਨਾ ਹੀ ਜੀਵ ਨੂੰ ਪਰਮਾਤਮਾ–ਰੂਪੀ ਮਜ਼ਿਲ ਤੱਕ ਪਹੁੰਚਾ ਸਕਦੀ ਹੈ॥

4. ਹੇ ਪੰਡਿਤ! ਜੋ ਜੀਵ ਆਪਣੇ ਅੰਦਰ ਦਾਸ ਭਾਵਨਾ ਨੂੰ ਤਨੋਂ–ਮਨੋਂ ਧਾਰਦਾ ਹੈ ਉਸ ਅੰਦਰ ਹੀ ਪ੍ਰਭੂ–ਭਗਤੀ ਦੀ ਚਾਹਤ ਉਤਪੰਨ ਹੁੰਦੀ ਹੈ। ਉਹ ਨਿਸ਼ਕਾਮ ਤੇ ਨਿਰਸਵਾਰਥ ਹੋ ਕੇ ਪ੍ਰਭੂ ਦੀ ਭਗਤੀ ਕਰਦਾ ਹੈ। ਉਹ ਲੋਕ–ਲਾਜ ਤੇ ਸੰਗ–ਸ਼ਰਮ ਨੂੰ ਲਾਹ ਕੇ ਪ੍ਰਭੂ ਦੇ ਨਿਰਮਲ ਸਰੂਪ 'ਚ ਮਸਤ ਹੋਇਆ ਨੱਚ ਉੱਠਦਾ ਹੈ॥

5. ਕੋਈ ਚਾਹੇ ਦੁੱਖ ਦੇਵੇ ਜਾਂ ਸੁੱਖ ਦੇਵੇ ਪਰ ਪਰਮਾਤਮਾ ਦੇ ਸੱਚੇ ਭਗਤ ਦੁੱਖ–

ਸੁੱਖ ਦੇ ਭਾਵ ਤੋਂ ਉੱਪਰ ਉੱਠ ਗਏ ਹੁੰਦੇ ਹਨ। ਅਸਲੀਅਤ ਤਾਂ ਇਹ ਹੈ ਕਿ ਸੱਚ ਹੀ ਹਮੇਸ਼ਾ ਝੂਠ ਦਾ ਨਾਸ਼ ਕਰਦਾ ਹੈ ਭਾਵ ਸੱਚੀ ਪ੍ਰੇਮਾ-ਭਗਤੀ ਹੀ ਕਰਮ-ਕਾਂਡੀ ਭਗਤੀ ਦੇ ਕੂੜ ਪਸਾਰੇ ਦਾ ਨਾਸ਼ ਕਰਦੀ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਕੇਵਲ ਮੈਂ ਹੀ ਨਹੀਂ, ਬਾਕੀ ਸੰਤ-ਜਨਾਂ ਨੇ ਵੀ ਇਹੋ ਜਿਹੇ ਵਿਚਾਰ ਪ੍ਰਗਟ ਕੀਤੇ ਹਨ॥

**ਭਾਵ ਅਰਥ** : ਪ੍ਰਭੂ ਦੀ ਸੱਚੀ ਭਗਤੀ ਬਾਹਰਮੁਖੀ ਕਰਮਕਾਡਾਂ ਤੇ ਆਡੰਬਰਾਂ ਨਾਲ ਨਹੀਂ ਬਲਕਿ ਮਨ ਨੂੰ ਵਿਕਾਰਾਂ ਤੋਂ ਸ਼ੁੱਧ ਕਰਕੇ ਪ੍ਰਭੂ ਦੇ ਨਾਮ-ਸਿਮਰਨ ਕਰਨ ਨਾਲ ਹੁੰਦੀ ਹੈ।

## ਰਾਗੁ ਬਿਲਾਵਲੁ -56

***ਮਨ ਮੇਰੋ ਥਿਰੁ ਨ ਰਹਾਈ।***
***ਕੋਟਿ ਕੌਤਿਕ ਕਰਿ ਦਿਖਰਾਵੈ, ਇਤ ਉਤ ਜਗ ਮਹਿੰ ਧਾਈ॥ ਟੇਕ॥***
***ਮਾਇਆ ਮਮਿਤਾ ਮੋਹ ਲਪਟਾਨੋ, ਦਿਨ ਦਿਨ ਉਰਝਤ ਜਾਈ।***
***ਸੁਆਨ ਪੂਛ ਕਬੁ ਹੋਇ ਨ ਸੂਧੋ, ਕੀਜਹੁ ਲਾਖ ਉਪਾਈ॥ ੧॥***
***ਗੁਰੂ ਕੋ ਗਿਆਨ ਪ੍ਰੇਮ ਕੀ ਸਾਂਟੀ, ਕੁਬੁਧ ਕੁਕਰਮ ਛੁੜਾਈ।***
***ਕਹਿ ਰਵਿਦਾਸ ਮਨ ਥਿਰੁ ਹੈਸੀ, ਚਲਿ ਸਬ ਛਾੜਿ ਗੁਰ ਸਰਣਾਈ॥ ੨॥***

**ਸ਼ਬਦ ਅਰਥ** : **ਥਿਰੁ**-ਸਥਿਰ, ਟਿਕਾਉ। **ਕੋਟਿ**-ਕਰੋੜ, ਕਈ ਤਰ੍ਹਾਂ ਦੇ। **ਕੌਤਿਕ**-ਤਮਾਸ਼ਾ। **ਇਤ ਉਤ**-ਇੱਧਰ ਉੱਧਰ। **ਧਾਈ**-ਥਾਂ। **ਮੋਹ**-ਵਸਤ ਪਦਾਰਥਾਂ ਵਿੱਚ ਸਨੇਹ। **ਲਪਟਾਨੋ**-ਲਿਪਤ ਹੋ ਕੇ, ਚੁੰਬੜੇ ਰਹਿਣਾ। **ਉਰਝਤ**-ਉਲਝਣਾ। **ਸੁਆਨ**-ਕੁੱਤਾ। **ਸੂਧੋ**-ਸਿੱਧੀ ਕਰਨਾ॥ ੧॥ **ਪ੍ਰੇਮ ਕੀ ਸਾਂਟੀ**-ਪ੍ਰੇਮ ਰੂਪੀ ਸੋਟੀ। **ਕੁਬੁਧ**-ਭੈੜੀ ਮੱਤ। **ਕੁਕਰਮ**-ਮਾੜੇ ਕਰਮ॥ ੨॥

**ਪਦ ਅਰਥ** : ਹੇ ਭਾਈ! (ਤ੍ਰਿਗੁਣੀ ਮਾਇਆ ਵਿੱਚ ਗ੍ਰੱਸਿਆ ਹੋਇਆ) ਮੇਰਾ ਮਨ (ਰਤਾ ਭਰ ਸਮੇਂ ਲਈ ਵੀ) ਇਕ ਥਾਂ 'ਤੇ ਟਿਕ ਕੇ ਨਹੀਂ ਬਹਿੰਦਾ। ਉਹ ਆਪਣੇ (ਸੰਕਲਪਾਂ-ਵਿਕਲਪਾਂ ਦੀ ਪੂਰਤੀ ਲਈ) ਦੁਨੀਆਂ ਦੇ ਸਾਰੇ ਥਾਂਵਾਂ 'ਤੇ ਇੱਧਰ-ਉੱਧਰ ਭਟਕਦਾ ਹੋਇਆ ਕਈ ਤਰ੍ਹਾਂ ਦੀਆਂ ਚਲਾਕੀਆਂ ਤੇ ਤਮਾਸ਼ੇ ਦਿਖਾਉਂਦਾ ਰਹਿੰਦਾ ਹੈ॥ ਟੇਕ॥

ਮਾਇਆ-ਵੇੜ੍ਹਾ ਇਹ ਮਨ ਧਨ-ਦੌਲਤ, ਮੈਂ-ਮੇਰੀ ਦੇ ਹੰਕਾਰ ਤੇ ਦੁਨੀਆਂ ਦੇ ਵਸਤ-ਪਦਾਰਥਾਂ ਦੇ ਮੋਹ ਨਾਲ ਹੀ ਹਮੇਸ਼ਾ ਚੁੰਬੜਿਆ ਰਹਿੰਦਾ ਹੈ ਤੇ ਦਿਨ-ਪ੍ਰਤੀਦਿਨ ਇਨ੍ਹਾਂ ਵਿਕਾਰਾਂ ਵਿੱਚ ਹੀ ਉਲਝਿਆ ਰਹਿੰਦਾ ਹੈ। ਜਿਸ ਤਰ੍ਹਾਂ ਕੁੱਤੇ ਦੀ ਟੇਢੀ ਪੂਛ ਲੱਖਾਂ ਉਪਾਏ ਕਰਨ ਦੇ ਬਾਵਜੂਦ ਵੀ ਸਿੱਧੀ ਨਹੀਂ ਹੁੰਦੀ, ਉਸੇ ਤਰ੍ਹਾਂ ਇਸ ਮਨ ਦਾ ਟੇਢਾਪਣ ਵੀ ਕਈ ਉਪਰਾਲੇ ਕਰਨ ਦੇ ਬਾਵਜੂਦ ਦੂਰ ਨਹੀਂ ਹੁੰਦਾ, ਇਹ ਕਪਟੀ ਮਨ ਹਮੇਸ਼ਾ ਉਲਟੇ ਪਾਸੇ ਹੀ ਪਿਆ ਰਹਿੰਦਾ ਹੈ॥

2. ਹੇ ਭਾਈ! ਸਤਿਗੁਰੂ ਦਾ ਆਤਮਿਕ-ਗਿਆਨ ਹੀ ਪ੍ਰੇਮ ਦੀ ਅਜਿਹੀ ਸੋਟੀ ਹੈ ਜੋ ਜੀਵ ਨੂੰ ਭੈੜੀ ਮੱਤ ਤੇ ਮਾੜੇ ਕਰਮਾਂ ਤੋਂ ਛੁਡਵਾਉਂਦੀ ਹੈ। ਸਤਿਗੁਰੂ

ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਹੇ ਜੀਵ! ਤੂੰ ਸੰਸਾਰ ਦੇ ਸਾਰੇ ਝਮੇਲੇ ਛੱਡ ਕੇ ਸੱਚੇ ਸਤਿਗੁਰੂ ਦੀ ਸ਼ਰਨ ਵਿੱਚ ਚਲਾ ਜਾ। ਉੱਥੇ ਪਹੁੰਚ ਕੇ ਤੇਰੇ ਮਨ ਦੇ ਸਾਰੇ ਉਪੱਦਰ ਦੂਰ ਹੋ ਜਾਣਗੇ ਤੇ ਇਹ ਚੰਚਲਤਾ ਨੂੰ ਤਜ ਕੇ ਪੂਰੀ ਤਰ੍ਹਾਂ ਸ਼ਾਂਤ ਤੇ ਸਥਿਰ ਹੋ ਜਾਵੇਗਾ॥

**ਭਾਵ ਅਰਥ** : ਜੀਵ ਦਾ ਮਨ ਬਹੁਤ ਚੰਚਲ ਹੈ। ਸਤਿਗੁਰੂ ਦੇ ਬਖ਼ਸ਼ੇ ਹੋਏ 'ਸ਼ਬਦ' ਦੇ ਸਿਮਰਨ ਰਾਹੀਂ ਹੀ ਇਹ ਸਥਿਰ ਤੇ ਸ਼ਾਂਤ ਹੋ ਸਕਦਾ ਹੈ।

## ਰਾਗੁ ਬਿਲਾਵਲੁ -57

***ਹਮ ਘਰ ਆਇਓ ਰਾਮ ਭਤਾਰ, ਗਾਵਹੁ ਸਖੀ ਮਿਲ ਮੰਗਲਾਚਾਰ।***
***ਤਨ ਮਨ ਰਤ ਕਰਹਿੰ ਆਪੁਨੋ, ਤੌ ਕਹੁੰ ਪਾਇਹਿੰ ਪਿਵ ਪਿਆਰ॥ ੧॥***
***ਪ੍ਰੀਤਮ ਕੋ ਜੋ ਦਰਸਨ ਪਾਇ, ਮਨ ਮੰਦਿਰ ਮਹਿੰ ਭਇਓ ਉਜਿਆਰ।***
***ਹੌ ਮੜਇ ਤੈ ਨੌ ਨਿਧਿ ਪਾਈ, ਕ੍ਰਿਪਾ ਕੀਨਹੀਂ ਰਾਮ ਕਰਤਾਰ॥ ੨॥***
***ਬਹੁਤ ਜਨਮ ਬਿਛੁਰੇ ਪਿਵ ਪਾਇਓ, ਜਨਮ ਜਨਮ ਤੈਂ ਬਿਲਇ ਰਾਰ।***
***ਕਹਿ ਰਵਿਦਾਸ ਹੌ ਕਛੁ ਨਹਿੰ ਜਾਨੌ, ਚਰਨ ਕੰਵਲ ਮਹਿੰ ਤੁਵ ਮੁਰਾਰ॥ ੩॥***

**ਸ਼ਬਦ ਅਰਥ** : **ਭਤਾਰ**–ਪਤੀ, ਸੁਆਮੀ। **ਸਖੀ**–ਸਖੀਉ। **ਮੰਗਲਾਚਾਰ**–ਸ਼ਗਨਾਂ ਦੇ ਗੀਤ, ਆਨੰਦ–ਦਾਇਕ ਗੀਤ। **ਰਤ**–ਲੀਨ। **ਪਿਵ**–ਪ੍ਰੀਤਮ॥ ੧॥
**ਭਇਓ**–ਹੋ ਜਾਣਾ। **ਉਜਿਆਰ**–ਪ੍ਰਕਾਸ਼। **ਹੌ**–ਮੈਂ, ਜੀਵਾਤਮਾ। **ਮੜਇ**–ਮੜ੍ਹਿ, ਕੋਠੜੀ, ਕੁਟੀਆ। **ਨੌ ਨਿਧਿ**–ਨੌਂ ਨਿਧੀਆਂ (ਨੋਟ: ਦੇਖੋ ਸ਼ਬਦ ਅਰਥ, ਸ਼ਬਦ ਨੰ: 24 ਦੇ)॥ ੨॥
**ਬਿਲਇ**–ਨਸ਼ਟ ਕਰਨਾ, ਖ਼ਤਮ ਕਰਨਾ। **ਰਾਰ**–ਝਗੜਾ, ਝਮੇਲਾ। **ਮੁਰਾਰ**–ਪ੍ਰਭੂ ਨੂੰ ਸੰਬੋਧਿਤ ਇਕ ਨਾਮ, ਅਗਿਆਨ ਵਿਨਾਸ਼ਕ ਪ੍ਰਭੂ॥ ੩॥

**ਪਦ ਅਰਥ** : ਜਦੋਂ ਸਤਿਗੁਰੂ ਦੀ ਬਖ਼ਸ਼ਿਸ਼ ਨਾਲ ਜੀਵ ਨੂੰ ਪ੍ਰਭੂ ਦਾ ਆਤਮਿਕ–ਗਿਆਨ ਹੋ ਜਾਂਦਾ ਹੈ ਤਾਂ ਉਹ ਕਹਿ ਉੱਠਦਾ ਹੈ ਕਿ ਮੇਰੇ ਹਿਰਦੇ–ਘਰ ਵਿੱਚ ਸੁਆਮੀ–ਪ੍ਰਭੂ ਜੀ ਆ ਪ੍ਰਗਟੇ ਹਨ। ਹੇ ਮੇਰੀ ਗਿਆਨ ਇੰਦ੍ਰੀਆਂ–ਰੂਪੀ ਸਖੀਓ! ਤੁਸੀਂ ਇਕੱਠੀਆਂ ਹੋ ਕੇ ਹੁਣ ਸ਼ਗਨਾਂ ਦੇ ਅਜਿਹੇ ਗੀਤ ਗਾਵੋ ਜਿਹੜੇ ਮਨ ਵਿੱਚ ਆਤਮਿਕ ਆਨੰਦ ਦੇ ਹੁਲਾਰੇ ਪੈਦਾ ਕਰ ਦੇਣ। ਹੇ ਮੇਰੀ ਸਖੀਓ! ਮੈਂ ਆਪਾ–ਭਾਵ ਮਿਟਾ ਕੇ ਆਪਣਾ ਤਨ, ਮਨ ਤੇ ਜ਼ਿੰਦ–ਜ਼ਾਨ ਪੂਰੀ ਤਰ੍ਹਾਂ ਪ੍ਰੀਤਮ ਪ੍ਰਭੂ ਦੇ ਪ੍ਰੇਮ ਵਿੱਚ ਰੰਗ ਦਿੱਤੀ ਹੈ। ਫਿਰ ਮੈਂ ਆਪਣੇ ਪ੍ਰੀਤਮ–ਪ੍ਰਭੂ ਦਾ ਪਿਆਰ ਕਿਉਂ ਨਹੀਂ ਪਾਵਾਂਗੀ? ਭਾਵ ਮੈਂ ਉਸ ਦਾ ਪਿਆਰ ਜ਼ਰੂਰ ਪ੍ਰਾਪਤ ਕਰਾਂਗੀ॥

2. (ਗੁਰੂ ਦੀ ਬਖ਼ਸ਼ਿਸ਼ ਸਦਕਾ ਗੁਰੂ ਦੇ 'ਸ਼ਬਦ' ਰਾਹੀਂ) ਜਦੋਂ ਤੋਂ ਮੈਨੂੰ ਮੇਰੇ ਪ੍ਰੀਤਮ–ਪ੍ਰਭੂ ਦੇ ਦਰਸ਼ਨ ਹੋਏ ਹਨ ਉਦੋਂ ਤੋਂ ਹੀ ਮੇਰੇ ਮਨ–ਮੰਦਰ ਵਿੱਚ ਪ੍ਰਭੂ ਦੀ ਜੋਤਿ ਦਾ ਚਾਨਣਾ ਹੋ ਗਿਆ ਹੈ ਭਾਵ ਆਤਮਿਕ ਜੀਵਨ ਜਿਊਣ ਦੀ ਸੂਝ ਉੱਘੜ ਪਈ ਹੈ। ਮੇਰਾ ਸਰੀਰ ਤਾਂ ਨਿਮਾਣੀ ਕੁਟੀਆ ਵਾਂਗ ਤੁੱਛ ਜਿਹਾ ਸੀ ਪਰ ਜਦੋਂ ਤੋਂ ਪ੍ਰੀਤਮ–ਪ੍ਰਭੂ ਦੀ ਮੇਰੇ 'ਤੇ ਮਿਹਰ ਦੀ ਨਿਗ੍ਹਾ ਹੋਈ ਹੈ, ਉਦੋਂ ਤੋਂ ਇਸ ਸਰੀਰ–ਰੂਪੀ ਕੁਟੀਆ ਵਿੱਚ ਵਸਦੀ ਜੀਵਾਤਮਾ ਨੂੰ, ਮਾਨੋ, ਨੌਂ ਨਿਧੀਆਂ

ਪ੍ਰਾਪਤ ਹੋ ਗਈਆਂ ਹਨ॥
3. ਹੇ ਭਾਈ! ਕਈ ਜਨਮਾਂ ਤੋਂ ਵਿੱਛੁੜੀ ਹੋਈ ਮੇਰੀ ਜੀਵਾਤਮਾ ਨੇ ਪ੍ਰੀਤਮ-ਪ੍ਰਭੂ ਨੂੰ ਹੁਣ ਹਾਸਲ ਕਰ ਲਿਆ ਹੈ, ਜਿਸ ਕਰਕੇ ਮੇਰਾ ਵਾਰ-ਵਾਰ ਜਨਮਾਂ 'ਚ ਭਟਕਣ ਦਾ ਝਮੇਲਾ ਸਦਾ ਲਈ ਖ਼ਤਮ ਹੋ ਗਿਆ ਹੈ (ਭਾਵ ਹੁਣ ਪ੍ਰਭੂ ਦੀ ਹਜ਼ੂਰੀ ਪ੍ਰਾਪਤ ਕਰ ਕੇ ਮੈਨੂੰ ਆਵਾਗਵਨ ਦੇ ਚੱਕਰਾਂ ਤੋਂ ਮੁਕਤੀ ਮਿਲ ਗਈ ਹੈ।) ਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਹੇ ਅਗਿਆਨ ਵਿਨਾਸ਼ਕ ਪ੍ਰਭੂ! ਮੈਂ ਨਿਮਾਣਾ ਆਪ ਜੀ ਦੀ ਲੀਲਾ ਬਾਰੇ ਤਾਂ ਕੁਝ ਵੀ ਨਹੀਂ ਜਾਣਦਾ ਪਰ ਇਹ ਜਾਣਦਾ ਹਾਂ ਕਿ ਹੁਣ ਮੈਂ ਆਪ ਜੀ ਦੇ ਚਰਨ-ਕੰਵਲਾਂ ਦੀ ਸ਼ਰਨ ਵਿੱਚ ਆ ਗਿਆ ਹਾਂ (ਭਾਵ ਆਪ ਜੀ ਦੇ ਨਾਮ-ਸਿਮਰਨ ਦਾ ਆਸਰਾ ਲਿਆ ਹੈ)। ਆਪ ਜੀ ਸ਼ਰਨ ਆਏ ਹੋਏ ਇਸ ਸੇਵਕ 'ਤੇ ਆਪਣੀ ਦਇਆ-ਦ੍ਰਿਸ਼ਟੀ ਬਣਾਏ ਰੱਖਣਾ ਜੀ॥

**ਭਾਵ ਅਰਥ** : ਜੀਵ ਪ੍ਰਭੂ ਨੂੰ ਪਾ ਕੇ ਆਨੰਦਮਈ ਅਵਸਥਾ ਪ੍ਰਾਪਤ ਕਰ ਲੈਂਦਾ ਹੈ ਤੇ ਪ੍ਰਭੂ ਵਿੱਚ ਲੀਨ ਹੋਇਆ ਜਨਮ-ਮਰਨ ਤੋਂ ਮੁਕਤੀ ਪਾਉਂਦਾ ਹੈ।

## ਰਾਗੁ ਬਿਲਾਵਲੁ -58

***ਕਾਲਹੁ ਨਾਇ ਤਾਹਿ ਪਦ ਸੀਸ, ਨਹਿੰ ਬਿਸਰਊ ਖਿਨ ਏਕਹੁ ਈਸ॥ ਟੇਕ॥***
***ਜਨਮ ਮਰਨੁ ਅਰੁ ਜਗ ਜਾਲਾ, ਨਾਮ ਪਰਤਾਪ ਨ ਬਿਆਪਹਿੰ ਬਿਆਲਾ।***
***ਅਗਤ ਵਿਗਤ ਅਨਾਦਿ ਅਨੂਪਾ, ਵਿਸਵ ਵਿਆਪਕ ਬ੍ਰਹਮ ਅਰੂਪਾ॥ ੧॥***
***ਘਟ ਘਟ ਤਿਹ ਪੇਖਿਅਤ ਅਇਸੇ, ਜਲ ਮਹਿੰ ਲਹਿਰ, ਲਹਿਰ ਜਲ ਜਇਸੇ।***
***ਕਹਿ ਰਵਿਦਾਸ ਹਰਿ ਸਰਬ ਵਿਆਪਕ, ਸਰਬ ਚਿੰਤਾਮਣਿ ਸਰਬ ਪ੍ਰਤਿਪਾਲਕ॥੨॥***

**ਸ਼ਬਦ ਅਰਥ** : **ਕਾਲਹੁ**-ਕਾਲ। **ਨਾਇ**-ਝੁਕਣਾ, ਅਦਬ ਵਿੱਚ ਨਿਉਣਾ। **ਤਾਹਿ**-ਉਸਦੇ। **ਪਦ**-ਚਰਨ ਕੰਵਲ। **ਸੀਸ**-ਸਿਰ। **ਬਿਸਰਊ**-ਭੁਲਾਉਣਾ। **ਖਿਨ**-ਪਲ, ਛਿਨ। **ਈਸ**-ਈਸ਼ਵਰ, ਪਰਮਾਤਮਾ। **ਜਗ ਜਾਲਾ**-ਸੰਸਾਰ ਦੇ ਜੰਜਾਲ, ਬੰਧਨ। **ਪਰਤਾਪ**-ਤੇਜ, ਕਿਰਪਾ, ਮਿਹਰ। **ਬਿਆਪਹਿੰ**-ਵਿਆਪਦਾ ਹੈ, ਜ਼ੋਰ ਪਾਉਂਦਾ ਹੈ। **ਬਿਆਲਾ**-ਸੱਪ, ਮਾਇਆ ਸੱਪਣੀ। **ਅਗਤ**-ਅਮਰ, ਅਚੱਲ। **ਵਿਗਤ**-ਅਬਿਨਾਸ਼ੀ। **ਅਨਾਦਿ**-ਆਦਿ ਰਹਿਤ, ਜੁਗਾਂ ਤੋਂ ਵੀ ਪਹਿਲਾਂ ਦਾ। **ਅਨੂਪਾ**-ਅਨੁਪਮ, ਬੇਮਿਸਾਲ, ਉਪਮਾ ਰਹਿਤ। **ਵਿਸਵ ਵਿਆਪਕ**-ਸਰਬ ਵਿਆਪਕ। **ਬ੍ਰਹਮ**-ਪਰਮਾਤਮਾ। **ਅਰੂਪਾ**-ਨਿਰਾਕਾਰ॥ ੧॥
**ਪੇਖਿਅਤ ਅਇਸੇ**-ਉਸ ਪਰਮਾਤਮਾ ਨੂੰ ਇਸ ਤਰ੍ਹਾਂ ਦੇਖਿਆ। **ਚਿੰਤਾਮਣਿ**-ਸਭ ਇੱਛਾਵਾਂ ਪੂਰੀਆਂ ਕਰਨ ਵਾਲੀ ਮਣੀ॥ ੨॥

**ਪਦ ਅਰਥ** : ਹੇ ਭਾਈ! ਜਿਸ ਪ੍ਰਭੂ 'ਤੇ ਕਾਲ ਦਾ ਕੋਈ ਪ੍ਰਭਾਵ ਨਹੀਂ ਹੁੰਦਾ ਤੇ ਜਿਸ ਅੱਗੇ ਉਹ ਕਾਲ ਅਦਬ ਵਿੱਚ ਝੁਕਿਆ ਖੜ੍ਹਾ ਰਹਿੰਦਾ ਹੈ ਮੈਂ ਉਸ ਪ੍ਰਭੂ ਦੇ ਚਰਨਾਂ ਵਿੱਚ ਨਿਮਰਤਾ ਸਹਿਤ ਆਪਣਾ ਸੀਸ ਨਿਵਾਉਂਦਾ ਹਾਂ। ਮੈਂ ਇਕ ਪਲ-ਛਿਨ ਲਈ ਵੀ ਉਸ ਪ੍ਰਭੂ ਨੂੰ ਆਪਣੇ ਦਿਲੋਂ ਕਦੇ ਨਹੀਂ ਭੁਲਾਉਂਦਾ ਹਾਂ॥ ਟੇਕ॥
ਹੇ ਭਾਈ! ਪ੍ਰਭੂ ਦੇ ਨਾਮ-ਸਿਮਰਨ ਦੇ ਪ੍ਰਤਾਪ ਦੀ ਏਨੀਂ ਬਰਕਤਿ ਹੈ ਕਿ ਜੀਵ ਨੂੰ ਜਨਮ-ਮਰਨ ਦੇ ਗੇੜ ਵਿੱਚ ਪੈਣਾ ਨਹੀਂ ਪੈਂਦਾ, ਸੰਸਾਰ ਦੇ ਬੰਧਨਾਂ ਵਿੱਚ

ਵੱਝਣਾ ਨਹੀਂ ਪੈਂਦਾ ਤੇ ਨਾ ਹੀ ਉਸ 'ਤੇ ਮਾਇਆ-ਸੱਪਣੀ ਦਾ ਕੋਈ ਜ਼ੋਰ ਬਿਆਪਦਾ ਹੈ। ਭਾਵ ਉਹ ਇਨ੍ਹਾਂ ਸਭਨਾਂ ਤੋਂ ਸਦਾ ਲਈ ਖਲਾਸੀ ਪਾ ਲੈਂਦਾ ਹੈ। ਹੇ ਭਾਈ! ਪਰਮਾਤਮਾ ਅਮਰ, ਅਚੱਲ ਤੇ ਅਬਿਨਾਸ਼ੀ ਹੈ। ਉਹ ਕਦੇ ਘਟਦਾ-ਵਧਦਾ ਨਹੀਂ। ਉਸ ਦਾ ਕੋਈ ਮੁੱਢ ਵੀ ਨਹੀਂ ਹੈ, ਉਹ ਜੁਗਾਂ ਤੋਂ ਵੀ ਪਹਿਲਾਂ ਦਾ ਮੌਜੂਦ ਹੈ। ਉਸ ਦੀ ਉਪਮਾ ਕਿਸੇ ਨਾਲ ਨਹੀਂ ਹੋ ਸਕਦੀ, ਉਹ ਬੇਮਿਸਾਲ ਹੈ। ਪਾਰਬ੍ਰਹਮ ਪਰਮੇਸ਼ਰ ਨਿਰਾਕਾਰ ਹੈ ਤੇ ਸਾਰੇ ਖੰਡਾਂ-ਬ੍ਰਹਿਮੰਡਾਂ ਵਿੱਚ ਇਕ-ਰਸ ਵਿਆਪਕ ਰਹਿੰਦਾ ਹੈ॥

2. ਜਿਵੇਂ ਲਹਿਰਾਂ ਪਾਣੀ ਵਿੱਚ ਹੁੰਦੀਆਂ ਹਨ ਤੇ ਪਾਣੀ ਲਹਿਰਾਂ 'ਚ ਹੁੰਦਾ ਹੈ, ਤਿਵੇਂ ਹੀ ਪਰਮਾਤਮਾ ਘਟ-ਘਟ ਤੇ ਕਣ-ਕਣ ਵਿੱਚ ਸਮਾਇਆ ਹੋਇਆ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਉਹ ਸਰਬ-ਵਿਆਪਕ ਪਰਮਾਤਮਾ ਸਭ ਦੀਆਂ ਇੱਛਾਵਾਂ ਪੂਰੀਆਂ ਕਰਨ ਵਾਲਾ, ਸਭ ਦੀ ਚਿੰਤਾ ਕਰਨ ਵਾਲਾ ਤੇ ਸਭ ਦਾ ਰੱਖਿਅਕ ਤੇ ਪ੍ਰਤਿਪਾਲਕ ਹੈ। (ਇਸ ਲਈ ਉਸ ਪਰਮਾਤਮਾ ਨੂੰ ਇਕ ਪਲ-ਛਿੰਨ ਲਈ ਵੀ ਕਦੇ ਭੁਲਾਉਣਾ ਨਹੀਂ ਚਾਹੀਦਾ।)॥

**ਭਾਵ ਅਰਥ** : ਉਸ ਸਰਬ-ਵਿਆਪਕ ਪਰਮਾਤਮਾ ਦੇ ਨਾਮ ਦਾ ਸਿਮਰਨ ਕਰੋ। ਉਹੀ ਸਭ ਦਾ ਰੱਖਿਅਕ ਤੇ ਪ੍ਰਤਿਪਾਲਕ ਹੈ।

## ਰਾਗੁ ਗੋਂਡ -59

***ਮੁਕੰਦ ਮੁਕੰਦ ਜਪਹੁ ਸੰਸਾਰ ॥ ਬਿਨੁ ਮੁਕੰਦ ਤਨੁ ਹੋਇ ਅਉਹਾਰ ॥***
***ਸੋਈ ਮੁਕੰਦੁ ਮੁਕਤਿ ਕਾ ਦਾਤਾ ॥ ਸੋਈ ਮੁਕੰਦੁ ਹਮਰਾ ਪਿਤ ਮਾਤਾ ॥ ੧ ॥***
***ਜੀਵਤ ਮੁਕੰਦੇ ਮਰਤ ਮੁਕੰਦੇ ॥ ਤਾ ਕੇ ਸੇਵਕ ਕਉ ਸਦਾ ਅਨੰਦੇ ॥ ੧ ॥ ਰਹਾਉ ॥***
***ਮੁਕੰਦ ਮੁਕੰਦ ਹਮਾਰੇ ਪ੍ਰਾਨੰ ॥ ਜਪਿ ਮੁਕੰਦ ਮਸਤਕਿ ਨੀਸਾਨੰ ॥***
***ਸੇਵ ਮੁਕੰਦ ਕਰੈ ਬੈਰਾਗੀ ॥ ਸੋਈ ਮੁਕੰਦੁ ਦੁਰਬਲ ਧਨੁ ਲਾਧੀ ॥ ੨ ॥***
***ਏਕ ਮੁਕੰਦੁ ਕਰੈ ਉਪਕਾਰੁ ॥ ਹਮਰਾ ਕਹਾ ਕਰੈ ਸੰਸਾਰੁ ॥***
***ਮੇਟੀ ਜਾਤਿ ਹੂਏ ਦਰਬਾਰਿ ॥ ਤੁਹੀ ਮੁਕੰਦ ਜੋਗ ਜੁਗ ਤਾਰਿ ॥ ੩ ॥***
***ਉਪਜਿਓ ਗਿਆਨੁ ਹੂਆ ਪਰਗਾਸ ॥ ਕਰਿ ਕਿਰਪਾ ਲੀਨੇ ਕੀਟ ਦਾਸ ॥***
***ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ ॥ ਜਪਿ ਮੁਕੰਦ ਸੇਵਾ ਤਾਹੂ ਕੀ ॥ ੪ ॥੧ ॥***

**ਸ਼ਬਦ ਅਰਥ** : **ਮੁਕੰਦ**-ਮੁਕਤੀ ਦਾਤਾ, ਪਰਮਾਤਮਾ। **ਜਪਹੁ**-ਸਿਮਰਨ ਕਰੋ। **ਅਉਹਾਰ**-ਨਾਸ਼ਵੰਤ, ਵਿਅਰਥ ਜਾਂਦਾ ਹੈ, ਖਾਣਯੋਗ ਪਦਾਰਥ। **ਸੋਈ**-ਉਹੀ॥ ੧॥ **ਜੀਵਤ**-ਜੀਊਂਦਿਆਂ। **ਮਰਤ**-ਮਰਨ ਵੇਲੇ ਵੀ। **ਅਨੰਦੇ**-ਆਨੰਦ ਬਣਿਆ ਰਹਿਣਾ॥ ੧॥ **ਮਸਤਕਿ ਨੀਸਾਨੰ**-ਮੱਥੇ 'ਤੇ ਚਿੰਨ੍ਹ ਚਿਹਨ, ਮੱਥੇ 'ਤੇ ਨੂਰ ਹੋਣਾ। **ਬੈਰਾਗੀ**-ਦੁਨੀਆ ਦੇ ਵਸਤ-ਪਦਾਰਥਾਂ ਨਾਲ ਜਿਸ ਦੇ ਮਨ ਦਾ ਲਗਾਵ ਨਾ ਹੋਵੇ। **ਲਾਧੀ**-ਲੱਭ ਲਿਆ॥ ੨॥ **ਉਪਕਾਰੁ**-ਭਲਾਈ, ਮਿਹਰ। **ਕਹਾ ਕਰੈ**-ਕੀ ਕਰ ਸਕਦਾ ਹੈ ਭਾਵ ਕੁਝ ਵੀ ਵਿਗਾੜ ਨਹੀਂ ਸਕਦਾ। **ਮੇਟੀ ਜਾਤਿ**-ਜਾਤਪਾਤ ਦੀ ਭਾਵਨਾ ਮਿਟਾ ਦਿੱਤੀ ਹੈ। **ਹੂਏ ਦਰਬਾਰਿ**-ਦਰਬਾਰੀ, ਦਰਬਾਰ ਵਿੱਚ ਰਹਿਣ ਵਾਲਾ। **ਜੋਗ**- ਸੰਬੰਧ, ਜੁਗਤੀ, ਸਾਧਨ, ਜੋੜਨਾ। **ਜੁਗ**- ਜੁਗਾਂ ਜੁਗਾਂਤਰਾਂ, ਯੁੱਗ॥ ੩॥

**ਉਪਜਿਓ**–ਉਤਪੰਨ। **ਗਿਆਨੁ**–ਆਤਮਿਕ ਗਿਆਨ। **ਪਰਗਾਸ**–ਚਾਨਣ। **ਲੀਨੇ**–ਅਪਨਾਉਣਾ। **ਕੀਟ**–ਕੀੜਾ, ਨਿਮਾਣਾ। **ਚੂਕੀ**–ਖ਼ਤਮ ਹੋ ਗਈ, ਮੁੱਕ ਗਈ। **ਤਾਹੂ ਕੀ**–ਉਸ ਮੁਕੰਦ ਦੀ॥ ੪ ॥ ੧॥

**ਪਦ ਅਰਥ** :ਹੇ ਸੰਸਾਰੀ ਜੀਵੋ! ਤੁਸੀਂ ਮਾਇਆ ਦੇ ਬੰਧਨਾਂ ਤੋਂ ਖ਼ਲਾਸੀ ਦੇਣ ਵਾਲੇ ਮੁਕੰਦ–ਪ੍ਰਭੂ ਦੇ ਨਾਮ ਦਾ ਸਿਮਰਨ ਕਰੋ। ਉਸ ਮੁਕੰਦ–ਪ੍ਰਭੂ ਦੇ ਸਿਮਰਨ ਤੋਂ ਬਿਨਾਂ ਜੀਵ ਦਾ ਸਰੀਰ ਵਿਅਰਥ ਹੀ ਚਲਾ ਜਾਂਦਾ ਹੈ ਭਾਵ ਕਾਲ (ਮੌਤ) ਦਾ ਅਉਹਾਰ (ਖਾਣਾ) ਹੀ ਬਣ ਕੇ ਰਹਿ ਜਾਂਦਾ ਹੈ। ਉਹੀ ਮੁਕੰਦ–ਪ੍ਰਭੂ ਮੁਕਤੀ ਦਾ ਦਾਤਾ ਹੈ, ਉਹੀ ਮੁਕੰਦ–ਪ੍ਰਭੂ ਸਾਡਾ ਮਾਪਾ ਹੈ (ਤੇ ਦੁਨੀਆਂ ਦੇ ਬੰਧਨਾਂ ਤੋਂ ਸਾਡੀ ਰੱਖਿਆ ਕਰਦਾ ਹੈ।)॥

ਜਿਹੜਾ ਪ੍ਰਭੂ ਦਾ ਸੇਵਕ ਜੀਊਂਦਿਆਂ ਹੋਇਆ ਹਮੇਸ਼ਾ ਪ੍ਰਭੂ ਦੇ ਨਾਮ ਦਾ ਸਿਮਰਨ ਕਰਦਾ ਰਹਿੰਦਾ ਹੈ ਤੇ ਮਰਦਾ ਹੋਇਆ ਵੀ ਉਸ ਨੂੰ ਯਾਦ ਕਰਦਾ ਹੈ ਭਾਵ ਸਾਰੀ ਉਮਰ ਉਸ ਦਾ ਨਾਮ ਸਿਮਰਦਾ ਰਹਿੰਦਾ ਹੈ ਤਾਂ ਉਸ ਸੇਵਕ ਨੂੰ ਸਦਾ ਆਤਮਿਕ ਆਨੰਦ ਹੀ ਆਨੰਦ ਬਣਿਆ ਰਹਿੰਦਾ ਹੈ।(ਉਹ ਮੁਕੰਦੀ ਜੀਵਨ ਵਾਲਾ ਬਣ ਜਾਂਦਾ ਹੈ ਤੇ ਸਦਾ ਸੁੱਖ–ਸ਼ਾਂਤੀ ਵਿੱਚ ਜੀਵਨ ਬਤੀਤ ਕਰਦਾ ਹੈ।)॥ ੧ ॥ ਰਹਾਉ ॥

2. ਹੇ ਭਾਈ! ਉਹ ਮੁਕੰਦ–ਪ੍ਰਭੂ ਮੇਰੀ ਜ਼ਿੰਦ–ਜਾਨ ਹੈ, ਮੇਰੇ ਜੀਵਨ ਦਾ ਆਧਾਰ ਹੈ ਤੇ ਮੇਰੇ ਪ੍ਰਾਣਾਂ ਦਾ ਸੰਚਾਲਕ ਤੇ ਪਾਲਕ ਹੈ। ਉਸ ਦੇ ਨਾਮ–ਸਿਮਰਨ ਦੀ ਬਰਕਤਿ ਨਾਲ ਮੇਰੇ ਚੰਗੇ ਕਰਮਾਂ ਦੇ ਸੰਸਕਾਰ ਜਾਗ ਪਏ ਹਨ ਜਿਸ ਨਾਲ ਮੇਰੇ ਮੱਥੇ 'ਤੇ ਨੂਰ ਆ ਗਿਆ ਹੈ, ਰੱਬੀ ਚਿੰਨ੍ਹ–ਚਿਹਨ ਛਾ ਗਿਆ ਹੈ। (ਭਾਵ ਸਿਮਰਨ ਨੂੰ ਪ੍ਰਵਾਨਗੀ ਮਿਲ ਗਈ ਹੈ।) ਜਿਸ ਮੁਕੰਦ–ਪ੍ਰਭੂ ਦੀ ਸੇਵਾ–ਭਗਤੀ ਕਰਕੇ ਸੰਸਾਰੀ ਜੀਵ ਵੈਰਾਗੀ ਬਣ ਜਾਂਦੇ ਹਨ ਤੇ ਮਾਇਆ ਤੋਂ ਨਿਰਲੇਪ ਹੋ ਜਾਂਦੇ ਹਨ, ਉਹੀ ਮੁਕੰਦ–ਰੂਪੀ ਧਨ ਮੇਰੇ ਜਿਹੇ ਗ਼ਰੀਬ ਨੂੰ ਲੱਭ ਪਿਆ ਹੈ ਭਾਵ ਪ੍ਰਭੂ ਦੀ ਪ੍ਰਾਪਤੀ ਹੋ ਗਈ ਹੈ॥

3. ਜੇਕਰ ਉਹ ਮੁਕੰਦ–ਪ੍ਰਭੂ ਮੇਰੇ 'ਤੇ ਮਿਹਰ ਦੀ ਨਿਗ੍ਹਾ ਕਰੇ ਤਾਂ ਇਹ ਸਾਰੀ ਦੁਨੀਆਂ ਵੀ ਮੇਰਾ ਕੁਝ ਵਿਗਾੜ ਨਹੀਂ ਸਕਦੀ। ਹੇ ਮੁਕਤੀ ਦੇ ਦਾਤਾ ਪ੍ਰਭੂ! ਆਪ ਜੀ ਦੀ ਸੇਵਾ–ਭਗਤੀ ਨੇ ਮੇਰੇ ਅੰਦਰੋਂ ਜਾਤ–ਪਾਤ ਦੀ ਭਾਵਨਾ ਮਿਟਾ ਦਿੱਤੀ ਹੈ, ਹੁਣ ਮੇਰੀ ਜਾਤ ਮੁੱਕ ਗਈ ਹੈ। (ਭਾਵ ਮੈਂ ਸਮਝ ਗਿਆ ਹਾਂ ਕਿ ਪ੍ਰਭੂ–ਮਿਲਾਪ ਦਾ ਕਿਸੇ ਖਾਸ ਜਾਤ–ਪਾਤ, ਊਚ–ਨੀਚ ਜਾਂ ਜਨਮ ਆਦਿਕ ਨਾਲ ਕੋਈ ਸੰਬੰਧ ਨਹੀਂ ਹੁੰਦਾ। ਉਹ ਪ੍ਰਭੂ ਤਾਂ ਕੇਵਲ ਭਗਤ ਦੀ ਭਗਤੀ–ਭਾਵਨਾ 'ਤੇ ਮੋਹਿਤ ਹੁੰਦਾ ਹੈ।) ਹੇ ਪ੍ਰਭੂ! ਮੈਂ ਹੁਣ ਆਪ ਜੀ ਦੇ ਦਰਬਾਰ ਵਿੱਚ ਪ੍ਰਵਾਨ ਹੋ ਗਿਆ ਹਾਂ ਤੇ ਆਪ ਜੀ ਨੂੰ ਹਮੇਸ਼ਾ ਹਾਜ਼ਿਰ–ਨਾਜ਼ਿਰ ਜਾਣਦਾ ਹਾਂ, ਅੰਗ–ਸੰਗ ਦੇਖਦਾ ਹਾਂ। (ਹੇ ਪਰਮਾਤਮਾ! ਆਪ ਜੀ ਦੀਆਂ ਰਹਿਮਤਾਂ ਦਾ ਕੋਈ ਅੰਤ–ਸ਼ੁਮਾਰ ਨਹੀਂ ਪਾਇਆ ਜਾ ਸਕਦਾ।) ਆਪ ਜੀ ਹੀ ਜੁਗਾਂ–ਜੁਗਾਂਤਰਾਂ ਤੋਂ ਆਪਣੇ ਸੇਵਕਾਂ ਨੂੰ ਸੰਸਾਰ–ਰੂਪੀ ਭਵਸਾਗਰ ਤੋਂ ਪਾਰ ਉਤਾਰਨ ਵਾਲੇ ਇੱਕੋ–ਇਕ ਸਾਧਨ ਹੋ॥

4. ਹੇ ਮੁਕਤੀ ਦੇ ਦਾਤਾ ਪ੍ਰਭੂ! ਆਪ ਜੀ ਦੀ ਪ੍ਰੇਮਾ-ਭਗਤੀ ਸਦਕਾ ਮੇਰੇ ਹਿਰਦੇ ਅੰਦਰ ਆਤਮਿਕ ਗਿਆਨ ਉਤਪੰਨ ਹੋਇਆ ਹੈ, ਜਿਸ ਨਾਲ ਮੇਰੇ ਅੰਦਰ ਪ੍ਰਕਾਸ਼ ਹੋ ਗਿਆ ਹੈ ਭਾਵ ਆਤਮਿਕ ਜੀਵਨ ਜੀਊਣ ਦੀ ਸੋਝੀ ਆ ਗਈ ਹੈ। ਹੇ ਭਾਈ! ਪ੍ਰਭੂ ਜਦੋਂ ਮਿਹਰ ਕਰਦੇ ਹਨ ਤਾਂ ਉਹ ਕੀੜੇ ਵਰਗੇ ਤੁੱਛ ਤੇ ਨਿਮਾਣੇ ਜੀਵ ਨੂੰ ਵੀ ਆਪਣਾ ਦਾਸ ਬਣਾ ਲੈਂਦੇ ਹਨ, ਆਪਣੇ ਚਰਨਾਂ ਨਾਲ ਜੋੜ ਲੈਂਦੇ ਹਨ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਪ੍ਰਭੂ ਦੀ ਭਗਤੀ ਕਰਨ ਨਾਲ ਮੇਰੀ ਸੰਸਾਰਿਕ ਮੋਹ-ਮਾਇਆ ਦੀ ਤ੍ਰਿਸ਼ਨਾ ਮੁੱਕ ਗਈ ਹੈ। ਹੁਣ ਮੈਂ ਮੁਕੰਦ-ਪ੍ਰਭੂ ਦਾ ਨਾਮ-ਸਿਮਰਨ ਕਰਦਾ ਰਹਿੰਦਾ ਹਾਂ ਤੇ ਸਦਾ ਉਸੇ ਦੀ ਹੀ ਸੇਵਾ-ਭਗਤੀ ਵਿੱਚ ਲੀਨ ਰਹਿੰਦਾ ਹਾਂ॥

**ਭਾਵ ਅਰਥ** : ਪ੍ਰਭੂ ਦਾ ਸਿਮਰਨ ਕੀਤਿਆਂ ਜੀਵ ਦੇ ਹਿਰਦੇ ਅੰਦਰ ਆਤਮਿਕ ਜੀਵਨ ਦੀ ਸੂਝ ਦਾ ਚਾਨਣਾ ਹੋ ਜਾਂਦਾ ਹੈ। ਉਸ ਦੀਆਂ ਤ੍ਰਿਸ਼ਨਾਵਾਂ ਮੁੱਕ ਜਾਂਦੀਆਂ ਹਨ ਤੇ ਉਹ ਜਨਮ-ਮਰਨ ਦੇ ਗੇੜ ਤੋਂ ਮੁਕਤੀ ਪਾ ਲੈਂਦਾ ਹੈ।

## ਰਾਗੁ ਗੋਂਡ -60

***ਜੇ ਓਹੁ ਅਠਸਠਿ ਤੀਰਥ ਨ੍ਹਾਵੈ॥ ਜੇ ਓਹੁ ਦੁਆਦਸ ਸਿਲਾ ਪੂਜਾਵੈ॥***
***ਜੇ ਓਹੁ ਕੂਪ ਤਟਾ ਦੇਵਾਵੈ॥ ਕਰੈ ਨਿੰਦ ਸਭ ਬਿਰਥਾ ਜਾਵੈ॥੧॥***
***ਸਾਧ ਕਾ ਨਿੰਦਕੁ ਕੈਸੇ ਤਰੈ॥ ਸਰਪਰ ਜਾਨਹੁ ਨਰਕ ਹੀ ਪਰੈ॥੧॥ ਰਹਾਉ॥***
***ਜੇ ਓਹੁ ਗ੍ਰਹਨ ਕਰੈ ਕੁਲਖੇਤਿ॥ ਅਰਪੈ ਨਾਰਿ ਸੀਗਾਰ ਸਮੇਤਿ॥***
***ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ॥ ਕਰੈ ਨਿੰਦ ਕਵਨੈ ਨਹੀ ਗੁਨੈ॥੨॥***
***ਜੇ ਓਹੁ ਅਨਿਕ ਪ੍ਰਸਾਦ ਕਰਾਵੈ॥ ਭੂਮਿ ਦਾਨ ਸੋਭਾ ਮੰਡਪਿ ਪਾਵੈ॥***
***ਅਪਨਾ ਬਿਗਾਰਿ ਬਿਰਾਂਨਾ ਸਾਂਢੈ॥ ਕਰੈ ਨਿੰਦ ਬਹੁ ਜੋਨੀ ਹਾਂਢੈ॥੩॥***
***ਨਿੰਦਾ ਕਹਾ ਕਰਹੁ ਸੰਸਾਰਾ॥ ਨਿੰਦਕ ਕਾ ਪਰਗਟਿ ਪਾਹਾਰਾ॥***
***ਨਿੰਦਕੁ ਸੋਧਿ ਸਾਧਿ ਬੀਚਾਰਿਆ॥ ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥੪॥***

**ਸ਼ਬਦ ਅਰਥ** : **ਅਠਸਠਿ ਤੀਰਥ**-(ਦੇਖੋ ਸ਼ਬਦ-ਅਰਥ, ਸ਼ਬਦ ਨੰ: 31 ਦੇ)। **ਦੁਆਦਸ ਸਿਲਾ**-ਬਾਰ੍ਹਾਂ ਸ਼ਿਵਲਿੰਗ : ਸੋਮਨਾਥ, ਕੇਦਾਰਨਾਥ, ਰਮੇਸ਼ੂਰਮ, ਨਾਗੇਸ਼ੂਰ, ਵੈਦਨਾਥ, ਭੀਮਸ਼ੰਕਰ, ਮਲਿਕਾਜੁਨਾ, ਮਹਾਂਕਲੇਸ਼ੂਰ, ਓਮਕੇਸ਼ੂਰ, ਤ੍ਰਿਬਕੇਸ਼ੂਰ, ਵਿਸ਼ਵਨਾਥ, ਘੁਮੇਸ਼ੂਰ। **ਕੂਪ**-ਖੂਹ। **ਤਟਾ**-ਤਲਾਬ। **ਦੇਵਾਵੈ**-ਬਣਾਵੇ। **ਬਿਰਥਾ**-ਵਿਅਰਥ। **ਨਿੰਦਕ**- ਦੂਜਿਆਂ 'ਤੇ ਤੁਹਮਤਾਂ ਲਗਾਉਣ ਵਾਲਾ। **ਤਰੈ**-ਭਵਸਾਗਰ ਤਰੇ। **ਸਰਪਰ**-ਨਿਰਸੰਦੇਹ, ਬਿਨਾਂ ਸੰਸੇ॥੧॥

**ਗ੍ਰਹਨ**-ਗ੍ਰਹਿਣ ਦੇ ਸਮੇਂ। **ਕੁਲਖੇਤਿ**-ਕੁਰੂਕਸੇਤਰ। **ਅਰਪੈ**-ਭੇਟ ਕਰਨਾ, ਦਾਨ ਕਰਨਾ। **ਨਾਰਿ**-ਪਤਨੀ। **ਸੀਗਾਰ**-ਸੋਲ੍ਹਾਂ ਸ਼ਿੰਗਾਰ ਕਰਕੇ। **ਸਗਲੀ**-ਸਾਰੀਆਂ। **ਸਿੰਮ੍ਰਿਤਿ**-ਸਿਮ੍ਰਤੀਆਂ। **ਸ੍ਰਵਨੀ**-ਕੰਨਾਂ ਨਾਲ। **ਕਵਨੈ ਨਹੀ ਗੁਨੈ**-ਕੋਈ ਗੁਣ ਨ ਹੋਣਾ, ਕੋਈ ਲਾਭ ਨ ਹੋਣਾ॥੨॥ **ਪ੍ਰਸਾਦ**-ਠਾਕੁਰਾਂ ਨੂੰ ਭੋਗ ਲਗਾਉਣਾ, ਦੇਵਤਿਆਂ ਨੂੰ ਅਰਪਿਆ ਹੋਇਆ ਖਾਣਯੋਗ ਪਦਾਰਥ। **ਮੰਡਪਿ**-ਜਗਤ, ਸੰਸਾਰ। **ਬਿਗਾਰਿ**-ਵਿਗਾੜ। **ਬਿਰਾਂਨਾ**-ਦੂਜਿਆਂ ਦਾ। **ਸਾਂਢੈ**-ਸੰਵਾਰੇ। **ਜੋਨੀ**-ਜੂਨਾਂ। **ਹਾਂਢੈ**-ਹੰਢਾਉਣਾ, ਭਟਕਣਾ॥੩॥

**ਕਹਾ**–ਕਿਉਂ। **ਕਰਹੁ**–ਕਰਦੇ ਹੋ। **ਪਰਗਟਿ**–ਪਰਗਟ ਹੋਣਾ, ਉੱਘੜ ਪੈਣਾ। **ਪਾਹਾਰਾ**–ਚਲਨ, ਰਿਵਾਜ਼, ਦੁਕਾਨ, ਠੱਗੀ ਦੀ ਹੱਟੀ। **ਸੋਧਿ ਸਾਧਿ**–ਚੰਗੀ ਤਰ੍ਹਾਂ ਸੋਚ ਸਮਝ ਕੇ। **ਪਾਪੀ**–ਕੁਕਰਮੀ॥ ੪॥ ੨॥

**ਪਦ ਅਰਥ** : ਹੇ ਭਾਈ! ਜੇਕਰ ਕੋਈ ਜੀਵ ਹਿੰਦੂ ਧਰਮ ਦੇ ਪ੍ਰਸਿੱਧ ਅਠਾਹਠ ਤੀਰਥਾਂ ਦਾ ਇਸ਼ਨਾਨ ਕਰੇ, ਜੇਕਰ ਉਹ ਬਾਰ੍ਹਾਂ ਸ਼ਿਵਲਿੰਗਾਂ ਦੀ ਪੂਜਾ ਵੀ ਕਰੇ, ਜੇਕਰ ਉਹ ਲੋਕਾਂ ਦੀ ਭਲਾਈ ਲਈ ਖੂਹ ਤੇ ਤਲਾਬ ਵੀ ਬਣਵਾਏ ਪਰ ਜੇਕਰ ਉਹ ਸਾਧੂ–ਜਨਾਂ ਦੀ ਨਿੰਦਿਆ ਕਰਦਾ ਹੈ ਤਾਂ ਉਸਦੀ ਇਹ ਸਾਰੀ ਸੇਵਾ–ਪੂਜਾ ਤੇ ਪੁੰਨ–ਕਰਮ ਵਿਅਰਥ ਹੀ ਚਲੇ ਜਾਣੇ ਹਨ, ਇਨ੍ਹਾਂ ਦਾ ਉਸ ਨੂੰ ਕੋਈ ਲਾਭ ਪ੍ਰਾਪਤ ਨਹੀਂ ਹੋਣਾ ਹੈ॥

ਹੇ ਭਾਈ! ਸਾਧੂ–ਸੰਤਾਂ ਦੀ ਨਿੰਦਿਆ ਕਰਨ ਵਾਲਾ ਜੀਵ ਸੰਸਾਰ–ਸਮੁੰਦਰ ਤੋਂ ਕਿਵੇਂ ਪਾਰ ਲੰਘ ਸਕਦਾ ਹੈ? ਉਸ ਦਾ ਤਾਂ ਸੰਸਾਰ–ਸਮੁੰਦਰ ਤੋਂ ਪਾਰ–ਉਤਾਰਾ ਕਦੇ ਹੋ ਹੀ ਨਹੀਂ ਸਕਦਾ। ਉਹ ਤਾਂ ਨਿਰਸੰਦੇਹ ਨਰਕਾਂ ਵਿੱਚ ਹੀ ਜਾਂਦਾ ਹੈ॥ ੧॥ ਰਹਾਉ॥

2. ਜੇਕਰ ਕੋਈ ਜੀਵ ਕੁਰੂਕਸ਼ੇਤਰ ਤੀਰਥ 'ਤੇ ਜਾ ਕੇ ਸੂਰਜ ਜਾਂ ਚੰਦ੍ਰਮਾ ਦੇ ਗ੍ਰਹਿਣ ਸਮੇਂ ਇਸ਼ਨਾਨ ਕਰੇ ਤੇ ਆਪਣੀ ਪਤਨੀ ਨੂੰ ਸੋਲ੍ਹਾਂ ਸ਼ਿੰਗਾਰਾਂ ਨਾਲ ਸਜਾ ਕੇ ਦਾਨ ਵੀ ਕਰ ਦੇਵੇ, ਜੇਕਰ ਉਹ ਸਾਰੀਆਂ ਸਿਮ੍ਰਤੀਆਂ ਦੀਆਂ ਕਥਾਵਾਂ ਨੂੰ ਆਪਣੇ ਕੰਨਾਂ ਨਾਲ ਧਿਆਨ ਨਾਲ ਸੁਣੇ ਪਰ ਫਿਰ ਵੀ ਜੇਕਰ ਉਹ ਸਾਧੂ–ਜਨਾਂ ਦੀ ਨਿੰਦਿਆ ਕਰਦਾ ਹੈ ਤਾਂ ਉਸ ਦੇ ਸਾਰੇ ਦੇ ਸਾਰੇ ਦਾਨ–ਪੁੰਨ ਤੇ ਧਰਮ–ਕਰਮ ਨਿਸ਼ਫਲ ਚਲੇ ਜਾਣੇ ਹਨ। ਇਨ੍ਹਾਂ ਸਦ–ਕਰਮਾਂ ਦਾ ਉਸ ਨੂੰ ਕੋਈ ਫ਼ਾਇਦਾ ਨਹੀਂ ਹੋਣਾ ਹੈ॥

3. ਜੇਕਰ ਕੋਈ ਜੀਵ ਕਈ ਤਰ੍ਹਾਂ ਦੇ ਪ੍ਰਸ਼ਾਦ ਬਣਾ ਕੇ ਠਾਕੁਰਾਂ ਨੂੰ ਉਨ੍ਹਾਂ ਦਾ ਭੋਗ ਲਗਾਏ ਤੇ ਛੱਤੀ ਪ੍ਰਕਾਰ ਦੇ ਭੋਜਨਾਂ ਨਾਲ ਵੱਡੇ–ਵੱਡੇ ਯੱਗ ਵੀ ਕਰਾਏ, ਜੇਕਰ ਉਹ ਆਪਣੀ ਜ਼ਮੀਨ ਦਾਨ ਕਰਕੇ ਸੰਸਾਰ 'ਚ ਸੋਭਾ ਖੱਟੇ, ਜੇਕਰ ਉਹ ਆਪਣਾ ਨੁਕਸਾਨ ਕਰਾ ਕੇ ਵੀ ਦੂਜਿਆਂ ਦਾ ਕੰਮ ਸਵਾਰੇ ਪਰ ਫਿਰ ਵੀ ਜੇਕਰ ਉਹ ਸੰਤ–ਜਨਾਂ ਦੀ ਨਿੰਦਿਆ ਕਰਦਾ ਹੈ ਤਾਂ ਉਹ ਕਈ ਜੂਨਾਂ ਵਿੱਚ ਭਟਕਦਾ ਰਹਿੰਦਾ ਹੈ॥

4. ਹੇ ਸੰਸਾਰੀ ਜੀਵੋ! ਤੁਸੀਂ ਸੰਤਾਂ–ਮਹਾਤਮਾਂ ਦੀ ਨਿੰਦਿਆ ਕਿਉਂ ਕਰਦੇ ਹੋ? ਤੁਸੀਂ ਨਿੰਦਿਆ ਨੂੰ ਬੁਰਾ ਸਮਝ ਕੇ ਇਸ ਨੂੰ ਤਿਆਗ ਕਿਉਂ ਨਹੀਂ ਦਿੰਦੇ ਹੋ? ਇਕ ਪਾਸੇ ਤਾਂ ਤੁਸੀਂ ਕਈ ਧਾਰਮਿਕ ਤੇ ਸਮਾਜਿਕ ਕੰਮ ਕਰਦੇ ਹੋ ਪਰ ਨਾਲ ਹੀ ਤੁਸੀਂ ਸੰਤਾਂ–ਮਹਾਤਮਾਂ ਦੀ ਨਿੰਦਿਆ ਕਰ ਦਿੰਦੇ ਹੋ ਤਾਂ ਇਹ ਤੁਹਾਡੇ ਸਾਰੇ ਦੇ ਸਾਰੇ ਕੰਮ ਫਿਰ ਠੱਗੀ ਹੀ ਲੱਗਦੇ ਹਨ। ਅਜਿਹੇ ਚਲਨ ਦੀ ਅਸਲੀਅਤ ਦਾ ਪੋਲ ਖੁੱਲ੍ਹ ਕੇ ਇਕ–ਨ–ਇਕ ਦਿਨ ਦੁਨੀਆਂ ਦੇ ਸਾਹਮਣੇ ਆ ਹੀ ਜਾਂਦਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਅਸਾਂ ਚੰਗੀ ਤਰ੍ਹਾਂ ਸੋਚ–ਵਿਚਾਰ ਕਰਨ ਤੋਂ

ਬਾਅਦ ਇਹ ਤੱਤ ਕੱਢਿਆ ਹੈ ਕਿ ਸਾਧੂ-ਜਨਾਂ ਦੀ ਨਿੰਦਿਆ ਕਰਨ ਵਾਲਾ ਪਾਪੀ ਜੀਵ ਸਿੱਧਾ ਨਰਕਾਂ ਨੂੰ ਹੀ ਜਾਂਦਾ ਹੈ॥

**ਭਾਵ ਅਰਥ** : ਸਾਧੂ-ਸੰਤਾਂ ਦੀ ਨਿੰਦਿਆ ਕਰਨ ਵਾਲਾ ਜੀਵ ਭਾਵੇਂ ਕਿੰਨੇ ਵੀ ਪੂਜਾ-ਪਾਠ, ਦਾਨ-ਪੁੰਨ ਕਰ ਲਵੇ ਉਹ ਸਭ ਵਿਅਰਥ ਹਨ। ਸਾਧੂ-ਸੰਤਾਂ ਦਾ ਨਿੰਦਕ ਨਿਸ਼ਚੇ ਹੀ ਨਰਕਾਂ ਵਿੱਚ ਜਾਂਦਾ ਹੈ।

## ਰਾਗੁ ਗੋਂਡ -61

***ਆਜ ਦਿਵਸ ਲੇਊਂ ਬਲਿਹਾਰਾ।***
***ਮੇਰੇ ਗ੍ਰਿਹ ਆਇਆ ਰਾਜਾ ਰਾਮ ਕਾ ਪਿਆਰਾ॥ ਟੇਕ॥***
***ਆਂਗਨ ਬਗੜ ਭਵਨ ਭਇਓ ਪਾਵਨ। ਹਰਿਜਨ ਬੈਠੇ ਹਰਿ ਜਸ ਗਾਵਨ॥ ੧॥***
***ਕਰੂੰ ਡੰਡੌਤ ਚਰਨ ਪਖਾਰੂੰ। ਤਨ ਮਨ ਧਨ ਸੰਤਨ ਪਰ ਵਾਰੂੰ॥ ੨॥***
***ਕਥਾ ਕਰੈਂ ਅਰੁ ਅਰਥ ਬਿਚਾਰੈਂ। ਆਪ ਤਰੈ ਔਰਨਿ ਕੋ ਤਾਰੈਂ॥ ੩॥***
***ਕਹੈ ਰਵਿਦਾਸ ਮਿਲੈ ਨਿਜ ਦਾਸ। ਜਨਮ ਜਨਮ ਕੈ ਕਾਟੈ ਪਾਸ॥ ੪॥***

**ਸ਼ਬਦ ਅਰਥ** : **ਬਲਿਹਾਰਾ**-ਕੁਰਬਾਨ ਜਾਣਾ। **ਗ੍ਰਿਹ**-ਘਰ। **ਪਿਆਰਾ**-ਪਿਆਰੇ ਸੰਤ। **ਆਂਗਨ**-ਵਿਹੜਾ। **ਬਗੜ**-ਆਸ ਪਾਸ, ਆਂਢ ਗੁਆਂਢ। **ਭਵਨ**-ਘਰ। **ਪਾਵਨ**-ਪਵਿੱਤਰ। **ਹਰਿਜਨ**-ਪਰਮਾਤਮਾ ਦੇ ਭਗਤ। **ਹਰਿਜਸ**-ਪਰਮਾਤਮਾ ਦਾ ਕੀਰਤਨ॥ ੧॥
**ਡੰਡੌਤ**-ਡੰਡਵਤ ਪ੍ਰਣਾਮ। **ਪਖਾਰੂੰ**-ਧੋਣਾ। **ਵਾਰੂੰ**-ਨਿਛਾਵਰ ਕਰਨਾ॥ ੨॥
**ਬਿਚਾਰੈਂ**-ਵਿਚਾਰ ਪ੍ਰਗਟ ਕਰਨਾ। **ਔਰਨਿ**-ਦੂਸਰਿਆਂ। **ਤਾਰੈਂ**-ਮੁਕਤੀ ਦਿਵਾਉਣਾ॥ ੩॥
**ਨਿਜ**-ਆਪ ਜੀ (ਪਰਮਾਤਮਾ)। **ਪਾਸ**-ਫ਼ਾਹੀ॥ ੪॥

**ਪਦ ਅਰਥ** : ਅੱਜ ਦਾ ਦਿਨ ਧੰਨਤਾਯੋਗ ਹੈ। ਮੈਂ ਇਸ ਦਿਹਾੜੇ ਤੋਂ ਕੁਰਬਾਨ ਜਾਂਦਾ ਹਾਂ ਕਿਉਂਕਿ ਅੱਜ ਮੇਰੇ ਘਰ ਵਿਖੇ ਪ੍ਰਭੂ ਦੇ ਪਿਆਰੇ ਸੰਤ ਪਧਾਰੇ ਹਨ॥ ਟੇਕ॥

ਉਨ੍ਹਾਂ ਦੇ ਆਗਮਨ ਨਾਲ ਮੇਰਾ ਘਰ, ਵਿਹੜਾ ਤੇ ਆਂਢ-ਗੁਆਂਢ ਪਵਿੱਤਰ ਹੋ ਗਿਆ ਹੈ। ਉਹ ਸੰਤ-ਜਨ ਮੇਰੇ ਘਰ ਵਿੱਚ ਬੈਠ ਕੇ ਪਰਮਾਤਮਾ ਦਾ ਜੱਸ ਗਾ ਰਹੇ ਹਨ, ਪ੍ਰਭੂ ਦਾ ਕੀਰਤਨ ਕਰ ਰਹੇ ਹਨ॥

2. ਮੈਂ ਇਨ੍ਹਾਂ ਸੰਤ-ਜਨਾਂ ਨੂੰ ਡੰਡਵਤ ਪ੍ਰਣਾਮ ਕਰਦਾ ਹਾਂ ਤੇ ਉਨ੍ਹਾਂ ਦੇ ਚਰਨ-ਕੰਵਲਾਂ ਨੂੰ ਧੋਂਦਾ ਹਾਂ। ਮੈਂ ਆਪਣਾ ਤਨ, ਮਨ ਤੇ ਧਨ ਸਭ ਕੁਝ ਇਨ੍ਹਾਂ ਸੰਤਾਂ 'ਤੋਂ ਨਿਛਾਵਰ ਕਰਦਾ ਹਾਂ॥

3. ਇਹ ਸੰਤ-ਜਨ ਪਰਮਾਤਮਾ ਦੀ ਕਥਾ ਸੁਣਾਉਂਦੇ ਹਨ ਤੇ ਕਥਾ ਦੇ ਅਰਥਾਂ 'ਤੇ ਆਪਣੇ ਵਿਚਾਰ ਵੀ ਪ੍ਰਗਟ ਕਰਦੇ ਹਨ। ਇਹ ਪ੍ਰਭੂ ਦੇ ਪਿਆਰੇ ਦੂਤ ਸਤਿਵਾਦੀ ਹਨ। ਉਹ ਪ੍ਰਭੂ ਦਾ ਨਾਮ ਜੱਪ ਕੇ ਆਪ ਤਾਂ ਮਾਇਆ ਦੇ ਮੋਹ-ਰੂਪ ਭਵਸਾਗਰ ਤੋਂ ਤਰ ਚੁੱਕੇ ਹਨ ਤੇ ਆਪਣੀ ਸ਼ਰਨ ਵਿੱਚ ਆਉਣ ਵਾਲੇ ਦੂਸਰੇ ਜੀਵਾਂ ਨੂੰ ਵੀ ਨਾਮ ਜਪਾ ਕੇ ਭਵਸਾਗਰ ਤੋਂ ਪਾਰ ਉਤਾਰਦੇ ਹਨ॥

4. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਹੇ ਪਰਮਾਤਮਾ! ਆਪ ਜੀ ਦੇ ਅਜਿਹੇ ਦਾਸਾਂ (ਸੰਤਾਂ) ਨੂੰ ਮਿਲ ਕੇ ਜੀਵਾਂ ਦੀ ਜਨਮ-ਜਨਮਾਂਤਰਾਂ ਦੇ

ਮੰਦ-ਕਰਮਾਂ ਦੀ ਫ਼ਾਹੀ ਕੱਟੀ ਜਾਂਦੀ ਹੈ ਤੇ ਉਹ ਜਨਮ-ਮਰਨ ਦੇ ਗੇੜ ਤੋਂ ਸਦਾ ਲਈ ਮੁਕਤ ਹੋ ਜਾਂਦੇ ਹਨ॥

**ਭਾਵ ਅਰਥ** : ਸੰਪੂਰਨ ਸੰਤ-ਜਨ ਜੀਵਾਂ ਨੂੰ ਪਰਮਾਤਮਾ ਦਾ ਨਾਮ ਜਪਾ ਕੇ ਉਨ੍ਹਾਂ ਨੂੰ ਆਵਾਗਵਨ ਦੇ ਚੱਕਰ ਤੋਂ ਮੁਕਤੀ ਦਿਵਾਉਂਦੇ ਹਨ।

## ਰਾਗੁ ਗੋਂਡ -62

***ਐਸੇ ਜਾਨਿ ਜਪੋ ਰੇ ਜੀਵ। ਜਪਿ ਲਿਓ ਰਾਮ ਨ ਭਰਮੋ ਜੀਵ॥ ਟੇਕ॥***
***ਗਨਿਕਾ ਥੀ ਕਿਸ ਕਰਮਾ ਜੋਗ। ਪਰ ਪੁਰਸਨ ਸੋ ਰਮਤੀ ਭੋਗ॥***
***ਨਿਸਿ ਬਾਸਰ ਦੁਸਕਰਮ ਕਮਾਈ। ਰਾਮ ਕਹਿਤ ਬੈਕੁੰਠੇ ਜਾਈ॥ ੧॥***
***ਨਾਮਦੇਵ ਕਹਿਏ ਜਾਤਿ ਕੈ ਓਛ। ਜਾ ਕੋ ਜਸ ਗਾਈਏ ਤ੍ਰਿਲੋਕ॥***
***ਭਗਤਿ ਹੇਤ ਭਗਤਾ ਕੇ ਚਲੇ। ਅੰਕਮਾਲ ਲੇ ਬੀਠਲ ਮਿਲੇ॥ ੨॥***
***ਕੋਟਿ ਯਗ ਜੋ ਕੋਉ ਕਰੈ। ਰਾਮ ਨਾਮ ਸਮ ਤਊ ਨ ਨਿਸਤਰੈ॥***
***ਨਿਰਗੁਨ ਕਾ ਗੁਨ ਦੇਖੋ ਆਈ। ਦੇਹੀ ਸਹਿਤ ਕਬੀਰ ਸਿਧਾਈ॥ ੩॥***
***ਮੋਰੀ ਕੁਚਿਲ ਜਾਤਿ ਕੁਚਿਲ ਮੇਂ ਬਾਸ। ਭਗਤ ਚਰਨ ਹਰਿਚਰਨ ਨਿਵਾਸ॥***
***ਚਾਰਿਉ ਬੇਦ ਕੀਆ ਖੰਡੌਤਿ। ਜਨ ਰਵਿਦਾਸ ਕਰੈ ਡੰਡੌਤਿ॥ ੪॥***

**ਸ਼ਬਦ ਅਰਥ** : **ਜਾਨਿ**-ਜਾਣ ਕੇ, ਪਛਾਣ ਕੇ। **ਜਪਿ**-ਜੱਪਣਾ, ਸਿਮਰਨ ਕਰਨਾ। **ਭਰਮੋ**-ਭਰਮਾਂ ਵਿੱਚ। **ਗਨਿਕਾ**-ਇਕ ਵੇਸ਼ਵਾ ਦਾ ਨਾਮ, ਕਿਹਾ ਜਾਂਦਾ ਹੈ ਕਿ ਇਕ ਸਾਧੂ ਨੇ ਗਨਿਕਾ ਨੂੰ ਤੋਤਾ ਦੇ ਕੇ ਉਸ ਨੂੰ (ਤੋਤੇ ਨੂੰ) ਹਰਿਨਾਮ ਸਿਖਾਉਣ ਦਾ ਉਪਦੇਸ਼ ਦਿੱਤਾ। ਗਨਿਕਾ ਤੋਤੇ ਨੂੰ ਹਰਿਨਾਮ ਸਿਖਾਉਂਦੀ ਹੋਈ ਹਰਿਨਾਮ ਅਭਿਆਸ ਵਿੱਚ ਲੱਗ ਕੇ ਪਵਿੱਤਰ ਆਤਮਾ ਹੋ ਗਈ ਤੇ ਸੱਚਖੰਡ ਦੀ ਵਾਸੀ ਹੋ ਗਈ। **ਕਰਮਾ ਜੋਗ**-ਕੰਮ ਦੇ ਅਨੁਕੂਲ, ਚੰਗੇ ਕਰਮ। **ਪਰ ਪੁਰਸਨ**-ਪਰਾਏ ਮਰਦ ਨਾਲ। **ਰਮਤੀ ਭੋਗ**-ਰਮਣ ਕਰਨਾ, ਭੋਗ ਵਿਲਾਸ ਕਰਨਾ। **ਨਿਸਿ ਬਾਸਰ**-ਦਿਨ ਰਾਤ। **ਦੁਸਕਰਮ**-ਖੋਟੇ ਕਰਮ॥ ੧॥ **ਓਛ**-ਛੋਟਾ, ਨੀਚ। **ਜਸ**-ਵਡਿਆਈ। **ਤ੍ਰਿਲੋਕ**-ਤਿੰਨ ਲੋਕ (ਸਵਰਗ, ਪ੍ਰਿਥਵੀ, ਪਾਤਾਲ)। **ਹੇਤ**-ਕਾਰਨ, ਕਰਕੇ। **ਅੰਕਮਾਲ**-ਹਾਰ ॥ ੨॥
**ਕੋਟਿ**-ਕਰੋੜਾਂ। **ਸਮ**-ਬਰਾਬਰ। **ਨਿਸਤਰੈ**-ਪਾਰ ਹੋਣਾ। **ਗੁਨ**-ਮਹਿਮਾ। **ਸਿਧਾਈ**-ਸਿਧਾਰੇ, ਪ੍ਰਾਪਤ ਕੀਤਾ, ਮਿਲਾਪ ਕੀਤਾ॥ ੩॥ **ਕੁਚਿਲ**-ਨੀਚ। **ਖੰਡੌਤਿ**-ਖੰਡਨ ਕਰਨਾ। **ਡੰਡੌਤਿ**-ਸਿੱਧਾ ਲੰਮੇ ਪੈ ਕੇ ਪ੍ਰਣਾਮ ਕਰਨਾ॥ ੪॥

**ਪਦ ਅਰਥ** : ਹੇ ਜੀਵ! ਤੂੰ ਸਰਬ-ਸ਼ਕਤੀਮਾਨ ਤੇ ਸਰਬ-ਵਿਆਪਕ ਪਰਮਾਤਮਾ ਨੂੰ ਪਹਿਚਾਣ ਕੇ ਉਸਦੇ ਨਾਮ ਦਾ ਜਾਪ ਕਰ। ਤੂੰ ਇਸ ਭਰਮ-ਭੁਲੇਖੇ ਵਿੱਚ ਨਾ ਪੈ ਕਿ ਉਸ ਦਾ ਨਾਮ ਜੱਪਿਆਂ (ਕੀ ਉਹ ਤੇਰੇ 'ਤੇ ਆਪਣੀ ਕ੍ਰਿਪਾ-ਦ੍ਰਿਸ਼ਟੀ ਕਰੇਗਾ ਵੀ ਕਿ ਨਹੀਂ ?)॥ ਟੇਕ॥
(ਹੇ ਭਾਈ! ਪ੍ਰਭੂ ਮਿਹਰ ਕਰਨ ਲੱਗਿਆਂ ਆਚਾਰ-ਵਿਹਾਰ ਜਾਂ ਊਚ-ਨੀਚ ਦਾ ਕੋਈ ਵਿਤਕਰਾ ਨਹੀਂ ਕਰਦਾ। ਜੋ ਵੀ ਉਸ ਦਾ ਨਾਮ ਸਿਮਰਦਾ ਹੈ ਉਹ ਉਸ ਦਾ ਪਾਰ-ਉਤਾਰਾ ਕਰ ਦਿੰਦਾ ਹੈ।) ਗਨਿਕਾ ਨੇ ਕਿਹੜੇ ਚੰਗੇ ਕਰਮ ਕੀਤੇ ਸਨ। ਉਹ

ਦਿਨ-ਰਾਤ ਪਰਾਏ ਮਰਦਾਂ ਨਾਲ ਭੋਗ-ਬਿਲਾਸ ਵਿੱਚ ਮਸਤ ਰਹਿਣ ਵਾਲੀ ਵੇਸਵਾ ਸੀ, ਪਰ ਪ੍ਰਭੂ ਦੇ ਨਾਮ ਦਾ ਸਿਮਰਨ ਕਰਕੇ ਪਰਮ ਗਤੀ ਨੂੰ ਪ੍ਰਾਪਤ ਹੋਈ ਤੇ ਸੱਚਖੰਡ ਦੀ ਵਾਸੀ ਹੋ ਗਈ ਭਾਵ ਪ੍ਰਭੂ ਨਾਲ ਇਕ-ਰੂਪ ਹੋ ਗਈ॥

2. ਸਤਿਗੁਰੂ ਨਾਮਦੇਵ ਜੀ ਨੂੰ ਨੀਚ ਕਹੀ ਜਾਣ ਵਾਲੀ ਛੀਂਬਾ ਜਾਤ ਦਾ ਸਮਝਿਆ ਜਾਂਦਾ ਸੀ ਪਰ ਉਨ੍ਹਾਂ ਨੇ ਪਰਮਾਤਮਾ ਦੇ ਨਾਮ-ਸਿਮਰਨ ਦੀ ਅਜਿਹੀ ਕਮਾਈ ਕੀਤੀ ਕਿ ਤਿੰਨਾਂ ਲੋਕਾਂ ਵਿੱਚ ਉਨ੍ਹਾਂ ਦੀ ਮਹਿਮਾ ਦੇ ਗੁਣ ਗਾਏ ਜਾਂਦੇ ਹਨ। (ਜਿਹੜੇ ਜੀਵ ਪਰਮਾਤਮਾ ਦਾ ਨਾਮ ਸਿਮਰਦੇ ਹਨ ਉਹ ਪਰਮਾਤਮਾ ਨੂੰ ਪਾ ਲੈਂਦੇ ਹਨ।) ਉਨ੍ਹਾਂ ਦੀ ਪਰਮਾਤਮਾ 'ਤੇ ਚਲਦੀ ਹੈ ਭਾਵ ਪਰਮਾਤਮਾ ਉਨ੍ਹਾਂ ਭਗਤਾਂ ਦੇ ਵੱਸ ਵਿੱਚ ਹੁੰਦੇ ਹਨ। (ਕਿਹਾ ਜਾਂਦਾ ਹੈ ਕਿ ਸੰਤ ਬੀਠਲ ਦਾਸ ਜੀ ਇਕ ਰਾਜੇ ਦੇ ਮਾਲੀ ਸਨ ਤੇ ਰੋਜ਼ ਫੁੱਲਾਂ ਦੀ ਮਾਲਾ ਉਸ ਨੂੰ ਪਹੁੰਚਾਉਂਦੇ ਸਨ। ਇਕ ਦਿਨ ਸਿਮਰਨ ਵਿੱਚ ਅੰਤਰ-ਧਿਆਨ ਹੋਣ ਕਾਰਨ ਰਾਜੇ ਕੋਲ ਰੋਜ਼ ਦੀ ਤਰ੍ਹਾਂ ਫੁੱਲਾਂ ਦੀ ਮਾਲਾ ਨਾ ਪਹੁੰਚਾ ਸਕੇ।) ਆਪਣੇ ਭਗਤ ਦੀ ਲਾਜ ਰੱਖਣ ਲਈ ਪ੍ਰਭੂ ਨੇ ਖ਼ੁਦ ਉਨ੍ਹਾਂ ਦਾ ਰੂਪ ਧਾਰ ਕੇ ਰਾਜੇ ਕੋਲ ਫੁੱਲਾਂ ਦੀ ਮਾਲਾ ਪਹੁੰਚਾਈ॥

3. ਹੇ ਭਾਈ! ਭਾਵੇਂ ਕੋਈ ਕਰੋੜਾਂ ਯੱਗ ਕਰ ਲਵੇ, ਪਰ ਇਹ ਯੱਗ ਪਰਮਾਤਮਾ ਦੇ ਨਾਮ-ਸਿਮਰਨ ਦੀ ਬਰਾਬਰੀ ਨਹੀਂ ਕਰ ਸਕਦੇ। ਪਰਮਾਤਮਾ ਦੇ ਸਿਮਰਨ ਬਾਝੋਂ ਜੀਵ ਦਾ ਸੰਸਾਰ-ਰੂਪੀ ਭਵਸਾਗਰ ਤੋਂ ਪਾਰ ਉਤਾਰਾ ਸੰਭਵ ਨਹੀਂ। ਹੇ ਸੰਸਾਰੀ ਜੀਵੋ! ਨਿਰਗੁਣ ਪਰਮਾਤਮਾ ਦੇ ਨਾਮ-ਸਿਮਰਨ ਦੀ ਮਹਿਮਾ ਦੇਖੋ ਕਿ ਸਤਿਗੁਰੂ ਕਬੀਰ ਸਾਹਿਬ (ਜੋ ਜਾਤ ਦੇ ਜੁਲਾਹੇ ਸਨ) ਦੇਹ ਸਹਿਤ ਹੀ ਸੱਚਖੰਡ ਗਏ॥

4. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਮੇਰੀ ਜਾਤ ਨੀਚ ਕਹੀ ਜਾਣ ਵਾਲੀ ਮੰਨੀ ਜਾਂਦੀ ਹੈ ਤੇ ਨੀਚ ਲੋਕਾਂ ਵਿੱਚ ਹੀ ਮੇਰਾ ਵਾਸਾ ਹੈ, ਪਰ ਪ੍ਰਭੂ ਭਗਤਾਂ ਦੇ ਚਰਨਾਂ ਵਿੱਚ ਬੈਠਣ ਨਾਲ ਮੈਨੂੰ ਪ੍ਰਭੂ ਦੇ ਚਰਨਾਂ ਵਿੱਚ ਨਿਵਾਸ ਮਿਲ ਗਿਆ ਹੈ। (ਉਹ ਪ੍ਰਭੂ ਭਗਤਾਂ ਦੀ ਭਗਤੀ-ਭਾਵਨਾ ਨੂੰ ਦੇਖਦਾ ਹੈ ਨਾ ਕਿ ਮਨੁੱਖ ਦੀ ਬਣਾਈ ਹੋਈ ਜਾਤ-ਪਾਤ ਜਾਂ ਊਚ-ਨੀਚ ਨੂੰ।) ਹੇ ਭਾਈ! ਪ੍ਰਭੂ ਦੀ ਪ੍ਰਾਪਤੀ ਚਾਰੇ ਵੇਦਾਂ ਦੀ ਪੂਜਾ-ਪਾਠ ਕਰਨ ਨਾਲ ਨਹੀਂ ਹੋਣੀ ਸਗੋਂ ਅੰਤਰ-ਧਿਆਨ ਹੋ ਕੇ ਪ੍ਰਭੂ ਜੀ ਦਾ ਨਾਮ ਸਿਮਰਿਆਂ ਹੋਣੀ ਹੈ। ਇਸ ਲਈ ਮੈਂ ਚਾਰੇ ਵੇਦਾਂ ਦੀ ਪੂਜਾ-ਪਾਠ ਕਰਨ ਦਾ ਖੰਡਨ ਕਰਦਾ ਹਾਂ ਤੇ ਡੰਡਵਤ ਹੋ ਕੇ ਪ੍ਰਭੂ ਦੇ ਚਰਨ-ਕੰਵਲਾਂ ਵਿੱਚ ਪ੍ਰਣਾਮ ਕਰਦਾ ਹਾਂ॥

**ਭਾਵ ਅਰਥ** : ਪਰਮਾਤਮਾ ਦਾ ਨਾਮ-ਸਿਮਰਨ ਮੁਕਤੀ ਦਾ ਦੁਆਰ ਹੈ ਤੇ ਸੰਸਾਰ-ਰੂਪੀ ਭਵਸਾਗਰ ਨੂੰ ਤਰਨ ਦਾ ਇੱਕੋ ਇਕ ਸਾਧਨ ਹੈ।

## ਰਾਗੁ ਰਾਮਕਲੀ -63

***ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ॥***
***ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ॥ ੧॥***
***ਦੇਵ ਸੰਸੈ ਗਾਂਠਿ ਨ ਛੂਟੈ॥***

***ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ ॥ ੧ ॥ ਰਹਾਉ ॥***
***ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥***
***ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥ ੨ ॥***
***ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ ॥***
***ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ ॥ ੩ ॥ ੧ ॥***

**ਸ਼ਬਦ ਅਰਥ** : **ਪੜੀਐ**–ਪੜ੍ਹੀਦਾ ਹੈ। **ਗੁਨੀਐ**–ਵਿਚਾਰੀਦਾ ਹੈ। **ਸੁਨੀਐ**–ਸੁਣੀਦਾ ਹੈ। **ਅਨਭਉ**–ਅਨੁਭਵ ਕਰੀਦਾ ਹੈ। **ਭਾਉ**–ਪਿਆਰ, ਪ੍ਰੇਮ। **ਦਰਸੈ**–ਦਿਖਾਈ ਦੇਣਾ। **ਕੰਚਨੁ**–ਸੋਨਾ। **ਹਿਰਨ**–ਸ਼ੁੱਧ। **ਪਾਰਸਹਿ**–ਪਾਰਸ ਨੂੰ। **ਪਰਸੈ**–ਛੋਹੈ ॥ ੧ ॥ **ਦੇਵ**–ਹੇ ਪਰਮਾਤਮਾ। **ਸੰਸੈ**–ਸੰਸੇ,ਭਰਮ। **ਗਾਂਠਿ**–ਗੰਢ। **ਨ ਛੂਟੈ**–ਨਹੀਂ ਖੁੱਲ੍ਹਦੀ। **ਮਦ**–ਹੰਕਾਰ। **ਮਤਸਰ**–ਈਰਖ਼ਾ। **ਇਨ ਪੰਚਹੁ**–ਇਨ੍ਹਾਂ ਪੰਜ ਕਾਮਾਦਿਕ ਵਿਕਾਰਾਂ ਨੇ ॥ ੧ ॥
**ਕਬਿ**–ਕਵੀ। **ਕੁਲੀਨ**–ਚੰਗੀ ਕੁਲ ਵਾਲੇ। **ਪੰਡਿਤ**–ਵਿਦਵਾਨ। **ਗੁਨੀ**–ਗੁਣਵਾਨ। **ਸੂਰ**–ਸੂਰਮਾ। **ਦਾਤੇ**–ਦਾਨੀ। **ਬੁਧਿ**–ਬੁੱਧੀ, ਸੋਚ। **ਨਾਸੀ**–ਨਸ਼ਟ ਹੋਣਾ, ਖ਼ਤਮ ਹੋਣਾ ॥ ੨ ॥
**ਸਭੈ**–ਸਾਰੇ ਜੀਵ। **ਭੂਲਿ ਪਰੇ**–ਭੁੱਲੇ ਹੋਏ ਹਨ। **ਬਉਰੇ**–ਝੱਲੇ, ਕਮਲੇ। **ਅਧਾਰੁ**–ਆਸਰਾ। **ਨਾਰਾਇਨ**–ਉਹ ਪ੍ਰਭੂ ਜਿਸ ਦਾ ਘਰ ਸਾਰੇ ਨਰਾਂ (ਜੀਵਾਂ) ਵਿੱਚ ਹੈ ਅਰਥਾਤ ਸਭ ਜੀਵਾਂ ਅੰਦਰ ਵਿਆਪਕ ਪ੍ਰਭੂ। **ਜੀਵਨ**–ਜ਼ਿੰਦਗੀ ॥ ੩ ॥ ੧ ॥

**ਪਦ ਅਰਥ** : (ਹੇ ਪੰਡਿਤ! ਜਿਵੇਂ ਕੋਈ ਮਨੁੱਖ ਜੌਹਰੀ ਦੇ ਦੱਸੇ ਬਿਨਾਂ ਕੇਵਲ ਕਿਤਾਬਾਂ ਪੜ੍ਹ ਕੇ ਹੀ ਰਤਨ–ਜਵਾਹਰਾਤ ਦੀ ਸਹੀ ਪਰਖ ਨਹੀਂ ਕਰ ਸਕਦਾ ਤਿਵੇਂ ਹੀ ਜੀਵ ਪੂਰਨ ਗੁਰੂ ਤੋਂ ਬਿਨਾਂ ਕੇਵਲ ਆਪਣੀ ਬੁੱਧੀ ਦੇ ਬਲ ’ਤੇ ਹੀ ਪ੍ਰਭੂ ਦਾ ਯਥਾਰਥ ਗਿਆਨ ਪ੍ਰਾਪਤ ਨਹੀਂ ਕਰ ਸਕਦਾ।) ਹੇ ਪੰਡਿਤ! ਸਾਰੇ ਜੀਵ ਪ੍ਰਭੂ ਦਾ ਨਾਮ ਪੜ੍ਹਦੇ ਹਨ, ਸੁਣਦੇ ਹਨ ਤੇ ਉਸ ’ਤੇ ਵਿਚਾਰ ਵੀ ਕਰਦੇ ਹਨ ਪਰ ਕਾਮਾਦਿਕ ਵਿਕਾਰਾਂ ਦੇ ਪ੍ਰਭਾਵ ਕਾਰਨ ਉਨ੍ਹਾਂ ਦਾ ਮਨ ਭਟਕਦਾ ਰਹਿੰਦਾ ਹੈ ਜਿਸ ਕਰਕੇ ਉਨ੍ਹਾਂ ਦੇ ਅੰਦਰ ਪ੍ਰਭੂ ਦੇ ਪ੍ਰਤੀ ਪਿਆਰ ਦਾ ਅਨੁਭਵ ਪੈਦਾ ਹੁੰਦਾ ਦਿਖਾਈ ਨਹੀਂ ਦਿੰਦਾ (ਤੇ ਨਾ ਹੀ ਉਨ੍ਹਾਂ ਨੂੰ ਪ੍ਰਭੂ ਦੇ ਦਰਸ਼ਨ ਹੁੰਦੇ ਹਨ)। ਇਸ ਦੁਬਿਧਾ ਦਾ ਨਿਵਾਰਨ ਕਰਦੇ ਹੋਏ ਸਤਿਗੁਰੂ ਮਹਾਰਾਜ ਜੀ ਸਮਝਾਉਂਦੇ ਹਨ ਕਿ ਹੇ ਭਾਈ! ਜਦੋਂ ਤੱਕ ਲੋਹਾ ਪਾਰਸ ਨਾਲ ਨਹੀਂ ਛੋਹੇਗਾ ਉਦੋਂ ਤੱਕ ਉਹ ਸ਼ੁੱਧ ਸੋਨਾ ਨਹੀਂ ਬਣ ਸਕੇਗਾ। ਤਿਵੇਂ ਹੀ ਜਦੋਂ ਤੱਕ ਜੀਵ ਦੇ ਮਨ ਦੀ ਛੋਹ ਪੂਰਨ ਸਤਿਗੁਰੂ ਦੇ ‘ਨਾਮ–ਸ਼ਬਦ’ ਨਾਲ ਨਹੀਂ ਹੋਵੇਗੀ ਉਦੋਂ ਤੱਕ ਉਹ ਪ੍ਰਭੂ ਦੇ ਦਰਸ਼ਨ ਨਹੀਂ ਕਰ ਸਕੇਗਾ ॥

ਹੇ ਪਰਮਾਤਮਾ! ਪੰਜ ਕਾਮਾਦਿਕ ਵਿਕਾਰਾਂ ਕਾਮ, ਕ੍ਰੋਧ, ਮਾਇਆ, ਹੰਕਾਰ ਤੇ ਈਰਖ਼ਾ ਨੇ ਮਿਲ ਕੇ ਜੀਵ ਦੇ ਆਤਮਿਕ ਗੁਣਾਂ ਨੂੰ ਲੁੱਟ ਲਿਆ ਹੈ ਜਿਸ ਕਰਕੇ ਉਸਦੇ ਸਹਿਮਾਂ ਤੇ ਭਰਮਾਂ ਦੀ ਗੰਢ ਨਹੀਂ ਖੁੱਲ੍ਹਦੀ (ਭਾਵ ਸਹਿਮ ਤੇ ਭਰਮ ਕਿਸੇ ਨਾ ਕਿਸੇ ਰੂਪ ’ਚ ਉਸ ਨੂੰ ਘੇਰੀ ਰੱਖਦੇ ਹਨ ਜਿਸ ਕਰਕੇ ਉਹ ਰੂਹਾਨੀਅਤ ਦੇ ਮਾਰਗ ’ਤੇ ਚੱਲ ਨਹੀਂ ਪਾ ਰਿਹਾ।) ॥ ੧ ॥ ਰਹਾਉ ॥

2. ਇਨ੍ਹਾਂ ਪੰਜ ਕਾਮਾਦਿਕ ਵਿਕਾਰਾਂ ਦੇ ਪ੍ਰਭਾਵ ਅਧੀਨ ਹੋਇਆ ਜੀਵ ਆਪਣੇ–

ਆਪ ਨੂੰ ਬਹੁਤ ਵੱਡਾ ਕਵੀ, ਚੰਗੀ ਕੁਲ ਵਾਲਾ ਪੁਰਖ, ਉੱਚ ਕੋਟੀ ਦਾ ਵਿਦਵਾਨ, ਮਹਾਨ ਯੋਗੀ, ਹਰ ਤਰ੍ਹਾਂ ਨਾਲ ਸੰਸਾਰ ਨੂੰ ਤਿਆਗਣ ਵਾਲਾ ਸੰਨਿਆਸੀ, ਸਾਰੇ ਸ਼ਾਸਤਰਾਂ ਦਾ ਗਿਆਨ ਜਾਣਨ ਵਾਲਾ ਗਿਆਨਵਾਨ, ਸਭ ਤਰ੍ਹਾਂ ਦੇ ਗੁਣਾਂ ਨੂੰ ਜਾਣਨ ਵਾਲਾ ਗੁਣਵਾਨ, ਮਹਾਨ ਸੂਰਮਾ ਤੇ ਵੱਡਾ ਦਾਨੀ ਸਮਝਦਾ ਹੈ। ਉਹ ਜਿਸ ਪਾਸੇ ਵੀ ਪੈਂਦਾ ਹੈ ਉਸ ਦਾ ਮਾਣ ਕਰਨ ਲੱਗ ਜਾਂਦਾ ਹੈ। ਇਸ ਤਰ੍ਹਾਂ ਦੀ ਹਉਮੈ ਤੇ ਹੰਕਾਰ ਭਰੀ ਸੋਚ ਉਸ ਦੇ ਮਨ ਵਿੱਚੋਂ ਕਦੇ ਵੀ ਖ਼ਤਮ ਨਹੀਂ ਹੁੰਦੀ ਬਲਕਿ ਕਾਮਾਦਿਕ ਚੋਰਾਂ ਮਗਰ ਲੱਗ ਕੇ ਹੋਰ ਵਧਦੀ ਜਾਂਦੀ ਹੈ॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਇਨ੍ਹਾਂ ਪੰਜ ਕਾਮਾਦਿਕ ਵਿਕਾਰਾਂ ਤੋਂ ਲੁੱਟੇ ਹੋਏ ਸਾਰੇ ਜੀਵ ਆਤਮਿਕ ਬੇਸਮਝੀ ਦਾ ਸ਼ਿਕਾਰ ਬਣੇ ਹੋਏ ਹਨ ਅਤੇ ਭੁੱਲ-ਭਟਕ ਕੇ ਝੱਲਿਆਂ ਵਾਂਗ ਵਿਵਹਾਰ ਕਰ ਰਹੇ ਹਨ। (ਕੋਈ ਵੀ ਇਹ ਸੋਚਣ ਦੀ ਖੇਚਲ ਨਹੀਂ ਕਰਦਾ ਕਿ ਜ਼ਿੰਦਗੀ ਦਾ ਅਸਲੀ ਆਸਰਾ ਤਾਂ ਪ੍ਰਭੂ ਦਾ ਨਾਮ-ਸਿਮਰਨ ਕਰਨਾ ਹੈ।) ਪਰ ਮੈਨੂੰ ਇਸ ਰਹੱਸ ਦਾ ਬੋਧ ਹੋ ਗਿਆ ਹੈ। ਹੁਣ ਮੇਰੇ ਲਈ ਸਰਵ ਵਿਆਪਕ-ਪ੍ਰਭੂ ਦਾ ਨਾਮ ਹੀ ਮੇਰੇ ਜੀਵਨ ਦਾ ਆਧਾਰ ਹੈ, ਉਸ ਦਾ ਨਾਮ ਹੀ ਮੇਰੇ ਪ੍ਰਾਣ ਹਨ ਤੇ ਉਸ ਦਾ ਨਾਮ ਹੀ ਮੇਰੀ ਧਨ-ਦੌਲਤ ਹੈ॥

**ਭਾਵ ਅਰਥ** : ਪਰਮਾਤਮਾ ਦੇ ਨਾਮ ਦਾ ਸਿਮਰਨ ਹੀ ਜੀਵ ਨੂੰ ਕਾਮਾਦਿਕ ਵਿਕਾਰਾਂ ਤੋਂ ਬਚਾਉਂਦਾ ਹੈ ਤੇ ਮੁਕਤੀ ਦਾ ਰਾਹ ਦਿਖਾਉਂਦਾ ਹੈ।

## ਰਾਗੁ ਰਾਮਕਲੀ -64

***ਪਰਚੈ ਰਾਮ ਰਮੈ ਜੇ ਕੋਈ, ਪਾਰਸੁ ਪਰਸੇ ਦੁਬਿਧਾ ਨ ਹੋਈ॥ ਟੇਕ॥***
***ਜੋ ਦੀਸੈ ਸੋ ਸਕਲ ਬਿਨਾਸ, ਅਨਡੀਠੈ ਨਾਹੀਂ ਵਿਸਵਾਸ॥ ੧॥***
***ਬਰਨ ਸਹਿਤ ਕਹੈ ਜੋ ਰਾਮੁ, ਸੋ ਭਗਤਾ ਕੇਵਲ ਨਿਹਕਾਮੁ॥ ੨॥***
***ਫਲ ਕਾਰਨਿ ਫੂਲੇ ਬਨਰਾਈ, ਉਪਜੈ ਫਲ ਤਬ ਪਹੁਪ ਬਿਲਾਈ॥ ੩॥***
***ਗਿਆਨਹਿ ਕਾਰਨਿ ਕਰਮ ਕਰਾਈ, ਉਪਜੈ ਗਿਆਨੁ ਤਬ ਕਰਮ ਨਸਾਈ॥ ੪॥***
***ਬਟਿਕ ਬੀਜ ਜੈਸਾ ਆਕਾਰ, ਪਸਰਿਓ ਤੀਨਿ ਲੋਕ ਪਾਸਾਰ॥ ੫॥***
***ਜਹਾਂ ਕਾ ਉਪਜਾ ਤਹਾਂ ਸਮਾਈ, ਸਹਜ ਸੁਨਯ ਮੇਂ ਰਹਿਓ ਲੁਕਾਈ॥ ੬॥***
***ਜੋ ਮਨ ਬਿੰਦੈ ਸੋਈ ਬਿੰਦ, ਅਮਾਵਸ ਮੇਂ ਜੋਉਂ ਦੀਸੈ ਚੰਦ॥ ੭॥***
***ਜਲ ਮਹਿ ਜੈਸੇ ਤੂੰਬਾ ਤਿਰੈ, ਪਰਚੈ ਪਿੰਡ ਜੀਵੈ ਨਾਹਿ ਮਰੈ॥ ੮॥***
***ਸੋ ਮੁਨਿ ਕੌਣ ਜੁ ਮਨੁ ਕੋ ਖਾਇ, ਬਿਨੁ ਦੁਆਰੇ ਤ੍ਰਿਲੋਕ ਸਮਾਇ॥ ੯॥***
***ਮਨੁ ਕੀ ਮਹਿਮਾ ਸਬ ਕੋਇ ਕਹੈ, ਕਰਤਾ ਸੋ ਜੋ ਅਨਭੈ ਰਹੈ॥ ੧੦॥***
***ਕਹੈ ਰਵਿਦਾਸ ਯਹੁ ਪਰਮ ਬੈਰਾਗ, ਰਾਮ ਨਾਮੁ ਕੀ ਨ ਜਪਹੁੰ ਸੁਭਾਗ॥ ੧੧॥***
***ਘ੍ਰਿਤ ਕਾਰਨਿ ਦਧਿ ਮਥੈ ਸਇਆਨ, ਜੀਵਨ ਮੁਕਤਿ ਸਦਾ ਨਿਰਬਾਨ॥ ੧੨॥***

**ਸ਼ਬਦ ਅਰਥ** : **ਪਰਚੈ**-ਪਰਚ ਜਾਣਾ, ਪਹਿਚਾਣ ਹੋਣੀ। **ਪਰਸੇ**-ਛੁੰਹਦਾ ਹੈ। **ਦੁਬਿਧਾ**-ਸ਼ੰਕਾ, ਭਰਮ, ਦਵੰਧ। **ਬਿਨਾਸ**-ਨਾਸ਼ਵਾਨ। **ਅਨਡੀਠੈ**-ਅਣਦੇਖਿਆਂ, ਬਿਨਾ ਦੇਖੇ॥ ੧॥
**ਬਰਨ**-ਵਰਣਨ, ਸਿਫ਼ਤਿ ਸਾਲਾਹ, ਵਡਿਆਈ। **ਨਿਹਕਾਮੁ**-ਕਾਮਨਾ ਰਹਿਤ॥ ੨॥

**ਕਾਰਨਿ**-ਵਾਸਤੇ। **ਬਨਰਾਈ**-ਬਨਸਪਤੀ। **ਉਪਜੈ**-ਪੈਦਾ ਹੁੰਦੇ ਹਨ, ਲੱਗ ਜਾਂਦੇ ਹਨ। **ਪਹੁਪ**-ਫੁੱਲ। **ਬਿਲਾਈ**-ਖ਼ਤਮ ਹੋਣਾ, ਨਾਸ਼ ਹੋਣਾ॥ ੩॥

**ਗਿਆਨਹਿ**-ਆਤਮਿਕ ਗਿਆਨ, ਆਤਮਿਕ ਜੀਵਨ ਦੀ ਸੂਝ-ਬੂਝ। **ਕਰਮ ਕਰਾਈ**-ਕਰਮ ਕਰਨਾ। **ਗਿਆਨੁ**-ਬ੍ਰਹਮ ਗਿਆਨ। **ਨਸਾਈ**-ਨਾਸ਼ ਹੋਣਾ॥ ੪॥

**ਬਟਿਕ**-ਬੋਹੜ ਦਾ ਰੁੱਖ। **ਪਸਰਿਓ ਪਾਸਾਰ**-ਫ਼ੈਲਿਆ ਹੋਇਆ, ਸਮਾਇਆ ਹੋਇਆ॥ ੫॥

**ਸਹਜ**- ਪ੍ਰਕ੍ਰਿਤੀ, ਕਾਇਨਾਤ। **ਸੁਨਯ**-ਖਾਲੀ, ਚੇਤਨਤਾ ਰਹਿਤ। **ਲੁਕਾਈ**-ਲੁਕਿਆ ਹੋਇਆ, ਸਮਾਇਆ ਹੋਇਆ॥ ੬॥

**ਬਿੰਦੈ**-ਜਾਣਨਾ, ਪਛਾਣਨਾ, ਡੂੰਘੀ ਸਾਂਝ ਪਾਉਣਾ। **ਅਮਾਵਸ**-ਜਦੋਂ ਸੂਰਜ ਦੇ ਨਾਲ ਚੰਦ੍ਰਮਾ ਇਕ ਹੀ ਰਾਸ ਵਿੱਚ ਵਸਦੇ ਹਨ, ਹਨ੍ਹੇਰੇ ਪੱਖ ਦੀਆਂ ਰਾਤਾਂ, ਮੱਸਿਆ॥ ੭॥

**ਤੂੰਬਾ**-ਕੱਦੂ ਦੀ ਜਾਤ ਦਾ ਇਕ ਫਲ ਜੋ ਗੜਵੇ ਦੀ ਸ਼ਕਲ ਵਾਂਗ ਹੁੰਦਾ ਹੈ। **ਤਿਰੈ**-ਤਰਨਾ। **ਪਿੰਡ**-ਸਰੀਰ॥ ੮॥

**ਮੁਨਿ**-ਰਿਸ਼ੀ ਮੁਨੀ। **ਮਨੁ ਕੋ ਖਾਇ**-ਮਨ ਮਾਰ ਲੈਣਾ। **ਬਿਨੁ ਦੁਆਰੇ**-ਉਹ ਪ੍ਰਭੂ ਜੋ ਦਸ ਦੁਆਰਿਆਂ ਵਾਲਾ ਸਰੀਰ ਨਹੀਂ ਹੈ। **ਤ੍ਰਿਲੋਕ**-ਤਿੰਨ ਲੋਕ ॥ ੯॥

**ਮਹਿਮਾ**-ਵਡਿਆਈ। **ਕਰਤਾ ਸੋ**-ਕਰਨ ਵਾਲ, ਪਰਮਾਤਮਾ। **ਅਨਭੈ**-ਭੈਅ ਰਹਿਤ॥ ੧੦॥

**ਪਰਮ ਬੈਰਾਗ**-ਸਭ ਤੋਂ ਉੱਚੇ ਵੈਰਾਗ ਦੀ ਅਵਸਥਾ। **ਸੁਭਾਗ**-ਚੰਗੇ ਭਾਗਾਂ ਵਾਲਾ॥ ੧੧॥

**ਘ੍ਰਿਤ**-ਘਿਉ। **ਦਧਿ**-ਦਹੀਂ। **ਮਥੈ**-ਰਿੜਕਦੀ ਹੈ। **ਸਇਆਨ**-ਸਿਆਣੀ ਇਸਤਰੀ। **ਨਿਰਬਾਨ**-ਵਾਸ਼ਨਾ ਰਹਿਤ ਆਤਮਿਕ ਦਰਜਾ, ਅਬਿਨਾਸ਼ੀ ਪਦ॥ ੧੨॥

**ਪਦ ਅਰਥ** : ਜਦੋਂ ਜੀਵ ਪਰਮਾਤਮਾ ਦੇ ਨਾਮ-ਸਿਮਰਨ ਵਿੱਚ ਰਮ ਜਾਂਦਾ ਹੈ ਤਾਂ ਉਸਦਾ ਮਨ ਪ੍ਰਭੂ ਵਿੱਚ ਪਰਚ ਜਾਂਦਾ ਹੈ। ਫਿਰ ਉਸ ਨੂੰ ਪ੍ਰਭੂ ਦੀ ਜਾਣ-ਪਛਾਣ ਹੋ ਜਾਂਦੀ ਹੈ ਤੇ ਉਸ ਨਾਲ ਇਕਮਿਕਤਾ ਤੇ ਇਕਸਾਰਤਾ ਬਣ ਜਾਂਦੀ ਹੈ। ਹੇ ਭਾਈ! ਇਹ ਉਵੇਂ ਹੀ ਹੈ ਜਿਵੇਂ ਕਿ ਪਾਰਸ ਨਾਲ ਲੱਗ ਕੇ ਇਹ ਦੁਬਿਧਾ ਜਾਂ ਸ਼ੰਕਾ ਨਹੀਂ ਰਹਿੰਦੀ ਕਿ ਲੋਹਾ ਸੋਨਾ ਬਣੇਗਾ ਵੀ ਕਿ ਨਹੀਂ। ਲੋਹਾ ਤਾਂ ਪਾਰਸ ਨੂੰ ਛੁਹਾਂਦਿਆਂ ਸਾਰ ਹੀ ਸ਼ੁੱਧ ਸੋਨਾ ਬਣ ਜਾਂਦਾ ਹੈ॥ ਟੇਕ॥

ਸੰਸਾਰ ਵਿੱਚ ਜੋ ਕੁਝ ਵੀ ਦਿਖਾਈ ਦਿੰਦਾ ਹੈ ਉਹ ਸਭ ਕੁਝ ਨਾਸ਼ਵਾਨ ਹੈ, ਪਰ ਜੋ ਦਿਖਾਈ ਨਹੀਂ ਦਿੰਦਾ ਉਸ ’ਤੇ ਵਿਸ਼ਵਾਸ ਨਹੀਂ ਹੁੰਦਾ। ਇਸੇ ਤਰ੍ਹਾਂ ਹੀ ਪਰਮਾਤਮਾ ਜੋ ਨਿਰਾਕਾਰ ਹੈ, ਉਸ ਨੂੰ ਦੇਖੇ ਬਿਨਾਂ ਜੀਵ ਦੇ ਮਨ ਵਿੱਚ ਵੀ ਉਸ ਦੇ ਪ੍ਰਤੀ ਵਿਸ਼ਵਾਸ ਪੈਦਾ ਨਹੀਂ ਹੁੰਦਾ॥

2. ਜਿਹੜਾ ਜੀਵ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਦਾ ਹੋਇਆ ਉਸ ਦੇ ਨਾਮ ਦਾ ਸਿਮਰਨ ਕਰਦਾ ਹੈ ਕੇਵਲ ਉਹੀ ਜੀਵ ਸੱਚਾ ਭਗਤ ਕਹਿਲਾਉਂਦਾ ਹੈ ਤੇ ਉਹ ਸਦਾ ਲਈ ਕਾਮਨਾ ਰਹਿਤ ਹੋ ਜਾਂਦਾ ਹੈ॥

3. ਸੰਸਾਰ ਦੀ ਸਾਰੀ ਬਨਸਪਤੀ ਫਲ ਪੈਦਾ ਕਰਨ ਲਈ ਪਹਿਲਾਂ ਫੁੱਲਾਂ ਨਾਲ ਖਿੜਦੀ ਹੈ ਪਰ ਜਦੋਂ ਫਲ ਲੱਗ ਜਾਂਦਾ ਹੈ ਤਾਂ ਫੁੱਲਾਂ ਦਾ ਨਾਸ਼ ਹੋ ਜਾਂਦਾ ਹੈ॥

4. ਇਵੇਂ ਹੀ ਆਤਮਿਕ ਗਿਆਨ ਦੀ ਪ੍ਰਾਪਤੀ ਲਈ ਜੀਵ ਸ੍ਰੇਸ਼ਟ ਕਰਮ ਕਰਦਾ ਹੈ। ਪਰ ਜਦੋਂ ਆਤਮਿਕ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਸ ਅੰਦਰੋਂ ਕਰਮ ਕਰਨ ਦਾ ਮੋਹ ਆਪਣੇ ਆਪ ਖ਼ਤਮ ਹੋ ਜਾਂਦਾ ਹੈ॥

5. ਸਾਰੀ ਸ੍ਰਿਸ਼ਟੀ ਜਿਹੜੀ ਤਿੰਨ ਲੋਕਾਂ ਵਿੱਚ ਫ਼ੈਲੀ ਹੋਈ ਹੈ ਉਹ ਤਾਂ ਕੇਵਲ

ਬੋਹੜ ਦੇ ਬੀਜ ਦੇ ਆਕਾਰ ਜਿੰਨੀ ਹੈ। ਭਾਵ ਸਾਰੀ ਸ੍ਰਿਸ਼ਟੀ ਕੇਵਲ ਇਕ ਬ੍ਰਹਮ-ਬੂੰਦ ਦੇ ਸਮਾਨ ਹੈ (ਤਾਂ ਬ੍ਰਹਮ ਦੇ ਫ਼ੈਲਾਓ ਦਾ ਅੰਦਾਜ਼ਾ ਲਗਾਉਣਾ ਜੀਵ ਦੀ ਬੁੱਧੀ ਤੋਂ ਪਰ੍ਹੇ ਹੈ।)॥

6. (ਅਸਲੀਅਤ ਇਹ ਹੈ ਕਿ ਸੰਸਾਰ ਵਿੱਚ ਨਸ਼ਟ ਕੁਝ ਵੀ ਨਹੀਂ ਹੁੰਦਾ।) ਜੋ ਵੀ ਜੀਵ-ਜੰਤੂ, ਵਸਤ-ਪਦਾਰਥ ਆਦਿਕ ਜਿੱਥੇ ਵੀ ਪੈਦਾ ਹੁੰਦੇ ਹਨ ਉਹ ਉੱਥੇ ਹੀ ਉਸ ਪ੍ਰਭੂ ਵਿੱਚ ਸਮਾ ਜਾਂਦੇ ਹਨ। ਕਿਉਂਕਿ ਉਹ ਪ੍ਰਭੂ ਸਹਜ ਰੂਪ (ਪ੍ਰਕ੍ਰਿਤੀ ਰੂਪ ਭਾਵ ਕਾਇਨਾਤ ਰੂਪ) ਵਿੱਚ ਤੇ ਸੁਨਯ ਰੂਪ (ਭਾਵ ਨਿਰਾਕਾਰ ਰੂਪ) ਵਿੱਚ ਖ਼ੁਦ ਸ੍ਰਿਸ਼ਟੀ ਦੇ ਕਣ-ਕਣ ਵਿੱਚ ਵਿਆਪਕ ਹੈ ਇਸ ਲਈ ਕੋਈ ਵੀ ਜੀਵ-ਜੰਤੂ, ਵਸਤ-ਪਦਾਰਥ ਆਦਿਕ ਉਸ ਤੋਂ ਬਾਹਰ ਸਮਾ ਹੀ ਨਹੀਂ ਸਕਦੇ ਬਲਕਿ ਉਸ ਅੰਦਰ ਹੀ ਸਮਾਉਂਦੇ ਹਨ॥

7. ਜਿਸ ਜੀਵ ਦਾ ਮਨ ਪ੍ਰਭੂ ਨੂੰ ਜਾਣ-ਪਹਿਚਾਣ ਲੈਂਦਾ ਹੈ ਕੇਵਲ ਉਹੀ ਜੀਵ ਜਾਣਦਾ ਹੈ ਕਿ ਪ੍ਰਭੂ ਸਦਾ-ਥਿਰ ਰਹਿਣ ਵਾਲਾ ਤੇ ਸਰਬ-ਵਿਆਪਕ ਹੈ, ਪਰ ਆਤਮਿਕ ਜੀਵਨ ਤੋਂ ਸੱਖਣਾ ਜੀਵ ਇਸ ਸੱਚਾਈ ਦਾ ਭੇਦ ਨਹੀਂ ਜਾਣ ਸਕਦਾ। ਇਹ ਉਵੇਂ ਹੀ ਹੈ ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਚੰਦਰਮਾ ਤਾਂ ਸੰਸਾਰ ਵਿੱਚ ਹਮੇਸ਼ਾ ਹੁੰਦਾ ਹੈ, ਪਰ ਮੱਸਿਆ ਵਾਲੀ ਰਾਤ ਨਾ ਦਿਖਾਈ ਦੇਣ 'ਤੇ ਅਗਿਆਨੀ ਜੀਵ ਉਸ ਦੀ ਹੋਂਦ ਤੋਂ ਹੀ ਇਨਕਾਰ ਕਰ ਦਿੰਦਾ ਹੈ॥

8. ਜਿਸ ਤਰ੍ਹਾਂ ਇਹ ਸੱਚ ਹੈ ਕਿ ਤੂੰਬਾ ਹਮੇਸ਼ਾ ਪਾਣੀ 'ਤੇ ਤੈਰਦਾ ਹੈ, ਉਸੇ ਤਰ੍ਹਾਂ ਇਹ ਵੀ ਸੱਚ ਹੈ ਕਿ ਜਿਸ ਜੀਵ ਦਾ ਮਨ ਪ੍ਰਭੂ ਵਿੱਚ ਨਾ ਪਰਚ ਕੇ ਸਰੀਰ-ਰੂਪੀ ਪਿੰਡ ਵਿੱਚ ਪਰਚ ਜਾਂਦਾ ਹੈ ਤਾਂ ਉਹ ਜਿਊਂਦੇ-ਜੀਅ ਹੀ ਮਰੇ ਹੋਏ ਦੇ ਸਮਾਨ ਹੁੰਦਾ ਹੈ। ਭਾਵ ਉਹ ਜਨਮ-ਮਰਨ ਦੇ ਚੱਕਰਾਂ ਵਿੱਚ ਪਿਆ ਰਹਿੰਦਾ ਹੈ॥

9. ਜਿਹੜਾ ਜੀਵ ਪ੍ਰਭੂ-ਸਿਮਰਨ ਦੀ ਬਰਕਤਿ ਨਾਲ ਆਪਣੇ ਮਨ ਦੀ ਦੁਬਿਧਾ ਨੂੰ ਮਾਰ ਲੈਂਦਾ ਹੈ ਭਾਵ ਦਵੈਤ-ਭਾਵਨਾ ਨੂੰ ਖ਼ਤਮ ਕਰਕੇ ਅਦਵੈਤ-ਰੂਪ ਹੋ ਜਾਂਦਾ ਹੈ ਉਹ ਜੀਵ ਹੀ ਅਸਲ ਵਿੱਚ ਸੱਚਾ ਮੁਨੀ ਹੈ। ਉਹ ਮੁਨੀ ਬਿਨਾਂ ਕਿਸੇ ਦੁਬਿਧਾ ਦੇ ਉਸ ਪ੍ਰਭੂ ਵਿੱਚ ਸਮਾਇਆ ਰਹਿੰਦਾ ਹੈ ਜੋ ਦਸ ਦੁਆਰਿਆਂ ਤੋਂ ਰਹਿਤ ਹੈ ਤੇ ਤਿੰਨਾਂ ਲੋਕਾਂ ਵਿੱਚ ਵਿਆਪਕ ਹੈ॥

10. ਸੰਸਾਰ ਵਿੱਚ ਸਾਰੇ ਜੀਵ ਆਪੋ-ਆਪਣੇ ਮਨ ਦੀ ਹੀ ਵਡਿਆਈ ਕਰਦੇ ਹਨ ਪਰ ਜਿਹੜਾ ਜੀਵ ਆਪਣੇ ਮਨ ਦੇ ਪਿੱਛੇ ਨਾ ਲੱਗ ਕੇ ਉਸ ਨੂੰ ਵੱਸ ਵਿੱਚ ਕਰਕੇ ਪਰਮਾਤਮਾ ਦਾ ਨਾਮ ਸਿਮਰਦਾ ਰਹਿੰਦਾ ਹੈ ਉਹ ਪ੍ਰਭੂ ਦਾ ਹੀ ਰੂਪ ਹੋ ਜਾਂਦਾ ਹੈ ਤੇ ਨਿਰਭੈ ਹੋ ਕੇ ਸੰਸਾਰ ਵਿੱਚ ਵਿਚਰਦਾ ਹੈ॥

11. ਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਮਨ ਨੂੰ ਕਾਬੂ ਕਰਕੇ ਉਸ ਨੂੰ ਦੁਬਿਧਾ ਰਹਿਤ ਕਰਨਾ ਤੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਨਾ ਹੀ ਸਭ ਤੋਂ ਉੱਚੇ ਵੈਰਾਗ ਦੀ ਅਵਸਥਾ ਨੂੰ ਪਾਉਣਾ ਹੈ। ਹੇ ਸੁਭਾਗੇ ਜੀਵ! ਇਸ ਅਵਸਥਾ ਨੂੰ ਪਾਉਣ ਲਈ ਫਿਰ ਤੂੰ ਪ੍ਰਭੂ ਦੇ ਨਾਮ ਦਾ ਸਿਮਰਨ ਕਿਉਂ ਨਹੀਂ ਕਰਦਾ?॥

12. ਜਿਵੇਂ ਸਿਆਣੀ ਇਸਤਰੀ ਘਿਓ ਕੱਢਣ ਲਈ ਦਹੀਂ ਰਿੜਕਦੀ ਹੈ। ਜਦੋਂ

ਮੱਖਣ ਨਿੱਕਲ ਆਉਂਦਾ ਹੈ ਤਾਂ ਉਹ ਰਿੜਕਣਾ ਬੰਦ ਕਰ ਦਿੰਦੀ ਹੈ। ਇਸੇ ਤਰ੍ਹਾਂ ਬ੍ਰਹਮ ਗਿਆਨ ਦੀ ਪ੍ਰਾਪਤੀ ਲਈ ਜੀਵ ਸ੍ਰੇਸ਼ਟ ਕਰਮ ਕਰਦਾ ਹੈ। ਜਦੋਂ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਉਹ ਕਰਮ ਕਰਨ ਦੇ ਮੋਹ ਨੂੰ ਮਿਟਾ ਦਿੰਦਾ ਹੈ। ਉਹ ਜਿਊਂਦੇ-ਜੀਅ ਹੀ (ਭਾਵ ਗ੍ਰਿਹਸਤ ਜੀਵਨ ਵਿੱਚ ਰਹਿੰਦਾ ਹੋਇਆ ਹੀ, ਤੇ ਦੁਨੀਆਂ ਦੀ ਕਿਰਤ-ਕਾਰ ਕਰਦਾ ਹੋਇਆ ਹੀ) ਵਾਸ਼ਨਾ-ਰਹਿਤ ਆਤਮਿਕ ਅਵਸਥਾ ਨੂੰ ਪ੍ਰਾਪਤ ਕਰਕੇ ਸਦਾ ਲਈ ਜੀਵਨ ਮੁਕਤ ਹੋ ਜਾਂਦਾ ਹੈ॥

**ਭਾਵ ਅਰਥ** : ਪ੍ਰਭੂ ਦਾ ਸਿਮਰਨ ਕਰਨ ਨਾਲ ਜੀਵ ਦੇ ਮਨ ਦੀ ਦਵੈਤ ਭਾਵਨਾ ਮਿਟ ਜਾਂਦੀ ਹੈ ਤੇ ਉਹ ਪ੍ਰਭੂ ਵਿੱਚ ਸਮਾ ਕੇ ਨਿਰਵਾਨ ਪਦ ਪ੍ਰਾਪਤ ਕਰਦਾ ਹੈ।

## ਰਾਗੁ ਰਾਮਕਲੀ -65

***ਅਬ ਮੈਂ ਹਾਰਿਓ ਰੇ ਭਾਈ।***
***ਥਕਿਤ ਭਇਓ ਸਭ ਹਾਲ ਚਾਲ ਤੇ, ਲੋਗਨਿ ਵੇਦ ਬੜਾਈ॥ ਟੇਕ॥***
***ਥਕਿਤ ਭਇਓ ਗਾਇਨ ਅਰ ਨਾਚਨ, ਥਾਕੀ ਸੇਵਾ ਪੂਜਾ।***
***ਕਾਮ ਕ੍ਰੋਧ ਤੇ ਦੇਹ ਥਕਿਤ ਭਈ, ਕਹੌਂ ਕਹਾਂ ਲੌਂ ਦੂਜਾ॥ ੧॥***
***ਰਾਮ ਜਨੁ ਹੋਊਂ ਨ ਭਗਤ ਕਹਾਊਂ, ਚਰਨ ਪਖਾਰੂੰ ਨ ਦੇਵਾ।***
***ਜੋਈ ਜੋਈ ਕਰੂੰ ਉਲਟਿ ਮੋਹਿ ਬਾਂਧੇ, ਤਾਂ ਤੈ ਨਿਕਟਿ ਨ ਭੇਵਾ॥ ੨॥***
***ਪਹਿਲੇ ਗਿਆਨ ਕਾ ਕੀਆ ਚਾਂਦਿਨਾ, ਪੀਛੈ ਦੀਯਾ ਬੁਝਾਈ।***
***ਸੁੰਨਿ ਸਹਿਜ ਮੈਂ ਦੋਊ ਤਿਆਗੇ, ਰਾਮ ਕਹੂੰ ਨਾ ਖੁਦਾਈ॥ ੩॥***
***ਦੂਰਿ ਬਸੈ ਖਟ ਕਰਮ ਸਕਲ, ਅਰ ਦੂਰਿਉ ਕੀਨਹੈਂ ਸੇਊ।***
***ਗਿਆਨ-ਧਿਆਨ ਦੋਊ ਦੂਰਿ ਕੀਨ੍ਹੈ, ਦੂਰਿਉ ਛਾਡੈ ਤੇਊ॥ ੪॥***
***ਪੰਚੋ ਥਕਿਤ ਭਇ ਜਹਾਂ ਤਹਾਂ, ਜਹਾਂ ਤਹਾਂ ਥਿਤਿ ਪਾਈ।***
***ਜਾ ਕਾਰਨਿ ਮੈ ਦੌਰਿਓ ਫਿਰਤੌਂ, ਸੋ ਅਬ ਘਟ ਮੈਂ ਪਾਈ॥ ੫॥***
***ਪੰਚੋ ਮੇਰੀ ਸਖੀ ਸਹੇਲੀ, ਤਿਨ ਨਿਧਿ ਦਈ ਦਿਖਾਈ।***
***ਅਬ ਮਨ ਫੂਲਿ ਭਇਓ ਜਗ ਮਹਿੰ, ਉਲਟਿ ਆਪ ਮਹਿੰ ਸਮਾਈ॥ ੬॥***
***ਚਲਤ ਚਲਤ ਮੇਰੋ ਨਿਜ ਮਨ ਥਾਕਿਓ, ਅਬ ਮੋ ਪੈ ਚਲਿਓ ਨ ਜਾਈ।***
***ਸਾਂਈ ਸਹਿਜ ਮਿਲਿਓ ਸੋਈ ਸਨਮੁਖ, ਕਹੈ ਰਵਿਦਾਸ ਬੜਾਈ॥ ੭॥***

**ਸ਼ਬਦ ਅਰਥ** : **ਹਾਲ ਚਾਲ**-ਆਉਣਾ ਜਾਣਾ, ਭਟਕਣਾ। **ਲੋਗਨਿ**-ਲੋਕ। **ਬੜਾਈ**-ਵਡਿਆਈ, ਮਹੱਤਤਾ। **ਸੇਵਾ ਪੂਜਾ**-ਮੂਰਤੀ ਦੀ ਸੇਵਾ-ਪੂਜਾ॥ ੧॥
**ਜਨੁ**-ਸੇਵਕ, ਜੀਵ। **ਪਖਾਰੂੰ**-ਧੋਣਾ। **ਮੋਹਿ**-ਮੈਨੂੰ। **ਨਿਕਟਿ**-ਨਜ਼ਦੀਕ। **ਭੇਵਾ**-ਭੇਦ॥ ੨॥
**ਚਾਂਦਿਨਾ**-ਪ੍ਰਕਾਸ਼। **ਸੁੰਨਿ ਸਹਿਜ**-ਸੁੰਨਿ ਸਹਿਜ ਅਵਸਥਾ, ਆਤਮਿਕ ਅਡੋਲ ਅਵਸਥਾ ਜਿੱਥੇ ਮਾਇਆ ਦਾ ਕੋਈ ਫ਼ੁਰਨਾ ਨਹੀਂ ਉੱਠਦਾ। **ਖ਼ੁਦਾਈ**-ਖ਼ੁਦਾ, ਅੱਲ੍ਹਾ॥ ੩॥
**ਦੂਰਿ ਬਸੈ**-ਦੂਰ ਹੋ ਗਏ, ਤਿਆਗ ਦਿੱਤੇ। **ਖਟ ਕਰਮ**-ਛੇ ਕਰਮ (ਬ੍ਰਾਹਮਣਾਂ ਦੁਆਰਾ ਪ੍ਰਚੱਲਿਤ-ਪੜ੍ਹਨਾ ਤੇ ਪੜ੍ਹਾਉਣਾ, ਜਗ ਕਰਨਾ ਤੇ ਜਗ ਕਰਾਉਣਾ, ਦਾਨ ਦੇਣਾ ਤੇ ਦਾਨ ਲੈਣਾ। ਜੋਗਮਤ ਅਨੁਸਾਰ-ਧੋਤੀ, ਨੇਤ੍ਰੀ, ਨਿਉਲੀ, ਵਸਤੀ, ਕਪਾਲਭਾਤੀ ਤੇ ਤ੍ਰਾਟਕ।)। **ਸਕਲ**-ਸਾਰੇ। **ਸੇਊ**-ਸ਼ਿਵ ਜੀ ਦੀ ਭਗਤੀ। **ਦੂਰਿਉ**-ਦੂਰ ਤੋਂ। **ਤੇਊ**-ਉਨ੍ਹਾਂ

ਨੂੰ॥ ੪॥ **ਪੰਚੋ**–ਪੰਜ ਗਿਆਨ ਇੰਦਰੀਆਂ। **ਜਹਾਂ ਤਹਾਂ**–ਇੱਧਰ ਉੱਧਰ, ਚਾਰੇ ਪਾਸੇ। **ਥਿਤਿ**–ਸਥਿਰ, ਸਾਂਤ। **ਦੌਰਿਓ ਫਿਰਤੌ**–ਦੌੜਦਾ ਫਿਰਦਾ। **ਘਟ**–ਸਰੀਰ, ਹਿਰਦਾ॥ ੫॥
**ਪੰਚੋ**-ਪੰਜ ਗਿਆਨ ਇੰਦਰੀਆਂ। **ਫੂਲਿ ਭਇਓ**–ਘੁਮੰਡ ਕਰਨਾ, ਹੰਕਾਰ ਕਰਨਾ। **ਜਗ ਮੰਹਿ ਉਲਟਿ**–ਸੰਸਾਰ ਵੱਲੋਂ ਉਲਟ ਕੇ, ਮਨ ਦੀ ਬਿਰਤੀ ਦਾ ਬਾਹਰ ਜਾਣ ਤੋਂ ਉਲਟਾ ਕੇ। **ਆਪ ਮੰਹਿ ਸਮਾਈ**–ਆਪਣੇ ਅੰਦਰ ਸਮਾਉਣਾ, ਅੰਤਰਮੁਖੀ ਹੋਣਾ॥ ੬॥
**ਚਲਤ ਚਲਤ**–ਭਟਕਦਾ ਭਟਕਦਾ। **ਨਿਜ**–ਆਪਣਾ। **ਸਾਂਈ**–ਮਾਲਿਕ ਪ੍ਰਭੂ, ਪਰਮਾਤਮਾ। **ਸਨਮੁਖ**–ਸਾਹਮਣੇ, ਪ੍ਰਤੱਖ। **ਬਡ਼ਾਈ**–ਵਡਿਆਈ ਕਰਨਾ, ਮਹਿਮਾ ਦਾ ਗੁਣਗਾਨ ਕਰਨਾ। **ਸਹਿਜ**–ਆਤਮਿਕ ਅਡੋਲ ਅਵਸਥਾ॥ ੭॥

**ਪਦ ਅਰਥ** : ਹੇ ਭਾਈ! ਪ੍ਰਭੂ ਦੀ ਪ੍ਰਾਪਤੀ ਲਈ ਮੈਂ ਥਾਂ–ਥਾਂ ’ਤੇ ਭਟਕਦਾ ਹੋਇਆ ਥੱਕ ਗਿਆ ਹਾਂ। ਪ੍ਰਭੂ ਨੂੰ ਪਾਉਣ ਲਈ ਲੋਕ ਵੇਦਾਂ ਤੇ ਸ਼ਾਸਤਰਾਂ ਦੀ ਮਹੱਤਤਾ ਦੱਸਦੇ ਹਨ, ਪਰ ਮੈਨੂੰ ਇਨ੍ਹਾਂ ਤੋਂ ਵੀ ਪ੍ਰਭੂ ਦੀ ਪ੍ਰਾਪਤੀ ਨਹੀਂ ਹੋਈ। ਭਾਵ ਇਨ੍ਹਾਂ ਵਿੱਚ ਮਿੱਥੇ ਗਏ ਸਾਰੇ ਕਰਮਕਾਂਡਾਂ ਜਿਵੇਂ ਕਿ ਪਾਠ–ਪੂਜਾ, ਤੀਰਥ–ਇਸ਼ਨਾਨ ਤੇ ਪੁੰਨ–ਦਾਨ ਆਦਿਕ ਨੂੰ ਕਰਕੇ ਮੈਂ ਥੱਕ ਗਿਆ ਹਾਂ ਤੇ ਪ੍ਰਭੂ ਦੀ ਪ੍ਰਾਪਤੀ ਕੀਤੇ ਬਿਨਾਂ ਹਾਰ ਗਿਆ ਹਾਂ॥ ਟੇਕ॥

ਪ੍ਰਭੂ ਦੀ ਪ੍ਰਾਪਤੀ ਲਈ ਮੈਂ ਉਸ ਦੀ ਉਸਤਤਿ ਵਿੱਚ ਗਾ–ਗਾ ਕੇ, ਨੱਚ–ਨੱਚ ਕੇ ਤੇ ਹਰ ਤਰ੍ਹਾਂ ਦੀ ਸੇਵਾ–ਪੂਜਾ ਕਰਕੇ ਥੱਕ ਗਿਆ ਹਾਂ। ਕਾਮ, ਕ੍ਰੋਧ ਆਦਿ ਵਿਕਾਰਾਂ ਨੇ ਵੀ ਮੇਰੇ ਸਰੀਰ ਨੂੰ ਥਕਾ ਦਿੱਤਾ ਹੈ। ਹੇ ਪ੍ਰਭੂ! ਆਪ ਜੀ ਦੀ ਪ੍ਰਾਪਤੀ ਲਈ ਮੈਂ ਕਦੋਂ ਤੱਕ ਦੂਜਿਆਂ (ਕਰਮਕਾਂਡਾਂ, ਆਡੰਬਰਾਂ ਤੇ ਮੂਰਤੀ–ਪੂਜਾ ਆਦਿਕ) ਨਾਲ ਜੁੜਿਆ ਰਹਾਂਗਾ ?॥

2. ਮੈਂ ਪ੍ਰਭੂ ਦਾ ਸੇਵਕ ਹਾਂ। ਮੈਂ ਨਾ ਕਿਸੇ ਦੇਵੀ–ਦੇਵਤੇ ਦਾ ਭਗਤ ਕਹਾਉਂਦਾ ਹਾਂ ਤੇ ਨਾ ਹੀ ਉਨ੍ਹਾਂ (ਦੀਆਂ ਮੂਰਤੀਆਂ) ਦੇ ਚਰਨ ਧੋਂਦਾ ਹਾਂ। ਪ੍ਰਭੂ ਦੇ ਨਾਮ ਤੋਂ ਬਿਨਾਂ ਮੈਂ ਜਿਹੜਾ–ਜਿਹੜਾ ਵੀ ਕਰਮ ਕਰਦਾ ਹਾਂ, ਉਲਟਾ ਉਸ ਦੇ ਕਰਮ–ਫਲ ਦੇ ਬੰਧਨਾਂ ਵਿੱਚ ਹੀ ਬੱਝਿਆ ਜਾਂਦਾ ਹਾਂ ਜਿਸ ਕਰਕੇ ਮੈਂ ਹੁਣ ਤੱਕ ਪ੍ਰਭੂ ਦੇ ਭੇਦਾਂ ਦੇ ਨਜ਼ਦੀਕ ਤੱਕ ਵੀ ਨਹੀਂ ਪਹੁੰਚ ਸਕਿਆ ਹਾਂ॥

3. ਹੇ ਭਾਈ! ਪ੍ਰਭੂ ਦਾ ਨਾਮ ਜੱਪਿਆਂ ਜੀਵ ਦੇ ਹਿਰਦੇ ਅੰਦਰ ਬ੍ਰਹਮ–ਗਿਆਨ ਦਾ ਚਾਨਣਾ ਹੋ ਜਾਂਦਾ ਹੈ ਜਿਸ ਨਾਲ ਆਤਮਿਕ ਜੀਵਨ ਵੱਲੋਂ ਬੇ–ਸਮਝੀ ਦਾ ਦੀਵਾ ਬੁਝ ਜਾਂਦਾ ਹੈ। (ਜਦੋਂ ਸਹਿਜ–ਸੁਨਿ ਅਵਸਥਾ ਵਿੱਚ ਟਿਕੇ ਹੋਏ ਜੀਵ ਦੀ ਸੁਰਤਿ ਪ੍ਰਭੂ ਜੀ ਦੇ ‘ਸ਼ਬਦ–ਰੂਪ’ ਵਿੱਚ ਲੈਅ ਹੋ ਜਾਂਦੀ ਹੈ) ਤਾਂ ਗਿਆਨ–ਅਗਿਆਨਤਾ ਦੋਵੇਂ ਪਿੱਛੇ ਛੁੱਟ ਜਾਂਦੇ ਹਨ। ਫਿਰ ਰਾਮ ਜਾਂ ਖ਼ੁਦਾ ਕਹਿਣ ਦੀ ਵੀ ਲੋੜ ਨਹੀਂ ਰਹਿ ਜਾਂਦੀ।(ਕਿਉਂਕਿ ਅਡੋਲਤਾ ਦੀ ਇਸ ਅਵਸਥਾ ’ਚ ‘ਇਕ ਪਰਮਤੱਤ ਪਰਮਾਤਮਾ’ ਦੀ ਹੋਂਦ ਤੋਂ ਇਲਾਵਾ ਬਾਕੀ ਸਭ ਸੁੰਞ ਹੀ ਸੁੰਞ ਹੁੰਦੀ ਹੈ, ਅਰਥਾਤ ਬਾਕੀ ਸਭ ਕੁਝ ਮਿਟ ਜਾਂਦਾ ਹੈ।)॥

4. ਹੇ ਭਾਈ! ਧਾਰਮਿਕ ਗ੍ਰੰਥਾਂ ਵਿੱਚ ਮਿੱਥੇ ਹੋਏ ਸਾਰੇ ਛੇ ਕਰਮ ਮੈਂ ਦੂਰੋਂ ਹੀ ਤਿਆਗ ਦਿੱਤੇ ਹਨ ਤੇ ਸ਼ਿਵ ਦੀ ਭਗਤੀ ਤੋਂ ਵੀ ਦੂਰ ਹੋ ਗਿਆ ਹਾਂ (ਭਾਵ ਹੁਣ

ਮੈਂ ਪਾਖੰਡੀ ਤੇ ਆਡੰਬਰੀ ਪੂਜਾ ਦਾ ਮੁਥਾਜੀ ਨਹੀਂ ਰਿਹਾ ਹਾਂ।) ਆਤਮਿਕ ਅਡੋਲ ਅਵਸਥਾ ਵਿੱਚ ਪਹੁੰਚ ਕੇ ਮੈਂ ਆਡੰਬਰੀ ਗਿਆਨ ਤੇ ਧਿਆਨ ਦੋਨਾਂ ਤੋਂ ਹੀ ਪੂਰੀ ਤਰ੍ਹਾਂ ਤੋਬਾ ਕਰ ਲਈ ਹੈ ਤੇ ਦੂਰ ਤੋਂ ਹੀ ਇਨ੍ਹਾਂ ਦੋਨਾਂ ਨੂੰ ਛੱਡ ਦਿੱਤਾ ਹੈ॥

5. ਹੇ ਭਾਈ! ਮੇਰੇ ਅੰਦਰੋਂ ਪੰਜੇ ਗਿਆਨ-ਇੰਦ੍ਰੇ (ਆਪੋ-ਆਪਣੇ ਵਿਸ਼ੇ ਵੱਲ) ਦੌੜਦੇ ਹੋਏ ਥੱਕ ਗਏ ਹਨ ਤੇ ਹੁਣ ਇੱਧਰ-ਉੱਧਰ ਦੌੜਨ ਦੀ ਥਾਂ ਸਥਿਰ ਤੇ ਸ਼ਾਂਤ ਅਵਸਥਾ ਵਿੱਚ ਟਿਕ ਗਏ ਹਨ। (ਜਿਸ ਪਰਮਾਤਮਾ ਦੀ ਪ੍ਰਾਪਤੀ ਲਈ) ਮੈਂ ਸੰਸਾਰ ਵਿੱਚ ਇੱਧਰ-ਉੱਧਰ ਦੌੜਦਾ-ਫਿਰਦਾ ਰਹਿੰਦਾ ਸਾਂ, ਉਸ ਪਰਮਾਤਮਾ ਨੂੰ ਹੁਣ ਮੈਂ ਆਪਣੇ ਹਿਰਦੇ-ਘਰ ਵਿੱਚ ਹੀ ਪਾ ਲਿਆ ਹੈ॥

6. ਹੁਣ ਇਹ ਪੰਜੇ ਗਿਆਨ-ਇੰਦ੍ਰੇ ਮੇਰੇ ਆਤਮਿਕ ਸੰਗੀ ਬਣ ਗਏ ਹਨ ਤੇ ਸਖੀ-ਸਹੇਲੀਆਂ ਵਾਂਗ ਵਰਤਾਓ ਕਰਦੇ ਹਨ। ਇਨ੍ਹਾਂ ਦੇ ਅਜਿਹੇ ਵਰਤਾਉ ਕਾਰਨ ਮੈਨੂੰ ਆਪਣੇ ਅੰਦਰ ਹੀ ਪਰਮਾਤਮਾ-ਰੂਪੀ ਅਨਮੋਲ ਖ਼ਜ਼ਾਨਾ ਦਿਸ ਪਿਆ ਹੈ। ਦੁਨੀਆਂ ਵਿੱਚ ਵਿਚਰਦੇ ਹੋਏ ਜਿਹੜਾ ਮਨ ਪਹਿਲਾਂ 'ਮੈਂ-ਮੈਂ' ਦੀ ਹਉਮੈ ਨਾਲ ਫੁੱਲਿਆ ਰਹਿੰਦਾ ਸੀ ਉਹ ਹੁਣ ਇਨ੍ਹਾਂ ਵਿਕਾਰਾਂ ਵੱਲੋਂ ਪਰਤ ਕੇ ਅੰਦਰ ਸਮਾ ਗਿਆ ਹੈ ਭਾਵ ਅੰਤਰਮੁਖੀ ਹੋ ਗਿਆ ਹੈ॥

7. ਸਤਿਗੁਰੂ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਚਲਦੇ-ਚਲਦੇ ਮੇਰਾ ਮਨ ਤੇ ਸਰੀਰ ਥੱਕ ਗਏ ਹਨ ਤੇ ਇਨ੍ਹਾਂ ਤੋਂ ਹੁਣ ਹੋਰ ਚੱਲਿਆ ਨਹੀਂ ਜਾਂਦਾ ਭਾਵ ਇਨ੍ਹਾਂ ਦੀ ਥਾਂ-ਥਾਂ ਦੀ ਭਟਕਣਾ ਹੁਣ ਖ਼ਤਮ ਹੋ ਗਈ ਹੈ। ਜਿਸ ਮਾਲਿਕ-ਪ੍ਰਭੂ ਦੀ (ਮੈਨੂੰ ਕਈ ਜਨਮਾਂ ਤੋਂ ਤਲਾਸ਼ ਸੀ) ਉਸ ਨੂੰ ਮੈਂ ਆਤਮਿਕ ਅਡੋਲਤਾ ਵਿੱਚ ਪਹੁੰਚ ਕੇ ਆਪਣੇ ਸਨਮੁਖ ਪਾ ਲਿਆ ਹੈ ਭਾਵ ਪ੍ਰਤੱਖ ਰੂਪ 'ਚ ਪ੍ਰਾਪਤ ਕਰ ਲਿਆ ਹੈ। ਹੁਣ ਮੈਂ ਹਰ ਵੇਲੇ ਉਸਦੀ ਹੀ ਵਡਿਆਈ ਕਰਦਾ ਰਹਿੰਦਾ ਹਾਂ॥

<u>**ਭਾਵ ਅਰਥ**</u> : ਪਰਮਾਤਮਾ ਦੀ ਪ੍ਰਾਪਤੀ ਬਾਹਰਮੁਖੀ ਕਰਮਕਾਂਡੀ ਪੂਜਾ, ਪਖੰਡਾਂ ਤੇ ਆਡੰਬਰਾਂ ਨਾਲ ਨਹੀਂ ਸਗੋਂ ਅੰਤਰਮੁਖੀ ਹੋ ਕੇ ਨਾਮ-ਸਿਮਰਨ ਕਰਨ ਨਾਲ ਹੁੰਦੀ ਹੈ।

## ਰਾਗੁ ਰਾਮਕਲੀ -66

***ਗਾਇ ਗਾਇ ਅਬ ਕਾ ਕਹਿ ਗਾਊਂ।***
***ਗਾਵਣਹਾਰ ਕੂੰ ਨਿਕਟ ਬਤਾਊਂ॥ ਟੇਕ॥***
***ਜਬ ਲਗਿ ਹੈ ਯਹੁ ਤਨ ਕੀ ਆਸਾ, ਤਬ ਲਗਿ ਕਰੈ ਪੁਕਾਰਾ।***
***ਜਬ ਮਨ ਮਿਲਿਓ ਆਸ ਨਹਿੰ ਤਨ ਕੀ, ਤਬ ਕੋ ਗਾਵਣਹਾਰਾ॥ ੧॥***
***ਜਬ ਲਗਿ ਨਦੀ ਨ ਸਮੁੰਦ ਸਮਾਵੈ, ਤਬ ਲਗਿ ਬਡੈ ਹੰਕਾਰਾ।***
***ਜਬ ਮਨ ਮਿਲਿਓ ਰਾਮਸਾਗਰ ਸੌਂ, ਤਬ ਯਹ ਮਿਟੀ ਪੁਕਾਰਾ॥ ੨॥***
***ਜਬ ਲਗਿ ਭਗਤਿ ਮੁਕਤਿ ਕੀ ਆਸਾ, ਪਰਮ ਤੱਤ ਸੁਣਿ ਗਾਵੈ।***
***ਜਹਾਂ ਜਹਾਂ ਆਸ ਧਰਤ ਹੈ ਯਹੁ ਮਨ, ਤਹਾਂ ਤਹਾਂ ਕਛੂ ਨ ਪਾਵੈ॥ ੩॥***
***ਛਾਂਡੈ ਆਸ ਨਿਰਾਸ ਪਰਮ ਪਦ, ਤਬ ਸੁਖ ਸਤਿ ਕਰ ਹੋਈ।***
***ਕਹੈ ਰਵਿਦਾਸ ਜਾ ਸੂੰ ਔਰ ਕਹਤ ਹੈ, ਪਰਮ ਤੱਤ ਅਬ ਸੋਈ॥ ੪॥***

**ਸ਼ਬਦ ਅਰਥ** : **ਕਾ ਕਹਿ**–ਕੀ ਕਹਿ ਕੇ। **ਨਿਕਟ**–ਨੇੜੇ, ਅੰਗ ਸੰਗ। **ਪੁਕਾਰਾ**–ਪੁਕਾਰਣਾ। **ਮਿਲਿਓ**–ਪਰਮਾਤਮਾ ਨਾਲ ਮਿਲਾਪ ਹੋਣਾ। **ਗਾਵਣਹਾਰਾ**–ਗਾਉਣ ਵਾਲਾ॥ ੧॥
**ਬਡੈ**–ਵੱਡੇ ਹੋਣ ਦਾ। **ਰਾਮਸਾਗਰ**–ਪਰਮਾਤਮਾ ਰੂਪੀ ਸਮੁੰਦਰ। **ਹੰਕਾਰਾ**–ਹੰਕਾਰ॥ ੨॥
**ਮੁਕਤਿ ਕੀ ਆਸਾ**–ਮੁਕਤੀ ਦੀ ਉਮੀਦ। **ਪਰਮ ਤੱਤ**–ਸਭ ਤੋਂ ਸ੍ਰੇਸ਼ਟ ਤੱਤ, ਸਭ ਤੋਂ ਵੱਡੀ ਅਸਲੀਅਤ, ਜਗਤ ਦਾ ਮੂਲ–ਪ੍ਰਭੂ। **ਆਸ**–ਇੱਛਾ, ਆਸ਼ਾ (ਫਲ ਦੀ ਇੱਛਾ)॥ ੩॥
**ਨਿਰਾਸ**-ਆਸਾ ਰਹਿਤ, ਉਪਰਾਮਤਾ ਦਾ ਭਾਵ, ਉਦਾਸੀਨ ਅਰਥਾਤ ਆਸ ਛੱਡ ਕੇ ਸਥਿਰ ਹੋ ਜਾਣਾ। **ਪਰਮ ਪਦ**–ਸਭ ਤੋਂ ਉੱਚੀ ਆਤਮਿਕ ਅਵਸਥਾ। **ਸੁਖ**–ਆਤਮਿਕ ਆਨੰਦ। **ਸਤਿ**–ਸੱਚ, ਸਦਾ–ਥਿਰ ਰਹਿਣ ਵਾਲਾ॥ ੪॥

**ਪਦ ਅਰਥ** : ਸਤਿਗੁਰੂ ਮਹਾਰਾਜ ਜੀ ਅਦਵੈਤ ਭਾਵ ਦੀ ਪਰਮ ਉੱਚ ਅਵਸਥਾ ਨੂੰ ਪ੍ਰਾਪਤ ਕਰਨ ਤੋਂ ਬਾਅਦ ਫ਼ਰਮਾਂਦੇ ਹਨ ਕਿ ਪ੍ਰਭੂ ਦੀ ਉਸਤਤਿ ਵਿੱਚ ਮੈਂ ਹੁਣ ਕੀ ਕਹਿ ਕੇ ਗਾਵਾਂ ? ਮੈਂ ਬਹੁਤ ਗਾ ਲਿਆ, ਗਾਉਂਦਾ ਹੀ ਰਿਹਾ ਤੇ ਗਾ–ਗਾ ਕੇ ਉਸ ਨੂੰ ਪੁਕਾਰਦਾ ਰਿਹਾ। ਪਰ ਹੁਣ ਮੈਂ ਇਹ ਜਾਣ ਗਿਆ ਹਾਂ ਕਿ ਗਾਵਣਹਾਰ–ਪ੍ਰਭੂ ਤਾਂ ਮੇਰੇ ਬਹੁਤ ਨਿਕਟ ਹੈ ਭਾਵ ਮੇਰੇ ਅੰਗ–ਸੰਗ ਤੇ ਮੇਰੇ ਅੰਦਰ–ਬਾਹਰ ਹੈ। (ਇਸ ਲਈ ਅਜਿਹੇ ਨਿਕਟ–ਵਰਤੀ ਪ੍ਰਭੂ ਨੂੰ ਗਾ ਗਾ ਕੇ ਪੁਕਾਰਿਆ ਨਹੀਂ ਜਾਂਦਾ ਬਲਕਿ ਉਸ ਨਾਲ ਤਾਂ ਜਾਣ–ਪਛਾਣ ਬਣਾਈ ਜਾਂਦੀ ਹੈ, ਡੂੰਘੀ ਸਾਂਝ ਪਾਈ ਜਾਂਦੀ ਹੈ।)॥ ਟੇਕ॥

ਜਦੋਂ ਤੱਕ ਜੀਵ ਦੇ ਸਰੀਰ ਨੂੰ ਪਰਮਾਤਮਾ ਨਾਲ ਮਿਲਣ ਦੀ ਆਸ ਰਹਿੰਦੀ ਹੈ ਉਦੋਂ ਤੱਕ ਉਹ ਪਰਮਾਤਮਾ ਨੂੰ ਗਾ–ਗਾ ਕੇ ਪੁਕਾਰਦਾ ਹੈ। ਪਰ ਜਦੋਂ ਜੀਵ ਦਾ ਮਨ ਪਰਮਾਤਮਾ ਵਿੱਚ ਪਰਚ ਜਾਂਦਾ ਹੈ ਤਾਂ ਫਿਰ ਉਸ ਨੂੰ ਆਪਣੇ ਸਰੀਰ ਦੀ ਸ਼ੁੱਧ–ਬੁੱਧ ਨਹੀਂ ਰਹਿੰਦੀ। ਫਿਰ ਕੋਈ ਗਾਉਣ ਵਾਲਾ ਵੀ ਨਹੀਂ ਰਹਿੰਦਾ (ਭਾਵ ਗਾਵਣਹਾਰੇ ਦੀ ਆਪਣੀ ਹੋਂਦ ਹੀ ਖ਼ਤਮ ਹੋ ਗਈ ਹੁੰਦੀ ਹੈ।)॥

2. ਜਦੋਂ ਤੱਕ ਨਦੀ ਸਮੁੰਦਰ ਵਿੱਚ ਨਹੀਂ ਮਿਲਦੀ ਉਦੋਂ ਤੱਕ ਉਹ ਵੱਡੇ ਹੋਣ ਦਾ ਹੰਕਾਰ ਕਰਦੀ ਹੈ। (ਹੜ੍ਹ ਲਿਆਉਣਾ, ਤੇਜ਼ ਵਗਣਾ, ਰੌਲ਼ਾ ਪਾਉਣਾ ਆਦਿਕ ਨਦੀ ਦੇ ਹੰਕਾਰ ਦੇ ਪ੍ਰਤੀਕ ਹਨ) ਪਰ ਜਦੋਂ ਸਮੁੰਦਰ ਵਿੱਚ ਸਮਾਉਂਦੀ ਹੈ ਤਾਂ ਸ਼ਾਂਤ ਹੋ ਜਾਂਦੀ ਹੈ ਤੇ ਸਮੁੰਦਰ ਦਾ ਹੀ ਰੂਪ ਹੋ ਜਾਂਦੀ ਹੈ। (ਇਸੇ ਤਰ੍ਹਾਂ ਜਦੋਂ ਤੱਕ ਜੀਵ ਵੱਡੇ ਹੋਣ ਦਾ ਹੰਕਾਰ ਕਰਦਾ ਹੈ ਉਦੋਂ ਤੱਕ ਉਹ ਪ੍ਰਭੂ ਤੋਂ ਦੂਰ ਰਹਿੰਦਾ ਹੈ ਪਰ ਜਦੋਂ ਉਸ ਦਾ ਮਨ ਆਪਾ–ਭਾਵ ਖ਼ਤਮ ਕਰਕੇ ਗੁਰੂ ਦੇ 'ਸ਼ਬਦ' ਰਾਹੀਂ (ਸਮੁੰਦਰ ਰੂਪ)–ਪ੍ਰਭੂ ਨਾਲ ਤਾਣੇ–ਪੇਟੇ ਵਾਂਗ ਇਕਮਿਕ ਹੋ ਜਾਂਦਾ ਹੈ ਤਾਂ ਉਹ ਪ੍ਰਭੂ ਦਾ ਹੀ ਰੂਪ ਹੋ ਜਾਂਦਾ ਹੈ), ਫਿਰ ਉਸ ਦੀ ਪ੍ਰਭੂ ਨੂੰ ਮਿਲਣ ਦੀ ਪੁਕਾਰ ਵੀ ਖ਼ਤਮ ਹੋ ਜਾਂਦੀ ਹੈ॥

3. ਹੇ ਭਾਈ! ਜਦੋਂ ਤੱਕ ਭਗਤੀ ਕਰਨ ਵਾਲੇ ਜੀਵ ਨੂੰ ਮੁਕਤੀ ਦੀ ਆਸ ਰਹਿੰਦੀ ਹੈ ਉਦੋਂ ਤੱਕ ਉਹ ਜਗਤ ਦੇ ਮੂਲ–ਪ੍ਰਭੂ ਦੀ ਮਹਿਮਾ ਦਾ ਗੁਣਗਾਨ ਕਰਦਾ ਹੈ ਤੇ ਕਥਾ–ਕੀਰਤਨ ਵੀ ਸੁਣਦਾ ਹੈ। ਉਸ ਦਾ ਲੋਭੀ ਮਨ ਜਿੱਥੇ–ਜਿੱਥੇ ਵੀ ਆਸ ਰੱਖ ਕੇ ਕੋਈ ਕਰਮ ਕਰਦਾ ਹੈ ਉੱਥੇ ਉਸ ਨੂੰ ਕੁਝ ਵੀ ਪ੍ਰਾਪਤ ਨਹੀਂ

ਹੁੰਦਾ (ਕਿਉਂਕਿ ਉਸਦਾ ਮਨ ਕਰਮ-ਪ੍ਰਧਾਨ ਨਾ ਰਹਿ ਕੇ ਕਰਮ-ਫਲ ਵਿੱਚ ਹੀ ਰੁੱਝਿਆ ਰਹਿੰਦਾ ਹੈ। ਇਸ ਤਰ੍ਹਾਂ ਮੁਕਤੀ ਦੀ ਆਸ ਰੱਖ ਕੇ ਕੀਤੀ ਗਈ ਭਗਤੀ ਵੀ ਉਸ ਨੂੰ ਮੁਕਤੀ ਨਹੀਂ ਦਿਵਾਉਂਦੀ।)॥

4. ਪਰ ਜਦੋਂ ਜੀਵ ਸਭ ਤਰ੍ਹਾਂ ਦੀਆਂ ਇੱਛਾਵਾਂ ਤੋਂ ਉਪਰਾਮ ਹੋ ਕੇ ਨਿਸ਼ਕਾਮ-ਭਾਵ ਨਾਲ ਪ੍ਰਭੂ ਦੀ ਭਗਤੀ ਕਰਦਾ ਹੈ ਤਦੋਂ ਉਹ ਸਭ ਤੋਂ ਉੱਚੀ ਆਤਮਿਕ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ ਤੇ ਸਦਾ ਕਾਇਮ ਰਹਿਣ ਵਾਲਾ ਆਤਮਿਕ ਆਨੰਦ ਮਾਣਦਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਜਿਸ ਪ੍ਰਭੂ ਨੂੰ ਲੋਕ ਹੋਰ-ਹੋਰ ਕਹਿ ਕੇ ਅਲੱਗ-ਅਲੱਗ ਨਾਮਾਂ ਨਾਲ ਪੁਕਾਰਦੇ ਹਨ ਉਹੀ ਜਗਤ ਦਾ ਮੂਲ-ਪ੍ਰਭੂ ਹੈ, ਉਹੀ ਜਗਤ ਦੀ ਸਭ ਤੋਂ ਵੱਡੀ ਅਸਲੀਅਤ ਹੈ ਤੇ ਉਸੇ ਪ੍ਰਭੂ ਦੀ ਹੀ ਮੈਨੂੰ ਪ੍ਰਾਪਤੀ ਹੋ ਗਈ ਹੈ॥

**ਭਾਵ ਅਰਥ** : ਪਰਮਾਤਮਾ ਸਰਬ-ਵਿਆਪਕ ਹੈ। ਜਿਸ ਤਰ੍ਹਾਂ ਨਦੀ ਸਮੁੰਦਰ ਵਿੱਚ ਮਿਲ ਕੇ ਸਮੁੰਦਰ ਦਾ ਰੂਪ ਹੋ ਜਾਂਦੀ ਹੈ, ਉਸੇ ਤਰ੍ਹਾਂ ਜੀਵਾਤਮਾ ਪਰਮਾਤਮਾ ਵਿੱਚ ਲੀਨ ਹੋ ਕੇ ਉਸ ਦਾ ਹੀ ਰੂਪ ਹੋ ਜਾਂਦੀ ਹੈ। ਇੱਛਾ ਰਹਿਤ ਭਗਤੀ ਹੀ ਜੀਵ ਦਾ ਪਰਮਾਤਮਾ ਨਾਲ ਮਿਲਾਪ ਕਰਵਾਉਂਦੀ ਹੈ।

## ਰਾਗੁ ਰਾਮਕਲੀ -67

***ਰਾਮ ਜਨ ਹੋਉਂ ਨ ਭਗਤ ਕਹਾਊਂ, ਸੇਵਾ ਕਰੂੰ ਨ ਦਾਸਾ।***
***ਗੁਨੀ ਜੋਗ ਜਗਯ ਕਛੂ ਨ ਜਾਨੂੰ, ਤਾਂ ਥੈ ਰਹੂੰ ਉਦਾਸਾ॥ ਟੇਕ॥***
***ਭਗਤ ਹੂਆ ਤੋ ਚੜੈ ਬੜ੍ਹਾਈ, ਜੋਗ ਕਰੂੰ ਜਗ ਮਾਨੈ।***
***ਗੁਨ ਹੁਆ ਤੋ ਗੁਨੀ ਜਨ ਕਹੈਂ, ਗੁਨੀ ਆਪ ਕੋ ਤਾਨੈ॥ ੧॥***
***ਨਾ ਮੈ ਮਮਿਤਾ ਮੋਹ ਨ ਮੋਹਿਆ, ਯੇ ਸਬ ਜਾਹਿੰ ਬਿਲਾਈ।***
***ਦੋਜਖ ਭਿਸਤਿ ਦੋਊ ਸਮਿ ਕਰਿ ਜਾਨੂੰ, ਦੋਹੂੰ ਤਰਕ ਹੈ ਭਾਈ॥ ੨॥***
***ਮੈਂ-ਤੈ ਤੈਂ-ਮੈਂ ਦੇਖਿ ਸਕਲ ਜਗ, ਮੈਂ ਤੈ ਮੂਲ ਗੰਵਾਈ।***
***ਜਬ ਮਨ ਸਮਤਾ ਏਕ ਏਕ ਮਨ, ਤਬਹੀਂ ਏਕ ਹੈ ਭਾਈ॥ ੩॥***
***ਕ੍ਰਿਸਨ ਕਰੀਮ ਰਾਮ ਹਰਿ ਰਾਘਵ, ਜਬ ਲਗਿ ਏਕ ਨ ਪੇਖਾ।***
***ਬੇਦ ਕਤੇਬ ਕੁਰਾਨ ਪੁਰਾਨਨਿ, ਸਹਜ ਏਕ ਨਹਿੰ ਦੇਖਾ॥ ੪॥***
***ਜੋਇ ਜੋਇ ਕਰਿ ਪੂਜਿਆ ਸੋਇ ਸੋਇ ਕਾਂਚੀ, ਸਹਿਜ ਭਾਵ ਸਤਿ ਹੋਈ।***
***ਕਹਿ ਰਵਿਦਾਸ ਮੈਂ ਤਾਂਹੀ ਕੋ ਪੂਜੂੰ, ਜਾਕੇ ਗਾਂਵ ਠਾਂਵ ਨਹਿੰ ਕੋਈ॥ ੫॥***

**ਸ਼ਬਦ ਅਰਥ** : **ਹੋਉਂ**-ਮੈਂ, ਹੰਕਾਰ ਭਾਵ। **ਜਗਯ**-ਯੱਗ। **ਉਦਾਸਾ**-ਉਪਰਾਮ। **ਬੜ੍ਹਾਈ**-ਮਹਿਮਾ, ਵਡਿਆਈ। **ਜੋਗ**-ਜੋਗ ਸਾਧਨਾ। **ਤਾਨੈ**-ਹੰਕਾਰ ਕਰਨ ਦਾ ਭਾਵ॥ ੧॥ **ਮਮਿਤਾ**-ਮੇਰਾਪਨ, ਅਪਣੱਤ। **ਨ ਮੋਹਿਆ**-ਮੋਹਿਤ ਨਾ ਹੋਣਾ, ਲਾਲਸਾ ਨਾ ਹੋਣੀ। **ਬਿਲਾਈ**-ਨਾਸ਼ ਹੋਣਾ। **ਭਿਸਤਿ**-ਸਵਰਗ। **ਤਰਕ**-ਤਿਆਗਣਾ, ਛੱਡਣਾ॥ ੨॥ **ਮੈਂ-ਤੈ**-ਮੇਰੀ ਤੇਰੀ ਦੀ ਦਵੈਤ ਭਾਵਨਾ। **ਮੂਲ ਗੰਵਾਈ**-ਆਤਮਿਕ ਜੀਵਨ ਦਾ ਅਸਲੀ ਸਰਮਾਇਆ ਮੁਕਾ ਲਿਆ। **ਸਮਤਾ**-ਸਮਾਨਤਾ, ਸਮਭਾਵ। **ਏਕ ਏਕ ਮਨ**-ਹਰੇਕ

ਮਨੁੱਖ॥ ੩॥ **ਪੇਖਾ**–ਦੇਖਣਾ। **ਸਹਜ**–ਆਸਾਨੀ ਨਾਲ॥ ੪॥
**ਜੋਇ ਕਰਿ ਪੂਜਿਆ**–ਜਿਸ ਦੀ ਵੀ ਪੂਜਾ ਕੀਤੀ। **ਕਾਂਚੀ**–ਝੂਠੀ, ਕੱਚੀ। **ਸਹਿਜ ਭਾਵ**–ਆਤਮਿਕ ਅਡੋਲਤਾ ਦਾ ਭਾਵ। **ਸਤਿ ਹੋਈ**–ਸੱਚੀ ਹੋਈ॥ ੫॥

**ਪਦ ਅਰਥ** : ਸਤਿਗੁਰੂ ਮਹਾਰਾਜ ਜੀ ਅਦਵੈਤ–ਭਾਵ ਦੀ ਉੱਚ ਆਤਮਿਕ ਅਵਸਥਾ ਦਾ ਵਰਣਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਹੇ ਪ੍ਰਭੂ! ਮੈਨੂੰ ਆਪ ਜੀ ਦੇ ਜਨ ਹੋਣ ਦਾ ਬਿਲਕੁਲ ਵੀ ਹੰਕਾਰ ਨਹੀਂ ਹੈ। ਮੈਂ ਨਾ ਹੀ ਆਪਣੇ–ਆਪ ਨੂੰ ਆਪ ਜੀ ਦਾ ਭਗਤ ਤੇ ਨਾ ਹੀ ਸੇਵਾ ਕਰਨ ਵਾਲਾ ਸੇਵਕ ਕਹਾਉਂਦਾ ਹਾਂ। (ਕਿਉਂਕਿ ਹੁਣ ਮੇਰੇ ਅੰਦਰੋਂ ਦਵੈਤ–ਭਾਵ ਖ਼ਤਮ ਹੋ ਗਿਆ ਹੈ। 'ਮੈਂ' 'ਤੂੰ' ਹੋ ਗਿਆ ਹੈ। ਸੇਵਕ ਤੇ ਸੇਵਾਯੋਗ ਅਤੇ ਭਗਤ ਤੇ ਭਗਵੰਤ ਦੋਨੋਂ ਇਕ ਹੋ ਗਏ ਹਨ।) ਹੇ ਪ੍ਰਭੂ! ਹੁਣ ਮੈਂ ਕਰਮਕਾਂਡੀ ਭਗਤੀ ਕਰਾਉਣ ਦੇ ਗੁਣਾਂ, ਜੋਗ–ਸਾਧਨਾ ਦੀਆਂ ਕਿਰਿਆਵਾਂ ਤੇ ਯੱਗ ਕਰਵਾਉਣ ਦੀਆਂ ਵਿਧੀਆਂ ਆਦਿਕ ਨੂੰ ਨਹੀਂ ਜਾਣਦਾ। ਮੈਂ ਹੁਣ ਅਜਿਹੇ ਸਾਰੇ ਬਖ਼ੇੜਿਆਂ ਤੋਂ ਉਪਰਾਮ ਹੋ ਗਿਆ ਹਾਂ। ਟੇਕ॥

ਹੇ ਪਰਮਾਤਮਾ! ਜੇਕਰ ਮੈਂ ਆਪਣੇ–ਆਪ ਨੂੰ ਆਪ ਜੀ ਦਾ ਭਗਤ ਕਹਾਉਂਦਾ ਹਾਂ ਤਾਂ ਸੰਸਾਰ ਵਿੱਚ ਮੇਰੀ 'ਪ੍ਰਭੂ ਭਗਤ ਹੋਣ ਦੀ' ਵਡਿਆਈ ਹੋਣ ਲੱਗ ਪਵੇਗੀ। ਜੇਕਰ ਮੈਂ ਜੋਗ–ਸਿੱਧੀ ਆਦਿਕ ਦੇ ਚਮਤਕਾਰ ਦਿਖਾਉਂਦਾ ਹਾਂ ਤਾਂ ਸੰਸਾਰ ਵਿੱਚ ਮੇਰੀ 'ਸਿੱਧ ਜੋਗੀ ਹੋਣ ਦੀ' ਮਾਨਤਾ ਹੋਣ ਲੱਗ ਪਵੇਗੀ। ਜੇਕਰ ਮੈਂ ਗੁਣਵਾਨ ਬਣਦਾ ਹਾਂ ਤਾਂ ਲੋਕ ਮੈਨੂੰ 'ਗੁਣੀ–ਜਨ' ਕਹਿਣਗੇ, ਜਿਸ ਨਾਲ ਮੈਂ ਆਪਣੇ–ਆਪ ਨੂੰ ਸਰਬ–ਸ੍ਰੇਸ਼ਟ ਮੰਨਦਾ ਹੋਇਆ ਹੰਕਾਰ ਵਿੱਚ ਆ ਜਾਵਾਂਗਾ॥

2. ਹੇ ਪਰਮਾਤਮਾ! ਮੈਨੂੰ ਸੰਸਾਰ ਦੀ ਝੂਠੀ ਮੋਹ–ਮਾਇਆ ਤੇ ਖੋਖਲੀ ਮਮਤਾ ਦੀ ਕੋਈ ਲਾਲਸਾ ਨਹੀਂ ਹੈ ਕਿਉਂਕਿ ਇਹ ਸਭ ਨਾਸ਼ ਹੋ ਜਾਣ ਵਾਲੇ ਗੁਣ ਹਨ। ਸੰਸਾਰੀ ਲੋਕ ਨਰਕ ਤੋਂ ਬਚਦੇ ਹਨ ਤੇ ਸਵਰਗ ਦਾ ਸੁੱਖ ਪਾਉਣਾ ਚਾਹੁੰਦੇ ਹਨ। ਪਰ ਮੇਰੇ ਲਈ ਸਵਰਗ ਤੇ ਨਰਕ ਦੋਨੋਂ ਇਕ ਸਮਾਨ ਹਨ। ਇਸ ਲਈ ਮੈਂ ਇਨ੍ਹਾਂ ਦੋਨਾਂ ਨੂੰ ਹੀ ਆਪਣੇ ਮਨੋਂ ਤਿਆਗ ਦਿੱਤਾ ਹੈ॥

3. ਸੰਸਾਰ ਦੇ ਸਾਰੇ ਜੀਵ ਮੇਰੀ–ਤੇਰੀ ਤੇ ਤੇਰੀ–ਮੇਰੀ ਦੀ ਦਵੈਤ ਭਾਵਨਾ ਦੇ ਸ਼ਿਕਾਰ ਹਨ, ਜਿਸ ਕਾਰਨ ਉਹ ਆਪਣੇ ਆਤਮਿਕ ਜੀਵਨ ਦੇ ਅਸਲੀ ਸਰਮਾਏ ਨੂੰ ਗਵਾਈ ਬੈਠੇ ਹਨ ਭਾਵ ਜੀਵ–ਆਤਮਾ ਆਪਣੇ ਮੂਲ–ਸਰੋਤ ਪਰਮਾਤਮਾ ਨੂੰ ਭੁਲਾਈ ਬੈਠੀ ਹੈ। ਹੇ ਭਾਈ! ਜਦੋ ਜੀਵ ਦੇ ਮਨ ਅੰਦਰ ਇਕ–ਇਕ ਕਰਕੇ ਹਰੇਕ ਮਨੁੱਖ ਲਈ ਸਮਭਾਵ ਪੈਦਾ ਹੁੰਦਾ ਹੈ ਤਦੋਂ ਹੀ ਉਸ ਨੂੰ ਸਭਨਾਂ ਅੰਦਰ ਵਿਆਪਕ ਉਹ 'ਇਕ' ਪਰਮਾਤਮਾ ਦਿਖਾਈ ਦਿੰਦਾ ਹੈ ਤੇ ਉਦੋਂ ਵੀ ਉਸ ਦਾ ਸਭਨਾਂ ਨਾਲ ਇਕਮਿਕਤਾ ਤੇ ਇਕਸਾਰਤ ਦਾ ਸੰਬੰਧ ਜੁੜਦਾ ਹੈ॥

4. ਇਸੇ ਤਰ੍ਹਾਂ ਜਦੋਂ ਤੱਕ ਜੀਵ ਕ੍ਰਿਸ਼ਨ, ਕਰੀਮ, ਰਾਮ, ਹਰਿ, ਰਾਘਵ ਆਦਿਕ ਨੂੰ ਸਮ–ਦ੍ਰਿਸ਼ਟੀ ਨਾਲ ਨਹੀਂ ਦੇਖਦਾ, ਇਨ੍ਹਾਂ ਸਭਨਾਂ ਵਿੱਚ 'ਇਕ ਬ੍ਰਹਮ' ਦੀ ਜੋਤਿ ਨਹੀਂ ਦੇਖਦਾ ਉਦੋਂ ਤੱਕ ਉਸ ਨੂੰ ਵੇਦ, ਕੁਤੇਬ, ਕੁਰਾਨ ਤੇ ਪੁਰਾਣ ਵਿੱਚੋਂ

ਵੀ ਸਹਿਜੇ ਹੀ 'ਇਕ' ਦੇ ਦਰਸ਼ਨ ਨਹੀਂ ਹੁੰਦੇ। ਉਸ ਨੂੰ ਇਨ੍ਹਾਂ ਗ੍ਰੰਥਾਂ ਦੇ ਗਿਆਨ ਵਿੱਚ ਵਿਅਕਤ ਸਮਭਾਵ ਵਾਲੀ 'ਇਕ ਅਖੰਡ-ਜੋਤਿ' ਦਿਖਾਈ ਨਹੀਂ ਦਿੰਦੀ॥

5. ਹੇ ਭਾਈ! ਅਦਵੈਤ ਭਾਵਨਾ ਨੂੰ ਧਾਰੇ ਬਿਨਾਂ ਜੀਵ ਜਿਸ ਕਿਸੇ ਦੀ ਵੀ ਪੂਜਾ ਕਰਦਾ ਹੈ ਉਹ ਸਾਰੀ ਦੀ ਸਾਰੀ ਕੱਚੀ ਤੇ ਝੂਠੀ ਹੈ। ਆਤਮਿਕ ਅਡੋਲਤਾ ਵਿੱਚ ਟਿਕ ਕੇ ਅਦਵੈਤ-ਭਾਵ ਨਾਲ ਕੀਤੀ ਗਈ ਪੂਜਾ ਹੀ ਸੱਚੀ ਪੂਜਾ ਹੈ। ਇਸ ਤਰ੍ਹਾਂ ਦੀ ਪੂਜਾ ਨਾਲ ਜੀਵ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੀ ਪ੍ਰਾਪਤੀ ਕਰਦਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਮੈਂ ਉਸ ਪਰਮਾਤਮਾ ਦੀ ਪੂਜਾ ਕਰਦਾ ਹਾਂ ਜਿਸ ਦਾ ਕੋਈ ਖ਼ਾਸ ਥਾਂ-ਟਿਕਾਣਾ ਤੇ ਪਿੰਡ ਨਹੀਂ ਹੈ। ਭਾਵ ਮੈਂ ਸਰਵ-ਵਿਆਪਕ ਪ੍ਰਭੂ ਦੀ ਪੂਜਾ ਕਰਦਾ ਹਾਂ॥

**ਭਾਵ ਅਰਥ** : ਸਾਧੂ-ਸੰਤ ਮਾਇਆ ਦੇ ਵਿਕਾਰਾਂ ਤੋਂ ਨਿਰਲੇਪ ਰਹਿੰਦੇ ਹਨ ਤੇ ਅਦਵੈਤ ਭਾਵਨਾ ਨਾਲ ਕੀਤੀ ਭਗਤੀ ਰਾਹੀਂ ਪਰਮ-ਆਨੰਦ ਅਵਸਥਾ ਨੂੰ ਪ੍ਰਾਪਤ ਕਰਦੇ ਹਨ।

## ਰਾਗੁ ਰਾਮਕਲੀ -68

***ਅਬ ਮੇਰੀ ਬੂੜੀ ਰੇ ਭਾਈ, ਤਾਤੈ ਚੜੀ ਲੋਕ ਬੜਾਈ॥ ਟੇਕ॥***
***ਅਤਿ ਅਹੰਕਾਰ ਉਰ ਮੇਂ ਸਤ-ਰਜ-ਤਮ, ਤਾ ਮੇਂ ਰਹਿਉ ਉਰਝਾਈ।***
***ਕਰਮ ਬਸਿ ਪਰਓ ਕਛੂ ਨ ਸੂਝੈ, ਸਵਾਮੀ ਨਾਮ ਭੁਲਾਈ॥ ੧॥***
***ਹਮ ਮਾਨੌਂ ਗੁਨੀ ਜੋਗ ਸੁੰਨਿ ਜੁਗਤਾ, ਹਮ ਮਹਾਂ ਪੁਰਖ ਰੇ ਭਾਈ।***
***ਹਮ ਮਾਨੌਂ ਸੂਰ ਸਕਲ ਬਿਧਿ ਤਿਆਗੀ, ਯਹੁ ਮਮਿਤਾ ਨਹੀਂ ਮਿਟਾਈ॥੨॥***
***ਹਮ ਮਾਨੌਂ ਅਖਿਲ ਸ਼ੁੰਨਿ ਮਨ ਸੋਧਓ, ਸਬ ਚੇਤਨਿ ਸੁਧਿ ਪਾਈ।***
***ਗਿਆਨ ਧਿਆਨ ਸਬ ਹੀ ਹਮ ਜਾਨਓ, ਬੂਝੈ ਕਾਉਨ ਸੂੰ ਜਾਈ॥ ੩॥***
***ਹਮ ਮਾਨੌਂ ਪਰਮ ਪ੍ਰੇਮ ਰਸ ਜਾਨਓ, ਨੌਂ-ਬਿਧਿ ਭਗਤਿ ਕਰਾਈ।***
***ਸਵਾਂਗ ਦੇਖਿ ਸਬਹੀ ਜਗ ਡਹਕਓ, ਫਿਰ ਆਪਨ ਪੌਰ ਬਧਾਈ॥ ੪॥***
***ਸਾਂਗ ਧੇ ਸਾਂਚ ਨ ਜਾਨਓ, ਲੋਗਨਿ ਯਹਿ ਭਰਮਾਈ।***
***ਸਯੰਘ ਰੂਪ ਮੇਸ਼ੀ ਜਬ ਪਹਿਰੀ ਬੋਲੀ, ਤਬ ਸੁਧਿ ਪਾਈ॥ ੫॥***
***ਐਸੀ ਭਗਤਿ ਹਮਾਰੀ ਸੰਤੋ, ਪ੍ਰਭੂਤਾ ਏਹ ਬੜਾਈ।***
***ਆਪਨ ਅਨਿੰਨ ਔਰ ਨਹਿੰ ਮਾਨਤ, ਤਾਤੈ ਮੂਲ ਗੰਵਾਈ॥ ੬॥***
***ਭਣੈ ਰਵਿਦਾਸ ਉਦਾਸ ਤਾਹੀ ਤੈਂ, ਅਬ ਕਛੁ ਮੋਪੈ ਕਰਓ ਨ ਜਾਈ।***
***ਆਪੋ ਖੋਇਆ ਭਗਤਿ ਹੋਤ ਹੈ, ਤਬ ਰਹੈ ਅੰਤਰਿ ਉਰਝਾਈ॥ ੭॥***

**ਸ਼ਬਦ ਅਰਥ** : **ਬੂੜੀ**=**ਬੂਡੀ**-ਡੁੱਬੀ, ਡੁੱਬਣਾ। ਤਾਤੈ-ਇਸ ਕਰਕੇ। **ਚੜੀ**-ਵੱਧ ਗਈ। **ਬੜਾਈ**-ਵਡਿਆਈ। **ਅਤਿ**-ਬਹੁਤ। **ਅਹੰਕਾਰ**-ਹੰਕਾਰ। **ਉਰ**-ਹਿਰਦਾ, ਛਾਤੀ।
**ਨੋਟ** :- ਸਤ-ਰਜ-ਤਮ। ਸ੍ਰਿਸ਼ਟੀ ਦੇ ਹਰ ਜੀਵ-ਨਿਰਜੀਵ, ਸੂਖਮ-ਸਥੂਲ, ਵਸਤ-ਪਦਾਰਥ ਆਦਿਕ ਭਾਵ ਹਰ ਤੱਤਵ ਵਿੱਚ ਤਿੰਨ ਗੁਣ ਕਿਸੇ-ਨਾ-ਕਿਸੇ ਰੂਪ ਵਿੱਚ

ਵਿਦਮਾਨ ਹਨ। ਇਹ ਗੁਣ ਹਨ : ਸਤ, ਰਜ ਤੇ ਤਮ। ਇਹ ਤਿੰਨੋਂ ਗੁਣ ਸੂਖਮ ਹਨ ਸਥੂਲ ਨਹੀਂ, ਇਸ ਲਈ ਅਦ੍ਰਿਸ਼ਟ ਹਨ। ਗਿਆਨ ਇੰਦਰੀਆਂ ਰਾਹੀਂ ਹੀ ਇਨ੍ਹਾਂ ਦਾ ਅਨੁਭਵ ਹੁੰਦਾ ਹੈ। ਇਨ੍ਹਾਂ ਤਿੰਨਾਂ ਤੋਂ ਹੀ ਹਰ ਜੀਵ-ਨਿਰਜੀਵ, ਵਸਤ-ਪਦਾਰਥ ਆਦਿਕ ਦਾ ਵਿਵਹਾਰ ਪ੍ਰਭਾਵਿਤ ਹੁੰਦਾ ਹੈ। ਕਿਸੇ ਵੀ ਸਮੇਂ 'ਤੇ ਇਨ੍ਹਾਂ ਤਿੰਨਾਂ ਗੁਣਾਂ ਵਿੱਚੋਂ ਕਿਸੇ ਇਕ ਗੁਣ ਦੀ ਸਾਡੇ ਜੀਵਨ ਵਿੱਚ ਪਰਧਾਨਤਾ ਹੁੰਦੀ ਹੈ। ਭਾਵ ਜਦੋਂ ਸਤੋ ਗੁਣ ਦਾ ਜ਼ੋਰ ਹੁੰਦਾ ਹੈ ਤਾਂ ਰਜੋ ਤੇ ਤਮੋ ਗੁਣ ਛੁਪ (ਗੌਣ ਹੋ) ਜਾਂਦੇ ਹਨ। ਇਸੇ ਤਰ੍ਹਾਂ ਜਦੋਂ ਰਜੋ ਗੁਣ ਦਾ ਜ਼ੋਰ ਹੁੰਦਾ ਹੈ ਤਾਂ ਸਤੋ ਤੇ ਤਮੋ ਗੁਣ ਛੁਪ ਜਾਂਦੇ ਹਨ ਅਤੇ ਜਦੋਂ ਤਮੋ ਗੁਣ ਦਾ ਜ਼ੋਰ ਹੁੰਦਾ ਹੈ ਤਾਂ ਸਤੋ ਤੇ ਰਜੋ ਗੁਣ ਛੁਪ ਜਾਂਦੇ ਹਨ। ਜੀਵਾਤਮਾ ਜੋ ਸਾਡੇ ਸਰੀਰ ਅੰਦਰ ਪਰਮਾਤਮਾ ਦੀ ਅੰਸ਼ ਹੈ, ਤ੍ਰਿਗੁਣ ਅਤੀਤ ਹੈ ਅਰਥਾਤ ਇਨ੍ਹਾਂ ਤਿੰਨਾਂ ਗੁਣਾਂ ਤੋਂ ਪਰ੍ਹੇ ਹੈ ਪਰ ਵਿਕਾਰਾਂ ਕਾਰਨ ਇਨ੍ਹਾਂ ਗੁਣਾਂ ਦੇ ਪ੍ਰਭਾਵ ਹੇਠ ਆ ਜਾਂਦੀ ਹੈ। ਪ੍ਰਭੂ ਦੇ ਨਾਮ-ਸਿਮਰਨ ਨਾਲ ਆਤਮਾ ਜਿੰਨੀਂ ਪ੍ਰਕਾਸ਼ਮਾਨ ਹੋਵੇਗੀ ਓਨਾਂ ਹੀ ਤ੍ਰਿਗੁਣਾਂ ਦਾ ਪ੍ਰਭਾਵ ਜੀਵ 'ਤੇ ਘੱਟ ਹੋਵੇਗਾ। ਨਾਮ-ਸਿਮਰਨ ਦੀ ਬਰਕਤਿ ਨਾਲ ਜਦੋਂ ਆਤਮਾ ਪੂਰਨ ਤੌਰ 'ਤੇ ਪ੍ਰਕਾਸ਼ਮਾਨ ਹੋ ਜਾਂਦੀ ਹੈ ਤਾਂ ਇਹ ਤ੍ਰਿਗੁਣ ਅਤੀਤ ਹੋ ਜਾਂਦੀ ਹੈ ਅਰਥਾਤ ਇਨ੍ਹਾਂ ਤਿੰਨਾਂ ਗੁਣਾਂ ਤੋਂ ਉੱਪਰ ਉੱਠ ਜਾਂਦੀ ਹੈ ਤੇ ਪ੍ਰਭੂ ਵਾਂਗ ਪਵਿੱਤਰ ਹੋ ਜਾਂਦੀ ਹੈ।

**ਸਤੋਗੁਣ** :- ਅਰਥਾਤ ਚੰਗੇ ਕਰਮਾਂ ਵੱਲ ਮੋੜਨ ਵਾਲਾ ਗੁਣ। ਇਹ ਦੈਵੀ ਤੱਤਵ ਦੇ ਸਭ ਤੋਂ ਨਜ਼ਦੀਕ ਗੁਣ ਹੈ। ਇਹ ਨਿਰਮਲ ਹੋਣ ਕਾਰਨ ਪ੍ਰਕਾਸ਼ ਦੇਣ ਵਾਲਾ ਤੇ ਵਿਕਾਰ ਰਹਿਤ ਹੈ। ਜਦੋਂ ਸਰੀਰ ਵਿੱਚ (ਅੰਤਹਕਰਣ ਤੇ ਇੰਦਰੀਆਂ ਵਿੱਚ) ਚੇਤਨਾ ਤੇ ਵਿਵੇਕ ਸ਼ਕਤੀ ਦਾ ਜ਼ੋਰ ਹੁੰਦਾ ਹੈ ਤਾਂ ਉਸ ਸਮੇਂ ਸਤੋ ਗੁਣ ਵਧਦਾ ਹੈ। ਸਤੋ ਗੁਣ ਦੀ ਪਰਧਾਨਤਾ ਵਿੱਚ ਹਲਕੇ-ਫੁਲਕੇ, ਸਜਗ ਤੇ ਬੋਧ-ਪੂਰਨ ਹੋਣ ਦਾ ਅਹਿਸਾਸ ਹੁੰਦਾ ਹੈ। ਸਤਿਵਾਦੀ, ਸਹਿਨਸ਼ੀਲਤਾ, ਸ਼ਾਂਤੀ, ਸਥਿਰ ਬੁੱਧੀ, ਦਾਨ, ਦਇਆ, ਧੀਰਜ, ਸੰਤੁਸ਼ਟੀ ਤੇ ਮੌਤ ਤੋਂ ਨਿਰਡਰਤਾ ਆਦਿਕ ਸਤੋ ਗੁਣ ਹਨ।

**ਰਜੋਗੁਣ**-ਇਹ ਕਰਮਾਂ ਨੂੰ ਊਰਜਾ ਦੇਣ ਵਾਲਾ ਗੁਣ ਹੈ। ਇਹ ਕਾਮਨਾਵਾਂ ਨੂੰ ਪੂਰਾ ਕਰਨ ਲਈ ਕਿਸੇ ਵੀ ਪਦਰ ਤੱਕ ਜਾ ਸਕਦਾ ਹੈ। ਜਦੋਂ ਸਰੀਰ ਵਿੱਚ (ਅੰਤਹਕਰਣ ਤੇ ਇੰਦਰੀਆਂ ਵਿੱਚ) ਲੋਭ ਬਿਰਤੀ, ਇੱਛਾਵਾਂ ਤੇ ਤ੍ਰਿਸ਼ਨਾਵਾਂ ਦੀ ਪ੍ਰਾਪਤੀ ਅਤੇ ਵਿਸ਼ੇ-ਭੋਗ ਦੀ ਲਾਲਸਾ ਆਦਿਕ ਦਾ ਜ਼ੋਰ ਹੁੰਦਾ ਹੈ ਤਾਂ ਉਸ ਸਮੇਂ ਰਜੋ ਗੁਣ ਵਧਦਾ ਹੈ। ਰਜੋ ਗੁਣ ਵਿੱਚ ਕਿਰਿਆਸ਼ੀਲ ਤੇ ਉਤੇਜਿਤ ਹੋਣ ਦਾ ਅਹਿਸਾਸ ਹੁੰਦਾ ਹੈ। ਸਵਾਰਥ ਬੁੱਧੀ, ਅਸ਼ਾਂਤੀ, ਕ੍ਰੋਧ, ਈਰਖਾ, ਹੰਕਾਰ, ਮੋਹ ਆਦਿਕ ਰਜੋ ਗੁਣ ਹਨ।

**ਤਮੋਗੁਣ**-ਇਹ ਸਭ ਤੋਂ ਕਨਿਸ਼ਟ ਗੁਣ ਹੈ। ਜਦੋਂ ਸਰੀਰ ਵਿੱਚ (ਅੰਤਹਕਰਣ ਤੇ ਇੰਦਰੀਆਂ ਵਿੱਚ) ਫ਼ਰਜ ਲਈ ਨਕਾਰਾਤਮਿਕ ਵਿਚਾਰਾਂ ਦਾ ਜ਼ੋਰ ਹੁੰਦਾ ਹੈ ਤਾਂ ਉਸ ਸਮੇਂ ਤਮੋ ਗੁਣ ਵਧਦਾ ਹੈ। ਆਲਸੀ, ਅਤਿ-ਸਵਾਰਥੀ, ਨਿਰਾਸ਼ਾਵਾਦੀ, ਚਿੜਚਿੜਾ ਸੁਭਾਅ, ਨੀਂਦ, ਲੋਭ, ਭ੍ਰਮ, ਆਦਿਕ ਤਮੋ ਗੁਣ ਹਨ।

**ਉਰਝਾਈ**-ਜੁੜੇ ਰਹਿਣਾ, ਉਲਝਿਆ ਰਹਿਣਾ। **ਪਰਓ**-ਪੜ੍ਹਨਾ, ਉਲਝਣਾ॥ ੧॥

**ਮਾਨੌ**-ਅਭਿਮਾਨ ਵੱਸ। **ਗੁਨੀਂ**-ਗੁਣਵਾਨ। **ਜੋਗ**-ਜੋਗ ਸਾਧਨਾ। **ਸੁੰਨਿ**-ਅਫੁਰ ਬ੍ਰਹਮ, ਉਹ ਆਤਮਿਕ ਅਵਸਥਾ ਜਿਸ ਵਿੱਚ ਮਾਇਆ ਦਾ ਕੋਈ ਫੁਰਨਾ ਨਹੀਂ ਉੱਠਦਾ।

**ਜੁਗਤਾ**-ਜੁੜਿਆ ਹੋਇਆ, ਤਦਬੀਰ, ਤਰਕੀਬ ਨੂੰ ਜਾਣਨ ਵਾਲਾ। **ਸੂਰ**-ਸੂਰਵੀਰ। **ਬਿਧਿ**-ਤਰੀਕਾ, ਵਿਧੀ। **ਮਮਿਤਾ**-ਮੇਰਾਪਨ, ਸਨੇਹ॥ ੨॥
**ਅਖਿਲ**-ਸਾਰਾ, ਪੂਰੀ ਤਰ੍ਹਾਂ। **ਸੋਧਓ**-ਸੋਧਿਆ, ਸ਼ੁੱਧ ਕੀਤਾ ਹੋਇਆ। **ਚੇਤਨਿ**-ਚੇਤਨ-ਸਰੂਪ ਆਤਮਾ, ਪਾਰਬ੍ਰਹਮ। **ਗਿਆਨ**-ਆਤਮਿਕ ਗਿਆਨ, ਆਤਮਿਕ ਜੀਵਨ ਦੀ ਸੂਝ। **ਧਿਆਨ**-ਮਨ ਦੀ ਇਕਾਗਰਤਾ। **ਬੂਝੈ**-ਬੁੱਝਣਾ, ਜਾਣਨਾ॥ ੩॥
**ਪਰਮ**-ਸ੍ਰੇਸ਼ਟ, ਸਭ ਤੋਂ ਵੱਡਾ ਭਾਵ ਪ੍ਰਭੂ। **ਨੌ ਬਿਧਿ ਭਗਤਿ**-ਨੌਂ ਪ੍ਰਕਾਰ ਦੀ ਭਗਤੀ, ਨੌਂ ਪ੍ਰਕਾਰ ਦੀ ਭਗਤੀ ਇਹ ਹੈ: ਸਿਮਰਨ, ਕੀਰਤਨ, ਸ੍ਰਵਣ, ਚਰਣ ਸੇਵਾ, ਦਾਸਯ (ਸੇਵਕਾਂ ਦਾ ਸੇਵਕ ਭਾਵ), ਸਖਯ (ਇਸਟ ਨਾਲ ਪ੍ਰੇਮ), ਆਤਮ ਨਿਵੇਦਨ (ਆਪਾ ਸਮਰਪਿਤ), ਵੰਦਨਾ (ਉਸਤਤਿ-ਨਮਸਕਾਰ), ਅਰਚਨਾ (ਪੂਜਣਾ, ਪੂਜਾ)॥ **ਸਵਾਂਗ**-ਸਮਾਨ ਅੰਗ ਜਾਂ ਰੂਪ ਬਣਾਉਣ ਦੀ ਕਿਰਿਆ, ਝੂਠਾ ਭੇਸ, ਨਕਲ। **ਸਬਹੀ**-ਸਾਰਾ ਹੀ। **ਡਹਕਓ**-ਧੋਖਾ ਦੇਣਾ, ਛਲ ਵਿੱਚ ਲਿਆਉਣਾ। **ਪੈਰ**-ਵਡਿਆਈ। **ਬਧਾਈ**-ਵਧਾਉਣਾ॥ ੪॥
**ਸਾਂਗ**-ਸਵਾਂਗ। **ਸਾਂਚ**-ਸੱਚ, ਅਸਲ। **ਲੋਗਨਿ**-ਲੋਕਾਂ ਨੂੰ। **ਭਰਮਾਈ**-ਭੁਲੇਖਾ ਪਾਉਣਾ। **ਸਯੰਘ**-ਸਿੰਘ, ਸ਼ੇਰ। **ਮੇਸ਼ੀ**-ਭੇਡ, ਛੱਤਰਾ। **ਪਹਿਰੀ**-ਪਹਿਲੀ। **ਸੁਧਿ**-ਪਹਿਚਾਣ॥ ੫॥
**ਪ੍ਰਭੁਤਾ**-ਪਰਮਾਤਮਾ ਦੀ ਮਹਿਮਾ। **ਬਡ਼ਾਈ**-ਵਡਿਆਈ। **ਅਨਿੰਨ**-ਸਰਵ ਸ੍ਰੇਸ਼ਟ। **ਮੂਲ ਗੰਵਾਈ**-ਪੂਰਬਲੇ ਚੰਗੇ ਕਰਮਾਂ ਦੀ ਕਮਾਈ ਨੂੰ ਹੁਣ ਦੇ ਮਾੜੇ ਕਰਮਾਂ ਨਾਲ ਨਾਸ਼ ਕਰਨਾ, ਆਤਮਿਕ ਜੀਵਨ ਦੇ ਸਰਮਾਏ ਨੂੰ ਗੁਆਉਣਾ॥ ੬॥ **ਆਪੋ ਖੋਇਆ**-ਆਪਣਾ ਭਾਵ ਮਿਟਾਉਣਾ। **ਉਰਝਾਈ**-ਜੁੜੇ ਰਹਿਣਾ॥ ੭॥
**ਪਦ ਅਰਥ** : ਹੇ ਭਾਈ! ਪ੍ਰਭੂ ਦੇ ਨਾਮ-ਸਿਮਰਨ ਦੀ ਬਰਕਤਿ ਨਾਲ (ਮੈਂ ਸੰਸਾਰ-ਸਮੁੰਦਰ ਦੀਆਂ ਵਿਕਾਰਾਂ-ਰੂਪੀ ਲਹਿਰਾਂ) ਵਿੱਚ ਡੁੱਬਣੋਂ ਬਚ ਗਿਆ ਹਾਂ। ਇਨ੍ਹਾਂ ਵਿਕਾਰਾਂ ਨੂੰ ਹੁਣ ਮੈਂ ਆਪਣੇ ਅੰਦਰੋਂ ਬਿਲਕੁਲ ਹੀ ਮੁਕਾ ਦਿੱਤਾ ਹੈ ਜਿਸ ਕਰਕੇ ਲੋਕਾਂ ਵਿੱਚ ਮੇਰੀ ਵਡਿਆਈ ਦਿਨੋ-ਦਿਨ ਵੱਧਦੀ ਜਾ ਰਹੀ ਹੈ, ਹੁਣ ਲੋਕ ਮੈਨੂੰ ਮਹੱਤਵ ਦੇਣ ਲੱਗ ਪਏ ਹਨ॥ ਟੇਕ॥
ਹੇ ਭਾਈ! ਜਦੋਂ ਜੀਵ ਦਾ ਮਨ ਮਹਾਂ-ਹੰਕਾਰੀ ਹੋ ਜਾਂਦਾ ਹੈ ਤਾਂ ਉਹ ਮਾਇਆ ਦੇ ਸਤੋ, ਰਜੋ ਤੇ ਤਮੋ ਗੁਣਾਂ ਦੇ ਵਿਚਾਰਾਂ ਤੇ ਵਿਕਾਰਾਂ ਵਿੱਚ ਹੀ ਉਲਝਿਆ ਰਹਿੰਦਾ ਹੈ। ਉਹ ਚੰਗੇ-ਮਾੜੇ ਕਰਮਾਂ ਦੇ ਵੱਸ ਪਿਆ ਹੋਇਆ ਇਹੋ ਜਿਹਾ ਉਲਝਦਾ ਹੈ ਕਿ ਉਸ ਨੂੰ ਇਨ੍ਹਾਂ ਤੋਂ ਇਲਾਵਾ ਹੋਰ ਕੁਝ ਸੁੱਝਦਾ ਹੀ ਨਹੀਂ, ਜਿਸ ਕਾਰਨ ਉਹ ਮਾਲਿਕ-ਪ੍ਰਭੂ ਦੇ ਨਾਮ ਨੂੰ ਵੀ ਭੁਲਾ ਬਹਿੰਦਾ ਹੈ॥
2. ਜੀਵ ਦਾ ਹੰਕਾਰੀ ਮਨ ਆਪਣੇ ਆਪ ਨੂੰ ਸਭ ਤੋਂ ਵੱਡਾ ਗੁਣਵਾਨ, ਜੋਗ ਸਾਧਨਾ ਵਿੱਚ ਪੁੱਗਾ ਹੋਇਆ ਸਿੱਧ ਜੋਗੀ, ਅਫੁਰ-ਬ੍ਰਹਮ (ਭਾਵ ਆਤਮਿਕ ਅਡੋਲਤਾ) ਵਿੱਚ ਜੁੜਿਆ ਹੋਇਆ ਸਾਧਕ, ਸਭ ਤਰਕੀਬਾਂ ਦਾ ਗਿਆਤਾ ਤੇ ਉੱਚੇ ਆਚਰਣ ਵਾਲਾ ਮਹਾਨ ਪੁਰਸ਼ ਸਮਝਦਾ ਹੈ। ਉਹ ਆਪਣੇ ਆਪ ਨੂੰ ਵੱਡਾ ਸੂਰਬੀਰ ਤੇ ਸਾਰੀਆਂ ਵਿਧੀਆਂ ਦੁਆਰਾ ਸੰਸਾਰ ਨੂੰ ਤਿਆਗਣ ਵਾਲਾ ਮਹਾਨ ਤਿਆਗੀ ਸਮਝਦਾ ਹੈ। ਉਹ ਆਪਣੇ ਮਨ ਵਿੱਚੋਂ ਹਉਮੈ ਪ੍ਰਤੀ ਅਜਿਹਾ ਸਨੇਹ ਕਦੇ ਵੀ ਖ਼ਤਮ ਨਹੀਂ ਕਰਦਾ॥
3. ਹੰਕਾਰੀ ਜੀਵ ਆਪਣੇ ਮਨ ਨੂੰ ਪੂਰੀ ਤਰ੍ਹਾਂ ਸੋਧ ਕੇ ਅਫੁਰ-ਬ੍ਰਹਮ (ਭਾਵ

ਆਤਮਿਕ ਅਡੋਲ ਅਵਸਥਾ) ਵਿੱਚ ਪਹੁੰਚਿਆ ਹੋਇਆ ਤੇ ਚੇਤਨ-ਸਰੂਪ ਆਤਮਾ ਦੀ ਸਾਰੀ ਹੀ ਸੋਝੀ ਪਾਉਣ ਵਾਲਾ ਮੰਨਦਾ ਹੈ ਤੇ ਆਪਣੇ ਆਪ ਨੂੰ ਸਭਨਾਂ ਤੋਂ ਵੱਡਾ ਗਿਆਨੀ-ਧਿਆਨੀ (ਭਾਵ ਆਤਮਿਕ ਜੀਵਨ ਦੀ ਸੂਝ ਪਾਉਣ ਵਾਲਾ ਤੇ ਸੁਰਤਿ ਨੂੰ ਪ੍ਰਭੂ 'ਚ ਜੋੜਨ ਵਾਲਾ) ਸਮਝਦਾ ਹੈ। ਉਸ ਦਾ ਹੰਕਾਰੀ ਮਨ ਕਹਿੰਦਾ ਹੈ ਕਿ ਉਸ ਦੀ ਇਸ ਅਵਸਥਾ ਨੂੰ ਭਲਾ ਕੋਈ ਕੌਣ ਜਾਣ ਸਕਦਾ ਹੈ ਤੇ ਬੁੱਝ ਸਕਦਾ ਹੈ ?॥

4. ਹੰਕਾਰੀ ਜੀਵ ਆਪਣੇ ਆਪ ਨੂੰ ਪ੍ਰਭੂ ਦੇ ਸਭ ਤੋਂ ਵੱਡੇ ਪ੍ਰੇਮ-ਰਸ ਦਾ ਗਿਆਤਾ ਮੰਨਦਾ ਹੈ ਤੇ ਦਾਅਵਾ ਕਰਦਾ ਹੈ ਕਿ ਉਸ ਨੇ ਨੌਂ ਤਰ੍ਹਾਂ ਦੀ ਭਗਤੀ ਕੀਤੀ ਹੋਈ ਹੈ। ਉਸ ਦੀ ਭਗਤੀ ਦੇ ਅਜਿਹੇ ਝੂਠੇ ਸਵਾਂਗ ਨੂੰ ਦੇਖ ਕੇ ਸੰਸਾਰ ਦੇ ਸਾਰੇ ਲੋਕ ਉਸ ਦੇ ਧੋਖੇ ਵਿੱਚ ਆ ਜਾਂਦੇ ਹਨ, ਜਿਸ ਨਾਲ ਉਹ ਆਪਣੀ ਵਡਿਆਈ ਹੋਰ ਵਧਾਉਣ ਲੱਗ ਪੈਂਦਾ ਹੈ॥

5. ਹੇ ਭਾਈ! ਸਵਾਂਗ ਨੂੰ ਕਦੀ ਵੀ ਸੱਚ ਕਰ ਕੇ ਨਹੀਂ ਮੰਨਣਾ ਚਾਹੀਦਾ। ਇਹ ਲੋਕਾਂ ਨੂੰ ਭੁਲੇਖਾ ਪਾਉਂਦਾ ਹੈ। ਜਿਸ ਤਰ੍ਹਾਂ ਭੇਡ ਸ਼ੇਰ ਦਾ ਸਵਾਂਗ ਧਾਰ ਕੇ ਸ਼ੇਰ ਨਹੀਂ ਬਣ ਜਾਂਦੀ। ਉਸ ਦਾ ਪਹਿਲਾ ਹੀ ਬੋਲ ਸੁਣ ਕੇ ਪਛਾਣ ਲਈਦਾ ਹੈ ਕਿ ਇਹ ਭੇਡ ਹੈ ਸ਼ੇਰ ਨਹੀਂ। ਇਸੇ ਤਰ੍ਹਾਂ ਸਵਾਂਗ ਵਾਲੀ ਭਗਤੀ ਵੀ ਲੁਕੀ ਨਹੀਂ ਰਹਿੰਦੀ, ਉਸਦਾ ਇਕ-ਨ-ਇਕ ਦਿਨ ਪੋਲ ਖੁੱਲ੍ਹ ਹੀ ਜਾਂਦਾ ਹੈ॥

6. ਹੇ ਸੰਤੋ! ਮੇਰੀ ਭਗਤੀ ਤਾਂ ਇਸ ਤਰ੍ਹਾਂ ਦੀ ਹੈ ਕਿ ਮੈਂ ਅੱਠੋ ਪਹਿਰ ਪ੍ਰਭੂ ਦੀ ਵਡਿਆਈ ਤੇ ਸਿਫ਼ਤਿ-ਸਾਲਾਹ ਕਰਦਾ ਰਹਿੰਦਾ ਹਾਂ। ਪਰ ਜਿਹੜੇ ਹੰਕਾਰੀ ਜੀਵ ਆਪਣੀ ਝੂਠੀ ਭਗਤੀ ਨੂੰ ਹੀ ਸ੍ਰੇਸ਼ਟ ਮੰਨਦੇ ਹਨ ਤੇ ਦੂਸਰਿਆਂ ਦੀ ਸੱਚੀ ਭਗਤੀ ਨੂੰ (ਘਟੀਆ ਤੇ ਤੁੱਛ) ਸਮਝਦੇ ਹਨ ਉਹ ਆਪਣੇ ਆਤਮਿਕ ਜੀਵਨ ਦੇ ਸਰਮਾਏ ਨੂੰ ਅਜਾਈਂ ਹੀ ਗਵਾ ਲੈਂਦੇ ਹਨ॥

7. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ੁਰਮਾਉਂਦੇ ਹਨ ਕਿ ਪਾਖੰਡੀ ਲੋਕਾਂ ਦੇ ਅਜਿਹੇ ਕਰਮਕਾਂਡੀ ਤੇ ਝੂਠੇ ਵਿਵਹਾਰ ਨੂੰ ਦੇਖ ਕੇ ਮੇਰਾ ਮਨ ਉਦਾਸ ਹੈ। (ਇਹ ਇਸ ਲਈ ਵੀ ਉਦਾਸ ਹੈ ਕਿ ਪਰਮਾਤਮਾ ਦੀ ਵਡਿਆਈ ਤੇ ਸਿਫ਼ਤਿ-ਸਾਲਾਹ ਕਰਨ ਤੋਂ ਇਲਾਵਾ ਉਸ ਦੀ ਉਸਤਤਿ ਵਿੱਚ) ਮੇਰੇ ਕੋਲੋਂ ਕੁਝ ਹੋਰ ਕਿਉਂ ਨਹੀਂ ਹੋ ਰਿਹਾ ? ਪਰਮਾਤਮਾ ਦੀ ਭਗਤੀ ਪਾਉਣ ਖ਼ਾਤਰ ਹੀ ਤਾਂ ਮੈਂ ਆਪਾ-ਭਾਵ ਮਿਟਾਇਆ ਹੈ ਤੇ ਅੰਤਰ-ਧਿਆਨ ਹੋ ਕੇ ਉਸ ਦੇ ਨਾਮ ਸਿਮਰਨ ਵਿੱਚ ਲੱਗਾ ਹਾਂ। ਹੇ ਸੰਤੋ! ਆਪਣੇ ਅੰਦਰ ਹੀ ਜੁੜੇ ਰਹਿ ਕੇ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਭਾਵ ਆਪਣੇ ਅੰਦਰ ਹੀ ਉਸ ਨੂੰ ਖੋਜਿਆ ਜਾ ਸਕਦਾ ਹੈ॥

**ਭਾਵ ਅਰਥ** : ਜੀਵ ਹੰਕਾਰ ਤੇ ਆਪਾ-ਭਾਵ ਮਿਟਾ ਕੇ ਪ੍ਰੇਮਾ-ਭਗਤੀ ਰਾਹੀਂ ਹੀ ਪਰਮਾਤਮਾ ਦੀ ਪ੍ਰਾਪਤੀ ਕਰ ਸਕਦਾ ਹੈ।

## ਰਾਗੁ ਰਾਮਕਲੀ -69

***ਭਾਈ ਰੇ ! ਭ੍ਰਮ ਭਗਤਿ ਸੁੰ ਜਾਨਿ । ਜੋ ਲੌਂ ਨਹੀਂ ਸਾਂਚ ਸੂੰ ਪਹਿਚਾਨਿ ॥ ਟੇਕ ॥***
***ਭ੍ਰਮ ਨਾਚਣ ਭ੍ਰਮ ਗਾਇਣ, ਭ੍ਰਮ ਜਪ ਤਪ ਦਾਨਿ ।***
***ਭ੍ਰਮ ਸੇਵਾ ਭ੍ਰਮ ਪੂਜਾ, ਭ੍ਰਮ ਸੌਂ ਪਹਿਚਾਨਿ ॥ ੧ ॥***
***ਭ੍ਰਮ ਖਟ ਕਰਮ ਸਕਲ ਸੰਹਿਤਾ, ਭ੍ਰਮ ਗ੍ਰਿਹਿ ਬਨ ਜਾਨਿ ।***
***ਭ੍ਰਮ ਕਰਿ ਕਰਿ ਕਰਮ ਕੀਓ, ਭ੍ਰਮ ਕੀ ਯਹੁ ਬਾਨਿ ॥ ੨ ॥***
***ਭ੍ਰਮ ਇੰਦ੍ਰੀ ਨਿਗ੍ਰਹਿ ਕੀਯਾਂ, ਭ੍ਰਮ ਗੁਫਾ ਮੇਂ ਬਾਸ ।***
***ਭ੍ਰਮ ਤੌਂ ਲੌਂ ਜਾਣਿਏ, ਕਰੇ ਸੁੰਨਿ ਕੀ ਆਸ ॥ ੩ ॥***
***ਭ੍ਰਮ ਸ਼ੁਧ ਸਰੀਰ ਜੌਂ ਲੌਂ, ਭ੍ਰਮ ਨਾਂਵ ਬਿਨਾਂਵ ।***
***ਭ੍ਰਮ ਭਣਿ ਰਵਿਦਾਸ ਤੌਂ ਲੌਂ, ਜੌਂ ਲੌਂ ਚਾਹੈ ਠਾਂਵ ॥ ੪ ॥***

**ਸ਼ਬਦ ਅਰਥ** : **ਸੂੰ**-ਚੰਗੀ ਤਰ੍ਹਾਂ। **ਜਾਨਿ**-ਜਾਨਣ। **ਸਾਂਚ**-ਸੱਚ, ਸੱਚਾਈ, ਪਰਮਾਤਮਾ। **ਪਹਿਚਾਨਿ**-ਪ੍ਰਤੱਖ ਕਰਕੇ ਜਾਣਨਾ। **ਜੋ ਲੌਂ**-ਜਦੋਂ ਤੱਕ ॥ ੧ ॥
**ਖਟ ਕਰਮ**-ਛੇ ਤਰ੍ਹਾਂ ਦੇ ਕਰਮ: (ਬ੍ਰਾਹਮਣਾਂ ਦੁਆਰਾ ਪ੍ਰਚੱਲਿਤ-ਪੜ੍ਹਨਾ ਤੇ ਪੜ੍ਹਾਉਣਾ, ਜਗ ਕਰਨਾ ਤੇ ਜਗ ਕਰਾਉਣਾ, ਦਾਨ ਦੇਣਾ ਤੇ ਦਾਨ ਲੈਣਾ। ਜੋਗਮਤ ਅਨੁਸਾਰ- ਧੋਤੀ, ਨੇਤ੍ਰੀ, ਨਿਉਲੀ, ਵਸਤੀ, ਕਪਾਲਭਾਤੀ ਤੇ ਤ੍ਰਾਟਕ।)। **ਸੰਹਿਤਾ**-ਵੇਦ ਸ਼ਾਸਤਰਾਂ ਦਾ ਉਹ ਭਾਗ ਜੋ ਕਰਮਕਾਂਡ ਦਾ ਮਾਰਗ ਦੱਸਦਾ ਹੈ। **ਬਾਨਿ**-ਆਦਤ, ਸੁਭਾਅ ॥ ੨ ॥
**ਨਿਗ੍ਰਹਿ**-ਵੱਸ ਵਿੱਚ ਕਰਨਾ, ਕਾਬੂ ਕਰਨਾ। **ਸੁੰਨਿ**-ਸਹਿਜ ਸੁੰਨਿ ਅਵਸਥਾ ॥ ੩ ॥
**ਸ਼ੁਧ**-ਸ਼ੁੱਧੀ ਕਰਨਾ। **ਬਿਨਾਂਵ**-ਬਿਨਾਂ ਨਾਮ। **ਠਾਂਵ**-ਥਾਂ ॥ ੪ ॥

**ਪਦ ਅਰਥ** : ਹੇ ਭਾਈ! ਤੂੰ 'ਭਰਮ' ਤੇ 'ਭਗਤੀ' ਦੇ ਵਿਚਲੇ ਅੰਤਰ ਨੂੰ ਚੰਗੀ ਤਰ੍ਹਾਂ ਸਮਝ। ਜਦੋਂ ਤੱਕ ਤੂੰ 'ਭਰਮ' ਤੇ 'ਭਗਤੀ' ਵਿੱਚ ਨਖੇੜਾ ਕਰਨ ਦੀ ਜਾਂਚ ਨਹੀਂ ਸਿੱਖ ਲੈਂਦਾ ਉਦੋਂ ਤੱਕ ਤੂੰ ਸੱਚ ਦੀ ਪਹਿਚਾਣ ਨਹੀਂ ਕਰ ਸਕਦਾ ਤੇ ਜਦੋਂ ਤੱਕ ਤੂੰ ਸੱਚ ਦੀ ਸਹੀ ਪਹਿਚਾਣ ਨਹੀਂ ਕਰਦਾ ਉਦੋਂ ਤੱਕ ਤੇਰੀ ਭਗਤੀ ਨਿਰਾ ਭਰਮ ਹੀ ਹੈ ॥ ਟੇਕ ॥

ਸੱਚਾਈ ਦੀ ਪਹਿਚਾਣ ਕੀਤੇ ਬਿਨਾਂ ਪਰਮਾਤਮਾ ਦੀ ਭਗਤੀ ਲਈ ਨੱਚਣਾ, ਗਾਉਣਾ, ਜਪ ਕਰਨਾ, ਤਪ ਕਰਨਾ, ਦਾਨ ਕਰਨਾ, ਸੇਵਾ ਕਰਨੀ, ਪੂਜਾ ਕਰਨਾ ਆਦਿਕ ਸਾਰੇ ਕਰਮਕਾਂਡ ਭਰਮ ਹੀ ਕਹੇ ਜਾ ਸਕਦੇ ਹਨ, ਸੱਚੀ ਭਗਤੀ ਨਹੀਂ। ਇਸ ਲਈ ਹੇ ਭਾਈ! ਤੂੰ ਪਹਿਲਾਂ ਭਰਮ ਦੀ ਪਹਿਚਾਣ ਕਰ ॥

2. ਸੱਚ ਦੀ ਪ੍ਰਤੱਖ ਪਹਿਚਾਣ ਕੀਤੇ ਬਿਨਾਂ ਪਰਮਾਤਮਾ ਦੀ ਭਗਤੀ ਲਈ ਛੇ ਪ੍ਰਕਾਰ ਦੇ ਕਰਮ ਕਰਨਾ, ਵੇਦਾਂ ਤੇ ਸ਼ਾਸਤਰਾਂ ਵਿੱਚ ਮਿੱਥੇ ਹੋਏ ਸਾਰੇ ਵਿਧੀ-ਵਿਧਾਨਾਂ ਅਨੁਸਾਰ ਕਰਮ-ਕਾਂਡ ਕਰਨਾ ਤੇ ਗ੍ਰਹਿਸਤ ਜੀਵਨ ਛੱਡ ਕੇ ਜੰਗਲਾਂ ਵਿੱਚ ਜਾਣਾ ਵੀ ਭਰਮ ਹੀ ਹੈ। ਹੇ ਭਾਈ! ਭਰਮੀਂ ਜੀਵਾਂ ਦੀ ਇਹ ਆਦਤ ਬਣ ਜਾਂਦੀ ਹੈ ਕਿ ਉਹ ਹਰੇਕ ਕਰਮ ਨੂੰ ਭਰਮ ਦੀ ਤਰਾਜ਼ੂ ਵਿੱਚ ਤੋਲ ਕੇ ਕਰਦੇ ਹਨ। ਜੀਵ ਨੂੰ ਭੁਲੇਖੇ ਵਿੱਚ ਪਾਉਣਾ ਭਰਮ ਦਾ ਸੁਭਾਅ ਹੈ ॥

3. ਸੱਚਾਈ ਨੂੰ ਜਾਣੇ ਬਿਨਾਂ ਪਰਮਾਤਮਾ ਦੀ ਭਗਤੀ ਲਈ ਇੰਦ੍ਰੀਆਂ ਨੂੰ (ਜੋਗ-

ਸਾਧਨਾ ਰਾਹੀਂ) ਵੱਸ ਵਿੱਚ ਕਰਨਾ ਜਾਂ ਗੁਫ਼ਾਵਾਂ ਵਿੱਚ ਵਾਸ ਕਰਨਾ ਵੀ ਭਰਮ ਹੈ। ਪਰ ਜਦੋਂ ਜੀਵ ਸਹਿਜ ਸੁੰਨਿ ਅਵਸਥਾ ਭਾਵ ਆਤਮਿਕ ਅਡੋਲ ਅਵਸਥਾ ਪਾਉਣ ਦੀ ਆਸ ਰੱਖ ਕੇ ਪਰਮਾਤਮਾ ਦੀ ਭਗਤੀ ਕਰਦਾ ਹੈ ਤਦੋਂ ਹੀ ਉਹ ਜਾਣ ਪਾਉਂਦਾ ਹੈ ਕਿ ਭਰਮ ਕੀ ਹੈ। (ਕਿਉਂਕਿ ਇਸ ਅਵਸਥਾ ਵਿੱਚ ਪਹੁੰਚ ਕੇ ਜੀਵ ਲਈ ਇਕ ਪਰਮ ਤੱਤ ਪਰਮਾਤਮਾ ਦੀ ਸੱਚਾਈ ਤੋਂ ਇਲਾਵਾ ਬਾਕੀ ਸਭ ਕੁਝ ਮਿਟ ਜਾਂਦਾ ਹੈ। ਜੋ ਮਿਟਦਾ ਹੈ ਉਹ ਭਰਮ ਹੀ ਹੁੰਦਾ ਹੈ।)॥

4. ਹੇ ਭਾਈ! ਜਦੋਂ ਤੱਕ ਜੀਵ ਦਾ ਧਿਆਨ ਸਰੀਰ ਤੋਂ ਉੱਪਰ ਉੱਠ ਕੇ ਪ੍ਰਭੂ ਨਾਲ ਨਹੀਂ ਜੁੜਦਾ ਉਦੋਂ ਤੱਕ ਸਰੀਰਕ ਸ਼ੁੱਧੀ ਹਾਸਲ ਕਰਨਾ ਵੀ ਭਰਮ ਹੈ। ਸੱਚ ਨੂੰ ਪਹਿਚਾਣੇ ਬਿਨਾਂ ਪ੍ਰਭੂ ਦਾ ਨਾਮ ਜਪ ਕੇ ਭਗਤੀ ਕਰਨਾ ਜਾਂ ਬਿਨਾਂ ਨਾਮ ਜਪੇ ਭਗਤੀ ਕਰਨਾ (ਭਾਵ ਮਨ ਬਿਰਤੀ ਰਾਹੀਂ ਭਗਤੀ ਕਰਨਾ) ਵੀ ਭਰਮ ਹੈ, ਸੱਚੀ ਭਗਤੀ ਨਹੀਂ। ਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਭਰਮਾਂ ਦੀ ਨਿਵਿਰਤੀ ਲਈ ਜੀਵ ਭਾਵੇਂ ਦੁਨੀਆਂ ਦੇ ਸਾਰੇ ਥਾਂ ਘੁੰਮ ਲਵੇ ਪਰ ਭਰਮਾਂ ਦੀ ਜ਼ੰਜੀਰ ਤਦੋਂ ਹੀ ਟੁੱਟਦੀ ਹੈ ਜਦੋਂ ਉਹ (ਗੁਰੂ ਦੀ ਮਿਹਰ ਨਾਲ ਗੁਰੂ ਦੇ 'ਸ਼ਬਦ' ਰਾਹੀਂ ਸੱਚਾਈ ਨੂੰ ਪ੍ਰਤੱਖ ਕਰਕੇ ਜਾਣਦਾ ਹੈ ਭਾਵ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੇ ਪ੍ਰਤੱਖ ਦਰਸ਼ਨ ਕਰਦਾ ਹੈ।)॥

**ਭਾਵ ਅਰਥ** : ਪ੍ਰਭੂ ਦੀ ਬਾਹਰਮੁਖੀ, ਕਰਮਕਾਂਡੀ ਤੇ ਆਡੰਬਰੀ ਭਗਤੀ ਇਕ ਭਰਮ ਹੈ। ਅੰਤਰਮੁਖੀ ਹੋ ਕੇ ਨਾਮ-ਸਿਮਰਨ ਰਾਹੀਂ ਪ੍ਰਭੂ ਦੇ ਦਰਸ਼ਨ ਕਰਨਾ ਹੀ ਸੱਚੀ ਭਗਤੀ ਹੈ।

## ਰਾਗੁ ਰਾਮਕਲੀ -70

***ਜਿਊਂ ਤੁਮ੍ ਕਾਰਨਿ ਕੇਸਵੇ, ਅੰਤਰਿ ਲਿਵ ਲਾਗੀ।***
***ਏਕ ਅਨੁਪਮ ਅਨੁਭਵੀ, ਕਿਮਿ ਹੋਇ ਵਿਭਾਗੀ॥ ਟੇਕ॥***
***ਏਕ ਅਭਿਮਾਨੀ ਚਾਤ੍ਰਿਗਾ, ਬਿਚਰਤ ਜਗ ਮਾਂਹੀ।***
***ਜਦਪਿ ਜਲ ਪੂਰਨ ਮਹੀ, ਕਹੂੰ ਵਾ ਰੁਚਿ ਨਾਹੀਂ॥ ੧॥***
***ਜੈਸੇ ਕਾਮੀ ਦੇਖਿ ਕਾਮਿਨੀ, ਹਿਰਦੈ ਸੂਲ ਉਪਜਾਈ।***
***ਕੋਟਿ ਬੈਦ ਬਿਧਿ ਉਪਚਰੇ, ਵਾ ਕੀ ਬਿਥਾ ਨਾ ਜਾਈ॥ ੨॥***
***ਜੋ ਜੇਹਿ ਚਾਹੇ ਸੋ ਮਿਲੈ, ਆਰਤਿ ਗਤਿ ਹੋਈ।***
***ਕਹੈ ਰਵਿਦਾਸ ਯਹ ਗੋਪਿ ਨਾਹੀਂ, ਜਾਨੈ ਸਬ ਕੋਈ॥ ੩॥***

**ਸ਼ਬਦ ਅਰਥ** : **ਕੇਸਵੇ**-ਹੇ ਸੋਹਣੇ ਪ੍ਰਭੂ। **ਅੰਤਰਿ**-ਅੰਦਰ, ਹਿਰਦਾ। **ਲਿਵ**-ਸੁਰਤਿ ਜੁੜਨਾ, ਬਿਰਤੀ ਦੀ ਇਕਾਗਰਤਾ। **ਅਨੁਪਮ**-ਬੇਨਜ਼ੀਰ, ਆਨੂਠਾ। **ਅਨੁਭਵੀ**-ਅਨੁਭਵ ਹੋਣਾ। **ਕਿਮਿ**-ਕਿਵੇਂ। **ਵਿਭਾਗੀ**-ਅਲੱਗ ਹੋਣਾ, ਵੰਡਿਆ ਜਾਣਾ। **ਚਾਤ੍ਰਿਗਾ**-ਪਪੀਹਾ। **ਮਾਂਹੀ**-ਵਿੱਚ। **ਜਦਪਿ**-ਜਦੋਂ ਕਿ, ਭਾਵੇਂ। **ਮਹੀ**-ਧਰਤੀ। **ਰੁਚਿ**-ਇੱਛਾ॥ ੧॥
**ਕਾਮੀ**-ਕਾਮ ਵਾਸਨਾ ਕਰਨ ਵਾਲਾ ਜਾਂ ਵਾਲੀ। **ਕਾਮਿਨੀ**-ਪ੍ਰੇਮਿਕਾ। **ਸੂਲ**-ਪੀੜਾ,

ਤਿੱਖਾ ਦਰਦ। **ਉਪਜਾਈ**-ਉਤਪੰਨ ਹੋਣਾ, ਅਨੁਭਵ ਕਰਨਾ। **ਕੋਟਿ**-ਕਰੋੜ। **ਬੈਦ**-ਇਲਾਜ ਕਰਨ ਵਾਲਾ ਹਕੀਮ। **ਬਿਧਿ**-ਤਰੀਕਾ। **ਉਪਚਰੇ**-ਇਲਾਜ ਕਰਨਾ, ਰੋਗ ਦੂਰ ਕਰਨ ਦਾ ਯਤਨ ਕਰਨਾ। **ਵਾ ਕੀ**-ਉਸ ਦੀ। **ਬਿਥਾ**-ਪੀੜਾ, ਤੜਫ਼, ਦਰਦ॥ ੨॥ **ਜੇਹਿ**-ਜਿਸ ਤਰ੍ਹਾਂ ਦਾ। **ਆਰਤਿ**-ਪੀੜਾ, ਦਰਦ। **ਗਤਿ**-ਮੁਕਤੀ ਹੋਣਾ। **ਗੋਪਿ**-ਲੁਕਿਆ। **ਆਰਤਿ ਗਤਿ**- ਪੀੜਾ ਤੋਂ ਮੁਕਤ ਹੋਣਾ॥ ੩॥

**ਪਦ ਅਰਥ** : ਹੇ ਸੋਹਣੇ-ਪ੍ਰਭੂ! ਆਪ ਜੀ ਦੀ ਕਿਰਪਾ ਸਦਕੇ ਮੇਰੇ ਹਿਰਦੇ ਅੰਦਰ ਆਪ ਜੀ ਦੇ ਪ੍ਰੇਮ ਦੀ ਲੈਅ ਜਾਗ ਪਈ ਹੈ ਤੇ ਸੁਰਤਿ ਅੰਤਰਮੁਖੀ ਹੋਈ ਆਪ ਜੀ ਦੇ ਚਰਨ-ਕੰਵਲਾਂ ਨਾਲ ਜੁੜ ਗਈ ਹੈ। ਇਸ ਅਵਸਥਾ ਦੀ ਬਰਕਤਿ ਨਾਲ ਮੈਨੂੰ ਇਕ ਬਹੁਤ ਹੀ ਅਦਭੁੱਤ ਤੇ ਅਨੂਠਾ ਅਨੁਭਵ ਹੋਇਆ ਜਿਸ ਨੂੰ ਵੰਡਿਆ ਨਹੀਂ ਜਾ ਸਕਦਾ, (ਭੁਲਾਇਆ ਨਹੀਂ ਜਾ ਸਕਦਾ ਤੇ ਨਾ ਹੀ ਬਿਆਨ ਕੀਤਾ ਜਾ ਸਕਦਾ ਹੈ।)॥ ਟੇਕ॥

(ਹੇ ਭਾਈ! ਸਵਾਂਤੀ-ਬੂੰਦ ਦੇ ਪ੍ਰੇਮ ਵਿੱਚ ਰਚਿਆ ਪਪੀਹਾ ਅਭਿਮਾਨੀ ਜਾਪਦਾ ਹੈ।) ਉਹ ਆਪਣੀ ਪਿਆਸ ਬੁਝਾਉਣ ਲਈ ਸਾਰੀ ਦੁਨੀਆਂ 'ਚ ਵਿਚਰਦਾ ਹੈ। ਭਾਵੇਂ ਸਾਰੀ ਧਰਤੀ ਪਾਣੀ ਨਾਲ ਭਰੀ ਪਈ ਹੈ (ਪਰ ਪ੍ਰੇਮ-ਅਭਿਮਾਨੀ ਪਪੀਹੇ ਨੂੰ ਇਸ ਪਾਣੀ ਵਿੱਚ) ਬਿਲਕੁਲ ਵੀ ਰੁਚੀ ਨਹੀਂ ਹੁੰਦੀ, (ਉਸਦੀ ਰੁਚੀ ਤਾਂ ਸਿਰਫ਼ ਸਵਾਂਤੀ ਨਛੱਤਰ ਦੀ ਬੂੰਦ ਵਿੱਚ ਹੀ ਹੁੰਦੀ ਹੈ। ਇਸੇ ਤਰ੍ਹਾਂ ਪਰਮਾਤਮਾ ਭਾਵੇਂ ਸਾਰੀ ਸ੍ਰਿਸ਼ਟੀ ਵਿੱਚ ਵਿਆਪਕ ਹੈ ਪਰ ਪ੍ਰਭੂ-ਪ੍ਰੇਮੀ ਦੀ ਚਾਹਤ ਤਾਂ ਕੇਵਲ ਪਰਮਾਤਮਾ ਦੇ ਦਰਸ਼ਨ ਕਰਨ ਵਿੱਚ ਹੁੰਦੀ ਹੈ।)॥

2. ਹੇ ਭਾਈ! ਜਿਸ ਤਰ੍ਹਾਂ ਆਪਣੀ ਪ੍ਰੇਮਿਕਾ ਨੂੰ ਦੇਖਦੇ ਸਾਰ ਹੀ ਕਾਮੀ ਪੁਰਸ਼ ਦੇ ਹਿਰਦੇ ਵਿੱਚ ਸੂਲ ਵਰਗੀ ਤਿੱਖੀ ਪੀੜਾ ਉਤਪੰਨ ਹੁੰਦੀ ਹੈ। ਭਾਵੇਂ ਕਰੋੜਾਂ ਵੈਦ ਉਸਦੀ ਪੀੜਾ ਦਾ ਇਲਾਜ ਕਈ ਤਰੀਕਿਆਂ ਨਾਲ ਕਰਨ ਪਰ ਉਸ ਦੀ ਇਹ ਪੀੜਾ ਖ਼ਤਮ ਨਹੀਂ ਹੁੰਦੀ। ਉਸ ਦੀ ਇਹ ਪੀੜਾ ਤਾਂ ਕੇਵਲ ਪ੍ਰੇਮਿਕਾ ਦੇ ਮਿਲਾਪ ਨਾਲ ਹੀ ਖ਼ਤਮ ਹੁੰਦੀ ਹੈ। (ਉਸੇ ਤਰ੍ਹਾਂ ਪ੍ਰਭੂ ਦੇ ਬਿਰਹਾ ਵਿੱਚ ਬੇਚੈਨ ਸਾਧਕ ਵੀ ਪ੍ਰਭੂ ਨੂੰ ਮਿਲਣ ਲਈ ਤੜਫ਼ਦਾ ਰਹਿੰਦਾ ਹੈ। ਉਸ ਦੀ ਤੜਫ਼ ਤਾਂ ਪ੍ਰਭੂ ਦੇ ਦੀਦਾਰ ਨਾਲ ਹੀ ਖ਼ਤਮ ਹੁੰਦੀ ਹੈ।)॥

3. ਜੋ ਜੀਵ ਜਿਸ ਕਿਸੇ ਨੂੰ ਚਾਹੁੰਦਾ ਹੈ ਉਹ ਆਪਣੀ ਲਗਨ ਦੁਆਰਾ ਉਸ ਨੂੰ ਪਾ ਲੈਂਦਾ ਹੈ। ਇਸ ਤਰ੍ਹਾਂ ਉਹ ਮਨ-ਬਾਂਛਤ ਵਸਤੂ ਪਾਉਣ ਦੀ ਪੀੜਾ ਤੋਂ ਸਦਾ ਲਈ ਮੁਕਤ ਹੋ ਜਾਂਦਾ ਹੈ ਭਾਵ ਉਸ ਦੀ ਪੀੜਾ ਖ਼ਤਮ ਹੋ ਜਾਂਦੀ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫਰਮਾਂਦੇ ਹਨ ਕਿ ਇਹ ਕੋਈ ਲੁਕੀ-ਛਿਪੀ ਗੱਲ ਨਹੀਂ, ਇਸ ਨੂੰ ਤਾਂ ਸਭ ਜਾਣਦੇ ਹਨ ਕਿ (ਪ੍ਰਭੂ ਦੇ ਬਿਰਹਾ ਦੀ ਪੀੜਾ ਵਿੱਚ ਬੇਚੈਨ ਭਗਤ ਆਪਣੀ ਸੱਚੀ ਪ੍ਰੀਤ ਰਾਹੀਂ ਉਸ ਪ੍ਰਭੂ ਨੂੰ ਪਾ ਹੀ ਲੈਂਦਾ ਹੈ।)॥

**ਭਾਵ ਅਰਥ** : ਜੀਵ ਪ੍ਰਭੂ ਨਾਲ ਸੱਚੀ ਲਿਵ ਲਾ ਕੇ ਹੀ ਉਸਦੀ ਪ੍ਰਾਪਤੀ ਕਰ ਸਕਦਾ ਹੈ।

# ਰਾਗੁ ਰਾਮਕਲੀ -71

***ਆਇਓ ਹੋ ਆਇਓ ਦੇਵ ! ਤੁਮ ਸਰਨਾ,***
***ਜਾਨਿ ਕਿਰਪਾ ਕੀਜੈ ਅਪਨੋ ਜਨਾ ॥ ਟੇਕ ॥***
***ਤ੍ਰਿਬਿਧਿ ਜੋਨਿ ਬਾਸ ਜਮ ਕੀ ਅਗਮ ਤ੍ਰਾਸ, ਤੁਮ੍ਰੇ ਭਜਨ ਬਿਨ ਭ੍ਰਮਤ ਫਿਰਿਓ।***
***ਮਮਿਤਾ ਅਹੰ ਬਿਖੈ ਮਦਿਮਾਤੋਂ, ਇਹ ਸੁਖ ਕਬਹੂੰ ਨ ਦੁਤਰ ਤਿਰਿਓ ॥ ੧ ॥***
***ਤੁਮ੍ਰੇ ਨਾਂਵ ਬਿਸਾਸ ਛਾਡੀ ਹੈ ਆਨ ਕੀ ਆਸ, ਸੰਸਾਰੀ ਧਰਮ ਮੇਰੇ ਮਨ ਨ ਧਰੀਜੈ।***
***ਰਵਿਦਾਸ ਦਾਸ ਕੀ ਸੇਵਾ ਮਾਨਹੁ ਦੇਵਾਧਿਦੇਵ, ਪਤਿਤ ਪਾਵਨ ਨਾਮ ਪ੍ਰਗਟ ਕਰੀਜੈ ॥ ੨ ॥***

**ਸ਼ਬਦ ਅਰਥ** : **ਜਾਨਿ**–ਜਾਣਕੇ, ਸਮਝ ਕੇ। **ਤ੍ਰਿਬਿਧਿ ਜੋਨਿ**–ਤਿੰਨ ਪ੍ਰਕਾਰ ਦੀਆਂ ਜੂਨੀਆਂ। **ਜਮ**–ਜਮਦੂਤ। **ਅਗਮ**–ਵਿਕਰਾਲ, ਅਕਹਿ, ਜਿੱਥੇ ਪਹੁੰਚਿਆ ਨਾ ਜਾ ਸਕੇ। **ਤ੍ਰਾਸ**–ਡਰ, ਭਓ। **ਭ੍ਰਮਤ**–ਭਟਕਦਾ। **ਮਮਿਤਾ**–ਮੇਰਾਪਨ, ਸਨੇਹ, ਅਪਣੱਤ। **ਅਹੰ**–ਹੰਕਾਰ, ਹਉਮੈ। **ਬਿਖੈ**–ਵਿਸ਼ੇ ਵਿਕਾਰ। **ਮਦਿਮਾਤੋਂ**–ਨਸ਼ੇ ਵਿੱਚ ਮਸਤ। **ਦੁਤਰ**–ਜਿਸ ਤੋਂ ਤਰ ਕੇ ਪਾਰ ਹੋਣਾ ਔਖਾ ਹੋਵੇ। **ਤਿਰਿਓ**–ਤਰਨਾ ॥ ੧ ॥
**ਬਿਸਾਸ**–ਵਿਸ਼ਵਾਸ। **ਆਨ**–ਦੂਸਰੇ। **ਆਸ**–ਇੱਛਾ, ਆਸਰਾ। **ਧਰਮ**–ਕਰਮ ਧਰਮ। **ਨ ਧਰੀਜੈ**–ਨਹੀਂ ਲੱਗਦਾ, ਨਹੀਂ ਭਾਉਂਦਾ। **ਮਾਨਹੁ**–ਕਬੂਲ ਕਰੋ। **ਪਤਿਤ ਪਾਵਨ**–ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ॥ ੨ ॥

**ਪਦ ਅਰਥ** : ਹੇ ਦੇਵਤਿਆਂ ਦੇ ਦੇਵਤਾ, ਪਰਮ ਪਿਤਾ ਪਰਮਾਤਮਾ! ਮੈਂ ਆਪ ਜੀ ਦੀ ਸ਼ਰਨ ਵਿੱਚ ਆਇਆ ਹਾਂ। ਮੈਨੂੰ ਆਪਣਾ ਨਿਮਾਣਾ ਸੇਵਕ ਸਮਝ ਕੇ ਮੇਰੇ 'ਤੇ ਦਇਆ–ਮਿਹਰ ਦੀ ਨਿਗ੍ਹਾ ਕਰੋ ਜੀ ॥ ਟੇਕ ॥

ਹੇ ਪ੍ਰਭੂ ਜੀ! ਆਪ ਜੀ ਦੀ ਭਗਤੀ ਤੋਂ ਬਿਨਾਂ ਮੈਂ ਤਿੰਨੋਂ ਪ੍ਰਕਾਰ ਦੀਆਂ ਜੂਨਾਂ (ਆਕਾਸ਼, ਧਰਤੀ ਤੇ ਪਾਤਾਲ) ਵਿੱਚ ਵਾਸ ਕਰਦਾ ਹੋਇਆ ਜਨਮ–ਮਰਨ ਦੇ ਚੱਕਰਾਂ ਵਿੱਚ ਭਟਕਦਾ ਰਿਹਾ, ਜਮਾਂ ਦੇ ਵਿਕਰਾਲ ਭਉ ਤੇ ਅਕਹਿ ਦੁੱਖਾਂ ਦੀ ਮਾਰ ਝੱਲਦਾ ਰਿਹਾ। ਹੇ ਪ੍ਰਭੂ! ਮੈਂ (ਆਤਮਿਕ ਜੀਵਨ ਵੱਲੋਂ ਬੇਪ੍ਰਵਾਹ ਹੋਇਆ) ਮੋਹ, ਮਮਤਾ ਤੇ ਹੰਕਾਰ ਆਦਿਕ ਵਿਕਾਰਾਂ ਦੇ ਨਸ਼ੇ ਵਿੱਚ ਹੀ ਮਦਮਸਤ ਰਿਹਾ ਤੇ ਇਨ੍ਹਾਂ ਵਿਕਾਰਾਂ ਦੇ ਸੁੱਖਾਂ ਵਿੱਚ ਲਿਪਤ ਹੋਇਆ ਇਸ ਬਖੇੜਿਆਂ ਭਰੇ ਸੰਸਾਰ–ਸਮੁੰਦਰ ਨੂੰ ਕਦੇ ਵੀ ਤਰ ਨਹੀਂ ਸਕਿਆ ॥

2. ਹੇ ਪ੍ਰਭੂ ਜੀ! ਹੁਣ ਮੈਨੂੰ ਸਿਰਫ਼ ਆਪ ਜੀ ਦੇ ਨਾਮ ਦਾ ਹੀ ਭਰੋਸਾ ਹੈ ਇਸ ਲਈ ਮੈਂ ਦੂਜਿਆਂ ਦੀ ਆਸ ਛੱਡ ਕੇ ਆਪ ਜੀ ਦੀ ਸ਼ਰਨ ਵਿੱਚ ਆਇਆ ਹਾਂ। ਹੇ ਪ੍ਰਭੂ! ਹੁਣ ਮੇਰੇ ਮਨ ਨੂੰ ਸੰਸਾਰ ਦੇ ਕਰਮ–ਧਰਮ ਜਿਵੇਂ ਕਿ ਪਾਠ–ਪੂਜਾ, ਵਰਤ, ਤੀਰਥ–ਇਸ਼ਨਾਨ ਆਦਿਕ ਨਹੀਂ ਭਾਉਂਦੇ, ਇਸ ਲਈ ਮੈਂ ਇਨ੍ਹਾਂ ਨੂੰ ਤਿਆਗ ਕੇ ਆਪ ਜੀ ਦੀ ਸੇਵਾ–ਭਗਤੀ ਵਿੱਚ ਲੱਗ ਗਿਆ ਹਾਂ। ਸਤਿਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ ਅੱਗੇ ਬੇਨਤੀ ਕਰਦੇ ਹੋਏ ਫ਼ਰਮਾਂਦੇ ਹਨ ਕਿ ਹੇ ਦੇਵਤਿਆਂ ਦੇ ਦੇਵਤਾ ਪਰਮ–ਪਿਤਾ ਪਰਮਾਤਮਾ! ਆਪ ਆਪਣੇ ਦਾਸ ਦੀ ਸੇਵਾ ਕਬੂਲ ਕਰੋ ਜੀ, ਭਾਵ ਮੇਰੇ ਵੱਲੋਂ ਕੀਤੇ ਗਏ ਨਾਮ–ਸਿਮਰਨ ਨੂੰ ਪ੍ਰਵਾਨਗੀ ਦਿਉ ਜੀ ਤੇ "ਪਾਪਾਂ ਤੇ ਵਿਕਾਰਾਂ ਵਿੱਚ ਡਿੱਗੇ ਹੋਏ ਜੀਵਾਂ ਨੂੰ ਪਵਿੱਤਰ ਕਰਨ ਵਾਲਾ"

ਆਪਣਾ ਨਾਮ ਮੇਰੇ ਹਿਰਦੇ ਅੰਦਰ ਪ੍ਰਗਟ ਕਰੋ ਜੀ॥

**ਭਾਵ ਅਰਥ** : ਜੀਵ ਪਰਮਾਤਮਾ ਦੇ ਨਾਮ ਨੂੰ ਭੁਲਾ ਕੇ ਵਿਸ਼ੇ-ਵਿਕਾਰਾਂ ਵਿੱਚ ਲਿਪਤ ਹੋਇਆ ਤ੍ਰਿਬਿਧ ਜੂਨਾਂ ਭੋਗ ਰਿਹਾ ਹੈ। ਪਰਮਾਤਮਾ ਦੇ ਨਾਮ-ਸਿਮਰਨ ਨਾਲ ਜੀਵ ਨੂੰ ਇਨ੍ਹਾਂ ਜੂਨਾਂ ਤੋਂ ਮੁਕਤੀ ਮਿਲਦੀ ਹੈ।

## ਰਾਗੁ ਰਾਮਕਲੀ -72

***ਭਾਈ ਰੇ ! ਰਾਮ ਕਹਾਂ ਹੈ ਮੋਹਿ ਬਤਾਵੋ।***
***ਸਤਿ ਰਾਮ ਤਾਕੈ ਨਿਕਟ ਨ ਆਵੋ॥ ਟੇਕ॥***
***ਰਾਮ ਕਹਤ ਸਬ ਜਗਤ ਭੁਲਾਨਾ, ਸੋ ਯਹੁ ਰਾਮ ਨ ਹੋਈ।***
***ਕਰਮ ਅਕਰਮ ਕਰੁਨਾਮੈ ਕੇਸੌਂ, ਕਰਤਾ ਨਾਂਵ ਸੁੰ ਕੋਈ॥ ੧॥***
***ਜਾ ਰਾਮਹਿੰ ਸਬ ਜਗ ਜਾਨੈਂ, ਭਰਮ ਭੂਲੇ ਰੇ ਭਾਈ।***
***ਆਪ ਆਪ ਥੈਂ ਕੋਈ ਨ ਜਾਨੈਂ, ਕਹੈ ਕੌਨ ਸੋ ਜਾਈ॥ ੨॥***
***ਸਤ ਤਨ ਲੋਭ ਪਰਸਿ ਜੀਅ ਤਨ ਮਨ, ਗੁਨ ਪਰਸਤ ਨਾਹਿੰ ਜਾਈ।***
***ਅਲਿਖ ਨਾਮ ਜਾਕੋ ਠੌਰ ਨ ਕਤਹੂੰ, ਕਉਂ ਨ ਕਹਿਓ ਸਮੁਝਾਈ॥ ੩॥***
***ਭਣੈ ਰਵਿਦਾਸ ਉਦਾਸ ਤਾਹੀ ਤੈ, ਕਰਤਾ ਕੌ ਹੈ ਭਾਈ।***
***ਕੇਵਲ ਕਰਤਾ ਏਕ ਸਹੀ ਕਰਿ, ਸਤਿ ਰਾਮ ਤਿੰਹਿ ਠਾਂਈ॥ ੪॥***

**ਸ਼ਬਦ ਅਰਥ** : **ਸਤਿ**-ਸੱਚਾ, ਸਦਾ ਥਿਰ ਰਹਿਣ ਵਾਲਾ ਪ੍ਰਭੂ। **ਭੁਲਾਨਾ**-ਭੁੱਲ ਗਿਆ ਹੈ, ਭਟਕ ਰਿਹਾ ਹੈ। **ਕਰਮ ਅਕਰਮ**-ਚੰਗੇ ਮੰਦੇ ਕਰਮ। **ਕਰੁਨਾਮੈ**-ਦਇਆ ਕਰਨ ਵਾਲਾ। **ਕੇਸੌਂ**-ਹੇ ਸੋਹਣੇ ਪ੍ਰਭੂ। **ਕਰਤਾ**-ਕਰਤਾ ਪੁਰਖ, ਰਚਨ ਵਾਲਾ, ਕਰਤਾਰ। **ਸੁੰ**-ਉਸ॥ ੧॥
**ਜਾ ਰਾਮਹਿੰ**-ਜਿਸ ਰਾਮ ਨੂੰ। **ਭਰਮ**-ਭੁਲੇਖਾ। **ਭੂਲੇ**-ਭੁੱਲ ਜਾਣਾ। **ਆਪ ਆਪ**-ਆਪਣੇ ਆਪ। **ਸੋ ਜਾਈ**-ਉਸ (ਪਰਮਾਤਮਾ) ਨੂੰ ਜਾਣਿਆ॥ ੨॥
**ਸਤ**-ਸਤੋਗੁਣ (ਦੇਖੋ ਸ਼ਬਦ-ਅਰਥ, ਸ਼ਬਦ ਨੰ: 68 ਦੇ)। **ਤਨ**-ਸਰੀਰ ਜੋ ਪੰਜ ਤੱਤਾਂ ਨਾਲ ਬਣਿਆ ਹੈ। **ਲੋਭ**-ਲਾਲਚ (ਪੰਜ ਵਿਕਾਰਾਂ ਵਿੱਚੋਂ ਇਕ ਵਿਕਾਰ)। **ਪਰਸਿ**-ਛੂਹ, ਸਮਝ। **ਜੀਆ**-ਜੀਵ। **ਤਨ ਮਨ**-ਸਰੀਰ ਤੇ ਮਨ, ਬਲ ਤੇ ਬੁੱਧੀ। **ਪਰਸਤ**-ਸਪਰਸ਼ ਕਰਨਾ। **ਅਲਿਖ**-ਸੰਪੂਰਨ, ਸਾਰਾ। **ਠੌਰ**-ਥਾਂ, ਟਿਕਾਣਾ। **ਕਹਿਓ**-ਕਹਿ ਕੇ॥ ੩॥
**ਕੌ**-ਕੌਣ। **ਸਹੀ ਕਰਿ**-ਸੱਚ ਕਰਕੇ, ਅਸਲ ਵਿੱਚ॥ ੪॥

**ਪਦ ਅਰਥ** : ਹੇ ਭਾਈ! ਮੈਨੂੰ ਇਹ ਤਾਂ ਦੱਸੋ ਕਿ ਜਿਸ ਨੂੰ ਤੁਸੀਂ ਰਾਮ ਕਹਿੰਦੇ ਹੋ ਉਹ ਰਾਮ ਹੈ ਕਿੱਥੇ ? ਤੁਸੀਂ ਸਰਬ-ਵਿਆਪਕ ਤੇ ਸਦਾ-ਥਿਰ ਰਹਿਣ ਵਾਲੇ ਪ੍ਰਭੂ-ਰਾਮ (ਸਤਿ ਰਾਮ) ਦੇ ਤਾਂ ਕਦੇ ਨੇੜੇ ਵੀ ਨਹੀਂ ਲੱਗੇ॥ ਟੇਕ॥
ਸਦਾ-ਥਿਰ ਰਹਿਣ ਵਾਲੇ ਪ੍ਰਭੂ-ਰਾਮ ਨੂੰ ਭੁਲਾ ਕੇ, ਜਿਸ ਨੂੰ ਸਾਰਾ ਸੰਸਾਰ 'ਰਾਮ ਰਾਮ' ਕਹਿ ਕੇ ਪੁਕਾਰ ਰਿਹਾ ਹੈ, ਉਹ ਅਸਲ ਵਿੱਚ ਸਰਬ-ਵਿਆਪਕ ਰਾਮ ਨਹੀਂ ਹੈ। (ਉਹ ਤਾਂ ਵਿਵਹਾਰਿਕ ਰਾਮ ਹੈ, ਫ਼ਲਦਾਇਕ ਨਹੀਂ।) ਸੱਚਾ ਸਰਬ-ਵਿਆਪਕ ਰਾਮ ਤਾਂ ਕਰਮਾਂ-ਅਕਰਮਾਂ ਤੋਂ ਪਰ੍ਹੇ ਹੈ। ਉਹ ਚੰਗੇ-ਮੰਦੇ ਕਰਮਾਂ ਦੇ ਬੰਧਨਾਂ ਵਿੱਚ ਬੱਝੇ ਹੋਏ ਜੀਵਾਂ 'ਤੇ ਦਇਆ ਕਰਨ ਵਾਲਾ ਹੈ। ਉਹ ਸਰਬ-ਵਿਆਪਕ ਰਾਮ ਤਾਂ ਸ੍ਰਿਸ਼ਟੀ ਦੇ ਸਾਰੇ ਕਾਰਜ ਕਰਨ ਵਾਲਾ ਕਰਤਾ ਪੁਰਖ ਹੈ। ਉਸਦਾ ਆਪਣਾ ਕੋਈ

ਖ਼ਾਸ ਨਾਮ ਨਹੀਂ ਹੈ ਪਰ ਉਸ ਨੂੰ ਕਿਸੇ ਵੀ ਨਾਮ ਨਾਲ ਪੁਕਾਰਿਆ ਜਾ ਸਕਦਾ ਹੈ॥

2. ਜਿਸ ਅਵਤਾਰੀ ਰਾਮ ਨੂੰ ਸਾਰਾ ਸੰਸਾਰ ਪ੍ਰਭੂ ਰੂਪ ਕਰਕੇ ਜਾਣ ਰਿਹਾ ਹੈ ਉਹ ਸਰਬ-ਵਿਆਪਕ ਪ੍ਰਭੂ ਰਾਮ ਨਹੀਂ ਹੈ। ਇਸੇ ਭੁਲੇਖੇ ਵਿੱਚ ਆ ਕੇ ਸੰਸਾਰ ਦੇ ਸਾਰੇ ਲੋਕਾਂ ਨੇ ਅਸਲੀ ਰਾਮ ਨੂੰ ਭੁਲਾ ਦਿੱਤਾ ਹੈ। ਹੇ ਭਾਈ! ਇਹ ਗੱਲ ਲੋਕਾਂ ਨੂੰ ਕੌਣ ਸਮਝਾਵੇ ਕਿ ਉਸ ਸਰਬ-ਵਿਆਪਕ ਪ੍ਰਭੂ-ਰਾਮ ਨੂੰ ਆਪਣੇ ਆਪ ਨਹੀਂ ਜਾਣਿਆ ਜਾ ਸਕਦਾ॥

3. ਉਹ ਪ੍ਰਭੂ ਜੋ ਮਾਇਆ ਦੇ ਤਿੰਨੋਂ ਗੁਣਾਂ ਸਤੋ, ਰਜੋ ਤੇ ਤਮੋ ਤੋਂ ਪਰ੍ਹੇ ਹੈ, ਜਿਸ ਦਾ ਆਪਣਾ ਕੋਈ ਖ਼ਾਸ ਸਰੀਰ (ਸਰੂਪ) ਨਹੀਂ ਹੈ ਭਾਵ ਜੋ ਪੰਜਾਂ ਤੱਤਾਂ ਤੋਂ ਪਰ੍ਹੇ ਹੈ ਤੇ ਜਿਸ ਨੂੰ ਲੋਭ ਆਦਿਕ ਕੋਈ ਵੀ ਵਿਕਾਰ ਛੋਹ ਨਹੀਂ ਸਕਦਾ, ਭਾਵ ਜੋ ਪੰਜ ਵਿਕਾਰਾਂ ਤੋਂ ਪਰ੍ਹੇ ਹੈ, ਉਸ ਨੂੰ ਕੋਈ ਵੀ ਜੀਵ ਆਪਣੀ ਬਲ-ਬੁੱਧੀ ਨਾਲ ਨਹੀਂ ਸਮਝ ਸਕਦਾ ਅਤੇ ਨਾ ਹੀ ਉਸ ਦੇ ਗੁਣਾਂ ਨੂੰ ਸਪਰਸ਼ ਕਰ ਸਕਦਾ ਹੈ। ਭਾਵ ਉਸ ਦੇ ਗੁਣ ਬਿਆਨ ਤੋਂ ਪਰ੍ਹੇ ਹਨ, ਅਕਥਨੀਯ ਹਨ। ਸ੍ਰਿਸ਼ਟੀ ਦੇ ਸਾਰੇ ਨਾਮ ਉਸ ਪ੍ਰਭੂ ਦੇ ਹੀ ਨਾਮ ਹਨ ਪਰ ਫਿਰ ਵੀ ਉਸ ਦਾ ਕੋਈ ਇਕ ਖ਼ਾਸ ਨਾਮ ਨਹੀਂ ਹੈ। ਸ੍ਰਿਸ਼ਟੀ ਦੇ ਕਣ-ਕਣ ਵਿੱਚ ਮੌਜੂਦ ਹੋਣ ਦੇ ਬਾਵਜੂਦ ਵੀ ਉਸਦਾ ਕੋਈ ਇਕ ਥਾਂ-ਟਿਕਾਣਾ ਨਹੀਂ ਹੈ। ਹੇ ਭਾਈ! ਉਸ ਦੇ ਅਜਿਹੇ ਭੇਦਾਂ ਬਾਰੇ ਤੁਹਾਨੂੰ ਕੋਈ (ਪੰਡਿਤ ਜਾਂ ਵਿਦਵਾਨ) ਕਿਉਂ ਨਹੀਂ ਸਮਝਾਉਂਦਾ?॥

4. ਸਤਿਗੁਰੂ ਮਹਾਰਾਜ ਜੀ ਫ਼ਰਮਾਂਦੇ ਹਨ ਕਿ ਮੇਰਾ ਮਨ ਇਸ ਕਾਰਨ ਉਦਾਸ ਹੈ ਕਿ ਜੀਵ ਨੂੰ ਇਹ ਪਤਾ ਨਹੀਂ ਲਗ ਰਿਹਾ ਕਿ ਸ੍ਰਿਸ਼ਟੀ ਦਾ ਕਰਤਾ ਪੁਰਖ ਕਿਹੜਾ ਰਾਮ ਹੈ? (ਭਾਵ ਅਵਤਾਰੀ ਰਾਮ ਹੈ ਜਾਂ ਸਰਬ-ਵਿਆਪਕ ਰਾਮ ਹੈ।) ਅਸਲ ਵਿੱਚ ਕਰਤਾ ਪੁਰਖ ਤਾਂ ਕੇਵਲ ਇਕ ਹੀ ਹੈ ਤੇ ਇਹ ਕਰਤਾ ਪੁਰਖ, ਉਹ ਰਾਮ ਹੈ ਜੋ ਸਦਾ-ਥਿਰ ਰਹਿਣ ਵਾਲਾ ਹੈ ਤੇ ਜੋ ਸਭ ਥਾਂ 'ਤੇ ਮੌਜੂਦ ਹੈ। ਇਸ ਲਈ ਹੇ ਭਾਈ! (ਅਵਤਾਰੀ ਰਾਮ ਨੂੰ ਛੱਡ ਕੇ) ਸਦਾ-ਥਿਰ ਰਹਿਣ ਵਾਲੇ ਸਰਬ-ਵਿਆਪਕ ਰਾਮ ਵਿੱਚ ਹੀ ਆਪਣੇ ਮਨ ਦੇ ਧਿਆਨ ਨੂੰ ਲਗਾਉਣਾ ਚਾਹੀਦਾ ਹੈ॥

**ਭਾਵ ਅਰਥ** : ਅਵਤਾਰੀ ਰਾਮ ਨਹੀਂ ਬਲਕਿ ਸਰਬ-ਵਿਆਪਕ ਰਾਮ ਹੀ ਸ੍ਰਿਸ਼ਟੀ ਦਾ ਕਰਤਾ ਪੁਰਖ ਹੈ। ਉਸੇ ਰਾਮ ਦੇ ਨਾਮ ਦਾ ਹੀ ਸਿਮਰਨ ਕਰਨਾ ਚਾਹੀਦਾ ਹੈ।

## ਰਾਗੁ ਰਾਮਕਲੀ -73

***ਐਸੋ ਕੁਛੁ ਅਨਭਉ ਕਹਿਤ ਨ ਆਵੈ।***
***ਸਾਹਿਬ ਮੇਰੋ ਮਿਲੈ ਤੌ ਕੋ ਬਿਗਰਾਵੈ॥ ਟੇਕ॥***
***ਸਬ ਮੇਂ ਹਰਿ ਹੈ ਹਰਿ ਮੇਂ ਸਬ ਹੈਂ, ਹਰਿ ਅਪਨੋ ਜਿਨਿ ਜਾਨਾ।***
***ਸਾਖੀ ਨਹੀਂ ਔਰ ਕੋਈ ਦੂਸਰ, ਜਾਨਨਹਾਰ ਸਿਆਨਾ॥ ੧॥***
***ਬਾਜੀਗਰ ਸੌਂ ਰਚਿ ਰਹੀਏ, ਬਾਜੀ ਕਾ ਮਰਮ ਨ ਜਾਨਾ।***
***ਬਾਜੀ ਝੂਠ ਸਾਂਚ ਬਾਜੀਗਰ, ਜਾਨਾ ਮਨ ਪਤਿਆਨਾ॥ ੨॥***

***ਮਨ ਥਿਰ ਹੋਇ ਤੌਂ ਕੋਈ ਨ ਸੂਝੈ, ਜਾਨੈ ਜਾਨਨਹਾਰਾ।***
***ਕਹੈ ਰਵਿਦਾਸ ਬਿਮਲ ਵਿਵੇਕ ਸੁਖ, ਸਹਿਜ ਸਰੂਪ ਸੰਭਾਰਾ॥ ੩॥***

**ਸ਼ਬਦ ਅਰਥ** : **ਅਨਭਉ**–ਅਨੁਭਵ, ਅਹਿਸਾਸ। **ਕਹਿਤ ਨ ਆਵੈ**–ਕਹੇ ਨਹੀਂ ਜਾ ਸਕਦੇ, ਬਿਆਨ ਨਹੀਂ ਕੀਤੇ ਜਾ ਸਕਦੇ। **ਸਾਹਿਬ**–ਪਰਮਾਤਮਾ। **ਮੇਰੋ**–ਮੈਨੂੰ, ਜੀਵ ਆਤਮਾ ਨੂੰ। **ਬਿਗਰਾਵੈ**–ਅਲੱਗ ਕਰਨਾ। **ਜਿਨਿ**–ਜਿਸ ਜੀਵ। **ਸਾਖੀ**–ਸਾਕਸ਼ੀ। **ਜਾਨਨਹਾਰ**– ਜਾਣਨ ਵਾਲਾ। **ਸਿਆਨਾ**–ਬੁੱਧੀਮਾਨ, ਗਿਆਨੀ॥ ੧॥

**ਬਾਜੀਗਰ**–ਖੇਲ ਕਰਨ ਵਾਲਾ, ਪ੍ਰਭੂ। **ਰਚਿ**–ਰਚਨਾ, ਲੀਨ ਹੋਣਾ। **ਬਾਜੀ**–ਖੇਲ ਤਮਾਸ਼ਾ। **ਮਰਮ**–ਭੇਦ। **ਪਤਿਆਨਾ**–ਪਤੀਜ ਜਾਣਾ, ਵਿਸ਼ਵਾਸ ਕਰਨਾ। **ਸਾਂਚ**–ਸੱਚਾ॥ ੨॥

**ਥਿਰ**–ਸਥਿਰ ਹੋਣਾ, ਟਿਕ ਜਾਣਾ। **ਜਾਨਨਹਾਰਾ**–ਜਾਣਨ ਵਾਲਾ ਜੀਵ। **ਬਿਮਲ**–ਮੈਲ ਰਹਿਤ, ਨਿਰਮਲ, ਪਵਿੱਤਰ। **ਵਿਵੇਕ**–ਚੰਗੇ ਮੰਦੇ ਦੀ ਪਰਖ ਕਰਨਾ, ਆਤਮਿਕ ਜੀਵਨ ਦੀ ਸੂਝ ਬੂਝ ਹੋਣਾ। **ਸਹਿਜ**–ਆਤਮਿਕ ਅਡੋਲ ਅਵਸਥਾ। **ਸੁਖ**–ਆਨੰਦ, ਆਤਮਿਕ ਆਨੰਦ। **ਸੰਭਾਰਾ**–ਸੰਭਲਣਾ, ਪ੍ਰਾਪਤ ਕਰਨਾ॥ ੩॥

**ਪਦ ਅਰਥ** : ਹੇ ਭਾਈ! ਪਰਮਾਤਮਾ ਦਾ ਨਾਮ–ਸਿਮਰਨ ਕਰਦਿਆਂ ਮਨ ਵਿੱਚ ਜਿਹੜਾ ਖਿੜਾਓ ਪੈਦਾ ਹੁੰਦਾ ਹੈ ਤੇ ਜਿਹੜੇ ਆਤਮਿਕ ਆਨੰਦ ਦਾ ਅਨੁਭਵ ਹੁੰਦਾ ਹੈ ਉਸ ਨੂੰ ਲਫ਼ਜਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। (ਬਿਆਨ ਕਰਨ ਵਾਲਾ ਜਦੋਂ ਆਪ ਹੀ ਪ੍ਰਭੂ ਵਿੱਚ ਸਮਾ ਕੇ ਉਸ ਦਾ ਰੂਪ ਹੋ ਗਿਆ ਹੋਵੇ ਤਾਂ ਉਹ ਉਸ ਆਨੰਦ ਦਾ ਵਰਣਨ ਕਿਵੇਂ ਕਰੇ? ਬਿਆਨ ਕਰਨ ਵਾਲਾ ਤਾਂ ਦੂਸਰੀ ਚੀਜ਼ ਦੇਖ ਕੇ ਹੀ ਬਿਆਨ ਕਰ ਸਕਦਾ ਹੈ।) ਜਦੋਂ ਜੀਵਾਤਮਾ ਪ੍ਰਭੂ 'ਚ ਸਮਾ ਕੇ (ਤਾਣੇ–ਪੇਟੇ ਵਾਂਗ) ਇੱਕਮਿਕ ਹੋ ਜਾਂਦੀ ਹੈ ਤਾਂ ਫਿਰ ਕੋਈ ਵੀ ਉਸ ਨੂੰ ਪ੍ਰਭੂ ਤੋਂ ਅਲੱਗ ਨਹੀਂ ਕਰ ਸਕਦਾ॥ ਟੇਕ॥

ਸੰਸਾਰ ਦੇ ਸਾਰੇ ਜੀਵ–ਜੰਤੂਆਂ ਤੇ ਵਸਤ–ਪਦਾਰਥਾਂ ਆਦਿਕ ਵਿੱਚ ਪਰਮਾਤਮਾ ਇਕ–ਰਸ ਵਿਆਪਕ ਹੈ ਤੇ ਪਰਮਾਤਮਾ ਅੰਦਰ ਕਾਇਨਾਤ ਦੇ ਸਾਰੇ ਜੀਵ–ਜੰਤੂ ਤੇ ਵਸਤ–ਪਦਾਰਥ ਆਦਿਕ ਸਮਾਏ ਹੋਏ ਹਨ। ਇਸ ਭੇਦ ਦੀ ਅਸਲੀਅਤ ਨੂੰ ਕੇਵਲ ਉਹੀ ਜੀਵ ਜਾਣਦਾ ਹੈ ਜਿਸ ਨੇ ਪਰਮਾਤਮਾ ਨਾਲ ਆਪਣੇ ਅੰਤਰ–ਆਤਮੇਂ ਹੀ ਜਾਣ–ਪਛਾਣ ਪਾ ਲਈ ਹੋਵੇ। ਜੀਵ ਦੀ ਅਜਿਹੀ ਅਵਸਥਾ ਦਾ ਸਾਕਸ਼ੀ ਕੇਵਲ ਪਰਮਾਤਮਾ ਖ਼ੁਦ ਹੀ ਹੁੰਦਾ ਹੈ, ਕੋਈ ਦੂਸਰਾ ਨਹੀਂ। ਅਸਲ ਵਿੱਚ ਉਹੀ ਜੀਵ ਸਿਆਣਾ ਹੈ ਜੋ ਇਹ ਜਾਣ ਜਾਂਦਾ ਹੈ ਕਿ ਸਭ ਅੰਦਰ 'ਇੱਕੋ' ਹੀ ਪਰਮਾਤਮਾ ਬਿਰਾਜਮਾਨ ਹੈ॥

2. ਹੇ ਭਾਈ! ਇਸ ਸੰਸਾਰ–ਰੂਪੀ ਬਾਜ਼ੀ ਦੇ ਰਚਾਉਣ ਵਾਲੇ ਬਾਜ਼ੀਗਰ–ਪ੍ਰਭੂ ਵਿੱਚ ਹੀ ਲੀਨ ਰਹਿਣਾ ਚਾਹੀਦਾ ਹੈ। (ਪਰ ਹੁੰਦਾ ਇਹ ਹੈ ਕਿ ਜੀਵ ਸੰਸਾਰ–ਰੂਪੀ ਬਾਜ਼ੀ ਨੂੰ ਦੇਖ ਕੇ ਉਸ ਵਿੱਚ ਹੀ ਮਗਨ ਹੋ ਜਾਂਦਾ ਹੈ) ਤੇ ਸੰਸਾਰ–ਰੂਪੀ ਬਾਜ਼ੀ ਦੇ ਰਹੱਸ ਨੂੰ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕਰਦਾ। ਇਹ ਸੰਸਾਰ–ਰੂਪੀ ਬਾਜ਼ੀ ਤਾਂ ਝੂਠੀ ਹੈ ਪਰ ਇਸ ਦੀ ਰਚਨਾ ਕਰਨ ਵਾਲਾ ਪ੍ਰਭੂ ਸੱਚਾ ਤੇ ਸਦੀਵੀ ਹੈ। ਜਿਸ ਜੀਵ ਨੂੰ ਇਸ ਗੱਲ ਦੀ ਸੋਝੀ ਆ ਜਾਂਦੀ ਹੈ ਤਾਂ ਉਸ

ਦਾ ਮਨ (ਇਸ ਬਾਜ਼ੀ ਨੂੰ ਛੱਡ ਕੇ) ਸਦਾ-ਥਿਰ ਰਹਿਣ ਵਾਲੇ ਪ੍ਰਭੂ ਵਿੱਚ ਹੀ ਸਦਾ ਪਤੀਜਿਆ ਰਹਿੰਦਾ ਹੈ ॥

3. ਜਦੋਂ ਜਾਣਨਹਾਰ ਜੀਵ ਦਾ ਮਨ (ਗੁਰੂ ਦੇ 'ਸ਼ਬਦ' ਰਾਹੀਂ) ਆਤਮਿਕ ਅਡੋਲਤਾ 'ਚ ਟਿਕ ਜਾਂਦਾ ਹੈ ਤਦੋਂ ਉਸ ਨੂੰ ਪ੍ਰਭੂ ਨੂੰ ਜਾਣਨ ਤੋਂ ਸਿਵਾਏ ਕੁਝ ਹੋਰ ਨਹੀਂ ਸੁੱਝਦਾ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਇਸ ਜੁਗਤੀ ਰਾਹੀਂ ਜਾਣਨਹਾਰ ਜੀਵ ਦਾ ਮਨ ਪਵਿੱਤਰ ਹੋ ਜਾਂਦਾ ਹੈ ਅਤੇ ਉਸ ਨੂੰ ਆਤਮਿਕ ਜੀਵਨ ਦੀ ਸੋਝੀ ਆ ਜਾਂਦੀ ਹੈ। ਉਹ ਆਤਮਿਕ ਅਡੋਲਤਾ ਵਿੱਚ ਟਿਕਿਆ ਹੋਇਆ ਸਤਿ-ਸਰੂਪ ਪਰਮਾਤਮਾ ਨੂੰ ਪ੍ਰਾਪਤ ਕਰਕੇ ਸਦਾ ਆਤਮਿਕ ਆਨੰਦ ਮਾਣਦਾ ਰਹਿੰਦਾ ਹੈ ॥

**ਭਾਵ ਅਰਥ** : ਪਰਮਾਤਮਾ ਸੱਚ ਹੈ ਤੇ ਸਦੀਵੀ ਰਹਿਣ ਵਾਲਾ ਹੈ ਪਰ ਸੰਸਾਰ ਝੂਠ ਤੇ ਨਾਸ਼ਵਾਨ ਹੈ। ਇਸ ਲਈ ਸੱਚੇ ਤੇ ਸਦੀਵੀ ਆਨੰਦ ਲਈ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ।

## ਰਾਗੁ ਰਾਮਕਲੀ -74

***ਪੰਡਿਤ ! ਅਖਿਲ ਖਿਲੈ ਨਹੀਂ, ਕਾ ਕਹਿ ਗਾਉਂ ਕੋਈ ਨ ਕਹੈ ਸਮੁਝਾਈ।***
***ਅਬਰਨ ਬਰਨ ਰੂਪ ਨਹੀਂ ਜਾਕੈ, ਸੋ ਕਹਾਂ ਲਇਓ ਜਾਇ ਸਮਾਈ ॥ ਟੇਕ ॥***
***ਚੰਦ ਸੂਰ ਨਹੀਂ ਰਾਤਿ ਦਿਵਸ ਨਹੀਂ, ਧਰਨਿ ਆਕਾਸ ਨ ਭਾਈ।***
***ਕਰਮ ਅਕਰਮ ਨਹੀਂ ਸੁਭ ਅਸੁਭ ਨਹੀਂ, ਕਾ ਕਹਿ ਦੇਹੁੰ ਬਡਾਈ ॥ ੧ ॥***
***ਸੀਤ ਨ ਊਸਨ ਬਾਉ ਨਹੀਂ ਸਰਵਤ, ਕਾਮ ਕੁਟਿਲ ਨਹੀਂ ਹੋਈ।***
***ਜੋਗ ਨ ਭੋਗ ਰੋਗ ਨਹੀਂ ਜਾਕੈ, ਕਹੌਂ ਨਾਂਵ ਸਤਿ ਸੋਈ ॥ ੨ ॥***
***ਨਿਰੰਜਨ ਨਿਰਾਕਾਰ ਨਿਰਲੇਪਹਿ, ਨਿਰਬਿਕਾਰ ਨਿਰਾਸੀ।***
***ਕਾਮ ਕੁਟਿਲ ਤਾਹੀ ਕਹਿ ਗਾਵੈ, ਹਰ ਹਰ ਆਵੈ ਹਾਂਸੀ ॥ ੩ ॥***
***ਗਗਨ ਧੂਰਿ ਧੂਪ ਨਹੀਂ ਜਾਕੈ, ਪਵਨ ਪੂਰ ਨਹੀਂ ਪਾਣੀ।***
***ਗੁਨ ਬਿਗੁਨ ਕਹਿਅਤ ਨਹੀਂ ਜਾਕੈ, ਕਹੌ ਤੁਮ ਬਾਤ ਸਿਆਣੀ ॥ ੪ ॥***
***ਯਾਹੀ ਸੌ ਤੁਮ ਜੋਗ ਕਹਤ ਹੌ, ਜਬ ਲਗ ਆਸ ਕੀ ਪਾਸੀ।***
***ਛੂਟੇ ਤਬਹੀ ਜਬ ਮਿਲੈ ਏਕ ਹੀ, ਭਣੈ ਰਵਿਦਾਸ ਉਦਾਸੀ ॥ ੫ ॥***

**ਸ਼ਬਦ ਅਰਥ** : **ਅਖਿਲ**-ਸੰਪੂਰਨ, ਆਖੰਡ, ਸਾਰਾ। **ਖਿਲੈ**-ਖਿੰਡਨਾ, ਸਪੱਸ਼ਟ ਕਰਨਾ। **ਕਹੈ**-ਕਹਿ ਕੇ, ਦੱਸ ਕੇ। **ਅਬਰਨ**-ਕੁਜਾਤ, ਰੰਗ ਰਹਿਤ। **ਬਰਨ**-ਜਾਤ, ਸਰੂਪ। **ਸੂਰ**-ਸੂਰਜ। **ਧਰਨਿ**-ਪ੍ਰਿਥਵੀ। **ਕਰਮ ਅਕਰਮ**-ਚੰਗੇ ਮੰਦੇ ਕਰਮ। **ਬਡਾਈ**-ਵਡਿਆਈ ॥ ੧ ॥ **ਸੀਤ**-ਠੰਡ। **ਊਸਨ**-ਗਰਮੀ। **ਬਾਉ**-ਹਵਾ, ਪਵਨ। **ਸਰਵਤ**-ਪੀਣ ਯੋਗ ਪਦਾਰਥ, ਪਾਣੀ। **ਕਾਮ**-ਕਾਮੀ। **ਕੁਟਿਲ**-ਛਲ ਕਪਟੀ। **ਸਤਿ**-ਸੱਚ, ਸਦਾ ਥਿਰ ਰਹਿਣ ਵਾਲਾ ਪ੍ਰਭੂ ॥ ੨ ॥ **ਨਿਰੰਜਨ**-ਮਾਇਆ ਤੋਂ ਰਹਿਤ। **ਨਿਰਾਕਾਰ**-ਆਕਾਰ ਰਹਿਤ। **ਨਿਰਲੇਪਹਿ**- ਰਾਗ ਦ੍ਵੈਸ਼ ਆਦਿਕ ਵਿਕਾਰਾਂ ਤੋਂ ਰਹਿਤ। **ਨਿਰਬਿਕਾਰ**-ਵਿਕਾਰਾਂ ਤੋਂ ਰਹਿਤ। **ਨਿਰਾਸੀ**-ਆਸਾ ਰਹਿਤ। **ਕਾਮ ਕੁਟਿਲਤਾ**-ਕਾਮੀ ਤੇ ਛਲ ਕਪਟੀ। **ਹਾਂਸੀ**-ਹਾਸਾ। **ਤਾਹੀ**-ਉਸ ਨੂੰ ॥ ੩ ॥

**ਧੂਰਿ**–ਧੂੜ, ਧਰਤੀ, ਭੂਮੀ। **ਗੁਨ ਬਿਗੁਨ**–ਗੁਣ ਔਗੁਣ, ਸਗੁਣ ਨਿਰਗੁਣ॥ ੪॥
**ਆਸ**–ਇੱਛਾਵਾਂ। **ਪਾਸੀ**–ਫ਼ਾਹੀ। **ਛੂਟੇ**–ਛੁੱਟਣਾ, ਮਿਟਣਾ, ਖ਼ਤਮ ਹੋਣਾ। **ਤਬਹੀ**–ਤਦੋਂ ਹੀ। **ਉਦਾਸੀ**–ਉਪਰਾਮ॥ ੫॥

**ਪਦ ਅਰਥ** : ਹੇ ਪੰਡਿਤ! ਪਰਮਾਤਮਾ ਦਾ ਰਹੱਸ ਇਕ ਨਾ ਖਿਲਨ ਵਾਲਾ ਸਿਲਸਿਲਾ ਹੈ। ਕਈ ਯਤਨ ਕਰਨ ਦੇ ਬਾਵਜੂਦ ਵੀ ਇਹ ਸਾਰਾ ਖਿੱਲਦਾ ਨਹੀਂ ਭਾਵ ਸਾਰਾ ਸਪੱਸ਼ਟ ਨਹੀਂ ਹੁੰਦਾ ਅਰਥਾਤ ਪ੍ਰਭੂ ਦੇ ਸਰੂਪ ਤੇ ਭੇਦਾਂ ਦਾ ਪਤਾ ਨਹੀਂ ਲਗਦਾ। ਮੈਨੂੰ ਕੋਈ ਵੀ (ਗਿਆਨੀ ਪੁਰਸ਼ ਉਸ ਦੇ ਸਰੂਪ) ਬਾਰੇ ਦੱਸ ਕੇ ਸਮਝਾ ਨਹੀਂ ਰਿਹਾ। ਉਸ ਦੇ ਸਰੂਪ ਨੂੰ ਜਾਣੇ ਬਿਨਾਂ ਮੈਂ ਉਸ ਦੀ ਮਹਿਮਾ ਦੇ ਗੁਣਾਂ ਨੂੰ ਕੀ ਕਹਿ ਕੇ ਗਾਵਾਂ? ਹੇ ਪੰਡਿਤ! ਸਰਬ-ਵਿਆਪਕ ਪ੍ਰਭੂ ਦਾ ਨਾ ਕੋਈ ਰੂਪ ਹੈ, ਨਾ ਕੋਈ ਰੰਗ ਹੈ, ਨਾ ਕੋਈ ਜਾਤ-ਕੁਜਾਤ ਹੈ ਤੇ (ਨਾ ਹੀ ਕੋਈ ਖ਼ਾਸ ਥਾਂ-ਟਿਕਾਣਾ ਹੈ) ਤਾਂ ਫਿਰ ਉਹ ਪ੍ਰਭੂ ਕਿੱਥੇ ਜਾ ਕੇ ਸਮਾਇਆ ਹੋਇਆ ਹੈ?॥ਟੇਕ॥

ਹੇ ਪੰਡਿਤ! ਪਰਮਾਤਮਾ ਦਾ ਸਰੂਪ ਨਾ ਚੰਦਰਮਾ ਹੈ, ਨਾ ਸੂਰਜ ਹੈ, ਨਾ ਰਾਤ ਹੈ, ਨਾ ਦਿਨ ਹੈ, ਨਾ ਧਰਤੀ ਹੈ ਤੇ ਨਾ ਹੀ ਆਕਾਸ਼ ਹੈ। (ਉਸ ਦੀ ਪ੍ਰਕਿਰਤੀ ਬਹੁਤ ਹੀ ਅਨੂਪਮ ਹੈ।) ਉਹ ਨਾ ਕਰਮ ਵਿੱਚ ਹੈ ਤੇ ਨਾ ਹੀ ਅਕਰਮ ਵਿੱਚ, ਨਾ ਸ਼ੁੱਭ ਵਿੱਚ ਹੈ ਤੇ ਨਾ ਹੀ ਅਸ਼ੁੱਭ ਵਿੱਚ। ਉਸ ਦਾ ਸਰੂਪ ਇਨ੍ਹਾਂ ਸਭਨਾਂ ਤੋਂ ਪਰ੍ਹੇ ਹੈ। ਤਾਂ ਫਿਰ ਮੈਂ ਕੀ ਕਹਿ ਕੇ ਉਸ ਦੇ ਸਰੂਪ ਦੀ ਵਡਿਆਈ ਕਰਾਂ?॥

2. (ਪਰਮਾਤਮਾ ਦਾ ਸਰੂਪ ਸੰਸਾਰਿਕ ਗੁਣਾਂ-ਔਗੁਣਾਂ ਤੋਂ ਵੀ ਪਰ੍ਹੇ ਹੈ।) ਉਹ ਨਾ ਠੰਡ ਹੈ, ਨਾ ਗਰਮੀ ਹੈ, ਨਾ ਹਵਾ ਹੈ, ਨਾ ਪਾਣੀ ਹੈ, ਨਾ ਕਾਮੀ ਹੈ ਤੇ ਨਾ ਹੀ ਛਲ-ਕਪਟੀ ਹੈ। ਉਹ ਨਾ ਜੋਗ ਵਿੱਚ ਹੈ, ਨਾ ਭੋਗ ਵਿੱਚ ਹੈ ਤੇ ਨਾ ਹੀ ਰੋਗ ਵਿੱਚ ਹੈ। (ਉਹ ਇਨ੍ਹਾਂ ਸਭ ਤੋਂ ਪਰ੍ਹੇ ਨਿਰਲੇਪ ਤੇ ਪਵਿੱਤਰ ਹੈ।) ਉਸ ਨੂੰ ਸੱਚਾ-ਸੁੱਚਾ ਤੇ ਸਦਾ ਥਿਰ ਰਹਿਣ ਵਾਲਾ 'ਸਤਿਨਾਮ' ਕਿਹਾ ਜਾਵੇ ਤਾਂ ਠੀਕ ਹੈ॥

3. ਉਸ ਪਰਮਾਤਮਾ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਉਹ ਦੁਨੀਆਂ ਦੇ ਰਾਗ-ਦ੍ਵੈਸ ਤੋਂ ਰਹਿਤ, ਮਾਇਆ ਤੋਂ ਰਹਿਤ, ਆਕਾਰ ਤੋਂ ਰਹਿਤ, ਵਿਕਾਰਾਂ ਤੋਂ ਰਹਿਤ ਤੇ ਆਸ਼ਾ-ਤ੍ਰਿਸ਼ਨਾ ਤੋਂ ਰਹਿਤ ਇਕ-ਰਸ ਹੋ ਕੇ ਰਹਿਣ ਵਾਲਾ ਹੈ। ਕਾਮੀ ਤੇ ਛਲ-ਕਪਟੀ ਲੋਕ ਪਰਮਾਤਮਾ ਦੇ ਸਰੂਪ ਨੂੰ ਜਾਣੇ ਬਿਨਾਂ ਉਸ ਨੂੰ ਇਨ੍ਹਾਂ (ਉੱਪਰ ਲਿਖੇ) ਨਾਂਵਾਂ ਨਾਲ ਗਾਉਂਦੇ ਹਨ। ਉਨ੍ਹਾਂ ਦੇ ਇਸ ਤਰ੍ਹਾਂ ਦੇ ਪਖੰਡ ਨੂੰ ਦੇਖ ਕੇ ਮੈਨੂੰ ਵਾਰ-ਵਾਰ ਹਾਸਾ ਆਉਂਦਾ ਹੈ॥

4. ਉਹ ਪਰਮਾਤਮਾ ਆਕਾਸ਼, ਧੂੜ, ਧਰਤੀ, ਧੁੱਪ, ਪਾਣੀ ਤੇ ਹਵਾ ਦੇ ਰੂਪ ਵਿੱਚ ਵੀ ਨਹੀਂ ਹੈ। ਉਸ ਨੂੰ ਕੇਵਲ ਨਿਰਗੁਣ ਜਾਂ ਸਗੁਣ ਦੇ ਰੂਪ ਵਿੱਚ ਵੀ ਨਹੀਂ ਕਿਹਾ ਜਾ ਸਕਦਾ। ਅਸਲ ਵਿੱਚ ਸਿਆਣੀ ਗੱਲ ਤਾਂ ਇਹ ਹੈ ਕਿ ਪਰਮਾਤਮਾ ਦੇ ਸਰੂਪ ਨੂੰ ਸੰਸਾਰ ਦੇ ਗੁਣਾਂ-ਔਗੁਣਾਂ ਅਨੁਸਾਰ ਵਿਅਕਤ ਹੀ

ਨਹੀਂ ਕੀਤਾ ਜਾ ਸਕਦਾ॥

5. ਸਤਿਗੁਰੂ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਹੇ ਪੰਡਿਤ! ਜਿਸ ਨੂੰ ਤੂੰ ਜੋਗ ਵਿੱਦਿਆ ਕਹਿੰਦਾ ਹੈਂ, ਉਹ ਤਾਂ ਬਾਹਰੀ ਆਡੰਬਰ ਹਨ। ਜਦੋਂ ਤੱਕ ਅਸੀਂ ਆਡੰਬਰਾਂ-ਰੂਪੀ ਝੂਠੀ ਆਸ਼ਾ ਦੀ ਫ਼ਾਹੀ (ਬੰਧਨਾਂ) ਵਿੱਚ ਬੱਝੇ ਹੋਏ ਹਾਂ ਉਦੋਂ ਤੱਕ ਸਾਨੂੰ ਪ੍ਰਭੂ ਦੇ ਸਰੂਪ ਦੀ ਸੋਝੀ ਨਹੀਂ ਆ ਸਕਦੀ। ਆਪ ਜੀ ਫ਼ਰਮਾਉਂਦੇ ਹਨ ਕਿ ਜਦੋਂ ਅਨੇਕਾਂ ਵਿੱਚ ਵਿਚਰ ਰਹੇ ਉਸ 'ਇਕ' ਪ੍ਰਭੂ ਨਾਲ ਜੀਵ ਦਾ ਮਿਲਾਪ ਹੁੰਦਾ ਹੈ ਤਦੋਂ ਹੀ ਉਸ ਅੰਦਰੋਂ ਪ੍ਰਭੂ ਦੇ ਸਰੂਪ ਬਾਰੇ ਸਾਰੇ ਭਰਮ ਪਿੱਛੇ ਛੁੱਟਦੇ ਹਨ। ਫਿਰ ਉਹ ਜੀਵ ਸੰਸਾਰ 'ਚ ਰਹਿੰਦਾ ਹੋਇਆ (ਭਾਵ ਗ੍ਰਿਹਸਤ ਜੀਵਨ ਵਿੱਚ ਰਹਿੰਦਾ ਹੋਇਆ) ਹੀ ਸੰਸਾਰ ਤੋਂ ਉਪਰਾਮ ਹੋ ਜਾਂਦਾ ਹੈ॥

**ਭਾਵ ਅਰਥ** : ਸਰਬ-ਵਿਆਪਕ ਪ੍ਰਭੂ ਇਕ ਹੈ ਤੇ ਅਨੇਕ ਰੂਪ ਧਾਰ ਕੇ ਵਿਚਰ ਰਿਹਾ ਹੈ। ਪ੍ਰੇਮਾ-ਭਗਤੀ ਰਾਹੀਂ ਹੀ ਉਸਦੇ ਸਰੂਪ ਨੂੰ ਜਾਣਿਆ ਜਾ ਸਕਦਾ ਹੈ।

## ਰਾਗੁ ਰਾਮਕਲੀ -75

***ਨਰਹਰਿ ! ਚੰਚਲ ਹੈ ਮਤਿ ਮੋਰੀ, ਕੈਸੇ ਭਗਤਿ ਕਰੂੰ ਮੈ ਤੋਰੀ॥ ਟੇਕ॥***
***ਤੂੰ ਮੋਹਿੰ ਦੇਖੈ ਮੈਂ ਤੋਹਿੰ ਦੇਖੂੰ, ਪ੍ਰੀਤਿ ਪਰਸਪਰ ਹੋਈ।***
***ਤੂੰ ਮੋਹਿੰ ਦੇਖੈ ਹੌ ਤੋਹਿੰ ਨ ਦੇਖੂੰ, ਏਹੁ ਮਤਿ ਸਭ ਬੁਧਿ ਖੋਈ॥ ੧॥***
***ਸਬ ਘਟਿ ਅੰਤਰਿ ਰਮਸਿ ਨਿਰੰਤਰਿ, ਮੈਂ ਦੇਖਤ ਹੂੰ ਨਹੀਂ ਜਾਨਾ।***
***ਗੁਨ ਸਬ ਤੋਰ ਮੋਰਿ ਸਬ ਔਗੁਨ, ਕ੍ਰਿਤ ਉਪਕਾਰ ਨ ਮਾਨਾ॥ ੨॥***
***ਮੈਂ-ਤੈਂ ਤੋਰਿ-ਮੋਰਿ ਅਸਮਝਿਸ, ਕੈਸੇ ਕਰਿ ਨਿਸਤਾਰਾ।***
***ਕਹੈ ਰਵਿਦਾਸ ਮਾਧੋ ਕਰੁਨਾਮੈ, ਜੈ ਜੈ ਜਗਤ ਅਧਾਰਾ॥ ੩॥***

**ਸ਼ਬਦ ਅਰਥ** : **ਨਰਹਰਿ**-ਜੀਵਾਂ ਦੇ ਸ੍ਰੇਸ਼ਟ ਮਾਲਿਕ ਪ੍ਰਭੂ। **ਚੰਚਲ**-ਟਿਕਾਊਪਨ ਨਾ ਹੋਣਾ। **ਪਰਸਪਰ**-ਆਪਸ ਵਿੱਚ। **ਬੁਧਿ**-ਅਕਲ, ਸਮਝ। **ਮਤਿ**-ਬੁੱਧੀ, ਸੋਚ॥ ੧॥
**ਘਟਿ**-ਸਰੀਰ, ਹਿਰਦਾ। **ਅੰਤਰਿ**-ਅੰਦਰ। **ਰਮਸਿ**-ਰਮੇ ਹੋਣਾ, ਮੌਜੂਦ ਹੋਣਾ। **ਨਿਰੰਤਰਿ**-ਲਗਾਤਾਰ, ਇਕ ਰਸ ਹੋ ਕੇ। **ਦੇਖਤ**-ਦੇਖਦਾ ਹੋਇਆ, ਜਾਣਦਾ ਹੋਇਆ। **ਕ੍ਰਿਤ**-ਕੀਤੇ ਹੋਏ। **ਉਪਕਾਰ**-ਬਖ਼ਸ਼ਿਸ਼, ਰਹਿਮਤ॥ ੨॥
**ਮੈਂ ਤੈਂ**-ਮੈਂ ਤੇ ਤੂੰ, ਆਪਣੇ ਪਰਾਏ ਦਾ ਭਾਵ। **ਤੋਰਿ ਮੋਰਿ**-ਤੇਰੀ ਮੇਰੀ ਦੀ ਦੋਚਿਤ ਭਾਵਨਾ। **ਅਸਮਝਿਸ**-ਜਿਸ ਨੂੰ ਸਮਝ ਨਾ ਹੋਵੇ, ਨਾਦਾਨੀ। **ਨਿਸਤਾਰਾ**-ਛੁਟਕਾਰਾ। **ਕਰੁਨਾਮੈ**-ਦਿਆਲੂ। **ਜਗਤ ਅਧਾਰਾ**-ਸੰਸਾਰ ਦਾ ਆਧਾਰ॥ ੩॥

**ਪਦ ਅਰਥ** : ਹੇ ਜਗਤ ਦੇ ਸ੍ਰੇਸ਼ਟ ਮਾਲਿਕ-ਪ੍ਰਭੂ! ਮੇਰਾ ਮਨ ਬਹੁਤ ਚੰਚਲ ਤੇ ਅਸਥਿਰ ਹੈ। ਅਜੇ ਤੱਕ ਇਸ ਵਿੱਚ ਟਿਕਾਊਪਨ ਨਹੀਂ ਆਇਆ ਹੈ। ਫਿਰ ਮੈਂ ਇਕਾਗਰਚਿੱਤ ਹੋ ਕੇ ਆਪ ਜੀ ਦੀ ਭਗਤੀ ਕਿਵੇਂ ਕਰਾਂ ?॥ ਟੇਕ॥

ਹੇ ਪ੍ਰਭੂ! ਮੈਂ ਆਪ ਜੀ ਨੂੰ ਦੇਖ ਰਿਹਾਂ ਹਾਂ ਤੇ ਆਪ ਜੀ ਮੈਨੂੰ ਦੇਖ ਰਹੇ ਹੋ। ਪਰਸਪਰ ਪ੍ਰੀਤ ਦੀ ਮੰਗ ਵੀ ਇਹੋ ਹੀ ਹੈ ਕਿ ਜਿਵੇਂ ਆਪ ਜੀ ਮੈਨੂੰ ਦੇਖੋ, ਤਿਵੇਂ ਹੀ ਮੈਂ ਆਪ ਜੀ ਨੂੰ ਦੇਖਾਂ। ਪਰ ਵਾਸਤਵਿਕਤਾ ਇਹ ਹੈ ਕਿ ਆਪ ਜੀ

ਤਾਂ ਮੈਨੂੰ ਦੇਖ ਰਹੇ ਹੋ ਪਰ ਮੈਂ ਆਪ ਜੀ ਨੂੰ ਦੇਖਣ ਵਿੱਚ ਅਸਮਰੱਥ ਹਾਂ। ਇਹ ਸੋਚ ਕੇ ਮੇਰੀ ਅਕਲ ਚੱਕਰ ਖਾ ਜਾਂਦੀ ਹੈ ਤੇ ਆਪ ਜੀ ਨਾਲ ਮੇਰੀ ਪ੍ਰੀਤ ਨੇਪੜੇ ਨਹੀਂ ਚੜ੍ਹਦੀ॥

2. ਹੇ ਪ੍ਰਭੂ! ਆਪ ਜੀ ਤਾਂ ਸਾਰੇ ਜੀਵਾਂ ਦੇ ਹਿਰਦੇ (ਘਟ) ਵਿੱਚ ਹਮੇਸ਼ਾ ਇਕ-ਰਸ ਮੌਜੂਦ ਰਹਿੰਦੇ ਹੋ (ਪਰ ਫਿਰ ਵੀ ਸਭ ਨੂੰ ਦਿਖਾਈ ਨਹੀਂ ਦਿੰਦੇ ਕਿਉਂਕਿ ਆਪ ਜੀ ਨਿਰਾਕਾਰ ਹੋ।) ਮੈਂ ਇਸ ਤੱਥ ਨੂੰ (ਕੀ ਆਪ ਜੀ ਨਿਰਾਕਾਰ ਹੋ) ਜਾਣਦਾ ਹੋਇਆ ਵੀ ਇਸ ਤੋਂ ਅਨਜਾਣ ਬਣਿਆ ਹੋਇਆ ਹਾਂ। (ਨੋਟ : ਜੀਵ ਦੀ ਬੁੱਧੀ ਦੀ ਇਹ ਇਕ ਅਨੋਖੀ ਪ੍ਰਵ੍ਰਿਤੀ ਹੈ ਕਿ ਇਹ ਦੇਖ ਕੇ ਵੀ ਨਾ ਦੇਖਣ ਦਾ ਸਵਾਂਗ ਕਰਦੀ ਹੈ, ਜਾਣ ਕੇ ਵੀ ਅਨਜਾਣ ਬਣ ਜਾਂਦੀ ਹੈ।) ਹੇ ਪ੍ਰਭੂ! ਆਪ ਜੀ ਸਰਬ-ਕਲਾ ਸਮਰੱਥ ਹੋ ਤੇ ਸਾਰੇ ਗੁਣਾਂ ਦੇ ਮਾਲਿਕ ਹੋ। (ਮੇਰੇ ਅੰਦਰ ਜਿੰਨੇ ਵੀ ਗੁਣ ਹਨ ਇਹ ਸਭ ਆਪ ਜੀ ਦੀਆਂ ਬਖ਼ਸ਼ੀਆਂ ਹੋਈਆਂ ਦਾਤਾਂ ਹੀ ਹਨ।) ਔਗੁਣ ਤਾਂ ਮੈਂ ਆਪ ਹੀ ਸਹੇੜੇ ਹਨ। ਮੈਂ ਅਕ੍ਰਿਤਘਣ ਆਪ ਜੀ ਦੀਆਂ ਕੀਤੀਆਂ ਹੋਈਆਂ ਬਖ਼ਸ਼ਿਸ਼ਾਂ ਦਾ ਦੇਣਾ ਨਹੀਂ ਦੇ ਸਕਦਾ॥

3. ਹੇ ਭਾਈ! ਜੀਵ ਆਪਣੀ ਨਾ-ਸਮਝੀ ਕਾਰਨ ਹੀ ਆਪਣੇ ਤੇ ਪਰਾਏ ਦੇ ਭੇਦ (ਅੰਤਰ) ਦਾ ਸ਼ਿਕਾਰ ਹੈ। ਉਹ ਤੇਰੀ-ਮੇਰੀ ਦੀ ਦੋਚਿਤੀ-ਭਾਵਨਾ ਵਿੱਚ ਬੁਰੀ ਤਰ੍ਹਾਂ ਜਕੜਿਆ ਹੋਇਆ ਹੈ। ਹੇ ਪ੍ਰਭੂ! ਆਪ ਕਿਰਪਾ ਕਰਕੇ ਇਹੋ ਜਿਹੇ ਨਾਦਾਨ ਜੀਵ ਦੀ ਦੋਚਿੱਤੀ ਭਾਵਨਾ ਦਾ ਜ਼ਲਦੀ-ਜ਼ਲਦੀ ਨਿਸ਼ਤਾਰਾ ਕਰ ਦਿਉ ਜੀ (ਤਾਂ ਕਿ ਉਹ ਆਪ ਜੀ ਨੂੰ ਹਰ ਤਰਫ਼ ਹਾਜ਼ਿਰ-ਨਾਜ਼ਿਰ ਦੇਖ ਸਕੇ।) ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਉਹ ਮਾਇਆ ਦਾ ਪਤੀ-ਪ੍ਰਭੂ ਕਰੁਣਾਮਈ ਹੈ ਤੇ ਸੰਸਾਰ ਦਾ ਆਧਾਰ ਹੈ। (ਉਸ ਦੀ ਕ੍ਰਿਪਾ-ਦ੍ਰਿਸ਼ਟੀ ਸਦਕਾ ਹੀ ਜੀਵ ਦਾ ਮਨ ਚੰਚਲਤਾ ਨੂੰ ਤਜ ਕੇ ਸ਼ਾਂਤ ਤੇ ਸਥਿਰ ਹੁੰਦਾ ਹੈ।) ਹੇ ਪਰਮਾਤਮਾ! ਆਪ ਜੀ ਦੀ ਜੈ-ਜੈ ਕਾਰ ਹੋਵੇ॥

**ਭਾਵ ਅਰਥ :** ਪ੍ਰਭੂ ਦੀ ਮਿਹਰ ਸਦਕਾ ਹੀ ਜੀਵ ਨੂੰ ਉਸ ਦੇ ਦੀਦਾਰ ਹੁੰਦੇ ਹਨ। ਜੀਵ ਨੂੰ ਹਉਮੈ ਛੱਡ ਕੇ ਉਸਦੀ ਮਿਹਰ ਲੋਚਣੀ ਚਾਹੀਦੀ ਹੈ।

## ਰਾਗੁ ਰਾਮਕਲੀ -76

***ਜਬ ਰਾਮ ਨਾਮ ਕਹਿ ਗਾਵੈਗਾ।***
***ਰਾਰੰਕਾਰ ਰਹਿਤ ਸਭਹਿਨ ਮੇਂ, ਅੰਤਰਿ ਮੇਲ ਮਿਲਾਵੈਗਾ॥ ਟੇਕ॥***
***ਲੋਹਾ ਕੰਚਨ ਸਮਿ ਕਰਿ ਦੇਖੈ, ਭੇਦ ਅਭੇਦ ਸਮਾਵੈਗਾ।***
***ਜੋ ਸੁਖ ਹੋਵੈ ਪਾਰਸ ਕੇ ਪਰਸੇ, ਸੋ ਸੁਖ ਵਾ ਕੋ ਆਵੈਗਾ॥ ੧॥***
***ਗੁਰ ਪ੍ਰਸਾਦਿ ਭਈ ਅਨੁਭੈ ਮਤਿ, ਬਿਸ਼ ਅੰਮ੍ਰਿਤ ਸਮਿ ਧਿਆਵੈਗਾ।***
***ਕਹੈ ਰਵਿਦਾਸ ਮੇਟਿ ਆਪਾ ਪਰ, ਤਬ ਵਾ ਠੌਰਹਿ ਪਾਵੈਗਾ॥ ੨॥***

**ਸ਼ਬਦ ਅਰਥ :** ਰਾਰੰਕਾਰ-ਆਕਾਰ ਤੋਂ ਰਹਿਤ। **ਰਾਮ ਨਾਮ ਗਾਵੈਗਾ**-ਪਰਮਾਤਮਾ ਦੇ

ਨਾਮ ਦਾ ਸਿਮਰਨ ਕਰੇਗਾ। **ਕੰਚਨ**–ਸੋਨਾ। **ਸਮਿ ਕਰਿ**–ਇਕ ਸਮਾਨ, ਬਰਾਬਰ। **ਭੇਦ**–ਭਿੰਨਤਾ, ਦੂਈ ਦਵੈਤ ਦੀ ਭਾਵਨਾ। **ਅਭੇਦ**– ਏਕਤਾ, ਅਦਵੈਤ ਭਾਵ, ਅਭੇਦਤਾ। **ਸਮਾਵੈਗਾ**–ਸਮਾਉਣਾ। **ਸੁਖ**–ਆਨੰਦ। **ਪਰਸੇ**–ਸਪਰਸ਼ ਨਾਲ, ਛੋਹ ਨਾਲ॥ ੧॥
**ਪ੍ਰਸਾਦਿ**–ਕ੍ਰਿਪਾ, ਰਹਿਮਤ, ਬਰਕਤਿ। **ਅਨੁਭੈ**–ਨਿਰਭੈਅ। **ਮਤਿ**–ਬੁੱਧੀ, ਮਨ। **ਬਿਸ਼**–ਜ਼ਹਿਰ। **ਧਿਆਵੈਗਾ**–ਸਮਝੇਗਾ, ਵਿਚਾਰ ਕਰੇਗਾ। **ਮੇਟਿ**–ਖ਼ਤਮ ਕਰਨਾ। **ਆਪਾ ਪਰ**–ਆਪਣਾ ਪਰਾਇਆ। **ਠੌਰਹਿ**–ਠਹਿਰਣ ਦੀ ਜਗ੍ਹਾ॥ ੨॥

**ਪਦ ਅਰਥ** : ਹੇ ਭਾਈ! ਜਦੋਂ ਜੀਵ ਰਾਮ–ਨਾਮ ਕਹਿ ਕੇ ਪਰਮਾਤਮਾ ਦੇ ਗੁਣ ਗਾਉਂਦਾ ਹੈ, ਉਸ ਦੀ ਸਿਫ਼ਤਿ–ਸਾਲਾਹ ਕਰਦਾ ਹੈ ਉਦੋਂ ਹੀ ਉਸ ਦਾ ਪ੍ਰਭੂ ਨਾਲ ਮਿਲਾਪ ਹੋਣਾ ਸੰਭਵ ਹੁੰਦਾ ਹੈ। ਉਹ ਨਿਰਾਕਾਰ ਪ੍ਰਭੂ ਸਾਰੇ ਜੀਵਾਂ ਅੰਦਰ ਇਕ ਸਮਾਨ ਰੂਪ ਵਿੱਚ ਵਿਆਪਕ ਹੈ, ਇਸ ਗੱਲ ਦੀ ਸੋਝੀ ਜੀਵ ਨੂੰ ਉਦੋਂ ਆਉਂਦੀ ਹੈ ਜਦੋਂ ਉਹ ਖ਼ੁਦ ਆਪਣੇ ਅੰਤਰ–ਆਤਮੇਂ ਉਸ ਪ੍ਰਭੂ ਨਾਲ ਮਿਲਾਪ ਕਰਦਾ ਹੈ॥ ਟੇਕ॥

ਹੇ ਭਾਈ! ਜਦੋਂ ਜੀਵ ਪ੍ਰਭੂ ਨਾਲ ਮਿਲਾਪ ਕਰਕੇ ਉਸ ਨਾਲ ਇੱਕਮਿਕ ਹੋ ਜਾਂਦਾ ਹੈ ਤਾਂ ਉਸ ਅੰਦਰੋਂ ਦਵੈਤ ਦੀ ਭਾਵਨਾ ਮਿਟ ਕੇ ਅਦਵੈਤ–ਭਾਵ ਵਿੱਚ ਸਮਾ ਜਾਂਦੀ ਹੈ ਅਰਥਾਤ ਭਿੰਨਤਾ ਅਭੇਦਤਾ (ਏਕਤਾ) ਵਿੱਚ ਸਮਾ ਜਾਂਦੀ ਹੈ। ਉਹ ਸਮ–ਦ੍ਰਿਸ਼ਟੀ ਵਾਲਾ ਹੋ ਜਾਂਦਾ ਹੈ। ਸਮਭਾਵ ਦੀ ਇਸ ਅਵਸਥਾ ਵਿੱਚ ਟਿਕਿਆ ਹੋਇਆ ਉਹ ਲੋਹੇ ਤੇ ਸੋਨੇ ਨੂੰ ਇਕ ਸਮਾਨ ਦੇਖਦਾ ਹੈ, ਉਨ੍ਹਾਂ ਦੋਨਾਂ ਨੂੰ ਇੱਕੋ ਜਿਹਾ ਸਮਝਦਾ ਹੈ (ਕਿਉਂਕਿ ਉਹ ਜਾਣ ਜਾਂਦਾ ਹੈ ਕਿ ਇਨ੍ਹਾਂ ਦੋਹਾਂ ਵਿੱਚ 'ਇਕ' ਪ੍ਰਭੂ ਆਪ ਮੌਜੂਦ ਹੈ)। ਜਿਸ ਤਰ੍ਹਾਂ ਦਾ ਆਨੰਦ ਲੋਹੇ ਨੂੰ ਪਾਰਸ ਨਾਲ ਛੋਹ ਕੇ ਮਿਲਦਾ ਹੈ ਉਸੇ ਤਰ੍ਹਾਂ ਦਾ ਆਨੰਦ ਉਸ ਨੂੰ ਪਰਮਾਤਮਾ ਨਾਲ ਮਿਲਾਪ ਕਰਕੇ ਮਿਲਦਾ ਹੈ। ਭਾਵ ਜਿਸ ਤਰ੍ਹਾਂ ਲੋਹਾ ਸ਼ੁੱਧ ਸੋਨਾ ਹੋ ਨਿਬੜਦਾ ਹੈ, ਉਸੇ ਤਰ੍ਹਾਂ ਉਹ ਜੀਵ ਵੀ ਪਰਮਾਤਮਾ ਦਾ ਰੂਪ ਹੋ ਜਾਂਦਾ ਹੈ॥

2. ਸਤਿਗੁਰੂ ਦੀ ਕਿਰਪਾ ਨਾਲ ਜਦੋਂ ਜੀਵ ਦਾ ਮਨ ਨਿਰਭੈ ਹੋ ਜਾਂਦਾ ਹੈ ਤਾਂ (ਉਹ ਪ੍ਰਭੂ ਜੀ ਦੀ ਰਜ਼ਾ ਵਿੱਚ ਟਿਕਿਆ ਹੋਇਆ) ਅੰਮ੍ਰਿਤ ਤੇ ਜ਼ਹਿਰ (ਭਾਵ ਚੰਗਿਆਈ ਤੇ ਬੁਰਾਈ) ਦੋਨਾਂ ਨੂੰ ਇਕ ਸਮਾਨ ਸਮਝਦਾ ਹੈ। ਉਹ ਸਮ–ਬੁੱਧੀ ਤੇ ਸਥਿਰ–ਬੁੱਧੀ ਵਾਲਾ ਹੋਇਆ ਇਨ੍ਹਾਂ ਦਾ ਇਕ ਸਮਾਨ ਧਿਆਨ ਰੱਖਦਾ ਹੈ ਭਾਵ ਦੋਨਾਂ ਨਾਲ ਇਕ ਸਮਾਨ ਵਿਵਹਾਰ ਕਰਦਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਜਦੋਂ ਜੀਵ ਆਪਣੇ ਅੰਦਰੋਂ ਆਪਣੇ–ਪਰਾਏ ਦੇ ਅੰਤਰ ਨੂੰ ਖ਼ਤਮ ਕਰ ਦਿੰਦਾ ਹੈ ਭਾਵ ਦਵੈਤ ਭਾਵਨਾ ਨੂੰ ਮਿਟਾ ਕੇ ਸਮ–ਭਾਵ ਦੀ ਅਵਸਥਾ ਵਿੱਚ ਟਿਕ ਜਾਂਦਾ ਹੈ ਤਦੋਂ ਹੀ ਉਹ ਪਰਮਾਤਮਾ ਦੇ ਚਰਨ–ਕੰਵਲਾਂ ਵਿੱਚ ਠਹਿਰਨ ਦੀ ਜਗ੍ਹਾ ਪ੍ਰਾਪਤ ਕਰਦਾ ਹੈ॥

**ਭਾਵ ਅਰਥ** : ਜੀਵ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਕੇ ਉਸ 'ਚ ਅਭੇਦ ਹੋ ਕੇ ਉਸੇ ਦਾ ਹੀ ਰੂਪ ਹੋ ਜਾਂਦਾ ਹੈ।

## ਰਾਗੁ ਰਾਮਕਲੀ -77

***ਸੰਤੋ ! ਅਨਿਨ ਭਗਤਿ ਯਹ ਨਾਹੀਂ।***
***ਜਬ ਲਗਿ ਸਤ-ਰਜ-ਤਮ ਤੀਨੋ ਗੁਨ, ਵਿਆਪਤ ਹੈ ਯਾ ਮਾਹੀਂ॥ ਟੇਕ॥***
***ਸੋਈ ਆਨ ਅੰਤਰਿ ਕਰੈ ਹਰਿ ਸੌਂ, ਅਪਮਾਰਗ ਕੌਂ ਆਨੈਂ।***
***ਕਾਮ ਕ੍ਰੋਧ ਮਦ ਲੋਭ ਮੋਹ ਕੀ, ਪਲ ਪਲ ਪੂਜਾ ਠਾਨੈਂ॥ ੧॥***
***ਸਕਿਤ ਸਨੇਹ ਇਸ਼ਟ ਅੰਗਿ ਲਾਵੈ, ਅਸਥਲਿ ਅਸਥਲਿ ਖੇਲੈ।***
***ਜੋ ਕਛੁ ਮਿਲੈ ਆਨ ਅਖਤ ਸੌਂ, ਸੁਤ ਦਾਰਾ ਸਿਰ ਮੇਲੈ॥ ੨॥***
***ਹਰਿਜਨ ਹਰਿ ਬਿਨੁ ਔਰ ਨ ਜਾਨੈਂ, ਤਜੈ ਆਨ ਤਨੁ ਤਿਆਗੀ।***
***ਕਹੈ ਰਵਿਦਾਸ ਸੋਈ ਜਨੁ ਨਿਰਮਲ, ਨਿਸਿਦਿਨ ਨਿਜੁ ਅਨੁਰਾਗੀ॥ ੩॥***

**ਸ਼ਬਦ ਅਰਥ** : **ਅਨਿਨ**–ਉੱਤਮ, ਸੱਚੀ ਸੁੱਚੀ। **ਸਤ-ਰਜ-ਤਮ** = ਦੇਖੋ ਸ਼ਬਦ–ਅਰਥ, ਸ਼ਬਦ ਨੰਬਰ 68 ਦੇ। **ਵਿਆਪਤ**–ਮੌਜੂਦ। **ਮਾਹੀਂ**–ਅੰਦਰ, ਵਿੱਚ॥ ਟੇਕ॥
**ਸੋਈ**–ਇਹ ਤਿੰਨੋ ਗੁਣ। **ਆਨ**–ਬੇਗ਼ਾਨਾ, ਵੱਖਰਾ। **ਅੰਤਰਿ**–ਵਿੱਥ, ਦੂਰੀ। **ਅਪਮਾਰਗ**–ਗ਼ਲਤ ਰਸਤਾ, ਕੁਰਾਹਾ। **ਆਨੈਂ**–ਆਉਣਾ, ਆਗਮਨ। **ਮਦ**–ਨਸ਼ਾ॥ ੧॥
**ਸਕਿਤ**–ਸ਼ਕਤੀ। **ਸਨੇਹ**–ਪਿਆਰ। **ਇਸ਼ਟ**–ਦੇਵੀ ਦੇਵਤਾ। **ਅੰਗਿ ਲਾਵੈ**–ਨਾਲ ਜੁੜਨਾ, ਅਪਨਾਉਣਾ। **ਅਸਥਿਲ ਅਸਥਿਲ**–ਥਾਂ ਥਾਂ। **ਖੇਲੈ**–ਖੇਲਦਾ ਹੈ, ਦਿਖਾਵਾ ਕਰਦਾ ਹੈ। **ਆਨ**–ਦੂਸਰਿਆਂ ਤੋਂ। **ਅਖਤ**–ਅਨਾਜ, ਕੱਚੀ ਰਸਦ, ਚੜ੍ਹਾਵੇ ਵਜੋਂ ਕੁਝ ਵੀ ਮਿਲਣਾ। **ਸਿਰ ਮੇਲੈ**–ਸਿਰ ’ਤੇ ਲਾਉਣਾ ਭਾਵ ਉਸ ’ਤੇ ਖ਼ਰਚ ਕਰਨਾ, ਸਿਰ ਜੋੜਨਾ॥ ੨॥
**ਹਰਿਜਨ**–ਹਰਿ ਦਾ ਭਗਤ। **ਨਿਰਮਲ**–ਪਾਕ ਤੇ ਪਵਿੱਤਰ। **ਨਿਸਿਦਿਨ**–ਰਾਤ–ਦਿਨ। **ਨਿਜੁ**–ਆਪਣਾ, ਪਰਮਾਤਮਾ। **ਅਨੁਰਾਗੀ**–ਪ੍ਰੇਮੀ॥ ੩॥

**ਪਦ ਅਰਥ** : ਹੇ ਸੰਤੋਂ! ਇਹ ਪਰਮਾਤਮਾ ਦੀ ਅਨਿੰਨ ਭਗਤੀ ਨਹੀਂ ਹੈ। ਜਦੋਂ ਤੱਕ ਜੀਵ ਦੇ ਮਨ ਵਿੱਚ ਸਤੋ ਗੁਣ (ਜਿਵੇਂ ਸ਼ਾਂਤੀ, ਦਾਨ, ਦਇਆ ਆਦਿਕ), ਰਜੋ ਗੁਣ (ਜਿਵੇਂ ਮੋਹ, ਹੰਕਾਰ, ਲੋਭ ਆਦਿਕ) ਤੇ ਤਮੋ ਗੁਣ (ਜਿਵੇਂ ਅੰਧਕਾਰ, ਕ੍ਰੋਧ, ਅਗਿਆਨ ਆਦਿਕ) ਦਾ ਵਾਸ ਹੈ, ਉਦੋਂ ਤੱਕ ਉਸ ਤੋਂ ਪਰਮਾਤਮਾ ਦੀ ਅਨਿੰਨ ਭਗਤੀ ਭਾਵ ਸੱਚੀ ਭਗਤੀ ਹੋ ਹੀ ਨਹੀਂ ਸਕਦੀ। ਪਰਮਾਤਮਾ ਦੀ ਸੱਚੀ ਭਗਤੀ ਲਈ ਇਨ੍ਹਾਂ ਤਿੰਨਾਂ ਗੁਣਾਂ ਤੋਂ ਉੱਪਰ ਉੱਠਣਾ ਪੈਂਦਾ ਹੈ॥ ਟੇਕ॥
ਹੇ ਭਾਈ! ਇਹ ਮਾਇਆ ਹੀ ਜੀਵਾਤਮਾ ਤੇ ਪਰਮਾਤਮਾ ਵਿੱਚ ਅੰਤਰ (ਵਿੱਥ) ਪਾਉਂਦੀ ਹੈ। ਮਾਇਆ ਦੇ ਤਿੰਨੋਂ ਗੁਣਾਂ ਦੇ ਪ੍ਰਭਾਵ ਅਧੀਨ ਵਿਚਰ ਰਿਹਾ ਜੀਵ ਆਪਣੇ ਆਪ ਨੂੰ ਪਰਮਾਤਮਾ ਤੋਂ ਵੱਖਰਾ ਸਮਝਦਾ ਹੈ ਤੇ ਕੁਰਾਹੇ ਪਿਆ ਹੋਇਆ ਪ੍ਰਭੂ–ਭਗਤੀ ਤੋਂ ਦੂਰ ਹੋ ਜਾਂਦਾ ਹੈ। ਉਹ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦਾ ਸ਼ਿਕਾਰ ਹੋਇਆ ਮਾਇਆ ਦੀ ਹੀ ਹਰ ਪਲ ਪੂਜਾ ਕਰਦਾ ਰਹਿੰਦਾ ਹੈ॥
2. ਇਹ ਮਾਇਆ ਸ਼ਕਤੀ, ਸਨੇਹ ਤੇ ਪ੍ਰੇਮ ਆਦਿਕ ਕਈ ਰੂਪਾਂ ਵਿੱਚ ਜੀਵ ਅੰਦਰ ਪ੍ਰਗਟ ਹੁੰਦੀ ਹੈ। ਮਾਇਆ ਦੇ ਪ੍ਰਭਾਵ ਅਧੀਨ ਵਿਚਰ ਰਿਹਾ ਜੀਵ ਕਿਸੇ ਇਸ਼ਟ ਜਾਂ ਦੇਵੀ–ਦੇਵਤੇ ਦਾ ਉਪਾਸਕ ਬਣ ਜਾਂਦਾ ਹੈ ਤੇ ਥਾਂ–ਥਾਂ ’ਤੇ ਆਪਣੀ ਪਾਖੰਡੀ ਭਗਤੀ ਦੀ ਸ਼ਕਤੀ ਦਾ ਦਿਖਾਵਾ ਕਰਦਾ ਹੈ। ਇਸ ਤਰ੍ਹਾਂ ਦੀ ਦਿਖਾਵੇ

ਵਾਲੀ ਭਗਤੀ ਤੋਂ ਉਸ ਨੂੰ ਜੋ ਵੀ ਅਨਾਜ਼ ਆਦਿਕ ਚੜ੍ਹਾਵੇ ਵਜੋਂ ਦੂਜਿਆਂ ਤੋਂ ਮਿਲਦਾ ਹੈ, (ਉਹ ਉਸ ਨੂੰ ਪਰਮਾਤਮਾ ਅੱਗੇ ਭੇਟ ਕਰਨ ਦੀ ਬਜਾਏ) ਆਪਣੇ ਪੁੱਤਰ, ਇਸਤਰੀ ਤੇ ਪਰਿਵਾਰ ਆਦਿਕ ਨੂੰ ਦੇ ਦਿੰਦਾ ਹੈ। ਇਸ ਤਰ੍ਹਾਂ ਮਾਇਆ ਪੁੱਤਰ-ਕਲੱਤਰ ਆਦਿਕ ਦੇ ਰੂਪ ਵਿੱਚ ਜੀਵ ਨਾਲ ਹਰ ਦਮ ਸਿਰ ਜੋੜੀ ਰੱਖਦੀ ਹੈ॥

3. ਇਸ ਤੋਂ ਉਲਟ ਪਰਮਾਤਮਾ ਦਾ ਸੱਚਾ ਭਗਤ ਪਰਮਾਤਮਾ ਤੋਂ ਇਲਾਵਾ ਕਿਸੇ ਦੂਸਰੇ ਇਸਟ ਜਾਂ ਦੇਵੀ-ਦੇਵਤੇ ਦਾ ਉਪਾਸਕ ਨਹੀਂ ਬਣਦਾ। ਉਹ ਦੂਜਿਆਂ ਨੂੰ ਛੱਡ ਸਕਦਾ ਹੈ ਤੇ ਆਪਣਾ ਸਰੀਰ ਤਿਆਗ ਸਕਦਾ ਹੈ ਪਰ ਪਰਮਾਤਮਾ ਵਿੱਚ ਆਪਣੇ ਭਰੋਸੇ ਨੂੰ ਕਦੇ ਨਹੀਂ ਛੱਡਦਾ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਜਿਹੜਾ ਵੀ ਜੀਵ ਪਰਮਾਤਮਾ ਨਾਲ ਸੱਚੀ ਪ੍ਰੀਤ ਲਾਈ ਰੱਖਦਾ ਹੈ ਤੇ ਉਸਦੀ ਪ੍ਰੇਮਾ-ਭਗਤੀ ਵਿੱਚ ਮਗਨ ਰਹਿੰਦਾ ਹੈ, ਉਹ ਤ੍ਰਿਗੁਣੀ ਮਾਇਆ ਤੋਂ ਨਿਰਲੇਪ ਹੋ ਜਾਂਦਾ ਹੈ। ਉਹ ਪਾਕ ਅਤੇ ਪਵਿੱਤਰ ਹੋਇਆ ਦਿਨ-ਰਾਤ ਪ੍ਰਭੂ ਦਾ ਪ੍ਰੇਮੀ ਬਣਿਆ ਰਹਿੰਦਾ ਹੈ। (ਅਜਿਹਾ ਜੀਵ ਹੀ ਪਰਮਾਤਮਾ ਦਾ ਸੱਚਾ ਭਗਤ ਕਹਿਲਾ ਸਕਦਾ ਹੈ।)॥

**ਭਾਵ ਅਰਥ** : ਮਾਇਆ ਦੇ ਤਿੰਨਾਂ ਗੁਣਾਂ ਤੇ ਪੰਜ ਵਿਕਾਰਾਂ ਨੂੰ ਤਿਆਗ ਕੇ ਪ੍ਰਭੂ ਸਿਮਰਨ ਕਰਨਾ ਹੀ ਸੱਚੀ ਭਗਤੀ ਹੈ।

## ਰਾਗੁ ਰਾਮਕਲੀ- 78

***ਭਗਤੀ ਐਸੀ ਸੁਨਹੁ ਰੇ ਭਾਈ। ਆਈ ਭਗਤਿ ਤਉ ਗਈ ਬੜਾਈ॥ ਟੇਕ॥***
***ਕਹਾ ਭਇਓ ਨਾਚੈ ਅਰੁ ਗਾਏ, ਕਹਾ ਭਇਓ ਤਪ ਕੀਨੈਂ।***
***ਕਹਾ ਭਇਓ ਜੋ ਚਰਨ ਪਖਾਰੇ, ਜੌ ਲੌ ਪਰਮ ਤੱਤ ਨਹੀਂ ਚੀਨੈਂ॥ ੧॥***
***ਕਹਾ ਭਇਓ ਜੇ ਮੂੰਡ ਮੁੰਡਾਇਓ, ਬਹੁ ਤੀਰਥ ਬਰਤ ਕੀਨੈਂ।***
***ਸਵਾਮੀ ਦਾਸ ਭਗਤ ਅਰੁ ਸੇਵਕ, ਜੌ ਲੌ ਪਰਮ ਤੱਤ ਨਹੀਂ ਚੀਨੈਂ॥ ੨॥***
***ਕਹੈ 'ਰਵਿਦਾਸ' ਤੇਰੀ ਭਗਤਿ ਦੂਰ ਹੈ, ਭਾਗ ਬੜੈ ਸੋ ਪਾਵੈ।***
***ਤਜਿ ਅਭਿਮਾਨ ਮੇਟਿ ਆਪਾ ਪਰ, ਪਿਪਲਕ ਹ੍ਵੈ ਚੁਣਿ ਖਾਵੈ॥ ੩॥***

**ਸ਼ਬਦ ਅਰਥ** : **ਸੁਨਹੁ**-ਸੁਣਿਆ ਜਾਂਦਾ ਹੈ। **ਭਗਤਿ**-ਪ੍ਰੇਮਾ ਭਗਤੀ। **ਬੜਾਈ**-ਵੱਡੇ ਹੋਣ ਦਾ ਹੰਕਾਰ। **ਕਹਾ ਭਇਓ**-ਕਿ ਹੋਵੇਗਾ। **ਪਖਾਰੇ**-ਧੋਣਾ। **ਪਰਮ ਤੱਤ**-ਸਭ ਤੋਂ ਵੱਡੀ ਅਸਲੀਅਤ, ਜਗਤ ਦਾ ਮੂਲ ਪ੍ਰਭੂ। **ਚੀਨੈਂ**-ਪਹਿਚਾਨਣਾ, ਸਾਂਝ ਪਾਉਣਾ॥ ੧॥
**ਮੂੰਡ**-ਸਿਰ। **ਮੁੰਡਾਇਓ**-ਮੁਨਵਾਉਣਾ। **ਤੀਰਥ**-ਤੀਰਥ ਇਸ਼ਨਾਨ। **ਬਰਤ**-ਵਰਤ॥ ੨॥
**ਤਜਿ**-ਤਿਆਗ ਦੇ। **ਅਭਿਮਾਨ**-ਹੰਕਾਰ। **ਮੇਟਿ**-ਮਿਟਾ ਦੇਣਾ। **ਆਪਾ**-ਆਪਣਾ। **ਪਰ**-ਪਰਾਇਆ। **ਪਿਪਲਕ**-ਕੀੜੀ॥ ੩॥

**ਪਦ ਅਰਥ** : ਹੇ ਭਾਈ! ਪਰਮਾਤਮਾ ਦੀ ਭਗਤੀ ਬਾਰੇ ਇਹੋ ਜਿਹਾ ਸੁਣਿਆ ਜਾਂਦਾ ਹੈ ਕਿ ਜਦੋਂ ਇਹ ਜੀਵ ਦੇ ਹਿਰਦੇ ਅੰਦਰ ਆਉਂਦੀ ਹੈ ਤਾਂ ਵੱਡੇ ਹੋਣ ਦਾ ਹੰਕਾਰ ਆਪਣੇ-ਆਪ ਹੀ ਖ਼ਤਮ ਹੋ ਜਾਂਦਾ ਹੈ। ਪਰਮਾਤਮਾ ਦੀ ਭਗਤੀ ਜੀਵ ਨੂੰ ਨਿਮਰਤਾ ਸਿਖਾਉਂਦੀ ਹੈ॥ ਟੇਕ॥

ਹੇ ਭਾਈ! ਜਦੋਂ ਤੱਕ ਜਗਤ ਦੀ ਸਭ ਤੋਂ ਵੱਡੀ ਅਸਲੀਅਤ ਭਾਵ ਜਗਤ ਦੇ ਮੂਲ-ਪ੍ਰਭੂ ਨੂੰ ਪਹਿਚਾਣਿਆਂ ਨਹੀਂ ਜਾਂਦਾ ਉਦੋਂ ਤੱਕ ਉਸ ਦੀ ਭਗਤੀ ਲਈ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਅੱਗੇ ਨੱਚਣ, ਗਾਉਣ ਜਾਂ ਉਨ੍ਹਾਂ ਦੇ ਚਰਨ ਧੋ ਕੇ ਪੂਜਾ ਕਰਨ ਨਾਲ ਕੁਝ ਵੀ ਹਾਸਲ ਨਹੀਂ ਹੋਣਾ ਤੇ ਨਾ ਹੀ ਤਪੱਸਿਆ ਕਰਨ ਨਾਲ ਕੁਝ ਮਿਲਣਾ ਹੈ। ਇਹ ਸਾਰੇ ਕਰਮਕਾਂਡ ਮਿੱਥਿਆ ਹੀ ਸਿੱਧ ਹੋਣੇ ਹਨ। ਇਸ ਲਈ ਪਹਿਲੇ ਜਗਤ ਦੇ ਮੂਲ-ਪ੍ਰਭੂ ਨੂੰ ਪਹਿਚਾਣੋ ਤੇ ਫਿਰ ਉਸ ਦੀ ਭਗਤੀ ਕਰੋ॥

2. ਹੇ ਭਾਈ! ਕੀ ਹੋ ਜਾਵੇਗਾ ਜੇਕਰ ਪ੍ਰਭੂ ਦੀ ਭਗਤੀ ਲਈ ਜੀਵ ਆਪਣਾ ਸਿਰ ਮੁੰਡਵਾ ਲਵੇ, ਕਈ ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰੇ ਤੇ ਵਰਤ ਵੀ ਰੱਖੇ। ਇਹ ਸਾਰੇ ਕਰਮ ਵਿਅਰਥ, ਨਿਰਾਰਥਕ ਤੇ ਲਾਭ-ਹੀਣ ਹੀ ਸਿੱਧ ਹੋਣੇ ਹਨ। ਜਦੋਂ ਤੱਕ ਜੀਵ ਨੇ ਜਗਤ ਦੇ ਮੂਲ-ਪ੍ਰਭੂ ਨੂੰ ਨਹੀਂ ਜਾਣਿਆ ਤੇ ਉਸ ਨਾਲ ਡੂੰਘੀ ਸਾਂਝ ਨਹੀਂ ਪਾਈ ਉਦੋਂ ਤੱਕ ਪ੍ਰਭੂ ਨੂੰ ਸਵਾਮੀ ਤੇ ਆਪਣੇ ਆਪ ਨੂੰ ਦਾਸ ਕਹਿਣ ਜਾਂ ਪ੍ਰਭੂ ਨੂੰ ਮਾਲਿਕ ਤੇ ਖ਼ੁਦ ਨੂੰ ਸੇਵਕ ਕਹਿਣ ਦਾ ਵੀ ਕੋਈ ਲਾਭ ਨਹੀਂ ਹੋਣਾ ਹੈ॥

3. ਸਤਿਗੁਰੂ ਮਹਾਰਾਜ ਜੀ ਅਜਿਹੇ ਕਰਮਕਾਂਡੀਆਂ ਨੂੰ ਸਾਵਧਾਨ ਕਰਦੇ ਹੋਏ ਫ਼ਰਮਾਂਦੇ ਹਨ ਕਿ ਹੇ ਭਾਈ! ਪ੍ਰਭੂ-ਭਗਤੀ ਦੀ ਮੰਜ਼ਿਲ ਬਹੁਤ ਦੂਰ ਦਾ ਪੈਂਡਾ ਹੈ ਜੋ ਵੱਡੇ ਭਾਗਾਂ ਵਾਲੇ ਜੀਵ ਨੂੰ ਹੀ ਨਸੀਬ ਹੁੰਦਾ ਹੈ। ਇਹ ਪੈਂਡਾ ਕਰਮ-ਕਾਂਡੀ ਤੇ ਆਡੰਬਰੀ ਸਾਧਨਾਂ ਨਾਲ ਤਹਿ ਨਹੀਂ ਹੁੰਦਾ। ਜਿਸ ਤਰ੍ਹਾਂ ਕੀੜੀ ਇਕ-ਇਕ ਦਾਣੇ ਨੂੰ ਚੁਣ-ਚੁਣ ਕੇ ਖਾਂਦੀ ਹੈ ਤੇ ਉਸ ਨੂੰ ਆਪਣੇ ਭੋਜਨ ਲਈ ਸੰਗ੍ਰਹਿ (ਇਕੱਠਾ) ਵੀ ਕਰਦੀ ਹੈ। ਉਸੇ ਤਰ੍ਹਾਂ ਜਿਹੜਾ ਜੀਵ ਆਪਣੇ-ਪਰਾਏ ਦਾ ਅੰਤਰ ਮਿਟਾ ਕੇ ਅਤੇ ਮੈਂ-ਮੇਰੀ ਦੇ ਹੰਕਾਰ ਨੂੰ ਤਿਲ-ਤਿਲ ਕਰਕੇ ਆਪਣੇ ਅੰਦਰੋਂ ਬਿਲਕੁਲ ਖ਼ਤਮ ਕਰ ਦਿੰਦਾ ਹੈ ਤੇ ਕੀੜੀ ਦੀ ਨਿਆਈਂ ਛੋਟਾ (ਹਲੀਮੀ ਮਨ ਵਾਲਾ) ਹੋ ਜਾਂਦਾ ਹੈ ਕੇਵਲ ਉਹੀ ਜੀਵ ਭਗਤੀ ਦੇ ਦਾਣੇ ਚੁਣ ਸਕਦਾ ਹੈ ਤੇ ਭਗਤੀ ਦਾ ਆਨੰਦ ਮਾਣ ਸਕਦਾ ਹੈ। (ਅਜਿਹਾ ਜੀਵ ਹੀ ਜਗਤ ਦੇ ਮੂਲ-ਪ੍ਰਭੂ ਨੂੰ ਪਹਿਚਾਣ ਸਕਦਾ ਹੈ ਤੇ ਉਸ ਨਾਲ ਡੂੰਘੀ ਸਾਂਝ ਪਾ ਸਕਦਾ ਹੈ।)॥

**ਭਾਵ ਅਰਥ** : ਪਰਮਾਤਮਾ ਦੀ ਪ੍ਰਾਪਤੀ ਆਡੰਬਰਾਂ ਤੇ ਕਰਮਕਾਂਡਾਂ ਨਾਲ ਨਹੀਂ ਸਗੋਂ ਹਉਮੈ ਤੇ ਆਪਣੇ-ਪਰਾਏ ਦੇ ਭਾਵ ਨੂੰ ਤਜ ਕੇ ਨਿਮਰਤਾ ਸਹਿਤ ਕੀਤੀ ਗਈ ਪ੍ਰੇਮਾ-ਭਗਤੀ ਨਾਲ ਹੁੰਦੀ ਹੈ।

## ਰਾਗੁ ਰਾਮਕਲੀ- 79

***ਅਬ ਕਛੁ ਮਰਮੁ ਬਿਚਾਰਾ ਹੋ ਹਰਿ।***
***ਆਦਿ ਮੱਧ ਔਸਾਨ ਰਾਮ ਬਿਨ, ਕੋਇ ਨ ਕਰੈ ਨਿਸਤਾਰਾ ਹੋ ਹਰਿ॥ ਟੇਕ॥***
***ਜਲ ਤੇ ਪੰਕ, ਪੰਕ ਤੇ ਅੰਮ੍ਰਿਤ, ਜਲ ਜਲਹਿ ਸੁਧਿ ਹੋਇ ਜੈਸੇ।***

***ਐਸੇ ਭਰਮ ਕਰਮ ਜੀਅ ਬਾਂਧਿਓ, ਛੂਟੈਂ ਤੁਮ ਬਿਨ ਕੈਸੇ ਹੋ ਹਰਿ ॥ ੧ ॥***
***ਜਪੁ ਤਪੁ ਬਿਧਿ ਨਿਖੇਧ ਕਰੁਣਾਮੈਂ, ਪਾਪ ਪੁੰਨ ਦੋਊ ਮਾਇਆ।***
***ਐਸੇ ਮੋਹਿਤ ਮਨ ਗਤਿ ਬਿਮੁਖ ਧਨ, ਜਨਮ ਜਨਮ ਡਹਕਾਇਆ ਹੋ ਹਰਿ ॥ ੨ ॥***
***ਤਾੜਨ ਛੇਦਨ ਤ੍ਰਾਛਨ ਖੇਦਨ, ਬਹੁ ਬਿਧਿ ਕਰਿ ਲੇਹਿ ਉਪਾਈ।***
***ਲੁਣਖੜੀ ਸੰਜੋਗ ਬਿਨਾਂ ਜੈਸੇ, ਕਨਿਕ ਕਲੰਕ ਨ ਜਾਈ ਹੋ ਹਰਿ ॥ ੩ ॥***
***ਕਹੈ ਰਵਿਦਾਸ ਉਦਾਸ ਤਾਹੀ ਤੈਂ, ਕਹਾ ਉਪਾਏ ਅਬ ਕੀਜੈ।***
***ਭੌ ਬੂਡਤ ਭੈਭੀਤ ਭਗਤਿ ਜਨ, ਕਰ ਅਵਲੰਬਨ ਦੀਜੈ ਹੋ ਹਰਿ ॥ ੪ ॥***

**ਸ਼ਬਦ ਅਰਥ** : **ਮਰਮੁ**–ਭੇਦ। **ਬਿਚਾਰਾ**–ਸਮਝਣਾ। **ਔਸਾਨ**–ਅੰਤ। **ਨਿਸਤਾਰਾ**–ਉੱਧਾਰ, ਪਾਰ ਉਤਾਰਾ। **ਪੰਕ**–ਚਿੱਕੜ। **ਸੁਧਿ**–ਸਾਫ਼। **ਜੀਅ**–ਜੀਵ, ਜੀਵਾਤਮਾ ॥ ੧ ॥
**ਜਪੁ**–ਕਿਸੇ ਸਿਧੀ ਆਦਿਕ ਦੀ ਪ੍ਰਾਪਤੀ ਲਈ ਮੰਤਰਾਂ ਦਾ ਪਾਠ। **ਤਪੁ**–ਪੁੱਠਾ ਲਟਕ ਕੇ ਜਾਂ ਧੂਣੀਆਂ ਆਦਿਕ ਤਪਾ ਕੇ ਸਰੀਰ ਨੂੰ ਕਸ਼ਟ ਦੇਣਾ। **ਬਿਧਿ ਨਿਖੇਧ**–ਵਿਧੀ ਰਾਹੀਂ ਵਰਜਿਤ ਕਰਮ ਕਰਨਾ। **ਕਰੁਣਾਮੈਂ**–ਹੇ ਤਰਸ ਰੂਪ ਪ੍ਰਭੂ। **ਮੋਹਿਤ**–ਖਿਚਤ, ਮੋਹਿਆ ਹੋਣਾ। **ਗਤਿ**-ਉੱਚੀ ਆਤਮਿਕ ਅਵਸਥਾ। **ਬਿਮੁਖ**–ਬੇਮੁਖ, ਜਿਸ ਦਾ ਮੁੱਖ ਦੂਜੇ ਪਾਸੇ ਹੈ। **ਧਨ**–ਨਾਮ ਰੂਪੀ ਧਨ। **ਡਹਕਾਇਆ**–ਧੋਖਾ ਦੇਣਾ, ਬਹਿਕਾਉਣਾ, ਕੁਰਾਹੇ ਪਾਉਣਾ ॥ ੨ ॥
**ਤਾੜਨ**– ਕੁੱਟਣਾ, ਮਾਰਨਾ, ਤਾੜੀ ਲਗਾਉਣਾ। **ਛੇਦਨ**–ਕੱਟਣਾ, ਛੇਦ ਕਰਨਾ, ਸਰੀਰ ਛੇਦਨਾ। **ਤ੍ਰਾਛਨ**–ਛਿੱਲਣਾ। **ਖੇਦਨ**–ਧਕੇਲਨਾ, ਥਕਾਨ। **ਲੁਣਖੜੀ**–ਨਸ਼ਾਦਰ, ਫਟਕੜੀ। **ਸੰਜੋਗ**–ਸੰਬੰਧ, ਸੰਗਤ ਨਾਲ। **ਕਨਿਕ**–ਸੋਨਾ। **ਕਲੰਕ**–ਦਾਗ਼, ਕਾਲਿਖ਼ ॥ ੩ ॥
**ਕਹਾ**–ਕੀ, ਕਿਹੜਾ। **ਭੌ**–ਭਵਸਾਗਰ। **ਬੂਡਤ**–ਡੁੱਬਣਾ। **ਭੈਭੀਤ**–ਡਰ, ਖ਼ੌਫ਼। **ਕਰ**–ਹੱਥ। **ਅਵਲੰਬਨ**–ਸਹਾਰਾ ॥ ੪ ॥

**ਪਦ ਅਰਥ** : ਹੇ ਪਰਮਾਤਮਾ! ਮੈਂ ਹੁਣ ਆਪ ਜੀ ਦੇ ਭੇਦਾਂ ਨੂੰ ਕੁਝ–ਕੁਝ ਸਮਝ ਗਿਆ ਹਾਂ। ਮੈਂ ਇਸ ਵਾਸਤਵਿਕਤਾ ਨੂੰ ਜਾਣ ਗਿਆ ਹਾਂ ਕਿ ਸ੍ਰਿਸ਼ਟੀ ਦੇ ਆਦਿ ਤੋਂ ਮੱਧ ਤੇ ਮੱਧ ਤੋਂ ਅੰਤ ਤੱਕ ਭਾਵ ਸਾਰੇ ਸਮਿਆਂ ਵਿੱਚ ਜੀਵ ਦਾ ਮਾਇਆ ਦੇ ਮੋਹ–ਰੂਪ ਸੰਸਾਰ–ਸਮੁੰਦਰ ਤੋਂ ਪਾਰ–ਉਤਾਰਾ ਕਰਨ ਵਾਲਾ ਆਪ ਜੀ ਤੋਂ ਬਿਨਾਂ ਕੋਈ ਹੋਰ ਨਹੀਂ ਹੈ ॥ ਟੇਕ ॥

ਹੇ ਭਾਈ! ਜਿਵੇਂ ਪਾਣੀ ਵਿੱਚ ਚਿੱਕੜ ਹੁੰਦਾ ਹੈ ਤੇ ਚਿੱਕੜ ਵਿੱਚੋਂ ਅੰਮ੍ਰਿਤ–ਰੂਪੀ ਕੰਵਲ ਪੈਦਾ ਹੁੰਦਾ ਹੈ ਜੋ ਚਿੱਕੜ ਤੋਂ ਨਿਰਲੇਪ ਰਹਿੰਦਾ ਹੈ। ਚਿੱਕੜ–ਯੁਕਤ ਪਾਣੀ ਨੂੰ ਪਾਣੀ ਨਾਲ ਹੀ ਸਾਫ਼ ਕੀਤਾ ਜਾ ਸਕਦਾ ਹੈ ਭਾਵ ਜਲ ਹੀ ਜਲ ਨੂੰ ਸ਼ੁੱਧ ਕਰਦਾ ਹੈ। ਇਸੇ ਤਰ੍ਹਾਂ ਜੀਵ ਵੀ ਕਰਮਾਂ–ਭਰਮਾਂ ਦੇ ਬੰਧਨਾਂ ਵਿੱਚ ਬੱਝਿਆ ਹੋਇਆ ਹੈ। ਹੇ ਪਰਮਾਤਮਾ! ਜੀਵ ਨੂੰ ਇਨ੍ਹਾਂ ਕਰਮਾਂ–ਭਰਮਾਂ ਦੇ ਬੰਧਨਾਂ ਤੋਂ ਛੁਡਾਉਣ ਵਾਲਾ ਆਪ ਜੀ ਤੋਂ ਬਿਨਾਂ ਹੋਰ ਕੌਣ ਹੋ ਸਕਦਾ ਹੈ? (ਸੋ ਕਿਰਪਾ ਕਰੋ, ਜੀਵ ਨੂੰ ਇਨ੍ਹਾਂ ਬੰਧਨਾਂ ਤੋਂ ਮੁਕਤ ਕਰਕੇ ਉਸ ਨੂੰ ਕੰਵਲ ਵਾਂਗ ਨਿਰਲੇਪ ਕਰ ਦਿਉ ਜੀ।) ॥

2. ਹੇ ਭਾਈ! ਜੀਵ ਨੂੰ ਜਪ ਕਰਨ ਨਾਲ, ਤਪ ਕਰਨ ਨਾਲ ਤੇ ਵਿਧੀ ਰਾਹੀਂ ਵਰਜਿਤ ਕਰਮ ਕਰਨ ਨਾਲ ਫਲ ਵਜੋਂ ਪਾਪ ਤੇ ਪੁੰਨ ਮਿਲਦੇ ਹਨ। ਇਹ ਦੋਨੋਂ

ਮਾਇਆ ਦੇ ਹੀ ਅਲੱਗ-ਅਲੱਗ ਰੂਪ ਹਨ ਜਿਹੜੇ ਕਿ ਜੀਵ ਦੇ ਮਨ ਨੂੰ ਏਨਾਂ ਮੋਹ ਲੈਂਦੇ ਹਨ ਕਿ ਉਹ ਉੱਚੀ ਆਤਮਿਕ ਅਵਸਥਾ ਦੀ ਦਾਤ ਬਖ਼ਸ਼ਣ ਵਾਲੇ ਪ੍ਰਭੂ ਦੇ ਨਾਮ-ਧਨ ਤੋਂ ਹੀ ਬੇਮੁੱਖ ਹੋਇਆ ਰਹਿੰਦਾ ਹੈ। ਹੇ ਤਰਸ-ਰੂਪ ਪ੍ਰਭੂ! ਮਾਇਆ ਦੇ ਇਨ੍ਹਾਂ ਰੂਪਾਂ ਨੇ ਹੀ ਜੀਵ ਨੂੰ ਹਰ ਜਨਮ ਵਿੱਚ ਬਹਿਕਾਇਆ ਹੈ ਤੇ ਕੁਰਾਹੇ ਪਾਇਆ ਹੈ॥

3. ਹੇ ਭਾਈ! ਸੋਨੇ ਦੀ ਕਾਲਖ ਉਤਾਰਨ ਲਈ ਸੋਨੇ ਨੂੰ ਭਾਵੇਂ ਕੁੱਟੀਏ, ਛੇਦੀਏ, ਛਿੱਲੀਏ, ਖੇਦੀਏ ਜਾਂ ਕੋਈ ਹੋਰ ਉਪਾਏ ਕਰੀਏ ਪਰ ਨਸ਼ਾਦਰ ਜਾਂ ਫਟਕੜੀ ਲਗਾਉਣ ਤੋਂ ਬਿਨਾਂ ਸੋਨੇ ਦੀ ਕਾਲਖ ਨਹੀਂ ਉਤਰਦੀ। ਇਸੇ ਤਰ੍ਹਾਂ ਜੀਵ ਭਾਵੇਂ ਯੋਗ ਸਾਧਨਾ ਦੀਆਂ ਕਿਰਿਆਵਾਂ ਜਿਵੇਂ ਤਾੜੀ ਲਗਾਉਣਾ (ਧਿਆਨ ਇਕਾਗਰ ਕਰਨਾ), ਸਰੀਰ ਛੇਦਣਾ (ਸਰੀਰ ਨੂੰ ਕਈ ਥਾਂਵਾਂ ਉੱਤੇ ਵਿੰਨ੍ਹ ਕੇ ਉਸ ਵਿੱਚ ਕੜੇ ਜਾਂ ਮੁੰਦਰਾਂ ਪਾਉਣਾ) ਆਦਿਕ ਕਰਮ ਕਰ ਲਏ ਪਰ ਪ੍ਰਭੂ ਦੇ ਨਾਮ-ਸਿਮਰਨ ਤੋਂ ਬਿਨਾਂ ਮਨ ਤੇ ਆਤਮਾ ਤੋਂ ਵਿਕਾਰਾਂ ਦੀ ਮੈਲ਼ ਨਹੀਂ ਉਤਰਦੀ॥

4. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਮੈਂ ਇਸ ਕਾਰਨ ਉਦਾਸ ਹਾਂ ਕਿ ਜੀਵ ਇਨ੍ਹਾਂ ਸੰਸਾਰਿਕ ਭਰਮ-ਭੁਲੇਖਿਆਂ ਤੇ ਕਰਮਕਾਂਡਾਂ ਤੋਂ ਛੁਟਕਾਰਾ ਪਾਉਣ ਲਈ ਤੇ ਮਨ ਦੀ ਸ਼ੁੱਧੀ ਲਈ ਹੁਣ ਕਿਹੜਾ ਉਪਾਏ ਕਰੇ। ਹੇ ਪ੍ਰਭੂ! ਇਸ ਡਰਾਉਣੇ ਸੰਸਾਰ-ਸਮੁੰਦਰ ਵਿੱਚ ਡੁੱਬਣ ਤੋਂ ਡਰੇ ਹੋਏ ਆਪਣੇ ਭਗਤਾਂ ਨੂੰ ਆਪਣੇ ਹੱਥ ਦਾ ਸਹਾਰਾ ਦੇ ਕੇ ਪਾਰ ਲੰਘਾਓ ਜੀ ਤੇ ਉਨ੍ਹਾਂ ਨੂੰ ਭਰਮ-ਭੁਲੇਖਿਆਂ ਤੇ ਕਰਮਕਾਂਡਾਂ ਤੋਂ ਛੁਟਕਾਰਾ ਦਿਵਾਓ ਜੀ॥

**<u>ਭਾਵ ਅਰਥ</u>** : ਪ੍ਰਭੂ ਦੇ ਨਾਮ-ਸਿਮਰਨ ਤੋਂ ਬਿਨਾਂ ਜੀਵ ਮੁਕਤੀ ਪ੍ਰਾਪਤੀ ਲਈ ਭਰਮਾਂ, ਆਡੰਬਰਾਂ ਤੇ ਕਰਮਕਾਂਡਾਂ ਵਿੱਚ ਭਟਕਦਾ ਰਹਿੰਦਾ ਹੈ। ਪਰਮਾਤਮਾ ਦੀ ਦਇਆ-ਮਿਹਰ ਸਦਕਾ ਹੀ ਉਹ ਸੰਸਾਰ-ਸਮੁੰਦਰ ਤੋਂ ਪਾਰ ਲੰਘ ਸਕਦਾ ਹੈ।

## ਰਾਗੁ ਰਾਮਕਲੀ- 80

***ਨਰਹਰਿ ! ਪ੍ਰਗਟਸਿ ਨਾ ਹੋ ਪ੍ਰਗਟਸਿ ਨਾ ਹੋ। ਦੀਨਾ ਨਾਥ ਦਿਆਲ॥ ਟੇਕ॥***
***ਜਨਮਤ ਹੀ ਤੇ ਹੋ ਬਿਗਰਾਨ। ਅਬ ਕਛੂ ਬੂਜਤ ਬਹੁਰਿ ਸਿਆਨ॥ ੧॥***
***ਪਰਿਵਾਰ ਬਿਮੁਖ ਮੋਹਿ ਲਾਗਿ। ਕਛੁ ਸਮੁਝਿ ਪਰਤ ਨਹਿੰ ਜਾਨਿ॥ ੨॥***
***ਯਹ ਭੌ ਬਿਦੇਸ ਕਲਿ ਕਾਲ। ਹਮ ਆਨ ਪਰਿਓ ਜਮਜਾਲ॥ ੩॥***
***ਕਬਹੁੰਕ ਤੋਰ ਭਰੋਸੁ। ਜੋ ਮੈਂ ਨ ਕਹੂੰ ਤੋ ਮੋਰ ਦੋਸ॥ ੪॥***
***ਅਸ ਕਹਿਅਤ ਹੁ ਮੈਂ ਅਜਾਨ। ਅਹੋ ਪ੍ਰਭੂ ਤੁਮ ਸਰਵਗਿਆ ਸਿਆਨ॥ ੫॥***
***ਸੁਤ ਸੇਵਕ ਸਦਾ ਅਸੋਚ। ਠਾਕਰ ਪਿਤਹਿੰ ਸਬ ਸੋਚ॥ ੬॥***
***ਰਵਿਦਾਸ ਬਿਨਵੈ ਕਰ ਜੋਰਿ। ਅਹੋ ਸੁਆਮੀ ਤੁਮ ਮੋਹਿੰ ਨ ਛੋਰਿ॥ ੭॥***
***ਸੁਤੌ ਪੁਰਬਲਾ ਅਕਰਮ ਮੋਰ। ਬਲਿ ਜਾਊਂ ਕਰੌਂ ਨਿਜ ਕੋਰ॥ ੮॥***

**<u>ਸ਼ਬਦ ਅਰਥ</u>** : **ਨਰਹਰਿ**-ਜੀਵਾਂ ਦੇ ਸ੍ਰੇਸ਼ਟ ਮਾਲਿਕ ਪ੍ਰਭੂ। **ਪ੍ਰਗਟਸਿ**-ਪ੍ਰਗਟ ਹੋਣਾ, ਪ੍ਰਤੱਖ ਹੋਣਾ। **ਦੀਨਾ ਨਾਥ**-ਗ਼ਰੀਬਾਂ ਦੇ ਸੁਆਮੀ। **ਜਨਮਤ**-ਜੰਮਦੇ ਹੀ। **ਬਿਗਰਾਨ**-ਵਿਗੜਿਆ

ਹੋਇਆ, ਨਕਾਰਾ, ਨੀਚ। **ਬੂਜਤ**–ਬੁੱਝਣਾ। **ਬਹੁਰਿ**–ਬਹੁਤ॥ ੧॥
**ਯਹ ਭੌ**–ਇਹ ਧਰਤੀ ਭਾਵ ਇਹ ਸੰਸਾਰ। **ਬਿਦੇਸ**–ਵਿਦੇਸ਼। **ਕਲਿ ਕਾਲ**–ਬਿਖੇੜਿਆਂ ਭਰੀਆਂ ਮਨੁੱਖਾ ਜੀਵਨ ਦਾ ਸਮਾਂ (ਇੱਥੇ ਕਿਸੇ ਯੁੱਗ ਦਾ ਨਿਰਣਾ ਨਹੀਂ ਕੀਤਾ ਗਿਆ)। **ਪਰਿਓ**– ਪਇਆ। **ਜਮਜਾਲ**–ਜਮਦੂਤਾਂ ਦਾ ਜਾਲ॥ ੩॥
**ਕਬਹੁੰਕ**-ਕਦੋਂ ਤੋਂ ਭਾਵ ਹਮੇਸ਼ਾ। **ਤੋਰ**–ਤੇਰਾ, ਪ੍ਰਭੂ ਦਾ। **ਭਰੋਸੁ**–ਦ੍ਰਿੜ੍ਹ ਵਿਸ਼ਵਾਸ॥ ੪॥
**ਅਜਾਨ**–ਨਾਦਾਨ, ਅਗਿਆਨੀ। **ਸਰਵਗਿਆ ਸਿਆਨ**–ਸਭ ਕੁਝ ਜਾਣਨ ਵਾਲਾ॥੫॥
**ਸੁਤ**–ਪੁੱਤਰ। **ਅਸੋਚ**–ਨਾ ਸੋਚਣਾ, ਫ਼ਿਕਰ ਨਾ ਹੋਣਾ। **ਠਾਕਰ**–ਸੁਆਮੀ॥ ੬॥
**ਬਿਨਵੈ**–ਬੇਨਤੀ। **ਕਰ**–ਹੱਥ। **ਜੋਰਿ**–ਜੋੜ ਕੇ। **ਛੋਰਿ**–ਛੱਡਣਾ॥ ੭॥
**ਸੁਤੌ**–ਸੁੱਤੇ ਹੋਏ, ਕੀਤੇ ਹੋਏ। **ਪੁਰਬਲਾ**–ਪਹਿਲਾ ਜਨਮ। **ਅਕਰਮ**–ਖੋਟੇ ਕਰਮ। **ਨਿਜ**–ਆਪਣਾ (ਪਰਮਾਤਮਾ)। **ਕੋਰ**–ਕਿਨਾਰਾ, ਸਹਾਰਾ॥ ੮॥

**<u>ਪਦ ਅਰਥ</u>** : ਸਤਿਗੁਰੂ ਰਵਿਦਾਸ ਜੀ ਮਹਾਰਾਜ ਪਰਮਾਤਮਾ ਅੱਗੇ ਅਰਜੋਈ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਹੇ ਜੀਵਾਂ ਦੇ ਮਾਲਿਕ–ਪ੍ਰਭੂ! ਹੇ ਗਰੀਬਾਂ ਦੇ ਸੁਆਮੀ–ਪ੍ਰਭੂ! ਹੇ ਦਇਆ ਦੇ ਸਾਗਰ–ਪ੍ਰਭੂ! ਆਪ ਜੀ ਪ੍ਰਗਟ ਕਿਉਂ ਨਹੀਂ ਹੁੰਦੇ ਹੋ ? ਆਪ ਜੀ ਪ੍ਰਗਟ ਕਿਉਂ ਨਹੀਂ ਹੁੰਦੇ ਹੋ ਤੇ ਮੈਨੂੰ ਦਰਸ਼ਨ ਕਿਉਂ ਨਹੀਂ ਦਿੰਦੇ ਹੋ ? (ਕੀ ਮੇਰੀ ਭਗਤੀ ਵਿੱਚ ਕੋਈ ਕਮੀ ਰਹਿ ਗਈ ਹੈ ?)॥ ਟੇਕ॥

ਹੇ ਪਰਮਾਤਮਾ! ਲੋਕਾਂ ਨੇ ਤਾਂ ਮੈਨੂੰ ਜਨਮ ਤੋਂ ਹੀ ਨਕਾਰਾ ਤੇ ਨੀਚ ਮੰਨ ਲਿਆ ਹੈ। ਉਹ ਆਪਣੇ ਆਪ ਨੂੰ ਬਹੁਤ ਵੱਡਾ ਗਿਆਨਵਾਨ ਸਮਝਦੇ ਹਨ ਪਰ ਮੇਰੀ ਪ੍ਰੇਮਾ–ਭਗਤੀ ਨੂੰ ਨਹੀਂ ਬੁੱਝਦੇ॥

2. ਹੇ ਪ੍ਰਭੂ! ਆਪ ਜੀ ਦੀ ਭਗਤੀ ਕਾਰਨ ਮੇਰਾ ਪਰਿਵਾਰ ਵੀ ਮੇਰੇ ਤੋਂ ਬੇ–ਮੁੱਖ ਹੋ ਗਿਆ ਹੈ। ਹੁਣ ਮੈਨੂੰ ਕੁਝ ਸਮਝ ਨਹੀਂ ਪੈਂਦੀ ਕਿ ਮੈਂ ਕਰਾਂ ਤਾਂ ਕੀ ਕਰਾਂ ?॥

3. ਹੇ ਪਰਮਾਤਮਾ! (ਜੀਵ ਆਪਣੇ ਨਿੱਜਘਰ ਨੂੰ ਭੁੱਲ ਕੇ) ਇਸ ਵਿਦੇਸ਼–ਰੂਪੀ ਸੰਸਾਰ ਵਿੱਚ ਭਟਕ ਰਿਹਾ ਹੈ ਤੇ ਬਖੇੜਿਆਂ ਭਰੇ ਆਪਣੇ ਇਸ ਜੀਵਨ ਕਾਲ ਵਿੱਚ ਆਤਮਿਕ ਮੌਤ ਲਿਆਉਣ ਵਾਲੇ ਵਿਕਾਰਾਂ–ਰੂਪੀ ਜ਼ਮਦੂਤਾਂ ਦੇ ਜਾਲ ਵਿੱਚ ਫਸਿਆ ਹੋਇਆ ਹੈ॥

4. ਹੇ ਪਰਮਾਤਮਾ! ਮੇਰਾ ਤਾਂ ਆਪ ਜੀ 'ਤੇ ਸਦਾ ਦ੍ਰਿੜ੍ਹ ਵਿਸ਼ਵਾਸ ਰਿਹਾ ਹੈ। ਜੇਕਰ ਮੈਂ ਆਪ ਜੀ ਦੀ ਭਗਤੀ ਨਾ ਕਰਦਾ ਹੁੰਦਾ ਤਾਂ ਮੈਂ ਆਪ ਜੀ ਦਾ ਦੋਸ਼ੀ ਹੁੰਦਾ। ਪਰ ਮੈਂ ਤਾਂ ਆਪ ਜੀ ਦੀ ਭਗਤੀ 'ਚ ਸਦਾ ਮਗ਼ਨ ਰਹਿੰਦਾ ਹਾਂ ਤਾਂ ਫਿਰ ਆਪ ਜੀ ਪ੍ਰਗਟ ਹੋ ਕੇ ਮੈਨੂੰ ਦਰਸ਼ਨ ਕਿਉਂ ਨਹੀਂ ਦਿੰਦੇ ਹੋ ?॥

5. ਹੇ ਪਰਮਾਤਮਾ! ਮੈਂ ਅੰਞਾਣ ਇਹ ਸਭ ਕੁਝ ਅਗਿਆਨਤਾ ਵੱਸ ਹੀ ਕਹਿ ਰਿਹਾ ਹਾਂ। ਆਪ ਜੀ ਤਾਂ ਸਭ ਕੁਝ ਜਾਨਣ ਵਾਲੇ ਅੰਤਰਯਾਮੀ ਹੋ ਫਿਰ ਆਪ ਜੀ ਮੇਰੇ ਦਿਲ ਦੀ ਜਾਣ ਕੇ ਮੈਨੂੰ ਦਰਸ਼ਨ ਕਿਉਂ ਨਹੀਂ ਦਿੰਦੇ ਹੋ ?॥

6. ਹੇ ਪਰਮਾਤਮਾ! ਪਿਤਾ ਦੇ ਹੁੰਦੇ ਹੋਏ ਪੁੱਤਰ ਨੂੰ ਤੇ ਸੁਆਮੀ ਦੇ ਹੁੰਦੇ ਹੋਏ ਸੇਵਕ ਨੂੰ ਕੋਈ ਚਿੰਤਾ ਨਹੀਂ ਹੁੰਦੀ। ਪੁੱਤਰ ਦੀ ਚਿੰਤਾ ਪਿਤਾ ਤੇ ਸੇਵਕ ਦੀ ਚਿੰਤਾ ਸੁਆਮੀ ਆਪ ਹੀ ਕਰਦੇ ਹਨ। ਹੇ ਪਰਮਾਤਮਾ! ਆਪ ਜੀ ਮੇਰੇ ਪਿਤਾ–ਪਰਮੇਸ਼ਰ ਹੋ। ਆਪ ਜੀ ਦੇ ਹੁੰਦੇ ਹੋਏ ਮੈਨੂੰ ਕਿਸ ਦੀ ਚਿੰਤਾ ? ਆਪ ਜੀ ਨੇ ਹੀ

ਮੇਰੇ ਬਾਰੇ ਸੋਚ-ਵਿਚਾਰ ਕਰਨੀ ਹੈ॥

7. ਸਤਿਗੁਰੂ ਰਵਿਦਾਸ ਜੀ ਮਹਾਰਾਜ ਪਰਮਾਤਮਾ ਅੱਗੇ ਹੱਥ ਜੋੜ ਕੇ ਬੇਨਤੀ ਕਰਦੇ ਹਨ ਕਿ ਹੇ ਸੁਆਮੀ! ਆਪ ਜੀ ਮੈਨੂੰ ਕਦੇ ਵੀ ਨਾ ਛੱਡਣਾ। ਮੇਰੇ ਔਗੁਣ ਨਾ ਚਿਤਾਰਦੇ ਹੋਏ ਮੇਰੇ 'ਤੇ ਦਇਆ-ਦ੍ਰਿਸ਼ਟੀ ਬਣਾਈ ਰੱਖਣਾ ਤੇ ਆਪਣੇ ਚਰਨ-ਕੰਵਲਾਂ ਨਾਲ ਲਾਈ ਰੱਖਣਾ ਜੀ॥

8. ਹੇ ਪ੍ਰਭੂ! ਆਪ ਜੀ ਮੇਰੇ ਪੂਰਬਲੇ ਜਨਮਾਂ ਵਿੱਚ ਕੀਤੇ ਹੋਏ ਖੋਟੇ ਕਰਮਾਂ ਨੂੰ ਨਾ ਚਿਤਾਰੋ ਜੀ ਤੇ ਮੈਨੂੰ ਆਪਣਾ ਸਹਾਰਾ ਦੇ ਕੇ ਮੇਰੀ ਰੱਖਿਆ ਕਰੋ ਜੀ। ਮੈਂ ਆਪ ਜੀ ਤੋਂ ਬਲਿਹਾਰੀ-ਬਲਿਹਾਰੀ ਜਾਂਦਾ ਹਾਂ॥

**ਭਾਵ ਅਰਥ** : ਪਰਮਾਤਮਾ ਆਪ ਰਹਿਮਤ ਕਰੇ ਤਾਂ ਹੀ ਉਸਦੇ ਦਰਸ਼ਨ ਹੁੰਦੇ ਹਨ।

# ਰਾਗੁ ਰਾਮਕਲੀ -81

***ਜਿਉਂ ਤੁਮ ਕਾਰਨਿ ਕੇਸਵੇ, ਲਾਲਚਿ ਜਿਉ ਲਾਗਾ।***
***ਨਿਕਟਿ ਨਾਥ ਪ੍ਰਾਪਤਿ ਨਹੀਂ, ਮਤਿ ਮੰਦ ਅਭਾਗਾ॥ ਟੇਕ॥***
***ਸਾਗਰ ਸਲਿਲ ਸਰੋਦਿਕਾ, ਜਲ ਥਲ ਅਧਿਕਾਈ।***
***ਸਵਾਤੀ ਬੂੰਦ ਕੀ ਆਸ ਹੈ, ਪਿਉ ਪਿਆਸ ਨ ਜਾਈ॥ ੧॥***
***ਜੋ ਰੇ ਸਨੇਹੀ ਚਾਹੀਏ, ਚਿਤਵਤ ਹੋ ਦੂਰੀ।***
***ਪੰਗੁਲ ਫਲ ਨ ਪਹੂੰਚਹੀ, ਕਛੁ ਸਾਧ ਨ ਪੂਰੀ॥ ੨॥***
***ਕਹੈ ਰਵਿਦਾਸ ਅਕਥ ਕਥਾ, ਉਪਨਿਸ਼ਦ ਸੁਨੀਜੈ।***
***ਜਸ ਤੂੰ ਤਸ ਤੂੰ ਹੀ, ਕਸ ਉਪਮਾ ਦੀਜੈ॥ ੩॥***

**ਸ਼ਬਦ ਅਰਥ** : **ਕੇਸਵੇ**-ਹੇ ਸੋਹਣੇ ਪ੍ਰਭੂ। **ਜਿਉ**-ਮਨ, ਹਿਰਦੇ। **ਨਿਕਟਿ**-ਨੇੜੇ। **ਨਾਥ**-ਸੁਆਮੀ, ਮਾਲਿਕ, ਪ੍ਰੀਤਮ। **ਮਤਿ**-ਕਿਸਮਤ। **ਮੰਦ**-ਮਾੜੀ। **ਅਭਾਗਾ**-ਬਦਕਿਸਮਤ। **ਸਲਿਲ**-ਜਲ, ਨਦੀ, ਨਾਲੇ ਆਦਿਕ। **ਸਰੋਦਿਕਾ**-ਤਲਾਬ, ਸਰੋਵਰ। **ਥਲ**-ਧਰਤੀ। **ਅਧਿਕਾਈ**-ਅਧਿਕਤਾ, ਬਹੁਤ ਮਾਤਰਾ ਵਿੱਚ। **ਸਵਾਤੀ ਬੂੰਦ**-ਆਸਮਾਨ ਵਿੱਚ ਸਵਾਂਤੀ ਤਾਰਾ ਹੋਣ ਸਮੇਂ ਬੱਦਲਾਂ ਵਿੱਚੋਂ ਨਿਕਲੀ ਬਰਖਾ ਦੀ ਬੂੰਦ। **ਪਿਉ**-ਪਿਆਰਾ (ਪਪੀਹਾ)। **ਆਸ**-ਚਾਹਤ, ਇੱਛਾ॥ ੧॥

**ਸਨੇਹੀ**-ਪ੍ਰੀਤਮ ਪਿਆਰਾ। **ਚਿਤਵਤ**-ਮਨ ਵਿੱਚ ਸੋਚਦੇ ਹੋਏ, ਚਿੰਤਨ ਕਰਦੇ ਹੋਏ। **ਪੰਗੁਲ**-ਪਿੰਗਲਾ, ਲੰਗੜਾ। **ਸਾਧ**-ਸਾਧਨ ਦਾ ਸੰਖੇਪ ਸਾਧ ਹੈ, ਸਾਧਨ॥ ੨॥

**ਅਕਥ**-ਜੋ ਬਿਆਨ ਨਾ ਕੀਤੀ ਜਾ ਸਕੇ। **ਉਪਨਿਸ਼ਦ**-ਵੇਦਾਂ ਦਾ ਉਹ ਭਾਗ ਜਿਨ੍ਹਾਂ ਵਿੱਚ ਆਤਮ ਵਿਦਿਯਾ (ਪਰਮਾਤਮਾ) ਦਾ ਪੂਰਾ ਨਿਰਣਾ ਕਰ ਕੇ ਕਥਨ ਕੀਤਾ ਜਾਵੇ। **ਉਪਮਾ**-ਸਮਾਨਤਾ, ਤੁਲਨਾ॥ ੩॥

**ਪਦ ਅਰਥ** : ਹੇ ਸੋਹਣੇ ਪ੍ਰਭੂ! ਆਪ ਜੀ ਦੇ ਦਰਸ਼ਨਾਂ ਲਈ ਹੁਣ ਮੇਰੇ ਮਨ ਵਿੱਚ ਪ੍ਰਬਲ ਇੱਛਾ ਜਾਗ ਪਈ ਹੈ ਤੇ ਇਹ (ਭਾਵ ਮਨ) ਆਪ ਜੀ ਦੇ ਮਿਲਾਪ ਲਈ ਬੜੀ ਉਤਸੁੱਕਤਾ ਨਾਲ ਲਲਚਾ ਰਿਹਾ ਹੈ। ਪਰ ਮੈਂ ਕਿੰਨੀ ਮਾੜੀ ਕਿਸਮਤ ਵਾਲਾ ਅਭਾਗਾ ਜੀਵ ਹਾਂ ਕਿ ਮੇਰਾ ਪ੍ਰੀਤਮ-ਪ੍ਰਭੂ ਮੇਰੇ ਨੇੜੇ ਹੁੰਦੇ ਹੋਏ ਵੀ ਭਾਵ ਮੇਰੇ ਅੰਗ-ਸੰਗ ਤੇ ਮੇਰੇ ਅੰਦਰ ਮੌਜੂਦ ਹੁੰਦੇ ਹੋਏ ਵੀ ਮੈਨੂੰ ਪ੍ਰਾਪਤ ਨਹੀਂ ਹੋ

ਰਿਹਾ, ਮੈਂ ਉਸ ਦਾ ਦੀਦਾਰ ਨਹੀਂ ਕਰ ਪਾ ਰਿਹਾ॥ ਟੇਕ॥
ਹੇ ਭਾਈ! ਭਾਵੇਂ ਪਾਣੀ ਸਾਗਰ, ਸਰੋਵਰ, ਨਦੀ, ਨਾਲੇ ਤੇ ਧਰਤੀ ਦੇ ਹੋਰ ਕਈ ਥਾਵਾਂ ਉੱਤੇ ਭਾਰੀ ਮਾਤਰਾ ਵਿੱਚ ਮੌਜੂਦ ਹੁੰਦਾ ਹੈ, ਪਰ ਪਪੀਹੇ ਦੀ ਚਾਹਤ ਤਾਂ ਕੇਵਲ ਸਵਾਂਤੀ ਨਛੱਤਰ ਦੇ ਪਾਣੀ ਦੀ ਬੂੰਦ ਵਿੱਚ ਹੁੰਦੀ ਹੈ। ਉਸਦੀ ਪਿਆਸ ਸਵਾਂਤੀ ਪਾਣੀ ਦੀ ਬੂੰਦ ਤੋਂ ਬਿਨਾਂ ਹੋਰ ਕਿਸੇ ਵੀ ਪਾਣੀ ਨਾਲ ਨਹੀਂ ਬੁਝਦੀ। ਇਸੇ ਤਰ੍ਹਾਂ ਭਾਵੇਂ ਪਰਮਾਤਮਾ ਸ੍ਰਿਸ਼ਟੀ ਦੇ ਕਣ-ਕਣ ਵਿੱਚ ਵਿਆਪਕ ਹੈ, ਪਰ ਪ੍ਰਭੂ-ਪ੍ਰੇਮੀ ਦੇ ਮਨ ਦੀ ਤ੍ਰਿਪਤੀ ਤਾਂ ਪ੍ਰਭੂ ਦੇ ਦਰਸ਼ਨਾਂ ਤੋਂ ਬਿਨਾਂ ਨਹੀਂ ਹੁੰਦੀ॥

2. ਜੇਕਰ ਪ੍ਰੀਤਮ ਪਿਆਰੇ ਨੂੰ ਪਾਉਣ ਦੀ ਇੱਛਾ ਹੋਵੇ ਤਾਂ ਉਸ ਨੂੰ ਆਪਣੇ ਮਨ ਦੀ ਸੋਚ ਤੋਂ ਦੂਰ ਨਹੀਂ ਰੱਖਣਾ ਚਾਹੀਦਾ। ਹੇ ਭਾਈ! ਪਿੰਗਲਾ-ਜੀਵ ਬਿਰਛ ਨਾਲ ਲੱਗੇ ਫਲ ਨੂੰ ਦੇਖ ਤਾਂ ਸਕਦਾ ਹੈ ਪਰ ਉਸ ਫਲ ਨੂੰ ਖਾਣ ਦੀ ਆਪਣੀ ਇੱਛਾ ਪੂਰੀ ਨਹੀਂ ਕਰ ਸਕਦਾ ਕਿਉਂਕਿ ਉਸ ਕੋਲ ਪੂਰੇ ਸਾਧਨ ਨਹੀਂ ਹਨ ਭਾਵ ਉਹ ਅੰਗਹੀਣ (ਲੰਗੜਾ) ਹੋਣ ਕਾਰਨ ਬ੍ਰਿਛ ਦੇ ਫਲ ਤੱਕ ਪਹੁੰਚ ਨਹੀਂ ਸਕਦਾ। ਇਹੋ ਹਾਲਤ ਮੇਰੀ ਹੈ। ਮੇਰਾ ਪ੍ਰੀਤਮ-ਪ੍ਰਭੂ ਮੇਰੇ ਨਜ਼ਦੀਕ ਹੁੰਦਿਆਂ ਹੋਇਆਂ ਵੀ ਅਗਿਆਨਤਾ ਵਸ ਦੂਰ ਜਾਪਦਾ ਹੈ, ਜਿਸ ਕਾਰਨ ਪ੍ਰਭੂ-ਦਰਸ਼ਨਾਂ ਦੀ ਮੇਰੀ ਅਭਿਲਾਸ਼ਾ ਪੂਰੀ ਨਹੀਂ ਹੋ ਰਹੀ॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਵੇਦਾਂ ਤੇ ਉਪਨਿਸ਼ਦਾਂ ਵਿੱਚ ਲਿਖਿਆ ਹੋਇਆ ਸੁਣਦੇ ਹਾਂ ਕਿ ਪਰਮਾਤਮਾ ਦੀ ਕਥਾ ਅਕੱਥਨੀਯ ਹੈ, ਇਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਹੇ ਪਰਮਾਤਮਾ! ਜਿਸ ਤਰ੍ਹਾਂ ਦੇ ਆਪ ਜੀ ਹੋ, ਉਸ ਤਰ੍ਹਾਂ ਦੇ ਕੇਵਲ ਇਕ ਆਪ ਜੀ ਹੀ ਹੋ। ਕਿਉਂਕਿ ਆਪ ਜੀ ਬੇ-ਮਿਸਾਲ ਤੇ ਲਾਸਾਨੀ ਹੋ ਤਾਂ ਫਿਰ ਆਪ ਜੀ ਦੀ ਉਪਮਾ ਕਿਸੇ ਹੋਰ ਨਾਲ ਕਿਵੇਂ ਕਰੀਏ? (ਹੇ ਅਕਥਨੀਯ ਪ੍ਰਭੂ! ਆਪ ਜੀ ਆਪਣਾ ਬਿਰਦ ਨਿਭਾਉਂਦੇ ਹੋਏ ਮੈਨੂੰ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ ਜੀ।)॥

**ਭਾਵ ਅਰਥ** : ਜੀਵ ਦੇ ਮਨ ਵਿੱਚ ਪ੍ਰਭੂ ਨੂੰ ਮਿਲਣ ਦੀ ਤਾਂਘ ਹੁੰਦੀ ਹੈ ਪਰ ਆਤਮਿਕ ਬੇਸਮਝੀ ਦੇ ਕਾਰਨ ਉਹ ਭਟਕਦਾ ਰਹਿੰਦਾ ਹੈ ਤੇ ਪਰਮਾਤਮਾ ਨੂੰ ਆਪਣੇ ਤੋਂ ਦੂਰ ਪਾਉਂਦਾ ਹੈ।

## ਰਾਗੁ ਰਾਮਕਲੀ -82

***ਗੋਬਿੰਦੇ! ਭੌਜਲ ਬਿਆਧਿ ਅਪਾਰਾ। ਤਾ ਤੈ ਕਛੁ ਸੂਝਤ ਵਾਰ ਨ ਪਾਰਾ॥ ਟੇਕ॥***
***ਅਗਮ ਗ੍ਰੇਹ ਦੂਰ ਦੂਰੰਤਰ, ਬੋਲਿ ਭਰੋਸ ਨ ਦੀਜੈ।***
***ਤੇਰੀ ਭਗਤੀ ਪਰੋਹਨ ਸੰਤ ਅਰੋਹਨ, ਮੋਹਿੰ ਚੜ੍ਹਾਈ ਨ ਲੀਜੈ ॥ ੧ ॥***
***ਲੋਹ ਕੀ ਨਾਵ ਪਖਾਨਨ ਬੋਝੀ, ਸੁਕ੍ਰਿਤ ਭਾਵ ਬਿਹੂੰਨਾ।***
***ਲੋਭ ਤਰੰਗ ਮੋਹ ਭਇਓ ਗਾਲੌਂ, ਮਨ ਮੀਨ ਭਇਓ ਜਲ ਲੀਨਾ॥ ੨ ॥***

***ਤੁਮ ਦੀਨਾ ਨਾਥ ਦਿਆਲ ਦਮੋਦਰ, ਕੀਨੈ ਹੇਤ ਬਿਲੰਬ ਕੀਜੈ।***
***ਰਵਿਦਾਸ ਦਾਸ ਸੰਤ ਚਰਨ ਕੀ, ਮੋਹਿ ਅਵਲੰਬਨ ਦੀਜੈ ॥ ੩ ॥***

**ਸ਼ਬਦ ਅਰਥ** : **ਗੋਬਿੰਦੇ**-ਦਿਲਾਂ ਦੀ ਜਾਣਨ ਵਾਲਾ ਪ੍ਰਭੂ। **ਭੌਜਲ**-ਸੰਸਾਰ ਰੂਪੀ ਸਾਗਰ। **ਬਿਆਧਿ**-ਦੁੱਖ, ਕਲੇਸ਼। **ਅਪਾਰਾ**-ਬੇਅੰਤ, ਅਣਗਿਣਤ। **ਸੂਝਤ**-ਸੋਝੀ। **ਵਾਰ**-ਉਰਲਾ ਕਿਨਾਰਾ। **ਪਾਰਾ**-ਪਾਰਲਾ ਕਿਨਾਰਾ। **ਅਗਮ**-ਹੇ ਅਗਮਯ ਪ੍ਰਭੂ, ਜਿਸ ਤੱਕ ਪਹੁੰਚਿਆ ਨਾ ਜਾ ਸਕੇ। **ਗ੍ਰੇਹ**-ਘਰ। **ਦੂਰੰਤਰ**-ਦੂਰ ਦੀ ਵਿੱਥ। **ਭਰੋਸ**-ਵਿਸ਼ਵਾਸ। **ਪਰੋਹਨ**-ਪਾਓ, ਬੇੜੀ। **ਅਰੋਹਨ**-ਸਵਾਰੀ ਕਰਨਾ॥ ੧॥

**ਨਾਵ**-ਬੇੜੀ। **ਪਖਾਨਨ**-ਪੱਥਰ। **ਬੋਝੀ**-ਭਾਰ। **ਸੁਕ੍ਰਿਤ ਭਾਵ**-ਨੇਕ ਵਿਚਾਰ, ਚੰਗੇ ਖ਼ਿਆਲ। **ਬਿਹੂੰਨਾ**-ਬਿਨਾਂ, ਛੱਡਿਆ ਹੋਇਆ। **ਲੋਭ**-ਲਾਲਚ। **ਤਰੰਗ**-ਪਾਣੀ ਦੀ ਲਹਿਰ। **ਮੋਹ**-ਸਨੇਹ, ਮੁਹੱਬਤ। **ਗਾਲੈਂ**-ਚਾਰਾ, ਮੱਛੀ ਫਸਾਉਣਾ ਲਈ ਕੁੰਡੀ ਅੱਗੇ ਲਗਾਇਆ ਮਾਸ ਦਾ ਟੁਕੜਾ। **ਮੀਨ**-ਮੱਛੀ। **ਲੀਨਾ**-ਲੀਨ ਹੋਣਾ, ਮਗ਼ਨ ਹੋਣਾ॥ ੨॥

**ਦੀਨਾ ਨਾਥ**-ਗਰੀਬਾਂ ਦੇ ਸੁਆਮੀ ਪ੍ਰਭੂ। **ਦਿਆਲ**- ਦਇਆ ਦਾ ਘਰ। **ਦਮੋਦਰ**-ਸਾਰੇ ਖੰਡਾਂ-ਬ੍ਰਹਿਮੰਡਾਂ ਦੇ ਮਾਲਿਕ ਪ੍ਰਭੂ। **ਕੀਨੈ ਹੇਤ**-ਕਿਸ ਕਾਰਨ ਕਰਕੇ। **ਬਿਲੰਬ**-ਦੇਰੀ। **ਅਵਲੰਬਨ**-ਸਹਾਰਾ, ਆਸਰਾ॥ ੩॥

**ਪਦ ਅਰਥ** : ਹੇ ਦਿਲਾਂ ਦੇ ਜਾਣਨਹਾਰ-ਪ੍ਰਭੂ! ਇਹ ਸੰਸਾਰ-ਸਮੁੰਦਰ ਅਣਗਿਣਤ ਦੁੱਖਾਂ ਤੇ ਕਲੇਸ਼ਾਂ ਨਾਲ ਭਰਿਆ ਹੋਇਆ ਹੈ। ਮੈਨੂੰ ਇਸ ਦਾ ਕੋਈ ਆਰ-ਪਾਰ ਦਿਸ ਨਹੀਂ ਰਿਹਾ, ਕੋਈ ਕਿਨਾਰਾ ਦਿਸ ਨਹੀਂ ਰਿਹਾ। ਇਸ ਲਈ ਇਸ ਨੂੰ ਪਾਰ ਕਰਨ ਦੇ ਸਾਧਨਾਂ ਦੀ ਵੀ ਮੈਨੂੰ ਕੋਈ ਸੋਝੀ ਨਹੀਂ ਆ ਰਹੀ॥ ਟੇਕ॥

ਹੇ ਪ੍ਰਭੂ! ਆਪ ਜੀ ਦੇ ਨਿੱਜ-ਘਰ ਪਹੁੰਚਣਾ ਬਹੁਤ ਕਠਿਨ ਹੈ ਤੇ ਇਹ ਹੈ ਵੀ ਬਹੁਤ ਦੂਰ। ਉਸ ਤੱਕ ਪਹੁੰਚਣ ਦਾ ਮੈਨੂੰ ਬੋਲ ਕੇ ਕੋਈ ਵੀ ਯਕੀਨ ਨਹੀਂ ਦਿਵਾਉਂਦਾ। ਪਰ ਆਪ ਜੀ ਦੇ ਸੰਤ-ਜਨ ਭਗਤੀ-ਰੂਪੀ ਬੇੜੀ ਦੀ ਸਵਾਰੀ ਕਰਦੇ ਹੋਏ ਇਸ ਬਿਖੇੜਿਆਂ ਭਰੇ ਸੰਸਾਰ-ਸਮੁੰਦਰ ਤੋਂ ਸਹਿਜੇ ਹੀ ਪਾਰ ਲੰਘ ਜਾਂਦੇ ਹਨ ਤੇ ਆਪ ਜੀ ਦੇ ਨਿੱਜ-ਘਰ ਪਹੁੰਚ ਜਾਂਦੇ ਹਨ। ਪਰ ਮੈਨੂੰ ਇਸ ਭਗਤੀ-ਰੂਪੀ ਬੇੜੀ ਵਿੱਚ ਕੋਈ ਕਿਉਂ ਨਹੀਂ ਚੜ੍ਹਾ ਰਿਹਾ?॥

2. (ਹੇ ਭਾਈ! ਜੀਵ ਮਾਇਆ ਦੇ ਪ੍ਰਭਾਵ ਅਧੀਨ) ਵਿਵੇਕਹੀਣ ਹੋਇਆ ਨੇਕ ਵਿਚਾਰ ਛੱਡ ਕੇ ਆਪਣੀ ਜੀਵਨ-ਰੂਪੀ ਬੇੜੀ ਨੂੰ ਲੋਹੇ ਦੀ ਬਣਾ ਲੈਂਦਾ ਹੈ ਤੇ ਉਸ ਵਿੱਚ ਖੋਟੇ ਕਰਮਾਂ-ਰੂਪੀ ਪੱਥਰਾਂ ਦਾ ਭਾਰ ਲੱਦ ਲੈਂਦਾ ਹੈ। ਜਿਸ ਤਰ੍ਹਾਂ ਮੱਛੀ ਕੁੰਡੀ ਨਾਲ ਲੱਗੇ ਹੋਏ ਮਾਸ ਦੇ ਟੁੱਕੜੇ ਨੂੰ ਖਾਣ ਦੇ ਲਾਲਚ ਵਿੱਚ ਆ ਕੇ ਕੁੰਡੀ ਨੂੰ ਆਪਣੇ ਗਲ ਵਿੱਚ ਫਸਾ ਲੈਂਦੀ ਹੈ ਤੇ ਆਪਣੀ ਜਾਨ ਗਵਾ ਲੈਂਦੀ ਹੈ, ਉਸੇ ਤਰ੍ਹਾਂ ਜੀਵ ਵੀ ਲੋਭ ਦੀਆਂ ਤਰੰਗਾਂ ਤੇ ਮੋਹ ਦੇ ਗਾਲੇ ਵਿੱਚ ਫਸਿਆ ਹੋਇਆ ਆਪਣੇ ਜੀਵਨ ਨੂੰ ਨਸ਼ਟ ਕਰੀ ਜਾਂਦਾ ਹੈ। ਪਰ ਇਸ ਦੇ ਬਾਵਜੂਦ ਵੀ ਉਸ ਦਾ ਮੱਛੀ-ਰੂਪੀ ਮਨ ਮਾਇਆ-ਰੂਪੀ ਜਲ ਦੀ ਕ੍ਰੀੜਾ ਵਿੱਚ ਹੀ ਮਸਤ ਰਹਿੰਦਾ ਹੈ। (ਭਾਵ, ਇਹ ਜਾਣਨ ਦੇ ਬਾਵਜੂਦ ਵੀ ਕਿ ਪਰਮਾਤਮਾ ਦੇ ਨਾਮ-ਸਿਮਰਨ ਤੋਂ ਬਿਨਾਂ ਅੱਗੇ ਮਾੜਾ ਹਾਲ ਹੋਣਾ ਹੈ ਜੀਵ ਫਿਰ ਵੀ ਸੰਸਾਰ ਦੀ ਮੋਹ-

ਮਾਇਆ ਤੇ ਵਿਸ਼ੇ-ਵਿਕਾਰਾਂ ਵਿੱਚ ਹੀ ਹਮੇਸ਼ਾ ਲਿਪਤ ਰਹਿੰਦਾ ਹੈ।)॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਗਰੀਬਾਂ ਦੇ ਮਾਲਿਕ-ਪ੍ਰਭੂ! ਹੇ ਦਇਆ ਦੇ ਘਰ-ਪ੍ਰਭੂ! ਹੇ ਸਾਰੇ ਖੰਡਾਂ-ਬ੍ਰਹਿਮੰਡਾਂ ਦੇ ਮਾਲਿਕ-ਪ੍ਰਭੂ! ਮੈਂ ਗ਼ਰੀਬ ਆਪ ਜੀ ਦੀ ਭਗਤੀ ਵਿੱਚ ਸਦਾ ਮਗ਼ਨ ਰਹਿੰਦਾ ਹਾਂ। ਫਿਰ ਕਿਸ ਕਾਰਨ ਕਰਕੇ ਮੈਨੂੰ ਸੰਸਾਰ-ਸਮੁੰਦਰ ਤੋਂ ਪਾਰ ਲੰਘਾਉਣ ਵਿੱਚ ਦੇਰੀ ਕਰ ਰਹੇ ਹੋ? ਮੈਂ ਆਪ ਜੀ ਦੇ ਸੰਤਾਂ ਦੇ ਚਰਨਾਂ ਦਾ ਦਾਸ ਹਾਂ। ਆਪ ਜੀ ਮੈਨੂੰ ਆਪਣਾ ਸਹਾਰਾ ਦੇ ਕੇ (ਮਾਇਆ-ਵੇੜ੍ਹੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾਓ ਜੀ।)॥

**ਭਾਵ ਅਰਥ** : ਸੰਸਾਰ ਦੁੱਖਾਂ ਦਾ ਘਰ ਹੈ, ਪਰਮਾਤਮਾ ਦੀ ਦਿਆਲਤਾ, ਕਿਰਪਾਲਤਾ ਤੇ ਮਿਹਰ ਨਾਲ ਹੀ ਜੀਵ ਸੰਸਾਰ-ਸਮੁੰਦਰ ਨੂੰ ਪਾਰ ਲੰਘ ਸਕਦਾ ਹੈ।

# ਰਾਗੁ ਰਾਮਕਲੀ- 83

***ਆਗੈ ਮੰਦਾ ਹਵੈ ਰਹਿਏ, ਪਰਕਿਰਤਿ ਨ ਜਾਈ।***
***ਕੂਕਰ ਚੌਕੀ ਚਹੋੜਿਏ, ਫਿਰਿ ਬਹੇ ਸੁ ਭਾਈ॥ ਟੇਕ॥***
***ਸੁਰਸਰੀ ਮੇਂ ਜੁ ਸੁਰਾ ਪਰਿਓ, ਕੋ ਕਰੈ ਨ ਬਿਚਾਰ।***
***ਰਾਮ ਨਾਮ ਹਿਰਦੈ ਬਸੈ, ਸਬ ਸੁਖ ਨਿਧਿ ਸਾਰ॥ ੧॥***
***ਕਹੈ ਰਵਿਦਾਸ ਸੁਨਿ ਕੇਸਵੈ, ਅੰਤਹਕਰਨ ਬਿਚਾਰ।***
***ਤੁਮਰੀ ਭਗਤਿ ਕੈ ਕਾਰਨੈ, ਫਿਰਿ ਹਵੈ ਹੌਂ ਚਮਾਰ॥ ੨॥***

**ਸ਼ਬਦ ਅਰਥ** : **ਆਗੈ**-ਅੱਗੇ ਆਉਣ ਵਾਲਾ ਸਮਾਂ। **ਪਰਕਿਰਤਿ**-ਸੁਭਾਅ। **ਕੂਕਰ**-ਕੁੱਤਾ। **ਚੌਕੀ ਚਹੋੜਿਏ**-ਚਾਰ ਪਾਵਿਆਂ ਵਾਲੇ ਆਸਣ 'ਤੇ ਬਿਠਾਉਣਾ। **ਬਹੇ**-ਬਹਿਣਾ। **ਸੁਰਸਰੀ**-ਗੰਗਾ। **ਸੁਰਾ**-ਸ਼ਰਾਬ। **ਨਿਧਿ**-ਖ਼ਜ਼ਾਨਾ। **ਸਾਰ**-ਸੰਭਾਲ ਕਰਨਾ॥ ੧॥
**ਕੇਸਵੈ**- ਹੇ ਸੋਹਣੇ ਪ੍ਰਭੂ। **ਅੰਤਹਕਰਨ**-ਅੰਦਰ ਦੀ ਇੰਦ੍ਰੀ ਜਿਸ ਦੇ ਸੰਜੋਗ ਨਾਲ ਬਾਹਰਲੀਆਂ ਇੰਦ੍ਰੀਆਂ ਕਾਰਜ ਕਰਦੀਆਂ ਹਨ, ਇਸ ਦੇ ਚਾਰ ਭੇਦ ਹਨ: ਮਨ-ਜਿਸ ਕਰਕੇ ਸੰਕਲਪ ਵਿਕਲਪ ਫੁਰਦੇ ਹਨ, ਬੁੱਧੀ-ਜਿਸ ਤੋਂ ਵਿਚਾਰ ਤੇ ਨਿਸ਼ਚਾ ਹੁੰਦਾ ਹੈ, ਚਿੱਤ-ਜਿਸ ਕਰ ਕੇ ਸਮਰਣ (ਚੇਤਾ) ਹੁੰਦਾ ਹੈ ਅਤੇ ਅਹੰਕਾਰ-ਜਿਸ ਤੋਂ ਪਦਾਰਥਾਂ ਨਾਲ ਆਪਣਾ ਸੰਬੰਧ ਹੁੰਦਾ ਹੈ। **ਹੌਂ**-ਮੈਂ॥ ੨॥

**ਪਦ ਅਰਥ** : (ਹੇ ਭਾਈ! ਜੀਵ ਨੂੰ ਇਸ ਗੱਲ ਦਾ ਯਕੀਨ ਹੋਣ ਦੇ ਬਾਵਜੂਦ ਵੀ ਕਿ ਪਰਮਾਤਮਾ ਦੀ ਭਗਤੀ ਤੋਂ ਬਿਨਾਂ) ਉਸ ਦਾ ਅੱਗੇ ਭੈੜਾ ਹਾਲ ਹੋਣਾ ਹੈ ਫਿਰ ਵੀ ਉਹ ਪਰਮਾਤਮਾ ਦੀ ਭਗਤੀ ਨਹੀਂ ਕਰਦਾ। ਉਹ ਆਪਣਾ ਇਹ ਸੁਭਾਅ ਨਹੀਂ ਬਦਲਦਾ। ਠੀਕ ਉਸੇ ਤਰ੍ਹਾਂ ਹੀ ਜਿਸ ਤਰ੍ਹਾਂ ਕਿ ਕੁੱਤਾ ਆਪਣਾ ਸੁਭਾਅ ਨਹੀਂ ਬਦਲਦਾ। ਉਸ ਨੂੰ ਜਿੰਨਾ ਮਰਜ਼ੀ ਨਹਾ-ਧੁਆ ਕੇ ਚੌਂਕੀ 'ਤੇ ਬਿਠਾ ਦਈਏ ਪਰ ਉਹ ਆਪਣੇ ਮੂਲ ਸੁਭਾਅ ਕਾਰਨ ਝੱਟ ਚੌਂਕੀ ਤੋਂ ਉੱਠ ਕੇ ਥੱਲੇ ਮਿੱਟੀ ਉੱਪਰ ਬੈਠ ਜਵੇਗਾ॥ ਟੇਕ॥

ਜੇਕਰ ਗੰਗਾ ਵਿੱਚ ਥੋੜ੍ਹੀ ਜਿਹੀ ਸ਼ਰਾਬ ਪੈ ਜਾਵੇ ਤਾਂ ਵੀ ਗੰਗਾ ਦੀ ਪਵਿੱਤਰਤਾ 'ਤੇ ਕੋਈ ਵਿਚਾਰ ਨਹੀਂ ਕਰਦਾ। ਗੰਗਾ ਵਿੱਚ ਪਈ ਹੋਈ ਸ਼ਰਾਬ ਵੀ ਗੰਗਾ

ਵਾਂਗ ਪਵਿੱਤਰ ਹੋ ਜਾਂਦੀ ਹੈ। ਉਹ ਗੰਗਾ ਦਾ ਰੂਪ ਹੋ ਜਾਂਦੀ ਹੈ। ਇਸੇ ਤਰ੍ਹਾਂ ਭਾਵੇਂ ਕੋਈ ਜੀਵ ਔਗੁਣਾਂ ਨਾਲ ਭਰਿਆ ਹੋਵੇ ਪਰ ਜਦੋਂ ਉਸ ਦੇ ਹਿਰਦੇ ਅੰਦਰ ਪਰਮਾਤਮਾ ਦੇ ਨਾਮ ਦਾ ਵਾਸਾ ਹੋ ਜਾਂਦਾ ਹੈ ਤਾਂ ਉਹ ਜੀਵ ਪਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ ਤੇ ਸਾਰੇ ਸੁੱਖਾਂ ਦੇ ਖ਼ਜ਼ਾਨੇ ਪਾ ਲੈਂਦਾ ਹੈ॥

2. ਸਤਿਗੁਰੂ ਰਵਿਦਾਸ ਜੀ ਮਹਾਰਾਜ ਪਰਮਾਤਮਾ ਅੱਗੇ ਬੇਨਤੀ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਹੇ ਪਰਮਾਤਮਾ! ਮੇਰੇ ਅੰਤਰ-ਮਨ ਦੀ ਵਿਚਾਰ ਸੁਣੋ। ਆਪ ਜੀ ਦੀ ਭਗਤੀ ਪਾਉਣ ਖ਼ਾਤਰ ਮੈਂ ਚਮਾਰ ਜਾਤ ਵਿੱਚ ਵਾਰ-ਵਾਰ ਜਨਮ ਲੈਣ ਨੂੰ ਤਿਆਰ ਹਾਂ ਪਰ ਮੈਂ ਆਪ ਜੀ ਦੀ ਭਗਤੀ ਤੋਂ ਸੱਖਣਾ ਨਹੀਂ ਰਹਿ ਸਕਦਾ। (ਹੇ ਭਾਈ! ਇਹ ਭਗਤੀ ਹੀ ਹੈ ਜੋ ਜੀਵ ਦਾ ਸੁਭਾਅ ਬਦਲ ਦਿੰਦੀ ਹੈ। ਉਸ ਨੂੰ ਅਦਵੈਤ ਭਾਵ ਵਾਲਾ ਬਣਾ ਦਿੰਦੀ ਹੈ।)॥

**ਭਾਵ ਅਰਥ** : ਪਰਮਾਤਮਾ ਦੀ ਭਗਤੀ ਜੀਵ ਦਾ ਸੁਭਾਅ ਬਦਲ ਦਿੰਦੀ ਹੈ। ਪ੍ਰਭੂ ਸਿਮਰਨ ਕਰਕੇ ਜੀਵ ਪ੍ਰਭੂ ਦਾ ਹੀ ਰੂਪ ਹੋ ਜਾਂਦਾ ਹੈ।

## ਰਾਗੁ ਰਾਮਕਲੀ- 84

***ਧ੍ਰਿਗੁ ਧ੍ਰਿਗੁ ਜੀਵਣੁ ਰਾਜੇ ਰਾਮ ਬਿਨਾ॥ ਟੇਕ॥***
***ਦੇਹਿ ਨੈਨ ਬਿਨੁ, ਚੰਦ ਰੈਨ ਬਿਨੁ, ਜਿਉਂ ਮੀਨਾ ਗਹਰੁ ਜਲੇ ਬਿਨਾ।***
***ਹਸਤੀ ਸੁੰਡ ਬਿਨੁ, ਪੰਖੀ ਪੰਖ ਬਿਨੁ, ਜਇਸੋਇ ਮੰਦਿਰ ਦੀਪ ਬਿਨਾ॥ ੧॥***
***ਜੈਸੇ ਬ੍ਰਾਹਮਣ ਵੇਦ ਵਿਹੂਣਾ, ਤੈਸੋ ਪ੍ਰਾਣੀ ਤੁਝ ਨਾਮ ਬਿਨਾ।***
***ਬੇਸਵਾ ਕੂੰ ਸੁਤ ਕਾਕੌਂ ਕਹੀਏ, ਤੈਸੋ ਭਗਤ ਜਨ ਰਾਮ ਬਿਨਾ॥ ੨॥***
***ਮੰਤਰ ਸੁਰਤਿ ਬਿਨੁ ਨਾਰੀ ਕੰਤ ਬਿਨੁ, ਜੈਸੋ ਧਰਤੀ ਇੰਦਰ ਬਿਨਾ।***
***ਜਿਊਂ ਬ੍ਰਿਛਾ ਫਲਹਿੰ ਵਿਹੂਣਾ, ਤਿਉਂ ਪ੍ਰਾਣੀ ਤੁਝ ਪ੍ਰੇਮ ਬਿਨਾ॥ ੩॥***
***ਕਾਮ ਕ੍ਰੋਧ ਹੰਕਾਰ ਨਿਵਾਰਉ, ਤ੍ਰਿਸ਼ਨਾ ਤਿਆਗਹੁ ਸੰਤ ਜਨਾ।***
***ਕਹਿ ਰਵਿਦਾਸ ਭਈ ਸੀਤਲ ਕਾਇਆ, ਜਿਉਂ ਹੌ ਲਾਗੋ ਗੁਰ ਚਰਨਾ॥ ੪॥***

**ਸ਼ਬਦ ਅਰਥ** : **ਧ੍ਰਿਗੁ**-ਧਿੱਕਾਰ, ਫਿਟਕਾਰ ਯੋਗ। **ਮੀਨਾ**-ਮੱਛੀ। **ਗਹਰੁ**-ਗਹਿਰੇ। **ਹਸਤੀ**-ਹਾਥੀ। **ਪੰਖੀ**-ਪੰਛੀ। **ਜਇਸੋਇ**-ਜਿਸ ਤਰ੍ਹਾਂ॥ ੧॥
**ਵਿਹੂਣਾ**-ਵਿਹੀਣ, ਬਿਨਾਂ। **ਕੂੰ**-ਦੇ। **ਕਾਕੌਂ**-ਕਿਸ ਦਾ। **ਸੁਤ**-ਪੁੱਤਰ॥ ੨॥
**ਮੰਤਰ**-ਕਾਰਯ ਸਿੱਧੀ ਲਈ ਜਗਣ ਯੋਗਯ ਸ਼ਬਦ। **ਸੁਰਤਿ**-ਧਿਆਨ ਦੀ ਇਕਾਗਰਤਾ। **ਕੰਤ**-ਪਤੀ। **ਇੰਦਰ**-ਮੀਂਹ, ਬਾਰਿਸ਼। **ਬ੍ਰਿਛਾ**-ਬਿਰਛ। **ਫਲਹਿੰ**-ਫਲ॥ ੩॥
**ਨਿਵਾਰਉ**-ਰੋਕਣਾ, ਤਿਆਗਨਾ। **ਕਾਇਆ**-ਸਰੀਰ। **ਤ੍ਰਿਸਨਾ**-ਪ੍ਰਾਪਤੀ ਦੀ ਪ੍ਰਬਲ ਇੱਛਾ। **ਸੀਤਲ**-ਠੰਢ, ਪਵਿੱਤਰ॥ ੪॥

**ਪਦ ਅਰਥ** : ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਉਪਦੇਸ਼ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਪ੍ਰਭੂ ਦੀ ਭਗਤੀ ਤੋਂ ਬਿਨਾਂ ਜੀਵ ਦਾ (ਜਗਤ ਵਿੱਚ) ਜਿਊਣਾ ਧਿੱਕਾਰ ਹੈ, ਫਿਟਕਾਰ ਯੋਗ ਤੇ ਵਿਅਰਥ ਹੈ॥ ਟੇਕ॥
ਜਿਸ ਤਰ੍ਹਾਂ ਅੱਖਾਂ ਤੋਂ ਬਿਨਾਂ ਜੀਵ ਦੇ ਜਿਊਣ ਦਾ ਹੱਜ ਨਹੀਂ, ਜਿਸ ਤਰ੍ਹਾਂ

ਚੰਦਰਮਾ ਤੋਂ ਬਿਨਾਂ ਰਾਤ ਹਨ੍ਹੇਰੀ ਹੁੰਦੀ ਹੈ, ਜਿਸ ਤਰ੍ਹਾਂ ਗ਼ਹਿਰੇ ਪਾਣੀ ਤੋਂ ਬਿਨਾਂ ਮੱਛੀ ਵਿਆਕੁਲ ਰਹਿੰਦੀ ਹੈ, ਜਿਸ ਤਰ੍ਹਾਂ ਸੁੰਡ ਤੋਂ ਬਿਨਾਂ ਹਾਥੀ ਅਧੂਰਾ ਹੈ, ਜਿਸ ਤਰ੍ਹਾਂ ਖੰਭਾਂ ਤੋਂ ਬਿਨਾਂ ਪੰਛੀ ਅਪਾਹਿਜ ਹੈ, ਜਿਸ ਤਰ੍ਹਾਂ ਦੀਵੇ ਦੀ ਜੋਤਿ ਤੋਂ ਬਿਨਾਂ ਮੰਦਰ ਵਿੱਚ ਹਨ੍ਹੇਰਾ ਹੁੰਦਾ ਹੈ, ਉਸੇ ਤਰ੍ਹਾਂ ਦੀ ਦੁਰਦਸ਼ਾ ਜੀਵ ਦੀ ਪ੍ਰਭੂ ਦੀ ਭਗਤੀ ਤੋਂ ਬਿਨਾਂ ਹੁੰਦੀ ਹੈ॥

2. ਜਿਸ ਤਰ੍ਹਾਂ ਬ੍ਰਾਹਮਣ ਵੇਦਾਂ ਦੇ ਗਿਆਨ ਤੋਂ ਬਿਨਾਂ ਨਕਾਰਾ ਹੈ ਉਸੇ ਤਰ੍ਹਾਂ ਜੀਵ ਵੀ ਪਰਮਾਤਮਾ ਦੇ ਨਾਮ ਤੋਂ ਬਿਨਾਂ ਨਕਾਰਾ ਹੈ। ਜਿਸ ਤਰ੍ਹਾਂ ਵੇਸਵਾ ਦੇ ਪੁੱਤਰ ਨੂੰ ਕਿਸੇ ਪਿਤਾ ਦਾ ਨਾਮ ਨਹੀਂ ਮਿਲਦਾ, ਉਸੇ ਤਰ੍ਹਾਂ ਪਰਮਾਤਮਾ ਤੋਂ ਬਿਨਾਂ ਭਗਤ ਦਾ ਵਜੂਦ ਵੀ ਸਿੱਧ ਨਹੀਂ ਹੁੰਦਾ॥

3. ਜਿਸ ਤਰ੍ਹਾਂ ਧਿਆਨ ਦੀ ਇਕਾਗਰਤਾ (ਸੁਰਤਿ) ਤੋਂ ਬਿਨਾਂ ਮੰਤਰ (ਸ਼ਬਦ-ਨਾਮ) ਵਿਅਰਥ ਹੈ, ਜਿਸ ਤਰ੍ਹਾਂ ਪਤੀ-ਪ੍ਰੀਤਮ ਤੋਂ ਬਿਨਾਂ ਇਸਤਰੀ ਅਧੂਰੀ ਹੈ, ਜਿਸ ਤਰ੍ਹਾਂ ਬਾਰਿਸ਼ ਤੋਂ ਬਿਨਾਂ ਧਰਤੀ ਨਿਹਫਲ ਹੈ, ਜਿਸ ਤਰ੍ਹਾਂ ਫਲ ਤੋਂ ਬਿਨਾਂ ਬਿਰਛ ਬੇਕਾਰ ਹੈ, ਉਸੇ ਤਰ੍ਹਾਂ ਪ੍ਰਭੂ-ਪਤੀ ਲਈ ਪ੍ਰੇਮ-ਭਾਵ ਤੋਂ ਬਿਨਾਂ ਜੀਵ-ਇਸਤਰੀ ਦਾ ਜੀਵਨ ਵੀ ਸੱਖਣਾ ਤੇ ਵਿਅਰਥ ਹੈ॥

4. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਸੰਤ-ਜਨੋ! ਹੇ ਜੀਵੋ! ਤੁਸੀਂ ਆਤਮਿਕ ਮੌਤ ਲਿਆਉਣ ਵਾਲੇ ਵਿਸ਼ੇ-ਵਿਕਾਰਾਂ ਜਿਵੇਂ-ਕਾਮ, ਕ੍ਰੋਧ, ਹੰਕਾਰ, ਆਸ਼ਾ-ਤ੍ਰਿਸ਼ਨਾ ਆਦਿਕ ਦਾ ਤਿਆਗ਼ ਕਰੋ। ਆਪਣੇ ਮਨ ਨੂੰ ਸਤਿਗੁਰੂ ਦੇ ਚਰਨ-ਕੰਵਲਾਂ ਨਾਲ ਜੋੜੋ ਤੇ ਪ੍ਰਭੂ ਦੀ ਭਗਤੀ ਕਰੋ, ਜਿਸ ਨਾਲ ਮਨ ਦੇ ਸਾਰੇ ਸੰਤਾਪ ਦੂਰ ਹੋ ਜਾਣਗੇ ਤੇ ਕਾਇਆ ਵੀ ਸ਼ਾਂਤ ਤੇ ਪਵਿੱਤਰ ਹੋ ਜਾਵੇਗੀ॥

**ਭਾਵ ਅਰਥ** : ਪ੍ਰਭੂ ਦੇ ਨਾਮ-ਸਿਮਰਨ ਤੋਂ ਬਿਨਾਂ ਜੀਵ ਦਾ ਜੀਵਨ ਵਿਅਰਥ ਹੈ।

## ਰਾਗੁ ਮਾਰੂ- 85

***ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥***
***ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥ ੧ ॥ ਰਹਾਉ ॥***
***ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਂਹੀ ਢਰੈ ॥***
***ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥ ੧ ॥***
***ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥***
***ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥ ੨ ॥ ੧ ॥***

**ਸ਼ਬਦ ਅਰਥ** : **ਐਸੀ**-ਇਸ ਤਰ੍ਹਾਂ ਦਾ (ਕੌਤਕ)। **ਲਾਲ**-ਹੇ ਸੋਹਣੇ ਪ੍ਰਭੂ। **ਨਿਵਾਜੁ**-ਨਿਵਾਜਣ ਵਾਲੇ, ਮਾਣ ਦੇਣ ਵਾਲਾ। **ਗੁਸਈਆ**-ਧਰਤੀ ਦੇ ਸਾਈਂ ਪ੍ਰਭੂ॥ ੧॥ **ਛੋਤਿ**-ਛੋਹ। **ਤਾ ਪਰ**-ਉਸ 'ਤੇ। **ਢਰੈ**-ਤਰਸ ਕਰਦੇ ਹੋ, ਕਿਰਪਾ ਕਰਦੇ ਹੋ। **ਨੀਚਹ**-ਨੀਚ (ਮਨੁੱਖਾਂ ਨੂੰ)। **ਗੋਬਿੰਦ**- ਜੀਵਾਂ ਦੇ ਦਿਲਾਂ ਦੇ ਜਾਣਨਹਾਰ ਪ੍ਰਭੂ। **ਕਾਹੂ**-ਕਿਸੇ ਤੋਂ ਵੀ॥ ੧॥ **ਹਰਿ ਜੀਉ ਤੇ**-ਪ੍ਰਭੂ ਜੀ ਤੋਂ। **ਸਰੈ**-ਸਰਨਾ, ਸਮਰੱਥ ਹੋਣਾ॥ ੨॥ ੧॥

**<u>ਪਦ ਅਰਥ</u>** : ਹੇ ਸੋਹਣੇ-ਪ੍ਰਭੂ! ਹੇ ਗ਼ਰੀਬਾਂ ਨੂੰ ਨਿਵਾਜਣ ਵਾਲੇ-ਪ੍ਰਭੂ! ਹੇ ਧਰਤੀ ਦੇ ਸਾਈਂ-ਪ੍ਰਭੂ! ਆਪ ਜੀ ਤੋਂ ਬਿਨਾਂ ਇਸ ਤਰ੍ਹਾਂ ਦਾ ਕੌਤਕ ਹੋਰ ਕੌਣ ਕਰ ਸਕਦਾ ਹੈ? ਆਪ ਜੀ ਨੇ ਤਾਂ ਮੇਰੇ ਵਰਗੇ ਗ਼ਰੀਬ ਦੇ ਸਿਰ 'ਤੇ ਵੀ ਛੱਤਰ ਝੁਲਾ ਦਿੱਤਾ ਹੈ। ਅਜਿਹੀ ਮਾਣ-ਵਡਿਆਈ ਆਪ ਜੀ ਤੋਂ ਬਿਨਾਂ ਹੋਰ ਕੌਣ ਬਖ਼ਸ਼ ਸਕਦਾ ਹੈ॥ ੧॥ ਰਹਾਉ॥

ਹੇ ਪ੍ਰਭੂ! ਨੀਵੀਂ ਕਹੀ ਜਾਣ ਵਾਲੀ ਜਾਤ ਦੇ ਜਿਸ ਮਨੁੱਖ ਦੀ ਛੋਹ ਨਾਲ ਸੰਸਾਰ ਦੇ ਸਾਰੇ ਲੋਕ ਆਪਣੇ-ਆਪ ਨੂੰ ਭਿੱਟਿਆ ਗਿਆ ਸਮਝਦੇ ਹਨ ਉਸ ਉੱਤੇ ਵੀ ਆਪ ਜੀ ਹੀ ਕਿਰਪਾ ਕਰਦੇ ਹੋ। ਹੇ ਭਾਈ! ਮੇਰਾ ਗੋਬਿੰਦ ਨੀਚ ਮਨੁੱਖ ਨੂੰ ਉੱਚਾ ਕਰ ਦਿੰਦਾ ਹੈ ਭਾਵ ਨੀਚ ਕਹੀ ਜਾਣ ਵਾਲੀ ਜਾਤ ਦੇ ਲੋਕਾਂ ਨੂੰ ਨਾਮ ਦੀ ਐਸੀ ਅਨਮੋਲ ਦਾਤ ਬਖ਼ਸ਼ਦਾ ਹੈ ਕਿ ਸੰਸਾਰ ਵਿੱਚ ਉਨ੍ਹਾਂ ਦੀ ਜੈ-ਜੈ ਕਾਰ ਹੋਣ ਲੱਗ ਪੈਂਦੀ ਹੈ। ਉਹ ਸਭ ਦੇ ਦਿਲਾਂ ਦੀ ਜਾਣਨ ਵਾਲਾ ਪ੍ਰਭੂ ਅਜਿਹਾ ਕਰਨ ਲੱਗਿਆਂ ਕਿਸੇ ਤੋਂ ਡਰਦਾ ਨਹੀਂ॥

2. ਹੇ ਪ੍ਰਭੂ! ਆਪ ਜੀ ਦੀ ਕ੍ਰਿਪਾ-ਦ੍ਰਿਸ਼ਟੀ ਸਦਕਾ ਹੀ ਨਾਮਦੇਵ ਮਹਾਰਾਜ ਜੀ (ਛੀਂਬਾ), ਕਬੀਰ ਸਾਹਿਬ ਜੀ (ਜੁਲਾਹਾ), ਤ੍ਰਿਲੋਚਨ ਜੀ (ਵੈਸ਼), ਸਧਨਾ ਜੀ (ਕਸਾਈ) ਤੇ ਸੈਨ ਜੀ ਮਹਾਰਾਜ (ਨਾਈ) ਸੰਸਾਰ-ਸਮੁੰਦਰ ਤੋਂ ਸਹਿਜੇ ਹੀ ਪਾਰ ਲੰਘ ਗਏ। ਸਤਿਗੁਰੂ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਹੇ ਸੰਤ ਜਨੋਂ! ਸੁਣੋਂ, ਪ੍ਰਭੂ ਸਭ ਕੁਝ ਕਰਨ ਦੇ ਸਮਰੱਥ ਹੈ, ਉਹ ਜੋ ਕੁਝ ਵੀ ਚਾਹੇ ਸੋ ਕਰ ਸਕਦਾ ਹੈ॥

**<u>ਭਾਵ ਅਰਥ</u>** : ਪਰਮਾਤਮਾ ਸਰਬ-ਵਿਆਪਕ ਤੇ ਸਰਬ-ਕਲਾ ਸਮਰੱਥ ਹੈ। ਉਹ ਨੀਚ ਤੇ ਨਿਮਾਣਿਆਂ ਨੂੰ ਉੱਚਾ ਕਰ ਦਿੰਦਾ ਹੈ।

## ਰਾਗੁ ਮਾਰੂ-86

***ਸੁਖ ਸਾਗਰ ਸੁਰਿਤਰੁ ਚਿੰਤਾਮਨਿ ਕਾਮਧੇਨ ਬਸਿ ਜਾ ਕੇ ਰੇ॥***
***ਚਾਰਿ ਪਦਾਰਥ ਅਸਟ ਮਹਾ ਸਿਧਿ ਨਵ ਨਿਧਿ ਕਰ ਤਲ ਤਾ ਕੈ॥ ੧॥***
***ਹਰਿ ਹਰਿ ਹਰਿ ਨ ਜਪਸਿ ਰਸਨਾ॥***
***ਅਵਰ ਸਭ ਛਾਡਿ ਬਚਨ ਰਚਨਾ॥ ੧॥ ਰਹਾਉ॥***
***ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਛਰ ਮਾਹੀ॥***
***ਬਿਆਸ ਬੀਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ॥ ੨॥***
***ਸਹਜ ਸਮਾਧਿ ਉਪਾਧਿ ਰਹਤ ਹੋਇ ਬਡੇ ਭਾਗਿ ਲਿਵ ਲਾਗੀ॥***
***ਕਹਿ ਰਵਿਦਾਸ ਉਦਾਸ ਦਾਸ ਮਤਿ ਜਨਮ ਮਰਨ ਭੈ ਭਾਗੀ॥ ੩॥ ੨॥***

**<u>ਸ਼ਬਦ ਅਰਥ</u>** : **ਸੁਰਿਤਰੁ**-ਸਵਰਗ ਦੇ ਬ੍ਰਿਛ-ਇਹ ਪੰਜ ਤਰ੍ਹਾਂ ਦੇ ਹਨ: 1. ਮੰਦਾਰ 2. ਪਾਰਿਜਾਤ 3. ਸੰਤਾਨ 4. ਕਲਪ 5. ਹਰਿਚੰਦਨ। **ਚਿੰਤਾਮਨਿ**-ਮਨ ਇੱਛਿਤ ਫਲ ਦੇਣ ਵਾਲੀ ਮਣੀ। **ਕਾਮਧੇਨ**-ਹਰ ਕਾਮਨਾ ਪੂਰੀ ਕਰਨ ਵਾਲੀ ਸਵਰਗ ਦੀ ਗਾਂ। **ਬਸਿ**-ਵੱਸ ਵਿੱਚ। **ਚਾਰਿ ਪਦਾਰਥ**-(ਦੇਖੋ : ਸ਼ਬਦ-ਅਰਥ, ਸ਼ਬਦ-ਨੰ: 24 ਦੇ।) **ਅਸਟ ਮਹਾ ਸਿਧਿ**-

ਅੱਠ ਵੱਡੀਆਂ ਸਿੱਧੀਆਂ: 1. ਅਣਿਮਾਂ–ਬਹੁਤ ਛੋਟਾ ਹੋ ਜਾਣਾ 2. ਮਹਿਮਾ–ਬਹੁਤ ਵੱਡਾ ਹੋ ਜਾਣਾ 3. ਗਰਿਮਾ–ਭਾਰਾ ਹੋ ਜਾਣਾ 4. ਲਬਿਮਾ–ਹੌਲਾ ਹੋ ਜਾਣਾ 5. ਪ੍ਰਾਪਤੀ–ਮਨਬਾਂਛਤ ਫਲ ਪ੍ਰਾਪਤ ਕਰਨ ਦੀ ਸ਼ਕਤੀ 6. ਪ੍ਰਕਾਸ਼ਮਯ–ਅੰਤਰਯਾਮੀ ਹੋਣ ਦੀ ਸ਼ਕਤੀ 7. ਈਸਤਾ–ਆਪਣੀ ਇੱਛਾ ਅਨੁਸਾਰ ਪ੍ਰੇਰ ਲੈਣਾ 8. ਵਸਿਤਾ–ਵੱਸ ਵਿੱਚ ਕਰਨਾ। **ਨਵ ਨਿਧਿ**–ਨੌਂ ਨਿਧੀਆਂ (ਦੇਖੋ : ਸ਼ਬਦ–ਅਰਥ, ਸ਼ਬਦ ਨੰ: 24 ਦੇ) **ਕਰ ਤਲ**–ਹੱਥਾਂ ਦੀਆਂ ਤਲੀਆਂ॥ **ਰਸਨਾ**–ਜੀਭਾ। **ਬਚਨ ਰਚਨਾ**–ਫ਼ੋਕੀਆਂ ਗੱਲਾਂ, ਬਨਾਉਟੀ ਗੱਲਾਂ॥ ੧॥

**ਨਾਨਾ**–ਅਨੇਕ। **ਖਿਆਨ**–ਕਥਾ ਕਹਾਣੀਆਂ, ਪ੍ਰਸੰਗ। **ਬਿਧਿ**–ਵਿਧੀਆਂ। **ਪਰਮਾਰਥੁ**-ਪਰਮ+ਅਰਥ, ਮੂਲ ਤੱਤ, ਸਭ ਤੋਂ ਵੱਡਾ ਮਨੋਰਥ। **ਸਰਿ**–ਬਰਾਬਰ॥ ੨॥

**ਸਹਜ ਸਮਾਧਿ**– ਆਤਮਿਕ ਅਡੋਲਤਾ ਵਿੱਚ ਇਕ–ਰਸ ਟਿਕੇ ਰਹਿਣ ਦੀ ਅਵਸਥਾ। **ਉਪਾਧਿ**–ਕਲੇਸ਼, ਵਿਕਾਰ। **ਬਡੇ ਭਾਗਿ**–ਵੱਡੇ ਭਾਗ, ਵੱਡੀ ਕਿਸਮਤ। **ਲਿਵ**–ਸੁਰਤਿ। **ਉਦਾਸ ਦਾਸ ਮਤਿ**–ਸੇਵਕ ਦੀ ਮਤ ਸੰਸਾਰੀ ਵਿਕਾਰਾਂ ਤੇ ਮਾਇਆ ਵੱਲੋਂ ਉਪਰਾਮ ਹੋ ਗਈ ਹੈ। **ਭੈ**–ਡਰ। **ਭਾਗੀ**–ਨਾਸ਼ ਹੋਣਾ, ਦੂਰ ਹੋਣਾ॥ ੩॥ ੨॥

**<u>ਪਦ ਅਰਥ</u>** : ਹੇ ਜੀਵ! ਪਾਰਬ੍ਰਹਮ ਪਰਮੇਸ਼ਰ ਸੁੱਖਾਂ ਦਾ ਸਾਗਰ ਹੈ। ਸਵਰਗ ਦੇ ਪੰਜੇ ਬ੍ਰਿਛ (ਕਲਪ, ਮੰਦਾਰ, ਪਾਰਿਜਾਤ, ਸੰਤਾਨ ਤੇ ਹਰਿਚੰਦਨ), ਮਨ–ਇੱਛਿਤ ਫਲ ਦੇਣ ਵਾਲੀ ਮਨੀ ਭਾਵ ਚਿੰਤਾਮਨੀ, ਜੀਵ ਦੀ ਹਰੇਕ ਮਨੋ–ਕਾਮਨਾ ਪੂਰੀ ਕਰਨ ਵਾਲੀ ਸਵਰਗ ਦੀ ਕਾਮਧੇਨ ਗਊ ਉਸ ਦੇ ਵੱਸ ਵਿੱਚ ਹਨ। ਚਾਰ ਪਦਾਰਥ (ਕਾਮ, ਅਰਥ, ਧਰਮ, ਮੌਕਸ਼), ਅੱਠ ਵੱਡੀਆਂ ਸਿੱਧੀਆਂ ਤੇ ਨੌਂ ਨਿਧੀਆਂ ਵੀ ਉਸ ਦੇ ਹੱਥਾਂ ਦੀਆਂ ਤਲੀਆਂ ਉੱਤੇ ਹਨ॥

ਇਸ ਲਈ ਹੇ ਜੀਵ! ਹਰੇਕ ਚੀਜ਼ ਦੇ ਮਾਲਿਕ, ਉਸ ਪ੍ਰਭੂ ਦਾ ਨਾਮ–ਸਿਮਰਨ ਤੂੰ ਆਪਣੀ ਜੀਭਾ ਨਾਲ ਕਿਉਂ ਨਹੀਂ ਕਰਦਾ? ਹੁਣ ਤੂੰ ਹੋਰ ਸਾਰੀਆਂ ਫਜ਼ੂਲ ਤੇ ਫ਼ੋਕੀਆਂ ਗੱਲਾਂ ਛੱਡ ਦੇ ਤੇ ਪ੍ਰਭੂ ਦੇ ਨਾਮ–ਸਿਮਰਨ ਵਿੱਚ ਲੱਗ ਜਾ॥ ੧॥ ਰਹਾਉ॥

2. ਹੇ ਜੀਵ! ਚੌਂਤੀ ਅੱਖਰਾਂ ਵਿੱਚ ਲਿਖੇ ਹੋਏ ਪੁਰਾਣਾਂ ਦੀਆਂ ਅਨੇਕਾਂ ਤਰ੍ਹਾਂ ਦੀਆਂ ਕਥਾ–ਕਹਾਣੀਆਂ ਤੇ ਵੇਦਾਂ 'ਚ ਵਰਣਨ ਅਨੇਕਾਂ ਵਿਧੀਆਂ ਤਾਂ ਕੇਵਲ ਵਾਕ ਰਚਨਾਵਾਂ ਹਨ, ਵਰਣਮਾਲਾ ਵਿੱਚ ਵਿਅਕਤ ਅੱਖਰੀ ਗਿਆਨ ਹਨ। ਇਸ ਗਿਆਨ ਦੇ ਸਾਰ–ਤੱਤ ਦੀ ਅਨੁਭੂਤੀ ਤਾਂ ਕੇਵਲ ਪ੍ਰਭੂ ਦੇ ਨਾਮ–ਸਿਮਰਨ ਕੀਤਿਆਂ ਹੀ ਹਿਰਦੇ ਅੰਦਰ ਉਤਪੰਨ ਹੋਣੀ ਹੈ। ਵੇਦਾਂ ਦੇ ਖੋਜੀ ਰਿਸ਼ੀ ਵੇਦ ਵਿਆਸ ਨੇ ਵੀ ਸੋਚ–ਵਿਚਾਰ ਕੇ ਇਹੀ ਮੂਲ ਤੱਤ ਕੱਢਿਆ ਸੀ ਕਿ ਵੇਦਾਂ ਤੇ ਸ਼ਾਸਤਰਾਂ ਦੀ ਪੂਜਾ–ਪਾਠ ਵੀ ਪ੍ਰਭੂ ਦੇ ਨਾਮ–ਸਿਮਰਨ ਦੀ ਬਰਾਬਰੀ ਨਹੀਂ ਕਰ ਸਕਦੇ ਭਾਵ ਪ੍ਰਭੂ ਦਾ ਨਾਮ–ਸਿਮਰਨ ਹੀ ਸਭ ਤੋਂ ਉੱਚਾ ਤੇ ਸੁੱਚਾ ਕਰਮ ਹੈ। ਤਾਂ ਫਿਰ ਤੂੰ ਪ੍ਰਭੂ ਦਾ ਸਿਮਰਨ ਕਿਉਂ ਨਹੀਂ ਕਰਦਾ?॥

3. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਉਹ ਜੀਵ ਬੜੀ ਚੰਗੀ ਕਿਸਮਤ ਵਾਲਾ ਹੁੰਦਾ ਹੈ ਜਿਸ ਦੀ ਸੁਰਤਿ ਪ੍ਰਭੂ ਦੇ ਨਾਮ–ਸਿਮਰਨ 'ਚ ਸਹਿਜੇ ਹੀ ਜੁੜੀ ਰਹਿੰਦੀ ਹੈ। ਉਹ ਆਤਮਿਕ ਅਡੋਲਤਾ ਵਿੱਚ ਇਕ–ਰਸ

ਟਿਕਿਆ ਰਹਿੰਦਾ ਹੈ ਅਤੇ ਕੋਈ ਵੀ ਵਿਕਾਰ ਉਸ ਦੇ ਮਨ ਵਿੱਚ ਉੱਠਦਾ ਹੀ ਨਹੀਂ। ਅਜਿਹੇ ਪ੍ਰਭੂ ਦੇ ਸੇਵਕ ਦੀ ਮੱਤ ਸੰਸਾਰ ਵੱਲੋਂ ਉਪਰਾਮ ਹੋ ਜਾਂਦੀ ਹੈ ਤੇ ਜਨਮ-ਮਰਨ ਦਾ ਡਰ ਉਸ ਦੇ ਮਨ 'ਚੋਂ ਸਦਾ ਲਈ ਖ਼ਤਮ ਹੋ ਜਾਂਦਾ ਹੈ (ਭਾਵ ਆਤਮਿਕ ਮੌਤ ਦਾ ਸਹਿਮ ਸਦਾ ਲਈ ਮੁੱਕ ਜਾਂਦਾ ਹੈ।)॥

**ਭਾਵ ਅਰਥ** : ਪਰਮਾਤਮਾ ਸਭ ਪਦਾਰਥਾਂ ਦਾ ਦਾਤਾ ਹੈ। ਉਸ ਦੇ ਨਾਮ-ਸਿਮਰਨ ਦੇ ਬਰਾਬਰ ਹੋਰ ਕੋਈ ਵੀ ਕਰਮ-ਧਰਮ, ਪੂਜਾ-ਪਾਠ ਆਦਿਕ ਨਹੀਂ ਹਨ। ਉਸ ਦੇ ਨਾਮ-ਸਿਮਰਨ ਨਾਲ ਜਨਮ-ਮਰਨ ਤੋਂ ਮੁਕਤੀ ਮਿਲਦੀ ਹੈ।

## ਰਾਗੁ ਮਾਰੂ -87

***ਪੀਆ ਰਾਮ ਰਸੁ ਪੀਆ ਰੇ ॥ ਟੇਕ ॥***
***ਭਰਿ ਭਰਿ ਦੇਵੈ ਸੁਰਤਿ ਕਲਾਲੀ, ਦਰਿਆ ਦਰਿਆ ਪੀਨਾ ਰੇ।***
***ਪੀਵਤ ਪੀਵਤੁ ਆਪਾ ਜਗ ਭੁਲਾ, ਹਰਿ ਰਸ ਮਾਹਿ ਬੌਰਾਨਾ ਰੇ ॥ ੧ ॥***
***ਦਰ ਘਰਿ ਵਿਸਰਿ ਗਇਓ ਰਵਿਦਾਸਾ, ਉਨਮਨਿ ਸਦ ਮਤਵਾਰੀ ਰੇ।***
***ਪਲੁ ਪਲੁ ਪ੍ਰੇਮ ਪਿਆਲਾ ਚਾਲੈ, ਛੂਟੇ ਨਾਹਿ ਖੁਮਾਰੀ ਰੇ ॥ ੨ ॥***

**ਸ਼ਬਦ ਅਰਥ** : **ਰਸੁ**-ਨਾਮ ਰੂਪੀ ਰਸ। **ਸੁਰਤਿ**-ਧਿਆਨ ਦੀ ਇਕਾਗਰਤਾ। **ਕਲਾਲੀ**-ਸ਼ਰਾਬ ਵੇਚਣ ਵਾਲਾ। **ਸੁਰਤਿ ਕਲਾਲੀ**-ਸੁਰਤਿ ਰੂਪੀ ਕਲਾਲੀ। **ਦਰਿਆ**-ਨਦੀ। **ਆਪਾ**-ਹਉਮੈ ਭਾਵ ਹੋਣਾ। **ਬੌਰਾਨਾ**-ਬਾਵਰਾ, ਪਾਗ਼ਲ ਜਿਹਾ॥ ੧॥
**ਦਰ ਘਰਿ**-ਘਰ ਬਾਰ। **ਵਿਸਰਿ**-ਭੁੱਲ ਗਿਆ ਹਾਂ, ਸੁੱਧ ਬੁੱਧ ਨਹੀਂ ਰਹੀ। **ਉਨਮਨਿ**-ਅੰਤਰ ਧਿਆਨ ਵਿੱਚ ਲੱਗਿਆ ਹੋਇਆ ਮਨ। **ਸਦ**-ਸਦਾ, ਹਮੇਸ਼ਾ। **ਮਤਵਾਰੀ**-ਮਖਮੂਰੀ, ਨਸ਼ੇ ਵਿੱਚ ਮਸਤੀ। **ਖੁਮਾਰੀ**-ਨਸ਼ਾ, ਮਸਤੀ॥ ੨॥

**ਪਦ ਅਰਥ** : ਹੇ ਭਾਈ! ਸਤਿਗੁਰੂ ਜੀ ਦੀ ਰਹਿਮਤ ਸਦਕੇ ਮੈਂ ਆਤਮਿਕ ਜੀਵਨ ਦੇਣ ਵਾਲੇ ਨਾਮ-ਰਸ ਦੇ ਪਿਆਲੇ ਨੂੰ ਪੀ ਲਿਆ ਹੈ॥ ਟੇਕ॥
ਸੁਰਤਿ-ਰੂਪੀ ਕਲਾਲੀ ਨੇ ਮੈਨੂੰ ਨਾਮ-ਰਸ ਦਾ ਪਿਆਲਾ ਭਰ-ਭਰ ਕੇ ਦਿੱਤਾ ਹੈ। ਮੇਰੇ ਅੰਦਰ ਪ੍ਰਭੂ ਦੇ ਨਾਮ-ਰਸ ਦੀ ਪਿਆਸ ਏਨੀ ਲੱਗੀ ਹੋਈ ਹੈ ਕਿ ਇੰਝ ਜਾਪਦਾ ਹੈ ਜਿਵੇਂ ਕਿ ਮੈਂ ਨਾਮ-ਰਸ ਦਾ ਇਕ ਕਤਰਾ ਨਹੀਂ ਬਲਕਿ ਦਰਿਆ ਦੇ ਦਰਿਆ ਹੀ ਪੀ ਜਾਵਾਂਗਾ। ਇਸ ਨਾਮ-ਰਸ ਨੂੰ ਪੀਂਦੇ ਸਾਰ ਹੀ ਮੈਂ ਏਨਾਂ ਬਾਵਰਾ ਤੇ ਏਨਾਂ ਮਸਤ ਹੋ ਗਿਆ ਹਾਂ ਕਿ ਮੈਨੂੰ ਆਪਣੇ-ਆਪ ਦੀ ਤੇ ਇਸ ਸੰਸਾਰ ਦੀ ਕੋਈ ਸੁੱਧ-ਬੁੱਧ ਨਹੀਂ ਰਹੀ। (ਮੈਂ ਇਨ੍ਹਾਂ ਨੂੰ ਆਪਣੇ ਮਨੋਂ ਭੁੱਲਾ ਹੀ ਦਿੱਤਾ ਹੈ ਤੇ ਹੁਣ ਇਕ ਤੂੰ-ਹੀ-ਤੂੰ ਯਾਦ ਰਹਿ ਗਿਆ ਹੈ।)॥

2. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਨਾਮ-ਰਸ ਪੀਣ ਨਾਲ ਮੈਨੂੰ ਘਰ-ਬਾਰ (ਭਾਵ ਆਪਣੇ-ਆਪ ਦੀ ਤੇ ਇਸ ਪਰਾਏ ਜਗਤ) ਦੀ ਕੋਈ ਸੁੱਧ-ਬੁੱਧ ਨਹੀਂ ਰਹੀ, ਮੈਂ ਸਭ ਕੁਝ ਭੁੱਲ ਗਿਆ ਹਾਂ। ਨਾਮ-ਰਸ ਪੀਣ ਨਾਲ ਮੇਰੀ ਉਨਮਨ ਨਾੜੀ ਖੁੱਲ੍ਹ ਗਈ ਹੈ, ਜਿਸ ਕਰਕੇ ਹੁਣ ਮਨ ਆਤਮਿਕ ਅਡੋਲਤਾ 'ਚ ਟਿਕਿਆ ਹੋਇਆ ਨਾਮ-ਰਸ ਦੀ ਮਸਤੀ ਨਾਲ ਹਮੇਸ਼ਾ ਖਿੜਿਆ

ਰਹਿੰਦਾ ਹੈ। ਇਸ ਅਵਸਥਾ 'ਚ ਨਾਮ-ਰਸ ਦਾ ਪ੍ਰੇਮ ਪਿਆਲਾ ਨਿਰੰਤਰ ਚੱਲਦਾ ਰਹਿੰਦਾ ਹੈ, ਜਿਸ ਕਾਰਨ ਪ੍ਰਭੂ ਦੇ ਨਾਮ ਦੀ ਖ਼ੁਮਾਰੀ ਕਦੇ ਲਹਿੰਦੀ ਹੀ ਨਹੀਂ ਸਗੋਂ ਹੋਰ ਚੜ੍ਹਦੀ ਜਾਂਦੀ ਹੈ॥

**ਭਾਵ ਅਰਥ** : ਪ੍ਰਭੂ ਦੇ ਨਾਮ-ਰਸ ਦੀ ਖ਼ੁਮਾਰੀ ਨਾਲ ਜੀਵ ਸਹਿਜ ਸੁੰਨਿ ਅਵਸਥਾ ਨੂੰ ਪ੍ਰਾਪਤ ਕਰਕੇ ਉਸੇ (ਪ੍ਰਭੂ) ਵਿੱਚ ਅਭੇਦ ਹੋ ਜਾਂਦਾ ਹੈ।

## ਰਾਗੁ ਮਾਰੂ- 88

***ਮਨ ਮੋਰਾ ਮਾਇਆ ਮਹਿ ਲਪਟਾਨੋ ॥ ਟੇਕ ॥***
***ਵਿਸਾ ਸਕਤ ਰਹਿਓ ਨਿਸਵਾਸਰ, ਅਜਹੁੰ ਨਹਿੰ ਅਘਾਨੋ ।***
***ਕਾਮੀ ਕੁਟਿਲ ਲਵਾਰ ਕੁਚਾਲੀ, ਸਮਝਇ ਨਹੀਂ ਸਮੁਝਾਨੋ ॥ ੧ ॥***
***ਸਤਿ ਸੰਗਤ ਪਲੁ ਨਹੀਂ ਕੀਨਹੀਂ, ਮਨ ਮੂਰਿਖ ਬਹੁ ਗਰਵਾਨੋ ।***
***ਸੋਤ ਖਾਤ ਦਿਨ ਰੈਨ ਬਿਤਾਇ, ਤਾਹਿ ਮੇਂ ਰਸਨਾ ਸੁਖ ਮਾਨੋ ॥ ੨ ॥***
***ਮਾਇਆ ਮੰਹਿ ਹਿਲ ਮਿਲਿ ਰਹਿਓ, ਫੋਕਟ ਸਾਟੇ ਜਨਮ ਗੰਵਾਨੋ ।***
***ਕਹਿ ਰਵਿਦਾਸ ਕਛੁ ਚੇਤ ਬਾਵਰੇ, ਰਾਮ ਨਾਮ ਬਿਨ ਨਹਿ ਉਬਰਾਨੋ ॥ ੩ ॥***

**ਸ਼ਬਦ ਅਰਥ** : **ਲਪਟਾਨੋ**-ਲਪੇਟਣ ਦਾ ਭਾਵ, ਚੁੰਬੜਨਾ। **ਵਿਸਾ ਸਕਤ**-ਇੰਦਰੀਆਂ ਦੇ ਵਿਸ਼ਿਆਂ ਵਿੱਚ ਲਿਪਤ। **ਨਿਸਵਾਸਰ**-ਰਾਤ ਦਿਨ। **ਅਘਾਨੋ**-ਤ੍ਰਿਪਤ ਹੋਣਾ, ਰੱਜ ਜਾਣਾ।**ਕੁਟਿਲ**-ਕਪਟੀ, ਛਲੀਆ। **ਲਵਾਰ**-ਝੂਠਾ, ਗੱਪੀ, ਸ਼ੇਖੀ ਮਾਰਨ ਵਾਲਾ। **ਕੁਚਾਲੀ**-ਬੁਰੇ ਚਲਨ ਵਾਲਾ, ਬਦਚਲਨੀ। **ਸਮੁਝਾਨੋ**-ਸਮਝਾਉਣ ਤੇ॥ ੧॥
**ਬਹੁ**-ਬਹੁਤ। **ਗਰਵਾਨੋ**-ਹੰਕਾਰੀ। **ਰਸਨਾ**-ਜਿਸ ਨਾਲ ਰਸ ਗ੍ਰਹਿਣ ਕਰੀਏ, ਜੀਭ॥ ੨॥
**ਫੋਕਟ**-ਥੋਥਾ, ਕੌਡੀ ਦੇ ਭਾਅ, ਵਿਅਰਥ। **ਹਿਲ ਮਿਲਿ**-ਮਿਲ ਜੁਲ ਕੇ, ਰੁੱਝਿਆ ਰਹਿਣਾ। **ਸਾਟੇ**-ਬਦਲੇ ਵਿੱਚ। **ਗੰਵਾਨੋ**-ਗਵਾ ਲੈਣਾ। **ਚੇਤ**-ਯਾਦ ਕਰਨਾ। **ਬਾਵਰੇ**-ਮੂਰਖ਼। **ਉਬਰਾਨੋ**-ਉੱਧਾਰ ਹੋਣਾ, ਮਾੜੀ ਹਾਲਤ 'ਚੋਂ ਚੰਗੀ ਹਾਲਤ ਵਿੱਚ ਜਾਣਾ॥ ੩॥

**ਪਦ ਅਰਥ** : ਹੇ ਭਾਈ! ਜੀਵ ਦਾ ਮਨ (ਪਰਮਾਤਮਾ ਨੂੰ ਭੁਲਾ ਕੇ ਕੁਰਾਹੇ ਪਿਆ ਹੋਇਆ ਆਤਮਿਕ ਮੌਤ ਲਿਆਉਣ ਵਾਲੀ) ਮਾਇਆ-ਜ਼ਹਿਰ ਨਾਲ ਹੀ ਹਮੇਸ਼ਾ ਚੁੰਬੜਿਆ ਰਹਿੰਦਾ ਹੈ॥ ਟੇਕ॥

ਇਹ ਮਨ ਦਿਨ-ਰਾਤ ਇੰਦ੍ਰੀਆਂ ਦੇ ਭੋਗਾਂ ਦੇ ਸੁਆਦਾਂ ਵਿੱਚ ਲਿਪਤ ਰਹਿਣ ਦੇ ਬਾਵਜੂਦ ਵੀ ਅਜੇ ਤੱਕ ਰੱਜਿਆ ਨਹੀਂ। ਇਸ ਦੀ ਬਿਰਤੀ ਕਾਮੀ, ਕਪਟੀ, ਝੂਠੀ, ਗੱਪੀ ਤੇ ਬੁਰੇ ਚਲਨ ਵਾਲੀ ਬਣੀ ਹੋਈ ਹੈ। ਇਸ ਨੂੰ (ਇਹਨਾਂ ਵਿਕਾਰਾਂ ਤੋਂ ਦੂਰ ਰਹਿਣ ਲਈ) ਕਈ ਵਾਰ ਸਮਝਾਇਆ ਪਰ ਇਹ ਕਿਸੇ ਤਰ੍ਹਾਂ ਵੀ ਨਹੀਂ ਸਮਝਿਆ ਤੇ (ਆਪਣੀਆਂ ਹਰਕਤਾਂ ਤੇ ਹੁੱਝਤਾਂ ਤੋਂ ਬਾਝ ਨਹੀਂ ਆਇਆ।)॥

2. ਜੀਵ ਦਾ ਮੂਰਖ ਮਨ (ਮਾਇਆ ਨੂੰ ਪਾ ਕੇ) ਵੱਡਾ ਹੰਕਾਰੀ ਹੋ ਜਾਂਦਾ ਹੈ ਤੇ ਸਾਧੂ-ਸੰਤਾਂ ਦੀ ਸੰਗਤ ਪਲ ਭਰ ਲਈ ਵੀ ਕਰਨਾ ਪਸੰਦ ਨਹੀਂ ਕਰਦਾ। ਸਾਧ-ਸੰਗਤ ਤੋਂ ਬੇਮੁਖ ਹੋਇਆ ਉਹ ਦਿਨ-ਰਾਤ (ਭਾਵ ਆਪਣੀ ਜ਼ਿੰਦਗੀ ਦਾ ਸਾਰਾ ਸਮਾਂ) ਸਿਰਫ਼ ਖਾਣ-ਪੀਣ ਤੇ ਸੌਂਣ 'ਚ ਹੀ ਬਿਤਾ ਦਿੰਦਾ ਹੈ। ਉਹ

(ਜੀਭਾ) ਇੰਦ੍ਰੀਆਂ ਦੇ ਭੋਗਾਂ ਦਾ ਆਨੰਦ ਲੈਂਦਾ ਹੋਇਆ ਆਪਣੇ ਆਪ ਨੂੰ ਸੁਖੀ ਮੰਨਦਾ ਹੈ॥

3. ਪ੍ਰਭੂ ਤੋਂ ਬੇਮੁਖ ਹੋਇਆ ਜੀਵ ਮੋਹ-ਮਾਇਆ ਵਿੱਚ ਹੀ ਹਮੇਸ਼ਾ ਰੁੱਝਿਆ ਰਹਿੰਦਾ ਹੈ ਅਤੇ ਇਸ ਦੇ ਝੂਠੇ, ਥੋਥੇ ਤੇ ਨਿਰਾਰਥਕ ਰਸਾਂ ਦੇ ਬਦਲੇ ਆਪਣੇ ਅਨਮੋਲ ਜਨਮ ਨੂੰ ਕੌਡੀ ਦੇ ਭਾਅ ਗੁਆ ਲੈਂਦਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਸੁਚੇਤ ਕਰਦੇ ਹੋਏ ਫ਼ਰਮਾਂਦੇ ਹਨ ਕਿ ਹੇ ਮੂਰਖ਼ ਜੀਵ! ਤੂੰ ਕੁਝ ਤਾਂ ਅਕਲ ਕਰ। ਯਾਦ ਰੱਖ ਰਾਮ ਨਾਮ ਦੇ ਸਿਮਰਨ ਤੋਂ ਬਿਨਾਂ ਨਾ ਤਾਂ ਤੇਰਾ ਉੱਧਾਰ ਹੋਣਾ ਹੈ ਤੇ ਨਾ ਹੀ ਤੇਰੀ ਵਿਕਾਰਾਂ ਤੋਂ ਖ਼ਲਾਸੀ ਹੋਣੀ ਹੈ॥

**ਭਾਵ ਅਰਥ** : ਪ੍ਰਭੂ ਦਾ ਸਿਮਰਨ ਹੀ ਮਾਇਆ ਦੇ ਪ੍ਰਭਾਵ ਨੂੰ ਨਸ਼ਟ ਕਰਦਾ ਹੈ।

## ਰਾਗੁ ਮਾਰੂ -89

***ਬੀਤੀ ਆਯੂ ਭਜਨੁ ਨਹੀਂ ਕੀਨ੍ਹਾ॥ ਟੇਕ॥***

***ਸੇਤ ਭਇਓ ਤਨ ਥਰ ਥਰ ਕੰਪਹਿ, ਹਰਿ ਸਿਮਰਨੁ ਨਹੀਂ ਕੀਨ੍ਹਾ।***

***ਸਤ ਸੰਗਤਿ ਨਹਿੰ ਗੁਰ ਪਦ ਸੇਓ, ਪ੍ਰਭ ਕੀਰਤਿ ਨਹਿੰ ਗਾਈ।***

***ਨਹਿ ਮਨੁ ਰਮਿਓ ਪ੍ਰਭ ਚਰਨਨ ਮਹਿੰ, ਤਨ ਸਿਉਂ ਪਰੀਤ ਦ੍ਰਿੜਾਈ।***

***ਕਹਿ ਰਵਿਦਾਸ ਚਲਨ ਕੀ ਬਿਰਿਆਂ, ਕੋਊ ਨ ਹੋਇ ਸਹਾਈ॥ ੧॥***

**ਸ਼ਬਦ ਅਰਥ** : **ਸੇਤ**-ਚਿੱਟਾ, ਸਫ਼ੇਦ। **ਭਇਓ**-ਹੋਣਾ। **ਪਦ**-ਚਰਨ। **ਸੇਓ**-ਸੇਵਾ। **ਕੀਰਤਿ**-ਵਡਿਆਈ, ਨੇਕਨਾਮੀ, ਜੱਸ। **ਰਮਿਓ**-ਰਮ ਜਾਣਾ, ਜੁੜਨਾ। **ਸਿਉਂ**-ਨਾਲ। **ਪਰੀਤ**-ਪ੍ਰੀਤਿ, ਪ੍ਰੇਮ, ਪਿਆਰ, ਮੋਹ। **ਦ੍ਰਿੜਾਈ**-ਕੱਸ ਕੇ ਰੱਖਣਾ, ਮਜ਼ਬੂਤ ਕੀਤੀ। **ਚਲਨ ਕੀ ਬਿਰਿਆਂ**-ਸੰਸਾਰ ਤੋਂ ਜਾਣ ਸਮੇਂ, ਮੌਤ ਆਉਣ ਸਮੇਂ॥ ੧॥

**ਪਦ ਅਰਥ** : ਸਤਿਗੁਰੂ ਮਹਾਰਾਜ ਜੀ ਜੀਵਾਂ ਨੂੰ ਸਮਝਾਉਂਦੇ ਹੋਏ ਫ਼ਰਮਾਉਂਦੇ ਹਨ ਕਿ ਹੇ ਜੀਵ! ਪ੍ਰਭੂ ਦਾ ਭਜਨ (ਨਾਮ ਦਾ ਸਿਮਰਨ) ਕੀਤੇ ਬਿਨਾਂ ਤੇਰੇ ਅਨਮੋਲ ਜੀਵਨ ਦੀ ਉਮਰ ਪਲ-ਪਲ ਕਰਕੇ ਅਜਾਈਂ ਹੀ ਬੀਤਦੀ ਜਾ ਰਹੀ ਹੈ॥ ਟੇਕ॥

ਹੇ ਜੀਵ! ਹੁਣ ਤੂੰ ਜੀਵਨ ਦੇ ਆਖ਼ਰੀ ਪੜਾਓ ਭਾਵ ਬੁਢਾਪੇ ਵਿੱਚ ਪਹੁੰਚ ਗਿਆ ਹੈਂ। ਤੇਰੇ ਸਿਰ ਦੇ ਵਾਲ ਚਿੱਟੇ ਹੋ ਗਏ ਹਨ ਤੇ ਕਮਜ਼ੋਰੀ ਨਾਲ ਸਰੀਰ ਵੀ ਥਰ-ਥਰ ਕੰਬਣ ਲੱਗ ਪਿਆ ਹੈ। ਪਰ ਤੂੰ ਹਾਲੇ ਵੀ ਆਪਣੇ ਧਿਆਨ ਨੂੰ ਪਰਮਾਤਮਾ ਦੇ ਨਾਮ-ਸਿਮਰਨ ਨਾਲ ਨਹੀਂ ਜੋੜਿਆ॥

ਹੇ ਜੀਵ! ਨਾ ਤਾਂ ਤੂੰ ਹਾਲੇ ਤਾਈਂ ਸਤਿਸੰਗ ਵਿੱਚ ਗਿਆ, ਨਾ ਹੀ ਸਤਿਗੁਰੂ ਦੇ ਚਰਨਾਂ ਦੀ ਸੇਵਾ ਕੀਤੀ ਤੇ ਨਾ ਹੀ ਪ੍ਰਭੂ ਦੀ ਮਹਿਮਾ ਦਾ ਗੁਣਗਾਨ ਕੀਤਾ॥

ਹੇ ਜੀਵ! ਤੂੰ ਸਾਰੀ ਉਮਰ ਆਪਣੇ ਸਰੀਰ ਦੇ ਮੋਹ ਵਿੱਚ ਹੀ ਕੱਸ ਕੇ ਜਕੜਿਆ ਰਿਹਾ ਤੇ ਚੰਮ-ਖੁਸ਼ੀ ਵਿੱਚ ਏਨਾਂ ਮਸਤ ਰਿਹਾ ਕਿ ਤੇਰਾ ਮਨ ਪ੍ਰਭੂ ਦੇ ਚਰਨਾਂ ਵਿੱਚ ਰਮਿਆ ਹੀ ਨਹੀਂ (ਭਾਵ ਸੁਰਤਿ ਪ੍ਰਭੂ ਦੇ ਨਾਮ-ਸਿਮਰਨ ਨਾਲ ਜੁੜੀ ਹੀ ਨਹੀਂ।)॥

ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਂਦੇ ਹਨ ਕਿ ਹੇ ਜੀਵ! ਸੰਸਾਰ ਤੋਂ ਜਾਣ ਸਮੇਂ ਭਾਵ ਮੌਤ ਆਉਣ 'ਤੇ ਫਿਰ ਤੇਰੀ ਕੌਣ ਸਹਾਇਤਾ ਕਰੇਗਾ? ਇਸ ਲਈ ਸਮੇਂ ਰਹਿੰਦੇ ਤੂੰ ਪ੍ਰਭੂ ਦਾ ਨਾਮ-ਸਿਮਰਨ ਕਰ ਲੈ ਜਿਸ ਨੇ ਅੰਤ ਵੇਲੇ ਤੇਰਾ ਸਹਾਈ ਹੋਣਾ ਹੈ॥

**ਭਾਵ ਅਰਥ** : ਜੀਵ ਨੂੰ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ। ਕੇਵਲ ਉਸੇ ਨੇ ਹੀ ਅੰਤ ਸਮੇਂ ਸਹਾਈ ਹੋਣਾ ਹੈ।

## ਰਾਗੁ ਮਾਰੂ- 90

***ਪ੍ਰਭੂ ਜੀ ਤੁਮ ਔਗੁਨ ਬਖ਼ਸ਼ਣਹਾਰ।***
***ਹਊਂ ਬਹੁ ਨੀਚ ਉਧਰੌਂ ਪਾਤਕੀ, ਮੂਰਿਖ ਨਿਪਟ ਗੰਵਾਰ॥ ਟੇਕ॥***
***ਮੋ ਸਮ ਪਤਿਤ ਅਧਮ ਨਹੀਂ ਕੋਊ, ਖੀਨ ਦੁਖੀ ਵਿਸਿਆਰ।***
***ਨਾਮ ਸੁਨਹਿ ਨਰਕੁ ਭਜੈ ਹ੍ਵੈ, ਤੁਮ੍ਹ ਬਿਨ ਕਵਨ ਹਮਾਰ॥ ੧॥***
***ਪਤਿਤ ਪਾਵਨ ਬਿੜਦ ਤਿਹਾਰੌ, ਆਇ ਪਰੌ ਤੋਹਿ ਦੁਵਾਰ।***
***ਕਹਿ ਰਵਿਦਾਸ ਇਹੁ ਮਨ ਆਸਾ, ਨਿਜ ਕਰ ਲੇਹੁ ਉਬਾਰ॥ ੨॥***

**ਸ਼ਬਦ ਅਰਥ** : **ਔਗੁਨ**-ਦੋਸ਼, ਅਪਰਾਧ। **ਉਧਰੌ**-ਉੱਧਾਰ ਕਰਨਾ, ਪਾਰ ਕਰਨਾ। **ਹਊਂ**-ਮੈਂ। **ਬਹੁ**-ਬਹੁਤ, ਵੱਡਾ। **ਸਮ**-ਵਰਗਾ, ਸਮਾਨ। **ਪਾਤਕੀ**-ਪਾਪੀ। **ਨਿਪਟ**-ਬਿਲਕੁਲ, ਨਿਰਾ, ਬਿਨਾਂ ਪੜਦੇ ਤੋਂ। **ਗੰਵਾਰ**-ਮੂਰਖ਼, ਅਸਭਯ। **ਪਤਿਤ**-ਪਾਪੀ, ਵਿਕਾਰਾਂ ਵਿੱਚ ਡਿੱਗਿਆ ਹੋਇਆ। **ਅਧਮ**-ਨੀਚ, ਗਿਰਿਆ ਹੋਇਆ। **ਖੀਨ**-ਕਮਜ਼ੋਰ। **ਵਿਸਿਆਰ**-ਵਿਸ਼ਈ, ਕਾਮੀ। **ਭਜੈ ਹ੍ਵੈ**-ਭੱਜ ਜਾਂਦਾ ਹੈ॥ ੧॥

**ਪਤਿਤ ਪਾਵਨ**-ਪਾਪੀਆਂ ਨੂੰ ਪਵਿੱਤਰ ਕਰਨ ਵਾਲਾ। **ਬਿੜਦ**-ਬਿਰਦ, ਮੁੱਢ-ਕਦੀਮਾਂ ਦਾ ਸੁਭਾਓ। **ਨਿਜ**-ਆਪਣਾ। **ਕਰ**-ਹੱਥ। **ਉਬਾਰ**-ਬਚਾਉਣਾ, ਉੱਧਾਰ ਕਰਨਾ॥ ੨॥

**ਪਦ ਅਰਥ** : ਸਤਿਗੁਰੂ ਰਵਿਦਾਸ ਜੀ ਮਹਾਰਾਜ ਪਰਮਾਤਮਾ ਅੱਗੇ ਅਰਜੋਈ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਹੇ ਪਰਮਾਤਮਾ! ਆਪ ਜੀ ਜੀਵਾਂ ਦੇ ਔਗੁਣ ਬਖ਼ਸ਼ਣ ਵਾਲੇ ਹੋ। ਮੈਂ ਬਹੁਤ ਨੀਚ, ਮਹਾਂਪਾਪੀ ਤੇ ਬਿਲਕੁਲ ਮਲੀਨ ਬੁੱਧੀ ਵਾਲਾ ਗੰਵਾਰ ਇਨਸਾਨ ਹਾਂ। (ਆਪ ਕਿਰਪਾ ਕਰਕੇ ਮੇਰੇ ਜਿਹੇ ਪਾਪੀ ਨੂੰ ਦੋਸ਼ਾਂ ਤੋਂ ਮੁਕਤ ਕਰਕੇ ਉਸਦਾ ਉੱਧਾਰ ਕਰ ਦਿਓ ਜੀ।)॥ ਟੇਕ॥

ਹੇ ਪਰਮਾਤਮਾ! ਮੇਰੇ ਵਰਗਾ ਪਾਪੀ, ਨੀਚ ਤੇ ਕਾਮ ਦੀ ਤ੍ਰਿਸ਼ਨਾ ਦਾ ਮਾਰਿਆ ਹੋਇਆ ਕਮਜ਼ੋਰ ਤੇ ਦੁਖੀ ਇਨਸਾਨ ਹੋਰ ਕੋਈ ਨਹੀਂ ਹੈ। ਮੇਰਾ ਨਾਮ ਸੁਣ ਕੇ ਤਾਂ ਨਰਕ ਵੀ ਦੂਰ ਭੱਜ ਜਾਂਦਾ ਹੈ (ਪਰ ਆਪ ਜੀ ਦਾ ਨਾਮ-ਸਿਮਰਨ ਉਹ ਮਹਾਂ-ਮੰਤਰ ਹੈ ਜਿਸ ਨਾਲ ਜੀਵਾਂ ਨੂੰ ਨਰਕਾਂ ਤੋਂ ਛੁਟਕਾਰਾ ਮਿਲਦਾ ਹੈ।) ਹੇ ਪ੍ਰਤਿ-ਪਾਲਕ ਪ੍ਰਭੂ! ਅਜਿਹੀ ਮੰਦ ਹਾਲਤ ਵਿੱਚ ਆਪ ਜੀ ਤੋਂ ਬਿਨਾਂ ਹੋਰ ਕੌਣ ਮੇਰਾ ਸਹਾਈ ਹੋ ਸਕਦਾ ਹੈ?॥

2. ਹੇ ਪਰਮਾਤਮਾ! "ਪਾਪੀਆਂ ਤੇ ਵਿਕਾਰੀਆਂ ਨੂੰ ਪਵਿੱਤਰ ਕਰਨਾ" ਆਪ ਜੀ ਦਾ ਮੁੱਢ-ਕਦੀਮਾਂ ਦਾ ਸੁਭਾਓ ਹੈ। ਮੈਂ ਸਭ ਤੋਂ ਵੱਡਾ ਪਾਪੀ ਹਾਂ। ਆਪਣੇ ਪਾਪਾਂ ਨੂੰ ਬਖ਼ਸ਼ਾਉਣ ਲਈ ਮੈਂ ਆਪ ਜੀ ਦੇ ਦਰ 'ਤੇ ਆਇਆ ਹਾਂ। (ਆਪ ਜੀ

ਕਿਰਪਾ ਕਰਕੇ ਮੇਰੇ ਪਾਪਾਂ ਨੂੰ ਬਖ਼ਸ਼ ਦਿਉ ਜੀ।) ਗੁਰੂ ਰਵਿਦਾਸ ਜੀ ਮਹਾਰਾਜ ਪਰਮਾਤਮਾ ਅੱਗੇ ਬੇਨਤੀ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਹੇ ਪਰਮਾਤਮਾ! ਮੇਰੇ ਮਨ ਦੀ ਇੱਕੋ ਅਭਿਲਾਸ਼ਾ ਹੈ ਕਿ ਆਪ ਆਪਣਾ ਮਿਹਰ ਭਰਿਆ ਹੱਥ ਦੇ ਕੇ ਮੈਨੂੰ ਮੇਰੇ ਔਗੁਣਾਂ ਤੋਂ ਬਚਾ ਲਉ ਜੀ ਤੇ ਮੇਰਾ ਉੱਧਾਰ ਕਰ ਦਿਉ ਜੀ॥

**ਭਾਵ ਅਰਥ** : ਸੰਸਾਰੀ ਜੀਵ ਔਗੁਣਾਂ ਨਾਲ ਭਰਿਆ ਹੋਇਆ ਹੈ। ਜੋ ਜੀਵ ਸੱਚੇ ਮਨੋ ਪ੍ਰਭੂ ਦੀ ਸ਼ਰਨ ਲੈਂਦਾ ਹੈ, ਪ੍ਰਭੂ ਉਸ ਦੇ ਔਗੁਣ ਬਖ਼ਸ਼ ਕੇ ਉਸ ਦਾ ਨਿਸਤਾਰਾ ਕਰ ਦਿੰਦੇ ਹਨ।

## ਰਾਗੁ ਕੇਦਾਰਾ-91

***ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ॥***
***ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ॥ ੧॥***
***ਰੇ ਚਿਤ ਚੇਤਿ ਚੇਤ ਅਚੇਤ॥ ਕਾਹੇ ਨ ਬਾਲਮੀਕਹਿ ਦੇਖ॥***
***ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥ ੧॥ ਰਹਾਉ॥***
***ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸਨ ਲਾਵੈ ਹੇਤੁ॥***
***ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ॥ ੨॥***
***ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸ॥***
***ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ॥ ੩॥ ੧॥***

**ਸ਼ਬਦ ਅਰਥ** : **ਖਟੁ ਕਰਮ**–ਛੇ ਕਰਮ (ਬ੍ਰਾਹਮਣਾਂ ਦੁਆਰਾ ਪ੍ਰਚੱਲਿਤ–ਪੜ੍ਹਨਾ ਤੇ ਪੜ੍ਹਾਉਣਾ, ਜਗ ਕਰਨਾ ਤੇ ਜਗ ਕਰਾਉਣਾ, ਦਾਨ ਦੇਣਾ ਤੇ ਦਾਨ ਲੈਣਾ। ਜੋਗਮਤ ਅਨੁਸਾਰ–ਧੋਤੀ, ਨੇਤ੍ਰੀ, ਨਿਉਲੀ, ਵਸਤੀ, ਕਪਾਲਭਾਤੀ ਤੇ ਤ੍ਰਾਟਕ।)। **ਕੁਲ**–ਖ਼ਾਨਦਾਨ, ਕਬੀਲਾ। **ਸੰਜੁਗਤੁ**–ਸਮੇਤ, ਸਾਥ, ਜੁੜਨਾ। **ਕੁਲ ਸੰਜੁਗਤੁ**-ਉੱਚੇ ਖ਼ਾਨਦਾਨ ਨਾਲ ਜੁੜਿਆ ਭਾਵ ਪੈਦਾ ਹੋਇਆ। **ਚਰਨਾਰਬਿੰਦ**–ਚਰਨ ਕਮਲ। **ਭਾਵੈ**–ਚੰਗੀ ਲੱਗਣੀ। **ਸੁਪਚ**–ਚੰਡਾਲ। **ਤੁਲਿ**–ਬਰਾਬਰ। **ਸਮਾਨਿ**–ਵਰਗਾ॥ ੧॥

**ਚਿਤ**–ਮਨ। **ਚੇਤਿ**–ਚਿਤਾਰਨਾ, ਸਿਮਰਨ ਕਰਨਾ। **ਚੇਤ ਅਚੇਤ**–ਜਾਗ ਕੇ ਸੌਂ ਕੇ। **ਕਾਹੇ ਨ**–ਕਿਉਂ ਨਹੀਂ। **ਪਦਹਿ**–ਪਦਵੀ, ਦਰਜਾ। **ਅਮਰਿਓ**–ਅਪੜਨਾ, ਪਹੁੰਚਣਾ। **ਭਗਤਿ**–ਭਗਤੀ। **ਬਿਸੇਖ**–ਵਿਸ਼ੇਸ਼ਤਾ, ਵਡਿਆਈ॥ ੧॥

**ਸੁਆਨ ਸਤ੍ਰੁ**–ਕੁੱਤੇ ਦਾ ਵੈਰੀ। **ਅਜਾਤੁ**–ਅਗਿਆਤ, ਜਿਸ ਨੂੰ ਕੋਈ ਜਾਣਦਾ ਨਹੀਂ, ਨੀਚ ਜਾਤ। **ਲਾਵੈ ਹੇਤੁ**–ਪਿਆਰ ਕਰਨਾ। **ਬਪੁਰਾ**–ਬੇਚਾਰਾ। **ਸਰਾਹੈ**–ਵਡਿਆਈ ਕਰਨਾ, ਸਿਫ਼ਤਿ ਸਾਲਾਹ ਕਰਨਾ। **ਪ੍ਰਵੇਸ**–ਅੰਦਰ ਜਾਣਾ, ਪਹੁੰਚਣਾ, ਫ਼ੈਲਣਾ॥ ੨॥

**ਅਜਾਮਲੁ**–ਇਕ ਬ੍ਰਾਹਮਣ ਜੋ ਕਨੋਜ ਸ਼ਹਿਰ ਦੇ ਰਾਜੇ ਦਾ ਰਾਜ ਪੁਰੋਹਿਤ ਸੀ। ਪਰ ਕਲਾਵਤੀ ਨਾਮ ਦੀ ਵੇਸਵਾ ਨਾਲ ਦਿਨ ਪ੍ਰਤੀਦਿਨ ਕੁਕਰਮ ਕਰਦਾ ਸੀ। ਜਦੋਂ ਰਾਜੇ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਦੋਹਾਂ ਨੂੰ ਰਾਜ ਤੋਂ ਬਾਹਰ ਕੱਢ ਦਿੱਤਾ। ਉਹ ਦੋਵੇਂ ਦੂਰ ਜੰਗਲ 'ਚ ਛੰਨ ਪਾ ਕੇ ਰਹਿਣ ਲੱਗ ਪਏ। ਇਕ ਵਾਰ ਸਾਧੂ ਸੰਤ ਰਾਤ ਕੱਟਣ ਲਈ ਉਨ੍ਹਾਂ ਦੇ ਘਰ ਠਹਿਰੇ। ਉਨ੍ਹਾਂ ਸੰਤਾਂ ਦੇ ਵਚਨ ਅਨੁਸਾਰ ਉਸ ਨੇ ਆਪਣੇ ਹੋਣ ਵਾਲੇ ਪੁੱਤਰ ਦਾ ਨਾਮ ਨਾਰਾਇਣ ਰੱਖਿਆ। ਉਹ ਚੱਲਦਾ-ਫਿਰਦਾ, ਉੱਠਦਾ-ਬੈਠਦਾ ਆਪਣੇ ਪੁੱਤਰ ਨਾਰਾਇਣ ਨੂੰ ਹੀ ਪੁਕਾਰਦਾ ਰਹਿੰਦਾ ਤੇ ਅੰਤ ਸਮੇਂ

ਵੀ ਨਾਰਾਇਣ ਹੀ ਪੁਕਾਰਦਾ ਰਿਹਾ। ਇੰਞ ਨਰਾਇਣ-ਨਰਾਇਣ ਉਚਾਰਦੇ ਹੋਏ ਉਸਨੂੰ ਸੱਚਖੰਡ ਪ੍ਰਾਪਤ ਹੋਇਆ ਤੇ ਉਸ ਦਾ ਉੱਧਾਰ ਹੋ ਗਿਆ।

**ਪਿੰਗੁਲਾ**-ਪਿੰਗਲਾ ਜਨਕਪੁਰੀ ਵਿੱਚ ਰਹਿਣ ਵਾਲੀ ਵੇਸਵਾ ਸੀ ਤੇ ਰੋਜ਼ ਕੁਕਰਮ ਕਰਦੀ ਸੀ। ਇਕ ਰਾਤ ਉਹ ਕਾਮੀ ਪੁਰਸ਼ ਦਾ ਇੰਤਜ਼ਾਰ ਕਰਦੀ ਰਹੀ ਜੋ ਉਸ ਨੂੰ ਕਾਮ ਸੁੱਖ ਦੇਵੇ ਪਰ ਉਸ ਰਾਤ ਕੋਈ ਕਾਮੀ ਪੁਰਸ਼ ਨਾ ਆਇਆ। ਮਨ ਵਿੱਚ ਖ਼ਿਆਲ ਆਇਆ ਕਿ ਜੇਕਰ ਇੰਨਾ ਧਿਆਨ ਤੇ ਪ੍ਰੀਤ ਮੈਂ ਪਰਮਾਤਮਾ ਨਾਲ ਕਰਦੀ ਤਾਂ ਕਿੰਨਾ ਉੱਤਮ ਫਲ ਮਿਲਦਾ। ਵੈਰਾਗੀ ਮਨ ਨੇ ਪਛਤਾਵਾ ਕੀਤਾ ਤੇ ਉਸੇ ਵੇਲੇ ਹੀ ਸਭ ਕੁਕਰਮ ਛੱਡ ਦਿੱਤੇ ਤੇ ਪ੍ਰਭੂ ਨਾਲ ਜੁੜ ਗਈ। ਮਹਾਤਮਾ ਦੱਤਾਤ੍ਰੇਯ ਪਾਸੋਂ ਉਸ ਨੂੰ ਗਿਆਨ ਦੀ ਬਖ਼ਸ਼ਿਸ਼ ਹੋਈ ਤੇ ਉਹ ਪ੍ਰਭੂ ਦਾ ਨਾਮ ਜਪਦੀ ਹੋਈ ਸੰਸਾਰ-ਸਮੁੰਦਰ ਤੋਂ ਪਾਰ ਹੋ ਗਈ।

**ਲੁਭਤੁ**-ਲੋਦੀਆ ਨਾਮ ਦਾ ਇਕ ਸ਼ਿਕਾਰੀ ਸੀ। ਉਹ ਹਿਰਨੀ ਨੂੰ ਪਕੜ ਕੇ ਮਾਰਨ ਹੀ ਲੱਗਾ ਸੀ ਕਿ ਸੰਤਾਂ ਦਾ ਉਪਦੇਸ਼ ਸੁਣ ਕੇ ਉਸ ਦਾ ਮਨ ਪਸੀਜ ਗਿਆ। ਉਸ ਨੇ ਜੀਵ ਹੱਤਿਆ ਤੋਂ ਤੌਬਾ ਕਰ ਲਈ ਤੇ ਹਿਰਨੀ ਨੂੰ ਛੱਡ ਦਿੱਤਾ। ਉਹ ਸੰਤਾਂ ਦਾ ਸੇਵਕ ਬਣ ਗਿਆ ਤੇ ਉਨ੍ਹਾਂ ਦੇ ਦੱਸੇ ਰਸਤੇ ’ਤੇ ਚੱਲ ਕੇ ਪਰਮਾਤਮਾ ਦਾ ਨਾਮ ਸਿਮਰਨ ਕਰਦਾ ਹੋਇਆ ਭਵਸਾਗਰ ਨੂੰ ਪਾਰ ਕਰਕੇ ਆਵਾਗਵਨ ਦੇ ਚੱਕਰ ਤੋਂ ਮੁਕਤ ਹੋ ਗਿਆ।

**ਕੁੰਚਰੁ**-ਇਕ ਗੰਧਰਵ ਜੋ ਰਿਸ਼ੀ ਦੈਵਲ ਦੇ ਸਰਾਪ ਨਾਲ ਹਾਥੀ ਬਣ ਗਿਆ ਸੀ। ਜਦੋਂ ਉਹ ਪਾਣੀ ਪੀਣ ਲਈ ਤਲਾਬ ਵਿੱਚ ਗਿਆ ਤਾਂ ਇਕ ਤੇਂਦੂਏ ਨੇ ਉਸਨੂੰ ਜਕੜ ਲਿਆ ਤੇ ਪਾਣੀ ਵਿੱਚ ਉਸ ਨੂੰ ਗੋਤੇ ਦੇਣ ਲੱਗਾ। ਜਦੋਂ ਹਾਥੀ ਕਮਜ਼ੋਰ ਹੋ ਕੇ ਪਾਣੀ ਵਿੱਚ ਡੁੱਬਣ ਲੱਗਾ ਤਾਂ ਉਸਨੇ ਸੁੰਡ ਉਪਰ ਕਰਕੇ ਆਪਣੀ ਸਹਾਇਤਾ ਲਈ ਪਰਮਾਤਮਾ ਅੱਗੇ ਅਰਦਾਸ ਕੀਤੀ। ਭਗਵਾਨ ਨੇ ਹਾਥੀ ਨੂੰ ਤੇਂਦੂਏ ਦੀ ਜਕੜ ਵਿੱਚੋਂ ਮੁਕਤ ਕਰਵਾ ਦਿੱਤਾ। **ਦੁਰਮਤਿ**-ਖੋਟੀ ਬੁੱਧੀ, ਭੈੜੀ ਮੱਤ। **ਨਿਸਤਰੇ**- ਪਾਰ ਤਰ ਗਏ॥ ੩॥ ੧॥

**ਪਦ ਅਰਥ** : ਹੇ ਭਾਈ! ਬੇਸ਼ੱਕ ਕੋਈ ਜੀਵ ਉੱਚੇ ਸਮਝੇ ਜਾਣ ਵਾਲੇ ਕੁਲ ਨਾਲ ਸੰਬੰਧ ਰੱਖਦਾ ਹੋਵੇ ਤੇ ਹਰ ਦਿਨ ਸ਼ਾਸਤਰਾਂ ਵਿੱਚ ਮਿੱਥੇ ਹੋਏ ਛੇ ਕਰਮ ਵੀ ਕਰਦਾ ਹੋਵੇ ਪਰ ਜੇਕਰ ਉਸਦੇ ਹਿਰਦੇ ਵਿੱਚ ਭਗਤੀ-ਭਾਵਨਾ ਨਹੀਂ ਹੈ ਤੇ ਨਾ ਹੀ ਉਸ ਦਾ ਮਨ ਪ੍ਰਭੂ ਦੇ ਚਰਨ-ਕੰਵਲਾਂ ਵਿੱਚ ਲੱਗਦਾ ਹੈ ਅਤੇ ਨਾ ਹੀ ਉਸ ਨੂੰ ਪ੍ਰਭੂ-ਕਥਾ ਚੰਗੀ ਲੱਗਦੀ ਹੈ ਤਾਂ ਉਹ ਜੀਵ ਚੰਡਾਲ ਦੇ ਬਰਾਬਰ ਹੈ, ਚੰਡਾਲ ਵਾਂਗ ਘ੍ਰਿਣਿਤ ਪ੍ਰਾਣੀ ਹੈ॥

ਹੇ ਮੇਰੇ ਗ਼ਾਫ਼ਿਲ ਮਨ! ਹਾਲੇ ਵੀ ਸਮਾਂ ਹੈ, ਤੂੰ ਚੇਤੰਨ ਹੋ ਜਾ। ਤੂੰ ਆਪਣੀ ਆਂਤਰਿਕ ਚੇਤਨ ਅਵਸਥਾ ਵਿੱਚ ਪ੍ਰਭੂ ਨੂੰ ਜਾਗਦੇ-ਸੌਂਦੇ, ਉੱਠਦੇ-ਬਹਿੰਦੇ ਹਰ ਵੇਲੇ ਸਿਮਰਦਾ ਰਹਿ। ਤੂੰ ਮਹਾਂਰਿਸ਼ੀ ਬਾਲਮਿਕ ਜੀ ਵੱਲ ਕਿਉਂ ਨਹੀਂ ਦੇਖਦਾ? ਉਹ ਨੀਵੀਂ ਕਹੀ ਜਾਣ ਵਾਲੀ ਜਾਤ ‘ਚੰਡਾਲ’ ਤੋਂ ਉੱਪਰ ਉੱਠ ਕੇ ਪਰਮ-ਉੱਚ ਆਤਮਿਕ ਅਵਸਥਾ ’ਤੇ ਪਹੁੰਚੇ। ਉਨ੍ਹਾਂ ਨੂੰ ਇਹ ਵਡਿਆਈ ਸਿਰਫ਼ ਪ੍ਰਭੂ ਦੀ ਭਗਤੀ ਕਾਰਨ ਹੀ ਪ੍ਰਾਪਤ ਹੋਈ॥ ੧॥ ਰਹਾਉ॥

2. ਮਹਾਂਰਿਸ਼ੀ ਬਾਲਮੀਕ ਜੀ ਸਭ ਤੋਂ ਨੀਵੀਂ ਕਹੀ ਜਾਣ ਵਾਲੀ ਜਾਤ ਭਾਵ ਚੰਡਾਲ ਸਮਝੇ ਜਾਂਦੇ ਸਨ। ਆਪ ਜੀ ਲੋਭ-ਰੂਪੀ ਕੁੱਤੇ ਦੇ ਵੈਰੀ ਸਨ। ਆਪ ਜੀ ਨੂੰ ਕੋਈ ਜਾਣਦਾ ਤੱਕ ਨਹੀਂ ਸੀ, ਸਭ ਤੋਂ ਅਗਿਆਤ ਸਨ ਪਰ ਆਪ ਜੀ ਨੇ ਪ੍ਰਭੂ ਦੀ ਅਜਿਹੀ ਭਗਤੀ ਕੀਤੀ ਕਿ ਸੰਸਾਰ ਵਿੱਚ ਤ੍ਰਿਕਾਲ ਦਰਸੀ ਮਹਾਂਪੁਰਸ਼ ਸਿੱਧ ਹੋਏ। (ਕਿਹਾ ਜਾਂਦਾ ਹੈ ਕਿ ਇਕ ਵਾਰ ਪਾਂਡਵਾਂ ਨੇ ਯੱਗ ਕੀਤਾ ਜਿਸ ਵਿੱਚ ਸਾਰੇ ਰਿਸ਼ੀ-ਮੁਨੀ, ਦੇਵੀ-ਦੇਵਤੇ ਆਦਿਕ ਨੂੰ ਬੁਲਾਇਆ ਗਿਆ ਤੇ ਭੋਜਨ ਕਰਵਾਇਆ ਗਿਆ ਪਰ ਅੰਤ 'ਚ ਯੱਗ ਦੀ ਸੰਪੂਰਨਤਾ ਦਾ ਘੰਟਾ ਨਾ ਵੱਜਿਆ। ਸ਼੍ਰੀ ਕ੍ਰਿਸ਼ਨ ਜੀ ਨੇ ਕਿਹਾ ਕਿ ਮਹਾਂਰਿਸ਼ੀ ਬਾਲਮੀਕ ਜੀ ਯੱਗ ਵਿੱਚ ਨਹੀਂ ਪਧਾਰੇ, ਇਸ ਕਾਰਨ ਸੰਪੂਰਨਤਾ ਦਾ ਘੰਟਾ ਨਹੀਂ ਵੱਜਿਆ। ਫਿਰ ਉਨ੍ਹਾਂ ਨੂੰ ਨਿਮਰਤਾ ਸਹਿਤ ਬੁਲਾਇਆ ਗਿਆ।) ਮਹਾਂਰਿਸ਼ੀ ਜੀ ਦੇ ਯੱਗ ਵਿੱਚ ਪਧਾਰਨ 'ਤੇ ਸ਼੍ਰੀ ਕ੍ਰਿਸ਼ਨ ਜੀ ਨੇ ਉਨ੍ਹਾਂ ਨਾਲ ਪ੍ਰੇਮ ਕੀਤਾ ਤੇ ਉਨ੍ਹਾਂ ਨੂੰ ਭੋਜਨ ਕਰਵਾਇਆ। ਇਸ ਉਪਰੰਤ ਯੱਗ ਦੀ ਸੰਪੂਰਨਤਾ ਦਾ ਘੰਟਾ ਵੱਜਿਆ। ਸੰਸਾਰ ਦੇ ਬੇਚਾਰੇ ਲੋਕ ਮਹਾਂਰਿਸ਼ੀ ਬਾਲਮਿਕ ਜੀ ਦੀ ਕੀ ਵਡਿਆਈ ਕਰ ਸਕਦੇ ਹਨ, ਉਨ੍ਹਾਂ ਦੀ ਵਡਿਆਈ ਤਾਂ ਤਿੰਨਾਂ ਲੋਕਾਂ ਵਿੱਚ ਫ਼ੈਲੀ ਹੋਈ ਹੈ॥

3. ਹੇ ਭਾਈ! ਅਜਾਮਲ (ਮਹਾਂ ਪਾਪੀ ਬ੍ਰਾਹਮਣ), ਪਿੰਗਲਾ (ਵੇਸਵਾ), ਲੁਭਤ (ਸ਼ਿਕਾਰੀ) ਤੇ ਕੂੰਚਰ (ਸਰਾਪਿਤ ਗੰਧਰਵ) ਇਹ ਸਾਰੇ ਹਰੀ ਦਾ ਨਾਮ-ਸਿਮਰਨ ਕਰ ਕੇ ਹਰੀ ਦੇ ਚਰਨ-ਕੰਵਲਾਂ 'ਚ ਜਾ ਪਹੁੰਚੇ ਤੇ ਆਵਾਗਵਨ ਦੇ ਚੱਕਰ ਤੋਂ ਮੁਕਤ ਹੋ ਗਏ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਜੇਕਰ ਏਨੀ ਖੋਟੀ ਮੱਤ ਵਾਲੇ ਪਾਪੀ ਜੀਵ ਪ੍ਰਭੂ ਦਾ ਸਿਮਰਨ ਕਰਕੇ ਸੰਸਾਰ-ਰੂਪੀ ਮੇਰੇ ਭਵਸਾਗਰ ਤੋਂ ਪਾਰ ਲੰਘ ਗਏ ਹਨ ਤਾਂ ਹੇ ਰਵਿਦਾਸ, ਤੂੰ ਕਿਉਂ ਨਹੀਂ ਪਾਰ ਲੰਘੇਂਗਾ ? ਭਾਵ ਜ਼ਰੂਰ ਪਾਰ ਲੰਘੇਂਗਾ॥

**ਭਾਵ ਅਰਥ** : ਪ੍ਰਭੂ ਦਾ ਸਿਮਰਨ ਸਭ ਤੋਂ ਸ੍ਰੇਸ਼ਟ ਹੈ। ਇਹ ਵੱਡੇ-ਵੱਡੇ ਪਾਪੀਆਂ ਨੂੰ ਵੀ ਤਾਰ ਦਿੰਦਾ ਹੈ। ਪ੍ਰਭੂ ਦੀ ਪ੍ਰੇਮਾ-ਭਗਤੀ ਤੋਂ ਸੱਖਣਾ ਜੀਵ ਅਸਲ ਵਿੱਚ ਨੀਚ ਤੇ ਚੰਡਾਲ ਹੈ। ਪ੍ਰਭੂ ਸਿਮਰਨ ਨੀਵਿਆਂ ਨੂੰ ਉੱਚਾ ਕਰ ਦਿੰਦਾ ਹੈ।

## ਰਾਗੁ ਕੇਦਾਰਾ -92

*ਰੇ ਮਨ ! ਰਾਮ ਨਾਮ ਸੰਭਾਰਿ।*
*ਮਾਇਆ ਕੈ ਭ੍ਰਮਿ ਕਹਾਂ ਭੂਲਿਓ, ਜਾਹਿਗੇ ਕਰ ਝਾਰਿ॥ ਟੇਕ॥*
*ਦੇਖਿ ਧੌਂ ਇਹਾਂ ਕੌਨ ਤੇਰੋ, ਸਗਾ ਸੁਤ ਨਹਿੰ ਸਾਰਿ।*
*ਤੋਰਿ ਸੰਗ ਸਬ ਦੂਰਿ ਕਰਿ ਹੈਂ, ਦੈਹਿੰਗੇ ਤਨੁ ਜਾਰਿ॥ ੧॥*
*ਪ੍ਰਾਨ ਗਏ ਕਹੋ ਕੌਨ ਤੇਰਾ, ਦੇਖਿ ਸੋਚਿ ਬਿਚਾਰਿ।*
*ਬਹੁਰਿ ਯੇਹਿ ਕਲਿਕਾਲ ਮਾਂਹੀ, ਜੀਤਿ ਭਾਵੈਂ ਹਾਰਿ॥ ੨॥*
*ਯਹ ਮਾਇਆ ਸਬ ਥੋਥਰੀ ਰੇ, ਭਗਤਿ ਕੋ ਪ੍ਰਤਿਪਾਰਿ।*
*ਕਹੈ ਰਵਿਦਾਸ ਸਤਿ ਬਚਨ ਗੁਰ ਕੈ, ਸੋ ਨ ਜੀਆ ਤੈਂ ਬਿਸਾਰਿ॥ ੩॥*

**ਸ਼ਬਦ ਅਰਥ** : **ਸੰਭਾਰਿ**–ਸੰਭਾਲ ਕਰਨਾ, ਸਿਮਰਨ ਕਰਨਾ। **ਇਹਾਂ**–ਇਸ ਸੰਸਾਰ ਵਿੱਚ। **ਕਰ ਝਾਰਿ**–ਹੱਥ ਝਾੜ ਕੇ, ਖਾਲ੍ਹੀ ਹੱਥ। **ਧੌ**-ਤਾਂ ਸਹੀ। **ਸਗਾ**–ਆਪਣਾ, ਸਕਾ ਸੰਬੰਧੀ। **ਸਾਰਿ**–ਸਾਰ ਲੈਣੀ, ਸੰਭਾਲ ਕਰਨਾ। **ਤੋਰਿ**–ਤੇਰਾ। **ਸੰਗ**–ਸਾਥ। **ਜਾਰਿ**–ਜਾਲ ਦੇਣਾ, ਸਾੜਣਾ॥ ੧॥
**ਕਲਿਕਾਲ**–ਬਖੇੜਿਆਂ ਭਰੇ ਮਨੁੱਖਾ ਜਨਮ ਦਾ ਸਮਾਂ, ਜੀਵ ਦੇ ਜਨਮ ਤੋਂ ਮਰਨ ਤੱਕ ਦਾ ਜੀਵਨ ਕਾਲ (ਇਸ ਤੁੱਕ ਵਿੱਚ ਕਿਸੇ ਯੁੱਗ ਦਾ ਨਿਰਣਾ ਨਹੀਂ ਕੀਤਾ ਗਿਆ)। **ਬਹੋਰਿ**–ਫਿਰ, ਦੁਬਾਰਾ। **ਇਹਿੰ**–ਇਸ, ਇੱਥੇ। **ਮਾਂਹੀ**–ਵਿੱਚ॥ ੨॥
**ਥੋਥਰੀ**–ਖੋਖਲੀ, ਪੋਲੀ। **ਪ੍ਰਤਿਪਾਰਿ**–ਪਾਲਣ ਪੋਸ਼ਣ ਕਰਨਾ, ਰੱਖਵਾਲੀ ਕਰਨਾ। **ਜੀਆ**–ਹਿਰਦੇ, ਮਨ। **ਬਿਸਾਰਿ**–ਭੁੱਲਣਾ, ਭੁਲਾਉਣਾ॥ ੩॥

**ਪਦ ਅਰਥ** : ਹੇ ਮੇਰੇ ਮਨ! ਤੂੰ ਪ੍ਰਭੂ ਦੇ ਨਾਮ ਦਾ ਸਿਮਰਨ ਕਰਿਆ ਕਰ। ਤੂੰ ਰਾਮ–ਨਾਮ ਨੂੰ ਭੁਲਾ ਕੇ ਮਾਇਆ (ਨੂੰ ਪਾਉਣ ਦੀ ਖ਼ਾਤਰ) ਉਸ ਦੇ ਭਰਮ–ਜਾਲ ਵਿੱਚ ਫਸਿਆ ਹੋਇਆ ਇੱਧਰ–ਉੱਧਰ ਕਿਉਂ ਭਟਕਦਾ ਰਹਿੰਦਾ ਹੈਂ? ਯਾਦ ਰੱਖ ਇਸ ਮਾਇਆ ਨੇ ਤੈਨੂੰ ਕੁਝ ਵੀ ਨਹੀਂ ਦੇਣਾ ਹੈ। ਨਾਮ ਦੀ ਕਮਾਈ ਕੀਤੇ ਬਿਨਾਂ ਜਦੋਂ ਤੂੰ ਸੰਸਾਰ ਵਿੱਚੋਂ ਜਾਵੇਂਗਾ ਤਾਂ ਖਾਲ੍ਹੀ ਹੱਥ ਹੀ ਜਾਵੇਂਗਾ। (ਤੇਰੀ ਧਨ–ਦੌਲਤ ਤੇ ਹੋਰ ਸਾਰਾ ਸਾਜ਼ੋ–ਸਾਮਾਨ ਇੱਥੇ ਹੀ ਧਰਿਆ ਦਾ ਧਰਿਆ ਰਹਿ ਜਾਵੇਗਾ।)॥ ਟੇਕ॥
ਹੇ ਮਾਇਆ–ਵੇੜ੍ਹੇ ਮਨ! ਤੂੰ ਜ਼ਰਾ ਸੋਚ–ਵਿਚਾਰ ਕਰਕੇ ਦੇਖ ਤਾਂ ਸਹੀ ਕਿ ਇਸ ਸੰਸਾਰ ਵਿੱਚ ਤੇਰਾ ਆਪਣਾ ਕੌਣ ਹੈ? ਇੱਥੋਂ ਤੱਕ ਕਿ ਤੇਰਾ ਆਪਣਾ ਜੰਮਿਆ ਪੁੱਤਰ ਵੀ ਤੇਰੀ ਸੰਭਾਲ ਨਹੀਂ ਕਰੇਗਾ, ਅੰਤ ਸਮੇਂ ਉਹ ਵੀ ਤੇਰਾ ਸਾਥ ਛੱਡ ਜਾਵੇਗਾ। (ਮੌਤ ਆਉਣ 'ਤੇ) ਤੇਰੇ ਸਾਰੇ ਸਾਕ–ਸੰਬੰਧੀ ਵੀ ਤੇਰੇ ਤੋਂ ਦੂਰ ਹੋ ਜਾਣਗੇ ਤੇ ਤੇਰੇ ਮ੍ਰਿਤਕ ਸਰੀਰ ਨੂੰ ਅਗਨੀ ਨਾਲ ਸਾੜ ਦੇਣਗੇ॥
2. ਹੇ ਮਨ! ਤੂੰ ਇਹ ਗੱਲ ਚੰਗੀ ਤਰਾਂ ਸੋਚ–ਵਿਚਾਰ ਕੇ ਦੇਖ ਕਿ ਜਿਸ ਵੇਲੇ ਸਰੀਰ ਵਿੱਚੋਂ ਤੇਰੇ ਪ੍ਰਾਣ ਚਲੇ ਜਾਣਗੇ ਤਾਂ ਉਸ ਵੇਲੇ ਤੇਰਾ ਆਪਣਾ ਕੌਣ ਰਹੇਗਾ? ਫਿਰ ਇਸ ਬਖੇੜਿਆਂ ਭਰੇ ਮਨੁੱਖਾ ਜਨਮ ਵਿੱਚ ਹੁਣ ਤੇਰੇ ਕੋਲ ਸਮਾਂ ਹੈ। ਇਹ ਹੁਣ ਤੇਰੀ ਮਰਜ਼ੀ ਹੈ ਕਿ ਤੂੰ ਇਸ ਮਨੁੱਖਾ ਜੀਵਨ ਦੇ ਸਮੇਂ ਨੂੰ ਪ੍ਰਭੂ ਦੀ ਸੇਵਾ–ਭਗਤੀ ਵਿੱਚ ਲਗਾ ਕੇ ਜ਼ਿੰਦਗੀ ਦੀ ਬਾਜ਼ੀ ਜਿੱਤਣਾ ਚਾਹੁੰਦਾ ਹੈਂ ਜਾਂ ਮਾਇਆ ਦੇ ਭਰਮ–ਜਾਲ ਵਿੱਚ ਉਲਝ ਕੇ ਹਾਰਨਾ ਚਾਹੁੰਦਾ ਹੈਂ॥
3. ਹੇ ਭਾਈ! ਪ੍ਰਭੂ–ਸਿਮਰਨ ਦੇ ਟਾਕਰੇ 'ਤੇ ਇਹ ਮਾਇਆ ਝੂਠੀ ਹੈ। ਇਹ ਬਾਹਰੋਂ ਦੇਖਣ ਨੂੰ ਤਾਂ ਠੋਸ ਲੱਗਦੀ ਹੈ ਪਰ ਅੰਦਰੋਂ ਖੋਖਲੀ ਤੇ ਪੋਲੀ ਹੁੰਦੀ ਹੈ। (ਇਹ ਮਾਇਆ ਸੰਸਾਰੀ ਜੀਵਾਂ ਨੂੰ ਆਪਣੇ ਭਰਮ ਜਾਲ ਵਿੱਚ ਉਲਝਾ ਕੇ ਤਬਾਹ ਕਰ ਦਿੰਦੀ ਹੈ) ਪਰ ਪ੍ਰਭੂ ਦੇ ਸੱਚੇ ਭਗਤਾਂ ਦੀ ਇਹ ਦਾਸੀ ਹੋ ਕੇ ਵਰਤਦੀ ਹੈ ਤੇ ਉਨ੍ਹਾਂ ਦੀ ਪ੍ਰਤਿਪਾਲਣਾ ਕਰਦੀ ਹੈ। ਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਭਾਈ! ਸਤਿਗੁਰੂ ਦੇ ਬਚਨ ਸਦਾ ਸੱਚੇ ਤੇ ਪੱਕੇ ਹੁੰਦੇ ਹਨ। ਤੂੰ ਇਨ੍ਹਾਂ ਬਚਨਾਂ ਨੂੰ ਆਪਣੇ ਮਨੋਂ ਕਦੇ ਨਾ ਭੁਲਾਈਂ ਤੇ (ਇਨ੍ਹਾਂ 'ਤੇ ਚੱਲ ਕੇ ਆਪਣਾ ਜੀਵਨ ਸਫ਼ਲਾ ਕਰ ਲਈਂ।)॥

**ਭਾਵ ਅਰਥ** : ਜੀਵ ਮਾਇਆ ਜਾਲ ਵਿੱਚ ਬੁਰੀ ਤਰ੍ਹਾਂ ਫਸਿਆ ਹੋਇਆ ਹੈ। ਪਰ

ਪਰਮਾਤਮਾ ਦਾ ਭਗਤ ਸਤਿਗੁਰੂ ਦੇ ਉਪਦੇਸ਼ਾਂ ਅਨੁਸਾਰ ਨਾਮ-ਸਿਮਰਨ ਕਰਕੇ ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਕੇ ਆਪਣਾ ਜੀਵਨ ਸਫ਼ਲ ਕਰ ਲੈਂਦਾ ਹੈ।

## ਰਾਗੁ ਕੇਦਾਰਾ -93

***ਹੌਂ ਬਨਿਜਾਰੋ ਰਾਮ ਕੋ, ਹਰਿ ਜੂ ਕੋ ਟਾਂਡੋ ਲਾਦੋ ਜਾਇ ਰੇ।***
***ਰਾਮ ਨਾਮ ਧਨ ਪਾਇਓ, ਤਾਤੈਂ ਸਹਜ ਕਰੂੰ ਬਿਓਪਾਰ ਰੇ॥ ਟੇਕ॥***
***ਔਘਟ ਘਾਟ ਘਨੌਂ ਘਨਾ ਰੇ, ਨਿਰਗੁਨ ਬੈਲ ਹਮਾਰ ਰੇ।***
***ਰਾਮ ਨਾਮ ਹਮ ਲਾਦਿਓ, ਤਾਥੈਂ ਬਿਖ ਲਾਦਿਓ ਸੰਸਾਰ ਰੇ॥ ੧॥***
***ਅਨੰਤਹਿੰ ਧਨ ਧਰਿਓ ਰੇ, ਅਨਤਹਿੰ ਢੂੰਢਨ ਜਾਇ ਰੇ।***
***ਅੰਨਤ ਕੋ ਧਰਿਓ ਨ ਪਾਇਓ, ਤਾਥੈਂ ਚਾਲਿਓ ਮੂਲ ਗੰਵਾਈ ਰੇ॥ ੨॥***
***ਰੈਨ ਗੰਵਾਈ ਸੋਇ ਕਰਿ, ਦਿਵਸ ਗੰਵਾਇਓ ਖਾਇ ਰੇ।***
***ਹੀਰਾ ਯਹੁ ਤਨ ਪਾਇ ਕਰਿ, ਕੌੜੀ ਬਦਲੇ ਜਾਇ ਰੇ॥ ੩॥***
***ਸਾਧ ਸੰਗਤਿ ਪੂੰਜੀ ਭਈ ਰੇ, ਬਸਤ ਲਈ ਨਿਰਮੋਲ ਰੇ।***
***ਸਹਜੈ ਬਲਦਿਆ ਲਾਦਿ ਕਰਿ, ਚਹੁੰ ਦਿਸਿ ਟਾਂਡੋ ਮੋਲਿ ਰੇ॥ ੪॥***
***ਜੈਸਾ ਰੰਗ ਕਸੁੰਭ ਕਾ, ਤੈਸਾ ਯਹੁ ਸੰਸਾਰ ਰੇ।***
***ਰਮਈਆ ਰੰਗ ਮਜੀਠ ਕਾ, ਭਣੈ ਰਵਿਦਾਸ ਬਿਚਾਰ ਰੇ॥ ੫॥***

**ਸ਼ਬਦ ਅਰਥ** : **ਬਨਿਜਾਰੋ**-ਵਣਜ ਕਰਨ ਵਾਲਾ ਵਪਾਰੀ। **ਟਾਂਡੋ**-ਬਲਦਾਂ ਜਾਂ ਗੱਡੀਆਂ ਦਾ ਸਮੂਹ ਜਿਨ੍ਹਾਂ ਉੱਤੇ ਵਪਾਰ ਦੀ ਸਮੱਗਰੀ ਲੱਦੀ ਹੋਵੇ। **ਲਾਦੋ ਜਾਇ**-ਲੱਦਿਆ ਜਾ ਰਿਹਾ। **ਸਹਜ**-ਸਹਿਜ ਅਵਸਥਾ, ਆਤਮਿਕ ਅਡੋਲ ਅਵਸਥਾ। **ਔਘਟ**-ਔਖ਼ਾ। **ਘਾਟ**-ਰਸਤਾ। **ਘਨੌਂ ਘਨਾ**-ਬਹੁਤ ਸੰਘਣਾ। **ਨਿਰਗੁਨ**-ਗੁਣਹੀਨ, ਕਮਜ਼ੋਰ। **ਬਿਖ**-ਜ਼ਹਿਰ॥ ੧॥ **ਅਨੰਤਹਿੰ**-ਅੰਤ ਰਹਿਤ ਹੈ, ਬੇਅੰਤ ਹੈ। **ਅਨਤਹਿੰ**-ਕਿਸੇ ਹੋਰ ਥਾਂ, ਦੂਸਰੀ ਥਾਂ। **ਧਨ**-ਨਾਮ ਰੂਪੀ ਧਨ। **ਅੰਨਤ**-ਅੰਤ ਰਹਿਤ, ਬੇਅੰਤ, ਅਨੰਤ। **ਧਰਿਓ**-ਪਿਆ ਹੈ, ਮੌਜੂਦ ਹੈ। **ਧਰਿਓ ਨ ਪਾਇਓ**-ਪ੍ਰਤੱਖ ਨਹੀਂ ਲੱਭਦਾ, ਪਿਆ ਨਹੀਂ ਮਿਲਦਾ। **ਮੂਲ ਗੰਵਾਈ**-ਜਿਹੜੀ ਕੋਈ ਪਹਿਲਾਂ ਆਤਮਿਕ ਜੀਵਨ ਦੀ ਖੱਟੀ ਖੱਟੀ ਸੀ ਉਸ ਦਾ ਵੀ ਨਾਸ਼ ਕਰਵਾ ਲਿਆ॥ ੨॥

**ਨਿਰਮੋਲ**-ਜਿਸ ਦਾ ਮੁੱਲ ਨਾ ਹੋਵੇ, ਅਨਮੋਲ, ਅਮੁੱਲ। **ਚਹੁੰ ਦਿਸਿ**-ਚਾਰ ਦਿਸ਼ਾਵਾਂ। **ਸਹਜੈ**-ਸਹਜ ਹੀ। **ਬਲਦਿਆ**-ਮਨ ਰੂਪੀ ਬੇਲ। **ਟਾਂਡੋ**-ਵਪਾਰ॥ ੪॥

**ਕਸੁੰਭ**-ਇਕ ਫੁੱਲ ਜਿਸਦਾ ਰੰਗ ਸੂਹਾ ਪਰ ਕੱਚਾ ਹੁੰਦਾ ਹੈ। **ਮਜੀਠ**-ਇਕ ਬ੍ਰਿਛ ਜਿਸ ਦੀ ਲੱਕੜ ਦਾ ਰੰਗ ਪੱਕਾ ਹੁੰਦਾ ਹੈ॥ ੫॥

(**ਨੋਟ**:- ਇਹ ਸ਼ਬਦ, ਸ਼ਬਦ ਨੰਬਰ 11 ਦਾ ਲਗਭਗ ਰੁਪਾਂਤਰ ਹੈ।)

**ਪਦ ਅਰਥ** : ਹੇ ਭਾਈ! ਜੇਕਰ ਰਾਮ ਨਾਮ-ਧਨ ਦਾ ਵਣਜ ਕਰਨ ਵਾਲਾ ਕੋਈ ਵਪਾਰੀ ਹੈ ਤਾਂ ਉਹ ਮੇਰੇ ਨਾਲ ਰਾਮ-ਨਾਮ ਧਨ ਦਾ ਵਪਾਰ ਕਰ ਲਵੇ। ਮੇਰਾ ਜੀਵਨ-ਰੂਪੀ ਟਾਂਡਾ ਨਾਮ-ਧਨ ਨਾਲ ਲੱਦਿਆ ਜਾ ਰਿਹਾ ਹੈ। ਸਤਿਗੁਰੂ ਦੀ ਰਹਿਮਤ ਸਦਕਾ ਮੈਨੂੰ ਨਾਮ-ਧਨ ਦੀ ਪ੍ਰਾਪਤੀ ਹੋ ਗਈ ਹੈ ਤੇ ਹੁਣ ਮੈਂ ਆਤਮਿਕ ਅਡੋਲਤਾ ਦਾ ਵਪਾਰ ਕਰਦਾ ਹਾਂ॥ ਟੇਕ॥

ਹੇ ਭਾਈ! ਜਿਸ ਰਸਤੇ 'ਤੇ ਰਾਮ ਨਾਮ-ਧਨ ਲੱਦ ਕੇ ਲੈ ਜਾਣ ਵਾਲਾ ਮੇਰਾ ਜੀਵਨ-ਰੂਪੀ ਟਾਂਡਾ ਲੰਘਣਾ ਹੈ, ਉਹ ਰਸਤਾ ਬੜਾ ਕਠਿਨ ਤੇ ਸੰਘਣਾ ਹੈ ਤੇ ਇਸ ਰਸਤੇ 'ਤੇ ਚੱਲਣ ਲਈ ਮੇਰਾ ਮਨ ਰੂਪੀ-ਬੈਲ ਗੁਣਹੀਨ ਤੇ ਕਮਜ਼ੋਰ ਹੈ। (ਭਾਵ ਗਿਆਨ-ਇੰਦਰੀਆਂ ਜਿਵੇਂ ਮੂੰਹ, ਅੱਖ, ਕੰਨ ਆਦਿਕ ਦਾ ਇਕੱਠ ਜੀਵਨ-ਰੂਪੀ ਵਣਜਾਰੇ ਦਾ ਟਾਂਡਾ ਹੈ। ਇਨ੍ਹਾਂ ਗਿਆਨ-ਇੰਦਰੀਆਂ ਰਾਹੀਂ ਹੀ ਜੀਵ ਨੇ ਨਾਮ-ਧਨ ਲੱਦਣਾ ਹੈ ਪਰ ਇਨ੍ਹਾਂ ਦੇ ਰਸਤੇ ਵਿੱਚ ਸ਼ਬਦ, ਰਸ, ਗੰਧ, ਸਪਰਸ਼ ਤੇ ਰੂਪ ਆਦਿਕ ਦੇ ਵਿਸ਼ੇ-ਵਿਕਾਰਾਂ ਰੂਪੀ ਪਥਰੀਲੇ ਪਹਾੜ ਤੇ ਮੋਹ-ਮਾਇਆ ਦੇ ਘਨੇ ਜੰਗਲ ਹਨ। ਹੇ ਪ੍ਰਭੂ! ਮੇਰੀ ਇਨ੍ਹਾਂ ਭਿਆਨਕ ਰੁਕਾਵਟਾਂ ਤੋਂ ਰੱਖਿਆ ਕਰੋ ਜੀ।) ਹੇ ਭਾਈ! ਮੈਂ ਤਾਂ ਪ੍ਰਭੂ ਦਾ ਨਾਮ-ਧਨ ਲੱਦਿਆ ਹੋਇਆ ਹੈ ਪਰ ਸੰਸਾਰੀ ਜੀਵਾਂ ਨੇ ਤਾਂ ਆਤਮਿਕ ਜੀਵਨ ਨੂੰ ਮਾਰ ਮੁਕਾਉਣ ਵਾਲੀ ਮਾਇਆ-ਜ਼ਹਿਰ ਲੱਦੀ ਹੋਈ ਹੈ॥

2. ਹੇ ਭਾਈ! ਪ੍ਰਭੂ ਦਾ ਬੇਅੰਤ ਨਾਮ-ਧਨ ਤਾਂ ਕਿਸੇ ਹੋਰ ਥਾਂ ਪਿਆ ਹੋਇਆ ਹੈ ਪਰ ਸੰਸਾਰੀ ਜੀਵ ਇਸ ਨੂੰ ਲੱਭਣ ਲਈ ਕਿਸੇ ਹੋਰ ਪਾਸੇ ਭਟਕਦੇ ਰਹਿੰਦੇ ਹਨ। ਭਾਵ ਪ੍ਰਭੂ ਦਾ ਨਾਮ-ਧਨ ਤਾਂ ਜੀਵਾਂ ਦੇ ਆਪਣੇ ਅੰਦਰ ਹੀ ਮੌਜੂਦ ਹੈ (ਜੋ ਕਿ ਗੁਰੂ-ਦਰ 'ਤੇ ਜਾਇਆਂ ਗੁਰੂ ਦੇ 'ਸ਼ਬਦ' ਰਾਹੀਂ ਮਿਲਦਾ ਹੈ।) ਪਰ ਗਿਆਨ ਤੋਂ ਸੱਖਣੇ ਜੀਵ ਇਸ ਧਨ ਨੂੰ ਬਾਹਰਮੁਖੀ ਪੂਜਾ-ਪਾਠਾਂ ਤੇ ਕਰਮਕਾਂਡਾਂ ਆਦਿਕ ਵਿੱਚ ਲੱਭਦੇ ਰਹਿੰਦੇ ਹਨ। ਪਰ ਜਿਹੜੇ ਜੀਵ ਇਸ ਬੇਅੰਤ ਨਾਮ-ਧਨ ਨੂੰ ਨਹੀਂ ਲੱਭ ਪਾਉਂਦੇ ਸਗੋਂ ਉਲਟੇ ਸੰਸਾਰ ਦੀ ਮੋਹ-ਮਾਇਆ ਵਿੱਚ ਉਲਝ ਜਾਂਦੇ ਹਨ, ਉਹ ਆਪਣੇ ਆਤਮਿਕ ਜੀਵਨ ਦੀ ਖੱਟੀ ਹੋਈ ਪਹਿਲੀ ਕਮਾਈ ਦਾ ਵੀ ਨਾਸ਼ ਕਰਵਾ ਲੈਂਦੇ ਹਨ॥

3. ਜਿਹੜੇ ਜੀਵ ਰਾਤ ਨੂੰ ਸੌਂ ਕੇ ਬਿਤਾ ਦਿੰਦੇ ਹਨ ਤੇ ਦਿਨ ਨੂੰ ਖਾ-ਪੀ ਕੇ ਗੁਜਾਰ ਦਿੰਦੇ ਹਨ ਪਰ ਪਰਮਾਤਮਾ ਦੇ ਨਾਮ ਦਾ ਸਿਮਰਨ ਨਹੀਂ ਕਰਦੇ, ਉਹ ਆਪਣੇ ਹੀਰੇ ਵਰਗੇ ਅਨਮੋਲ ਜੀਵਨ ਨੂੰ ਕੌਡੀਆਂ ਦੇ ਭਾਅ ਗਵਾ ਲੈਂਦੇ ਹਨ॥

4. ਹੇ ਭਾਈ! ਸਾਧ-ਸੰਗਤ ਵਿੱਚ ਪ੍ਰਭੂ ਦੀ ਨਾਮ-ਪੂੰਜੀ ਮੌਜੂਦ ਹੁੰਦੀ ਹੈ। ਜੀਵ ਨੂੰ ਇਹ ਅਨਮੋਲ ਪੂੰਜੀ ਸੰਤਾਂ ਦੀ ਕਿਰਪਾ-ਦ੍ਰਿਸ਼ਟੀ ਸਦਕਾ ਹੀ ਪ੍ਰਾਪਤ ਹੁੰਦੀ ਹੈ। ਜਿਸ ਜੀਵ ਉੱਤੇ ਸੰਤ-ਜਨ ਮਿਹਰ ਦੀ ਨਿਗ੍ਹਾ ਕਰਦੇ ਹਨ ਉਹ ਜੀਵ ਇਸ ਵਸਤੂ ਨੂੰ ਆਪਣੇ ਮਨ-ਰੂਪੀ ਬੈਲ 'ਤੇ ਸਹਿਜੇ ਹੀ ਲੱਦ ਲੈਂਦਾ ਹੈ ਤੇ ਚਾਰੇ ਦਿਸ਼ਾਵਾਂ ਭਾਵ ਸਾਰੇ ਸੰਸਾਰ ਵਿੱਚ ਇਸ ਅਨਮੋਲ ਵਸਤੂ ਦਾ ਵਪਾਰ ਕਰਦਾ ਹੈ॥

5. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਮੈਂ ਚੰਗੀ ਤਰ੍ਹਾਂ ਸੋਚ-ਵਿਚਾਰ ਕੇ ਇਸ ਨਤੀਜ਼ੇ 'ਤੇ ਪਹੁੰਚਾ ਹਾਂ ਕਿ ਜਿਸ ਤਰ੍ਹਾਂ ਕਸੁੰਭ ਦਾ ਰੰਗ ਸੂਹਾ ਪਰ ਕੱਚਾ ਹੁੰਦਾ ਹੈ ਉਸੇ ਤਰ੍ਹਾਂ ਇਹ ਸੰਸਾਰ ਵੀ ਦੇਖਣ ਵਿੱਚ ਸੁੰਦਰ ਪਰ ਨਾਸ਼ਵਾਨ ਹੈ। ਇਸ ਤੋਂ ਉਲਟ ਮੇਰੇ ਪ੍ਰਭੂ ਦੇ ਨਾਮ ਦਾ ਰੰਗ ਮਜੀਠ ਦੇ ਰੰਗ ਵਾਂਗ

ਪੱਕਾ ਤੇ ਸਦੀਵੀ ਰਹਿਣ ਵਾਲਾ ਹੈ॥

**ਭਾਵ ਅਰਥ** : ਪ੍ਰਭੂ ਦੀ ਭਗਤੀ ਦਾ ਰਾਹ ਬਹੁਤ ਕਠਿਨ ਹੈ। ਜੀਵ ਪ੍ਰਭੂ ਦੀ ਰਹਿਮਤ ਸਦਕਾ ਹੀ ਇਸ ਰਸਤੇ ਨੂੰ ਤੈਅ ਕਰਕੇ ਉਸਦੇ ਮਜੀਠ ਰੰਗ 'ਚ ਰੰਗਿਆ ਜਾਂਦਾ ਹੈ।

## ਰਾਗੁ ਕੇਦਾਰਾ -94

***ਪ੍ਰੀਤਿ ਸੁਧਾਮਨਿ ਆਵ।***
***ਤੇਜ ਸਰੂਪੀ ਸਕਲ ਸਿਰੋਮਨਿ, ਅਲਖ ਨਿਰੰਜਨ ਰਾਵ॥ ਟੇਕ॥***
***ਪੀਵ ਸੰਗਿ ਪ੍ਰੇਮ ਕਬਹੁੰ ਨਹਿੰ ਪਾਇਓ, ਕਾਰਨਿ ਕਵਨ ਬਿਸਾਰੀ।***
***ਚਕ ਕੋ ਧਿਆਨ ਦਧਿਸੁਤ ਸੌਂ ਹੋਤ ਹੈ, ਯੌਂ ਤੁਮ ਤੌਂ ਮੈਂ ਨਿਆਰੀ॥ ੧॥***
***ਭੋਰ ਭਇਓ ਮੋਹਿੰ ਇਕ ਟਕ ਜੋਵਤ, ਤਲਫਤ ਰਜਨੀ ਜਾਈ।***
***ਪੀਵ ਬਿਨੁ ਸੇਜਹਿੰ ਕਾ ਸੁਖ ਸੋਊਂ, ਬਿਰਹ ਬਿਥਾ ਤਨ ਖਾਈ॥ ੨॥***
***ਮੇਟਿ ਦੁਹਾਗਿ ਸੁਹਾਗਿਨਿ ਕੀਜੈ, ਅਪਨੇ ਅੰਗਿ ਲਗਾਈ।***
***ਕਹੈ ਰਵਿਦਾਸ ਪ੍ਰਭੂ ਤੁਮਰੇ ਬਿਛੋਹੇ, ਏਕੁ ਪਲਕ ਜੁਗ ਜਾਈ॥ ੩॥***

**ਸ਼ਬਦ ਅਰਥ** : **ਸੁਧਾਮਨਿ**-ਪ੍ਰੇਮ ਦੇ ਅੰਮ੍ਰਿਤ ਰਸ ਨਾਲ ਭਰਪੂਰ ਉੱਤਮ ਰਤਨ। **ਆਵ**-ਆਉ, ਆ ਕੇ। **ਤੇਜ**-ਪ੍ਰਕਾਸ਼। **ਸਰੂਪੀ**-ਸੁੰਦਰ ਰੂਪ ਵਾਲੀ। **ਸਿਰੋਮਨਿ**-ਸਿਰ ਉੱਪਰ ਪਹਿਨਣ ਦੀ ਮਣੀ, ਉੱਤਮ। **ਅਲਖ**-ਜੋ ਦਿਖਾਈ ਨਾ ਦੇਵੇ। **ਰਾਵ**-ਸੁਆਮੀ, ਰਾਜਾ। **ਪੀਵ**-ਪ੍ਰੀਤਮ। **ਸੰਗਿ**-ਸਾਥ, ਪਾਸੋਂ। **ਬਿਸਾਰੀ**-ਵਿਸਾਰ ਦੇਣਾ, ਛੱਡ ਦੇਣਾ, ਭੁਲਾ ਦੇਣਾ। **ਚਕ ਕੋ**-ਚਕੋਰ ਦਾ। **ਦਧਿਸੁਤ**-ਚੰਦਰਮਾ। **ਨਿਆਰੀ**-ਅਨੋਖੀ, ਵੱਖਰੀ॥ ੧॥
**ਭੋਰ ਭਇਓ**-ਸਵੇਰ ਹੋਣ ਦਾ ਸਮਾਂ, ਤੜਕਾ। **ਮੋਹਿੰ**-ਮੈਂ। **ਇਕ ਟਕ**-ਲਗਾਤਾਰ। **ਜੋਵਤ**-ਇੰਤਜ਼ਾਰ। **ਤਲਫਤ**-ਤੜਫਣਾ। **ਰਜਨੀ**-ਰਾਤ। **ਸੇਜਹਿੰ**-ਬਿਸਤਰ, ਸੇਜ। **ਸੋਊਂ**-ਸਾਉਣਾ। **ਸੁਖ**-ਆਨੰਦ। **ਬਿਰਹ**-ਵਿਛੋੜਾ। **ਬਿਥਾ**-ਪੀੜਾ। **ਪੀਵ**-ਪ੍ਰੀਤਮ॥ ੨॥
**ਦੁਹਾਗਿ**-ਦੁਹਾਗਣ, ਛੁੱਟੜ ਇਸਤਰੀ। **ਸੁਹਾਗਿਨਿ**-ਸੁਹਾਗਣ, ਜੋ ਇਸਤਰੀ ਪਤੀ ਦੀ ਪਿਆਰੀ ਹੋਵੇ, ਜਿਸਨੂੰ ਪਤੀ ਦਾ ਮਿਲਾਪ ਪ੍ਰਾਪਤ ਹੋਵੇ। **ਅਪਨੇ ਅੰਗਿ ਲਗਾਈ**-ਇੱਕਮਿਕ ਹੋਣਾ, ਲੀਨ ਹੋਣਾ। **ਬਿਛੋਹੇ**-ਵਿਛੋੜੇ। **ਪਲਕ**-ਅੱਖ ਦੇ ਪਰਦੇ ਦਾ ਝਪਕਣ-ਸਮਾਂ, ਛਿਨ-ਪਲ॥ ੩॥

**ਪਦ ਅਰਥ** : ਹੇ ਪ੍ਰੀਤ ਦੇ ਅੰਮ੍ਰਿਤ-ਰਸ ਨਾਲ ਭਰਪੂਰ ਮੇਰੇ ਪ੍ਰੀਤਮ-ਪ੍ਰਭੂ ਜੀ! ਆਪ ਜੀ ਆ ਕੇ (ਮੇਰੇ ਮਨ ਦੀ ਪਿਆਸ ਬੁਝਾ ਦਿਉ ਜੀ)। ਹੇ ਅਦ੍ਰਿਸ਼ਟ ਪ੍ਰਭੂ! ਹੇ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਪ੍ਰਭੂ! ਹੇ ਸੁਆਮੀ ਪ੍ਰਭੂ! ਸੰਸਾਰ ਵਿੱਚ ਇਕ ਆਪ ਜੀ ਹੀ ਸਭ ਤੋਂ ਸ੍ਰੇਸ਼ਟ ਹੋ, ਸਭ ਦੇ ਸ਼ਿਰੋਮਣੀ ਹੋ ਤੇ ਤੇਜੱਸਵੀ ਸਰੂਪ ਵਾਲੇ ਹੋ॥ ਟੇਕ॥

(ਜੀਵ-ਇਸਤਰੀ ਪ੍ਰੀਤਮ-ਪ੍ਰਭੂ ਅੱਗੇ ਅਰਜੋਈ ਕਰਦੀ ਹੋਈ ਕਹਿੰਦੀ ਹੈ) ਕਿ ਹੇ ਪ੍ਰੀਤਮ-ਪ੍ਰਭੂ! ਮੈਂ ਆਪ ਜੀ ਪਾਸੋਂ ਕਦੇ ਵੀ ਪਿਆਰ ਨਹੀਂ ਪਾ ਸਕੀ। ਆਪ ਜੀ ਨੇ ਮੈਨੂੰ ਕਿਸ ਕਾਰਨ ਕਰਕੇ ਤਿਆਗ ਦਿੱਤਾ ਹੈ? ਜਿਸ ਤਰ੍ਹਾਂ ਚਕੌਰ ਦਾ ਧਿਆਨ ਸਦਾ ਚੰਦਰਮਾ ਵਿੱਚ ਲੱਗਾ ਰਹਿੰਦਾ ਹੈ, ਉਸੇ ਤਰ੍ਹਾਂ ਮੇਰਾ ਧਿਆਨ ਵੀ ਆਪ ਜੀ ਦੀ ਪ੍ਰੀਤ ਨਾਲ ਹਮੇਸ਼ਾ ਜੁੜਿਆ ਰਹਿੰਦਾ ਹੈ। ਇਹੋ ਕਾਰਨ ਹੈ ਕਿ

ਆਪ ਜੀ ਨਾਲ ਮੇਰੀ ਅਤੁੱਟ ਪ੍ਰੀਤ ਸੰਸਾਰ ਦੀਆਂ ਪ੍ਰੀਤਾਂ ਨਾਲੋਂ ਵੱਖਰੀ ਤੇ ਅਨੋਖੀ ਹੈ। (ਫਿਰ ਆਪ ਜੀ ਨੇ ਮੈਨੂੰ ਕਿਉਂ ਭੁਲਾ ਦਿੱਤਾ ਹੈ ?)॥

2. (ਜੀਵ-ਇਸਤਰੀ ਆਪਣੀ ਆਂਤਰਿਕ ਪੀੜਾ ਨੂੰ ਬਿਆਨ ਕਰਦੀ ਹੋਈ ਕਹਿੰਦੀ ਹੈ) ਕਿ ਹੇ ਪ੍ਰੀਤਮ-ਪ੍ਰਭੂ! ਮੈਂ ਸਾਰੀ ਰਾਤ ਆਪ ਜੀ ਦੀ ਬਿਰਹਾ ਵਿੱਚ ਤੜਫ਼ਦਿਆਂ ਗੁਜ਼ਾਰੀ ਹੈ। ਆਪ ਜੀ ਦੀ ਇਕ ਟੱਕ ਇੰਤਜ਼ਾਰ ਕਰਦਿਆਂ ਹੁਣ ਸਵੇਰ ਹੋ ਗਈ ਹੈ। ਆਪ ਜੀ ਦੇ ਮਿਲਾਪ ਤੋਂ ਬਿਨਾਂ ਮੈਂ ਭਲਾ ਸੇਜ ਉੱਤੇ ਸੁੱਖ ਦੀ ਨੀਂਦ ਕਿਵੇਂ ਸੌਂ ਸਕਦੀ ਸਾਂ ? ਆਪ ਜੀ ਦੇ ਵਿਛੋੜੇ ਦੀ ਪੀੜਾ ਮੇਰੇ ਮਨ ਤੇ ਤਨ ਨੂੰ ਲਗਾਤਾਰ ਖਾਈ ਜਾ ਰਹੀ ਹੈ॥

3. ਹੇ ਪ੍ਰੀਤਮ-ਪ੍ਰਭੂ! ਆਪ ਜੀ ਜਲਦੀ-ਜਲਦੀ ਆ ਕੇ ਮੈਨੂੰ ਆਪਣੇ-ਆਪ ਨਾਲ ਲਗਾ ਲਓ ਜੀ ਭਾਵ ਆਪਣੇ ਵਿੱਚ ਵਿਲੀਨ ਕਰ ਲਓ ਜੀ ਤੇ ਮੈਨੂੰ ਦੁਹਾਗਣ ਤੋਂ ਸੁਹਾਗਣ ਬਣਾ ਦਿਉ ਜੀ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਪ੍ਰਭੂ! ਆਪ ਜੀ ਦੇ ਵਿਛੋੜੇ ਵਿੱਚ ਬੀਤ ਰਿਹਾ ਇਕ-ਇਕ ਪਲ ਵੀ ਮੈਨੂੰ ਇਕ ਯੁੱਗ ਦੇ ਬੀਤ ਜਾਣ ਵਾਂਗ ਲੱਗਦਾ ਹੈ। (ਇਸ ਲਈ ਆਪ ਜੀ ਛੇਤੀ-ਛੇਤੀ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ ਜੀ।)॥

**ਭਾਵ ਅਰਥ** : ਪ੍ਰਭੂ ਨਾਲ ਸੱਚੀ ਪ੍ਰੀਤ ਲਾ ਕੇ ਹੀ ਉਸ ਨੂੰ ਪਾਇਆ ਜਾ ਸਕਦਾ ਹੈ। ਜਿਨ ਪ੍ਰੇਮ ਕੀਆ ਤਿਨ ਹੀ ਪ੍ਰਭ ਪਾਇਓ।

## ਰਾਗੁ ਭੈਰਉ -95

***ਬਿਨੁ ਦੇਖੇ ਉਪਜੈ ਨਹੀ ਆਸਾ ॥ ਜੋ ਦੀਸੈ ਸੋ ਹੋਇ ਬਿਨਾਸਾ ॥***
***ਬਰਨ ਸਹਿਤ ਜੋ ਜਾਪੈ ਨਾਮੁ ॥ ਸੋ ਜੋਗੀ ਕੇਵਲ ਨਿਹਕਾਮੁ ॥ ੧ ॥***
***ਪਰਚੈ ਰਾਮੁ ਰਵੈ ਜਉ ਕੋਈ ॥ ਪਾਰਸੁ ਪਰਸੈ ਦੁਬਿਧਾ ਨ ਹੋਈ ॥ ੧ ॥ ਰਹਾਉ ॥***
***ਸੋ ਮੁਨਿ ਮਨ ਕੀ ਦੁਬਿਧਾ ਖਾਇ ॥ ਬਿਨੁ ਦੁਆਰੇ ਤ੍ਰੈ ਲੋਕ ਸਮਾਇ ॥***
***ਮਨ ਕਾ ਸੁਭਾਉ ਸਭੁ ਕੋਈ ਕਰੈ ॥ ਕਰਤਾ ਹੋਇ ਸੁ ਅਨਭੈ ਰਹੈ ॥ ੨ ॥***
***ਫਲ ਕਾਰਨ ਫੂਲੀ ਬਨਰਾਇ ॥ ਫਲੁ ਲਾਗਾ ਤਬ ਫੂਲੁ ਬਿਲਾਇ ॥***
***ਗਿਆਨੈ ਕਾਰਨ ਕਰਮ ਅਭਿਆਸੁ ॥ ਗਿਆਨੁ ਭਇਆ ਤਹ ਕਰਮਹ ਨਾਸੁ ॥ ੩ ॥***
***ਘ੍ਰਿਤ ਕਾਰਨ ਦਧਿ ਮਥੈ ਸਇਆਨ ॥ ਜੀਵਤ ਮੁਕਤ ਸਦਾ ਨਿਰਬਾਨ ॥***
***ਕਹਿ ਰਵਿਦਾਸ ਪਰਮ ਬੈਰਾਗ ॥ ਰਿਦੈ ਰਾਮੁ ਕੀ ਨ ਜਪਸਿ ਅਭਾਗ ॥ ੪ ॥ ੧ ॥***

**ਸ਼ਬਦ ਅਰਥ** : **ਬਿਨੁ ਦੇਖੇ**-ਦੇਖੇ ਬਿਨਾਂ। **ਉਪਜੈ**-ਪੈਦਾ ਹੋਣਾ। **ਆਸਾ**-ਇੱਛਾ, ਤਾਂਘ। **ਬਿਨਾਸਾ**-ਨਾਸ਼। **ਬਰਨ**-ਪ੍ਰਭੂ ਦੇ ਗੁਣਾਂ ਦਾ ਵਰਣਨ ਕਰਨਾ, ਸਿਫ਼ਤਿ-ਸਾਲਾਹ ਕਰਨੀ। **ਜਾਪੈ**-ਸਿਮਰਨ ਕਰਨਾ। **ਬਰਨ ਸਹਿਤ ਜੋ ਜਾਪੈ ਨਾਮੁ**- ਸਿਫ਼ਤਿ ਸਾਲਾਹ ਕਰਦੇ ਹੋਏ ਮਨ-ਬਿਰਤੀ ਰਾਹੀਂ ਨਾਮ ਜੱਪਣਾ। **ਨਿਹਕਾਮੁ**-ਕਾਮਨਾ ਰਹਿਤ॥ ੧॥

**ਪਰਚੈ**-ਪਰਚ ਜਾਂਦਾ ਹੈ। **ਰਵੈ**- ਰਮ ਜਾਣਾ। **ਪਾਰਸੁ**-ਇਕ ਕਲਪਿਤ ਪੱਥਰ ਜਿਸਦੇ ਛੂਹਣ ਤੋਂ ਲੋਹੇ ਦਾ ਸੋਨਾ ਹੋਣਾ ਮੰਨਿਆ ਜਾਂਦਾ ਹੈ। **ਪਰਸੈ**-ਛੂੰਹਦਾ ਹੈ। **ਦੁਬਿਧਾ**-ਸ਼ੰਕਾ, ਦਬੰਧ, ਦੋਚਿਤਾ ਮਨ॥ ੧॥ ਰਹਾਉ॥

**ਮੁਨਿ**–ਰਿਸ਼ੀ ਮੁਨੀ। **ਖਾਇ**–ਖਾ ਜਾਂਦਾ ਹੈ, ਮੁਕਾ ਦਿੰਦਾ ਹੈ। **ਬਿਨੁ ਦੁਆਰੇ**–ਦਸ ਦੁਆਰਿਆਂ ਤੋਂ ਰਹਿਤ ਸਰੀਰ ਵਾਲਾ। **ਤ੍ਰੈ ਲੋਕ**–ਤਿੰਨਾਂ ਲੋਕਾਂ ਵਿੱਚ ਵਿਆਪਕ। **ਸਮਾਇ**–ਲੀਨ ਹੋਣਾ। **ਸੁਭਾਉ**–ਆਦਤ। **ਸਭੁ ਕੋਈ**–ਹਰੇਕ ਜੀਵ। **ਕਰਤਾ ਹੋਇ**–ਸਿਰਜਣਹਾਰ ਪ੍ਰਭੂ ਦਾ ਰੂਪ ਹੋ ਜਾਂਦਾ ਹੈ। **ਅਨਭੈ**–ਭੈ ਰਹਿਤ, ਨਿਡਰ॥ ੨॥

**ਕਾਰਨ**–ਵਾਸਤੇ, ਕਰਕੇ। **ਫੂਲੀ**–ਖਿੜਦੀ ਹੈ, ਫੁੱਲਦੀ ਹੈ। **ਬਨਰਾਇ**–ਬਨਸਪਤੀ। **ਬਿਲਾਇ**–ਦੂਰ ਹੋਣਾ, ਝੜ ਜਾਣਾ। **ਗਿਆਨੈ**–ਰੂਹਾਨੀਅਤ ਗਿਆਨ। **ਅਭਿਆਸੁ**–ਵਾਰ ਵਾਰ ਕਰਮ ਕਰਨਾ। **ਭਇਆ**–ਹੋ ਜਾਣਾ। **ਕਰਮਹ ਨਾਸ**–ਕਰਮਾਂ ਦਾ ਨਾਸ਼ ਹੋ ਜਾਂਦਾ ਹੈ॥ ੩॥

**ਘ੍ਰਿਤ**–ਘਿਉ। **ਦਧਿ**–ਦਹੀਂ। **ਮਥੈ**–ਰਿੜਕਣਾ। **ਸਇਆਨ**–ਸਿਆਣੀ ਇਸਤਰੀ। **ਜੀਵਤ ਮੁਕਤ**–ਜੀਉਂਦੇ ਜੀਅ ਮੁਕਤ ਹੋਣਾ। **ਰਿਦੈ**–ਹਿਰਦੇ। **ਜਪਸਿ**–ਜਪਣਾ, ਸਿਮਰਨ ਕਰਨਾ। **ਬੈਰਾਗ**–ਸੰਸਾਰ ਤੋਂ ਉਪਰਾਮਤਾ ਦਾ ਭਾਵ। **ਨਿਰਬਾਨ**–ਵਾਸ਼ਨਾ ਰਹਿਤ ਹੋਣਾ, ਤੁਰੀਆ ਪਦ, ਅਬਿਨਾਸ਼ੀ ਪਦ। **ਅਭਾਗ**–ਅਭਾਗੇ ਜੀਵ॥ ੪॥ ੧॥

**<u>ਪਦ ਅਰਥ</u>** : (ਹੇ ਭਾਈ! ਪਰਮਾਤਮਾ ਤਾਂ ਨਿਰਾਕਾਰ ਹੈ। ਫਿਰ ਆਕਾਰ–ਰਹਿਤ ਪਰਮਾਤਮਾ ਨੂੰ ਜੀਵ ਕਿਵੇਂ ਦੇਖੇ ?) ਉਸ ਨੂੰ ਦੇਖੇ ਬਿਨਾਂ ਜੀਵ ਦੇ ਮਨ ’ਚ ਉਸ ਨੂੰ ਪਾਉਣ ਦੀ ਤਾਂਘ ਪੈਦਾ ਹੀ ਨਹੀਂ ਹੁੰਦੀ। (ਇਸ ਸੰਸਾਰ ਵਿੱਚ ਜੋ ਕੁਝ ਵੀ ਦਿੱਸਦਾ ਹੈ ਜੀਵ ਸੁਭਾਵਿਕ ਤੌਰ ’ਤੇ ਹੀ ਉਸ ਨਾਲ ਮੋਹ ਪਾ ਲੈਂਦਾ ਹੈ), ਪਰ ਇਹ ਜੋ ਕੁਝ ਵੀ ਦਿੱਸਦਾ ਹੈ ਉਹ ਸਭ ਕੁਝ ਨਾਸ਼ ਹੋ ਜਾਣ ਵਾਲਾ ਹੀ ਹੈ। ਜੋ ਵੀ ਜੀਵ ਪ੍ਰਭੂ ਦੇ ਗੁਣਾਂ ਦਾ ਵਰਣਨ ਕਰਦਾ ਹੋਇਆ ਤੇ ਉਸ ਦੀ ਸਿਫ਼ਤਿ–ਸਾਲਾਹ ਕਰਦਾ ਹੋਇਆ ਮਨ–ਬਿਰਤੀ ਰਾਹੀਂ ਉਸ ਦੇ ਨਾਮ ਦਾ ਜਾਪ ਕਰਦਾ ਰਹਿੰਦਾ ਹੈ ਕੇਵਲ ਉਹੀ ਜੀਵ ਸੱਚਾ ਜੋਗੀ ਕਹਿਲਾ ਸਕਦਾ ਹੈ ਤੇ ਉਹ ਸਦਾ ਲਈ ਕਾਮਨਾ–ਰਹਿਤ ਹੋ ਜਾਂਦਾ ਹੈ ਅਰਥਾਤ ਸਭ ਤਰ੍ਹਾਂ ਦੀਆਂ ਇੱਛਾਵਾਂ ਤੋਂ ਮੁਕਤ ਹੋ ਜਾਂਦਾ ਹੈ। (ਅਜਿਹਾ ਜੋਗੀ ਹੀ ਪਰਮਾਤਮਾ ਨੂੰ ਦੇਖ ਸਕਦਾ ਹੈ, ਉਸਦੇ ਆਤਮਿਕ ਝਲਕਾਰੇ ਨੂੰ ਅਨੁਭਵ ਕਰ ਸਕਦਾ ਹੈ।)॥

ਜਦੋਂ ਕੋਈ ਜੀਵ ਪ੍ਰਭੂ ਦੇ ਨਾਮ–ਸਿਮਰਨ ’ਚ ਰਮ ਜਾਂਦਾ ਹੈ ਤਾਂ ਉਸ ਦਾ ਮਨ ਪ੍ਰਭੂ ਵਿੱਚ ਪਰਚ ਜਾਂਦਾ ਹੈ। ਜਿਸ ਤਰ੍ਹਾਂ ਇਸ ਵਿੱਚ ਕੋਈ ਦੁਬਿਧਾ ਜਾਂ ਸ਼ੰਕਾ ਨਹੀਂ ਰਹਿੰਦੀ ਕਿ ਲੋਹਾ ਪਾਰਸ ਦੇ ਨਾਲ ਛੋਹ ਕੇ ਸ਼ੁੱਧ ਸੋਨਾ ਬਣੇਗਾ ਵੀ ਕਿ ਨਹੀ, ਉਹ ਤਾਂ ਪਾਰਸ ਨੂੰ ਛੁਹਾਂਦਿਆਂ ਸਾਰ ਹੀ ਸੋਨਾ ਹੋ ਜਾਂਦਾ ਹੈ। ਉਸੇ ਤਰ੍ਹਾਂ ਜੀਵ ਵੀ ਪ੍ਰਭੂ–ਪਾਰਸ ਨਾਲ ਛੋਹ ਕੇ, ਮਾਨੋਂ, ਸ਼ੁੱਧ ਸੋਨੇ ਵਾਂਗ ਹੋ ਜਾਂਦਾ ਹੈ ਭਾਵ ਪ੍ਰਭੂ ਦਾ ਹੀ ਰੂਪ ਹੋ ਜਾਂਦਾ ਹੈ। ਇਸ ਤਰ੍ਹਾਂ ਉਸ ਦੇ ਮਨ ਦੀ ਇਹ ਦੁਬਿਧਾ (ਕਿ ਪ੍ਰਭੂ ਮਿਲੇਗਾ ਵੀ ਕਿ ਨਹੀਂ) ਖ਼ਤਮ ਹੋ ਜਾਂਦੀ ਹੈ॥ ਰਹਾਉ॥

2. ਜੋ ਜੀਵ ਨਾਮ–ਸਿਮਰਨ ਦੀ ਬਰਕਤਿ ਸਦਕਾ ਆਪਣੇ ਮਨ ਦੀ ਦੁਬਿਧਾ ਨੂੰ ਮੁਕਾ ਲੈਂਦਾ ਹੈ (ਭਾਵ ਮਨ ਦੇ ਸਾਰੇ ਸੰਕਲਪ–ਵਿਕਲਪ ਮੁਕਾ ਕੇ ਮਨ ਨੂੰ ਭਟਕਣਾ ਤੋਂ ਬਚਾ ਲੈਂਦਾ ਹੈ) ਕੇਵਲ ਉਹੀ ਜੀਵ ਅਸਲ ਵਿੱਚ ਸੱਚਾ ਮੁਨੀ ਅਖਵਾ ਸਕਦਾ ਹੈ। ਉਹ ਬਿਨਾਂ ਕਿਸੇ ਦੁਬਿਧਾ ਦੇ ਦਸ ਦੁਵਾਰਿਆਂ ਤੋਂ ਰਹਿਤ ਤੇ ਤਿੰਨਾਂ ਲੋਕਾਂ ਵਿੱਚ ਵਿਆਪਕ ਪ੍ਰਭੂ ’ਚ ਹੀ ਸਮਾਇਆ ਰਹਿੰਦਾ ਹੈ। ਸੰਸਾਰ

ਵਿੱਚ ਸਾਰੇ ਜੀਵ ਆਪੋ-ਆਪਣੇ ਮਨ ਦੇ ਸੁਭਾਅ ਅਨੁਸਾਰ ਕਰਮ ਕਰਦੇ ਹਨ। ਪਰ ਜੋ ਜੀਵ (ਆਪਣੇ ਮਨ ਦੇ ਪਿੱਛੇ ਨਾ ਲੱਗ ਕੇ ਉਸ ਨੂੰ ਵੱਸ ਵਿੱਚ ਕਰਕੇ) ਪ੍ਰਭੂ-ਸਿਮਰਨ 'ਚ ਰਮ ਜਾਂਦਾ ਹੈ, ਉਹ ਕਰਤਾ-ਪੁਰਖ ਦਾ ਰੂਪ ਹੋ ਜਾਂਦਾ ਹੈ ਤੇ ਨਿਰਭੈ ਹੋ ਕੇ ਸੰਸਾਰ ਵਿੱਚ ਵਿਚਰਦਾ ਹੈ॥

3. ਸੰਸਾਰ ਦੀ ਸਾਰੀ ਬਨਸਪਤੀ ਫਲ ਪੈਦਾ ਕਰਨ ਲਈ ਪਹਿਲਾਂ ਫੁੱਲਾਂ ਨਾਲ ਖਿੜਦੀ ਹੈ ਪਰ ਜਦੋਂ ਫਲ ਲੱਗ ਜਾਂਦੇ ਹਨ ਤਾਂ ਫੁੱਲ ਆਪਣੇ-ਆਪ ਹੀ ਝੜ ਜਾਂਦੇ ਹਨ। ਇਸੇ ਤਰ੍ਹਾਂ ਆਤਮਿਕ ਗਿਆਨ ਦੀ ਪ੍ਰਾਪਤੀ ਲਈ ਜੀਵ ਸ੍ਰੇਸ਼ਟ ਕਰਮਾਂ ਨੂੰ ਵਾਰ-ਵਾਰ ਕਰਦਾ ਹੈ ਪਰ ਜਦੋਂ ਗੁਰੂ ਦੀ ਰਹਿਮਤ ਨਾਲ ਉਸ ਨੂੰ ਆਤਮਿਕ ਗਿਆਨ ਹੋ ਜਾਂਦਾ ਹੈ ਤਾਂ ਕਰਮਾਂ ਨੂੰ ਕਰਨ ਦਾ ਮੋਹ ਉਸ ਅੰਦਰੋਂ ਆਪਣੇ-ਆਪ ਹੀ ਖ਼ਤਮ ਹੋ ਜਾਂਦਾ ਹੈ॥

4. ਸਿਆਣੀ ਇਸਤ੍ਰੀ ਘਿਉ ਪ੍ਰਾਪਤੀ ਲਈ ਦਹੀਂ ਰਿੜਕਦੀ ਹੈ। ਜਦੋਂ ਮੱਖਣ ਨਿੱਕਲ ਆਉਂਦਾ ਹੈ ਤਾਂ ਰਿੜਕਣਾ ਬੰਦ ਕਰ ਦਿੰਦੀ ਹੈ। (ਸੋ ਰਿੜਕਣਾ ਤਾਂ ਇਕ ਸਾਧਨ ਮਾਤਰ ਹੀ ਹੈ। ਇਸੇ ਤਰ੍ਹਾਂ ਆਤਮਿਕ ਗਿਆਨ ਦੀ ਪ੍ਰਾਪਤੀ ਲਈ ਜੀਵ ਸ਼ੁੱਭ ਕਰਮਾਂ-ਰੂਪੀ ਸਾਧਨਾਂ ਦਾ ਸਹਾਰਾ ਲੈਂਦਾ ਹੈ। ਪਰ ਜਦੋਂ ਆਤਮਿਕ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਉਹ ਕਰਮਾਂ ਦੇ ਮੋਹ ਨੂੰ ਮਿਟਾ ਦਿੰਦਾ ਹੈ।) ਇੰਝ ਉਹ ਜਿਊਂਦੇ-ਜੀਅ ਹੀ (ਭਾਵ ਗ੍ਰਹਿਸਤ ਜੀਵਨ ਵਿੱਚ ਰਹਿ ਕੇ ਹੀ ਦੁਨੀਆਂ ਦੀ ਕਿਰਤ-ਕਾਰ ਕਰਦਾ ਹੋਇਆ) ਵਾਸ਼ਨਾ-ਰਹਿਤ ਆਤਮਿਕ ਅਵਸਥਾ ਨੂੰ ਪ੍ਰਾਪਤ ਕਰਕੇ ਸਦਾ ਲਈ ਜੀਵਨ ਮੁਕਤ ਹੋ ਜਾਂਦਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਇਹ ਅਵਸਥਾ ਹੀ ਸਭ ਤੋਂ ਉੱਚੇ ਵੈਰਾਗ਼ ਦੀ ਅਵਸਥਾ ਹੈ। ਹੇ ਅਭਾਗੇ ਜੀਵ! ਤੂੰ ਇਸ ਅਵਸਥਾ ਨੂੰ ਪਾਉਣ ਲਈ ਫਿਰ ਪ੍ਰਭੂ ਦੇ ਨਾਮ ਦਾ ਸਿਮਰਨ ਆਪਣੇ ਹਿਰਦੇ ਵਿੱਚ ਕਿਉਂ ਨਹੀਂ ਕਰਦਾ?॥

**ਭਾਵ ਅਰਥ** : ਪ੍ਰਭੂ ਦੇ ਨਾਮ-ਸਿਮਰਨ ਨਾਲ ਜੀਵ ਦੇ ਮਨ ਦੀ ਦੋਚਿਤ ਅਵਸਥਾ ਸਦਾ ਲਈ ਖ਼ਤਮ ਹੋ ਜਾਂਦੀ ਹੈ ਤੇ ਉਹ ਨਿਰਵਾਨ ਪਦ ਨੂੰ ਪ੍ਰਾਪਤ ਕਰਦਾ ਹੈ।

## ਰਾਗੁ ਭੈਰਉ -96

***ਐਸਾ ਧਿਆਨ ਧਰੌ ਬਨਵਾਰੀ। ਮਨ ਪਵਨ ਦ੍ਰਿੜਿ ਸੁਖਮਨ ਨਾੜੀ॥ ਟੇਕ॥***
***ਸੋਈ ਜਪੁ ਜਪੌ ਜੋ ਬਹੁਰਿ ਨ ਜਪਨਾ। ਸੋਈ ਤਪੁ ਤਪੌ ਜੋ ਬਹੁਰਿ ਨ ਤਪਨਾ॥ ੧॥***
***ਸੋਈ ਗੁਰੂ ਕਰੌ ਜੋ ਬਹੁਰਿ ਨ ਕਰਨਾ। ਐਸੀ ਮਰੌ ਜੋ ਬਹੁਰਿ ਨ ਮਰਨਾ॥ ੨॥***
***ਉਲਟੀ ਗੰਗ ਜਮੁਨਿ ਮਹਿੰ ਲਿਆਵੋ। ਬਿਨ ਹੀ ਜਲ ਮਜਨ ਹ੍ਵੈ ਆਵੌ॥ ੩॥***
***ਲੋਚਨ ਭਰਿ ਭਰਿ ਬਿੰਬ ਨਿਹਾਰੌ। ਜੋਤਿ ਬਿਚਾਰਿ ਨ ਔਰ ਬਿਚਾਰੌ॥ ੪॥***
***ਪਿੰਡ ਪਰੈ ਜੀਵ ਜਿਸੁ ਘਰਿ ਜਾਤਾ। ਸ਼ਬਦ ਅਤੀਤ ਅਨਾਹਦ ਰਾਤਾ॥ ੫॥***
***ਜਾ ਪਰਿ ਕ੍ਰਿਪਾ ਸੋਈ ਭਲ ਜਾਨੈ॥ ਗੂੰਗੋ ਸਾਕਰ ਕਹਾ ਬਖਾਨੈ॥ ੬॥***
***ਸੁੰਨਿ ਮੰਡਲ ਮੇਂ ਤੇਰਾ ਬਾਸਾ। ਤਾਥੈਂ ਜੀਵ ਮੇਂ ਰਹੌਂ ਉਦਾਸਾ॥ ੭॥***
***ਕਹਿ ਰਵਿਦਾਸ ਨਿਰੰਜਨ ਧਿਆਉਂ। ਜਿਸ ਘਰਿ ਜਾਉਂ ਹੌ ਬਹੁਰਿ ਨ ਆਉਂ॥ ੮॥***

**ਸ਼ਬਦ ਅਰਥ** : **ਬਨਵਾਰੀ**–ਬਨ–ਰੂਪ ਜਗਤ ਦਾ ਮਾਲਿਕ ਪ੍ਰਭੂ। **ਪਵਨ**–ਹਵਾ, ਸਵਾਸ। **ਦ੍ਰਿੜ**–ਪੱਕਾ, ਯਕੀਨਨ। **ਸੁਖਮਨ**–ਉਹ ਨਾੜੀ ਜਿੱਥੇ ਜੋਗੀ–ਜਨ ਸਵਾਸਾਂ ਨੂੰ ਟਿਕਾਉਂਦੇ ਹਨ, ਅਡੋਲਤਾ ਦੀ ਅਵਸਥਾ (ਨੋਟ: ਦੇਖੋ ਸ਼ਬਦ–ਅਰਥ, ਸ਼ਬਦ ਨੰ: 53 ਦੇ)॥ ੧॥

**ਉਲਟੀ ਗੰਗ ਜਮੁਨਿ ਮਹਿ**– ਗੰਗਾ ਨੂੰ ਜਮੁਨਾ ਵਿੱਚ ਲਿਜਾ ਕੇ ਦੋਨਾਂ ਦਾ ਸੰਗਮ ਬਣਾਉਣਾ, ਮਨ ਬਿਰਤੀ ਨੂੰ ਪਲਟਾਉਣਾ। **ਮਜਨ**–ਇਸ਼ਨਾਨ॥ ੩॥

**ਲੋਚਨ**–ਅੱਖਾਂ, ਨਿਰਤ ( ਜੀਵਾਤਮਾ ਦੇ ਦੇਖਣ ਦੀ ਸ਼ਕਤੀ)। **ਬਿੰਬ**–ਸ਼ਕਲ ਦੀ ਪਰਛਾਈ, ਸਾਖਸ਼ਾਤ ਦਾ ਝਲਕਾਰਾ ਹੋਣਾ। **ਨਿਹਾਰੌਂ**–ਦੇਖਣਾ, ਦਰਸ਼ਨ ਕਰਨਾ, ਨਿਹਾਰਨਾ। **ਜੋਤਿ**–ਜੋਤਿ ਸਰੂਪ ਪਰਮਾਤਮਾ॥ ੪॥

**ਪਿੰਡ ਪਰੈ**–ਸਰੀਰ ਦੇ ਮੋਹ ਤੋਂ ਦੂਰ ਹੋਣਾ। **ਜੀਵ**-ਜੀਵਾਤਮਾ। **ਸ਼ਬਦ**- ਸ਼ਬਦ ਰੂਪ ਪ੍ਰਭੂ। **ਅਤੀਤ**- ਜੋ ਆਦਿ–ਜੁਗਾਦਿ ਹੈ, ਭਾਵ ਜੁਗਾਂ ਤੋਂ ਵੀ ਪਹਿਲਾਂ ਦਾ। **ਅਨਾਹਦ**–ਬਿਨਾਂ ਹੱਦ, ਬੇਅੰਤ, ਅਪਾਰ। **ਰਾਤਾ**–ਰੱਤਿਆ ਹੋਇਆ॥ ੫॥

**ਜਾ ਪਰਿ**–ਜਿਸ ਜੀਵ ਉੱਪਰ। **ਭਲ**–ਚੰਗਾ, ਚੰਗੀ ਤਰ੍ਹਾਂ। **ਗੂੰਗੋ**–ਜੋ ਬੋਲ ਨਹੀਂ ਸਕਦਾ, ਗੁੰਗਾ। **ਸਾਕਰ**–ਸ਼ੱਕਰ। **ਕਹਾ**–ਕੈਸੇ, ਕਿਵੇਂ। **ਬਖਾਨੈ**–ਬਿਆਨ ਕਰਨਾ, ਵਰਣਨ ਕਰਨਾ॥ ੬॥

**ਸੁੰਨਿ ਮੰਡਲ**–ਉਹ ਉੱਚੀ ਆਤਮਿਕ ਟਿਕਾਉ ਅਵਸਥਾ ਜਿੱਥੇ ਮਾਇਆ ਦੇ ਫੁਰਨਿਆਂ ਵੱਲੋਂ ਸੁੰਞ ਹੀ ਸੁੰਞ ਹੈ, ਦਸਵਾਂ ਦੁਆਰ। **ਬਾਸਾ**–ਨਿਵਾਸ। **ਉਦਾਸਾ**–ਉਪਰਾਮ॥ ੭॥

**ਨਿਰੰਜਨ**–ਮਾਇਆ ਰਹਿਤ ਪ੍ਰਭੂ, ਮਾਇਆ ਦੇ ਪ੍ਰਭਾਵ ਤੋਂ ਨਿਰਲੇਖ ਪ੍ਰਭੂ। **ਬਹੁਰਿ ਨ ਆਉਂ**–ਦੁਬਾਰਾ ਨਾ ਆਵਾਂਗਾ॥ ੮॥

**ਪਦ ਅਰਥ** : ਹੇ ਭਾਈ! ਪਵਨ ਵਾਂਗ ਇਕ ਹੀ ਥਾਂ 'ਤੇ ਨਾ ਟਿਕੇ ਰਹਿਣ ਵਾਲੇ ਆਪਣੇ ਚੰਚਲ ਮਨ ਦਾ ਧਿਆਨ ਤੂੰ ਪ੍ਰਭੂ ਦੇ ਨਾਮ–ਸਿਮਰਨ ਵਿੱਚ ਏਨਾਂ ਗੂੜ੍ਹ ਲਗਾ ਕਿ ਤੈਨੂੰ ਆਪਣੇ ਸਵਾਸਾਂ ਤੱਕ ਦਾ ਵੀ ਪਤਾ ਨਾ ਰਹੇ ਭਾਵ ਸੁਰਤਿ ਨੂੰ ਹਰ ਸਾਹ ਨਾਲ ਪ੍ਰਭੂ–ਸਿਮਰਨ 'ਤੇ ਟਿਕਾ। ਇਸ ਤਰ੍ਹਾਂ ਕਰਨ ਨਾਲ ਤੂੰ ਸੁਖਮਨਾ ਵਾਂਗ ਅਡੋਲਤਾ ਵਿੱਚ ਟਿਕਿਆ ਰਹਿਣਾ ਯਕੀਨੀ ਬਣਾ ਲਵੇਂਗਾ (ਪ੍ਰਭੂ–ਸਿਮਰਨ ਕਰਦੇ ਹੋਏ ਅਡੋਲਤਾ ਵਿੱਚ ਟਿਕਣਾ ਹੀ ਜੋਗੀਆਂ ਵਾਲਾ ਸਵਾਸਾਂ ਨੂੰ ਸੁਖਮਨਾ ਨਾੜੀ 'ਤੇ ਟਿਕਾਉਣ ਦਾ ਅਭਿਆਸ ਹੈ।)॥ ਟੇਕ॥

(ਗੁਰੂ ਦੇ ਬਖ਼ਸ਼ੇ ਹੋਏ 'ਸ਼ਬਦ' ਰਾਹੀਂ ਜਦੋਂ ਪ੍ਰਭੂ ਦਾ ਜਾਪ ਕਰਦਿਆਂ ਜੀਵ ਦੀ ਸੁਰਤਿ ਅਡੋਲਤਾ ਵਿੱਚ ਟਿਕ ਜਾਂਦੀ ਹੈ ਤਾਂ ਉਹ (ਸੁਰਤਿ) ਅਨਹਦ–ਨਾਦ ਦੀ ਧੁਨਿ ਭਾਵ ਪ੍ਰਭੂ ਦੇ 'ਸ਼ਬਦ–ਰੂਪ' ਵਿੱਚ ਲੈਅ ਹੋ ਜਾਂਦੀ ਹੈ। ਫਿਰ ਜਾਪ ਦਾ ਉਚਾਰਨ ਆਪਣੇ–ਆਪ ਬੰਦ ਹੋ ਜਾਂਦਾ ਹੈ।) ਸੋ ਇਸ ਤਰ੍ਹਾਂ ਦਾ ਜਾਪ ਜੱਪਣ ਤੋਂ ਬਾਅਦ ਫਿਰ ਦੁਬਾਰਾ ਜਾਪ ਜੱਪਣ ਦੀ ਲੋੜ ਹੀ ਨਹੀਂ ਰਹਿੰਦੀ। ਇਹੋ ਜਿਹਾ ਸ੍ਰੇਸ਼ਟ ਤਪ ਕਰਨ ਤੋਂ ਬਾਅਦ ਫਿਰ ਹੋਰ ਤਪ ਕਰਨ ਦੀ ਵੀ ਲੋੜ ਨਹੀਂ ਪੈਂਦੀ॥

2. ਜੀਵ ਨੂੰ ਇਹੋ ਜਿਹਾ ਪੂਰਨ ਤੇ ਸਮਰੱਥ ਗੁਰੂ ਧਾਰਨਾ ਚਾਹੀਦਾ ਹੈ ਕਿ ਉਸ ਨੂੰ ਵਾਰ–ਵਾਰ ਗੁਰੂ ਧਾਰਨ ਦੀ ਲੋੜ ਹੀ ਨਾ ਰਹੇ। (ਭਾਵ ਉਹ ਗੁਰੂ ਧਾਰਨਾ ਚਾਹੀਦਾ ਹੈ ਜੋ ਪ੍ਰਭੂ ਦੇ ਅਗੰਮ ਭੇਦਾਂ ਨੂੰ ਜਾਣਦਾ ਹੋਵੇ ਤੇ ਜਿਸ ਨੇ ਖ਼ੁਦ ਉਸ

ਪ੍ਰਭੂ ਨੂੰ ਅਲੱਖਿਆ ਹੋਵੇ ਤੇ ਦੂਸਰਿਆਂ ਨੂੰ ਵੀ ਲਖਾ ਸਕੇ।) ਜੀਵ ਨੂੰ ਅਜਿਹਾ ਮਰਨਾ ਚਾਹੀਦਾ ਹੈ ਕਿ ਉਸ ਨੂੰ ਮੁੜ-ਮੁੜ ਮਰਨਾ ਨਾ ਪਵੇ (ਭਾਵ ਜਿਹੜਾ ਜੀਵ ਜਿਊਂਦੇ-ਜੀਅ ਹੀ ਆਪਣੇ ਅੰਦਰੋਂ ਆਪਾ-ਭਾਵ, ਮਾਇਆ ਦਾ ਮੋਹ ਤੇ ਮੌਤ ਦਾ ਸਹਿਮ ਮਿਟਾ ਕੇ ਗੁਰੂ ਦੇ 'ਸ਼ਬਦ' ਵਿੱਚ ਮਰਦਾ ਹੈ ਭਾਵ ਸੁਰਤਿ ਨੂੰ 'ਸ਼ਬਦ' ਵਿੱਚ ਹਰ ਵੇਲੇ ਟਿਕਾਈ ਰੱਖਦਾ ਹੈ ਤਾਂ ਉਸ ਜੀਵ ਨੂੰ ਵਾਰ-ਵਾਰ ਆਤਮਿਕ ਮੌਤ ਨਹੀਂ ਮਰਨਾ ਪੈਂਦਾ। 'ਸਬਦਿ ਮਰੈ ਸੋ ਮਰਿ ਰਹੈ, ਫਿਰਿ ਮਰੈ ਨ ਦੂਜੀ ਵਾਰ'।)॥

3. ਜਦੋਂ ਜੀਵ ਆਪਣੀ ਬਿਰਤੀ ਨੂੰ ਸੰਸਾਰ ਵੱਲੋਂ ਉਲਟਾ ਕੇ ਅੰਤਰਮੁਖੀ ਹੋਇਆ ਪ੍ਰਭੂ ਦੇ ਨਾਮ-ਸਿਮਰਨ ਵਿੱਚ ਲੀਨ ਹੁੰਦਾ ਹੈ ਤਾਂ ਉਹ, ਮਾਨੋ, (ਮਨ ਅੰਦਰ ਹੀ) ਗੰਗਾ ਨੂੰ ਜਮੁਨਾ ਵਿੱਚ ਮਿਲਾ ਰਿਹਾ ਹੁੰਦਾ ਹੈ, ਉਨ੍ਹਾਂ ਦਾ ਸੰਗਮ ਬਣਾ ਰਿਹਾ ਹੁੰਦਾ ਹੈ। ਅਡੋਲਤਾ ਦੀ ਇਸ ਅਵਸਥਾ ਵਿੱਚ ਟਿਕਿਆ ਹੋਇਆ ਜੀਵ ਫਿਰ ਮਨ-ਰੂਪੀ ਤ੍ਰਿਵੇਣੀ-ਸੰਗਮ ਵਿੱਚ ਪਾਣੀ ਤੋਂ ਬਿਨਾਂ ਹੀ ਰੱਬੀ ਨੂਰ ਵਿੱਚ ਆਤਮਿਕ ਇਸ਼ਨਾਨ ਕਰਦਾ ਹੈ॥

4. ਦਸਵੇਂ-ਦੁਆਰ ਪਹੁੰਚ ਕੇ ਜੀਵਾਤਮਾ ਜੋਤਿ-ਸਰੂਪ ਪ੍ਰਭੂ ਦੇ ਝਲਕਾਰੇ ਨੂੰ ਵਾਰ-ਵਾਰ ਨਿਹਾਰਦੀ ਰਹਿੰਦੀ ਹੈ ਤੇ ਉਸ ਪ੍ਰਭੂ ਦੇ ਵਿਚਾਰ ਤੋਂ ਇਲਾਵਾ ਕਿਸੇ ਹੋਰ ਦਾ ਵਿਚਾਰ ਆਪਣੇ ਮਨ ਵਿੱਚ ਨਹੀਂ ਲਿਆਉਂਦੀ॥

5. ਜਦੋਂ ਜੀਵ ਸਰੀਰ ਦੇ ਮੋਹ ਤੋਂ ਉੱਪਰ ਉੱਠ ਜਾਂਦਾ ਹੈ ਤਾਂ ਉਹ ਵੈਰਾਗ਼-ਵਾਨ ਹੋਇਆ ਅਡੋਲਤਾ-ਰੂਪੀ ਨਿੱਜ-ਘਰ ਵਿੱਚ ਟਿਕ ਜਾਂਦਾ ਹੈ। ਫਿਰ ਉਹ ਉਸ 'ਸ਼ਬਦ-ਰੂਪ ਪ੍ਰਭੂ' 'ਚ ਰੱਤਿਆ ਰਹਿੰਦਾ ਹੈ ਜੋ ਜੁਗਾਂ ਤੋਂ ਵੀ ਪਹਿਲਾਂ ਦਾ ਮੌਜੂਦ ਹੈ, ਜੋ ਅਪਰੰਪਾਰ ਹੈ ਤੇ ਕਿਸੇ ਵੀ ਹੱਦ-ਸੀਮਾ ਵਿੱਚ ਨਹੀਂ ਆਉਂਦਾ॥

6. ਹੇ ਭਾਈ! ਪ੍ਰਭੂ-ਮਿਲਾਪ ਦੇ ਇਸ ਆਨੰਦ ਦਾ ਅਨੁਭਵ ਕੇਵਲ ਉਹੀ ਜੀਵ ਚੰਗੀ ਤਰ੍ਹਾਂ ਸਮਝ ਸਕਦਾ ਹੈ ਜਿਸ 'ਤੇ ਖ਼ੁਦ ਪ੍ਰਭੂ ਦੀ ਕ੍ਰਿਪਾ ਹੋਈ ਹੋਵੇ। ਇਸ ਆਨੰਦ ਦੇ ਅਨੁਭਵ ਨੂੰ ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਉਵੇਂ ਹੀ ਹੈ ਜਿਵੇਂ ਕਿ ਗੂੰਗਾ ਸ਼ੱਕਰ ਖਾ ਕੇ ਸਿਰਫ਼ ਮੁਸਕਰਾ ਹੀ ਦਿੰਦਾ ਹੈ ਪਰ ਸ਼ੱਕਰ ਦੇ ਸੁਆਦ ਨੂੰ ਬਿਆਨ ਨਹੀਂ ਕਰ ਸਕਦਾ॥

7. ਹੇ ਪਰਮਾਤਮਾ! ਆਪ ਜੀ ਦਾ ਨਿਵਾਸ ਉਸ ਉੱਚ ਆਤਮਿਕ ਅਵਸਥਾ ਵਿਖੇ ਹੈ ਜਿੱਥੇ ਮਾਇਆ ਦੇ ਫ਼ੁਰਨਿਆਂ ਵਲੋਂ ਸੁੰਞ ਹੀ ਸੁੰਞ ਹੈ। ਜੋ ਵੀ ਜੀਵ ਇਸ ਅਵਸਥਾ-ਘਰ ਦਾ ਵਾਸੀ ਹੋ ਜਾਂਦਾ ਹੈ ਉਹ ਸੰਸਾਰ ਵਿੱਚ ਵਿਚਰਦਾ ਹੋਇਆ ਹੀ ਸੰਸਾਰਿਕ ਮਾਇਆ ਤੋਂ ਉਪਰਾਮ ਰਹਿੰਦਾ ਹੈ॥

8. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਮੈਂ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਪ੍ਰਭੂ ਦਾ ਨਾਮ ਹਰ ਵੇਲੇ ਸਿਮਰਦਾ ਰਹਿੰਦਾ ਹਾਂ ਤੇ ਇਸ ਸਿਮਰਨ ਦੀ ਬਰਕਤਿ ਨਾਲ ਮੈਂ ਆਤਮਿਕ ਅਡੋਲਤਾ ਦੇ ਘਰ ਵਿੱਚ ਅੱਪੜ ਗਿਆ ਹਾਂ ਭਾਵ ਪ੍ਰਭੂ ਦੇ ਨਿੱਜ-ਘਰ ਵਿੱਚ ਪਹੁੰਚ ਗਿਆ ਹਾਂ ਤੇ ਉੱਥੋਂ ਮੁੜ

ਕੇ ਦੁਬਾਰਾ ਵਾਪਸ ਨਹੀਂ ਆਵਾਂਗਾ ਭਾਵ ਮੈਂ ਪ੍ਰਭੂ ਵਿੱਚ ਅਭੇਦ ਹੋ ਕੇ ਉਸੇ ਦਾ ਹੀ ਰੂਪ ਹੋ ਜਾਵਾਂਗਾ॥

**ਭਾਵ ਅਰਥ** : ਸਤਿਗੁਰੂ ਦੀ ਕ੍ਰਿਪਾ ਨਾਲ ਜਦੋਂ ਜੀਵ ਧਿਆਨ ਨੂੰ ਇਕਾਗਰ ਕਰਕੇ ਨਾਮ-ਸਿਮਰਨ ਕਰਦਾ ਹੈ ਤਾਂ ਉਸਦੀ ਸੁਰਤਿ ਪ੍ਰਭੂ ਨਾਲ ਜੁੜ ਜਾਂਦੀ ਹੈ, ਜਿਸ ਦੀ ਬਰਕਤਿ ਸਦਕਾ ਉਹ ਪ੍ਰਭੂ ਨਾਲ ਇਕ-ਰੂਪ ਹੋ ਜਾਂਦਾ ਹੈ ਤੇ ਆਵਾਗਵਨ ਦੇ ਚੱਕਰ ਤੋਂ ਸਦਾ ਲਈ ਮੁਕਤ ਹੋ ਜਾਂਦਾ ਹੈ।

## ਰਾਗੁ ਭੈਰਉ- 97

***ਅਬਿਗਤਿ ਨਾਥ ਨਿਰੰਜਨ ਦੇਵਾ। ਮੈਂ ਕਾ ਜਾਨੂੰ ਤੁਮ੍ਹਾਰੀ ਸੇਵਾ॥ ਟੇਕ॥***
***ਬਾਂਧੂ ਨ ਬੰਧਨ ਛਾਂਊ ਨ ਛਾਇਆ। ਤੁਮਹੀਂ ਸੇਊਂ ਨਿਰੰਜਨ ਰਾਇਆ॥ ੧॥***
***ਚਰਨ ਪਤਾਲਿ ਸੀਸ ਅਸਮਾਨਾਂ। ਸੋ ਠਾਕੁਰ ਕੈਸੇ ਸੰਪੁਟਿ ਸਮਾਨਾਂ॥ ੨॥***
***ਸਿਵ ਸਨਕਾਦਿਕ ਅੰਤ ਨ ਪਾਇਆ। ਬ੍ਰਹਮਾ ਖੋਜਤ ਜਨਮ ਗੰਵਾਇਆ॥ ੩॥***
***ਤੋੜੂੰ ਨ ਪਾਤੀ ਪੂਜੂੰ ਨ ਦੇਵਾ। ਸਹਜ ਸਮਾਧਿ ਕਰੂੰ ਹਰਿ ਸੇਵਾ॥ ੪॥***
***ਨਖ ਪ੍ਰਸੇਦ ਜਾਕੈ ਸੁਰਸਰਿ ਧਾਰਾ। ਰੋਮਾਵਲੀ ਅਠਾਰਹ ਭਾਰਾ॥ ੫॥***
***ਚਾਰੋ ਬੇਦ ਜਾਕੈ ਸੁਮਿਰਤ ਸੰਵਾਸਾ। ਭਗਤਿ ਹੇਤ ਗਾਵੈ ਰਵਿਦਾਸਾ॥ ੬॥***

**ਸ਼ਬਦ ਅਰਥ** : **ਅਬਿਗਤਿ**-ਅਬਿਨਾਸ਼ੀ। **ਨਾਥ**-ਮਾਲਿਕ, ਸੁਆਮੀ। **ਨਿਰੰਜਨ**-ਅੰਜਨ ਰਹਿਤ, ਮਾਇਆ ਰਹਿਤ, ਪਾਰਬ੍ਰਹਮ। **ਦੇਵਾ**-ਪ੍ਰਕਾਸ਼ ਰੂਪ ਪ੍ਰਭੂ। **ਬਾਂਧੂ**-ਬੱਝਣਾ। **ਛਾਂਊ**-ਛਾਂ ਕਰਨ ਵਾਲਾ, ਛੱਤਰ। **ਸੇਊਂ**-ਸੇਵਾ ਕਰਨੀ, ਪੂਜਾ ਕਰਨੀ॥ ੧॥
**ਪਤਾਲਿ**-ਧਰਤੀ ਦੇ ਹੇਠਲਾ ਲੋਕ, ਪਾਤਾਲ। **ਸੀਸ**-ਸਿਰ। **ਸੰਪੁਟਿ**- ਉਹ ਡੱਬਾ ਜਿਸ ਵਿੱਚ ਠਾਕੁਰ ਦੀ ਮੂਰਤੀ ਰੱਖੀਦੀ ਹੈ। **ਸਮਾਨਾਂ**-ਸਮਾਉਣਾ। **ਠਾਕੁਰ**-ਸੁਆਮੀ, ਮਾਲਿਕ ਪ੍ਰਭੂ॥ ੨॥
**ਸਨਕਾਦਿਕ**- ਬ੍ਰਹਮਾ ਦੇ ਚਾਰ ਪੁੱਤਰ ਸਨਕ, ਸਨਾਤਨ, ਸਨੰਦਲ ਤੇ ਸਨਤ ਕੁਮਾਰ ਸਨ ਜੋ ਬੜੇ ਤਪੱਸਵੀ ਤੇ ਧਰਮਾਤਮਾ ਬਿਰਤੀ ਦੇ ਸਨ। ਸਨਕ ਇਨ੍ਹਾਂ ਵਿੱਚੋਂ ਸਭ ਤੋਂ ਵੱਡਾ ਸੀ ਇਸ ਲਈ ਉਸ ਦੇ ਨਾਮ ਨਾਲ ਆਦਿਕ ਲਾ ਦਿੱਤਾ ਜਾਂਦਾ ਹੈ॥ ੩॥
**ਤੋੜੂੰ ਨ ਪਾਤੀ**-ਫੁੱਲ-ਪੱਤੇ ਨਾ ਤੋੜਨਾ। **ਸਹਜ ਸਮਾਧਿ**-ਆਤਮਿਕ ਅਡੋਲਤਾ ਵਿੱਚ ਇਕ ਰਸ ਟਿਕਾਊ ਰਹਿਣਾ, ਆਤਮਿਕ ਅਡੋਲਤਾ ਦੀ ਲੀਨਤਾ॥ ੪॥
**ਨਖ**-ਨਹੁੰ, ਨਾਖੁਨ। **ਪ੍ਰਸੇਦ**-ਪਸੀਨਾ। **ਸੁਰਸਰਿ**-ਗੰਗਾ। **ਰੋਮਾਵਲੀ**-ਸਰੀਰ ਦੇ ਸਾਰੇ ਰੋਮ। **ਅਠਾਰਹ ਭਾਰਾ**-ਸੰਸਾਰ ਦੇ ਹਰੇਕ ਬਨਸਪਤੀ ਦਾ ਇਕ ਇਕ ਪੱਤਾ ਇਕੱਠਾ ਕਰਕੇ ਅਠ੍ਹਾਰਾਂ ਭਾਰ ਬਣਦੇ ਹਨ ਇਕ ਭਾਰ ਕੱਚੇ ਪੰਜ ਮਣ ਦੇ ਬਰਾਬਰ ਹੈ॥ ੫॥
**ਸੰਵਾਸਾ**-ਸਵਾਸ ਸਵਾਸ। **ਜਾਕੈ**-ਜਿਸ ਨੂੰ, ਭਾਵ ਪ੍ਰਭੂ ਨੂੰ॥ ੬॥

**ਪਦ ਅਰਥ** : ਹੇ ਅਬਿਨਾਸ਼ੀ-ਪ੍ਰਭੂ! ਹੇ ਦੁਨੀਆਂ ਦੇ ਮਾਲਿਕ-ਪ੍ਰਭੂ! ਹੇ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ-ਪ੍ਰਭੂ! ਹੇ ਪ੍ਰਕਾਸ਼-ਸਰੂਪ ਪ੍ਰਭੂ! ਮੈਂ ਨਿਮਾਣਾ ਆਪ ਜੀ ਦੀ ਸੇਵਾ-ਭਗਤੀ ਕਰਨਾ ਨਹੀਂ ਜਾਣਦਾ। (ਆਪ ਜੀ ਅੱਗੇ ਬੇਨਤੀ ਹੈ ਕਿ ਆਪ ਜੀ ਮੈਨੂੰ ਆਪਣੀ ਭਗਤੀ ਦੀ ਦਾਤ ਬਖ਼ਸ਼ੋ ਜੀ ਜਿਸ ਨਾਲ ਮੈਂ ਆਪ ਜੀ ਦੀ ਸੇਵਾ-ਭਗਤੀ ਕਰ ਸਕਾਂ।)॥ ਟੇਕ॥

ਹੇ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ-ਪ੍ਰਭੂ! ਹੇ ਦੁਨੀਆਂ ਦੇ ਰਾਜਾ-ਪ੍ਰਭੂ! ਆਪ ਜੀ ਦੀ ਸੇਵਾ-ਭਗਤੀ ਲਈ ਮੈਂ ਆਪਣੇ ਆਪ ਨੂੰ ਮਿੱਥੇ ਹੋਏ ਧਾਰਮਿਕ ਬੰਧਨਾਂ ਜਿਵੇਂ ਪਾਠ-ਪੂਜਾ, ਤੀਰਥ-ਇਸ਼ਨਾਨ, ਦਾਨ-ਪੁੰਨ ਆਦਿਕ 'ਚ ਨਹੀਂ ਬੰਨ੍ਹਦਾ। ਆਪ ਜੀ ਦੀ ਸੇਵਾ-ਭਗਤੀ ਨਮਿਤ ਮੈਂ ਕਿਸੇ ਦੇਵੀ-ਦੇਵਤੇ ਦੀ ਮੂਰਤੀ ਉੱਪਰ ਛੱਤਰ ਦੀ ਛਾਇਆ ਵੀ ਨਹੀਂ ਕਰਦਾ। ਆਪ ਜੀ ਦੀ ਸੇਵਾ-ਭਗਤੀ ਲਈ ਮੈਂ ਆਪਣੇ ਮਨ ਅੰਦਰ ਹੀ ਆਪ ਜੀ ਦੀ ਅਰਾਧਨਾ ਕਰਦਾ ਹਾਂ॥

2. ਹੇ ਭਾਈ! ਜਿਸ ਪ੍ਰਭੂ ਦੇ ਚਰਨ ਪਾਤਾਲ ਹਨ ਤੇ ਸਿਰ ਆਕਾਸ਼ ਹੈ ਤਾਂ ਫਿਰ ਇਹੋ ਜਿਹੇ ਵਿਰਾਟ ਸਰੂਪ ਵਾਲੇ ਪ੍ਰਭੂ ਨੂੰ ਇੱਕ ਡੱਬੇ ਭਾਵ ਮੂਰਤੀ ਵਿੱਚ ਕਿਵੇਂ ਸਮਾਇਆ ਜਾ ਸਕਦਾ ਹੈ? (ਅਸੀਮ ਨੂੰ ਸੀਮਾ ਵਿੱਚ ਕਿਵੇਂ ਬੰਨ੍ਹਿਆ ਜਾ ਸਕਦਾ ਹੈ? ਉਸ ਸਰਬ-ਵਿਆਪਕ ਪ੍ਰਭੂ ਨੂੰ ਇਕ ਥਾਂ 'ਤੇ ਸੀਮਿਤ ਕਿਵੇਂ ਕੀਤਾ ਜਾ ਸਕਦਾ ਹੈ?)॥

3. ਹੇ ਭਾਈ! ਸ਼ਿਵ ਜੀ ਵਰਗੇ ਵੱਡੇ-ਵੱਡੇ ਦੇਵਤਾ ਤੇ ਬ੍ਰਹਮਾ ਦੇ ਚਾਰੇ ਪੁੱਤਰ ਸਨਕ ਆਦਿ ਵਰਗੇ ਮਹਾਨ ਤਪੱਸਵੀ ਵੀ ਪ੍ਰਭੂ ਦਾ ਪਾਰਾਵਾਰ ਨਹੀਂ ਪਾ ਸਕੇ, ਉਸਦਾ ਉਰਲਾ-ਪਾਰਲਾ ਬੰਨ੍ਹਾਂ ਨਹੀਂ ਲੱਭ ਸਕੇ। ਬ੍ਰਹਮਾ ਨੇ ਵੀ ਪ੍ਰਭੂ ਨੂੰ ਖੋਜਦੇ ਹੋਏ ਆਪਣਾ ਸਾਰਾ ਜੀਵਨ ਵਿਅਰਥ ਹੀ ਗੁਆ ਲਿਆ ਪਰ ਪ੍ਰਭੂ ਦੇ ਗੁਣਾਂ ਦਾ ਅੰਤ ਨਹੀਂ ਪਾ ਸਕਿਆ। (ਤਾਂ ਫਿਰ ਇਕ ਸਾਧਾਰਨ ਜੀਵ ਪ੍ਰਭੂ ਦੇ ਗੁਣਾਂ ਦੀ ਮਹਿਮਾ ਨੂੰ ਕਿਵੇਂ ਜਾਣ ਸਕਦਾ ਹੈ?)॥

4. ਹੇ ਭਾਈ! ਪ੍ਰਭੂ ਦੀ ਪੂਜਾ ਵਜੋਂ ਭੇਟ ਚੜ੍ਹਾਉਣ ਲਈ ਮੈਂ ਵੈਸ਼ਨਵ ਭਗਤਾਂ ਵਾਂਗ ਫੁੱਲ-ਪੱਤੀਆਂ ਨਹੀਂ ਤੋੜਦਾ ਹਾਂ ਤੇ ਨਾ ਹੀ ਕਿਸੇ ਦੇਵੀ-ਦੇਵਤੇ ਦੀ ਮੂਰਤੀ-ਪੂਜਾ ਕਰਦਾ ਹਾਂ। ਪ੍ਰਭੂ ਦੀ ਪੂਜਾ ਲਈ ਮੈਂ ਆਤਮਿਕ ਅਡੋਲਤਾ ਦੀ ਲੀਨਤਾ ਵਿੱਚ ਟਿਕਿਆ ਹੋਇਆ ਪ੍ਰਭੂ ਦੇ ਨਾਮ ਦੀ ਸੇਵਾ-ਭਗਤੀ ਕਰਦਾ ਹਾਂ॥

5. ਹੇ ਪ੍ਰਭੂ! ਆਪ ਜੀ ਦੇ ਚਰਨਾਂ ਦੇ ਪਸੀਨੇ 'ਚੋਂ ਗੰਗਾ ਦੀ ਧਾਰਾ ਨਿਕਲਦੀ ਹੈ ਤੇ ਸੰਸਾਰ ਦੀ ਸਾਰੀ ਬਨਸਪਤੀ ਦੇ ਅਠ੍ਹਾਰਾਂ ਭਾਰ ਆਪ ਜੀ ਦੇ ਸਰੀਰ ਦੇ ਰੋਮ ਜਾਣੇ ਜਾਂਦੇ ਹਨ। ਭਾਵ ਸਾਰੀ ਸ੍ਰਿਸ਼ਟੀ ਦੀ ਉਤਪਤੀ ਆਪ ਜੀ ਤੋਂ ਹੀ ਹੋਈ ਹੈ॥

6. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਹੇ ਪਰਮਾਤਮਾ! ਚਾਰੋਂ ਵੇਦਾਂ ਦੇ ਗਿਆਤਾ-ਜਨ ਵੀ ਆਪ ਜੀ ਨੂੰ ਪਾਉਣ ਲਈ ਆਪ ਜੀ ਦਾ ਸਵਾਸ-ਸਵਾਸ ਸਿਮਰਨ ਕਰਦੇ ਹਨ। ਹੇ ਪਰਮਾਤਮਾ! ਆਪ ਜੀ ਦੀ ਭਗਤੀ ਪਾਉਣ ਖ਼ਾਤਰ ਹੀ ਮੈਂ ਵੀ ਆਪ ਜੀ ਦੇ ਗੁਣ ਗਾਉਂਦਾ ਹਾਂ ਤੇ ਸਿਫ਼ਤਿ-ਸਾਲਾਹ ਕਰਦਾ ਹਾਂ। ਆਪ ਕ੍ਰਿਪਾ ਕਰਕੇ ਮੈਨੂੰ ਆਪਣੀ ਭਗਤੀ ਦੀ ਦਾਤ ਬਖ਼ਸ਼ੋ ਜੀ॥

**ਭਾਵ ਅਰਥ** : ਜੀਵ ਨੂੰ ਕਰਮਕਾਂਡਾਂ ਅਤੇ ਪਖੰਡਾਂ ਤੋਂ ਰਹਿਤ ਹੋ ਕੇ ਸਰਬ-ਵਿਆਪਕ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ।

## ਰਾਗੁ ਭੈਰਉ- 98

***ਭੇਖ ਲਿਓ ਪੈ ਭੇਦ ਨ ਜਾਨਿਓ। ਅੰਮ੍ਰਿਤ ਲੇਇ ਬਿਸ਼ੈ ਸੋ ਮਾਨਿਓ॥ ਟੇਕ॥***
***ਕਾਮ ਕ੍ਰੋਧ ਮੇਂ ਜਨਮ ਗੰਵਾਇਓ। ਸਾਧ ਸੰਗਤਿ ਮਿਲਿ ਰਾਮ ਨ ਗਾਇਓ॥ ੧॥***
***ਤਿਲਕ ਦਿਓ ਪੈ ਤਪਨਿ ਨ ਜਾਈ। ਮਾਲਾ ਪਹਰਿ ਘਨੇਰੀ ਲਾਈ॥ ੨॥***
***ਕਹੈ ਰਵਿਦਾਸ ਮਰਮ ਜੋ ਪਾਊਂ। ਦੇਵ ਨਿਰੰਜਨ ਸਤਿ ਕਰਿ ਧਿਆਊਂ॥ ੩॥***

**ਸ਼ਬਦ ਅਰਥ** : **ਭੇਖ**–ਪਹਿਰਾਵਾ, ਸਾਧੂ ਦਾ ਭੇਸ। **ਪੈ**-ਪਰ, ਬਗੈਰ। **ਭੇਦ**–ਰਹੱਸ। **ਅੰਮ੍ਰਿਤ**–ਆਤਮਿਕ ਜੀਵਨ ਦੇਣ ਵਾਲਾ ਨਾਮ ਰਸ। **ਬਿਸ਼ੈ**–ਜ਼ਹਿਰ॥ ੧॥
**ਤਪਨਿ**–ਅੱਗ। **ਪਹਰਿ**–ਪਹਿਨਣਾ। **ਘਨੇਰੀ**–ਹੋਰ ਅਧਿਕ ਹੋਣਾ, ਹੋਰ ਵਧਣਾ॥ ੨॥
**ਮਰਮ**–ਭੇਦ। **ਦੇਵ ਨਿਰੰਜਨ**–ਪ੍ਰਕਾਸ਼ ਰੂਪ ਮਾਇਆ ਰਹਿਤ ਪ੍ਰਭੂ। **ਸਤਿ**–ਸੱਚ, ਸਦਾ ਥਿਰ ਰਹਿਣ ਵਾਲਾ ਪ੍ਰਭੂ॥ ੩॥

**ਪਦ ਅਰਥ** : ਪਾਖੰਡੀ ਜੀਵ ਸਾਧੂ–ਸੰਤਾਂ ਵਾਲਾ ਬਾਹਰੀ ਧਾਰਮਿਕ ਪਹਿਰਾਵਾ ਤਾਂ ਧਾਰਨ ਕਰ ਲੈਂਦੇ ਹਨ ਪਰ ਪ੍ਰਭੂ ਦੇ ਭੇਦਾਂ ਨੂੰ ਬਿਲਕੁਲ ਵੀ ਨਹੀਂ ਜਾਣਦੇ ਤੇ ਨਾ ਹੀ ਭਗਤੀ ਦੇ ਰਹੱਸ ਨੂੰ ਸਮਝਦੇ ਹਨ। ਵਿਸ਼ੇ–ਵਿਕਾਰਾਂ ਨਾਲ ਲਿਬੜੇ ਹੋਏ ਅਜਿਹੇ ਜੀਵ ਆਤਮਿਕ ਜੀਵਨ ਦੇਣ ਵਾਲੇ ਨਾਮ–ਰਸ ਨੂੰ ਜ਼ਹਿਰ ਮੰਨ ਕੇ ਉਸ ਨੂੰ ਦੁਨੀਆਦਾਰੀ ਦੀ ਮਾਇਆ–ਜ਼ਹਿਰ ਵਿੱਚ ਹੀ ਘੋਲੀ ਜਾਂਦੇ ਹਨ। ਫਿਰ ਦੱਸੋ ਅਜਿਹੇ ਝੂਠੇ ਧਾਰਮਿਕ ਭੇਖ ਧਾਰਨ ਦਾ ਕੀ ਲਾਭ ਹੋਇਆ ?॥ ਟੇਕ॥
ਇਸ ਭੇਖੀ ਭਗਤੀ ਦੇ ਭੈੜੇ ਪ੍ਰਭਾਵ ਅਧੀਨ ਪਾਖੰਡੀ ਜੀਵ ਸਾਧ–ਸੰਗਤ ਨਾਲ ਮਿਲ ਕੇ ਪ੍ਰਭੂ ਦੀ ਮਹਿਮਾ ਦਾ ਗੁਣਗਾਨ ਨਹੀਂ ਕਰਦੇ ਸਗੋਂ ਇਸ ਤੋਂ ਉੱਲਟ ਹੋ ਕੇ ਕਾਮ ਤੇ ਕ੍ਰੋਧ ਆਦਿ ਕਾਮਾਦਿਕ ਵਿਕਾਰਾਂ ਵਿੱਚ ਲਿਪਤ ਹੋਏ ਆਪਣਾ ਅਨਮੋਲ ਮਨੁੱਖਾ–ਜਨਮ ਵਿਅਰਥ ਹੀ ਗਵਾ ਲੈਂਦੇ ਹਨ॥
2. ਪਾਖੰਡੀ ਜੀਵ ਧਾਰਮਿਕ ਸਵਾਂਗ ਰਚਾਉਣ ਲਈ ਆਪਣੇ ਮੱਥੇ 'ਤੇ ਠੰਢੇ ਚੰਦਨ ਦਾ ਤਿਲਕ ਤਾਂ ਲਗਾ ਲੈਂਦੇ ਹਨ ਪਰ ਉਨ੍ਹਾਂ ਦੇ ਮਨ ਵਿੱਚ ਸਮਾਈ ਹੋਈ ਇੰਦ੍ਰੀਆਂ ਦੇ ਭੋਗਾਂ ਦੀ ਚਾਹਤ ਤੇ ਮਾਇਆ ਦੀ ਤ੍ਰਿਸ਼ਨਾ ਦੀ ਅੱਗ ਸ਼ਾਂਤ ਨਹੀਂ ਹੁੰਦੀ। ਉਹ ਗਲ ਵਿੱਚ ਮਾਲਾ ਤਾਂ ਪਹਿਨ ਲੈਂਦੇ ਹਨ ਪਰ ਉਨ੍ਹਾਂ ਦੇ ਅੰਦਰ ਸਮਾਈ ਹੋਈ ਸੰਸਾਰਿਕ ਪਦਾਰਥਾਂ ਦੀ ਚਾਹਤ ਮਿਟਣ ਦੀ ਬਜਾਏ ਹੋਰ ਵਧਦੀ ਜਾਂਦੀ ਹੈ॥
3. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਜੋ ਜੀਵ ਪਖੰਡਾਂ, ਕਰਮਕਾਂਡਾਂ ਤੇ ਵਿਕਾਰਾਂ ਆਦਿਕ ਨੂੰ ਤਿਆਗ ਕੇ ਪ੍ਰਭੂ ਦੀ ਸੱਚੀ ਭਗਤੀ ਦਾ ਭੇਦ ਪਾਉਂਦਾ ਹੈ ਉਹ ਮਾਇਆ ਤੋਂ ਨਿਰਲੇਪ ਪ੍ਰਕਾਸ਼–ਸਰੂਪ ਪ੍ਰਭੂ ਨੂੰ ਸਦਾ–ਥਿਰ ਰਹਿਣ ਵਾਲਾ ਜਾਣ ਕੇ ਉਸ ਦੇ ਨਾਮ–ਸਿਮਰਨ ਵਿੱਚ ਅੰਤਰ–ਧਿਆਨ ਹੋ ਜਾਂਦਾ ਹੈ॥

**ਭਾਵ ਅਰਥ** : ਜੀਵ ਨੂੰ ਪਖੰਡਾਂ ਤੇ ਵਿਕਾਰਾਂ ਨੂੰ ਤਿਆਗ ਕੇ ਪਰਮਾਤਮਾ ਦੀ ਸੱਚੀ ਭਗਤੀ ਕਰਨੀ ਚਾਹੀਦੀ ਹੈ।

## ਰਾਗੁ ਭੈਰਉ -99

***ਗੁਰੂ ਸਭੁ ਰਹਸਿ ਅਗਮਹਿ ਜਾਨੈਂ।***
***ਢੂੰਢੈ ਕੋਉ ਛਟ ਸਾਸਤ੍ਰਨ ਮਹਿੰ, ਕਿਧੂੰ ਕੋਉ ਵੇਦ ਵਖ਼ਾਨੈ॥ ਟੇਕ॥***
***ਸਾਂਸ ਉਸਾਂਸ ਚੜ੍ਹਾਵੈ ਬਹੁ ਬਿਧਿ, ਬੈਠਹਿੰ ਸੁੰਨਿ ਸਮਾਧੀ।***
***ਫਾਂਟਿਓ ਕਾਨੁ ਭਭੂਤ ਤਨਿ ਲਾਈ, ਅਨਿਕ ਭਰਮਤ ਵੈਰਾਗੀ॥ ੧॥***
***ਤੀਰਥ ਬਰਤ ਕਰਇ ਬਹੁਤੇਰੇ, ਕਥਾ ਬਸਤ ਬਹੁ ਸਾਨੈ।***
***ਕਹਿ ਰਵਿਦਾਸ ਮਿਲਿਓ ਗੁਰ ਪੂਰੇ, ਜਿਹਿ ਅੰਤਰ ਹਰਿ ਮਿਲਾਨੈ॥ ੨॥***

**ਸ਼ਬਦ ਅਰਥ** : **ਰਹਸਿ**–ਭੇਦ। **ਅਗਮਹਿ**–ਜਿਸ ਤਕ ਬੁੱਧੀ ਦੀ ਪਹੁੰਚ ਨ ਹੋਵੇ। **ਛਟ ਸਾਸਤ੍ਰਨ**–ਛੇ ਸ਼ਾਸਤਰ, ਛੇ ਸ਼ਾਸਤਰ ਹਨਃ ਵੈਸੇਸਿਕ (ਰਿਚਾਇਤਾ ਕਨਾਦ ਮੁਨੀ), ਨਯਾਯ (ਰਿਚਾਇਤਾ ਗੌਤਮ ਰਿਸ਼ੀ), ਸਾਂਖਯ (ਰਿਚਾਇਤਾ ਕਪਲ ਮੁਨੀ), ਪਾਤੰਜਲ ਯੋਗ ਦਰਸਨ (ਰਿਚਾਇਤਾ ਪਾਤੰਜਲੀ ਰਿਸ਼ੀ), ਮੀਮਾਂਸਾ (ਰਿਚਾਇਤਾ ਜੈਮਨੀ ਰਿਸ਼ੀ), ਵੇਦਾਂਤ (ਰਿਚਾਇਤਾ ਵੇਦ ਵਿਆਸ ਰਿਸ਼ੀ)। **ਕਿਧੂੰ**–ਅਥਵਾ, ਜਾਂ। **ਕੋਉ**–ਕੋਈ। **ਵਖ਼ਾਨੈ**–ਵਿਖ਼ਿਆਨ ਕਰਨਾ। **ਉਸਾਂਸ**–ਲੰਮਾ ਸਾਹ, ਪ੍ਰਾਣਾਯਾਮ ਦਾ ਇਕ ਤਰੀਕਾ। **ਬਹੁ ਬਿਧਿ**–ਕਈ ਤਰ੍ਹਾਂ, ਕਈ ਤਰੀਕੇ। **ਸੁੰਨਿ ਸਮਾਧੀ**–ਨਿਰਵਿਕਲਪ ਸਮਾਧੀ, ਅਫੁਰ ਸਮਾਧੀ। **ਭਭੂਤ**–ਸਵਾਹ। **ਭਰਮਤ**–ਭ੍ਰਮਣ ਕਰਨਾ, ਭਟਕਦੇ ਫਿਰਨਾ। **ਵੈਰਾਗੀ**–ਸੰਸਾਰ ਦੇ ਪਦਾਰਥਾਂ ਨਾਲ ਜਿਸ ਦਾ ਪ੍ਰੇਮ ਨਹੀਂ, ਘਰ ਬਾਰ ਛੱਡ ਕੇ ਸਾਧੂ ਬਣਨਾ॥ ੧॥
**ਤੀਰਥ ਬਰਤ**–ਤੀਰਥ ਇਸ਼ਨਾਨ ਤੇ ਵਰਤ। **ਬਸਤ**– ਬਸਤਰ, ਕੱਪੜੇ॥ ੨॥

**ਪਦ ਅਰਥ** : ਹੇ ਭਾਈ! ਸਤਿਗੁਰੂ ਦਾ ਗਿਆਨ ਅਨੁਭਵ ਦੀ ਕਸੌਟੀ ’ਤੇ ਪਰਖਿਆ ਹੁੰਦਾ ਹੈ। ਉਹ ਪ੍ਰਭੂ ਦੇ ਉਨ੍ਹਾਂ ਅਗੰਮੀ ਭੇਦਾਂ ਨੂੰ ਵੀ ਚੰਗੀ ਤਰ੍ਹਾਂ ਜਾਣਦਾ ਹੁੰਦਾ ਹੈ ਜੋ ਜੀਵਾਂ ਦੀ ਬੁੱਧੀ ਤੋਂ ਬਹੁਤ ਪਰ੍ਹੇ ਹਨ। ਪਰ ਸੰਸਾਰੀ ਜੀਵ ਅਜਿਹੇ ਗੁਰੂ ਦੀ ਸ਼ਰਨ ਲੈਣ ਦੀ ਬਜਾਏ ਪ੍ਰਭੂ ਦੇ ਇਨ੍ਹਾਂ ਭੇਦਾਂ ਨੂੰ ਛੇ ਸ਼ਾਸਤਰਾਂ ਦੇ ਅਧਿਐਨਾਂ ਵਿੱਚ ਜਾਂ ਫਿਰ ਵੇਦਾਂ ਦੇ ਵਿਖਿਆਨਾਂ ਵਿੱਚ ਹੀ ਲੱਭਦੇ ਰਹਿੰਦੇ ਹਨ॥ ਟੇਕ॥

ਪਰਮਾਤਮਾ ਤੇ ਉਸ ਦੇ ਭੇਦਾਂ ਨੂੰ ਜਾਣਨ ਲਈ ਕਈ ਜੀਵ ਆਪਣੇ ਸਵਾਸਾਂ ਨੂੰ ਲੰਬਾ ਕਰਕੇ ਉਤਾਂਹ ਚੜ੍ਹਾਉਂਦੇ ਹਨ ਫਿਰ ਰੋਕਦੇ ਹਨ ਤੇ ਅੰਤ ਵਿੱਚ ਉਨ੍ਹਾਂ ਨੂੰ ਉਤਾਰਦੇ ਹਨ ਭਾਵ ਕਈ ਤਰੀਕਿਆਂ ਨਾਲ ਹੱਠ–ਯੋਗ ਦੀਆਂ ਕਿਰਿਆਵਾਂ ਕਰਦੇ ਹਨ, ਕਈ ਜੀਵ ਪ੍ਰਾਣਾਯਾਮ ਨਾਲ ਪ੍ਰਾਣ–ਚੱਕਰਾਂ ਦਾ ਭੇਦਨ ਕਰਕੇ ਸੁੰਨਿ–ਸਮਾਧੀ ਲਗਾਈ ਬੈਠੇ ਰਹਿੰਦੇ ਹਨ, ਕਈ ਜੀਵ ਆਪਣੇ ਕੰਨ ਪੜਵਾ ਲੈਂਦੇ ਹਨ, ਕਈ ਜੀਵ ਆਪਣੇ ਸਰੀਰ ਉੱਤੇ ਭਬੂਤ ਲਗਾਉਂਦੇ ਹਨ ਤੇ ਕਈ ਜੀਵ ਆਪਣਾ ਘਰ–ਬਾਰ ਛੱਡ ਕੇ ਵੈਰਾਗੀ ਬਣੇ ਹੋਏ ਤੀਰਥ ਅਸਥਾਨਾਂ ’ਤੇ ਭਟਕਦੇ ਰਹਿੰਦੇ ਹਨ। ਪਰ ਇਹ ਸਭ ਕੁਝ ਕਰਨ ਦੇ ਬਾਵਜੂਦ ਵੀ ਪਰਮਾਤਮਾ ਬਾਰੇ ਉਨ੍ਹਾਂ ਦੇ ਪੱਲੇ ਕੁਝ ਨਹੀਂ ਪੈਂਦਾ॥

2. ਪਰਮਾਤਮਾ ਤੇ ਉਸ ਦੇ ਭੇਦਾਂ ਨੂੰ ਜਾਣਨ ਲਈ ਕਈ ਜੀਵ ਅਨੇਕਾਂ ਤੀਰਥਾਂ ’ਤੇ ਇਸ਼ਨਾਨ ਕਰਦੇ ਹਨ ਤੇ ਵਰਤ ਵੀ ਰੱਖਦੇ ਹਨ, ਕਈ ਜੀਵ ਧਾਰਮਿਕ

ਕਥਾਵਾਂ ਕਰਦੇ ਹਨ ਤੇ ਕਈ ਜੀਵ ਭਗਵੇਂ ਕੱਪੜੇ ਪਾਈ ਫਿਰਦੇ ਹਨ ਪਰ ਫਿਰ ਵੀ ਉਨ੍ਹਾਂ ਨੂੰ ਪਰਮਾਤਮਾ ਬਾਰੇ ਕੋਈ ਸੋਝੀ ਪ੍ਰਾਪਤ ਨਹੀਂ ਹੁੰਦੀ। ਸਤਿਗੁਰੂ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਜਦੋਂ ਪ੍ਰਭੂ-ਕ੍ਰਿਪਾ ਨਾਲ ਜੀਵ ਦਾ ਪੂਰਨ ਸਤਿਗੁਰੂ ਨਾਲ ਮਿਲਾਪ ਹੁੰਦਾ ਹੈ ਤਾਂ ਉਹ (ਸਤਿਗੁਰੂ) ਜੀਵ ਦੀ ਬਾਹਰਮੁਖੀ ਭਟਕਣਾ ਖ਼ਤਮ ਕਰਕੇ ਉਸਨੂੰ ਉਸਦੇ ਅੰਤਰ-ਆਤਮੇ ਹੀ ਪਰਮਾਤਮਾ ਨਾਲ ਮਿਲਾ ਦਿੰਦਾ ਹੈ॥

**ਭਾਵ ਅਰਥ** : ਪਰਮਾਤਮਾ ਦੇ ਭੇਦਾਂ ਨੂੰ ਬਾਹਰੀ ਕਰਮਕਾਂਡਾਂ ਤੇ ਆਡੰਬਰਾਂ ਨਾਲ ਨਹੀਂ ਸਗੋਂ ਪੂਰਨ ਸਤਿਗੁਰੂ ਦੀ ਬਖ਼ਸ਼ਿਸ਼ ਨਾਲ ਹੀ ਜਾਣਿਆ ਜਾ ਸਕਦਾ ਹੈ।

## ਰਾਗੁ ਬਸੰਤੁ -100

***ਤੁਝਹਿ ਸੁਝੰਤਾ ਕਛੂ ਨਾਹਿ ॥ ਪਹਿਰਾਵਾ ਦੇਖੇ ਊਭਿ ਜਾਹਿ ॥***
***ਗਰਬਵਤੀ ਕਾ ਨਾਹੀ ਠਾਉ ॥ ਤੇਰੀ ਗਰਦਨਿ ਊਪਰਿ ਲਵੈ ਕਾਉ ॥ ੧ ॥***
***ਤੂ ਕਾਂਇ ਗਰਬਹਿ ਬਾਵਲੀ ॥***
***ਜੈਸੇ ਭਾਦਉ ਖੂੰਬਰਾਜੁ ਤੂ ਤਿਸ ਤੇ ਖਰੀ ਉਤਾਵਲੀ ॥ ੧ ॥ ਰਹਾਉ ॥***
***ਜੈਸੇ ਕੁਰੰਕ ਨਹੀ ਪਾਇਓ ਭੇਦੁ ॥ ਤਨਿ ਸੁਗੰਧ ਢੂਢੈ ਪ੍ਰਦੇਸੁ ॥***
***ਅਪ ਤਨ ਕਾ ਜੋ ਕਰੇ ਬੀਚਾਰੁ ॥ ਤਿਸੁ ਨਹੀ ਜਮਕੰਕਰੁ ਕਰੇ ਖੁਆਰੁ ॥ ੨ ॥***
***ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ ॥ ਠਾਕੁਰੁ ਲੇਖਾ ਮਗਨਹਾਰੁ ॥***
***ਫੇੜੇ ਕਾ ਦੁਖੁ ਸਹੈ ਜੀਉ ॥ ਪਾਛੇ ਕਿਸਹਿ ਪੁਕਾਰਹਿ ਪੀਉ ਪੀਉ ॥ ੩ ॥***
***ਸਾਧੂ ਕੀ ਜਉ ਲੇਹਿ ਓਟ ॥ ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥***
***ਕਹਿ ਰਵਿਦਾਸ ਜੋ ਜਪੈ ਨਾਮੁ ॥ ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥ ੪ ॥ ੧ ॥***

**ਸ਼ਬਦ ਅਰਥ** : **ਸੁਝੰਤਾ**-ਸੂਝਣਾ। **ਪਹਿਰਾਵਾ**-ਪੁਸ਼ਾਕ, ਸਰੀਰ ਦੀ ਸੁੰਦਰਤਾ। **ਊਭਿ**-ਆਕੜ, ਹੰਕਾਰ। **ਗਰਬਵਤੀ**-ਹੰਕਾਰ ਕਰਨ ਵਾਲੀ, ਅਭਿਮਾਨਿਣੀ। **ਗਰਦਨਿ**-ਧੌਣ। **ਕਾਉ**-ਕਾਂ ਰੂਪੀ ਕਾਲ॥ ੧॥ **ਕਾਂਇ**-ਕਿਉਂ। **ਗਰਬਹਿ**-ਹੰਕਾਰ ਕਰਨਾ। **ਬਾਵਲੀ**-ਕਮਲੀ, ਪਗਲੀ। **ਭਾਦਉ**-ਭਾਦੋਂ ਦਾ ਮਹੀਨਾ। **ਖੂੰਬਰਾਜੁ**-ਵੱਡੀ ਖੁੰਬ। **ਤਿਸ ਤੇ**-ਉਸ ਨਾਲੋਂ ਵੀ। **ਖਰੀ**-ਵਧੀਕ, ਬਹੁਤ। **ਉਤਾਵਲੀ**-ਕਾਹਲੀ, ਛੇਤੀ ਨਾਲ॥ ੧॥
**ਕੁਰੰਕ**-ਹਿਰਨ।**ਭੇਦੁ**-ਰਹੱਸ।**ਤਨਿ**-ਸਰੀਰ।**ਸੁਗੰਧ**-ਖੁਸ਼ਬੂ (ਕਸਤੂਰੀ ਦੀ)। **ਪ੍ਰਦੇਸੁ**-ਬਾਹਰਲਾ ਦੇਸ਼, ਬਾਹਰ, ਇੱਧਰ ਉੱਧਰ। **ਅਪ**-ਆਪਣਾ। **ਬੀਚਾਰੁ**-ਸਮਝ। **ਜਮਕੰਕਰੁ**-ਜਮਦੂਤ, ਯਮਰਾਜ ਦਾ ਨੌਕਰ। **ਖੁਆਰੁ**-ਖ਼ਰਾਬ ਕਰਨਾ, ਖ਼ੱਜਲ ਕਰਨਾ॥ ੨॥
**ਕਲਤ੍ਰ**-ਪਤਨੀ। **ਠਾਕੁਰੁ**-ਮਾਲਿਕ, ਪਰਮਾਤਮਾ। **ਲੇਖਾ**-ਹਿਸਾਬ ਕਿਤਾਬ। **ਫੇੜੇ**-ਕੀਤੇ ਮੰਦੇ ਕਰਮ। **ਸਹੈ**-ਸਹਿਣਾ। **ਕਿਸਹਿ**-ਕਿਸ ਨੂੰ। **ਪੀਉ ਪੀਉ**-ਪਿਆਰਾ ਪਿਆਰਾ॥ ੩॥
**ਸਾਧੂ**-ਸੰਤ, ਗੁਰੂ। **ਓਟ**-ਆਸਰਾ। **ਮਿਟਹਿ**-ਖ਼ਤਮ ਹੋਣਾ, ਨਾਸ਼ ਹੋਣਾ। **ਕੋਟਿ ਕੋਟਿ**-ਕਰੋੜ ਕਰੋੜ ਭਾਵ ਸਾਰੇ ਦੇ ਸਾਰੇ। **ਜੋਨਿ**-ਜੂਨਾਂ। **ਕਾਮੁ**-ਵਾਸਤਾ॥ ੪॥ ੧॥

**ਪਦ ਅਰਥ** : ਹੇ ਜੀਵ-ਰੂਪੀ ਕਮਲੀਏ ਦੇਹ! ਤੂੰ ਆਪਣੇ ਝੂਠੇ ਪਹਿਰਾਵੇ (ਭਾਵ ਸਰੀਰ) ਦੀ ਸੁੰਦਰਤਾ ਨੂੰ ਦੇਖ ਕੇ ਆਕੜੀ ਫਿਰਦੀ ਹੈਂ। ਤੇਰੀ ਬੁੱਧੀ ਹੁਣ ਭ੍ਰਿਸ਼ਟ ਹੋ ਗਈ ਹੈ ਤੇ ਹੰਕਾਰ ਕਾਰਨ ਹੁਣ ਤੈਨੂੰ ਭਲੇ-ਬੁਰੇ ਬਾਰੇ ਕੁਝ ਵੀ ਨਹੀਂ ਸੁੱਝ

ਰਿਹਾ। ਯਾਦ ਰੱਖ! ਹੰਕਾਰ ਨਾਲ ਭਰੀ ਹੋਈ ਜੀਵ-ਰੂਪੀ ਦੇਹ ਦਾ ਪ੍ਰਭੂ ਦੇ ਦਰ 'ਤੇ ਵੀ ਕੋਈ ਥਾਂ-ਟਿਕਾਣਾ ਨਹੀਂ ਹੁੰਦਾ। ਹੇ ਜੀਵ-ਰੂਪੀ ਕਮਲੀਏ ਦੇਹ! ਕਾਂ-ਰੂਪੀ ਕਾਲ ਤੇਰੇ ਸਿਰ 'ਤੇ ਬੋਲ ਰਿਹਾ ਹੈ। ਇਹ ਕਦੇ ਵੀ ਝਪਟ ਮਾਰ ਕੇ ਤੇਰੇ ਪ੍ਰਾਣ-ਪੰਖੇਰੂ ਹਰ ਸਕਦਾ ਹੈ। (ਇਸ ਲਈ ਵਕਤ ਰਹਿੰਦੇ ਤੂੰ ਹਾਲੇ ਵੀ ਪ੍ਰਭੂ ਦਾ ਨਾਮ-ਸਿਮਰਨ ਕਰ ਲੈ।)॥

ਹੇ ਕਮਲੀਏ ਦੇਹ! ਤੂੰ ਆਪਣੇ ਸਰੀਰ ਦਾ ਝੂਠਾ ਹੰਕਾਰ ਕਿਉਂ ਕਰਦੀ ਹੈਂ? ਜਿਵੇਂ ਭਾਦੋਂ ਦੇ ਮਹੀਨੇ ਵਿੱਚ ਉੱਗੀਆਂ ਖੁੰਬਾਂ ਦਾ ਜੀਵਨ ਕੁਝ ਕੁ ਦਿਨਾਂ ਦਾ ਹੁੰਦਾ ਹੈ, ਪਰ ਤੇਰੇ ਜਿਊਣ ਦੀ ਆਰਜਾ ਦਾ ਤਾਂ ਕੋਈ ਭਰੋਸਾ ਹੀ ਨਹੀਂ ਹੈ। ਤੂੰ ਤਾਂ ਉਨ੍ਹਾਂ ਖੁੰਬਾਂ ਤੋਂ ਵੀ ਬਹੁਤ ਛੇਤੀ ਨਾਸ਼ ਹੋ ਜਾਣ ਵਾਲੀ ਹੈਂ॥ ੧॥ ਰਹਾਉ॥

2. ਹੇ ਕਮਲੀਏ ਦੇਹ! ਜਿਵੇਂ ਹਿਰਨ ਨੂੰ ਇਹ ਭੇਦ ਨਹੀਂ ਲੱਗਦਾ ਕਿ ਕਸਤੂਰੀ ਦੀ ਸੁਗੰਧ ਤਾਂ ਉਸਦੇ ਆਪਣੇ ਸਰੀਰ ਅੰਦਰੋਂ ਆ ਰਹੀ ਹੈ ਪਰ ਉਹ ਇਸ ਨੂੰ ਲੱਭਣ ਲਈ ਇੱਧਰ-ਉੱਧਰ ਬਾਹਰ ਦੌੜਦਾ-ਫਿਰਦਾ ਰਹਿੰਦਾ ਹੈ। (ਇਸੇ ਤਰ੍ਹਾਂ ਪ੍ਰਭੂ ਦੇ ਨਾਮ ਦੀ ਸੁਗੰਧ ਤਾਂ ਜੀਵ ਦੇ ਅੰਦਰ ਹੀ ਮੌਜੂਦ ਹੁੰਦੀ ਹੈ ਪਰ ਆਤਮਿਕ ਜੀਵਨ ਤੋਂ ਸੱਖਣਾ ਹੋਣ ਕਰਕੇ ਉਹ ਇਸ ਨੂੰ ਬਾਹਰ ਜੰਗਲਾਂ, ਪਹਾੜਾਂ, ਤੀਰਥਾਂ ਤੇ ਗੁਫ਼ਾਵਾਂ ਆਦਿਕ ਵਿੱਚ ਲੱਭਦਾ ਫਿਰਦਾ ਰਹਿੰਦਾ ਹੈ।) ਜਿਸ ਜੀਵ ਨੂੰ ਆਪਣੇ ਸਰੀਰ ਬਾਰੇ ਇਹ ਸੋਝੀ ਆ ਜਾਂਦੀ ਹੈ (ਕਿ ਇਹ ਅਸਤਿ ਹੈ, ਸਦਾ-ਥਿਰ ਰਹਿਣ ਵਾਲਾ ਨਹੀਂ ਬਲਕਿ ਭਾਦੋਂ ਦੇ ਖੁੰਬਰਾਜ ਤੋਂ ਵੀ ਛਿਨ-ਭੰਗੁਰ ਹੈ) ਤਾਂ ਉਸ ਜੀਵ ਨੂੰ ਮੌਤ ਦੇ ਜਮਦੂਤ ਵੀ ਖ਼ੱਜਲ-ਖ਼ੁਆਰ ਨਹੀਂ ਕਰਦੇ ਭਾਵ ਉਹ ਆਤਮਿਕ ਮੌਤ ਦੇ ਸਹਿਮ ਤੋਂ ਸਦਾ ਲਈ ਨਿਡਰ ਹੋ ਜਾਂਦਾ ਹੈ॥

3. ਹੇ ਕਮਲੀਏ ਦੇਹ! ਤੂੰ ਆਪਣੇ ਪਿਆਰੇ ਪੁੱਤਰ ਤੇ ਪਤਨੀ ਆਦਿਕ ਦਾ ਹੰਕਾਰ ਕਰਦੀ ਹੈਂ ਪਰ ਪਰਮਾਤਮਾ ਦੇ ਨਾਮ ਨੂੰ ਆਪਣੇ ਮਨੋਂ ਭੁਲਾਈ ਬੈਠੀ ਹੈਂ। ਯਾਦ ਰੱਖ ਕਿ ਮੌਤ ਤੋਂ ਬਾਅਦ ਉਸ ਮਾਲਿਕ-ਪ੍ਰਭੂ ਨੇ ਤੈਥੋਂ ਤੇਰੇ ਕੀਤੇ ਹੋਏ ਕਰਮਾਂ ਦਾ ਹਿਸਾਬ-ਕਿਤਾਬ ਮੰਗਣਾ ਹੈ। ਉਦੋਂ ਤੈਨੂੰ ਤੇਰੇ ਕੀਤੇ ਹੋਏ ਮੰਦੇ ਕਰਮਾਂ ਦਾ ਦੁੱਖ ਸਹਿਣਾ ਪੈਣਾ ਹੈ, ਉਸ ਸਮੇਂ ਤੂੰ ਆਪਣੇ ਬਚਾਉ ਲਈ ਕਿਸ ਨੂੰ ਪਿਆਰਾ-ਪਿਆਰਾ ਕਹਿ ਕੇ ਪਿੱਛੋਂ ਆਵਾਜ਼ ਮਾਰੇਂਗੀ? (ਜਿਸ ਪੁੱਤਰ ਤੇ ਪਤਨੀ ਆਦਿਕ ਦਾ ਤੂੰ ਹੰਕਾਰ ਕਰਦੀ ਹੈਂ ਇਨ੍ਹਾਂ 'ਚੋਂ ਕਿਸੇ ਨੇ ਵੀ ਤੇਰਾ ਸਹਾਈ ਨਹੀਂ ਹੋਣਾ ਬਲਕਿ ਤੇਰੇ ਵੱਲੋਂ ਕੀਤੇ ਹੋਏ ਪ੍ਰਭੂ-ਸਿਮਰਨ ਨੇ ਹੀ ਤੈਨੂੰ ਬਚਾਉਣਾ ਹੈ। ਇਸ ਲਈ ਤੂੰ ਹੁਣ ਤੋਂ ਹੀ ਪ੍ਰਭੂ ਦੇ ਸਿਮਰਨ ਵਿੱਚ ਲੱਗ ਜਾ।)॥

4. ਹੇ ਜੀਵ-ਰੂਪੀ ਕਮਲੀਏ ਦੇਹ! ਜੇਕਰ ਤੂੰ ਸਾਧੂ-ਸੰਤਾਂ ਦਾ ਆਸਰਾ ਲਵੇਂਗੀ ਤਾਂ ਉਹ ਤੈਨੂੰ ਅਜਿਹੀ ਜੁਗਤੀ ਬਖ਼ਸ਼ਣਗੇ ਕਿ ਤੇਰੇ ਕਰੋੜਾਂ ਕੀਤੇ ਪਾਪ ਸਾਰੇ ਦੇ ਸਾਰੇ ਨਸ਼ਟ ਹੋ ਜਾਣਗੇ। ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਜੋ ਜੀਵ ਪ੍ਰਭੂ ਦਾ ਨਾਮ-ਸਿਮਰਨ ਕਰਦਾ ਹੈ ਉਸਦਾ ਜਾਤ ਨਾਲ ਕੋਈ ਕੰਮ ਨਹੀਂ ਰਹਿ ਜਾਂਦਾ। ਉਹ ਜਾਤ, ਵਰਨ ਤੇ ਨਸਲ ਆਦਿਕ ਦੇ ਭੇਦਾਂ ਤੋਂ ਉੱਪਰ

ਉੱਠ ਜਾਂਦਾ ਹੈ। ਉਸ ਦਾ ਜਨਮ-ਮਰਨ ਦਾ ਗੇੜ ਮੁੱਕ ਜਾਂਦਾ ਹੈ ਤੇ ਉਹ ਜੂਨਾਂ ਵਿੱਚ ਨਹੀਂ ਭਟਕਦਾ। ਉਹ ਪ੍ਰਭੂ ਵਿੱਚ ਸਦਾ ਲਈ ਅਭੇਦ ਹੋ ਕੇ ਉਸੇ ਦਾ ਹੀ ਰੂਪ ਹੋ ਜਾਂਦਾ ਹੈ ॥

**ਭਾਵ ਅਰਥ** : ਜੀਵ ਆਪਣੇ ਸਰੀਰ, ਪੁੱਤਰ ਤੇ ਪਤਨੀ ਆਦਿਕ ਦਾ ਹੰਕਾਰ ਕਰਦਾ ਹੈ ਤੇ ਮਾੜੇ ਕਰਮਾਂ ਕਰਕੇ ਦੁੱਖ ਪਾਉਂਦਾ ਹੈ। ਪਰ ਜਿਹੜਾ ਜੀਵ ਸੰਤਾਂ ਦੀ ਸੰਗਤ ਵਿੱਚ ਰਹਿ ਕੇ ਪ੍ਰਭੂ-ਸਿਮਰਨ ਕਰਦਾ ਹੈ ਤਾਂ ਉਹ ਜਨਮ-ਮਰਨ ਦੇ ਗੇੜ ਤੋਂ ਮੁਕਤ ਹੋ ਕੇ ਪਰਮਾਤਮਾ ਵਿੱਚ ਸਮਾ ਜਾਂਦਾ ਹੈ।

## ਰਾਗੁ ਮਲਾਰ -101

***ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥***
***ਰਿਦੈ ਰਾਮ ਗੋਬਿੰਦ ਗੁਨ ਸਾਰੰ ॥ ੧ ॥ ਰਹਾਉ ॥***
***ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ, ਸੰਤ ਜਨ ਕਰਤ ਨਹੀ ਪਾਨੰ ॥***
***ਸੁਰਾ ਅਪਵਿਤ੍ਰ ਨਤ ਅਵਰ ਜਲ ਰੇ, ਸੁਰਸਰੀ ਮਿਲਤ ਨਹਿ ਹੋਇ ਆਨੰ ॥ ੧ ॥***
***ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ, ਜੈਸੇ ਕਾਗਰਾ ਕਰਤ ਬੀਚਾਰੰ ॥***
***ਭਗਤਿ ਭਾਗਉਤੁ ਲਿਖੀਐ ਤਿਹ ਊਪਰੇ, ਪੂਜੀਐ ਕਰਿ ਨਮਸਕਾਰੰ ॥ ੨ ॥***
***ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ, ਨਿਤਹਿ ਬਾਨਾਰਸੀ ਆਸ ਪਾਸਾ ॥***
***ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ,***
***ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥ ੩ ॥ ੧ ॥***

**ਸ਼ਬਦ ਅਰਥ** : **ਨਾਗਰ**-ਨਗਰ। **ਜਨਾਂ**-ਲੋਕੋ। **ਬਿਖਿਆਤ**-ਮਸ਼ਹੂਰ, ਮੰਨੀ ਪ੍ਰਮੰਨੀ। **ਰਿਦੈ**-ਹਿਰਦੇ। **ਗੋਬਿੰਦ**- ਜੀਵਾਂ ਦੇ ਦਿਲਾਂ ਦੇ ਜਾਣਨਹਾਰ ਪ੍ਰਭੂ। **ਸਾਰੰ**-ਸੰਭਾਲ ॥ ੧ ॥ **ਸੁਰਸਰੀ**-ਗੰਗਾ। **ਸਲਲ**-ਪਾਣੀ। **ਕ੍ਰਿਤ**-ਕੀਤਾ ਹੋਇਆ, ਬਣਾਇਆ ਹੋਇਆ। **ਬਾਰੁਨੀ**-ਸ਼ਰਾਬ। **ਰੇ**-ਹੇ ਭਾਈ। **ਕਰਤ ਨਹੀ ਪਾਨੰ**-ਸੇਵਨ ਨਹੀਂ ਕਰਦੇ, ਪੀਂਦੇ ਨਹੀਂ। **ਸੁਰਾ**-ਸ਼ਰਾਬ। **ਨਤ**-ਅਥਵਾ, ਜਾਂ। **ਅਵਰ**-ਹੋਰ ਕੋਈ। **ਆਨੰ**-ਹੋਰ ਵੱਖਰਾ, ਦੂਜਾ ਕੋਈ ॥੧॥ **ਤਰ ਤਾਰਿ**-ਤਾੜੀ ਦਾ ਰੁੱਖ ਜਿਸ ਵਿੱਚੋਂ ਨਸ਼ੇ ਵਰਗਾ ਰਸ ਨਿਕਲਦਾ ਹੈ ਤੇ ਜਿਸ ਦੀ ਛਿੱਲ ਕਾਗਜ਼ ਬਣਾਉਣ ਦੇ ਕੰਮ ਆਉਂਦੀ ਹੈ। **ਕਾਗਰਾ**-ਕਾਗਜ਼। **ਬੀਚਾਰੰ**-ਵਿਚਾਰ ਕਰਨਾ। **ਭਗਤਿ**-ਭਗਤੀ, ਸਿਫ਼ਤਿ ਸਾਲਾਹ। **ਭਾਗਉਤੁ**-ਭਗਵਾਨ ਸੰਬੰਧੀ, ਪਰਮਾਤਮਾ। **ਤਿਹ**-ਉਸ। **ਨਮਸਕਾਰੰ**-ਸਿਰ ਨਿਵਾ ਕੇ, ਸਿਰ ਝੁਕਾ ਕੇ ॥ ੨ ॥ **ਕੁਟ ਬਾਂਢਲਾ**-ਕੁੱਟਣ ਤੇ ਵੱਢਣ। **ਢੋਰ**-ਮ੍ਰਿਤਕ ਪਸ਼ੂ। **ਢੋਵੰਤਾ**-ਢੋਂਦੇ ਫਿਰਦੇ। **ਨਿਤਹਿ**-ਦਿਨ ਪ੍ਰਤੀਦਿਨ। **ਬਿਪ੍ਰ**-ਬ੍ਰਾਹਮਣ। **ਡੰਡਉਤਿ**-ਡੰਡਵਤ ਪ੍ਰਣਾਮ ਕਰਨਾ। **ਨਾਮ ਸਰਣਾਇ**-ਨਾਮ ਦੀ ਸ਼ਰਨ ॥ ੩ ॥

**ਪਦ ਅਰਥ** : ਹੇ ਨਗਰ ਨਿਵਾਸੀਓ! ਤੁਸੀਂ ਜਾਣਦੇ ਹੀ ਹੋ ਕਿ ਮੇਰੀ ਸ਼ੂਦਰ ਕਹੀ ਜਾਣ ਵਾਲੀ ਮਸ਼ਹੂਰ ਜਾਤ 'ਚਮਾਰ' ਹੈ। ਪਰ ਦਿਲਾਂ ਦੇ ਜਾਣਨਹਾਰ ਪ੍ਰਭੂ ਦੀ ਭਗਤੀ ਕਰਕੇ ਮੈਂ ਉਸ ਦੇ ਉੱਤਮ ਗੁਣਾਂ ਨੂੰ ਆਪਣੇ ਹਿਰਦੇ ਅੰਦਰ ਵਸਾ ਲਿਆ ਹੈ, ਸੰਭਾਲ ਲਿਆ ਹੈ। (ਭਾਵ ਪ੍ਰਭੂ ਦੇ ਗੁਣ ਮੇਰੇ ਵਿੱਚ ਆ ਗਏ ਹਨ ਜਿਸ ਸਦਕਾ ਹੁਣ ਮੈਂ ਨੀਚ ਤੋਂ ਊਚ ਹੋ ਗਿਆ ਹਾਂ।) ॥ ਰਹਾਉ ॥

ਹੇ ਭਾਈ! ਜੇਕਰ ਗੰਗਾ ਦਾ ਪਵਿੱਤਰ ਜਲ ਲੈ ਕੇ ਉਸ ਤੋਂ ਸ਼ਰਾਬ ਬਣਾਈ ਜਾਵੇ

ਤਾਂ ਵੀ ਸਾਧੂ-ਸੰਤ ਉਸ ਨੂੰ ਨਹੀਂ ਪੀਂਦੇ, ਭਾਵ ਉਹ ਗ੍ਰਹਿਣ ਕਰਨ ਯੋਗ ਨਹੀਂ ਹੁੰਦੀ। ਇਸੇ ਤਰ੍ਹਾਂ ਜੇ ਕੋਈ ਜੀਵ ਉੱਚੀ ਕੁਲ ਵਿੱਚ ਪੈਦਾ ਹੋਣ ਦਾ ਹੰਕਾਰ ਕਰਦਾ ਹੈ ਪਰ ਪ੍ਰਭੂ-ਸਿਮਰਨ ਨਹੀਂ ਕਰਦਾ ਤਾਂ ਉਹ ਪ੍ਰਭੂ-ਦਰ 'ਤੇ ਕਬੂਲ ਨਹੀਂ ਹੁੰਦਾ। ਹੇ ਭਾਈ! ਜੇਕਰ ਅਪਵਿੱਤਰ ਸ਼ਰਾਬ ਜਾਂ ਕੋਈ ਹੋਰ ਪਾਣੀ ਗੰਗਾ ਵਿੱਚ ਮਿਲਾਇਆ ਜਾਵੇ ਤਾਂ ਉਹ ਗੰਗਾ ਤੋਂ ਵੱਖਰਾ ਨਹੀਂ ਰਹਿ ਜਾਂਦਾ। ਗੰਗਾ ਵਿੱਚ ਮਿਲ ਕੇ ਉਹ ਗੰਗਾ-ਜਲ ਹੀ ਹੋ ਜਾਂਦਾ ਹੈ। ਇਸੇ ਤਰ੍ਹਾਂ ਨੀਚ, ਮਲੀਨ ਤੇ ਭੈੜੀ ਬੁੱਧੀ ਵਾਲਾ ਜੀਵ ਵੀ ਪ੍ਰਭੂ ਦੀ ਭਗਤੀ ਕਰਨ ਨਾਲ ਪ੍ਰਭੂ ਤੋਂ ਵੱਖਰਾ ਨਹੀਂ ਰਹਿ ਜਾਂਦਾ ਬਲਕਿ ਪ੍ਰਭੂ ਦਾ ਹੀ ਰੂਪ ਹੋ ਜਾਂਦਾ ਹੈ॥

2. ਹੇ ਭਾਈ! ਤਾੜੀ ਦੇ ਰੁੱਖਾਂ ਨੂੰ ਅਪਵਿੱਤਰ ਮੰਨਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਵਿੱਚੋਂ ਨਸ਼ੇ ਵਰਗਾ ਰਸ ਨਿਕਲਦਾ ਹੈ। ਇਨ੍ਹਾਂ ਰੁੱਖਾਂ ਦੀ ਛਿੱਲ ਤੋਂ ਬਣੇ ਹੋਏ ਕਾਗਜ਼ਾਂ ਬਾਰੇ ਲੋਕ ਵਿਚਾਰ ਕਰਦੇ ਹਨ ਕਿ ਇਹ ਕਾਗਜ਼ ਵੀ ਅਪਵਿੱਤਰ ਹਨ। ਪਰ ਜਦੋਂ ਉਨ੍ਹਾਂ ਕਾਗਜ਼ਾਂ ਉੱਪਰ ਪਰਮਾਤਮਾ ਦੀ ਸਿਫ਼ਤਿ-ਸਾਲਾਹ ਲਿਖ ਦਿੱਤੀ ਜਾਂਦੀ ਹੈ ਤਾਂ ਲੋਕ ਨਮਸਕਾਰ ਕਰਕੇ ਉਨ੍ਹਾਂ ਦੀ ਪੂਜਾ ਕਰਦੇ ਹਨ। (ਭਾਵ ਪਾਪੀ ਜੀਵ ਵੀ ਪ੍ਰਭੂ-ਸਿਮਰਨ ਨਾਲ ਪਵਿੱਤਰ ਤੇ ਪੂਜਨੀਕ ਹੋ ਜਾਂਦੇ ਹਨ।)॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਚਮੜੇ ਨੂੰ ਕੁੱਟਣ ਤੇ ਵੱਢਣ ਵਾਲੇ ਮੇਰੀ ਜਾਤ ਦੇ ਲੋਕ ਬਨਾਰਸ ਦੇ ਆਲੇ-ਦੁਆਲੇ ਰਹਿੰਦੇ ਹਨ ਤੇ ਹਰ ਦਿਨ ਮਰੇ ਹੋਏ ਪਸ਼ੂਆਂ ਨੂੰ ਢੋਂਦੇ ਫਿਰਦੇ ਹਨ। ਹੇ ਪ੍ਰਭੂ! ਮੈਂ ਉਨ੍ਹਾਂ ਵਿੱਚ ਜੰਮਿਆ ਹੋਇਆ ਆਪ ਜੀ ਦਾ ਸੇਵਕ ਆਪ ਜੀ ਦੇ ਨਾਮ ਦੀ ਸ਼ਰਨ ਵਿੱਚ ਰਹਿੰਦਾ ਹਾਂ, ਜਿਸ ਕਾਰਨ ਹੁਣ ਮੈਨੂੰ ਬ੍ਰਾਹਮਣਾਂ ਦੇ ਪ੍ਰਧਾਨ ਵੀ ਡੰਡਵਤ ਹੋ ਕੇ ਨਮਸਕਾਰ ਕਰਦੇ ਹਨ। ਇਹ ਸਭ ਆਪ ਜੀ ਦੇ ਨਾਮ-ਸਿਮਰਨ ਦੀ ਬਰਕਤਿ ਦਾ ਹੀ ਅਸਰ ਹੈ॥

**ਭਾਵ ਅਰਥ** : ਪ੍ਰਭੂ-ਸਿਮਰਨ ਪਾਪੀਆਂ ਨੂੰ ਪਵਿੱਤਰ ਤੇ ਨੀਵਿਆਂ ਨੂੰ ਉੱਚਾ ਕਰ ਦਿੰਦਾ ਹੈ। ਪ੍ਰਭੂ ਦੀ ਭਗਤੀ ਕੀਤਿਆਂ ਜੀਵ ਸੰਸਾਰ ਵਿੱਚ ਪੂਜਨੀਕ ਹੋ ਜਾਂਦਾ ਹੈ।

## ਰਾਗੁ ਮਲਾਰ -102

***ਹਰਿ ਜਪਤ ਤੇਊ ਜਨਾ ਪਦਮ ਕਵਲਾਸਪਤਿ, ਤਾਸ ਸਮ ਤੁਲਿ ਨਹੀ ਆਨ ਕੋਊ॥***
***ਏਕ ਹੀ ਏਕ ਅਨੇਕ ਹੋਇ ਬਿਸਥਰਿਓ, ਆਨ ਰੇ ਆਨ ਭਰਪੂਰਿ ਸੋਊ॥ ਰਹਾਉ॥***
***ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ, ਤਾਸ ਕੀ ਜਾਤਿ ਆਛੋਪ ਛੀਪਾ॥***
***ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ, ਨਾਮ ਕੀ ਨਾਮਨਾ ਸਪਤ ਦੀਪਾ॥ ੧॥***
***ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ, ਮਾਨੀਅਹਿ ਸੇਖ ਸਹੀਦ ਪੀਰਾ॥***
***ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ, ਤਿਹੂ ਰੇ ਲੋਕ ਪਰਸਿਧ ਕਬੀਰਾ॥ ੨॥***
***ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ, ਅਜਹੁ ਬੰਨਾਰਸੀ ਆਸ ਪਾਸਾ॥***
***ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ, ਤਿਨ ਤਨੈ ਰਵਿਦਾਸ ਦਾਸਾਨ ਦਾਸਾ॥੩॥੨॥***

**ਸ਼ਬਦ ਅਰਥ** : **ਹਰਿ ਜਪਤ**-ਪਰਮਾਤਮਾ ਦੇ ਨਾਮ ਦਾ ਸਿਮਰਨ। **ਤੇਊ ਜਨਾ**-ਉਸ ਜੀਵ ਨੂੰ, ਉਸ ਸੇਵਕ ਨੂੰ। **ਪਦਮ ਕਵਲਾਸਪਤਿ**- ਇੱਥੇ ਪਤਿ ਸ਼ਬਦ ਦਾ ਪਦਮ ਤੇ ਕਵਲਾਸ ਦੋਹਾਂ ਸ਼ਬਦਾਂ ਨਾਲ ਸੰਯੋਗ ਹੈ। ਸੋ ਪਦਮ ਕਵਲਾਸਪਤਿ=ਪਦਮਾਪਤਿ+ਕਵਲਾਸਪਤਿ। ਪਤਿ ਦਾ ਅਰਥ ਹੈ ਪਤੀ। ਪਦਮਾ ਦਾ ਅਰਥ ਹੈ-ਲੱਛਮੀ, ਮਾਇਆ। ਕਵਲਾਸ ਦਾ ਅਰਥ ਹੈ-ਲੱਛਮੀ, ਮਾਇਆ। ਸੋ ਪਦਮ ਕਵਲਾਸਪਤਿ ਦਾ ਅਰਥ ਹੋਇਆ-ਮਾਇਆ ਦਾ ਪਤੀ ਭਾਵ ਪਰਮਾਤਮਾ। **ਪਦਮਪਤਿ**- ਵਿਸ਼ਨੂੰ ਲਈ ਤੇ **ਕਵਲਾਸਪਤਿ** ਸ਼ਿਵਜੀ ਲਈ ਵੀ ਵਰਤਿਆ ਜਾਂਦਾ ਹੈ। **ਤਾਸ**-ਉਸ ਦੇ। **ਸਮ**-ਸਮਾਨ, ਵਰਗਾ। **ਤੁਲਿ**-ਬਰਾਬਰ। **ਆਨ**-ਦੂਸਰਾ, ਹੋਰ। **ਬਿਸਥਰਿਓ**-ਵਿਆਪਕ, ਖਿਲਰਿਆ। **ਰੇ**-ਹੇ ਭਾਈ। **ਆਨ ਰੇ ਆਨ**-ਹੋਰ ਦੂਜਾ। **ਸੋਊ**- ਉਹੀ ਪ੍ਰਭੂ। **ਭਾਗਵਤੁ**-ਪਰਮਾਤਮਾ ਦੀ ਸਿਫ਼ਤਿ ਸਾਲਾਹ। **ਲੇਖੀਐ**-ਲਿਖੀ ਜਾਂਦੀ। **ਤਾਸ ਕੀ**-ਉਸ ਦੀ। **ਆਛੋਪ**-ਅਛੇਹ, ਅਛੂਤ। **ਛੀਪਾ**-ਛੀਂਬਾ। **ਬਿਆਸ**-ਰਿਸ਼ੀ ਵਿਆਸ। **ਮਹਿ ਲੇਖੀਐ**-ਵਿੱਚ ਲਿਖਿਆ। **ਸਨਕ**-ਬ੍ਰਹਮਾ ਦਾ ਪੁੱਤਰ ਸਨਕ, ਬ੍ਰਹਮਾ ਦੇ ਚਾਰ ਪੁੱਤਰ ਸਨਕ, ਸਨਾਤਨ, ਸਨੰਦਲ ਤੇ ਸਨਤ ਕੁਮਾਰ ਸਨ ਜੋ ਬੜੇ ਤਪੱਸਵੀ ਤੇ ਧਰਮਾਤਮਾ ਬਿਰਤੀ ਦੇ ਸਨ। **ਪੇਖੀਐ**-ਦੇਖਣਾ। **ਨਾਮਨਾ**-ਮਹਿਮਾ, ਪ੍ਰਸਿੱਧੀ। **ਸਪਤ ਦੀਪਾ**-ਸੱਤਾਂ ਦੀਪਾਂ ਭਾਵ ਸਾਰੇ ਸੰਸਾਰ ਵਿੱਚ॥ ੧॥

**ਈਦਿ ਬਕਰੀਦਿ**-ਉਹ ਈਦ ਜਿਸ 'ਤੇ ਗਊ ਦੀ ਕੁਰਬਾਨੀ ਦਿੱਤੀ ਜਾਂਦੀ ਹੈ। **ਮਾਨੀਅਹਿ**-ਮੰਨੇ ਜਾਂਦੇ ਹਨ, ਪੂਜੇ ਜਾਂਦੇ ਹਨ। **ਸੇਖ**-ਮੁਸਲਮਾਨਾਂ ਦੀ ਇਕ ਖ਼ਾਸ ਜਾਤੀ, ਵਡੇਰੇ, ਬਜ਼ੁਰਗ। **ਪੀਰਾ**-ਧਰਮ ਗੁਰੂ। **ਵੈਸੀ ਕਰੀ**-ਓਦਾਂ ਕੀਤਾ ਭਾਵ ਖ਼ਾਨਦਾਨੀ ਰਵਾਇਤਾਂ ਕਰਦਾ ਰਿਹਾ। **ਐਸੀ ਸਰੀ**-ਇਹੋ ਜਿਹੀ ਕੀਤੀ। **ਤਿਹੂ ਲੋਕ**-ਤਿੰਨਾਂ ਲੋਕਾਂ॥ ੨॥

**ਕੁਟੰਬ**-ਖ਼ਾਨਦਾਨ। **ਢੇਢ**-ਨੀਚ ਜਾਤ ਦੇ ਬੰਦੇ, ਨੀਚ ਜਾਤ। **ਢੋਰ**-ਮਰੇ ਹੋਏ ਪਸ਼ੂ। **ਢੋਵੰਤ**-ਢੋਂਦੇ ਹਨ। **ਅਜਹੁ**-ਅੱਜ ਤੱਕ, ਹੁਣ ਤੱਕ। **ਆਚਾਰ ਸਹਿਤ**-ਸ਼ਾਸਤਰਾਂ ਵਿੱਚ ਦੱਸੀ ਹੋਈ ਮਰਿਆਦਾ ਅਨੁਸਾਰ। **ਬਿਪ੍ਰ**-ਬ੍ਰਾਹਮਣ। **ਡੰਡਉਤਿ**-ਡੰਡਵਤ ਪ੍ਰਣਾਮ ਕਰਨਾ। **ਤਿਨ ਤਨੈ**-ਉਹਨਾਂ ਦਾ ਪੁੱਤਰ॥ ੩॥ ੨॥

**ਪਦ ਅਰਥ** : ਹੇ ਭਾਈ! ਜੋ ਵੀ ਜੀਵ ਮਾਇਆ ਦੇ ਪਤੀ ਭਾਵ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹੈ ਉਹ ਜੀਵ ਪਰਮਾਤਮਾ ਦਾ ਸ੍ਰੇਸ਼ਟ ਸੇਵਕ ਬਣ ਜਾਂਦਾ ਹੈ ਤੇ ਫਿਰ ਉਸ ਜੀਵ ਨੂੰ ਉਸ ਪਰਮਾਤਮਾ ਵਰਗਾ ਜਾਂ ਉਸਦੇ ਬਰਾਬਰ ਦਾ ਕੋਈ ਹੋਰ ਦੂਸਰਾ ਨਹੀਂ ਦਿਸਦਾ। (ਦੂਜਾ ਅਰਥ: ਜੋ ਵੀ ਜੀਵ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹੈ ਉਹ ਪਰਮਾਤਮਾ ਦਾ ਸ੍ਰੇਸ਼ਟ ਸੇਵਕ ਬਣ ਜਾਂਦਾ ਹੈ ਤੇ ਉਸਦੀ ਬਰਾਬਰੀ ਵਿਸ਼ਨੂੰ, ਸ਼ਿਵਜੀ ਤੇ ਕੋਈ ਹੋਰ ਦੂਸਰਾ ਦੇਵਤਾ ਆਦਿ ਵੀ ਨਹੀਂ ਕਰ ਸਕਦਾ।) ਹੇ ਭਾਈ! ਪਰਮਾਤਮਾ ਇਕ ਹੈ ਤੇ ਅਨੇਕਾਂ ਰੂਪ ਧਾਰ ਕੇ ਸੰਸਾਰ ਵਿੱਚ ਵਿਆਪਕ ਹੋ ਰਿਹਾ ਹੈ ਅਤੇ ਕੋਈ ਹੋਰ ਦੂਸਰਾ ਨਹੀਂ ਬਲਕਿ ਉਹੀ 'ਇਕ' ਪਰਮਾਤਮਾ ਹੈ ਜੋ ਹਰ ਥਾਂ 'ਤੇ ਪੂਰੀ ਤਰ੍ਹਾਂ ਸਮਾਇਆ ਹੋਇਆ ਹੈ॥ ੧॥ ਰਹਾਉ॥

ਹੇ ਭਾਈ! ਨਾਮਦੇਵ ਜੀ ਦੇ ਘਰ ਵਿਖੇ ਪ੍ਰਭੂ ਦੇ ਨਾਮ ਦੀ ਸਿਫ਼ਤਿ-ਸਾਲਾਹ ਹੀ ਲਿਖੀ ਜਾਂਦੀ ਸੀ ਤੇ ਉੱਥੇ ਪ੍ਰਭੂ ਦੇ ਨਾਮ ਤੋਂ ਬਿਨਾਂ ਹੋਰ ਕੋਈ ਦੂਸਰੀ ਗੱਲ ਦੇਖਣ ਵਿੱਚ ਨਹੀਂ ਆਉਂਦੀ ਸੀ। ਉੱਚੀ ਜਾਤ ਦੇ ਲੋਕ ਨਾਮਦੇਵ ਜੀ ਦੀ ਅਛੂਤ ਕਹੀ ਜਾਣ ਵਾਲੀ 'ਛੀਂਬਾ' ਜਾਤ ਨੂੰ ਨੀਵਾਂ ਸਮਝਦੇ ਸਨ (ਪਰ ਪ੍ਰਭੂ ਦੀ

ਭਗਤੀ ਕਰਨ ਨਾਲ ਉਹ ਏਨੇਂ ਉੱਚੇ ਅਤੇ ਪਵਿੱਤਰ ਹੋ ਗਏ ਕਿ ਉਹ ਪ੍ਰਭੂ ਦਾ ਹੀ ਰੂਪ ਹੋ ਗਏ)। ਰਿਸ਼ੀ ਵੇਦ ਵਿਆਸ ਦੇ ਗ੍ਰੰਥਾਂ ਵਿੱਚ ਵੀ ਪ੍ਰਭੂ ਦੀ ਸਿਫ਼ਤਿ-ਸਾਲਾਹ ਹੀ ਲਿਖੀ ਹੋਈ ਮਿਲਦੀ ਹੈ ਅਤੇ (ਬ੍ਰਹਮਾ ਦੇ ਪੁੱਤਰ) ਸਨਕ ਦੀਆਂ ਪੁਸਤਕਾਂ ਵਿੱਚ ਵੀ ਪ੍ਰਭੂ ਦੇ ਨਾਮ ਦੀ ਹੀ ਮਹਿਮਾ ਲਿਖੀ ਹੋਈ ਦੇਖਣ ਵਿੱਚ ਆਉਂਦੀ ਹੈ। ਪ੍ਰਭੂ ਦੇ ਨਾਮ ਦੀ ਮਹਿਮਾ ਤਾਂ ਸੱਤਾਂ ਦੀਪਾਂ ਵਿੱਚ ਭਾਵ ਸਾਰੇ ਸੰਸਾਰ ਵਿੱਚ ਹੋ ਰਹੀ ਹੈ॥

2. ਹੇ ਭਾਈ! ਕਬੀਰ ਜੀ ਦੇ ਕੁਲ ਦੇ ਲੋਕ ਈਦ ਤੇ ਬਕਰੀਦ ਦੇ ਤਿਉਹਾਰ ਵਾਲੇ ਦਿਨ ਗਊਆਂ ਨੂੰ ਹਲਾਲ ਕਰਕੇ ਕੁਰਬਾਨ ਕਰਦੇ ਰਹੇ ਸਨ ਤੇ ਉਨ੍ਹਾਂ ਦੇ ਘਰਾਂ 'ਚ ਸ਼ੇਖ਼ਾਂ, ਸ਼ਹੀਦਾਂ ਤੇ ਪੀਰਾਂ ਦੀਆਂ ਮਾਨਤਾਵਾਂ ਵੀ ਮੰਨੀਆਂ ਜਾਂਦੀਆਂ ਰਹੀਆਂ ਸਨ ਤੇ ਕਬੀਰ ਜੀ ਦਾ ਪਿਉ ਵੀ ਇਹੋ ਸਭ ਖ਼ਾਨਦਾਨੀ ਰਵਾਇਤਾਂ ਕਰਦਾ ਰਿਹਾ ਸੀ। ਪਰ ਉਸ ਦੇ ਪੁੱਤਰ 'ਕਬੀਰ ਜੀ' ਨੇ ਇਨ੍ਹਾਂ ਸਭ ਖ਼ਾਨਦਾਨੀ ਰੀਤੀ-ਰਿਵਾਜ਼ਾਂ ਦੇ ਉਲਟ ਹੋ ਕੇ ਹਰਿ-ਪ੍ਰਭੂ ਦੇ ਨਾਮ-ਸਿਮਰਨ ਦੀ ਇਹੋ ਜਿਹੀ ਕਮਾਈ ਕੀਤੀ ਕਿ ਤਿੰਨਾਂ ਲੋਕਾਂ ਵਿੱਚ ਕਬੀਰ-ਕਬੀਰ ਹੋਣ ਲੱਗ ਪਈ। ਭਾਵ ਉਨ੍ਹਾਂ ਦਾ ਨਾਮ ਸਾਰੀ ਦੁਨੀਆਂ ਵਿੱਚ ਪ੍ਰਸਿੱਧ ਹੋ ਗਿਆ। ਇਹ ਸਭ ਪ੍ਰਭੂ ਦੇ ਨਾਮ-ਸਿਮਰਨ ਦੀ ਬਰਕਤਿ ਦਾ ਹੀ ਅਸਰ ਹੈ॥

3. ਹੇ ਭਾਈ! ਜਿਸਦੀ ਕੁਲ ਦੇ ਲੋਕ ਹੁਣ ਤੱਕ ਬਨਾਰਸ ਦੇ ਆਲੇ-ਦੁਆਲੇ ਰਹਿੰਦੇ ਹਨ ਤੇ ਮਰੇ ਹੋਏ ਪਸ਼ੂਆਂ ਨੂੰ ਹਰ ਦਿਨ ਢੋਂਦੇ ਫਿਰਦੇ ਹਨ, ਉਸ ਕੁਲ ਵਿੱਚ ਜੰਮੇ ਹੋਏ ਪੁੱਤਰ 'ਰਵਿਦਾਸ' ਨੂੰ ਸਾਰੇ ਬ੍ਰਾਹਮਣ ਵੀ ਸ਼ਾਸਤਰਾਂ ਵਿੱਚ ਦੱਸੀ ਹੋਈ ਮਰਿਯਾਦਾ ਅਨੁਸਾਰ ਡੰਡਵਤ ਹੋ ਕੇ ਨਮਸਕਾਰ ਕਰਦੇ ਹਨ। ਇਹ ਸਭ ਵਡਿਆਈ ਸਿਰਫ਼ ਪ੍ਰਭੂ ਦੇ ਨਾਮ-ਸਿਮਰਨ ਦੀ ਬਰਕਤਿ ਸਦਕਾ ਹੀ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਮੈਂ ਤਾਂ ਪ੍ਰਭੂ ਦੇ ਦਾਸਾਂ ਦਾ ਦਾਸ ਹਾਂ ਤੇ ਪ੍ਰਭੂ ਦੇ ਨਾਮ-ਸਿਮਰਨ ਵਿੱਚ ਹਮੇਸ਼ਾ ਪਤੀਜਿਆ ਰਹਿੰਦਾ ਹਾਂ॥

**ਭਾਵ ਅਰਥ** : ਪਰਮਾਤਮਾ ਦਾ ਨਾਮ-ਸਿਮਰਨ ਨੀਵਿਆਂ ਨੂੰ ਉੱਚਾ ਤੇ ਉਜਾਗਰ (ਜਗਤ ਪ੍ਰਸਿੱਧ) ਕਰ ਦਿੰਦਾ ਹੈ।

## ਰਾਗੁ ਮਲਾਰ -103

***ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ ॥***
***ਸਾਧਸੰਗਤਿ ਪਾਈ ਪਰਮ ਗਤੇ ॥ ਰਹਾਉ ॥***
***ਮੈਲੇ ਕਪਰੇ ਕਹਾ ਲਉ ਧੋਵਉ ॥***
***ਆਵੈਗੀ ਨੀਦ ਕਹਾ ਲਗੁ ਸੋਵਉ ॥ ੧ ॥***
***ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ ॥***
***ਝੂਠੇ ਬਨਜਿ ਉਠਿ ਹੀ ਗਈ ਹਾਟਿਓ ॥ ੨ ॥***
***ਕਹੁ ਰਵਿਦਾਸ ਭਇਓ ਜਬ ਲੇਖੋ ॥***
***ਜੋਈ ਜੋਈ ਕੀਨੋ÷ ਸੋਈ ਸੋਈ ਦੇਖਿਓ ॥ ੩ ॥ ੧ ॥ ੩ ॥***

**<u>ਸ਼ਬਦ ਅਰਥ</u>** : **ਪ੍ਰਾਨ ਨਾਥੁ**–ਜ਼ਿੰਦ ਦੇ ਸੁਆਮੀ। **ਕਵਨ ਭਗਤਿ**–ਕਿਸ ਤਰ੍ਹਾਂ ਦੀ ਭਗਤੀ। **ਪਰਮ ਗਤੇ**–ਸਭ ਤੋਂ ਉੱਚੀ ਆਤਮਿਕ ਅਵਸਥਾ। **ਮੈਲੇ ਕਪਰੇ**–ਕਰਮਾਂ ਰੂਪੀ ਮੈਲੇ ਕੱਪੜੇ। **ਨੀਦ**–ਅਗਿਆਨਤਾ ਦੀ ਨੀਂਦ। **ਕਹਾ ਲਗੁ**–ਕਦੋਂ ਤੱਕ। **ਸੋਵਉ**–ਸੌਂਵਾਂਗਾ॥ ੧॥ **ਜੋਈ ਜੋਈ**–ਜਿਹੜੇ ਜਿਹੜੇ (ਮੰਦੇ ਕਰਮ ਕੀਤੇ)। **ਫਾਟਿਓ**–ਫਟ ਗਏ, ਮੁੱਕ ਗਏ, ਖ਼ਤਮ ਹੋ ਗਏ। **ਬਨਜਿ**–ਵਪਾਰ। **ਉਠਿ ਹੀ ਗਈ**–ਖ਼ਤਮ ਹੋ ਗਈ, ਬੰਦ ਹੋ ਗਈ। **ਹਾਟਿਓ**–ਹੱਟੀ, ਦੁਕਾਨ॥ ੨॥ **ਲੇਖੋ**–ਹਿਸਾਬ ਕਿਤਾਬ॥ ੩॥ ੧॥ ੩॥

**<u>ਪਦ ਅਰਥ</u>** : ਹੇ ਜ਼ਿੰਦ ਦੇ ਸਾਈਂ ਪ੍ਰਭੂ! ਹੇ ਪ੍ਰਾਣਾਂ ਤੋਂ ਪਿਆਰੇ ਪ੍ਰਭੂ! ਜੀਵ ਆਪ ਜੀ ਨੂੰ ਕਿਸ ਤਰ੍ਹਾਂ ਦੀ ਭਗਤੀ ਕਰਕੇ ਮਿਲ ਸਕਦਾ ਹੈ? ਮੈਂ ਤਾਂ ਸਾਧ–ਸੰਗਤ ਦੀ ਬਰਕਤਿ ਸਦਕਾ ਸਭ ਤੋਂ ਉੱਚੀ ਆਤਮਿਕ ਅਵਸਥਾ ਪ੍ਰਾਪਤ ਕਰ ਲਈ ਹੈ। (ਜਿਹੜੇ ਜੀਵ ਸਾਧ–ਸੰਗਤ ਵਿੱਚ ਰਹਿ ਕੇ ਰਾਮ–ਨਾਮ ਦਾ ਸਿਮਰਨ ਕਰਦੇ ਹਨ ਉਹ ਪਰਮਾਤਮਾ ਨੂੰ ਪਾ ਲੈਂਦੇ ਹਨ।)॥ ਰਹਾਉ॥

ਮੇਰੇ ਕਰਮਾਂ–ਰੂਪੀ ਕੱਪੜੇ ਮੈਲ਼ੇ ਹਨ। ਮੈਂ ਇਨ੍ਹਾਂ ਨੂੰ ਕਿੱਥੇ ਜਾ ਕੇ ਧੋਵਾਂਗਾ? ਭਾਵ ਮਾੜੇ ਕਰਮਾਂ ਦੀ ਨਿਵ੍ਰਿਤੀ ਕਿਵੇਂ ਹੋਵੇਗੀ? ਮੈਂ ਆਤਮਿਕ ਜੀਵਨ ਵੱਲੋਂ ਬੇ–ਪਰਵਾਹੀ ਦੀ ਗੂੜ੍ਹੀ ਨੀਂਦ ਵਿੱਚ ਹੋਰ ਕਦੋਂ ਤੱਕ ਸੁੱਤਾ ਰਹਾਂਗਾ? ਹੇ ਭਾਈ! ਕਰਮਾਂ ਦੀ ਮੈਲ਼ ਅਤੇ ਆਤਮਿਕ ਜੀਵਨ ਵੱਲੋਂ ਬੇ-ਪਰਵਾਹੀ ਦੀ ਨੀਂਦ ਤੋਂ ਛੁਟਕਾਰਾ ਪਾਉਣ ਲਈ ਜੀਵ ਦਾ ਸਾਧ–ਸੰਗਤ ਤੋਂ ਬਿਨਾਂ ਹੋਰ ਕਿਤੇ ਵੀ ਟਿਕਾਣਾ ਨਹੀਂ ਹੋ ਸਕਦਾ। ਸੋ ਸਾਧ–ਸੰਗਤ ਦੇ ਸਦਕੇ ਹੀ ਕਰਮਾਂ–ਰੂਪੀ ਮੈਲ਼ੇ ਕੱਪੜੇ ਧੋਤੇ ਜਾਂਦੇ ਹਨ ਤੇ ਆਤਮਿਕ ਜੀਵਨ ਵੱਲੋਂ ਬੇ–ਪਰਵਾਹੀ ਦੀ ਨੀਂਦ ਖੁੱਲ੍ਹਦੀ ਹੈ।)॥

2. ਜੀਵ ਸਾਧ–ਸੰਗਤ ਵਿੱਚ ਆਉਣ ਤੋਂ ਪਹਿਲਾਂ ਮੋਹ–ਮਾਇਆ ਦੇ ਜੰਜਾਲ ਵਿੱਚ ਫਸ ਕੇ ਜਿਹੜੇ–ਜਿਹੜੇ ਵੀ ਮੰਦ ਕਰਮਾਂ ਦੀ ਕਮਾਈ ਕਰਦਾ ਹੈ, ਸਤਿ–ਸੰਗਤ ਵਿੱਚ ਆ ਕੇ ਉਨ੍ਹਾਂ ਸਾਰਿਆਂ ਦਾ ਲੇਖਾ ਮੁੱਕ ਜਾਂਦਾ ਹੈ। ਜੀਵ ਮਾਇਆ ਦੇ ਝੂਠੇ ਵਣਜ ਵਿੱਚ ਲੱਗ ਕੇ ਜਿਹੜੀ ਕਰਮਾਂ–ਰੂਪੀ ਹੱਟੀ ਪਾਉਂਦਾ ਹੈ ਸਾਧ–ਸੰਗਤ ਦੀ ਰਹਿਮਤ ਸਦਕਾ ਉਹ ਹੱਟੀ ਹੀ ਬੰਦ ਹੋ ਜਾਂਦੀ ਹੈ॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਜਿਸ ਸਮੇਂ ਜੀਵ ਦੇ ਕੀਤੇ ਹੋਏ ਕਰਮਾਂ ਦਾ ਧਰਮਰਾਜ ਦੇ ਦਰਬਾਰ ਵਿੱਚ ਲੇਖਾ–ਜੋਖਾ ਹੁੰਦਾ ਹੈ ਤਾਂ ਕੀਤੇ ਹੋਏ ਸਾਰੇ ਚੰਗੇ–ਮੰਦੇ ਕਰਮ ਪ੍ਰਤੱਖ ਦਿਸ ਪੈਂਦੇ ਹਨ ਫਿਰ ਜੀਵ ਆਪਣੇ ਕੀਤੇ ਹੋਏ ਚੰਗੇ–ਮੰਦੇ ਕਰਮਾਂ ਦਾ ਫਲ ਪਾਉਂਦਾ ਹੈ। (ਪਰ ਸਾਧ–ਸੰਗਤ ਵਿੱਚ ਰਹਿ ਕੇ ਨਾਮ–ਸਿਮਰਨ ਦੀ ਬਰਕਤਿ ਨਾਲ ਕਰਮਾਂ ਦਾ ਲੇਖਾ–ਜੋਖਾ ਕੱਟਿਆ ਜਾਂਦਾ ਹੈ ਤੇ ਜੀਵ ਪਰਮਾਤਮਾ ਦੀ ਹਜ਼ੂਰੀ ਵਿੱਚ ਸੁਰਖ਼ਰੂ ਹੋ ਜਾਂਦਾ ਹੈ।)॥

**<u>ਭਾਵ ਅਰਥ</u>** : ਸਾਧ–ਸੰਗਤ ਵਿੱਚ ਰਹਿਣਾ ਹੀ ਕਰਮਾਂ ਤੋਂ ਨਿਰਲੇਪ ਹੋਣਾ ਹੈ।

## ਰਾਗੁ ਆਸਾਵਰੀ -104

***ਕੇਸਵੇ! ਵਿਕਟ ਮਾਇਆ ਤੋਰ, ਤਾਤੈ ਬਿਕਲ ਗਤਿ ਮੋਰ॥ ਟੇਕ॥***

***ਸੁਬਿਸ਼ ਡਸਨ ਕਰਾਲ ਅਹਿ ਮੁਖ, ਗ੍ਰਸਿਤ ਸੁਦ੍ਰਿੜ ਸੁ ਮੇਸ਼।***

*ਨਿਰਖਿ ਮਾਖੀ ਭਖਤ ਬਿਆਕੁਲ, ਲੋਭ ਕਾਲ ਨਾ ਦੇਖ ॥ ੧ ॥*
*ਇੰਦ੍ਰਿਯਾਦਿਕ ਦੁੱਖ ਦਾਰੁਨ, ਅਸੰਖਯਾਦਿਕ ਪਾਪ ।*
*ਤੋਹਿ ਭਜਤ ਰੁਘੁਨਾਥ ਅੰਤਰਿ, ਤਾਹਿ ਤ੍ਰਾਸ ਨਾ ਤਾਪ ॥ ੨ ॥*
*ਪ੍ਰਤਿਗਿਆ ਪ੍ਰਤਿਪਾਲ ਚਹੁੰ ਜੁਗਿ, ਭਗਤਿ ਪੁਰਵਨ ਕਾਮ ।*
*ਆਸ ਮੋਹਿੰ ਭਰੋਸ ਤੋਰ, ਰਵਿਦਾਸ ਜੈ ਜੈ ਰਾਮ ॥ ੩ ॥*

**ਸ਼ਬਦ ਅਰਥ** : **ਕੇਸਵੇ**–ਹੇ ਸੋਹਣੇ ਪ੍ਰਭੂ। **ਵਿਕਟ**–ਦੁਸ਼ਟ, ਭਿਆਨਕ। **ਤਾਤੈ**–ਜਿਸ ਕਾਰਨ। **ਬਿਕਲ**–ਬੇਚੈਨ। **ਗਤਿ**–ਹਾਲਤ। **ਮੋਰ**–ਮੇਰੀ। **ਸੁਬਿਸ਼**–ਬਹੁਤ ਜ਼ਹਿਰੀਲਾ। **ਡਸਨ**–ਡੰਗ ਮਾਰਨਾ। **ਕਰਾਲ**–ਭਿਆਨਕ, ਡਰਾਉਣਾ। **ਅਹਿ ਮੁਖ**–ਸੱਪ ਦਾ ਮੂੰਹ। **ਗ੍ਰਸਿਤ**–ਗ੍ਰੱਸਿਆ ਹੋਇਆ, ਪਕੜਿਆ ਹੋਇਆ। **ਸੁਦ੍ਰਿੜ**–ਬਹੁਤ ਤਾਕਤਵਰ। **ਮੇਸ਼**–ਛਤਰਾ, ਮੀਢਾ। **ਨਿਰਖਿ**–ਦੇਖਣਾ। **ਭਖਤ**–ਖਾਣ ਲਈ। **ਕਾਲ**–ਮੌਤ ॥ ੧ ॥
**ਇੰਦ੍ਰਿਯਾਦਿਕ**–ਇੰਦ੍ਰੀਆਂ ਆਦਿਕ (ਜੋ ਕਿ ਗਿਣਤੀ ਪੱਖੋਂ ਦਸ ਹਨ ਜਿਹੜੀਆਂ ਕਿ ਇਸ ਪ੍ਰਕਾਰ ਹਨ : 2 ਅੱਖਾਂ, 2 ਕੰਨ, 2 ਨਸਾਂ, 1 ਮੂੰਹ, 1 ਗੁੱਦਾ, 1 ਲਿੰਗ ਤੇ 1 ਤਾਲੂ।) **ਦਾਰੁਨ**–ਜੋ ਸਹਾਰਿਆ ਨਾ ਜਾ ਸਕੇ। **ਅਸੰਖਯਾਦਿਕ**–ਅਣਗਿਣਤ, ਬੇਸ਼ੁਮਾਰ। **ਭਜਤ**–ਭਜਨ ਕਰਨਾ, ਸਿਮਰਨ ਕਰਨਾ। **ਰੁਘੁਨਾਥ**-(ਰੁਘੁ=ਪ੍ਰਕਾਸ਼+ਨਾਥ=ਸੁਆਮੀ), ਪ੍ਰਕਾਸ਼ ਦਾ ਸੁਆਮੀ, ਜੋਤਿ–ਸਰੂਪ ਪ੍ਰਭੂ। **ਅੰਤਰਿ**–ਮਨ ਵਿੱਚ, ਅੰਤਰ–ਆਤਮੇ। **ਤ੍ਰਾਸ**–ਡਰ। **ਤਾਪ**–ਦੁੱਖ ॥ ੨ ॥ **ਪ੍ਰਤਿਪਾਲ**–ਪਾਲਣਾ ਕਰਨਾ। **ਪੁਰਵਨ**–ਪੂਰੇ ਕਰਨਾ। **ਆਸ**– ਉਮੀਦ, ਕਾਮਨਾ ॥ ੩ ॥

**ਪਦ ਅਰਥ** : ਹੇ ਮੇਰੇ ਸੋਹਣੇ ਪ੍ਰਭੂ! ਆਪ ਜੀ ਦੀ ਰਚੀ ਹੋਈ ਮਾਇਆ ਬਹੁਤ ਦੁਸ਼ਟ ਤੇ ਭਿਆਨਕ ਹੈ, ਇਸ ਨੂੰ ਦੇਖ ਕੇ ਤਾਂ ਮੇਰੇ ਮਨ ਦੀ ਹਾਲਤ ਬਹੁਤ ਬੇਚੈਨ ਹੋ ਜਾਂਦੀ ਹੈ ॥ ਟੇਕ ॥
ਇਹ ਮਾਇਆ ਸੱਪ ਵਾਂਗ ਡਰਾਉਣਾ ਮੂੰਹ ਬਣਾ ਕੇ ਜੀਵ ਨੂੰ ਜ਼ਹਿਰੀਲਾ ਡੰਗ ਮਾਰਦੀ ਹੈ ਤੇ ਮੀਂਢੇ ਵਾਂਗ ਤਾਕਤਵਰ ਜੀਵ ਨੂੰ ਵੀ ਬੜੀ ਆਸਾਨੀ ਨਾਲ ਆਪਣੀ ਪਕੜ ਵਿੱਚ ਲੈ ਲੈਂਦੀ ਹੈ। ਜਿਸ ਤਰ੍ਹਾਂ ਮੱਖੀ ਖਾਣ ਵਾਲੇ ਪਦਾਰਥ ਨੂੰ ਦੇਖਦੇ ਸਾਰ ਹੀ ਲਾਲਚ ਵਿੱਚ ਆ ਕੇ ਉਸ ਨੂੰ ਖਾਣ ਲਈ ਵਿਆਕੁਲ ਹੋ ਜਾਂਦੀ ਹੈ ਤੇ ਆਉਣ ਵਾਲੀ ਆਪਣੀ ਮੌਤ ਨੂੰ ਨਹੀਂ ਦੇਖਦੀ ਭਾਵ ਉਸ ਨੂੰ ਭੁਲਾ ਬਹਿੰਦੀ ਹੈ, ਉਸੇ ਤਰ੍ਹਾਂ ਹੀ ਲਾਲਚੀ ਜੀਵ ਵੀ ਲੋਭ ਵਿੱਚ ਵਿਆਕੁਲ ਹੋਇਆ ਮਾਇਆ–ਜਾਲ ਵਿੱਚ ਫਸ ਜਾਂਦਾ ਹੈ ਤੇ ਆਪਣੀ ਆਤਮਿਕ ਮੌਤ ਸਹੇੜ ਲੈਂਦਾ ਹੈ ॥
2. ਜੀਵ ਦੀਆਂ ਗਿਆਨ–ਇੰਦਰੀਆਂ ਆਦਿਕ ਮਾਇਆ–ਜਾਲ ਵਿੱਚ ਫਸ ਕੇ ਨਾ ਸਹੇ ਜਾਣ ਵਾਲੇ ਦੁੱਖ ਦਿੰਦੀਆਂ ਹਨ ਤੇ ਜੀਵ ਕੋਲੋਂ ਅਣਗਿਣਤ ਪਾਪ ਕਰਾਉਂਦੀਆਂ ਹਨ। ਪਰ ਜੋ ਜੀਵ ਇੰਦਰੀਆਂ ਨੂੰ ਵੱਸ ਵਿੱਚ ਕਰਕੇ ਆਪਣੇ ਅੰਤਰੇ–ਆਤਮੇ ਹੀ ਜੋਤਿ–ਸਰੂਪ ਪ੍ਰਭੂ ਦਾ ਨਾਮ ਸਿਮਰਦਾ ਰਹਿੰਦਾ ਹੈ ਉਸਨੂੰ ਨਾ ਤਾਂ ਦੁਨੀਆਂ ਦਾ ਕੋਈ ਡਰ ਸਤਾਉਂਦਾ ਹੈ ਅਤੇ ਨਾ ਹੀ ਕੋਈ ਆਤਮਿਕ ਰੋਗ ਵਿਆਪਦਾ ਹੈ ॥
3. ਹੇ ਪਰਮਾਤਮਾ! ਆਪ ਜੀ ਬਿਰਧ–ਪਾਲਕ ਹੋ। ਆਪ ਆਪਣੀ ਪ੍ਰਤਿੱਗਿਆ

ਕਾਰਨ ਹੀ ਜੀਵਾਂ ਦੀ ਚੋਹਾਂ ਯੁੱਗਾਂ ਤੋਂ ਪਾਲਣਾ ਕਰ ਰਹੇ ਹੋ। ਆਪ ਆਪਣੇ ਭਗਤਾਂ ਦੇ ਸਾਰੇ ਕਾਰਜ ਸੰਪੂਰਨ ਕਰਦੇ ਹੋ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਪਰਮਾਤਮਾ! ਮੈਨੂੰ ਕੇਵਲ ਆਪ ਜੀ ਦੇ ਭਰੋਸੇ 'ਤੇ ਹੀ ਆਸ ਹੈ। ਆਪ ਜੀ ਦਾ ਭਰੋਸਾ ਹੀ ਮੈਨੂੰ ਮੋਹ-ਮਾਇਆ ਦੇ ਜਾਲ ਤੋਂ ਬਚਾ ਸਕਦਾ ਹੈ। ਹੇ ਪਰਮਾਤਮਾ! ਆਪ ਜੀ ਦੀ ਜੈ-ਜੈ ਕਾਰ ਹੋਵੇ॥

**ਭਾਵ ਅਰਥ** : ਜੀਵ ਮੋਹ-ਮਾਇਆ ਵਿੱਚ ਬੁਰੀ ਤਰ੍ਹਾਂ ਗ੍ਰੱਸਿਆ ਹੋਇਆ ਅਨੇਕ ਕਸ਼ਟ ਭੋਗਦਾ ਹੈ। ਪ੍ਰਭੂ ਦਾ ਨਾਮ-ਸਿਮਰਨ ਹੀ ਮਾਇਆ ਦੇ ਪ੍ਰਭਾਵ ਤੋਂ ਮੁਕਤੀ ਪਾਉਣ ਦਾ ਇੱਕੋ ਇਕ ਸਾਧਨ ਹੈ।

## ਰਾਗੁ ਆਸਾਵਰੀ -105

***ਰਾਮਹਿ ਪੂਜਾ ਕਹਾ ਚੜ੍ਹਾਊਂ। ਫਲ ਅਰੁ ਫੂਲ ਅਨੂਪਮ ਨ ਪਾਊਂ॥ ਟੇਕ॥***
***ਥਨਹਰ ਦੂਧ ਜੋ ਬਛਰੈ ਜੂਠਾਰਉ। ਪਹੁਪ ਭੰਵਰ ਜਲ ਮੀਨਿ ਬਿਟਾਰਿਓ॥ ੧॥***
***ਮੈਲਾਗਿਰ ਵੇੜ੍ਹਿਓ ਭੁਇਅੰਗਾ। ਬਿਖੁ ਅੰਮ੍ਰਿਤ ਦੋਊ ਏਕੈ ਸੰਗਾ॥ ੨॥***
***ਧੂਪ ਦੀਪ ਨਈਬੇਦਹਿ ਬਾਸਾ। ਕੈਸੈ ਪੂਜ ਕਰਹਿ ਤੇਰੀ ਦਾਸਾ॥ ੩॥***
***ਮਨਹੀ ਪੂਜਾ ਮਨਹੀ ਧੂਪ। ਮਨਹੀ ਸੇਂਊਂ ਸਹਜ ਸਰੂਪ॥ ੪॥***
***ਪੂਜਾ ਅਰਚਾ ਨ ਜਾਨੂੰ ਤੇਰੀ। ਕਹੈ ਰਵਿਦਾਸ ਕਵਨ ਗਤਿ ਮੇਰੀ॥ ੫॥***

**ਸ਼ਬਦ ਅਰਥ** : **ਰਾਮਹਿ**-ਹੇ ਰਾਮ ਜੀ। **ਕਹਾ**-ਕਿੱਥੋਂ। **ਚੜ੍ਹਾਊਂ**-ਭੇਟ ਚੜ੍ਹਾਵਾ। **ਅਨੂਪਮ**-ਪਵਿੱਤਰ, ਸੁੱਚਾ। **ਥਨਹਰ**-ਥਣਾਂ ਤੋਂ। **ਬਛਰੈ**-ਵੱਛੜੇ। **ਜੂਠਾਰਓ**-ਜੂਠਾ ਕਰ ਦਿੱਤਾ। **ਪਹੁਪ**-ਫੁੱਲ। **ਭੰਵਰ**-ਭੌਰਾ। **ਬਿਟਾਰਿਓ**-ਅਪਵਿੱਤਰ ਕਰਨਾ, ਗੰਧਲਾ ਕਰਨਾ॥ ੧॥
**ਮੈਲਾਗਿਰ**-ਮੈਲਾਗਰ ਪਰਬਤ। **ਵੇੜ੍ਹਿਓ**-ਲਿਪਟੇ। **ਭੁਇਅੰਗਾ**-ਸੱਪ। **ਬਿਖੁ**-ਜ਼ਹਿਰ। **ਸੰਗਾ**-ਸਾਥ, ਇਕੱਠੇ॥ ੨॥
**ਨਈਬੇਦਹਿ**-ਦੇਵੀ ਦੇਵਤਿਆਂ ਅੱਗੇ ਖਾਣ ਵਾਲੀ ਚੀਜ਼ ਦੀ ਭੇਟ। **ਬਾਸਾ**-ਸੁਗੰਧ॥ ੩॥
**ਸੇਂਊਂ**-ਸੇਵਾ-ਭਗਤੀ ਕਰਨਾ। **ਸਹਜ**- ਸਹਿਜ ਅਵਸਥਾ। **ਸਰੂਪ**-ਸੁੰਦਰ ਰੂਪ॥ ੪॥
**ਅਰਚਾ**-ਅਰਚਨਾ। **ਗਤਿ**-ਆਤਮਿਕ ਹਾਲਤ, ਉੱਚੀ ਆਤਮਿਕ ਅਵਸਥਾ॥ ੫॥
(**ਨੋਟ**:- ਇਹ ਸ਼ਬਦ, ਸ਼ਬਦ ਨੰਬਰ 20 ਦਾ ਲਗਭਗ ਰੁਪਾਂਤਰ ਹੈ।)

**ਪਦ ਅਰਥ** : ਹੇ ਪਰਮਾਤਮਾ! ਆਪ ਜੀ ਦੀ ਪੂਜਾ ਕਰਨ ਲਈ ਮੈਂ ਸੁੱਚੀ ਤੇ ਪਵਿੱਤਰ ਸਮੱਗਰੀ ਕਿੱਥੋਂ ਲੈ ਕੇ ਭੇਟ ਚੜ੍ਹਾਵਾਂ? ਆਪ ਜੀ ਦੀ ਪੂਜਾ ਲਈ ਸੰਸਾਰ ਦਾ ਕੋਈ ਵੀ ਫਲ ਤੇ ਫੁੱਲ ਮੈਨੂੰ ਸੁੱਚਾ ਨਹੀਂ ਲੱਭਦਾ॥ ਟੇਕ॥

ਹੇ ਪ੍ਰਭੂ! ਦੁੱਧ ਨੂੰ ਤਾਂ ਵੱਛੜੇ ਨੇ ਥਣਾਂ ਤੋਂ ਚੁੰਘ ਕੇ ਪਹਿਲਾਂ ਹੀ ਜੂਠਾ ਕਰ ਦਿੱਤਾ ਹੈ, ਫੁੱਲ ਨੂੰ ਭੌਰੇ ਨੇ ਉਸ ਦੀ ਸੁਗੰਧੀ ਲੈ ਕੇ ਭਿੱਟ ਦਿੱਤਾ ਹੈ ਤੇ ਪਾਣੀ ਨੂੰ ਮੱਛੀ ਦੀ ਛੋਹ ਨੇ ਖ਼ਰਾਬ ਕਰ ਦਿੱਤਾ ਹੈ। ਇਸ ਤਰ੍ਹਾਂ ਦੁੱਧ, ਫੁੱਲ ਤੇ ਪਾਣੀ ਜੂਠੇ ਤੇ ਅਪਵਿੱਤਰ ਹੋਣ ਕਾਰਨ ਪੂਜਾ ਦੀ ਸਮੱਗਰੀ ਵਜੋਂ ਯੋਗ ਨਹੀਂ ਰਹੇ॥

2. ਹੇ ਪ੍ਰਭੂ! ਮੈਲਾਗਰ ਪਰਬਤ ਉੱਪਰ ਚੰਦਨ ਦੇ ਰੁੱਖਾਂ ਨਾਲ ਜ਼ਹਿਰੀਲੇ ਸੱਪ ਲਿਪਟੇ ਹੁੰਦੇ ਹਨ। ਭਾਵ ਜ਼ਹਿਰ ਨਾਲ ਭਰਿਆ ਸੱਪ ਤੇ ਅੰਮ੍ਰਿਤ ਨਾਲ ਭਰਿਆ ਚੰਦਨ ਦਾ ਰੁੱਖ ਇਕ ਥਾਂ ਇਕੱਠੇ ਰਹਿ ਰਹੇ ਹਨ। ਇਸ ਤਰ੍ਹਾਂ ਚੰਦਨ ਵੀ ਸੱਪ

ਦੀ ਜ਼ਹਿਰ ਨਾਲ ਅਪਵਿੱਤਰ ਹੋ ਗਿਆ ਹੈ, ਫਿਰ ਮੈਂ ਇਸ ਅਪਵਿੱਤਰ ਚੰਦਨ ਦਾ ਤਿਲਕ ਆਪ ਜੀ ਨੂੰ ਕਿਵੇਂ ਲਗਾ ਸਕਦਾ ਹਾਂ ?॥

3. ਹੇ ਪਰਮਾਤਮਾ! ਧੂਫ਼ ਨੂੰ ਧੁਖਾਉਣ ਵਾਲਾ, ਦੀਪ ਨੂੰ ਜਗਾਉਣ ਵਾਲਾ ਤੇ ਭੋਜਨ ਪਦਾਰਥਾਂ ਨੂੰ ਤਿਆਰ ਕਰਨ ਵਾਲਾ ਤਾਂ ਇਨ੍ਹਾਂ ਦੀਆਂ ਸੁਗੰਧੀਆਂ ਨੂੰ ਪਹਿਲਾਂ ਹੀ ਸੁੰਘ ਬੈਠਾ ਹੈ ਇਸ ਤਰ੍ਹਾਂ ਇਹ ਵਸਤੂਆਂ ਪਹਿਲਾਂ ਹੀ ਜੂਠੀਆਂ ਤੇ ਅਪਵਿੱਤਰ ਹੋ ਗਈਆਂ ਹਨ। ਫਿਰ ਮੈਂ ਆਪ ਜੀ ਦਾ ਦਾਸ ਇਨ੍ਹਾਂ ਜੂਠੀਆਂ ਤੇ ਅਪਵਿੱਤਰ ਵਸਤੂਆਂ ਨਾਲ ਆਪ ਜੀ ਦੀ ਪੂਜਾ ਕਿਵੇਂ ਕਰ ਸਕਦਾ ਹਾਂ ?॥

4. ਹੇ ਪਰਮਾਤਮਾ! ਸੰਸਾਰ ਦੀਆਂ ਅਪਵਿੱਤਰ ਵਸਤੂਆਂ ਨਾਲ ਆਪ ਜੀ ਦੀ ਪੂਜਾ ਹੋ ਹੀ ਨਹੀਂ ਸਕਦੀ। ਇਸ ਲਈ ਮੈਂ ਆਪਣੇ ਅੰਤਰ-ਆਤਮੇ ਹੀ ਮਨ-ਰੂਪੀ ਧੂਫ਼ ਧੁਖਾ ਕੇ ਆਪ ਜੀ ਦੀ ਪੂਜਾ-ਅਰਾਧਨਾ ਕਰਦਾ ਹਾਂ, (ਜਿਸ ਨਾਲ ਆਤਮਿਕ ਅਡੋਲ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ ਅਤੇ ਆਪ ਜੀ ਦੇ ਸੁੰਦਰ ਸਰੂਪ ਦੇ ਦਰਸ਼ਨ ਹੁੰਦੇ ਹਨ।)॥

5. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਪਰਮਾਤਮਾ! ਮੈਂ ਆਪ ਜੀ ਦੀ ਕਿਸੇ ਤਰ੍ਹਾਂ ਦੀ ਵੀ ਬਾਹਰਮੁਖੀ ਪੂਜਾ-ਅਰਚਨਾ ਕਰਨੀ ਨਹੀਂ ਜਾਣਦਾ। ਜੇਕਰ ਸੰਸਾਰ ਦੇ ਜੂਠੇ ਤੇ ਅਪਵਿੱਤਰ ਪਦਾਰਥਾਂ ਦੀ ਭੇਟ ਨਾਲ ਆਪ ਜੀ ਦੀ ਪੂਜਾ-ਅਰਚਨਾ ਹੋ ਸਕਦੀ ਤਾਂ ਮੈਂ ਆਪ ਜੀ ਦੀ ਪੂਜਾ-ਅਰਚਨਾ ਹੀ ਨਾ ਕਰ ਸਕਦਾ। ਉਸ ਪ੍ਰਸਥਿਤੀ ਵਿੱਚ ਮੇਰਾ ਕੀ ਹਾਲ ਹੁੰਦਾ? ਮੈਂ ਉੱਚ ਆਤਮਿਕ ਅਵਸਥਾ ਨੂੰ ਕਿਵੇਂ ਪ੍ਰਾਪਤ ਕਰਦਾ? ਹੇ ਪ੍ਰਭੂ! ਮਨ-ਰੂਪੀ ਸੱਚੀ ਭੇਟ ਨਾਲ ਹੀ ਆਪ ਜੀ ਦੀ ਪੂਜਾ-ਅਰਚਨਾ ਹੋ ਸਕਦੀ ਹੈ। ਇਸ ਲਈ ਮੈਂ ਆਪਣਾ ਮਨ ਪੂਜਾ ਵਜੋਂ ਆਪ ਜੀ ਨੂੰ ਅਰਪਿਤ ਕਰਦਾ ਹਾਂ॥

<u>**ਭਾਵ ਅਰਥ**</u> : ਪਰਮਾਤਮਾ ਦੀ ਪੂਜਾ ਸੰਸਾਰਿਕ ਅਪਵਿੱਤਰ ਪਦਾਰਥ ਨਾਲ ਨਹੀਂ ਹੁੰਦੀ। ਇਹ ਤਾਂ ਆਪਾ ਭਾਵ ਮਿਟਾ ਕੇ ਤਨ ਤੇ ਮਨ ਨੂੰ ਪੂਰੀ ਤਰ੍ਹਾਂ ਪਰਮਾਤਮਾ ਦੇ ਚਰਨ-ਕੰਵਲਾਂ ਵਿੱਚ ਸਮਰਪਿਤ ਕਰਕੇ ਹੁੰਦੀ ਹੈ।

## ਰਾਗੁ ਆਸਾਵਰੀ -106

***ਬਰਜਿ ਹੋ ਬਰਜਿ ਬੀਠੁਲੇ, ਮਾਇਆ ਜਗ ਖਾਇਆ।***
***ਮਹਾਪ੍ਰਬਲ ਸਭ ਹੀ ਬਸਿ ਕੀਏ, ਸੁਰ ਨਰ ਮੁਨਿ ਭਰਮਾਇਆ॥ ਟੇਕ॥***
***ਬਾਲਕ ਬਿਰਧ ਤਰੁਨ ਅਤਿ ਸੁੰਦਰਿ, ਨਾਨਾ ਭੇਸ ਬਨਾਵੈ।***
***ਜੋਗੀ ਜਤੀ ਤਪੀ ਸੰਨਿਆਸੀ, ਪੰਡਿਤ ਰਹਿਨ ਨ ਪਾਵੈ॥ ੧॥***
***ਬਾਜੀਗਰ ਕੀ ਬਾਜੀ ਕਾਰਨਿ, ਸਬ ਕੋ ਕੌਤਿਗ ਆਵੈ।***
***ਜੋ ਦੇਖੈ ਸੋ ਭੁਲਿ ਰਹੈ, ਵਾਕਾ ਚੇਲਾ ਮਰਮ ਜੋ ਪਾਵੈ॥ ੨॥***
***ਖੰਡ ਬ੍ਰਹਿਮੰਡ ਲੋਕ ਸਭ ਜੀਤੈ, ਇਹਿ ਬਿਧਿ ਤੇਜ ਜਨਾਵੈ।***
***ਸਿਅੰਭੂ ਕਾ ਚਿਤ ਚੋਰਿ ਲਿਓ ਹੈ, ਵਾਕੈ ਪਾਛੈ ਲਾਗਾ ਧਾਵੈ॥ ੩॥***

***ਇਨ ਬਾਤਨਿ ਸੁਖਚੈਨ ਮਰਿਅਤ ਹੈ, ਸਭ ਕੋ ਰਹੇ ਉਝਾਰੀ।***
***ਨੇਕ ਦ੍ਰਿਸ਼ਟਿ ਕਿਨ ਰਾਖਹੁ ਕੈਸੌਂ, ਮੇਟੋ ਬਿਪਤਿ ਹਮਾਰੀ॥ ੪॥***
***ਕਹੈ 'ਰਵਿਦਾਸ' ਉਦਾਸ ਭਇਓ ਮਨ, ਭਾਜਿ ਕਹਾਂ ਅਬ ਜਈਏ।***
***ਇਤ ਉਤ ਤੁਮ ਗੋਬਿੰਦ ਗੁਸਾਈਂ, ਤੁਮਹੀਂ ਮਾਂਹਿ ਸਮਈਏ॥ ੫॥***

**ਸ਼ਬਦ ਅਰਥ** : **ਬਰਜਿ**-ਰੋਕਣਾ। **ਬੀਠੁਲੇ**-ਵਿਠੱਲ, ਮਾਇਆ ਦੇ ਪ੍ਰਭਾਵ ਤੋਂ ਪਰ੍ਹੇ ਰਹਿਣ ਵਾਲਾ ਪ੍ਰਭੂ। **ਮਹਾਪ੍ਰਬਲ**-ਬਹੁਤ ਬਲਵਾਨ। **ਸੁਰ**-ਦੇਵੀ ਦੇਵਤਾ। **ਭਰਮਾਇਆ**-ਭੁਲੇਖਾ ਪਾਉਣਾ, ਭਰਮਾਉਣਾ। **ਤਰੁਨ**-ਜਵਾਨ ਇਸਤਰੀ। **ਅਤਿ**-ਬਹੁਤ। **ਨਾਨਾ**-ਕਈ ਤਰ੍ਹਾਂ ਦੇ। **ਰਹਿਨ ਨ ਪਾਵੈ**-ਬਚ ਨਹੀਂ ਸਕੇ। **ਭੇਸ**-ਭੇਖ, ਰੂਪ। **ਪੰਡਿਤ**-ਵਿਦਵਾਨ॥ ੧॥
**ਕੌਤਿਗ**-ਤਮਾਸ਼ਾ, ਅਚਰਜ ਕੌਤਕ। **ਜੋ ਦੇਖੈ**-ਜੋ ਇਸ ਵੱਲ ਦੇਖਦਾ ਹੈ। **ਸੋ ਭੂਲਿ**-ਉਹ ਭੁੱਲ ਜਾਂਦਾ ਹੈ। **ਵਾਕਾ**-ਉਸਦਾ (ਉਸ ਬਾਜੀਗਰ ਰੂਪੀ ਪਰਮਾਤਮਾ ਦਾ)। **ਚੇਲਾ**-ਭਗਤ। **ਮਰਮ**-ਭੇਦ। **ਬਾਜੀ**-ਖੇਲ੍ਹ॥ ੨॥
**ਖੰਡ ਬ੍ਰਹਿਮੰਡ**-ਸਾਰੀ ਸ੍ਰਿਸ਼ਟੀ। **ਬਿਧਿ**-ਤਰ੍ਹਾਂ, ਤਰੀਕਾ। **ਤੇਜ**-ਪ੍ਰਬਲ ਪ੍ਰਕਾਸ਼। **ਜਨਾਵੈ**-ਜ਼ੋਰ ਪਾਉਣਾ, ਪ੍ਰਭਾਵ ਪਾਉਣਾ, ਜਣਾਉਣਾ। **ਸਿਅੰਭੂ**-ਵਿਸ਼ਨੂੰ। **ਚੋਰਿ ਲਿਓ**-ਮੋਹ ਲਿਆ। **ਪਾਛੈ**-ਪਿੱਛੇ। **ਧਾਵੈ**-ਦੌੜਨਾ, ਫਿਰਨਾ॥ ੩॥
**ਬਾਤਨਿ**-ਗੱਲਾਂ। **ਸੁਖਚੈਨ**-ਸੁੱਖ ਸ਼ਾਂਤੀ। **ਮਰਿਅਤ**-ਮਰ ਜਾਂਦੀ। **ਉਝਾਰੀ**-ਉਲਝਾਇਆ ਹੋਇਆ। **ਦ੍ਰਿਸ਼ਟਿ**-ਨਜ਼ਰ, ਨੀਅਤ। **ਕਿਨ**-ਕਿਵੇਂ। **ਮੇਟੋ**-ਖ਼ਤਮ ਕਰੋ, ਛੁਟਕਾਰਾ ਦਿਵਾਓ। **ਬਿਪਤਿ**-ਮੁਸੀਬਤ॥ ੪॥
**ਭਾਜਿ**-ਭੱਜ ਕੇ। **ਇਤ ਉਤ**-ਇੱਥੇ ਉੱਥੇ ਭਾਵ ਅੰਗ-ਸੰਗ। **ਸਮਈਏ**-ਸਮਾਉਣਾ। **ਗੋਬਿੰਦ**-ਜੀਵਾਂ ਦੇ ਦਿਲਾਂ ਦੀ ਜਾਣਨ ਵਾਲੇ ਪ੍ਰਭੂ। **ਗੁਸਾਈਂ**-ਧਰਤੀ ਦੇ ਸਾਈਂ ਪ੍ਰਭੂ॥ ੫॥

**ਪਦ ਅਰਥ** : ਹੇ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਪ੍ਰਭੂ! ਆਪ ਜੀ ਕ੍ਰਿਪਾ ਕਰਕੇ ਮਾਇਆ ਦੇ ਪ੍ਰਭਾਵ ਨੂੰ ਰੋਕੋ। ਇਹ ਮਾਇਆ ਬਹੁਤ ਬਲਵਾਨ ਹੋ ਗਈ ਹੈ। ਇਹ ਤਾਂ ਸਾਰੀ ਦੁਨੀਆਂ ਨੂੰ ਖਾਈ ਜਾ ਰਹੀ ਹੈ। ਇਸ ਪ੍ਰਬਲ ਮਾਇਆ ਨੇ ਸਭ ਨੂੰ ਵੱਸ ਵਿੱਚ ਕੀਤਾ ਹੋਇਆ ਹੈ। ਜੀਵ (ਮਨੁੱਖ) ਤਾਂ ਇਕ ਪਾਸੇ ਰਹੇ ਇਸ ਨੇ ਤਾਂ ਦੇਵਤਿਆਂ ਤੇ ਰਿਸ਼ੀ-ਮੁਨੀਆਂ ਨੂੰ ਵੀ ਭਰਮਾਇਆ ਹੋਇਆ ਹੈ ਤੇ ਭਟਕਣਾ ਵਿੱਚ ਪਾਇਆ ਹੋਇਆ ਹੈ॥ ਟੇਕ॥
(ਹੇ ਭਾਈ! ਇਹ ਮਾਇਆ ਅਨੇਕਾਂ ਹਾਵ-ਭਾਵ ਬਣਾਉਂਦੀ ਹੈ ਤੇ ਅਨੇਕਾਂ ਕਲੋਲ ਕਰਦੀ ਹੈ।) ਇਹ ਮਾਇਆ-ਰੂਪੀ ਠੱਗਣੀ ਕਦੇ ਬਾਲਕ ਦਾ, ਕਦੇ ਬਿਰਧ ਦਾ ਤੇ ਕਦੇ ਸੁੰਦਰ ਜਵਾਨ ਇਸਤਰੀ ਆਦਿਕ ਦਾ ਭੇਖ ਬਣਾ ਕੇ ਸਭ ਨੂੰ ਠਗੀ ਫਿਰਦੀ ਹੈ। ਸਧਾਰਨ ਬੰਦੇ ਤਾਂ ਕਿਤੇ ਰਹੇ ਵੱਡੇ-ਵੱਡੇ ਜੋਗੀ, ਜਤੀ, ਤਪੱਸਵੀ, ਸੰਨਿਆਸੀ ਤੇ ਵਿਦਵਾਨ ਆਦਿਕ ਵੀ ਇਸ ਦੇ ਪ੍ਰਭਾਵ ਤੋਂ ਬਚ ਨਹੀਂ ਸਕੇ॥
2. ਇਹ ਮਾਇਆ ਬਾਜ਼ੀਗਰ-ਪ੍ਰਭੂ ਦੀ ਰਚੀ ਹੋਈ ਇਕ ਖੇਲ੍ਹ ਹੈ, ਲੀਲਾ ਹੈ ਜੋ ਸਭਨਾਂ ਨੂੰ ਕਈ ਤਰ੍ਹਾਂ ਦੇ ਅਚਰਜ ਤਮਾਸ਼ੇ ਦਿਖਾਉਂਦੀ ਹੈ। ਜੋ ਵੀ ਜੀਵ ਇਸ ਮਾਇਆ ਨੂੰ ਦੇਖਦਾ ਹੈ ਉਹ ਸਭ ਕੁਝ ਭੁੱਲ ਜਾਂਦਾ ਹੈ (ਤੇ ਵਿਸਮਤ ਹੋਇਆ ਇਸ ਲੀਲਾ-ਰਚਨਾ ਵਿੱਚ ਹੀ ਮਸ਼ਰੂਫ਼ ਹੋ ਜਾਂਦਾ ਹੈ। ਫਿਰ ਉਹ ਇਸ ਲੀਲਾ ਦੇ

ਭੇਦਾਂ ਨੂੰ ਜਾਣਨ ਦੀ ਕੋਸ਼ਿਸ਼ ਤੱਕ ਵੀ ਨਹੀਂ ਕਰਦਾ।) ਪਰ ਬਾਜ਼ੀਗਰ-ਪ੍ਰਭੂ ਦਾ ਸੱਚਾ ਉਪਾਸਕ ਇਸ ਲੀਲਾ ਦੇ ਭੇਦਾਂ ਨੂੰ ਜ਼ਰੂਰ ਜਾਣ ਲੈਂਦਾ ਹੈ॥

3. ਇਸ ਮਾਇਆ ਦੇ ਪ੍ਰਭਾਵ ਦਾ ਤੇਜ ਏਨਾਂ ਪ੍ਰਬਲ ਹੈ ਕਿ ਇਸ ਨੇ ਖੰਡਾਂ ਬ੍ਰਹਿਮੰਡਾਂ ਦੇ ਲੋਕਾਂ ਨੂੰ ਵੀ ਜਿੱਤ ਲਿਆ ਹੈ ਤੇ ਸਾਰੀ ਸ੍ਰਿਸ਼ਟੀ ਵਿੱਚ ਇਸੇ ਦਾ ਹੀ ਡੰਕਾ ਵੱਜ ਰਿਹਾ ਹੈ। ਕਿਹਾ ਜਾਂਦਾ ਹੈ ਕਿ ਮਾਇਆ ਨੇ ਮੋਹਣੀ ਰੂਪ ਵਿੱਚ ਸ਼੍ਰੀ ਵਿਸ਼ਨੂੰ ਦਾ ਚਿੱਤ ਵੀ ਮੋਹ ਲਿਆ ਸੀ ਅਤੇ ਉਹ (ਵਿਸ਼ਨੂੰ) ਇਸ ਦੇ ਪਿੱਛੇ-ਪਿੱਛੇ ਦੌੜਦਾ ਰਿਹਾ ਸੀ। ਭਾਵ ਇਹ ਕਿ ਦੇਵੀ-ਦੇਵਤੇ ਆਦਿਕ ਵੀ ਮਾਇਆ ਦੇ ਪ੍ਰਭਾਵ ਤੋਂ ਨਹੀਂ ਬਚ ਸਕੇ॥

4. ਇਸ ਮਾਇਆ ਦੇ ਪ੍ਰਭਾਵ ਦੀਆਂ ਗੱਲਾਂ ਸੁਣ-ਸੁਣ ਕੇ ਜੀਵਾਂ ਦੇ ਮਨ ਦੀ ਸੁੱਖ-ਸ਼ਾਂਤੀ ਮਰ ਗਈ ਹੈ ਤੇ ਉਹ ਬੇਚੈਨ ਰਹਿੰਦੇ ਹਨ। ਇਸ ਮਾਇਆ ਨੇ ਆਪਣੇ ਭਰਮ-ਜਾਲ ਵਿੱਚ ਸਭ ਨੂੰ ਉਲਝਾਇਆ ਹੋਇਆ ਹੈ। ਇਹ ਤਾਂ ਸਭ ਨੂੰ ਕਹਿੰਦੀ ਹੈ ਕਿ ਮੈਂ ਤੇਰੀ ਹਾਂ-ਮੈਂ ਤੇਰੀ ਹਾਂ, ਫਿਰ ਇਸ ਤੋਂ ਬਚਣ ਲਈ ਜੀਵ ਨੇਕ ਨੀਅਤ ਕਿਵੇਂ ਰੱਖੇ ? ਹੇ ਸੋਹਣੇ ਪ੍ਰਭੂ ! ਆਪ ਜੀ ਮਾਇਆ ਦੇ ਪ੍ਰਭਾਵ ਨੂੰ ਰੋਕੋ ਤੇ ਮੈਨੂੰ ਇਸ ਮੁਸੀਬਤ ਤੋਂ ਛੁਟਕਾਰਾ ਦਿਵਾਓ ਜੀ॥

5. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਮੇਰਾ ਮਨ ਇਹ ਸੋਚ ਕੇ ਉਦਾਸ ਹੈ ਕਿ ਇਸ ਸ੍ਰਿਸ਼ਟੀ ਵਿੱਚ ਕੋਈ ਅਜਿਹੀ ਥਾਂ ਨਹੀਂ ਜਿੱਥੇ ਮਾਇਆ ਦਾ ਪ੍ਰਭਾਵ ਨਾ ਹੋਵੇ। ਫਿਰ ਮਾਇਆ ਤੋਂ ਬਚਣ ਲਈ ਜੀਵ ਭੱਜ ਕੇ ਜਾਵੇ ਤੇ ਕਿੱਥੇ ਜਾਵੇ ? ਹੇ ਦਿਲਾਂ ਦੀ ਜਾਣਨਹਾਰ-ਪ੍ਰਭੂ ! ਹੇ ਧਰਤੀ ਦੇ ਸਾਈਂ-ਪ੍ਰਭੂ ! ਜਿੱਥੇ ਮਾਇਆ ਹੈ ਉੱਥੇ ਇਧਰ-ਉਧਰ ਹਰ ਥਾਂ ਆਪ ਜੀ ਵੀ ਮੌਜੂਦ ਹੋ। ਤਾਂ ਫਿਰ ਮਾਇਆ ਤੋਂ ਬਚਣ ਦਾ ਇੱਕੋ ਇਕ ਤਰੀਕਾ ਇਹ ਹੈ ਕਿ ਜੀਵ ਆਪ ਜੀ ਦੀ ਸ਼ਰਨ ਵਿੱਚ ਆ ਜਾਵੇ ਤੇ ਆਪ ਜੀ ਵਿੱਚ ਹੀ ਸਮਾ ਜਾਵੇ॥

**ਭਾਵ ਅਰਥ** : ਮਾਇਆ ਨੇ ਆਪਣੇ ਪ੍ਰਭਾਵ ਨਾਲ ਸਾਰੇ ਜੀਵਾਂ ਨੂੰ ਉਲਝਾਇਆ ਹੋਇਆ ਹੈ। ਪ੍ਰਭੂ ਦੀ ਕ੍ਰਿਪਾ-ਦ੍ਰਿਸ਼ਟੀ ਹੀ ਜੀਵ ਨੂੰ ਮਾਇਆ ਤੋਂ ਬਚਾ ਸਕਦੀ ਹੈ।

## ਰਾਗੁ ਆਸਾਵਰੀ -107

***ਤੁਝਹਿ ਚਰਨ ਅਰਬਿੰਦ ਭਵਨ ਮਨੁ,***
***ਪਾਨ ਕਰਤ ਪਾਇਓ ਪਾਇਓ ਰਮਇਆ ਧਨੁ ॥ ਟੇਕ ॥***
***ਸੰਪਤਿ ਬਿਪਤਿ ਪਟਲ ਮਾਇਆ ਧਨ, ਤਾ ਮਹਿੰ ਮਗਨ ਨ ਹੋਤ ਤੇਰੋ ਜਨ ॥ ੧ ॥***
***ਕਹਾ ਭਇਓ ਜੇ ਗਤ ਤਨ ਛਿਨ ਛਿਨ, ਪ੍ਰੇਮ ਜਾਏ ਤੋ ਡਰਪੈ ਤੇਰੋ ਨਿਜ ਜਨ ॥ ੨ ॥***
***ਪ੍ਰੇਮ ਰਜ ਲੈ ਰਾਖੋ ਰਿਦੈ ਧਰਿ, ਕਹੈ ਰਵਿਦਾਸ ਛੂਟਿਬੋ ਕਵਨ ਪਰਿ ॥ ੩ ॥***

**ਸ਼ਬਦ ਅਰਥ** : **ਤੁਝਹਿ**-ਤੇਰੇ, ਆਪ ਜੀ ਦੇ। **ਅਰਬਿੰਦ**-ਕੰਵਲ ਦਾ ਫੁੱਲ। **ਭਵਨ**-ਘਰ, ਨਿਵਾਸ। **ਪਾਨ ਕਰਤ**-ਪੀਂਦਿਆਂ ਪੀਂਦਿਆਂ। **ਰਮਇਆ ਧਨੁ**-ਨਾਮ ਰੂਪੀ ਧਨ। **ਸੰਪਤਿ**-ਧਨ ਦੌਲਤ, ਸੁੱਖ। **ਬਿਪਤਿ**-ਮੁਸੀਬਤ, ਦੁੱਖ। **ਪਟਲ**-ਪਰਦਾ। **ਮਗਨ**-ਮਸਤ॥ ੧॥

**ਕਹਾ ਭਇਓ**–ਕੀ ਹੋਇਆ। **ਗਤ**–ਹਾਲਤ। **ਤਨ**–ਸਰੀਰ। **ਛਿਨ ਛਿਨ**–ਟੋਟੇ ਟੋਟੇ। **ਡਰਪੈ**–ਡਰਦੇ ਹਨ। **ਤੇਰੋ ਨਿਜ**–ਤੇਰੇ ਆਪਣੇ। **ਜਨ**–ਸੇਵਕ॥ ੨॥
**ਰਜ**–ਧੂੜ। **ਰਿਦੈ**–ਹਿਰਦੇ।**ਧਰਿ**–ਰੱਖਣਾ, ਵਸਾਉਣਾ। **ਛੂਟਿਬੋ**–ਛੁੱਟਣਾ, ਖ਼ਲਾਸੀ ਪਾਉਣੀ। **ਕਵਨ**–ਕਿਹੜੇ, ਕੌਣ। **ਪਰਿ**–ਹੁਣ, ਫਿਰ॥ ੩॥
(**ਨੋਟ**:– ਇਹ ਸ਼ਬਦ, ਸ਼ਬਦ ਨੰਬਰ 17 ਦਾ ਲਗਭਗ ਰੁਪਾਂਤਰ ਹੈ।)

**ਪਦ ਅਰਥ** :ਸਤਿਗੁਰੂ ਮਹਾਰਾਜ ਜੀ ਪ੍ਰਭੂ ਨਾਲ ਆਪਣੇ ਘਣੇ ਪ੍ਰੇਮ ਦਾ ਵਰਣਨ ਕਰਦੇ ਹੋਏ ਫ਼ਰਮਾਂਦੇ ਹਨ ਕਿ ਹੇ ਪ੍ਰਭੂ! ਆਪ ਜੀ ਦੇ ਸੋਹਣੇ ਚਰਨ–ਕੰਵਲਾਂ ਨੂੰ ਮੇਰੇ ਮਨ ਨੇ ਰਹਿਣ ਦਾ ਟਿਕਾਣਾ ਬਣਾ ਲਿਆ ਹੈ ਤੇ ਆਪ ਜੀ ਦਾ ਪ੍ਰੇਮ ਰਸ ਪੀਂਦਿਆਂ–ਪੀਂਦਿਆਂ ਹੀ ਮੈਨੂੰ ਆਪ ਜੀ ਦਾ ਨਾਮ–ਰੂਪੀ ਧਨ ਪ੍ਰਾਪਤ ਹੋਇਆ ਹੈ॥ ਟੇਕ॥

ਹੇ ਪਰਮਾਤਮਾ! ਸੰਸਾਰਿਕ ਸੁੱਖ–ਦੁੱਖ, ਧਨ–ਦੌਲਤ ਤੇ ਮੁਸੀਬਤ ਆਦਿਕ ਸਭ ਮਾਇਆ ਦੇ ਪਰਦੇ ਹਨ। ਇਨ੍ਹਾਂ ਪਰਦਿਆਂ ਕਾਰਨ ਹੀ ਜੀਵ ਆਪ ਜੀ ਦੇ ਸਰੂਪ ਦੇ ਦਰਸ਼ਨ ਨਹੀਂ ਕਰ ਪਾਉਂਦਾ। ਪਰ ਆਪ ਜੀ ਦਾ ਇਹ ਸੇਵਕ ਮਾਇਆ ਦੇ ਇਨ੍ਹਾਂ ਪਰਦਿਆਂ ਵਿੱਚ ਹੁਣ ਮਸਤ ਹੋ ਕੇ ਨਹੀਂ ਫਸਦਾ॥

2. ਹੇ ਪ੍ਰਭੂ! ਕੀ ਹੋਇਆ ਜੇਕਰ ਮੇਰੇ ਸਰੀਰ ਦੀ ਹਾਲਤ ਇਹੋ ਜਿਹੀ ਹੋਵੇ ਕਿ ਇਸ ਦੇ ਟੁਕੜੇ–ਟੁਕੜੇ ਹੋ ਜਾਣ? ਮੈਨੂੰ ਇਸ ਦਾ ਬਿਲਕੁਲ ਵੀ ਡਰ ਨਹੀਂ ਪਰ ਆਪ ਜੀ ਦਾ ਇਹ ਸੇਵਕ ਆਪ ਜੀ ਨਾਲੋਂ ਪ੍ਰੇਮ ਟੁੱਟ ਜਾਣ ਤੋਂ ਡਰਦਾ ਹੈ॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਪਰਮਾਤਮਾ! ਅਸਾਂ ਨੇ ਆਪ ਜੀ ਦੇ ਪ੍ਰੇਮ ਦੀ ਧੂੜ ਨੂੰ ਆਪਣੇ ਹਿਰਦੇ ਅੰਦਰ ਧਾਰਨ ਕਰ ਲਿਆ ਹੈ, ਭਾਵ ਅਸਾਂ ਨੇ ਆਪ ਜੀ ਨੂੰ ਪ੍ਰੇਮ ਸਹਿਤ ਆਪਣੇ ਹਿਰਦੇ ਵਿੱਚ ਵਸਾ ਲਿਆ ਹੈ। ਹੁਣ ਆਪ ਜੀ ਇਸ ਪ੍ਰੇਮ–ਬੰਧਨ ਤੋਂ ਕਿਵੇਂ ਛੁੱਟੋਗੇ? ਅਸੀਂ ਤਾਂ ਆਪ ਜੀ ਨਾਲ ਸਦਾ ਪ੍ਰੇਮ ਕਰਦੇ ਰਹਾਂਗੇ॥

**ਭਾਵ ਅਰਥ** : ਜੋ ਜੀਵ ਆਪਣਾ ਤਨ–ਮਨ ਅਰਪਣ ਕਰਕੇ ਪ੍ਰਭੂ ਨੂੰ ਪ੍ਰੇਮ ਕਰਦਾ ਹੈ, ਉਸ ਨੂੰ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ।

## ਰਾਗੁ ਆਸਾਵਰੀ -108

***ਬੰਦੇ ਜਾਨਿ ਸਾਹਿਬ ਗਨੀ।***
***ਸਮਝਿ ਬੇਦ ਕਤੇਬ ਬੋਲੈ, ਕਾਬੇ ਮੇਂ ਕਿਆ ਮਨੀ॥ ਟੇਕ॥***
***ਜਵਾਨੀ ਦੁਨੀ ਜਮਾਲ ਸੂਰਤਿ, ਦੇਖਿਏ ਥਿਰਿ ਨਾਹਿੰ ਵੇ।***
***ਦਮ ਛੇ ਸੈ ਸਹਸ ਇੱਕੀਸ, ਹਰ ਦਿਨ ਖਜਾਨੇ ਥੈਂ ਜਾਹਿੰ ਵੇ॥ ੧॥***
***ਮਨ੍ਹੀ ਮਾਰੇ ਗਰਬ ਗਾਫਿਲ, ਬੇਮਿਹਿਰਿ ਬੇਪੀਰ ਵੇ।***
***ਦਰੀ ਖਾਨੇ ਪਰਤ ਚੋਬਾ, ਹੋਤ ਨਹੀਂ ਤਕਸੀਰ ਵੇ॥ ੨॥***
***ਸਿਆਹੀ ਸਪੇਦੀ ਤੁਰੰਗੀ, ਨਾਨਾ ਰੰਗ ਬਿਸਾਲ ਵੇ।***
***ਨਾਪੈਦ ਤੈਂ ਪੈਦਾ ਕੀਆ, ਪੈਮਾਲ ਕਰਤ ਨ ਬਾਰ ਵੇ॥ ੩॥***

***ਕਛੁ ਗਾਂਠਿ ਖਰਚੀ ਮਿਹਰ ਤੋਸਾ, ਖੈਰ ਖੂਬੀ ਹਾਥਿ ਵੇ।***
***ਧਨੀ ਕਾ ਫੁਰਮਾਨ ਆਇਆ, ਤਬ ਕੀਆ ਚਾਲੈ ਸਾਥ ਵੇ॥ ੪॥***
***ਤਜਿ ਬਦਿਜਵਾਂ ਬੇਨਜਰਿ ਕਮਦਿਲਾਂ, ਕਰਿ ਖਸਮ ਕੀ ਕਾਨਿ ਵੇ।***
***ਰਵਿਦਾਸ ਕੀ ਅਰਦਾਸਿ ਸੁਣਿ, ਕਛੁ ਹਕ ਹਲਾਲ ਪਿਛਾਣਿ ਵੇ॥ ੫॥***

**ਸ਼ਬਦ ਅਰਥ** : **ਜਾਨਿ**–ਜਾਣ ਲੈ। **ਗਨੀ**–ਧਨੀ। **ਬੇਦ**–ਹਿੰਦੂ ਮੱਤ ਦੇ ਧਾਰਮਿਕ ਗ੍ਰੰਥ। **ਕਤੇਬ**–ਪੱਛਮੀਂ ਮਤਾਂ ਦੇ ਧਾਰਮਿਕ ਗ੍ਰੰਥ (ਕੁਰਾਨ, ਤੌਰੇਤ, ਅੰਜੀਲ, ਜੰਬੂਰ)। **ਕਾਬੇ**–ਅਰਬ ਦੇ ਮੱਕੇ ਸ਼ਹਿਰ ਵਿੱਚ ਮੁਸਲਮਾਨਾਂ ਦਾ ਇਕ ਪ੍ਰਸਿੱਧ ਧਾਰਮਿਕ ਸਥਾਨ ਜੋ ਇਸਲਾਮੀ ਕਿਤਾਬਾਂ ਅਨੁਸਾਰ ਪਹਿਲਾ ਹਜ਼ਰਤ ਆਦਮ ਨੇ ਬਣਾਇਆ ਸੀ। ਇਹ ਕਈ ਵਾਰ ਡਿੱਗਾ ਤੇ ਬਣਿਆ। ਕਿਹਾ ਜਾਂਦਾ ਕਿ ਮੁਹੰਮਦ ਸਾਹਿਬ ਨੇ ਵੀ ਇਸ ਦੀ ਨੀਂਹ ਰੱਖੀ ਸੀ। ਸੰਨ 1040 ਵਿੱਚ ਰੂਮ ਦੇ ਉਸਮਾਨੀ ਪਾਤਸ਼ਾਹ 'ਸੁਲਤਾਨ ਮੁਰਾਦ ਚੌਥੇ' ਨੇ ਕਾਬੇ ਨੂੰ ਨਵੇਂ ਸਿਰਿਓਂ ਬਣਾਇਆ ਜੋ ਹੁਣ ਤੱਕ ਕਾਇਮ ਹੈ। **ਮਨੀ**–ਹੀਰਾ, ਮੋਤੀ ਆਦਿਕ ਰਤਨ। **ਦੂਨੀ**–ਦੁਨੀਆ। **ਜਮਾਲ**–ਸੁੰਦਰ। **ਸੂਰਤਿ**–ਸੂਰਤ। **ਥਿਰਿ**–ਸਥਿਰ, ਸਦਾ ਰਹਿਣ ਵਾਲਾ। **ਦਮ**–ਸਵਾਸ। **ਸੈ**–ਸੌ। **ਸਹਸ**–ਹਜਾਰ। **ਖਜਾਨੇ**–(ਜੀਵ ਦੀ ਉਮਰ) ਦਾ ਖ਼ਜ਼ਾਨਾ॥ ੧॥
**ਮਨ੍ਹੀ ਮਾਰੇ**–ਮਨ ਵਿੱਚ ਹੀ ਮਰ ਰਿਹਾ ਹੈ। **ਗਰਬ**–ਹੰਕਾਰ। **ਗਾਫਿਲ**–ਮੂਰਖ਼। **ਬੇਮਿਹਿਰਿ**–ਬਿਨਾਂ ਮਿਹਰ ਤੋਂ, ਜ਼ਾਲਮ। **ਬੇਪੀਰ**–ਬੇਗੁਰੇ। **ਦਰੀ ਖਾਨੇ**–ਘਰ, ਦਰਵਾਰ। **ਪਰਤ ਚੋਬਾ**–(ਨਗਾਰੇ ਦੀ) ਚੋਟ ਪੈਣਾ। **ਤਕਸੀਰ**–ਗਲਤੀ, ਗੁ਼ਨਾਹ, ਅਪਰਾਧ॥ ੨॥
**ਸਿਆਹੀ**–ਕਾਲਾ ਰੰਗ। **ਸਪੇਦੀ**–ਚਿੱਟਾ ਰੰਗ। **ਤੁਰੰਗੀ**–ਸੰਤਰੀ ਰੰਗ। **ਨਾਨਾ**–ਕਈ ਤਰ੍ਹਾਂ ਦੇ। **ਬਿਸਾਲ**–ਫ਼ੈਲਿਆ ਹੋਇਆ, ਬੇਅੰਤ। **ਨਾਪੈਦ**–ਸੂਨਯ ਅਵਸਥਾ, ਅਣਹੋਂਦ। **ਪੈਦਾ ਕੀਆ**–ਰਚਨਾ ਕੀਤੀ। **ਪੈਮਾਲ**–ਬਰਬਾਦ, ਤਬਾਹ, ਵਿਨਾਸ਼। **ਬਾਰ**–ਦੇਰੀ॥ ੩॥
**ਗਾਂਠਿ**–ਗਠੜੀ, ਗੰਢ। **ਖਰਚੀ**–ਖਰਚਣ ਲਈ। **ਮਿਹਰ**–ਬਖ਼ਸ਼ਿਸ਼। **ਤੋਸਾ**–ਖਰਚ ਤੇ ਖ਼ੁਰਾਕ ਜੋ ਸਫ਼ਰ ਲਈ ਮੁਸਾਫ਼ਿਰ ਨਾਲ ਲੈ ਜਾਂਦਾ ਹੈ। **ਖੈਰ**–ਨੇਕੀ, ਭਲਾਈ, ਖ਼ੈਰਾਤ। **ਖੂਬੀ**–ਚੰਗਿਆਈ, ਭਲਾਈ, ਚੰਗੇ ਕਰਮ। **ਹਾਥਿ**–ਹੱਥ ਵਿੱਚ, ਨਾਲ। **ਧਨੀ**–ਪਰਮਾਤਮਾ ਧਨੀ। **ਫੁਰਮਾਨ**–ਹੁਕਮ, ਬੁਲਾਵਾ॥ ੪॥
**ਬਦਿਜਵਾਂ**–ਬੁਰਾ ਬੋਲਣਾ, ਭੈੜੀ ਜ਼ੁਬਾਨ। **ਬੇਨਜਰਿ**–ਭੈੜੀ ਨਜ਼ਰ। **ਕਮਦਿਲਾਂ**–ਕਮਜ਼ੋਰ ਦਿਲ ਵਾਲੇ। **ਖਸਮ**–ਪਤੀ, ਪਤੀ ਪਰਮੇਸ਼ਰ। **ਕਾਨਿ**–ਸ਼ਰਮ, ਡਰ। **ਹੱਕ ਹਲਾਲ**–ਸੱਚ ਤੇ ਇਨਸਾਫ਼ ਦੇ ਰਾਹ ਚੱਲਣਾ॥ ੫॥

**ਪਦ ਅਰਥ** : ਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਹੇ ਇਨਸਾਨ! ਤੂੰ ਇਹ ਜਾਣ ਲੈ ਕਿ ਸਰਬ–ਵਿਆਪਕ ਪ੍ਰਭੂ ਹੀ ਸ੍ਰਿਸ਼ਟੀ ਵਿੱਚ ਸਭ ਤੋਂ ਵੱਡਾ ਧਨੀ ਹੈ, ਸਭ ਤੋਂ ਵੱਡਾ ਉੱਧਾਰ–ਚਿੱਤ ਵਾਲਾ ਹੈ। ਵੇਦ, ਕੁਤੇਬ, ਕੁਰਾਨ, ਅੰਜ਼ੀਲ ਆਦਿਕ ਗ੍ਰੰਥਾਂ ਵਿੱਚ ਵੀ ਇਹੋ ਗੱਲ ਸਮਝਾ ਕੇ ਦੱਸੀ ਗਈ ਹੈ। (ਫਿਰ ਤੂੰ ਆਪਣੇ ਮਨ ਨੂੰ ਕਾਬੇ ਵਿੱਚ ਕਿਉਂ ਖੋਹਿਆ ਹੋਇਆ ਹੈ ?) ਉੱਥੋਂ ਤੈਨੂੰ ਕਿਹੜੀ ਕੋਈ ਕੀਮਤੀ ਮਣੀ ਮਿਲ ਜਾਣੀ ਹੈ ? (ਉਹ ਮਣੀ ਗੁਣ–ਰੂਪ ਪ੍ਰਭੂ ਤਾਂ ਤੇਰੇ ਅੰਦਰ ਮੌਜੂਦ ਹੈ, ਉਸ ਨੂੰ ਆਪਣੇ ਅੰਦਰੋਂ ਹੀ ਖੋਜ।)॥ ਟੇਕ॥
ਹੇ ਇਨਸਾਨ! ਇਹ ਦੁਨੀਆਂ, ਤੇਰੀ ਭਰਪੂਰ ਜਵਾਨੀ ਤੇ ਸੁੰਦਰ ਸੂਰਤ ਜਿਸ ਦਾ ਤੂੰ ਮਾਣ ਕਰਦਾ ਹੈਂ, ਸਦਾ ਰਹਿਣ ਵਾਲੇ ਨਹੀਂ ਹਨ। ਇਕ ਨਾ ਇਕ ਦਿਨ ਇਨ੍ਹਾਂ

ਸਭਨਾਂ ਦਾ ਅੰਤ ਹੋ ਜਾਣਾ ਹੈ। ਹਰ ਦਿਨ ਇੱਕੀ ਹਜ਼ਾਰ ਛੇ ਸੌ ਸਵਾਸ ਤੇਰੀ ਉਮਰ ਦੇ ਖ਼ਜ਼ਾਨੇ ਵਿੱਚੋਂ ਵਿਅਰਥ ਹੀ ਘਟੀ ਜਾ ਰਹੇ ਹਨ। ਭਾਵ ਪ੍ਰਭੂ ਦੀ ਬੰਦਗੀ ਤੋਂ ਬਿਨਾਂ ਤੂੰ ਆਪਣੇ ਜੀਵਨ ਦਾ ਇਕ-ਇਕ ਪਲ ਅਜਾਈਂ ਹੀ ਗਵਾ ਰਿਹਾ ਹੈਂ॥

2. ਹੇ ਬੇ-ਗੁਰੇ ਤੇ ਮੂਰਖ਼ ਇਨਸਾਨ! ਤੂੰ ਸੱਚੇ ਗੁਰੂ ਦੀ ਮਿਹਰ ਤੋਂ ਬਿਨਾਂ ਆਪਣੇ ਮਨ ਦੇ ਹੰਕਾਰ ਵਿੱਚ ਹੀ ਬਰਬਾਦ ਹੋ ਰਿਹਾ ਹੈਂ। ਤੂੰ ਮਨ ਨੂੰ ਵੱਸ ਵਿੱਚ ਕਰਕੇ ਪਰਮਾਤਮਾ ਦੀ ਬੰਦਗੀ ਕਰ। ਤੇਰੇ ਇਸ ਘਰ (ਭਾਵ ਸਰੀਰ-ਰੂਪੀ ਘਰ) ਵਿੱਚ ਮੌਤ ਦਾ ਨਗਾਰਾ ਹਰ ਵਕਤ ਵੱਜਦਾ ਰਹਿੰਦਾ ਹੈ ਭਾਵ ਮੌਤ ਤੇਰੇ ਸਿਰ ਉੱਤੇ ਹਰ ਦਮ ਖਲੋਤੀ ਰਹਿੰਦੀ ਹੈ, ਇਸ ਲਈ ਤੂੰ ਹੋਰ ਕੋਈ ਅਜਿਹੀ ਗ਼ਲਤੀ ਨਾ ਕਰ ਬੈਠੀਂ ਜਿਸ ਨਾਲ ਤੂੰ ਮੌਤ ਦੇ ਭਿਆਨਕ ਫੰਦੇ ਵਿੱਚ ਫੱਸ ਜਾਵੇਂ॥

3. ਹੇ ਇਨਸਾਨ! ਯਾਦ ਰੱਖ ਪਰਮਾਤਮਾ ਨੇ ਕਾਲਾ, ਚਿੱਟਾ, ਸੰਤਰੀ ਆਦਿਕ ਕਈ ਤਰ੍ਹਾਂ ਦੇ ਬੇਅੰਤ ਰੰਗ ਬਣਾਏ ਹਨ ਭਾਵ ਪਰਮਾਤਮਾ ਦੇ ਬੇਅੰਤ ਰੰਗ ਹਨ। ਉਹ ਆਪਣੀ ਰਜ਼ਾ ਦਾ ਆਪ ਮਾਲਿਕ ਹੈ। ਉਸ ਕਰਤਾ-ਪੁਰਖ ਪਰਮੇਸ਼ਰ ਨੇ ਸ੍ਰਿਸ਼ਟੀ ਨੂੰ ਸੂਨਯ ਤੋਂ ਪੈਦਾ ਕੀਤਾ ਹੈ, ਅਣਹੋਂਦ ਤੋਂ ਹੋਂਦ ਦੀ ਰਚਨਾ ਕੀਤੀ ਹੈ ਤੇ ਇਸ ਦਾ ਵਿਨਾਸ਼ ਕਰਨ ਲੱਗੇ ਵੀ ਕੋਈ ਦੇਰ ਨਹੀਂ ਲਗਾਉਂਦਾ॥

4. ਹੇ ਜੀਵ! ਅਜਿਹਾ ਨਾ ਹੋਵੇ ਕਿ ਤੈਨੂੰ ਸੰਸਾਰ ਤੋਂ ਖਾਲ੍ਹੀ ਹੱਥ ਹੀ ਜਾਣਾ ਪਵੇ। ਇਸ ਲਈ ਜਾਣ ਤੋਂ ਪਹਿਲਾਂ ਤੂੰ ਪ੍ਰਭੂ ਦਾ ਸਿਮਰਨ ਕਰਕੇ ਰਾਮ-ਨਾਮ ਦੀ ਬਖ਼ਸ਼ਿਸ਼ ਦਾ ਤੋਸਾ ਤੇ ਚੰਗੇ ਕਰਮਾਂ-ਰੂਪੀ ਖ਼ੈਰ ਦੀ ਗੰਢ ਆਪਣੇ ਪੱਲੇ ਬੰਨ੍ਹ ਲੈ ਜੋ ਤੇਰੇ ਅਗਲੇ ਸਫ਼ਰ ਵਿੱਚ ਸਹਾਈ ਹੋਵੇਗੀ। ਜਦੋਂ ਪ੍ਰਭੂ ਦਾ ਬੁਲਾਵਾ ਆਵੇਗਾ ਤਾਂ ਤੂੰ ਆਪਣੇ ਨਾਲ ਕੀ ਲੈ ਕੇ ਜਾਵੇਂਗਾ? ਭਾਵ ਸੰਸਾਰ ਦੀ ਧਨ-ਦੌਲਤ, ਧੀ-ਪੁੱਤਰ, ਵਹੁਟੀ ਆਦਿਕ ਸਭ ਇੱਥੇ ਹੀ ਰਹਿ ਜਾਣੇ ਹਨ ਪਰ ਪ੍ਰਭੂ ਦੇ ਨਾਮ ਦੀ ਕਮਾਈ ਤੇ ਕਰਮਾਂ ਦਾ ਫਲ ਤੇਰੇ ਨਾਲ ਜਾਣਾ ਹੈ। ਇਸ ਲਈ ਤੂੰ ਪ੍ਰਭੂ ਦਾ ਨਾਮ-ਸਿਮਰਨ ਤੇ ਚੰਗੇ ਕਰਮ ਕਰ ਲੈ॥

5. ਹੇ ਭੈੜੀ ਨਜ਼ਰ ਤੇ ਕਮਜ਼ੋਰ ਦਿਲ ਵਾਲੇ ਇਨਸਾਨ! ਤੂੰ ਬੁਰਾ ਬੋਲਣਾ ਛੱਡ ਦੇ। ਉਸ ਪ੍ਰਭੂ ਦੀ ਹੁਣ ਤਾਂ ਕੁਝ ਸ਼ਰਮ ਕਰ, ਹੁਣ ਤਾਂ ਉਸ ਦਾ ਡਰ-ਅਦਬ ਆਪਣੇ ਮਨ ਵਿੱਚ ਬਿਠਾ, ਅਰਥਾਤ ਹੁਣ ਤਾਂ ਵਿਕਾਰਾਂ ਨੂੰ ਤਿਆਗ ਕੇ ਪ੍ਰਭੂ ਦੀ ਸ਼ਰਨ ਵਿੱਚ ਜਾ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਹੇ ਇਨਸਾਨ! ਤੂੰ ਮੇਰੀ ਗੱਲ ਗੌਰ ਨਾਲ ਸੁਣ, ਤੂੰ ਹੱਕ-ਹਲਾਲ ਨੂੰ ਪਹਿਚਾਣ ਭਾਵ ਸੱਚਾਈ ਤੇ ਇਮਾਨਦਾਰੀ ਦੇ ਰਾਹ 'ਤੇ ਚੱਲਦਾ ਹੋਇਆ ਉਸ ਧਨੀ ਪ੍ਰਭੂ ਦੀ ਪਹਿਚਾਣ ਕਰ ਤੇ ਉਸ ਦੀ ਬੰਦਗੀ ਕਰ॥

**ਭਾਵ ਅਰਥ** : ਇਹ ਸੰਸਾਰ ਨਾਸ਼ਵਾਨ ਹੈ। ਇਸ ਲਈ ਜੀਵ ਨੂੰ ਰਾਮ-ਨਾਮ ਦੇ ਸਦੀਵੀ ਰਹਿਣ ਵਾਲੇ ਧਨ ਦੀ ਕਮਾਈ ਕਰਨੀ ਚਾਹੀਦੀ ਹੈ ਜਿਸ ਨੇ ਕਿ ਉਸਦੇ ਲੋਕ-ਪ੍ਰਲੋਕ ਵਿੱਚ ਸਹਾਈ ਹੋਣਾ ਹੈ।

## ਰਾਗੁ ਆਸਾਵਰੀ- 109

*ਸੁ ਕਛੁ ਵਿਚਾਰਿਓ ਤਾਥੈ ਮੇਰੋ ਮਨੁ ਥਿਰੁ ਹ੍ਵੈ ਰਹਿਓ।*
*ਹਰਿ ਰੰਗ ਲਾਗੋ ਤਾਥੈ ਮੇਰੋ ਬਰਨ ਪਲਟਿ ਭਇਓ ॥ ਟੇਕ ॥*
*ਧੰਨਿ ਸੋ ਪੰਥੀ ਪੰਥ ਚਲਾਵਾ। ਅਗਮ ਗਵਨ ਮੈਂ ਗਮਿ ਦਿਖਲਾਵਾ ॥ ੧ ॥*
*ਅਬਰਨ ਬਰਨ ਕਥੈ ਜਿਨਿ ਕੋਈ। ਘਟਿ ਘਟਿ ਬਿਆਪਿ ਰਹਿਓ ਹਰਿ ਸੋਈ ॥ ੨ ॥*
*ਜਿਹਿੰ ਪਦ ਸੁਰ ਨਰ ਪ੍ਰੇਮ ਪਿਆਸਾ। ਸੋ ਪਦ ਰਮਿ ਰਹਿਓ ਰਵਿਦਾਸਾ ॥ ੩ ॥*

**ਸ਼ਬਦ ਅਰਥ** : **ਸੁ**-ਕਿਹੜਾ। **ਕਛੁ**-ਥੋੜ੍ਹਾ ਜਿਹਾ। **ਵਿਚਾਰਿਓ**-ਵਿਚਾਰ ਕਰਾਂ। **ਤਾਥੈ**-ਜਿਸ ਨਾਲ। **ਥਿਰੁ**-ਟਿਕ ਜਾਵੇ, ਸਥਿਰ। **ਰੰਗ**-ਪ੍ਰੇਮ। **ਬਰਨ**-ਰੂਪ, ਰੰਗ, ਚਿੰਨ੍ਹ ਚਹਿਨ। **ਪਲਟਿ**-ਬਦਲਣਾ, ਕਾਇਆ ਕਲਪ ਹੋਣਾ, ਉਲਟਣਾ। **ਪੰਥੀ**-ਰਾਹ ਜਾਣ ਵਾਲਾ, ਰਾਹੀ। **ਪੰਥ**-ਮਾਰਗ, ਰਸਤਾ। **ਅਗਮ**-ਜਿੱਥੇ ਪਹੁੰਚਿਆ ਨਾ ਜਾਵੇ, ਦੁਰਗਮ। **ਗਵਨ**-ਜਾਣਾ, ਸਫ਼ਰ ਕਰਨਾ, ਪਹੁੰਚਣਾ। **ਗਮਿ**-ਰਸਤਾ, ਮਾਰਗ ॥ ੧ ॥

**ਅਬਰਨ ਬਰਨ**-ਨੀਵੀਂ ਜਾਤ ਉੱਚੀ ਜਾਤ, ਕੁਜਾਤ ਜਾਤ, ਨਿਰਗੁਣ ਸਗੁਣ। **ਕਥੈ**-ਕਹਿਣਾ। **ਬਿਆਪਿ**-ਵਿਆਪਕ, ਫ਼ੈਲਿਆ ਹੋਇਆ, ਬਿਰਾਜਮਾਨ ॥ ੨ ॥

**ਪਦ**-ਚਰਨ ਕੰਵਲ। **ਸੁਰ ਨਰ**-ਦੇਵੀ ਦੇਵਤੇ ਤੇ ਮਨੁੱਖ। **ਰਮਿ**-ਲੀਨ ਹੋਣਾ, ਰਮਿਆ ਹੋਣਾ, ਵਿਚਰਨਾ ॥ ੩ ॥

**ਪਦ ਅਰਥ** : ਹੇ ਸੰਤੋ! ਜੀਵ ਕਿਹੜੇ ਸਾਧਨ 'ਤੇ ਥੋੜ੍ਹਾ ਜਿਹਾ ਵਿਚਾਰ ਕਰੇ ਕਿ ਜਿਸ ਨਾਲ ਉਸ ਦਾ ਮਨ ਟਿਕਾਉ ਤੇ ਸਥਿਰ ਹੋ ਜਾਵੇ? (ਇਹ ਸਾਧਨ ਤਾਂ ਪ੍ਰਭੂ ਦੀ ਪ੍ਰੇਮਾ-ਭਗਤੀ ਹੀ ਹੋ ਸਕਦਾ ਹੈ। ਇਸ ਸਾਧਨ ਨਾਲ ਮਨ ਨੂੰ ਸਥਿਰਤਾ ਤੇ ਸ਼ੀਤਲਤਾ ਮਿਲਦੀ ਹੈ।) ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਂਦੇ ਹਨ ਕਿ ਹੁਣ ਮੈਂ ਪ੍ਰਭੂ-ਭਗਤੀ ਦੇ ਪ੍ਰੇਮ-ਰੰਗ ਵਿੱਚ ਅਜਿਹਾ ਰੰਗਿਆ ਗਿਆ ਹਾਂ ਕਿ ਮੇਰੇ ਮਨ ਦੀ ਅਵਸਥਾ ਦਾ ਪੂਰੀ ਤਰ੍ਹਾਂ ਕਾਇਆ-ਕਲਪ ਹੋ ਗਿਆ ਹੈ। (ਮੇਰਾ ਰੰਗ-ਰੂਪ ਹੀ ਬਦਲ ਗਿਆ ਹੈ, ਪ੍ਰੇਮਾ-ਭਗਤੀ ਦੇ ਨੂਰ ਨਾਲ ਮੇਰਾ ਅੰਗ-ਅੰਗ ਰੁਸ਼ਨਾ ਗਿਆ ਹੈ।) ॥ ਟੇਕ ॥

ਉਹ ਪੰਧੀ-ਰੂਪੀ ਸਤਿਗੁਰੂ ਧੰਨਤਾਯੋਗ ਹੈ, ਜਿਸ ਨੇ ਪਰਮਾਤਮਾ ਦੀ ਪ੍ਰਾਪਤੀ ਲਈ ਪ੍ਰੇਮਾ-ਭਗਤੀ ਦਾ ਮਾਰਗ ਚਲਾਇਆ। ਜੀਵਾਂ ਨੂੰ ਪਰਮਾਤਮਾ-ਰੂਪੀ ਦੁਰਗਮ ਮੰਜਿਲ ਤੱਕ ਪਹੁੰਚਣ ਲਈ ਪ੍ਰੇਮਾ-ਭਗਤੀ ਦਾ ਰਸਤਾ ਦਿਖਾਇਆ ॥

2. ਹੇ ਭਾਈ! ਇਸ ਪ੍ਰੇਮ-ਮਾਰਗ ਦਾ ਹਰ ਜੀਵ ਜਾਤ-ਪਾਤ ਦੇ ਭੇਦ-ਭਾਵ ਤੋਂ ਉੱਪਰ ਉੱਠ ਜਾਂਦਾ ਹੈ। ਫਿਰ ਉਹ ਜਾਤ-ਕੁਜਾਤ ਦੀਆਂ ਗੱਲਾਂ ਨਹੀਂ ਕਰਦਾ ਕਿਉਂਕਿ ਉਹ ਜਾਣ ਜਾਂਦਾ ਹੈ ਕਿ ਪਰਮਾਤਮਾ ਸਭਨਾਂ ਜੀਵਾਂ ਦੇ ਅੰਦਰ ਇਕ ਸਮਾਨ ਰੂਪ ਵਿੱਚ ਵਿਆਪਕ ਹੈ। (ਦੂਸਰਾ ਅਰਥ-ਕੋਈ ਉਸ ਪਰਮਾਤਮਾ ਨੂੰ ਨਿਰਗੁਣ ਕਹਿੰਦਾ ਹੈ ਤੇ ਕੋਈ ਉਸ ਨੂੰ ਸਗੁਣ ਕਹਿੰਦਾ ਹੈ ਪਰ ਉਹੀ ਇੱਕ ਪਰਮਾਤਮਾ ਸਾਰੇ ਜੀਵਾਂ ਦੇ ਘਟਾਂ ਅੰਦਰ ਇਕ ਸਮਾਨ ਵਿਆਪਕ ਰਹਿੰਦਾ ਹੈ।) ॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਜਿਸ ਪਰਮਾਤਮਾ ਦੇ ਚਰਨ-ਕੰਵਲਾਂ ਦੇ ਪ੍ਰੇਮ ਨੂੰ ਪਾਉਣ ਲਈ ਦੇਵਤੇ ਤੇ ਮਨੁੱਖ ਪਿਆਸੇ ਹਨ, ਮੈਂ

ਪ੍ਰਭੂ-ਭਗਤੀ ਰਾਹੀਂ ਉਨ੍ਹਾਂ ਚਰਨ-ਕੰਵਲਾਂ ਵਿੱਚ ਰਮ ਗਿਆ ਹਾਂ ਭਾਵ ਪ੍ਰਭੂ ਨਾਲ ਇੱਕਮਿਕ ਹੋ ਗਿਆ ਹਾਂ (ਤੇ ਪਰਮ-ਆਨੰਦਮਈ ਅਵਸਥਾ ਵਿੱਚ ਵਿਚਰ ਰਿਹਾ ਹਾਂ।)॥

**ਭਾਵ ਅਰਥ** : ਜਦੋਂ ਜੀਵ ਪ੍ਰਭੂ ਦੇ ਨਾਮ ਦਾ ਵਿਚਾਰ ਕਰਦਾ ਹੈ ਤਾਂ ਉਸ ਦੇ ਮਨ ਦੀ ਅਵਸਥਾ ਬਦਲ ਜਾਂਦੀ ਹੈ। ਫਿਰ ਉਹ ਪ੍ਰਭੂ ਦੀ ਪ੍ਰੇਮਾ-ਭਗਤੀ 'ਚ ਲੱਗ ਜਾਂਦਾ ਹੈ।

## ਰਾਗੁ ਆਸਾਵਰੀ- 110

***ਭਾਈ ਰੇ ਸਹਜ ਬੰਦੋ ਸੋਈ, ਬਿਨ ਸਹਜ ਸਿਧਿ ਨ ਹੋਈ।***
***ਲਯੌਲੀਨ ਮਨ ਜੋ ਜਾਨਿਓ, ਜਬ ਕੀਟ ਭ੍ਰਿੰਗੀ ਹੋਈ॥ ਟੇਕ॥***
***ਆਪਾ ਪਰ ਚੀਨ੍ਹੈ ਨਹੀਂ ਰੇ, ਔਰ ਕੋ ਉਪਦੇਸ਼।***
***ਕਹਾਂ ਤੇ ਤੁਮ ਆਇਓ ਰੇ ਭਾਈ, ਜਾਹੁੰਗੇ ਕਿਤ ਦੇਸ॥ ੧॥***
***ਕਹੀਏ ਤੋ ਕਹੀਏ ਕਾ ਕਹਿ ਕਹੀਏ, ਕਹਿਯਾਂ ਨ ਕੋ ਪਤਿਆਇ।***
***ਰਵਿਦਾਸ ਦਾਸ ਅਜਾਨ ਹ੍ਵੈ ਕਰਿ, ਰਹਿਓ ਸਹਜ ਸਮਾਇ॥ ੨॥***

**ਸ਼ਬਦ ਅਰਥ** : **ਸਹਜ**-ਸਹਿਜ ਸੁੰਨਿ ਅਵਸਥਾ, ਆਤਮਿਕ ਅਡੋਲ ਅਵਸਥਾ। **ਬੰਦੋ**-ਬੰਦਗੀ। **ਸੋਈ**-ਉਸ ਪਰਮਾਤਮਾ ਦੀ। **ਸਿਧਿ**-ਕਾਮਯਾਬੀ, ਯਕੀਨੀ ਬਣਾਉਣਾ। **ਲਯੌਲੀਨ ਮਨ**-(ਲਯੋ-ਲਿਵ+ਲੀਨ-ਸਮਾਉਣ) ਉਹ ਮਨ ਜੋ ਦੂਜੇ ਨਾਲ ਲਿਵ ਲਾ ਕੇ ਉਸ ਵਿੱਚ ਸਮਾ ਜਾਵੇ। **ਕੀਟ**-ਕੀੜੇ ਪਤੰਗੇ। **ਭ੍ਰਿੰਗੀ**-ਇਕ ਕੀੜਾ ਜੋ ਦੂਸਰੀ ਕਿਸਮ ਦੇ ਕੀੜੇ-ਪਤੰਗਿਆਂ ਨੂੰ ਆਪਣਾ ਸਰੂਪ ਬਣਾ ਲੈਂਦਾ ਹੈ। **ਆਪਾ**-ਆਪਣੇ ਆਪ। **ਪਰ**-ਪਰਾਇਆ। **ਚੀਨ੍ਹੈ**-ਪਹਿਚਾਣ ਕਰਨਾ॥ ੧॥ **ਪਤਿਆਇ**-ਵਿਸ਼ਵਾਸ ਕਰਨਾ। **ਅਜਾਨ**-ਅਣਜਾਣ, ਅੰਞਾਣ॥ ੨॥

**ਪਦ ਅਰਥ** : ਹੇ ਭਾਈ! ਆਤਮਿਕ ਅਡੋਲ ਅਵਸਥਾ ਵਿੱਚ ਟਿਕ ਕੇ ਹੀ ਪਰਮਾਤਮਾ ਦੀ ਬੰਦਗੀ ਕਰਨੀ ਚਾਹੀਦੀ ਹੈ। ਆਤਮਿਕ ਅਡੋਲ ਅਵਸਥਾ ਦੀ ਬੰਦਗੀ ਤੋਂ ਬਿਨਾਂ ਪਰਮਾਤਮਾ ਨੂੰ ਸਿੱਧ ਨਹੀਂ ਕੀਤਾ ਜਾ ਸਕਦਾ ਅਰਥਾਤ ਪਰਮਾਤਮਾ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ। ਹੇ ਭਾਈ! ਉਸ ਜੀਵ ਦੇ ਮਨ ਨੂੰ ਜਾਣੋ, ਜੋ ਦੂਜੇ ਨਾਲ ਲਿਵ ਲਾ ਕੇ ਉਸ ਵਿੱਚ ਲੀਨ ਹੋ ਜਾਂਦਾ ਹੈ। ਜਿਵੇਂ ਕਿ ਜਦੋਂ ਭ੍ਰਿੰਗੀ ਕਿਸੇ ਕੀੜੇ ਨੂੰ ਅਪਣਾਉਣ ਲਈ ਉਸ ਦੇ ਚਾਰੇ ਪਾਸੇ ਚੱਕਰ ਲਾਉਂਦਾ ਹੈ ਤਾਂ ਉਹ ਕੀੜਾ ਭ੍ਰਿੰਗੀ ਦਾ ਵਿਚਾਰ ਕਰਦੇ-ਕਰਦੇ ਖ਼ੁਦ ਭ੍ਰਿੰਗੀ ਦਾ ਸਰੂਪ ਹੋ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਪਰਮਾਤਮਾ ਜੀਵ 'ਤੇ ਰਹਿਮਤ ਬਖ਼ਸ਼ਦੇ ਹਨ ਤਾਂ ਉਸ ਜੀਵ ਦੇ ਮਨ ਨੂੰ ਆਪਣੀ ਬੰਦਗੀ ਵਿੱਚ ਲਗਾਉਂਦੇ ਹਨ। ਫਿਰ ਉਹ ਜੀਵ ਪਰਮਾਤਮਾ ਦੀ ਬੰਦਗੀ ਕਰਦਾ ਹੋਇਆ ਉਸ ਵਿੱਚ ਲੀਨ ਹੋ ਕੇ ਉਸੇ ਦਾ ਹੀ ਰੂਪ ਹੋ ਜਾਂਦਾ ਹੈ॥ ਟੇਕ॥

ਹੇ ਭਾਈ! ਜੀਵ ਆਪਣੇ-ਆਪ ਦੀ ਤੇ ਪਰਾਏ ਦੀ ਤਾਂ ਪਹਿਚਾਣ ਨਹੀਂ ਕਰਦਾ ਅਰਥਾਤ ਜੀਵ (ਜੋ ਕਿ ਸਰੀਰ ਨਹੀਂ ਬਲਕਿ ਆਤਮਾ-ਰੂਪ ਹੈ ਤੇ ਇਕ ਚੇਤਨ ਸਤਾ ਹੈ), ਉਸ ਦੇ ਅਸਤਿਤਵ ਨੂੰ ਜਾਣਨ ਦੀ ਕੋਸ਼ਿਸ਼ ਨਹੀਂ ਕਰਦਾ ਤੇ ਨਾ ਹੀ ਇਸ ਪਰਾਏ ਜਗਤ ਨੂੰ ਪਹਿਚਾਨਣ ਦੀ ਕੋਸ਼ਿਸ਼ ਕਰਦਾ ਹੈ ਪਰ ਇਨ੍ਹਾਂ ਬਾਰੇ

ਦੂਜਿਆਂ ਨੂੰ ਉਪਦੇਸ਼ ਦਿੰਦਾ ਰਹਿੰਦਾ ਹੈ। ਹੇ ਭਾਈ! ਉਪਦੇਸ਼ ਦੇਣ ਦੀ ਥਾਂ ਜੀਵ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਉਹ ਕਿੱਥੋਂ ਆਇਆ ਸੀ ਤੇ ਸਰੀਰ ਛੱਡਣ ਉਪਰੰਤ ਉਹ ਕਿਹੜੇ ਦੇਸ਼ (ਥਾਂ-ਟਿਕਾਣੇ) ਜਾਵੇਗਾ? ਅਰਥਾਤ ਉਸ ਨੂੰ ਆਪਣਾ ਮੂਲ ਪਹਿਚਾਣ ਕੇ ਆਪਣਾ ਪਰਲੋਕ ਸੰਵਾਰਨਾ ਚਾਹੀਦਾ ਹੈ। ਭਾਵ ਆਤਮਾ ਨੂੰ ਪਰਮਾਤਮਾ ਨਾਲ ਡੂੰਘੀ ਸਾਂਝ ਪਾ ਕੇ ਉਸ 'ਚ ਸਮਾਉਣਾ ਚਾਹੀਦਾ ਹੈ॥

2. ਹੇ ਭਾਈ! ਪ੍ਰਭੂ ਵਿੱਚ ਸਮਾਉਣ ਦੀ ਅਵਸਥਾ ਬਾਰੇ ਕੁਝ ਕਹਾਂਗੇ ਵੀ ਤਾਂ ਕੀ ਕਹਿ ਕੇ ਕਹਾਂਗੇ? ਇਸ ਕਹਿਣ 'ਤੇ ਕੌਣ ਯਕੀਨ ਕਰੇਗਾ? (ਭਾਵ ਪ੍ਰਭੂ 'ਚ ਸਮਾਉਣ ਦੀ ਅਵਸਥਾ ਕੋਈ ਕਹਿਣ ਦੀ ਗੱਲ ਨਹੀਂ ਸਗੋਂ ਬੰਦਗੀ ਰਾਹੀਂ ਅਨੁਭਵ ਕਰਨ ਦੀ ਅਵਸਥਾ ਹੈ।) ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਹੇ ਪ੍ਰਭੂ! ਮੈਂ ਆਪ ਜੀ ਦਾ ਅਨਜਾਣ ਦਾਸ ਆਪ ਜੀ ਦੀ ਰਹਿਮਤ ਸਦਕਾ ਆਤਮਿਕ ਅਡੋਲ ਅਵਸਥਾ ਵਿੱਚ ਪਹੁੰਚ ਕੇ ਆਪ ਜੀ ਵਿੱਚ ਸਮਾ ਗਿਆ ਹਾਂ ਤੇ ਆਪ ਜੀ ਦਾ ਹੀ ਰੂਪ ਹੋ ਗਿਆ ਹਾਂ, ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਕੀੜਾ ਭ੍ਰਿੰਗੀ ਦਾ ਰੂਪ ਹੋ ਜਾਂਦਾ ਹੈ॥

**ਭਾਵ ਅਰਥ** : ਪਰਮਾਤਮਾ ਮਿਹਰ ਕਰੇ ਤਾਂ ਉਹ ਜੀਵ ਨੂੰ ਆਪਣੀ ਪ੍ਰੇਮਾ-ਭਗਤੀ ਬਖ਼ਸ਼ ਕੇ ਉਸ ਨੂੰ ਆਪਣੇ ਵਿੱਚ ਸਮਾ ਕੇ ਆਪਣਾ ਹੀ ਰੂਪ ਬਣਾ ਲੈਂਦਾ ਹੈ।

# ਰਾਗੁ ਆਸਾਵਰੀ -111

***ਦੇਹੁ ਕਲਾਲੀ ਏਕ ਪਿਆਲਾ। ਐਸਾ ਅਵਧੂ ਹੋਈ ਮਤਿਵਾਲਾ॥ ਟੇਕ॥***
***ਕਹੈ ਕਲਾਲੀ ਪਿਆਲਾ ਦੇਊਂ। ਪੀਵਨਹਾਰੈ ਕਾ ਸਿਰ ਲੇਊਂ॥ ੧॥***
***ਏਰੀ ਕਲਾਲੀ ਤੈਂ ਕਿਆ ਕੀਆ। ਸਿਰ ਕੇ ਸਾਟੈ ਪਿਆਲਾ ਦੀਆ॥***
***ਸਿਰ ਕੈ ਸਾਟੈ ਮਹਿੰਗਾ ਭਾਰੀ। ਪੀਵੇਗਾ ਅਪਨਾ ਸਿਰ ਡਾਰੀ॥ ੨॥***
***ਚੰਦ ਸੂਰ ਦੋਊ ਸਨਮੁਖ ਹੋਈ। ਪੀਵੈ ਪਿਆਲਾ ਮਰੈ ਨ ਕੋਈ॥ ੩॥***
***ਸਹਿਜ ਸੁੰਨਿ ਮੇਂ ਭਾਠੀ ਸ੍ਰਵੈ। ਪੀਵੈ ਰਵਿਦਾਸ ਗੁਰਮੁਖਿ ਦ੍ਰਵੈ॥ ੪॥***

**ਸ਼ਬਦ ਅਰਥ** :**ਕਲਾਲੀ**-ਸ਼ਰਾਬ ਵੇਚਣ ਵਾਲਾ। **ਅਵਧੂ**-ਮਨ ਦਾ ਧਿਆਨ ਲਗਾਉਣਾ, ਮਤਵਾਲਾ ਸੰਨਿਆਸੀ। **ਮਤਿਵਾਲਾ**-ਮਸਤ। **ਪੀਵਨਹਾਰੈ**-ਪੀਣ ਵਾਲੇ॥ ੧॥
**ਸਾਟੈ**-ਬਦਲੇ ਵਿੱਚ। **ਭਾਰੀ**-ਬਹੁਤੀ, ਭਾਰ ਵਾਲਾ। **ਡਾਰੀ**-ਤਿਆਗ ਕੇ, ਸੁੱਟ ਕੇ॥ ੨॥
**ਚੰਦ ਸੂਰ**-ਚੰਦਰਮਾਂ ਤੇ ਸੂਰਜ। **ਸਨਮੁਖ**-ਸਾਹਮਣੇ ਹੋਣਾ, ਪ੍ਰਗਟ ਹੋਣਾ॥ ੩॥
**ਸਹਿਜ ਸੁੰਨਿ**-ਸੁੰਨਿ ਸਹਿਜ ਅਵਸਥਾ, ਆਤਮਿਕ ਅਡੋਲ ਅਵਸਥਾ ਜਿੱਥੇ ਮਨ ਵਿੱਚ ਮਾਇਆ ਦਾ ਕੋਈ ਫ਼ੁਰਨਾ ਨਹੀਂ ਉੱਠਦਾ। **ਭਾਠੀ**-ਭੱਠੀ। **ਸ੍ਰਵੈ**-ਟਪਕਣਾ, ਰਿਸਣਾ। **ਦ੍ਰਵੈ**-ਦਇਆਵਾਨ ਹੋਣਾ। **ਗੁਰਮੁਖਿ**-ਗੁਰੂ+ਮੁਖਿ ਭਾਵ ਗੁਰੂ ਦਾ ਮੁਖ ਭਾਵ ਗੁਰੂ ਦਾ ਚਿਹਰਾ ਭਾਵ ਗੁਰੂ। **ਗੁਰਮੁਖਿ ਦ੍ਰਵੈ**-ਗੁਰੂ ਦੀ ਕਿਰਪਾ ਦੁਆਰਾ॥ ੪॥

**ਪਦ ਅਰਥ** : ਹੇ ਸ਼ਰਾਬ ਵੇਚਣ ਵਾਲੇ ਕਲਾਲੀ! ਮੈਨੂੰ ਇਕ ਸ਼ਰਾਬ ਦਾ ਪਿਆਲਾ ਦਿਓ ਜਿਸ ਨੂੰ ਪੀ ਕੇ ਮੈਂ ਨਸ਼ੇ ਵਿੱਚ ਮਸਤ ਹੋ ਜਾਵਾਂ। ਭਾਵ ਪ੍ਰਭੂ ਦੇ ਅੰਮ੍ਰਿਤ-ਰੂਪੀ ਨਾਮ-ਰਸ ਦਾ ਪਿਆਲਾ ਦੇਣ ਵਾਲੇ ਸਤਿਗੁਰੂ ਜੀ ਮੈਨੂੰ ਵੀ ਐਸੇ ਨਾਮ-

ਰਸ ਦਾ ਪਿਆਲਾ ਦਿਓ ਜਿਸ ਨੂੰ ਪੀ ਕੇ ਮੈਂ ਮਤਵਾਲੇ ਸੰਨਿਆਸੀ ਦੀ ਤਰ੍ਹਾਂ ਮਸਤ ਹੋ ਜਾਵਾਂ॥ ਟੇਕ॥

ਗੁਰੂ-ਰੂਪੀ ਕਲਾਲੀ ਕਹਿੰਦੇ ਹਨ ਕਿ ਮੈਂ ਤੈਨੂੰ ਨਾਮ-ਰਸ ਦਾ ਪਿਆਲਾ ਫਿਰ ਹੀ ਦੇਵਾਂਗਾ ਜੇਕਰ ਤੂੰ ਆਪਣਾ ਸਿਰ ਮੈਨੂੰ ਭੇਟ ਕਰੇਂਗਾ। ਭਾਵ ਆਪਾ-ਭਾਵ ਮਿਟਾ ਕੇ ਹੀ ਗੁਰੂ-ਰੂਪੀ ਕਲਾਲੀ ਪਾਸੋਂ ਪ੍ਰਭੂ ਦਾ ਨਾਮ-ਰਸ ਪ੍ਰਾਪਤ ਹੁੰਦਾ ਹੈ॥

2. ਜੀਵ ਕਹਿੰਦਾ ਹੈ ਕਿ ਹੇ ਗੁਰੂ-ਰੂਪੀ ਕਲਾਲੀ ਜੀ! ਇਹ ਤੁਸੀਂ ਕੀ ਕੀਤਾ? ਕੀ ਤੁਸੀਂ ਮੇਰਾ ਸਿਰ ਲੈ ਕੇ ਹੀ ਮੈਨੂੰ ਨਾਮ-ਰਸ ਦਾ ਪਿਆਲਾ ਦੇਣਾ ਹੈ? ਭਾਵ ਆਪ ਜੀ ਸਿਰ ਦੀ ਥਾਂ ਮੇਰੀ ਕੋਈ ਹੋਰ ਚੀਜ਼ ਲੈ ਲਵੋ। ਗੁਰੂ-ਰੂਪੀ ਕਲਾਲੀ ਕਹਿੰਦੇ ਹਨ ਕਿ ਸਿਰ ਦੇ ਬਦਲੇ 'ਚ ਇਸ ਪਿਆਲੇ ਦੀ ਕੀਮਤ ਬਹੁਤ ਮਹਿੰਗੀ ਹੈ। ਭਾਵ ਸਿਰ ਦੇ ਕੇ ਵੀ ਜੇਕਰ ਨਾਮ-ਰਸ ਦਾ ਪਿਆਲਾ ਮਿਲ ਜਾਵੇ ਤਾਂ ਇਹ ਸੌਦਾ ਸਸਤਾ ਸਮਝਣਾ ਚਾਹੀਦਾ ਹੈ। ਜੀਵ ਆਪਣੀ ਹਉਮੈ ਨੂੰ ਛੱਡ ਕੇ ਹੀ ਨਾਮ-ਰਸ ਦਾ ਪਿਆਲਾ ਪੀ ਸਕਦਾ ਹੈ॥

3. ਹੇ ਭਾਈ! ਨਾਮ-ਰਸ ਦੇ ਪਿਆਲੇ ਨੂੰ ਪੀਂਦੇ ਸਾਰ ਹੀ ਚੰਦ ਤੇ ਸੂਰਜ ਦੋਨੋਂ ਸਾਹਮਣੇ ਆ ਜਾਂਦੇ ਹਨ ਭਾਵ ਚੰਦ੍ਰਮਾ ਵਰਗੀ ਸ਼ਾਂਤੀ ਤੇ ਸ਼ੀਤਲਤਾ ਤੇ ਸੂਰਜ ਵਰਗਾ ਪ੍ਰਕਾਸ਼ ਤੇ ਰੱਬੀ ਤੇਜ ਆਦਿਕ ਦੇ ਗੁਣ-ਰੂਪ, ਜੋ ਜੀਵ ਅੰਦਰ ਮੌਜੂਦ ਹੁੰਦੇ ਹਨ ਉਹ ਸਾਰੇ ਹੀ ਪ੍ਰਗਟ ਹੋ ਜਾਂਦੇ ਹਨ। ਫਿਰ ਆਤਮਿਕ ਅਡੋਲਤਾ ਵਿੱਚ ਟਿੱਕਿਆ ਹੋਇਆ ਜੀਵ ਨਾਮ-ਸਿਮਰਨ ਦੀ ਬਰਕਤਿ ਨਾਲ ਅਟੱਲ ਆਤਮਿਕ ਜੀਵਨ ਪ੍ਰਾਪਤ ਕਰ ਲੈਂਦਾ ਹੈ ਜਿਸ ਕਾਰਨ ਉਹ ਫਿਰ ਕਦੇ ਮਰਦਾ ਨਹੀਂ ਭਾਵ ਆਤਮਿਕ ਮੌਤ ਉਸ ਨੂੰ ਕਦੇ ਪੋਂਹਦੀ ਨਹੀਂ॥

4. ਹੇ ਭਾਈ! ਇਹ ਨਾਮ-ਰਸ ਸਹਿਜ-ਸੁੰਨਿ ਅਵਸਥਾ (ਜਿੱਥੇ ਮਾਇਆ ਦੇ ਫ਼ੁਰਨਿਆਂ ਵੱਲੋਂ ਸੁੰਞ ਹੀ ਸੁੰਞ ਹੁੰਦੀ ਹੈ) ਵਿੱਚ ਚੱਲ ਰਹੀ ਪ੍ਰਭੂ-ਲੀਨਤਾ ਦੀ ਰੌ-ਰੂਪੀ ਭੱਠੀ ਵਿੱਚੋਂ ਨਿਰੰਤਰ ਰਿਸਦਾ ਰਹਿੰਦਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਇਸ ਨਾਮ-ਰਸ ਦੇ ਪਿਆਲੇ ਨੂੰ ਕਿਸੇ ਪੂਰਨ ਗੁਰੂ ਦੀ ਰਹਿਮਤ ਸਦਕਾ ਹੀ ਪੀਤਾ ਜਾ ਸਕਦਾ ਹੈ॥

**ਭਾਵ ਅਰਥ** : ਆਪਾ-ਭਾਵ ਮਿਟਾ ਕੇ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ ਤੇ ਸਤਿਗੁਰੂ ਦੇ ਬਖ਼ਸ਼ੇ ਹੋਏ ਨਾਮ-ਰਸ ਨੂੰ ਪੀ ਕੇ ਹੀ ਜੀਵ ਅਮਰ ਪਦ ਪ੍ਰਾਪਤ ਕਰਦਾ ਹੈ।

## ਰਾਗੁ ਆਸਾਵਰੀ -112

***ਐਸੀ ਮੇਰੀ ਜਾਤਿ ਵਿਖਿਆਤ ਚਮਾਰੰ। ਹਿਰਦੇ ਰਾਮ ਗੋਬਿੰਦ ਗੁਨ ਸਾਰੰ॥ ਟੇਕ॥***
***ਸੁਰਸਰੀ ਜਲ ਲੀਆ ਕ੍ਰਿਤ ਬਾਰੁਨੀ ਰੇ, ਜਿਸੈ ਸੰਤ ਜਨ ਕਰਤ ਨਹੀਂ ਪਾਨੰ।***
***ਸੁਰਾ ਅਪਵਿਤ੍ਰ ਨਤ ਗੰਗਾਜਲ ਮਾਨਿਏ, ਸੁਰਸਰੀ ਮਿਲਤ ਨਹੀਂ ਹੋਤ ਆਨੰ॥ ੧॥***
***ਤਰ ਤਾਰਿ ਅਪਵਿਤ੍ਰ ਕਰਿ ਮਾਨਿਏ, ਜੈਸੇ ਕਾਗਰਾ ਕਰਤ ਬਿਚਾਰੰ।***
***ਭਗਤ ਭਗਵੰਤ ਜਬ ਊਪਰੇ ਲਿਖਿਏ, ਤਬ ਪੂਜਿਏ ਕਰਿ ਨਮਸਕਾਰੰ॥ ੨॥***

***ਅਨੇਕ ਅਧਮ ਜੀਵ ਨਾਮ ਸੁਨਿ ਊਧਰੇ, ਪਤਿਤ ਪਾਵਨ ਭਏ ਪਰਸਿ ਸਾਰੰ।***
***ਭਨਤ ਰਵਿਦਾਸ ਰਰੰਕਾਰ ਗੁਨ ਗਾਬੰਤ, ਸੰਤ ਸਾਧੂ ਭਏ ਸਹਿਜ ਪਾਰੰ॥ ੩॥***

**ਸ਼ਬਦ ਅਰਥ** : **ਵਿਖਿਆਤ**-ਮਸ਼ਹੂਰ। **ਗੁਨ**-ਗੁਣਾਂ, ਨਾਮ ਦੇ ਗੁਣਾਂ ਨੂੰ। **ਸਾਰੰ**-ਸੰਭਾਲ। **ਸੁਰਸਰੀ**-ਗੰਗਾ। **ਕ੍ਰਿਤ**-ਕੀਤਾ ਹੋਇਆ, ਬਣਾਉਣਾ। **ਬਾਰੁਨੀ**-ਸ਼ਰਾਬ। **ਕਰਤ**-ਕਰਨਾ। **ਸੁਰਾ**-ਸ਼ਰਾਬ। **ਨਤ**-ਨਾ ਹੀ, ਅਥਵਾ। **ਪਾਨੰ**-ਸੇਵਨ ਕਰਨਾ, ਪੀਣਾ॥ ੧॥
**ਤਰ ਤਾਰਿ**-ਤਾੜੀ ਦਾ ਰੁੱਖ ਜਿਸ ਵਿੱਚੋਂ ਨਸ਼ੇ ਵਰਗਾ ਰਸ ਨਿਕਲਦਾ ਹੈ ਤੇ ਜਿਸ ਦੀ ਛਿੱਲ ਕਾਗਜ਼ ਬਣਾਉਣ ਦੇ ਕੰਮ ਆਉਂਦੀ ਹੈ। **ਕਾਗਰਾ**-ਕਾਗਜ਼। **ਬਿਚਾਰੰ**-ਵਿਚਾਰ ਕਰਨਾ। **ਭਗਤ**-ਉਪਾਸਕ। **ਭਗਵੰਤ**-ਭਗਵਾਨ ਸੰਬੰਧੀ, ਭਗਵਾਨ, ਪਰਮਾਤਮਾ। **ਤਬ**-ਤਾ ਉਸ ਨੂੰ। **ਨਮਸਕਾਰੰ**-ਸਿਰ ਨਿਵਾ ਕੇ ਪ੍ਰਣਾਮ ਕਰਨਾ॥ ੨॥
**ਅਧਮ**-ਪਾਪੀ, ਨੀਚ। **ਊਧਰੇ**- ਉੱਧਾਰ ਹੋ ਗਿਆ, ਪਾਰ ਉਤਾਰਾ ਹੋ ਗਿਆ। **ਪਤਿਤ ਪਾਵਨ**-ਪਾਪੀਆਂ ਨੂੰ ਪਵਿੱਤਰ ਕਰਨ ਵਾਲਾ। **ਪਰਸਿ**-ਸਪਰਸ਼ ਕਰਕੇ, ਛੂਹ ਕੇ। **ਸਾਰੰ**- ਉੱਤਮ, ਸ੍ਰੇਸ਼ਟ। **ਰਾਰੰਕਾਰ**-ਰੂਪ ਰੰਗ ਤੋਂ ਰਹਿਤ। **ਸਹਿਜ**-ਸਹਿਜ ਅਵਸਥਾ, ਆਤਮਿਕ ਅਡੋਲ ਅਵਸਥਾ॥ ੩॥
(**ਨੋਟ**:- ਇਹ ਸ਼ਬਦ, ਸ਼ਬਦ ਨੰਬਰ 101 ਦਾ ਲਗਭਗ ਰੁਪਾਂਤਰ ਹੈ।)

**ਪਦ ਅਰਥ** :ਹੇ ਭਾਈ! ਤੁਸੀਂ ਜਾਣਦੇ ਹੀ ਹੋ ਕਿ ਮੇਰੀ ਸ਼ੂਦਰ ਕਹੀ ਜਾਣ ਵਾਲੀ ਮਸ਼ਹੂਰ ਜਾਤ 'ਚਮਾਰ' ਹੈ। ਪਰ ਪ੍ਰਭੂ ਦੀ ਪ੍ਰੇਮਾ-ਭਗਤੀ ਕਰਨ ਨਾਲ ਮੈਂ ਆਪਣੇ ਹਿਰਦੇ ਅੰਦਰ ਉਸ (ਪ੍ਰਭੂ) ਦੇ ਉੱਤਮ ਗੁਣਾਂ ਨੂੰ ਸੰਭਾਲ ਲਿਆ ਹੈ ਭਾਵ ਰੱਬੀ ਗੁਣਾਂ ਨੂੰ ਆਪਣੇ ਵਿਵਹਾਰਿਕ ਜੀਵਨ ਵਿੱਚ ਅਪਣਾ ਲਿਆ ਹੈ॥ ਟੇਕ॥
ਹੇ ਭਾਈ! ਜੇਕਰ ਗੰਗਾ ਦਾ ਪਵਿੱਤਰ ਜਲ ਲੈ ਕੇ ਉਸ ਤੋਂ ਸ਼ਰਾਬ ਬਣਾਈ ਜਾਵੇ ਤਾਂ ਵੀ ਸਾਧੂ-ਸੰਤ ਉਸ ਨੂੰ ਨਹੀਂ ਪੀਂਦੇ, ਭਾਵ ਉਹ ਸੇਵਨ-ਯੋਗ ਨਹੀਂ ਹੁੰਦੀ। ਇਸੇ ਤਰ੍ਹਾਂ ਜੇ ਕੋਈ ਜੀਵ ਉੱਚ ਕੁਲ ਵਿੱਚ ਪੈਦਾ ਹੋਣ ਦਾ ਹੰਕਾਰ ਕਰਦਾ ਹੈ ਪਰ ਪ੍ਰਭੂ ਸਿਮਰਨ ਨਹੀਂ ਕਰਦਾ ਤਾਂ ਉਹ ਪ੍ਰਭੂ-ਦਰ 'ਤੇ ਕਬੂਲ ਨਹੀਂ ਹੁੰਦਾ। ਹੇ ਭਾਈ! ਸ਼ਰਾਬ ਨੂੰ ਅਪਵਿੱਤਰ ਮੰਨਿਆ ਜਾਂਦਾ ਹੈ ਤੇ ਨਾ ਹੀ ਉਹ ਗੰਗਾ ਜਲ ਕਹਾਉਂਦੀ ਹੈ ਪਰ ਜਦੋਂ ਉਸ ਨੂੰ ਗੰਗਾ ਵਿੱਚ ਮਿਲਾਇਆ ਜਾਂਦਾ ਹੈ ਤਾਂ ਉਹ ਗੰਗਾ ਤੋਂ ਵੱਖਰੀ ਨਹੀਂ ਰਹਿ ਜਾਂਦੀ। ਗੰਗਾ ਵਿੱਚ ਮਿਲ ਕੇ ਉਹ ਗੰਗਾ ਜਲ ਹੀ ਹੋ ਜਾਂਦੀ ਹੈ। ਇਸੇ ਤਰ੍ਹਾਂ ਨੀਚ, ਮਲੀਨ ਤੇ ਭੈੜੀ ਬੁੱਧੀ ਵਾਲਾ ਜੀਵ ਵੀ ਪ੍ਰਭੂ ਦੀ ਪ੍ਰੇਮਾ-ਭਗਤੀ ਕਰਨ ਨਾਲ ਪ੍ਰਭੂ ਤੋਂ ਵੱਖਰਾ ਨਹੀਂ ਰਹਿ ਜਾਂਦਾ, ਉਹ ਪ੍ਰਭੂ ਵਿੱਚ ਸਮਾ ਕੇ ਪ੍ਰਭੂ ਦਾ ਹੀ ਰੂਪ ਹੋ ਜਾਂਦਾ ਹੈ॥
2. ਹੇ ਭਾਈ! ਤਾੜੀ ਦੇ ਰੁੱਖਾਂ ਨੂੰ ਅਪਵਿੱਤਰ ਮੰਨਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਵਿੱਚੋਂ ਨਸ਼ੇ ਵਰਗਾ ਰਸ ਨਿਕਲਦਾ ਹੈ। ਉਨ੍ਹਾਂ ਰੁੱਖਾਂ ਦੀ ਛਿੱਲ ਤੋਂ ਬਣੇ ਹੋਏ ਕਾਗਜ਼ਾਂ ਬਾਰੇ ਲੋਕ ਵਿਚਾਰ ਕਰਦੇ ਹਨ ਕਿ ਇਹ ਕਾਗਜ਼ ਵੀ ਅਪਵਿੱਤਰ ਹਨ। ਪਰ ਜਦੋਂ ਉਨ੍ਹਾਂ ਕਾਗਜ਼ਾਂ ਉੱਪਰ ਪਰਮਾਤਮਾ ਦੀ ਸਿਫ਼ਤਿ-ਸਾਲਾਹ ਲਿਖ ਦਿੱਤੀ ਜਾਂਦੀ ਹੈ ਤਾਂ ਲੋਕ ਨਮਸਕਾਰ ਕਰਕੇ ਉਨ੍ਹਾਂ ਦੀ ਪੂਜਾ ਕਰਦੇ ਹਨ॥
3. ਹੇ ਪ੍ਰਭੂ! ਆਪ ਜੀ ਦਾ ਨਾਮ ਸੁਣ ਕੇ ਕਈ ਪਾਪੀ ਤੇ ਨੀਚ ਜੀਵਾਂ ਦਾ ਉੱਧਾਰ ਹੋ ਗਿਆ ਹੈ। ਆਪ ਜੀ ਦੇ 'ਪਾਪੀਆਂ ਨੂੰ ਪਵਿੱਤਰ ਕਰਨ ਵਾਲੇ' ਨਾਮ

ਦੀ ਛੋਹ ਪ੍ਰਾਪਤ ਕਰਕੇ ਭਾਵ ਆਪ ਜੀ ਦਾ ਨਾਮ-ਸਿਮਰਨ ਕਰਕੇ ਕਈ ਪਾਪੀ ਜੀਵ ਵੀ ਪਵਿੱਤਰ ਹੋ ਗਏ ਹਨ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਸਾਧੂ-ਸੰਤ ਰਾਰੰਕਾਰ ਪਰਮਾਤਮਾ ਦਾ ਸਿਮਰਨ ਕਰਦੇ ਹੋਏ ਸਹਿਜੇ ਹੀ ਆਤਮਿਕ ਅਡੋਲ ਅਵਸਥਾ ਨੂੰ ਪ੍ਰਾਪਤ ਕਰ ਲੈਂਦੇ ਹਨ ਤੇ ਇਸ ਮਾਇਆ ਦੇ ਮੋਹ-ਰੂਪ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ॥

**ਭਾਵ ਅਰਥ** : ਪਰਮਾਤਮਾ ਦਾ ਨਾਮ-ਸਿਮਰਨ ਪਾਪੀਆਂ ਨੂੰ ਪਵਿੱਤਰ ਤੇ ਨੀਵਿਆਂ ਨੂੰ ਉੱਚਾ ਕਰ ਦਿੰਦਾ ਹੈ।

## ਰਾਗੁ ਆਸਾਵਰੀ -113

***ਪਾਰ ਗਿਆ ਚਾਹੇ ਸਬ ਕੋਈ,***
***ਦੋਹੁ ਉਰਵਾਰ ਪਾਰ ਨਹਿੰ ਹੋਈ॥ ਟੇਕ॥***
***ਪਾਰ ਕਹੈ ਉਰਵਾਰ ਸੋ ਪਾਰਾ,***
***ਬਿਨ ਪਦ ਪਰਚੇ ਭ੍ਰਮੈ ਗੰਵਾਰਾ॥ ੧॥***
***ਪਾਰ ਪਰਮਪਦ ਮਾਂਝਿ ਮੁਰਾਰੀ,***
***ਤਾ ਮੇਂ ਆਪ ਰਮੈਂ ਬਨਵਾਰੀ॥ ੨॥***
***ਪੂਰਨ ਬ੍ਰਹਮ ਬਸੈ ਸਬ ਠਾਂਈ,***
***ਕਹੈ ਰਵਿਦਾਸ ਮਿਲੈ ਸੁੱਖ ਸਾਂਈ॥ ੩॥***

**ਸ਼ਬਦ ਅਰਥ** : **ਪਾਰ**-ਪਰਲਾ ਕੰਢਾ, ਪਰਲੋਕ, ਮੁਕਤੀ ਦੀ ਪ੍ਰਾਪਤੀ। **ਉਰਵਾਰ ਪਾਰ**-ਸੰਸਾਰ ਸਮੁੰਦਰ ਦੇ ਇਸ ਪਾਰ ਤੇ ਉਸ ਪਾਰ, ਲੋਕ ਪ੍ਰਲੋਕ॥ ਟੇਕ॥ **ਉਰਵਾਰ**-ਸੰਸਾਰ ਸਮੁੰਦਰ ਦਾ ਉਰਲਾ ਕੰਢਾ, ਮਾਤ ਲੋਕ। **ਸੋ**-ਉਹੀ। **ਪਾਰਾ**-ਪਾਰ ਕਰਨਾ। **ਪਦ**-ਚਰਨ ਕੰਵਲ। **ਪਰਚੇ**-ਜਾਣ ਪਹਿਚਾਣ ਹੋਣਾ, ਵਾਕਿਫ਼ ਹੋਣਾ। **ਭ੍ਰਮੈ**-ਭਰਮ ਵਿੱਚ। **ਗੰਵਾਰਾ**-ਮੂਰਖ਼, ਗ਼ੰਵਾਰ॥ ੧॥ **ਪਰਮਪਦ**-ਸਭ ਤੋਂ ਉੱਚੀ ਪਦਵੀ, ਸਭ ਤੋਂ ਉੱਚਾ ਆਤਮਿਕ ਦਰਜਾ। **ਮਾਂਝਿ**-ਵਿੱਚ, ਵਿਚਕਾਰ। **ਮੁਰਾਰੀ**-ਅਗਿਆਨ ਵਿਨਾਸ਼ਕ ਪ੍ਰਭੂ। **ਬਨਵਾਰੀ**-ਬਨ-ਰੂਪੀ ਜਗਤ ਦਾ ਮਾਲਿਕ-ਪ੍ਰਭੂ॥ ੨॥

**ਬ੍ਰਹਮ**-ਸਭ ਤੋਂ ਵਧਿਆ ਹੋਇਆ, ਕਰਤਾਰ, ਪਾਰਬ੍ਰਹਮ ਪਰਮੇਸ਼ਰ। **ਠਾਂਈ**-ਥਾਂ, ਅਸਥਾਨ। **ਸਾਂਈ**-ਮਾਲਿਕ, ਪਤੀ॥ ੩॥

**ਪਦ ਅਰਥ** : ਹਰੇਕ ਜੀਵ ਸੰਸਾਰ-ਸਮੁੰਦਰ ਤੋਂ ਪਾਰ ਲੰਘ ਕੇ ਮੋਕਸ਼ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ ਪਰ ਨਾਲ ਹੀ ਉਹ ਸੰਸਾਰਿਕ ਮੋਹ-ਮਾਇਆ ਦੇ ਸੁੱਖਾਂ ਨੂੰ ਵੀ ਭੋਗਣਾ ਚਾਹੁੰਦਾ ਹੈ। ਉਹ ਦੀਨ ਵੀ ਚਾਹੁੰਦਾ ਹੈ ਤੇ ਦੁਨੀਆਂ ਵੀ। ਪਰ ਇਨ੍ਹਾਂ ਦੋਵੇਂ ਚੀਜ਼ਾਂ ਨੂੰ ਇਕੱਠਿਆਂ ਲੈ ਕੇ ਸੰਸਾਰ-ਸਮੁੰਦਰ ਤੋਂ ਪਾਰ ਨਹੀਂ ਲੰਘਿਆ ਜਾ ਸਕਦਾ। ਇਸ ਤਰ੍ਹਾਂ ਦੁਚਿੱਤੀ-ਮਨ ਵਿੱਚ ਫਸਿਆ ਹੋਇਆ ਉਹ ਜੀਵ ਸੰਸਾਰ-ਸਮੁੰਦਰ ਦੇ ਨਾ ਉਰਲੇ ਪਾਸੇ ਜੋਗਾ ਰਹਿੰਦਾ ਹੈ ਤੇ ਨਾ ਹੀ ਪਾਰਲੇ ਪਾਸੇ ਜੋਗਾ ਰਹਿੰਦਾ ਹੈ ਬਲਕਿ ਵਿਚਕਾਰ ਹੀ ਗੋਤੇ ਖਾਂਦਾ ਰਹਿੰਦਾ ਹੈ। (ਪਰ ਜਦੋਂ ਉਸ ਨੂੰ ਮਨੁੱਖਾ-ਜਨਮ ਦੇ ਲਕਸ਼ ਦਾ ਗਿਆਨ ਹੋ ਜਾਂਦਾ ਹੈ ਤਾਂ ਉਹ ਇਸ ਦੁਬਿਧਾ 'ਚੋਂ ਬਾਹਰ ਨਿਕਲ ਆਉਂਦਾ ਹੈ। ਫਿਰ ਉਹ ਇਸ ਨਾਸ਼ਵੰਤ

ਸੰਸਾਰ ਦੀ ਮੋਹ-ਮਾਇਆ ਨੂੰ ਤਿਆਗ ਕੇ ਮੋਕਸ਼ ਦੇ ਮਾਰਗ ਵੱਲ ਉਗਰਸਰ ਹੋ ਜਾਂਦਾ ਹੈ।)॥ ਟੇਕ॥

ਹੇ ਭਾਈ! ਸੰਸਾਰ ਦੇ ਬੰਧਨਾਂ ਤੋਂ ਛੁਟਕਾਰਾ ਪਾਉਣ ਨੂੰ ਹੀ ਮਾਤ-ਲੋਕ ਤੋਂ ਪਾਰ ਹੋਣਾ ਕਹਿੰਦੇ ਹਨ। ਉਹੀ ਜੀਵ ਮਾਤ-ਲੋਕ (ਅਰਥਾਤ ਸੰਸਾਰ-ਸਮੁੰਦਰ) ਨੂੰ ਪਾਰ ਕਰਕੇ ਮੁਕਤੀ ਪ੍ਰਾਪਤ ਕਰ ਸਕਦਾ ਹੈ ਜਿਸ ਨੂੰ ਪਰਮਾਤਮਾ ਦੀ ਜਾਣ-ਪਛਾਣ ਹੋ ਗਈ ਹੋਵੇ। ਪਰ ਮੂਰਖ਼ ਜੀਵ ਪਰਮਾਤਮਾ ਨੂੰ ਜਾਣੇ ਬਿਨਾਂ ਤੇ ਉਸ ਦੇ ਚਰਨਾਂ ਵਿੱਚ ਪਰਚੇ ਬਿਨਾਂ (ਭਾਵ ਉਸ ਨਾਲ ਡੂੰਘੀ ਸਾਂਝ ਪਾਏ ਬਿਨਾਂ) ਹੀ ਮੁਕਤੀ ਪ੍ਰਾਪਤੀ ਲਈ ਕਈ ਤਰ੍ਹਾਂ ਦੇ ਭਰਮਾਂ ਵਿੱਚ ਭਟਕਦਾ ਰਹਿੰਦਾ ਹੈ॥

2. ਹੇ ਭਾਈ! ਸਭ ਤੋਂ ਉੱਚੀ ਆਤਮਿਕ ਅਵਸਥਾ ਦੀ ਪ੍ਰਾਪਤੀ ਹੋਣਾ ਹੀ ਪਾਰ ਹੋਣ ਦੀ ਅਵਸਥਾ ਹੈ। ਇਸ ਅਵਸਥਾ ਦਾ ਰਸਤਾ ਮੁਰਾਰੀ-ਪ੍ਰਭੂ ਦੇ ਚਰਨਾਂ 'ਚੋਂ ਹੋ ਕੇ ਜਾਂਦਾ ਹੈ। ਕਿਉਂਕਿ ਇਸ ਅਵਸਥਾ ਵਿੱਚ ਜਗਤ ਦੇ ਮਾਲਿਕ-ਪ੍ਰਭੂ ਖ਼ੁਦ ਰਮਨ ਕਰਦੇ ਹਨ ਭਾਵ ਪ੍ਰਭੂ ਖ਼ੁਦ ਵਿਆਪਕ ਹਨ, (ਇਸ ਲਈ ਇਹ ਅਵਸਥਾ ਵੀ ਉਸ ਦੀ ਰਹਿਮਤ ਸਦਕਾ ਹੀ ਪਾਈ ਜਾ ਸਕਦੀ ਹੈ।)॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਉਹ ਪੂਰਨ ਪਾਰ-ਬ੍ਰਹਮ ਪਰਮੇਸ਼ਰ ਜਗਤ ਦੇ ਕਣ-ਕਣ ਵਿੱਚ ਵਸਦਾ ਹੈ, ਕੋਈ ਅਜਿਹੀ ਥਾਂ ਨਹੀਂ ਜਿੱਥੇ ਉਹ ਬਿਰਾਜਮਾਨ ਨਾ ਹੋਵੇ। ਹੇ ਭਾਈ! ਜੋ ਵੀ ਜੀਵ ਉਸ ਸਾਈਂ-ਪ੍ਰਭੂ ਨਾਲ ਇੱਕਮਿਕ ਹੋ ਜਾਂਦਾ ਹੈ ਉਹ ਸਦੀਵੀ ਸੁੱਖ ਪਾ ਲੈਂਦਾ ਹੈ ਭਾਵ ਉਹ ਮੋਕਸ਼ ਨੂੰ ਪ੍ਰਾਪਤ ਹੋ ਜਾਂਦਾ ਹੈ॥

**ਭਾਵ ਅਰਥ** : ਪਰਮਾਤਮਾ ਦਾ ਨਾਮ-ਸਿਮਰਨ ਹੀ ਜੀਵ ਨੂੰ ਪਰਮ-ਪਦ ਦੀ ਪ੍ਰਾਪਤੀ ਕਰਵਾ ਕੇ ਮੁਕਤੀ ਦਿਵਾ ਸਕਦਾ ਹੈ।

## ਰਾਗੁ ਆਸਾਵਰੀ -114

***ਸਤਿਗੁਰ ਹਮਹੁ ਲਖਾਈ ਬਾਟ।***
***ਜਨਮ ਪਾਛਲੇ ਪਾਪ ਨਸਾਨੇ, ਮਿਟਿਗੋ ਸਬੁ ਸੰਤਾਪ॥ ਟੇਕ॥***
***ਬਾਹਰਿ ਖੋਜਤ ਜਨਮ ਗੰਵਾਏ, ਉਨਮਨਿ ਧਿਆਨ ਰਹੇ ਘਟ ਆਪ।***
***ਸ਼ਬਦ ਅਨਾਹਦ ਬਾਜਤ ਘਟ ਮਹਿੰ, ਅਗਮ ਗਿਆਨ ਭੌ ਗੁਰ ਪ੍ਰਤਾਪ॥ ੧॥***
***ਧਨ ਦਾਰਾ ਮਹਿੰ ਰਹਿਓ ਮਗਨ ਨਿਤ, ਗੁਨਿਓ ਨ ਮਿਚੁ ਕੌ ਤਾਪ।***
***ਕਹਿ ਰਵਿਦਾਸ ਗੁਰ ਰਾਹ ਦਿਖਾਵੈ, ਤ੍ਰਿਛਾ ਬੁਝਿ ਮਿਟਿ ਮਨ ਸੰਤਾਪ॥ ੨॥***

**ਸ਼ਬਦ ਅਰਥ** : **ਲਖਾਈ**-ਵਿਖਾਈ। **ਬਾਟ**-ਰਸਤਾ। **ਪਾਛਲੇ**-ਪਿਛਲੇ, ਪੂਰਬਲੇ। **ਨਸਾਨੇ**-ਨਾਸ਼ ਹੋਣਾ। **ਸੰਤਾਪ**-ਦੁੱਖ। **ਗੰਵਾਏ**-ਬਰਬਾਦ ਕਰ ਦੇਣਾ। **ਉਨਮਨਿ**-ਅੰਦਰਲੇ ਧਿਆਨ ਦੀ ਅਵਸਥਾ, ਅੰਤਰ ਧਿਆਨ ਵਿੱਚ ਲੱਗਿਆ ਹੋਇਆ ਮਨ। **ਘਟ**-ਮਨ, ਸਰੀਰ, ਅੰਤਹਕਰਣ। **ਸ਼ਬਦ ਅਨਾਹਦ**-ਉਹ ਸ਼ਬਦ ਜੋ ਕਿਸੇ ਆਘਾਤ (ਪ੍ਰਹਾਰ) ਤੋਂ ਪੈਦਾ ਨਹੀਂ ਹੁੰਦਾ ਤੇ ਨਾਮ ਅਭਿਆਸੀ ਨੂੰ ਚਿਤ ਦੀ ਇਕਾਗਰਤਾ (ਸਮਾਧੀ) ਵਿੱਚ ਜਿਸ ਦਾ ਅਨੁਭਵ ਹੁੰਦਾ ਹੈ। **ਬਾਜਤ**-ਗੂੰਜਦਾ ਹੈ, ਬੱਝਦਾ ਹੈ। **ਅਗਮ**-ਜਿਸ ਤੱਕ ਬੁੱਧੀ ਦੀ ਪਹੁੰਚ ਨਾ ਹੋਵੇ, ਅਪਹੁੰਚ ਪ੍ਰਭੂ। **ਭੌ**-ਹੋਇਆ, ਹੁੰਦਾ। **ਪ੍ਰਤਾਪ**-ਬਖ਼ਸ਼ਿਸ਼, ਕਿਰਪਾ॥ ੧॥

**ਦਾਰਾ**–ਇਸਤਰੀ।**ਮਗਨ**–ਮਸਤ ਹੋਣਾ, ਡੁੱਬਿਆ ਰਹਿਣਾ। **ਨਿਤ**–ਰੋਜ਼, ਸਦਾ। **ਗੁਨਿਓ**–ਵਿਚਾਰ ਕਰਨਾ, ਚਿੰਤਨ ਕਰਨਾ। **ਮਿਚੁ**–ਮੌਤ। **ਤਾਪ**–ਦੁੱਖ।**ਤ੍ਰਿਛਾ**–ਤ੍ਰਿਸ਼ਨਾ, ਇੱਛਾ। **ਸੰਤਾਪ**–ਦੁੱਖ, ਤਕਲੀਫ਼, ਕਸ਼ਟ॥ ੨॥

**ਨੋਟ :- ਸ਼ਬਦ-ਸੁਰਤਿ**= ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਵਿੱਚ 'ਸ਼ਬਦ–ਸੁਰਤਿ' ਦਾ ਪ੍ਰਤੱਖ ਤੇ ਪ੍ਰੋਕਸ਼ ਰੂਪ ਵਿੱਚ 19 ਵਾਰ ਵੱਖ–ਵੱਖ ਪ੍ਰਸੰਗਾਂ ਵਿੱਚ ਪ੍ਰਯੋਗ ਕੀਤਾ ਹੋਇਆ ਮਿਲਦਾ ਹੈ। ਇਨ੍ਹਾਂ ਵਿੱਚੋਂ ਸ਼ਬਦ ਨੰ: 96, 114, 115, 130, 139 ਤੇ ਸ਼ਾਦੀ ਉਪਦੇਸ਼, ਸੁਹਾਗ ਉਸਤਤ ਅਤੇ ਦੋਹਾ ਨੰ: 77, 78, 79, 80 ਤੇ 81 ਆਦਿਕ ਪ੍ਰਮੁੱਖ ਹਨ। ਸੋ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਸਤਿਗੁਰੂ ਮਹਾਰਾਜ ਜੀ ਦੀ ਬਾਣੀ ਦੇ ਸੰਦਰਭ ਵਿੱਚ ਇਨ੍ਹਾਂ ਦਾ ਸੰਖੇਪ ਸਾਰ ਪਾਠਕਾਂ ਹਿੱਤ ਪ੍ਰਸਤੁਤ ਕੀਤਾ ਜਾਵੇ। ਇਸ ਪੁਸਤਕ ਦੇ 'ਬਾਣੀ–ਸਾਰਾਂਸ਼' ਅਧਿਆਏ ਵਿੱਚ ਪਰਮਾਤਮਾ ਦੇ 'ਸ਼ਬਦ–ਸਰੂਪ' ਬਾਰੇ ਪਹਿਲਾਂ ਹੀ ਦੱਸਿਆ ਜਾ ਚੁੱਕਾ ਹੈ। ਸੰਤਾਂ ਨੇ 'ਸ਼ਬਦ' ਨੂੰ 'ਸ਼ਬਦ–ਧੁਨਿ' ਵੀ ਕਿਹਾ ਹੈ। 'ਸ਼ਬਦ–ਧੁਨਿ' ਪਰਮਾਤਮਾ ਦਾ ਹੀ ਕਰਤਾਰੀ ਰੂਪ ਹੈ। ਇਹ ਉਹ ਆਦਿ–ਜੁਗਾਦਿ ਧੁਨਿ ਹੈ ਜੋ ਅਨੰਤ–ਕਾਲ ਤੋਂ ਨਿਰੰਤਰ ਗੂੰਜ ਰਹੀ ਹੈ। ਇਹ ਧੁਨਿ ਨਾ ਤਾਂ ਕਿਸੇ ਆਘਾਤ (ਪ੍ਰਹਾਰ) ਤੋਂ ਪੈਦਾ ਹੁੰਦੀ ਹੈ ਤੇ ਨਾ ਹੀ ਇਸ ਨੂੰ ਕਿਸੇ ਸਾਜ਼ ਦੁਆਰਾ ਪ੍ਰਗਟਾਇਆ ਜਾ ਸਕਦਾ ਹੈ। ਇਸ ਦਾ ਧੁਨਕਾਰਾ ਬਿਨਾਂ ਵਜਾਏ ਹਮੇਸ਼ਾ ਇਕ–ਰਸ ਵੱਜਦਾ ਰਹਿੰਦਾ ਹੈ। ਇਸ ਧੁਨਕਾਰੇ ਦੀਆਂ ਅਦਭੁੱਤ, ਮਿੱਠੀਆਂ ਤੇ ਅਨੰਦਮਈ ਧੁਨੀਆਂ ਦੁਨੀਆਂ ਦੇ ਸਾਰੇ ਸੰਗੀਤਕ ਸਾਜ਼ਾਂ ਤੋਂ ਪਰ੍ਹੇ ਤੇ ਉੱਪਰ ਹਨ। ਇਹ ਧੁਨਕਾਰਾ ਉਹ ਸੂਖ਼ਮ ਡੋਰੀ ਹੈ ਜੋ ਸਾਧਕ ਨੂੰ ਪਰਮ–ਪਿਤਾ ਪਰਮੇਸ਼ਰ ਨਾਲ ਜੋੜਦੀ ਹੈ। ਇਸ ਧੁਨਕਾਰੇ ਦਾ ਅਨੁਭਵ ਸਾਧਕ ਨੂੰ ਆਪਣੇ ਅੰਦਰੋਂ ਹੀ ਹੁੰਦਾ ਹੈ। 'ਸੁਰਤਿ' ਜੀਵ ਦੇ ਮਨ ਤੇ ਆਤਮਾ ਦੀ ਚੇਤਨ ਸਤਾ ਹੈ। ਪਰਮਾਤਮਾ ਨੇ ਜਿੰਨੇ ਵੀ ਜੀਵ ਪੈਦਾ ਕੀਤੇ ਹਨ ਉਨ੍ਹਾਂ ਸਭਨਾਂ ਵਿੱਚ ਸੁਰਤਿ ਪਾਈ ਹੋਈ ਹੈ। ਸੁਰਤਿ ਵਿਹੂਣਾ ਕੋਈ ਵੀ ਜੀਵ ਨਹੀਂ ਹੋ ਸਕਦਾ। 'ਸੁਰਤਿ' ਨੂੰ ਯਾਦ, ਚੇਤਾ, ਮਤਿ, ਬੁਧਿ ਤੇ ਅੰਤਹਕਰਣ ਆਦਿਕ ਲਈ ਵੀ ਵਰਤਿਆ ਜਾਂਦਾ ਹੈ। 'ਸੁਰਤਿ' ਸਾਧਕ ਦੀ ਉਹ ਬਿਰਤੀ ਹੈ ਜੋ ਲਿਵ ਦੇ ਰੂਪ ਵਿੱਚ ਉਸ ਦੇ ਅੰਤਰ–ਆਤਮੇ ਪ੍ਰਭੂ ਨਾਲ ਜੁੜੀ ਹੋਈ ਹੈ। ਇਸ ਇਕਾਗਰ ਸੁਰਤਿ ਨੂੰ ਹੀ ਲਿਵ ਕਿਹਾ ਜਾਂਦਾ ਹੈ। ਸੋ 'ਸੁਰਤਿ' ਇਕ ਅਜਿਹਾ ਧਾਗਾ ਹੈ ਜੋ ਸਾਧਕ ਨੂੰ ਰੂਹਾਨੀ ਅਵਸਥਾ ਨਾਲ ਜੋੜੀ ਰੱਖਦਾ ਹੈ। ਸੁਰਤਿ ਨੂੰ ਟਿਕਾਉਣ ਲਈ ਕੋਈ ਵੀ ਖ਼ਿਆਲ ਮਨ ਵਿੱਚ ਨਾ ਆਵੇ ਇਹ ਅਤਿ ਜ਼ਰੂਰੀ ਹੈ। ਜਦੋਂ ਤੱਕ ਸੁਰਤਿ ਦਾ ਸੰਬੰਧ ਸਰੀਰ ਅਤੇ ਜਗਤ ਦੇ ਵਸਤ–ਪਦਾਰਥਾਂ ਆਦਿਕ ਨਾਲ ਹੈ ਤਦੋਂ ਤੱਕ ਇੱਛਾਵਾਂ ਤੇ ਤ੍ਰਿਸ਼ਨਾਵਾਂ ਆਦਿਕ ਸੁਰਤਿ ਨੂੰ ਸ਼ਬਦ ਵਿੱਚ ਲੈਅ ਹੋਣ ਲਈ ਰੁਕਾਵਟਾਂ ਪਾਉਂਦੀਆਂ ਰਹਿੰਦੀਆਂ ਹਨ।

ਸਾਧਨਾ ਰਾਹੀਂ ਜਦੋਂ 'ਸੁਰਤਿ' 'ਸ਼ਬਦ' ਵਿੱਚ ਬਦਲਣਾ ਸ਼ੁਰੂ ਕਰਦੀ ਹੈ ਤਾਂ 'ਸੁਰਤਿ–ਸ਼ਬਦ' ਦਾ ਮਾਰਗ ਖੁੱਲ੍ਹ ਜਾਂਦਾ ਹੈ। ਤਦੋਂ ਸੁਰਤਿ ਦਾ ਸੰਬੰਧ ਬਾਹਰਮੁਖੀ ਇੰਦਰੀਆਂ ਨਾਲੋਂ ਟੁੱਟ ਜਾਂਦਾ ਹੈ ਤੇ ਨਿਰੋਲ ਅੰਤਰਮੁਖੀ ਹੋ ਜਾਂਦਾ ਹੈ। ਜੀਵ ਆਪਣੀ 'ਸੁਰਤਿ' ਨੂੰ 'ਸ਼ਬਦ' ਦੀ ਧੁਨਿ ਨਾਲ ਜੋੜ ਕੇ ਹੀ ਆਪਣੇ ਅਸਲੀ ਘਰ ਵਾਪਸ ਪਹੁੰਚ ਸਕਦਾ ਹੈ ਭਾਵ ਪਰਮਾਤਮਾ ਦੀ ਪ੍ਰਾਪਤੀ ਕਰ ਸਕਦਾ ਹੈ। ਸੋ ਸ਼ਬਦ–ਸੁਰਤਿ ਦੇ ਮੇਲ ਦਾ ਭਾਵ ਹੋਇਆ ਸੁਰਤਿ ਦਾ ਧੁਨਾਤਮਿਕ ਸ਼ਬਦ ਨਾਲ ਮਿਲਣਾ। ਧੁਨਾਤਮਿਕ ਸ਼ਬਦ ਦੇ ਦੋ ਪਹਿਲੂ ਹਨ,

ਇਕ ਸਿਮਰਨ ਤੇ ਦੂਜਾ ਧਿਆਨ। 'ਸਿਮਰਨ' ਨਾਮ ਅਭਿਆਸ ਹੈ ਤੇ 'ਧਿਆਨ' ਮਨ ਦੀ ਇਕਾਗਰਤਾ। ਸਿਮਰਨ ਤਦੋਂ ਹੀ ਮੁਕੰਮਲ ਹੁੰਦਾ ਹੈ ਜਦੋਂ ਧਿਆਨ ਕਾਇਮ ਹੋ ਜਾਵੇ ਤੇ ਧਿਆਨ ਉਦੋਂ ਹੀ ਪਰਪੱਕ ਹੁੰਦਾ ਹੈ ਜਦੋਂ ਅੰਦਰੋਂ ਧੁਨਿ ਸੁਣਾਈ ਦੇਣ ਲੱਗ ਪਵੇ। ਸੋ ਧੁਨਿ ਨਾਮ-ਅਭਿਆਸ ਦਾ ਹੀ ਸੂਖ਼ਮ ਰੂਪ ਹੈ।

ਸ਼ਬਦ-ਸੁਰਤਿ ਦਾ ਮਿਲਾਪ ਪੂਰਨ ਤੇ ਸਮਰੱਥ ਸਤਿਗੁਰੂ ਦੀ ਸਹਾਇਤਾ ਤੋਂ ਬਿਨਾਂ ਸੰਭਵ ਨਹੀਂ। ਸਤਿਗੁਰੂ ਤੋਂ ਬਿਨਾਂ ਨਾ 'ਸੁਰਤਿ' ਸਿਧਿ ਪ੍ਰਾਪਤ ਕਰ ਸਕਦੀ ਹੈ ਤੇ ਨਾ ਹੀ ਦੁਨਿਆਵੀ ਖਿੱਚਾਂ ਤੋਂ ਮੁਕਤ ਹੋ ਸਕਦੀ ਹੈ। ਪੂਰਨ ਸਤਿਗੁਰੂ ਹੀ ਜੀਵ ਦੀ ਸੁਰਤਿ ਨੂੰ 'ਸ਼ਬਦ' (ਸ਼ਬਦ-ਧੁਨਿ) ਨਾਲ ਜੋੜਦਾ ਹੈ। ਸਤਿਗੁਰੂ ਦੀ ਬਖਸ਼ੀ ਹੋਈ ਜੁਗਤੀ ਦੁਆਰਾ ਹੀ ਜੀਵ ਆਪਣੀ ਸੁਰਤਿ ਨੂੰ ਜਾਗ੍ਰਿਤ ਕਰਕੇ ਸ਼ਬਦ ਦੀ ਧੁਨਿ ਨੂੰ ਸੁਣ ਸਕਦਾ ਹੈ ਤੇ ਆਪਣੇ ਨਿੱਜ-ਘਰ ਵੱਲ ਵਧ ਸਕਦਾ ਹੈ। ਜਦੋਂ ਜੀਵ ਆਪਣੇ ਮਨ ਨੂੰ ਹਰ ਤਰ੍ਹਾਂ ਦੇ ਵਿਕਾਰਾਂ ਤੇ ਫ਼ੁਰਨਿਆਂ ਤੋਂ ਪਰ੍ਹੇ ਰੱਖਦਾ ਹੋਇਆ ਸਤਿਗੁਰੂ ਦੇ ਦੱਸੇ ਹੋਏ ਉਪਦੇਸ਼ਾਂ ਅਨੁਸਾਰ ਨਾਮ-ਸਿਮਰਨ ਦੀ ਬਰਕਤਿ ਨਾਲ ਆਪਣੀ ਚੇਤਨਤਾ (ਮਨ ਤੇ ਆਤਮਾ) ਨੂੰ ਸਰੀਰ ਦੇ ਨੌਂ ਦੁਆਰਿਆਂ ਵਿੱਚੋਂ ਸਮੇਟ ਕੇ ਅੱਖਾਂ ਤੋਂ ਉੱਪਰ ਤੇ ਦੋਹਾਂ ਭਰਵੱਟਿਆਂ ਦੇ ਵਿਚਕਾਰ ਤ੍ਰਿਕੁਟੀ (ਜਿਸ ਨੂੰ ਸੰਤ-ਜਨਾਂ ਨੇ 'ਤ੍ਰਿਵੈਣੀ' ਜਾਂ 'ਤੀਸਰਾ ਤਿੱਲ' ਵੀ ਕਿਹਾ ਹੈ) 'ਤੇ ਇਕਾਗਰ ਕਰਦਾ ਹੈ ਤਾਂ ਉਸ ਸਮੇਂ 'ਸ਼ਬਦ' 'ਸੁਰਤਿ' ਨੂੰ ਆਪਣੇ ਪਿੱਛੇ ਖਿੱਚਣ ਲੱਗ ਪੈਂਦਾ ਹੈ ਭਾਵ 'ਸ਼ਬਦ' ਵਿੱਚ 'ਸੁਰਤਿ' ਲੀਨ ਹੋਣਾ ਸ਼ੁਰੂ ਹੋ ਜਾਂਦੀ ਹੈ। ਉਸ ਸਮੇਂ ਜੀਵ ਦਾ ਧਿਆਨ ਬਾਹਰਲੇ ਜਗਤ ਤੋਂ ਪੂਰੀ ਤਰ੍ਹਾਂ ਉਪਰਾਮ ਹੋ ਜਾਂਦਾ ਹੈ ਤੇ ਪਵਨ-ਪਤੀ ਮਨ ਦਾ ਵਾਸਾ ਉਨਮਨੀ ਅਵਸਥਾ (ਆਤਮਿਕ ਅਡੋਲ ਅਵਸਥਾ) ਵਿੱਚ ਹੋ ਜਾਂਦਾ ਹੈ ਜੋ ਇਕ-ਰਸ ਨਿਰੰਤਰਤਾ ਦੀ ਅਵਸਥਾ ਹੈ। ਫਿਰ ਗੁਰੂ-ਕ੍ਰਿਪਾ ਨਾਲ ਤ੍ਰਿਕੁਟੀ ਛੁੱਟ ਜਾਂਦੀ ਹੈ ਤੇ ਚਉਥੇ ਪਦ ਦੀ ਅਵਸਥਾ ਵਿੱਚ ਟਿਕੇ ਹੋਏ ਜੀਵ ਨੂੰ ਪ੍ਰਭੂ ਦੇ ਪ੍ਰਕਾਸ਼ਮਈ ਸਰੂਪ ਦੇ ਦਰਸ਼ਨ ਹੁੰਦੇ ਹਨ ਤੇ ਸ਼ਬਦ-ਧੁਨਿ (ਅਨਹਦ-ਨਾਦ ਦੀ ਧੁਨਿ) ਵੀ ਸੁਣਾਈ ਦਿੰਦੀ ਹੈ। ਇਹ ਧੁਨਿ ਬਾਹਰਲੇ ਸਥੂਲ ਕੰਨਾਂ ਨਾਲ ਸੁਣਾਈ ਨਹੀਂ ਦਿੰਦੀ ਬਲਕਿ ਆਤਮਾ ਦੀ ਸ਼ਕਤੀ ਨੂੰ ਜਾਗ੍ਰਿਤ ਕਰਕੇ ਅੰਦਰੋਂ ਹੀ ਸੁਣਾਈ ਦਿੰਦੀ ਹੈ। ਜੋ ਜੀਵ ਪੂਰੀ ਇਕਾਗਰਤਾ ਨਾਲ ਸ਼ਬਦ-ਧੁਨਿ ਨੂੰ ਸੁਣਦਾ ਹੈ ਉਹ ਪੂਰੀ ਤਰ੍ਹਾਂ ਇਸ ਵਿੱਚ ਲੀਨ ਹੋ ਜਾਂਦਾ ਹੈ। ਕਿਉਂਕਿ ਸ਼ਬਦ-ਧੁਨਿ ਹੀ ਪਰਮਾਤਮਾ ਦਾ ਕਰਤਾਰੀ ਰੂਪ ਹੈ ਸੋ ਇਸ ਧੁਨਿ ਨਾਲ ਇੱਕਮਿਕ ਹੋ ਜਾਣਾ ਹੀ ਪਰਮਾਤਮਾ ਦਾ ਰੂਪ ਹੋ ਜਾਣਾ ਹੈ, ਉਸ ਵਿੱਚ ਅਭੇਦ ਹੋ ਜਾਣਾ ਹੈ। ਇਸ ਤਰ੍ਹਾਂ ਜੀਵ ਜਿਊਂਦੇ-ਜੀਅ ਹੀ ਅਵਿਨਾਸੀ ਪਦ ਨੂੰ ਪ੍ਰਾਪਤ ਕਰ ਲੈਂਦਾ ਹੈ ਤੇ ਜੀਵਨ ਮੁਕਤ ਹੋ ਜਾਂਦਾ ਹੈ।

**ਪਦ ਅਰਥ** : ਹੇ ਭਾਈ! (ਮੇਰੇ ਸਤਿਗੁਰੂ ਜੀ ਨੇ ਮੇਰੇ ਮਨ ਵਿੱਚੋਂ ਆਤਮਿਕ ਬੇ-ਸਮਝੀ ਦੇ ਸਾਰੇ ਹਨ੍ਹੇਰੇ ਮਿਟਾ ਕੇ) ਮੈਨੂੰ ਆਤਮਿਕ ਜੀਵਨ ਜਿਊਣ ਦੀ ਸੂਝ ਦਾ ਰਸਤਾ ਦਿਖਾ ਦਿੱਤਾ ਹੈ ਜਿਸ 'ਤੇ ਚਲ ਕੇ ਮੇਰੇ ਪੁਰਬਲੇ ਜਨਮਾਂ ਦੇ ਸਾਰੇ ਪਾਪਾਂ ਦਾ ਨਾਸ਼ ਹੋ ਗਿਆ ਹੈ ਤੇ ਮੇਰੇ ਸਾਰੇ ਆਤਮਿਕ ਰੋਗ ਵੀ ਦੂਰ ਹੋ ਗਏ ਹਨ॥ ਟੇਕ॥

ਜੀਵ ਪਰਮਾਤਮਾ ਨੂੰ ਬਾਹਰ ਜੰਗਲਾਂ, ਪਹਾੜਾਂ ਤੇ ਕਰਮਕਾਂਡਾਂ ਆਦਿਕ ਵਿੱਚ

ਲੱਭਦਾ ਹੋਇਆ ਆਪਣਾ ਅਨਮੋਲ ਜੀਵਨ ਵਿਅਰਥ ਗਵਾ ਲੈਂਦਾ ਹੈ। ਪਰ ਪਰਮਾਤਮਾ ਤਾਂ ਜੀਵ ਦੇ ਆਪਣੇ ਅੰਦਰ ਅਡੋਲਤਾ ਦੇ ਧਿਆਨ ਵਿੱਚ ਵਸਦਾ ਹੈ। ਹੇ ਭਾਈ! ਜੀਵ ਦੇ ਆਪਣੇ ਅੰਦਰ ਹੀ ਪ੍ਰਭੂ ਦੇ 'ਸ਼ਬਦ' ਦੇ ਇਕ-ਰਸ ਵਾਜ਼ੇ ਬਿਨਾਂ ਵਜਾਏ ਹਮੇਸ਼ਾ ਵੱਜਦੇ ਰਹਿੰਦੇ ਹਨ, ਅਨਹਦ ਸ਼ਬਦ ਦਾ ਧੁੰਨਕਾਰਾ ਹਮੇਸ਼ਾ ਹੁੰਦਾ ਰਹਿੰਦਾ ਹੈ। ਜੀਵ ਆਪਣੀ ਸੁਰਤਿ ਨੂੰ 'ਸ਼ਬਦ' ਦੇ ਇਸ ਧੁੰਨਕਾਰੇ ਵਿੱਚ ਲੈਅ ਕਰਕੇ ਹੀ ਪ੍ਰਭੂ ਦੀ ਪ੍ਰਾਪਤੀ ਕਰ ਸਕਦਾ ਹੈ। ਹੇ ਭਾਈ! ਜੀਵ ਨੂੰ ਅਜਿਹਾ ਅਗਮ ਗਿਆਨ ਪੂਰਨ ਸਤਿਗੁਰੂ ਦੀ ਬਖ਼ਸ਼ਿਸ਼ ਨਾਲ ਹੀ ਪ੍ਰਾਪਤ ਹੁੰਦਾ ਹੈ॥

2. ਜੀਵ ਧਨ-ਦੌਲਤ ਤੇ ਇਸਤਰੀ ਆਦਿਕ ਦੇ ਮੋਹ ਵਿੱਚ ਹੀ ਸਦਾ ਮੁਗਦ ਰਹਿੰਦਾ ਹੈ ਤੇ ਮੌਤ ਆਉਣ 'ਤੇ ਹੋਣ ਵਾਲੇ ਦੁੱਖ ਦਾ ਕਦੀ ਵੀ ਵਿਚਾਰ ਨਹੀਂ ਕਰਦਾ। ਸਤਿਗੁਰੂ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਸੱਚਾ ਗੁਰੂ ਹੀ ਜੀਵ ਨੂੰ ਆਤਮਿਕ ਜੀਵਨ ਦਾ ਸਹੀ ਰਸਤਾ ਦਿਖਾਉਂਦਾ ਹੈ, ਜਿਸ ਉੱਤੇ ਚੱਲ ਕੇ ਜੀਵ ਅੰਦਰੋਂ ਮਾਇਕ ਪਦਾਰਥਾਂ ਦੀਆਂ ਸਾਰੀਆਂ ਇੱਛਾਵਾਂ ਤੇ ਤ੍ਰਿਸ਼ਨਾਵਾਂ ਖ਼ਤਮ ਹੋ ਜਾਂਦੀਆਂ ਹਨ ਤੇ ਉਸਦੇ ਸਾਰੇ ਮਾਨਸਿਕ ਕਸ਼ਟ ਵੀ ਦੂਰ ਹੋ ਜਾਂਦੇ ਹਨ। (ਉਹ ਉਨਮਨੀ ਅਵਸਥਾ 'ਚ ਟਿਕਿਆ ਹੋਇਆ ਨਿਰਲੇਪ ਬੁੱਧੀ ਵਾਲਾ ਹੋ ਜਾਂਦਾ ਹੈ।)॥

**ਭਾਵ ਅਰਥ** : ਪੂਰਨ ਸਤਿਗੁਰੂ ਹੀ ਜੀਵ ਨੂੰ ਪਰਮਾਤਮਾ ਨਾਲ ਮਿਲਾ ਕੇ ਉਸ ਦੇ ਸਾਰੇ ਦੁੱਖਾਂ ਦਾ ਨਾਸ਼ ਕਰਦਾ ਹੈ।

## ਰਾਗੁ ਆਸਾਵਰੀ -115

***ਬਾਪੁਰੋ ਸਤਿ ਰਵਿਦਾਸ ਕਹੈ ਰੇ।***
***ਗਿਆਨ ਬਿਚਾਰਿ ਚਰਨ ਚਿਤ ਲਾਵੈ, ਹਰਿ ਕੀ ਸਰਨਿ ਰਹੈ ਰੇ॥ ਟੇਕ॥***
***ਪਾਤੀ ਤੋੜੇ ਪੂਜਿ ਰਚਾਵੈ, ਤਾਰਨ ਤਿਰਨ ਕਹੈ ਰੇ।***
***ਮੂਰਤਿ ਮਾਹਿੰ ਬਸੈ ਪਰਮੇਸ਼ਰ, ਤੌ ਪਾਨੀ ਮਹਿੰ ਤਿਰੈ ਰੇ॥ ੧॥***
***ਤ੍ਰਿਬਿਧ ਸੰਸਾਰ ਕਵਨ ਬਿਧਿ ਤਿਰਬੌ, ਜੇ ਦ੍ਰਿੜ ਨਾਵ ਨ ਗਹੈ ਰੇ।***
***ਨਾਵ ਛਾਡਿਜੇ ਡਾਂਡੈ ਬੈਸੇ, ਤੌ ਦੂਨਾ ਦੁਖ ਸਹੈ ਰੇ॥ ੨॥***
***ਗੁਰੂ ਕੋ ਸਬਦ ਅਰੁ ਸੁਰਤਿ ਕੁਦਾਲੀ, ਖੋਦਤ ਕੋਈ ਲਹੈ ਰੇ।***
***ਰਾਮ ਕਾਹੁ ਕੈ ਬਾਂਟੇ ਨ ਆਇਓ, ਸੋ ਨੇਕੁ ਲਭਹੈ ਰੇ॥ ੩॥***
***ਝੂਠੀ ਮਾਇਆ ਜਗ ਡਹਕਾਇਆ, ਤੌ ਤੀਨਿ ਤਾਪ ਦਹੈ ਰੇ।***
***ਕਹੈ ਰਵਿਦਾਸ ਰਾਮ ਜਪਿ ਰਸਨਾ, ਮਾਇਆ ਕਾਹੂ ਕੇ ਸੰਗ ਨ ਰਹੈ ਰੇ॥ ੪॥***

**ਸ਼ਬਦ ਅਰਥ** : **ਬਾਪੁਰੋ**-ਨਿਮਾਣਾ, ਬੇਚਾਰਾ। **ਸਤਿ**-ਸੱਚ। **ਬਿਚਾਰਿ**-ਵਿਚਾਰ ਕਰਕੇ, ਪਰਖ ਕਰਕੇ। **ਚਿਤ**-ਮਨ। **ਪਾਤੀ**-ਫੁੱਲ ਪੱਤੇ। **ਰਚਾਵੈ**-ਰਚਾਉਣ ਲਈ, ਕਰਨ ਲਈ। **ਤਾਰਨ ਤਿਰਨ**-ਉੱਧਾਰ ਕਰਨ ਵਾਲਾ, ਤਾਰਨ ਵਾਲਾ। **ਤਿਰੈ**-ਤਰਣਾ॥ ੧॥
**ਤ੍ਰਿਬਿਧ**-ਤਿੰਨ ਪ੍ਰਕਾਰ ਦਾ। **ਕਵਨ ਬਿਧਿ**-ਕਿਹੜਾ ਤਰੀਕਾ। **ਤਿਰਬੌ**-ਤਰਣਾ, ਤਰਿਆ ਜਾਵੇ। **ਦ੍ਰਿੜ**-ਮਜਬੂਤ। **ਗਹੈ**-ਗ੍ਰਹਿਣ ਕਰਨਾ, ਆਸਰਾ ਲੈਣਾ। **ਛਾਡਿਜੇ**-ਛੱਡ ਕੇ। **ਡਾਂਡੈ**-ਡੰਡੇ। **ਬੈਸੇ**-ਬੈਠਣਾ, ਸਹਾਰਾ ਲੈਣਾ। **ਦੂਨਾ**-ਦੂਣਾਂ, ਦੋ ਗੁਣਾ॥ ੨॥

**ਕੁਦਾਲੀ**–ਬੇਲਚਾ। **ਖੋਦਤ**–ਖੋਦਣਾ। **ਬਾਂਟੇ**–ਵੰਡ। **ਨੇਕੁ**–ਸੱਜਣ ਸੁਭਾਉ ਵਾਲਾ॥ ੩॥
**ਡਹਕਾਇਆ**–ਧੋਖਾ ਦੇਣਾ, ਭਟਕਾਉਣਾ। **ਤੀਨਿ ਤਾਪ**–ਤਿੰਨ ਦੁੱਖ–(ਆਧ, ਵਿਆਧ, ਉਪਾਧ)। **ਦਹੈ**–ਜਲਣਾ॥ ੪॥

**ਪਦ ਅਰਥ :** ਸਤਿਗੁਰੂ ਰਵਿਦਾਸ ਜੀ ਮਹਾਰਾਜ ਆਪਣੇ ਆਪ ਨੂੰ ਨਿਮਾਣਾ ਕਹਿੰਦੇ ਹੋਏ ਫ਼ਰਮਾਂਦੇ ਹਨ ਕਿ ਮੈਂ ਸੱਚ ਕਹਿੰਦਾ ਹਾਂ ਕਿ ਜੀਵ ਨੂੰ ਆਤਮਿਕ ਗਿਆਨ ਦੀ ਚੰਗੀ ਤਰ੍ਹਾਂ ਪਰਖ ਕਰਨ ਤੋਂ ਬਾਅਦ ਹੀ ਆਪਣੇ ਮਨ ਨੂੰ ਪ੍ਰਭੂ ਦੇ ਚਰਨ–ਕੰਵਲਾਂ ਵਿੱਚ ਲਗਾਉਣਾ ਚਾਹੀਦਾ ਹੈ ਤੇ ਪਰੀਪੂਰਨ ਪ੍ਰਭੂ ਦੀ ਸ਼ਰਨ ਵਿੱਚ ਰਹਿਣਾ ਚਾਹੀਦਾ ਹੈ॥ ਟੇਕ॥

ਹੇ ਭਾਈ! ਕਰਮਕਾਂਡੀ ਲੋਕ ਫੁੱਲ–ਪੱਤੀਆਂ ਤੋੜ ਕੇ ਉਨ੍ਹਾਂ ਨੂੰ ਦੇਵੀ–ਦੇਵਤਿਆਂ ਦੀਆਂ ਮੂਰਤੀਆਂ 'ਤੇ ਪੂਜਾ ਵਜੋਂ ਚੜ੍ਹਾਉਂਦੇ ਹਨ। ਉਹ ਸਮਝਦੇ ਹਨ ਕਿ ਇਹ ਮੂਰਤੀਆਂ ਹੀ ਉਨ੍ਹਾਂ ਨੂੰ ਸੰਸਾਰ–ਰੂਪੀ ਭਵਸਾਗਰ ਤੋਂ ਪਾਰ ਉਤਾਰਨਗੀਆਂ। ਪਰ ਜੇਕਰ ਮੂਰਤੀ ਵਿੱਚ ਪ੍ਰਭੂ ਵਸਦਾ ਹੈ ਤਾਂ ਉਸ ਮੂਰਤੀ ਨੂੰ ਖ਼ੁਦ ਵੀ ਪਾਣੀ ਵਿੱਚ ਤਰਨਾ ਚਾਹੀਦਾ ਹੈ। ਪਰ ਉਹ ਮੂਰਤੀ ਪਾਣੀ ਵਿੱਚ ਤੈਰਾਉਣ ਸਮੇਂ ਪਾਣੀ ਵਿੱਚ ਰੱਖਦਿਆਂ ਸਾਰ ਹੀ ਡੁੱਬ ਜਾਂਦੀ ਹੈ। ਸੋ ਜੇਕਰ ਮੂਰਤੀ ਆਪ ਨਹੀਂ ਤਰ ਸਕਦੀ ਤਾਂ ਉਹ ਦੂਸਰਿਆਂ ਨੂੰ ਤਾਰਨ ਵਿੱਚ ਕਿਵੇਂ ਸਮਰੱਥ ਹੋ ਸਕਦੀ ਹੈ?॥

2. ਜੇਕਰ ਜੀਵ ਸਤੋ, ਰਜੋ ਤੇ ਤਮੋ ਤਿੰਨੋਂ ਪ੍ਰਕਾਰ ਦੇ ਮਾਇਆਵੀ–ਗੁਣਾਂ ਨਾਲ ਭਰੇ ਸੰਸਾਰ–ਰੂਪੀ ਭਵਸਾਗਰ ਨੂੰ ਮੂਰਤੀਆਂ ਦੇ ਸਹਾਰੇ ਪਾਰ ਨਹੀਂ ਕਰ ਸਕਦਾ ਤਾਂ ਫਿਰ ਉਹ ਹੋਰ ਕਿਹੜਾ ਤਰੀਕਾ ਹੈ ਜਿਸ ਨਾਲ ਸੰਸਾਰ–ਰੂਪੀ ਭਵ–ਸਾਗਰ ਨੂੰ ਪਾਰ ਕੀਤਾ ਜਾਵੇ? ਸਤਿਗੁਰੂ ਮਹਾਰਾਜ ਜੀ ਜੀਵਾਂ ਨੂੰ ਸਮਝਾਂਦੇ ਹਨ ਕਿ ਇਸ ਦੂਤਰ ਭਵਸਾਗਰ ਨੂੰ ਤਰਨ ਦਾ ਇੱਕੋ ਇਕ ਤਰੀਕਾ ਇਹ ਹੈ ਕਿ ਉਹ ਰਾਮ–ਨਾਮ ਦੀ ਮਜ਼ਬੂਤ ਬੇੜੀ ਦਾ ਸਹਾਰਾ ਲਵੇ। ਜਿਹੜੇ ਜੀਵ ਪ੍ਰਭੂ ਦੇ ਨਾਮ ਦੀ ਮਜ਼ਬੂਤ ਬੇੜੀ ਨੂੰ ਛੱਡ ਕੇ ਡੰਡਿਆਂ ਦੀ ਕਮਜ਼ੋਰ ਬੇੜੀ 'ਤੇ ਬਹਿੰਦੇ ਹਨ ਭਾਵ ਮੂਰਤੀਆਂ ਆਦਿਕ ਦਾ ਝੂਠਾ ਆਸਰਾ ਲੈਂਦੇ ਹਨ ਉਹ ਦੂਣਾਂ ਦੁੱਖ ਸਹਿੰਦੇ ਹਨ, ਭਾਵ ਉਹ ਸਹੀ ਜੀਵਨ–ਰਾਹ ਛੱਡ ਕੇ ਆਤਮਿਕ ਮੌਤ ਸਹੇੜ ਲੈਂਦੇ ਹਨ ਤੇ ਦੁਬਾਰਾ ਜਨਮ–ਮਰਨ ਦੇ ਚੱਕਰਾਂ ਵਿੱਚ ਪੈ ਜਾਂਦੇ ਹਨ॥

3. ਹੇ ਭਾਈ! ਉਹ ਵਿਰਲਾ ਜੀਵ ਜੋ ਗੁਰੂ ਤੋਂ ਸ਼ਬਦ ਦਾ ਭੇਦ ਪ੍ਰਾਪਤ ਕਰਕੇ ਸੁਰਤਿ–ਰੂਪੀ ਕੁਦਾਲੀ ਨਾਲ ਆਪਣੇ ਮਨ–ਰੂਪੀ ਜ਼ਮੀਨ ਨੂੰ ਖੋਦਦਾ ਹੈ ਭਾਵ 'ਸ਼ਬਦ–ਸੁਰਤਿ' ਦੇ ਮੇਲ ਦਾ ਨਿਰੰਤਰ ਮਨ ਅੰਦਰ ਅਭਿਆਸ ਕਰਦਾ ਹੈ ਉਹ ਪਰਮਾਤਮਾ ਦੀ ਪ੍ਰਾਪਤੀ ਕਰ ਲੈਂਦਾ ਹੈ। ਪਰਮਾਤਮਾ ਸਭ ਦਾ ਸਾਂਝਾ ਹੈ ਉਹ ਸਭ ਜੀਵਾਂ ਵਿੱਚ ਇਕ ਸਮਾਨ ਰਮਿਆ ਹੋਇਆ ਹੈ। ਉਹ ਕਿਸੇ ਦੀ ਵੰਡ ਜਾਂ ਹਿੱਸੇ ਵਿੱਚ ਨਹੀਂ ਆਉਂਦਾ। ਨੇਕ ਹਿਰਦੇ ਵਾਲਾ ਜੀਵ ਨਾਮ ਦੀ ਕਮਾਈ ਨਾਲ ਉਸ ਨੂੰ ਸਹਿਜੇ ਹੀ ਲੱਭ ਲੈਂਦਾ ਹੈ॥

4. ਹੇ ਭਾਈ! ਝੂਠੀ ਮਾਇਆ ਨੇ ਸਾਰੇ ਸੰਸਾਰ ਨੂੰ ਭਟਕਣਾ ਵਿੱਚ ਪਾਇਆ ਹੋਇਆ ਹੈ ਜਿਸ ਕਾਰਨ ਸੰਸਾਰ ਦੇ ਸਾਰੇ ਜੀਵ ਤਿੰਨੋਂ ਤਾਪਾਂ- ਆਧ, ਵਿਆਧ ਤੇ ਉਪਾਧ ਭਾਵ ਸਰੀਰਕ, ਮਾਨਸਿਕ ਤੇ ਆਤਮਿਕ ਦੁੱਖਾਂ ਵਿੱਚ ਜਲ ਰਹੇ ਹਨ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਮਾਇਆ ਨਾ ਕਿਸੇ ਦੀ ਹੋਈ ਹੈ ਤੇ ਨਾ ਹੀ ਹੋਵੇਗੀ। ਇਹ ਕਦੇ ਵੀ ਕਿਸੇ ਨਾਲ ਤੋੜ ਤੱਕ ਸਾਥ ਨਹੀਂ ਨਿਭਾਉਂਦੀ। ਇਸ ਲਈ ਇਸ ਦੇ ਪ੍ਰਭਾਵ ਤੋਂ ਬਚਣ ਲਈ ਜੀਵ ਨੂੰ ਪ੍ਰਭੂ ਦੇ ਨਾਮ ਦਾ ਜਾਪ ਆਪਣੀ ਰਸਨਾ ਨਾਲ ਹਰ ਵੇਲੇ ਕਰਦੇ ਰਹਿਣਾ ਚਾਹੀਦਾ ਹੈ॥

**ਭਾਵ ਅਰਥ** : ਪਰਮਾਤਮਾ ਦੀ ਪ੍ਰਾਪਤੀ ਮੂਰਤੀ ਪੂਜਾ ਤੇ ਝੂਠੀ ਮਾਇਆ ਦਾ ਸਹਾਰਾ ਲੈ ਕੇ ਨਹੀਂ ਸਗੋਂ ਰਾਮ-ਨਾਮ ਦਾ ਸਹਾਰਾ ਲੈ ਕੇ ਹੁੰਦੀ ਹੈ।

# ਰਾਗੁ ਆਸਾਵਰੀ -116

***ਏਹ ਅੰਦੇਸੋ ਸੋਚ ਜੀਆ ਮੋਰੇ। ਨਿਸਿਵਾਸਰ ਗੁਨ ਗਾਊਂ ਤੋਰੇ॥ ਟੇਕ॥***
***ਤੁਮ ਚਿੰਤਤ ਮੇਰੀ ਚਿੰਤਾ ਜਾਈ। ਤੁਮ ਚਿੰਤਾਮਨਿ ਹੋਹੁ ਕਿ ਨਾਹੀ॥ ੧॥***
***ਭਗਤਿ ਹੇਤ ਤੁਮ ਕਹਾ ਕਹਾ ਨਹਿੰ ਕੀਨ੍ਹਾ। ਹਮਰੀ ਬੇਰ ਭਏ ਬਲਹੀਨਾ॥ ੨॥***
***ਕਹੈ ਰਵਿਦਾਸ ਦਾਸ ਅਪਰਾਧੀ। ਜੇਹਿ ਤੁਮ ਦ੍ਰਵੌਂ ਮੈਂ ਭਗਤਿ ਨ ਸਾਧੀ॥ ੩॥***

**ਸ਼ਬਦ ਅਰਥ** : **ਅੰਦੇਸੋ**-ਚਿੰਤਾ, ਦੁਬਿਧਾ। **ਜੀਆ**-ਮਨ, ਚਿੱਤ। **ਨਿਸਿਵਾਸਰ**-ਰਾਤ ਦਿਨ। **ਚਿੰਤਤ**-ਸਿਮਰਨ ਕਰਨਾ। **ਚਿੰਤਾਮਨਿ**-ਮਨ ਇੱਛਿਤ ਪਦਾਰਥ ਦੇਣ ਵਾਲਾ ਰਤਨ (ਮਣੀ)॥ ੧॥ **ਕਹਾ ਕਹਾ**-ਕੀ ਕੀ। **ਬੇਰ**-ਵਾਰ। **ਬਲਹੀਨਾ**-ਕਮਜ਼ੋਰ॥ ੨॥ **ਅਪਰਾਧੀ**-ਦੋਸ਼ੀ। **ਦ੍ਰਵੌਂ**-ਕਰੁਣਾ ਨਾਲ ਦਿਲ ਦਾ ਪਿਘਲਣਾ। **ਸਾਧੀ**-ਸਿੱਧ ਕੀਤੀ, ਸਿਰੇ ਚਾੜ੍ਹੀ॥ ੩॥

**ਪਦ ਅਰਥ** : ਹੇ ਪਰਮਾਤਮਾ! ਮੇਰਾ ਮਨ ਇਹ ਸੋਚ ਕੇ ਚਿੰਤਾ ਵਿੱਚ ਪੈ ਜਾਂਦਾ ਹੈ ਕਿ ਆਪ ਜੀ ਦੀ ਭਗਤੀ ਤੋਂ ਬਿਨਾਂ ਜੀਵ ਦਾ ਕੀ ਬਣੇਗਾ? ਇਹ ਸੋਚ ਕੇ ਮੈਂ ਆਪ ਜੀ ਦੀ ਮਹਿਮਾ ਦਾ ਗੁਣਗਾਨ ਦਿਨ-ਰਾਤ ਕਰਦਾ ਰਹਿੰਦਾ ਹਾਂ, ਆਪ ਜੀ ਦੀ ਭਗਤੀ ਵਿੱਚ ਦਿਨ-ਰਾਤ ਮਗਨ ਰਹਿੰਦਾ ਹਾਂ॥ ਟੇਕ॥

ਹੇ ਪਰਮਾਤਮਾ! ਆਪ ਜੀ ਸਭ ਦੀਆਂ ਚਿੰਤਾਵਾਂ ਦਾ ਨਿਵਾਰਨ ਕਰਨ ਵਾਲੇ 'ਚਿੰਤਾਮਣੀ' ਹੋ। ਆਪ ਜੀ ਦਾ ਚਿੰਤਨ (ਸਿਮਰਨ) ਕਰਨ ਨਾਲ ਮੇਰੇ ਮਨ ਦੀਆਂ ਸਾਰੀਆਂ ਚਿੰਤਾਂਵਾਂ ਤੇ ਦੁਬਿਧਾਵਾਂ ਦੂਰ ਹੋ ਜਾਂਦੀਆਂ ਹਨ। ਫਿਰ ਮੈਨੂੰ ਇਹ ਅਜਬ ਚਿੰਤਾ ਕਿਉਂ ਲੱਗੀ ਰਹਿੰਦੀ ਹੈ ਕਿ ਆਪ ਜੀ 'ਚਿੰਤਾਮਣੀ' ਹੋ ਵੀ ਕਿ ਨਹੀਂ॥

2. ਹੇ ਪ੍ਰਭੂ! ਆਪ ਜੀ ਨੇ ਆਪਣੇ ਭਗਤਾਂ ਲਈ ਪਹਿਲਾਂ ਵੀ ਕੀ ਕੁਝ ਨਹੀਂ ਕੀਤਾ? ਆਪ ਜੀ ਨੇ ਉਨ੍ਹਾਂ ਦੀਆਂ ਚਿੰਤਾਵਾਂ ਦੂਰ ਕਰਨ ਲਈ ਉਨ੍ਹਾਂ ਨੂੰ ਭਗਤੀ ਦੀ ਦਾਤ ਬਖ਼ਸ਼ੀ। ਪਰ ਕੀ ਮੇਰੀ ਵਾਰ ਆਪ ਜੀ ਕੋਲ ਦਾਤਾਂ ਖ਼ਤਮ ਹੋ ਗਈਆਂ ਹਨ? ਕੀ ਆਪ ਜੀ ਬਲ-ਹੀਣ ਹੋ ਗਏ ਹੋ? ਆਪ ਜੀ ਮੇਰੇ ਹਿਰਦੇ ਅੰਦਰ ਭਗਤੀ-ਭਾਵ ਕਿਉਂ ਨਹੀਂ ਪੈਦਾ ਕਰਦੇ ਹੋ?॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਪ੍ਰਭੂ! ਮੈਂ ਆਪ

ਜੀ ਦਾ ਸੇਵਕ ਆਪ ਜੀ ਦਾ ਅਪਰਾਧੀ ਹਾਂ ਕਿਉਂਕਿ ਆਪ ਜੀ ਦੀ ਦਇਆ-ਦ੍ਰਿਸ਼ਟੀ ਹੋਣ ਦੇ ਬਾਵਜੂਦ ਵੀ ਮੇਰੇ ਤੋਂ ਓਨੀਂ ਸ਼ਿੱਦਤ ਤੇ ਸਮਰਪਣ-ਭਾਵ ਨਾਲ ਭਗਤੀ ਸਿਰੇ ਨਹੀਂ ਚੜ੍ਹੀ ਜਿਸ ਨਾਲ ਕਿ ਆਪ ਜੀ ਦ੍ਰਵਿਤ (ਪਿਘਲ) ਹੋ ਜਾਵੋ ਤੇ ਮੇਰਾ ਉੱਧਾਰ ਕਰ ਦੇਵੋ। ਹੇ ਪ੍ਰਭੂ ! ਆਪ ਜੀ ਅੱਗੇ ਅਰਦਾਸ ਹੈ ਕਿ ਆਪ ਜੀ ਮੇਰੇ ਦੋਸ਼ਾਂ ਤੇ ਊਣਤਾਈਆਂ ਨੂੰ ਨਾ ਚਿਤਾਰਦੇ ਹੋਏ ਮੈਨੂੰ ਆਪਣੀ ਸੰਪੂਰਨ ਭਗਤੀ ਦੀ ਦਾਤ ਬਖ਼ਸ਼ੋ ਜੀ ਤੇ ਮੇਰਾ ਉੱਧਾਰ ਕਰੋ ਜੀ॥

**ਭਾਵ ਅਰਥ** : ਸੱਚਾ ਭਗਤ ਪਰਮੇਸ਼ਰ ਦਾ ਦਿਨ-ਰਾਤ ਸਿਮਰਨ ਕਰਨ ਲਈ ਚਿੰਤਤ ਰਹਿੰਦਾ ਹੈ।

## ਰਾਗੁ ਆਸਾਵਰੀ -117

***ਬੌਰੀ ਕਰਿਲੈ ਰਾਮ ਸਨੇਹਾ।***
***ਸੰਗ ਸਹੇਲੀ ਵਿਆਹ ਚਲੀ ਸਬ, ਛਾਡਿ ਨੈਹਰਿ ਰਾ ਗੇਹਾ॥ ਟੇਕ॥***
***ਖੇਲਿ ਖਿਲਾਰ ਬਇਸ ਸਬ ਬੀਤੀ, ਮਨ ਚਿਤ ਭਇ ਨ ਪਿਉ ਪਰਤੀਤੀ।***
***ਮੈਂ ਮੈਂ ਜੌ ਲੌ ਗਰਬ ਬੌਰਾਨੀ, ਤੌ ਲੌ ਪਿਆਰਾ ਮਨੁ ਨਹਿੰ ਆਨੀ॥ ੧॥***
***ਆਪਾ ਮੇਟਿ ਮੈਂ ਮੇਰੀ ਖੋਹੀ, ਗਰਬ ਤਿਆਗੀ ਅਰਪਿਹਿ ਨਿਜ ਦੇਹੀ।***
***ਪਿਉ ਕੌ ਨਾਰੀ ਉਹਿ ਮਨ ਆਈ, ਜਿਹਿ ਅਭਿਅੰਤਰ ਅਵਰੁ ਨਹਿੰ ਕਾਈ॥ ੨॥***
***ਜੌ ਲੌ ਪਿਆਰਾ ਮਨ ਨਹਿੰ ਆਈ, ਕਾ ਸੋਰਹਿ ਸ਼ਿੰਗਾਰ ਬਨਾਈ।***
***ਸੋਈ ਸਤੀ ਰਵਿਦਾਸ ਬਖਾਨੀ, ਤਨ ਮਨ ਸਿਊਂ ਪਿਉ ਰੰਗ ਸਮਾਨੀ॥ ੩॥***

**ਸ਼ਬਦ ਅਰਥ** : **ਬੌਰੀ**-ਬਾਵਰੀ, ਪਗਲੀ। **ਸਨੇਹਾ**-ਪ੍ਰੀਤ, ਪ੍ਰੇਮ। **ਸੰਗ**-ਨਾਲ ਦੀਆਂ, ਸਾਥ ਦੀਆਂ। **ਨੈਹਰਿ**-ਪਿਤਾ ਦਾ ਘਰ, ਪੇਕੇ। **ਰਾ**-ਦਾ। **ਗੇਹਾ**-ਘਰ। **ਖੇਲਿ ਖਿਲਾਰ**-ਖੇਡ ਤਮਾਸ਼ੇ। **ਬਇਸ**-ਉਮਰ। **ਚਿਤ**-ਅੰਤਹਕਰਣ, ਦਿਲ। **ਪਿਉ**-ਪਤੀ, ਸੁਆਮੀ। **ਪਰਤੀਤੀ**-ਪ੍ਰਤੀਤ ਹੋਣਾ, ਵਿਸ਼ਵਾਸ, ਯਕੀਨ। **ਮੈਂ ਮੈਂ**-ਮੈਂ ਮੇਰੀ ਦਾ ਹੰਕਾਰ, ਅਪਣੱਤ ਦਾ ਘੁਮੰਡ। **ਗਰਬ**-ਹੰਕਾਰ। **ਬੌਰਾਨੀ**-ਪਗਲੀ, ਬਾਵਰੀ। **ਆਨੀ**-ਆਉਣਾ॥ ੧॥

**ਆਪਾ**-ਆਪਾ ਭਾਵ। **ਮੇਟਿ**-ਖ਼ਤਮ ਕਰਨਾ, ਨਾਸ਼ ਕਰਨਾ। **ਮੈਂ ਮੇਰੀ**-ਹਉਮੈ। **ਖੋਹੀ**-ਖੋਹਣਾ, ਖ਼ਤਮ ਕਰਨਾ। **ਅਰਪਿਹਿ**-ਸਮਰਪਿਤ ਕਰਨਾ, ਭੇਟ ਕਰਨਾ। **ਨਿਜ**-ਆਪਣੀ। **ਅਭਿਅੰਤਰ**-ਹਿਰਦੇ ਦੇ ਅੰਦਰ। **ਅਵਰੁ**-ਦੂਸਰਾ। **ਕਾਈ**-ਕੋਈ॥ ੨॥

**ਸੋਰਹਿ**-ਸੋਲ੍ਹਾਂ। **ਨਹਿੰ ਆਈ**-ਮਨ ਨਹੀਂ ਭਾਉਂਦੀ। **ਸਿੰਗਾਰ**-ਸੋਭਾ ਵਧਾਉਣ ਦਾ ਸਾਮਾਨ। **ਸਤੀ**-ਮਰੇ ਹੋਏ ਪਤੀ ਦੀ ਚਿਤਾ 'ਤੇ ਮਨ ਹੱਠ ਨਾਲ ਪ੍ਰਾਣ ਦੇਣ ਵਾਲੀ ਇਸਤਰੀ। **ਬਖਾਨੀ**-ਵਿਖਿਆਨ। **ਸਿਊਂ**-ਨਾਲ। **ਸਮਾਨੀ**-ਸਮਾਉਣਾ, ਅਭੇਦ ਕਰਨਾ॥ ੩॥

**ਪਦ ਅਰਥ** : ਹੇ ਜੀਵ-ਰੂਪੀ ਬਾਵਰੀ ਇਸਤਰੀ ! ਤੂੰ ਪਤੀ-ਪਰਮੇਸ਼ਰ ਨਾਲ ਪ੍ਰੀਤ ਕਰ ਲੈ। ਤੇਰੇ ਨਾਲ ਦੀਆਂ ਸਹੇਲੀਆਂ (ਜਿਨ੍ਹਾਂ ਨੇ ਪਤੀ-ਪਰਮੇਸ਼ਰ ਨਾਲ ਪ੍ਰੀਤ ਪਾਇਆ ਸੀ) ਉਹ ਸਭ ਵਿਆਹੀਆਂ ਗਈਆਂ ਹਨ। ਉਨ੍ਹਾਂ ਨੇ (ਜਗਤ-ਰੂਪ) ਪੇਕੇ-ਘਰ ਛੱਡ ਦਿੱਤੇ ਹਨ (ਭਾਵ ਜਗਤ ਤੋਂ ਉਪਰਾਮ ਹੋ ਗਈਆਂ ਹਨ) ਤੇ (ਆਤਮਿਕ ਅਡੋਲਤਾ-ਰੂਪੀ ਸਹੁਰੇ-ਘਰ ਜਾ ਕੇ ਪਤੀ-ਪਰਮੇਸ਼ਰ ਨਾਲ ਮਿਲਾਪ ਕਰ ਲਿਆ ਹੈ।)॥ ਟੇਕ॥

ਹੇ ਜੀਵ-ਇਸਤਰੀ! ਹੁਣ ਤੱਕ ਦੀ ਤੇਰੀ ਉਮਰ ਵਿਅਰਥ ਦੇ ਖੇਡ-ਤਮਾਸ਼ਿਆਂ ਵਿੱਚ ਹੀ ਬੀਤ ਗਈ ਹੈ, ਹਾਲੇ ਤਾਈਂ ਤੇਰੇ ਮਨ ਤੇ ਚਿੱਤ ਵਿੱਚ ਪਤੀ-ਪਰਮੇਸ਼ਰ ਲਈ ਪ੍ਰੇਮ ਤੇ ਦ੍ਰਿੜ੍ਹ ਵਿਸ਼ਵਾਸ ਪੈਦਾ ਨਹੀਂ ਹੋਇਆ। ਹੇ ਬਾਵਰੀ ਜੀਵ-ਇਸਤਰੀ! ਜਦੋਂ ਤੱਕ ਤੂੰ ਹੰਕਾਰ ਵਿੱਚ ਮੈਂ-ਮੈਂ ਕਰਦੀ ਰਹੇਂਗੀ, ਉਦੋਂ ਤੱਕ ਤੂੰ ਆਪਣੇ ਮਨ ਅੰਦਰ ਪ੍ਰੀਤਮ-ਪ੍ਰਭੂ ਦਾ ਅਹਿਸਾਸ ਨਹੀਂ ਕਰ ਸਕੇਂਗੀ ਤੇ ਨਾ ਹੀ ਉਸ ਦੀ ਨਿਕਟਤਾ ਪ੍ਰਾਪਤ ਕਰ ਸਕੇਂਗੀ॥

2. ਹੇ ਜੀਵ-ਇਸਤਰੀ! ਜੇਕਰ ਤੂੰ ਪਤੀ-ਪਰਮੇਸ਼ਰ ਨੂੰ ਪਾਉਣਾ ਚਾਹੁੰਦੀ ਹੈਂ ਤਾਂ ਆਪਾ-ਭਾਵ ਮਿਟਾ ਕੇ 'ਮੈਂ-ਮੇਰੀ' ਦੀ ਹਉਮੈ ਨੂੰ ਖ਼ਤਮ ਕਰ ਦੇ ਤੇ ਹੰਕਾਰ ਨੂੰ ਤਜ ਕੇ ਪ੍ਰੀਤਮ-ਪ੍ਰਭੂ ਅੱਗੇ ਆਪਣੀ ਦੇਹੀ ਨੂੰ ਪੂਰੀ ਤਰ੍ਹਾਂ ਸਮਰਪਿਤ ਕਰ ਦੇ। ਇਹ ਗੱਲ ਹਮੇਸ਼ਾ ਯਾਦ ਰੱਖ ਕਿ ਉਸ ਪ੍ਰੀਤਮ-ਪ੍ਰਭੂ ਦੇ ਮਨ ਨੂੰ ਵੀ ਉਹੀ ਜੀਵ-ਇਸਤਰੀ ਭਾਉਂਦੀ ਹੈ ਜਿਸ ਦੇ ਹਿਰਦੇ ਵਿੱਚ ਉਸ ਤੋਂ ਇਲਾਵਾ ਕਿਸੇ ਦੂਸਰੇ ਦਾ ਖ਼ਿਆਲ ਨਹੀਂ ਆਉਂਦਾ॥

3. ਹੇ ਜੀਵ-ਇਸਤਰੀ! ਜੇਕਰ ਪ੍ਰੀਤਮ ਦੇ ਮਨ ਨੂੰ ਇਸਤਰੀ ਨਹੀਂ ਭਾਉਂਦੀ ਤਾਂ ਉਹਦਾ ਸੋਲ੍ਹਾਂ ਸ਼ਿੰਗਾਰ ਕਰਨਾ ਵੀ ਵਿਅਰਥ ਹੈ। ਇਸੇ ਤਰ੍ਹਾਂ ਜਦੋਂ ਤੱਕ ਆਤਮਾ ਸੱਚੀ ਭਗਤੀ ਦਾ ਸ਼ਿੰਗਾਰ ਨਹੀਂ ਕਰਦੀ ਉਦੋਂ ਤੱਕ ਉਸ ਦੇ ਸਾਰੇ ਹਾਰ-ਸ਼ਿੰਗਾਰ ਫ਼ਜ਼ੂਲ ਹਨ। ਸਤਿਗੁਰੂ ਰਵਿਦਾਸ ਜੀ ਮਹਾਰਾਜ ਵਿਖਿਆਨ ਕਰਦੇ ਹਨ ਕਿ ਉਹੀ ਜੀਵ-ਇਸਤਰੀ ਸੱਚੀ ਸਤੀ ਹੈ ਜਿਹੜੀ ਪ੍ਰੀਤਮ-ਪ੍ਰਭੂ ਦੇ ਪ੍ਰੇਮ ਦੀ ਅਗ਼ਨੀ ਵਿੱਚ ਆਪਣੀ ਹਉਮੈ ਜਲਾ ਦਿੰਦੀ ਹੈ ਤੇ ਆਪਣਾ ਤਨ-ਮਨ ਉਸ ਨੂੰ ਅਰਪਣ ਕਰ ਕੇ ਉਸਦੇ ਰੰਗ ਵਿੱਚ ਇੰਝ ਰੰਗੀ ਜਾਂਦੀ ਹੈ ਕਿ ਉਸ ਦੀ ਆਪਣੀ ਵੱਖਰੀ ਹੋਂਦ ਹੀ ਖ਼ਤਮ ਹੋ ਜਾਂਦੀ ਹੈ। ਉਹ ਆਪਣੇ-ਆਪ ਨੂੰ ਪੂਰੀ ਤਰ੍ਹਾਂ ਪ੍ਰੀਤਮ-ਪ੍ਰਭੂ ਵਿੱਚ ਅਭੇਦ ਕਰ ਦਿੰਦੀ ਹੈ॥

**ਭਾਵ ਅਰਥ** : ਜੀਵ-ਇਸਤਰੀ ਨੂੰ ਮਾਣ-ਹੰਕਾਰ ਤਜ ਕੇ ਪਤੀ-ਪਰਮੇਸ਼ਰ ਨਾਲ ਤਨੋ-ਮਨੋ ਪ੍ਰੀਤ ਕਰਨੀ ਚਾਹੀਦੀ ਹੈ, ਤਾਂ ਹੀ ਉਹ ਉਸ ਵਿੱਚ ਅਭੇਦ ਹੋ ਸਕਦੀ ਹੈ।

## ਰਾਗੁ ਆਸਾਵਰੀ -118

***ਰੇ ਮਨ ਮਾਂਛਲਾ ਸੰਸਾਰ ਸਮੁੰਦੇ, ਤੂੰ ਚਿਤਰ ਬਿਚਿਤ੍ਰ ਬਿਚਾਰਿ ਰੇ।***
***ਜਿਹਿੰ ਗਾਲੇ ਗਲਿਆਹੀਂ ਮਰੀਏ, ਸੋ ਸੰਗ ਦੂਰਿ ਨਿਵਾਰਿ ਰੇ॥ ਟੇਕ॥***
***ਜਮ ਹੈ ਡਿਗਣਿ ਡੋਰਿ ਹੈ ਕੰਕਣ, ਪਰਤ੍ਰਿਆ ਗਾਲੌ ਜਾਣਿ ਰੇ।***
***ਹਵੈ ਰਸ ਲੁਬਧ ਰਮੇ ਜੌ ਮੂਰਿਖ, ਮਨ ਪਛਿਤਾਵੈ ਨਿਆਂਣਿ ਰੇ॥ ੧॥***
***ਪਾਪ ਗੁਨਿਓ ਛੈ ਧਰਮ ਨਿਬੌਲੀ, ਤੂੰ ਦੇਖਿ ਦੇਖਿ ਫਲ ਚਾਖਿ ਰੇ।***
***ਪਰਤ੍ਰਿਆ ਸੰਗ ਭਲੌ ਜੌ ਹੋਵੈ, ਤੋ ਰਾਣੌ ਰਾਵਨ ਦੇਖਿ ਰੇ॥ ੨॥***
***ਕਹੈ ਰਵਿਦਾਸ ਰਤਨ ਫਲ ਕਾਰਨਿ, ਗੋਬਿੰਦ ਕੈ ਗੁਨ ਗਾਇ ਰੇ।***
***ਕਾਂਚੌ ਕੁੰਭ ਭਰਿਓ ਜਲ ਜੈਸੇ, ਦਿਨ ਦਿਨ ਘਟਤੌ ਜਾਇ ਰੇ॥ ੩॥***

**ਸ਼ਬਦ ਅਰਥ** : **ਮਾਂਛਲਾ**-ਮੱਛੀ। **ਚਿਤਰ ਬਿਚਿਤ੍**-ਰੰਗ ਬਿਰੰਗੇ। **ਗਾਲੇ**-ਗਲ ਅੰਦਰ ਪਾਉਣ ਵਾਲੀ ਚੀਜ਼, ਜਿਸ ਦਾ ਭੋਜਨ ਕੀਤਾ ਜਾਵੇ, ਚਾਰਾ। **ਗਲਿਆਹੀਂ**-ਗਲ ਨੂੰ ਹੀ। **ਸੋ**-ਉਸ ਦਾ। **ਨਿਵਾਰਿ**-ਛੱਡਣਾ, ਛੁਟਕਾਰਾ ਪਾਉਣਾ। **ਡਿਗਣਿ**-ਮੱਛੀ ਫਾਹੁਣ ਵਾਲਾ, ਮੱਛੀ ਮਾਰਨ ਵਾਲਾ। **ਡੋਰਿ**-ਡੋਰੀ, ਰੱਸੀ। **ਕੰਕਣ**-ਗਹਿਣੇ। **ਪਰਤ੍ਰਿਆ**-ਪਰਾਈ ਇਸਤਰੀ। **ਗਾਲੌ**- ਕੁੰਡੀ ਅੱਗੇ ਲਾਇਆ ਚਾਰਾ। **ਹਵੈ**-ਹੋ ਕੇ। **ਰਸ**-ਭੋਗ ਵਿਲਾਸ ਦਾ ਰਸ। **ਲੁਬਧ**-ਲੋਭੀ। **ਰਮੇ**-ਰਮਨ ਕਰਨਾ, ਭੋਗ ਕਰਨਾ। **ਨਿਆਂਣਿ**-ਅਨਜਾਣ, ਅੰਞਾਣ, ਅਗਿਆਨੀ॥ ੧॥

**ਗੁਨਿਓ**-ਗੁਣ ਭਰਪੂਰ ਲੱਗਣਾ, ਫ਼ਲ ਦਾਇਕ ਲੱਗਣਾ, ਲਾਭਦਾਇਕ ਲੱਗਣਾ, ਮਿੱਠਾ ਲੱਗਣਾ। **ਛੈ**-ਹੈ, ਹਨ। **ਨਿਬੌਲੀ**-ਨਿਮੋਲੀ, ਨਿੰਮ ਦਾ ਫਲ ਜੋ ਕੌੜਾ ਹੁੰਦਾ ਹੈ। **ਦੇਖਿ ਦੇਖਿ**-ਪਰਖ ਪਰਖ। **ਚਾਖਿ**-ਚੱਖਣਾ, ਸਵਾਦ ਲੈਣਾ, ਖਾਣਾ। **ਰਾਣੌ**-ਰਾਜਾ॥ ੨॥

**ਰਤਨ ਫਲ**-ਵਡਮੁੱਲਾ ਫਲ, ਕੀਮਤੀ ਹੀਰਾ, ਰਾਮ ਨਾਮ ਦਾ ਅਨਮੋਲ ਰਤਨ। **ਗੋਬਿੰਦ**-ਜੀਵਾਂ ਦੇ ਦਿਲਾਂ ਦੀ ਜਾਣਨ ਵਾਲਾ ਪ੍ਰਭੂ। **ਕਾਂਚੌ**-ਕੱਚਾ। **ਕੁੰਭ**-ਘੜਾ॥ ੩॥

**ਪਦ ਅਰਥ** : ਹੇ ਮਨ-ਰੂਪੀ ਮਛਲੀ! ਇਹ ਮਾਇਆ-ਵੇੜ੍ਹਾ ਸੰਸਾਰ-ਸਮੁੰਦਰ ਕਈ ਤਰ੍ਹਾਂ ਦੇ ਰੰਗਾਂ ਨਾਲ ਭਰਿਆ ਹੋਇਆ ਹੈ। ਤੂੰ ਇਸ ਦੇ ਰੰਗ-ਬਿਰੰਗੇ ਤਮਾਸ਼ਿਆਂ, ਪਰਲੋਭਨਾਂ ਅਤੇ ਵਿਸ਼ੇ-ਵਿਕਾਰਾਂ ਆਦਿਕ 'ਤੇ ਗੰਭੀਰਤਾ ਨਾਲ ਵਿਚਾਰ ਕਰ ਤੇ ਇਸ ਵਿੱਚ ਸੰਭਲ-ਸੰਭਲ ਕੇ ਚੱਲ। ਹੇ ਮਨ! ਜਿਹੜੀ ਚੀਜ਼ ਗਲ ਵਿੱਚ ਪਾਉਂਦਿਆਂ ਸਾਰ ਹੀ ਗਲ ਨੂੰ ਘੁੱਟ ਕੇ ਜਾਨ ਲੈ ਲਵੇ ਤੂੰ ਉਸਦੀ ਅਸਲੀਅਤ ਸਮਝ ਤੇ ਉਸ ਦਾ ਸਾਥ ਦੂਰ ਤੋਂ ਹੀ ਛੱਡ ਦੇ॥ ਟੇਕ॥

ਹੇ ਮਨ! ਯਮ ਮੱਛੀ ਫਾਹੁਣ ਵਾਲਾ ਮਾਛੀ ਹੈ। ਇੰਦ੍ਰੀਆਂ ਦੇ ਭੋਗ ਇਸ ਮਾਛੀ ਦੀ ਕੁੰਡੀ ਹਨ। ਪਰਾਈ ਇਸਤਰੀ ਇਸ ਕੁੰਡੀ ਨੂੰ ਲੱਗਾ ਹੋਇਆ ਚਾਰਾ (ਆਟਾ) ਹੈ। ਪਰਾਈ ਇਸਤਰੀ ਦੇ ਗਹਿਣੇ ਕੁੰਡੀ ਦੀ ਡੋਰੀ ਹਨ। ਜਿਸ ਤਰ੍ਹਾਂ ਮੱਛੀ ਲੋਭ ਵਿੱਚ ਆ ਕੇ ਚਾਰੇ (ਆਟਾ) ਨੂੰ ਖਾਣ ਲਈ ਕੁੰਡੀ ਵਿੱਚ ਫਸ ਜਾਂਦੀ ਹੈ ਤੇ ਪਛਤਾਉਂਦੀ ਹੈ, ਇਸੇ ਤਰ੍ਹਾਂ ਜੀਵ ਦਾ ਮੂਰਖ਼ ਮਨ ਵੀ ਲਾਲੋਵਿਤ ਹੋਇਆ ਪਰਾਈ ਇਸਤਰੀ ਵੱਲ ਖਿੱਚਿਆ ਜਾਂਦਾ ਹੈ ਤੇ ਪਿਆਰ ਵਿੱਚ ਉਸ ਨਾਲ ਰਮਣ ਕਰਦਾ ਹੈ, ਪਰ ਅੰਤ 'ਚ ਕੀਤੇ ਹੋਏ ਕੁਕਰਮਾਂ ਲਈ ਮੂਰਖ ਵਾਂਗ ਪਛਤਾਉਂਦਾ ਹੈ॥

2. ਹੇ ਮਨ! ਪਾਪ ਦੇਖਣ ਨੂੰ ਬੇਸ਼ੱਕ ਫ਼ਲਦਾਇਕ ਲਗਦਾ ਹੈ, ਮਿੱਠਾ ਲੱਗਦਾ ਹੈ ਪਰ ਅਸਲ ਵਿੱਚ ਦੁੱਖਦਾਈ ਹੁੰਦਾ ਹੈ। ਧਰਮ ਜਾਂ ਨੇਕੀ ਨਿੰਮ ਦੀ ਨਿਮੋਲੀ ਵਾਂਗ ਭਾਵੇਂ ਕੌੜੀ ਲਗਦੀ ਹੈ ਪਰ ਅਸਲ ਵਿੱਚ ਬਹੁਤ ਹੀ ਚੰਗੇ ਅਸਰ ਵਾਲੀ ਹੁੰਦੀ ਹੈ। ਇਸ ਲਈ ਤੂੰ ਸੁਆਦ 'ਚ ਨਾ ਪੈ ਤੇ ਫਲ ਨੂੰ ਚੰਗੀ ਤਰ੍ਹਾਂ ਪਰਖ ਕੇ ਚੱਖ ਭਾਵ ਕਰਮਾਂ ਨੂੰ ਸੋਚ-ਵਿਚਾਰ ਕੇ ਕਰ। ਤੂੰ ਸੰਸਾਰ ਦੇ ਰਸਾਂ-ਕਸਾਂ ਦੇ ਸੁਆਦ ਵਿੱਚ ਨਾ ਪੈ ਤੇ ਪਰਮਾਰਥ ਦਾ ਕੰਮ ਕਰ। ਤੂੰ ਇਸ ਗੱਲ ਨੂੰ ਸਦਾ ਯਾਦ ਰੱਖ ਕਿ ਪਰਾਈ ਇਸਤਰੀ ਦਾ ਸੰਗ ਕਰਕੇ ਜੇਕਰ ਭਲਾ ਹੋਣਾ ਹੁੰਦਾ ਤਾਂ ਲੰਕਾ ਦੇ ਰਾਜੇ ਰਾਵਣ ਦੀ ਜੋ ਹਾਲਤ ਹੋਈ, ਉਹ ਕਦੇ ਵੀ ਨਾ ਹੁੰਦੀ॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਜੀਵ! ਜੇਕਰ ਤੂੰ

ਮਨੁੱਖਾ ਜਨਮ ਦਾ ਵਡਮੁੱਲਾ ਫਲ ਭਾਵ ਪ੍ਰਭੂ-ਰੂਪੀ ਅਨਮੋਲ ਰਤਨ ਪ੍ਰਾਪਤ ਕਰਨਾ ਚਾਹੁੰਦਾ ਹੈਂ ਤਾਂ ਮਨ ਨੂੰ ਸੰਸਾਰ ਦੇ ਰਸਾਂ-ਕਸਾਂ ਤੇ ਵਿਸ਼ੇ-ਵਿਕਾਰਾਂ ਤੋਂ ਤੋੜ ਕੇ ਦਿਲਾਂ ਦੇ ਜਾਣਨਹਾਰ-ਪ੍ਰਭੂ ਦੇ ਨਾਮ-ਸਿਮਰਨ ਨਾਲ ਜੋੜ, ਉਸ ਦੀ ਮਹਿਮਾ ਦੇ ਗੁਣਗਾਨ ਕਰ। ਜਿਵੇਂ ਕੱਚੇ ਘੜੇ ਵਿੱਚ ਰੱਖਿਆ ਪਾਣੀ ਬੂੰਦ-ਬੂੰਦ ਕਰਕੇ ਹਰ ਦਿਨ ਘਟਦਾ ਜਾਂਦਾ ਹੈ ਤਿਵੇਂ ਹੀ ਤੇਰੇ ਨਸ਼ਵਰ ਸਗੀਰ ਦੀ ਆਰਜਾ ਵੀ ਪਲ-ਪਲ ਕਰਕੇ ਦਿਨ-ਪ੍ਰਤੀਦਿਨ ਘੱਟਦੀ ਜਾ ਰਹੀ ਹੈ।(ਇਸ ਤੋਂ ਪਹਿਲਾਂ ਕਿ ਇਸ ਸਰੀਰ ਦੀ ਕੱਚੇ ਘੜੇ ਵਾਂਗ ਖੁਰ ਕੇ ਮੌਤ ਹੋ ਜਾਏ ਤੂੰ ਪ੍ਰਭੂ ਦੇ ਨਾਮ-ਸਿਮਰਨ ਵਿੱਚ ਲੱਗ ਕੇ ਇਸ ਸਰੀਰ ਦਾ ਸਦ-ਉਪਯੋਗ ਕਰ ਲੈ ਤੇ ਰਹਿੰਦੇ ਸਮੇਂ ਦਾ ਲਾਭ ਉਠਾ ਲੈ।)॥

**ਭਾਵ ਅਰਥ** : ਜੀਵ ਨੂੰ ਬੁਰੇ ਕਰਮਾਂ ਤੇ ਵਿਸ਼ੇ-ਵਿਕਾਰਾਂ ਨੂੰ ਤਿਆਗ ਕੇ ਪਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ ਹੈ ਤਾਂ ਕਿ ਉਹ ਸੰਸਾਰ-ਰੂਪੀ ਭਵਸਾਗਰ ਤੋਂ ਪਾਰ ਲੰਘ ਜਾਵੇ।

# ਰਾਗੁ ਆਸਾਵਰੀ -119

***ਰਥ ਕੋ ਚਤੁਰ ਚਲਾਵਨਹਾਰੋ।***
***ਖਿਨ ਹਾਂਕੈ ਖਿਨ ਉਭੋ ਰਾਖੈ, ਨਹੀਂ ਆਨ ਕੌ ਸਾਰੋ॥ ਟੇਕ॥***
***ਜਬ ਰਥ ਰਹੈ ਸਾਰਥੀ ਥਾਕੈ, ਤਬ ਕੋ ਰਥਹਿ ਚਲਾਵੈ।***
***ਨਾਦ ਬਿੰਦ ਸਬੈ ਹੀ ਥਾਕੈ, ਮਨ ਮੰਗਲ ਨਹਿ ਗਾਵੈ॥ ੧॥***
***ਪਾਂਚ ਤਤ ਕੌ ਯਹੁ ਰਥ ਸਾਜਿਓ, ਅਰਧੈ ਉਰਧ ਨਿਵਾਸਾ।***
***ਚਰਨ ਕਮਲ ਲਿਉ ਲਾਇ ਰਹਿਓ ਹੈ, ਗੁਨ ਗਾਵੈ ਰਵਿਦਾਸਾ॥ ੨॥***

**ਸ਼ਬਦ ਅਰਥ** : **ਰਥ**-ਸਰੀਰ ਰੂਪੀ ਰੱਥ। **ਚਤੁਰ**-ਚਲਾਕ, ਸਿਆਣਾ। **ਚਲਾਵਨਹਾਰੋ**-ਚਾਲਕ, ਚਲਾਉਣ ਵਾਲਾ। **ਖਿਨ**-ਛਿੰਨ, ਪਲ। **ਹਾਂਕੈ**-ਹਕਣਾ, ਚਲਾਉਣਾ। **ਉਭੋ**-ਰੋਕਣਾ, ਖ਼ਿਲਾਰ ਦੇਣਾ। **ਆਨ**-ਦੂਸਰਾ। **ਸਾਰੋ**-ਖ਼ਬਰ ਸਾਰ, ਪਤਾ। **ਸਾਰਥੀ**-ਰੱਥਵਾਨ। **ਤਬ ਕੋ**-ਉਸ ਸਮੇਂ ਕੌਣ। **ਨਾਦ ਬਿੰਦ**-ਇੰਦਰੀਆਂ। **ਮੰਗਲ**-ਸ਼ੁੱਭ, ਆਨੰਦ, ਖ਼ੁਸ਼॥ ੧॥ **ਸਾਜਿਓ**-ਸਿਰਜਿਆ, ਬਣਾਇਆ। **ਅਰਧੈ ਉਰਧ**- ਹੇਠਾਂ ਤੋਂ ਉਤਾਂਹ ਹਰ ਥਾਂ ਹੋਣ ਵਾਲਾ ਭਾਵ ਸਰਵ-ਵਿਆਪਕ ਪ੍ਰਭੂ, ਦਸਵਾਂ ਦੁਆਰ। **ਲਿਉ**-ਲਿਵ, ਮਨ ਦੀ ਲਗਨ। **ਲਾਇ ਰਹਿਓ**-ਲਾਈ ਹੋਈ ਹੈ॥ ੨॥

**ਪਦ ਅਰਥ** : ਸਰੀਰ-ਰੂਪੀ ਰੱਥ ਨੂੰ ਚਲਾਉਣ ਵਾਲਾ ਚਾਲਕ ਬਹੁਤ ਚਤੁਰ ਤੇ ਸਿਆਣਾ ਹੈ। ਉਹ ਆਪਣੀ ਰਜ਼ਾ ਅਨੁਸਾਰ ਇਸ ਰਥ ਨੂੰ ਇਕ ਛਿੰਨ ਵਿੱਚ ਚਲਾਉਣ ਲੱਗ ਪੈਂਦਾ ਹੈ ਅਤੇ ਛਿੰਨ ਵਿੱਚ ਹੀ ਖੜ੍ਹਾ ਕਰ ਦਿੰਦਾ ਹੈ। ਉਹ ਅਜਿਹਾ ਕਰਨ ਲੱਗੇ ਕਿਸੇ ਦੂਸਰੇ ਨੂੰ ਪਤਾ ਵੀ ਨਹੀਂ ਲੱਗਣ ਦਿੰਦਾ॥ ਟੇਕ॥

ਹੇ ਭਾਈ! ਜਦੋਂ ਸਰੀਰ-ਰੂਪੀ ਰੱਥ ਦਾ ਮਨ-ਰੂਪੀ ਰੱਥਵਾਨ ਥੱਕ ਜਾਂਦਾ ਹੈ, ਤਾਂ ਵੀ ਇਹ ਰੱਥ ਚੱਲਦਾ ਰਹਿੰਦਾ ਹੈ। ਜਦੋਂ ਸਗੀਰ-ਰੂਪੀ ਰੱਥ ਦੇ ਨਾਦ ਤੇ ਬਿੰਦ ਭਾਵ ਸਰੀਰ ਨੂੰ ਚਲਾਉਣ ਵਾਲੇ ਇੰਦਰੇ ਥੱਕ ਕੇ ਖਾਮੋਸ਼ ਹੋ ਜਾਂਦੀਆਂ ਹਨ, ਜਦੋਂ ਮਨ ਵਿੱਚ ਇੱਧਰ-ਉੱਧਰ ਦੇ ਭਾਵ ਮੌਜੂਦ ਨਹੀਂ ਰਹਿੰਦੇ ਤੇ ਨਾ ਹੀ ਉਹ

ਮੰਗਲਮਈ ਗੀਤ ਗਾਉਂਦਾ ਹੈ, ਤਾਂ ਉਸ ਸਮੇਂ ਵੀ ਇਹ ਸਰੀਰ-ਰੂਪੀ ਰੱਥ ਨਿਰੰਤਰ ਚੱਲਦਾ ਰਹਿੰਦਾ ਹੈ। (ਉਸ ਸਮੇਂ ਵੀ ਸਰੀਰ ਜਿਊਂਦਾ ਰਹਿੰਦਾ ਹੈ, ਹਰਕਤ ਵਿੱਚ ਰਹਿੰਦਾ ਹੈ।) ਉਸ ਸਮੇਂ ਇਸ ਸਰੀਰ-ਰੂਪੀ ਰੱਥ ਨੂੰ ਕੌਣ ਚਲਾ ਰਿਹਾ ਹੁੰਦਾ ਹੈ?॥

2. ਹੇ ਭਾਈ! ਪਰਮਾਤਮਾ ਨੇ ਜੀਵ ਦਾ ਸਰੀਰ-ਰੂਪੀ ਰੱਥ ਪੰਜ ਤੱਤਾਂ-ਧਰਤੀ, ਆਕਾਸ਼, ਪਾਣੀ, ਹਵਾ ਤੇ ਅਗਨੀ ਨਾਲ ਸਿਰਜਿਆ ਹੈ ਤੇ ਖ਼ੁਦ ਇਸ ਰੱਥ ਦੇ ਅਰਧ-ਉਰਧ ਭਾਵ ਦਸਵੇਂ-ਦੁਆਰ 'ਚ ਹਮੇਸ਼ਾ ਬਿਰਾਜਮਾਨ ਰਹਿੰਦਾ ਹੈ। (ਇਸ ਰੱਥ ਨੂੰ ਚਲਾਉਣ ਵਾਲਾ ਕੋਈ ਹੋਰ ਨਹੀਂ ਬਲਕਿ ਖ਼ੁਦ ਪਰਮਾਤਮਾ ਹੀ ਹੈ ਤੇ ਉਸੇ ਕਾਰਨ ਹੀ ਇਹ ਰੱਥ ਹਰਕਤ ਵਿੱਚ ਰਹਿੰਦਾ ਹੈ।) ਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਮੈਂ ਉਸ ਪਰਮਾਤਮਾ ਦੇ ਗੁਣ ਗਾਉਂਦਾ ਥੱਕਦਾ ਨਹੀਂ ਜਿਸ ਨੇ ਅਜਿਹਾ ਅਦਭੁੱਤ ਰੱਥ ਬਣਾਇਆ ਹੈ। ਮੈਂ ਤਾਂ ਉਸ ਦੇ ਚਰਨ-ਕੰਵਲਾਂ ਨਾਲ ਲਿਵ ਲਾਈ ਹੋਈ ਹੈ ਤੇ ਦਿਨ-ਰਾਤ ਉਸ ਦੇ ਨਾਮ ਦਾ ਹੀ ਗੁਣਗਾਨ ਕਰਦਾ ਰਹਿੰਦਾ ਹਾਂ॥

**ਭਾਵ ਅਰਥ** : ਪੰਜ ਤੱਤ ਨਾਲ ਬਣੇ ਹੋਏ ਜੀਵ ਦੇ ਸਰੀਰ ਨੂੰ ਪ੍ਰਭੂ ਚਲਾਉਂਦਾ ਹੈ। ਇਸ ਲਈ ਜੀਵ ਨੂੰ ਪਰਮਾਤਮਾ ਦਾ ਨਾਮ-ਸਿਮਰਨ ਕਰਨਾ ਚਾਹੀਦਾ ਹੈ।

## ਰਾਗੁ ਆਸਾਵਰੀ -120

***ਜੋ ਤੁਮ ਤੋਰੋ ਰਾਮ ਮੈਂ ਨਹਿੰ ਤੋਰੌਂ। ਤੁਮ ਸੌਂ ਤੋਰਿ ਕਵਨ ਸੌਂ ਜੋਰੌਂ॥ ਟੇਕ॥***
***ਤੀਰਥ ਬਰਤ ਨ ਕਰੌਂ ਅੰਦੇਸਾ। ਤੁਮ੍ਹਰੇ ਚਰਨ ਕੰਵਲ ਕਾ ਭਰੋਸਾ॥ ੧॥***
***ਜਹਾਂ ਜਹਾਂ ਜਾਊਂ ਤੁਮ੍ਹਾਰੀ ਪੂਜਾ। ਤੁਮ ਸਾ ਦੇਵ ਅਵਰ ਨਹਿੰ ਦੂਜਾ॥ ੨॥***
***ਮੈਂ ਅਪਨੋ ਮਨ ਹਰਿ ਸੋਂ ਜੋਰਿਓ। ਹਰਿ ਸੋਂ ਜੋਰਿ ਸਬਨਿ ਸੋਂ ਤੋਰਿਓ॥ ੩॥***
***ਸਬ ਪਰਹਰਿ ਤੁਮਾਰੀ ਆਸਾ। ਮਨ ਕ੍ਰਮ ਬਚਨ ਕਹੈ ਰਵਿਦਾਸਾ॥ ੪॥***

**ਸ਼ਬਦ ਅਰਥ** : **ਤੋਰੋ**-ਤੋੜਨਾ। **ਕਵਨ**-ਕਿਸ ਨਾਲ। **ਜੋਰੌਂ**-ਜੋੜਨਾ। **ਅੰਦੇਸਾ**-ਅਰਦਾਸ, ਪ੍ਰਾਰਥਨਾ, ਚਿੰਤਾ॥ ੧॥ **ਅਵਰ**-ਦੂਜਾ॥ ੨॥
**ਪਰਹਰਿ**-ਤਿਆਗ ਕੇ, ਛੱਡ ਕੇ। **ਆਸਾ**-ਉਮੀਦ, ਪ੍ਰਾਪਤੀ ਦੀ ਇੱਛਾ॥ ੩॥
(**ਨੋਟ**:-ਇਹ ਸ਼ਬਦ, ਸ਼ਬਦ ਨੰਬਰ 25 ਦਾ ਲਗਭਗ ਰੂਪਾਂਤਰ ਹੈ।)

**ਪਦ ਅਰਥ** : ਹੇ ਪ੍ਰਭੂ! ਜੇਕਰ ਆਪ ਜੀ ਮੇਰੇ ਨਾਲੋਂ ਪ੍ਰੀਤ ਤੋੜ ਵੀ ਲਵੋਗੇ ਤਾਂ ਵੀ ਮੈਂ ਆਪ ਜੀ ਨਾਲੋਂ ਪ੍ਰੀਤ ਨਹੀਂ ਤੋੜਾਂਗਾ ਕਿਉਂਕਿ ਮੈਨੂੰ ਆਪ ਜੀ ਦੇ ਸਿਵਾਏ ਕੋਈ ਦੂਸਰਾ ਹੋਰ ਨਜ਼ਰ ਹੀ ਨਹੀਂ ਆਉਂਦਾ ਜਿਸ ਨਾਲ ਪ੍ਰੀਤ ਜੋੜੀ ਜਾ ਸਕਦੀ ਹੋਵੇ॥ ਟੇਕ॥

ਹੇ ਪਰਮਾਤਮਾ! ਮੈਂ ਤੀਰਥ ਇਸ਼ਨਾਨ, ਵਰਤ ਆਦਿਕ ਬਾਹਰੀ ਕਰਮਕਾਂਡ ਨਹੀਂ ਕਰਦਾ ਤੇ ਨਾ ਹੀ ਕਿਸੇ ਦੇਵੀ-ਦੇਵਤੇ ਅੱਗੇ ਅਰਦਾਸ ਕਰਦਾ ਹਾਂ, ਕਿਉਂਕਿ ਮੈਨੂੰ ਤਾਂ ਸਿਰਫ਼ ਆਪ ਜੀ ਦੇ ਚਰਨ-ਕੰਵਲਾਂ ਦਾ ਹੀ ਭਰੋਸਾ ਹੈ॥

2. ਹੇ ਪਰਮਾਤਮਾ! ਮੈਂ ਜਿੱਥੇ-ਜਿੱਥੇ ਵੀ ਜਾਂਦਾ ਹਾਂ ਉੱਥੇ ਕੇਵਲ ਆਪ ਜੀ ਦੀ

ਹੀ ਪੂਜਾ ਕਰਦਾ ਹਾਂ ਕਿਉਂਕਿ ਇਕ ਆਪ ਹੀ ਅਜਿਹੇ ਹੋ ਜੋ ਹਰ ਥਾਂ ਮੌਜੂਦ ਹੋ। ਆਪ ਜੀ ਵਰਗਾ ਕੋਈ ਦੂਸਰਾ ਦੇਵਤਾ ਜਾਂ ਸੁਆਮੀ ਹੈ ਹੀ ਨਹੀਂ ਜਿਸ ਦੀ ਮੈਂ ਪੂਜਾ ਕਰ ਸਕਾਂ॥

3. ਹੇ ਪਰਮਾਤਮਾ! ਮੈਂ ਆਪਣਾ ਮਨ ਆਪ ਜੀ ਨਾਲ ਜੋੜ ਲਿਆ ਹੈ। ਆਪ ਜੀ ਨਾਲ ਜੋੜ ਕੇ ਹੋਰ ਸਾਰੇ ਪਾਸਿਓ ਤੋੜ ਲਿਆ ਹੈ॥

4. ਸਤਿਗੁਰੂ ਰਵਿਦਾਸ ਜੀ ਮਹਾਰਾਜ ਪਰਮਾਤਮਾ ਅੱਗੇ ਬੇਨਤੀ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਮੈਂ ਸੰਸਾਰ ਦੇ ਸਾਰੇ ਆਸਰਿਆਂ ਦੀ ਆਸ ਛੱਡ ਕੇ ਕੇਵਲ ਆਪ ਜੀ ਦੇ ਆਸਰੇ ਦੀ ਆਸ ਰੱਖੀ ਹੈ। ਹੁਣ ਮੈਂ ਆਪਣੇ ਮਨ ਦੇ ਰਾਹੀਂ, ਆਪਣੇ ਬੋਲਾਂ ਦੇ ਰਾਹੀਂ ਤੇ ਆਪਣੇ ਕਰਮਾਂ ਦੇ ਰਾਹੀਂ ਆਪ ਜੀ ਨਾਲ ਪ੍ਰੀਤ ਕਰਦਾ ਹਾਂ, ਆਪ ਜੀ ਦੀ ਸਿਫ਼ਤਿ-ਸਾਲਾਹ ਕਰਦਾ ਹਾਂ ਤੇ ਆਪ ਜੀ ਦਾ ਸਿਮਰਨ ਕਰਦਾ ਹਾਂ॥

**ਭਾਵ ਅਰਥ** : ਜੀਵ ਨੂੰ ਆਡੰਬਰ ਛੱਡ ਕੇ ਪਰਮਾਤਮਾ ਨਾਲ ਸੱਚੀ ਪ੍ਰੀਤ ਕਰਨੀ ਚਾਹੀਦੀ ਹੈ ਤੇ ਉਸ ਤੇ ਭਰੋਸਾ ਰੱਖਣਾ ਚਾਹੀਦਾ ਹੈ।

## ਰਾਗੁ ਆਸਾਵਰੀ -121

***ਕਿਹਿੰ ਬਿਧਿ ਅਬ ਸੁਮਿਰੋ ਰੇ, ਅਤਿ ਦੁਲਭ ਦੀਨ ਦਿਆਲ।***
***ਮੈਂ ਮਹਾਂ ਵਿਸ਼ਈ ਅਧਿਕ ਆਤੁਰ, ਕਾਮਨਾ ਕੀ ਝਾਲ॥ ਟੇਕ॥***
***ਕਹਾ ਡਿੰਭ ਬਾਹਰਿ ਕੀਏਂ, ਹਰਿ ਕਨਕ ਕਸੌਟੀ ਹਾਰ।***
***ਬਾਹਰਿ ਭੀਤਰਿ ਸਾਖਿ ਤੂੰ, ਹੌ ਕੀਓ ਸੁ ਸੌ ਅੰਧਿਆਰ॥ ੧॥***
***ਕਹਾ ਭਇਓ ਬਹੁਤ ਪਾਖੰਡ ਕੀਓ, ਹਰਿ ਹਿਰਦੈ ਸੁਪਿਨੈਂ ਨ ਜਾਨ।***
***ਜਿਉਂ ਦਾਰਾ ਬਿਭਚਾਰਿਨੀ, ਮੁਖਿ ਪਤਿਵਰਤਾ ਜੀਆ ਆਨ ॥ ੨॥***
***ਮੈਂ ਹਿਰਦੈ ਹਾਰਿ ਬੈਠਿਓ ਹਰਿ, ਮੋਪੈ ਸਰਿਓ ਨਾ ਏਕੋ ਕਾਜ।***
***ਭਾਵ ਭਗਤਿ ਰਵਿਦਾਸ ਦੇ, ਪ੍ਰਤਿਪਾਲ ਕਰੋ ਮੋਹਿ ਆਜ॥ ੩॥***

**ਸ਼ਬਦ ਅਰਥ** : **ਦੁਲਭ**-ਕਠਿਨ। **ਮਹਾਂ ਵਿਸ਼ਈ**-ਵੱਡਾ ਕੁਕਰਮੀ। **ਅਧਿਕ**-ਬਹੁਤ। **ਆਤੁਰ**-ਵਿਆਕੁਲ। **ਕਾਮਨਾ**-ਕਾਮ ਵਾਸ਼ਨਾ ਦੀ ਇੱਛਾ। **ਝਾਲ**-ਅੱਗ ਦੀ ਲਾਟ। **ਡਿੰਭ**-ਪਖੰਡ। **ਬਾਹਰਿ**-ਬਾਹਰ, ਬਾਹਰੀ। **ਕਨਕ**-ਸੋਨਾ। **ਕਸੌਟੀ**-ਕਸਵਟੀ। **ਸਾਖਿ**-ਸਾਖ਼ਸ਼ੀ, ਗਵਾਹ। **ਹੌ**-ਮੈਂ (ਜੀਵ)। **ਕੀਓ ਸੁ**-ਉਸ ਨੂੰ ਕਰਦਾ ਹੈ। **ਅੰਧਿਆਰ**-ਹਨ੍ਹੇਰਾ॥ ੧॥
**ਕਹਾ ਭਇਓ**-ਕੀ ਹੋਇਆ, ਕੀ ਲਾਭ ਹੋਇਆ। **ਜਾਨ**-ਜਾਨਣਾ, ਯਾਦ ਕਰਨਾ। **ਦਾਰਾ**-ਇਸਤਰੀ। **ਬਿਭਚਾਰਿਨੀ**-ਬੁਰੇ ਆਚਰਨ ਵਾਲੀ ਇਸਤਰੀ। **ਮੁਖਿ**-ਮੂੰਹ, ਸਾਹਮਣੇ। **ਜਿਆ**-ਹਿਰਦੇ। **ਆਨ**-ਦੂਸਰਾ, ਹੋਰ ਕੋਈ॥ ੨॥
**ਹਾਰਿ ਬੈਠਿਓ**-ਹਾਰ ਕੇ ਬੈਠ ਗਿਆ। **ਮੋਪੈ**-ਮੇਰੇ ਕੋਲੋਂ। **ਸਰਿਓ ਨਾ**-ਪੂਰਾ ਨਹੀਂ ਹੋਇਆ। **ਕਾਜ**-ਕਾਰਜ, ਕੰਮ। **ਭਾਵ**- ਪ੍ਰੇਮ। **ਪ੍ਰਤਿਪਾਲ**-ਪ੍ਰਤਿਪਾਲਣਾ, ਪਾਲਣ ਪੋਸ਼ਣ ਕਰਨਾ॥੩॥

**ਪਦ ਅਰਥ** : ਹੇ ਪਰਮਾਤਮਾ! ਜੀਵ ਕਿਸ ਵਿਧੀ ਨਾਲ ਆਪ ਜੀ ਦਾ ਨਾਮ-ਸਿਮਰਨ ਕਰੇ? ਹੇ ਗਰੀਬਾਂ 'ਤੇ ਦਇਆ ਕਰਨ ਵਾਲੇ ਪ੍ਰਭੂ! ਜੀਵ ਦਾ ਆਪ ਜੀ ਨਾਲ ਮਿਲਾਪ ਕਰਨਾ ਬਹੁਤ ਕਠਿਨ ਹੈ ਕਿਉਂਕਿ ਉਹ ਬਹੁਤ ਵੱਡਾ ਪਾਪੀ ਤੇ

ਕੁਕਰਮੀ ਹੈ। ਉਹ ਮਾਇਆ ਦੇ ਵਿਕਾਰਾਂ ਵਿੱਚ ਡੁੱਬਿਆ ਹੋਇਆ ਬਹੁਤ ਵਿਆਕੁਲ ਰਹਿੰਦਾ ਹੈ। ਕਾਮ-ਵਾਸ਼ਨਾਂ ਦੀਆਂ ਭਿਆਨਕ ਲਪਟਾਂ ਹਰ ਦਮ ਉਸ ਦੇ ਅੰਦਰ ਜਲਦੀਆਂ ਰਹਿੰਦੀਆਂ ਹਨ। (ਫਿਰ ਅਜਿਹੀ ਭੈੜੀ ਮੱਤ ਵਾਲਾ ਜੀਵ ਆਪ ਜੀ ਦਾ ਸਿਮਰਨ ਕਿਵੇਂ ਕਰੇ ?)॥ ਟੇਕ॥

ਪ੍ਰਭੂ ਦੀ ਪ੍ਰਾਪਤੀ ਲਈ ਜੀਵ ਬਾਹਰੀ ਦਿਖਾਵੇ ਦੀ ਪਾਖੰਡੀ ਭਗਤੀ ਕਰਦਾ ਹੈ। ਪਰ ਇਸ ਤਰ੍ਹਾਂ ਦੀ ਭਗਤੀ ਨਾਲ ਉਹ ਜੀਵ ਪ੍ਰਭੂ ਪਾਰਖੂ ਦੀ ਭਗਤੀ-ਰੂਪੀ ਕਸਵਟੀ ਉੱਤੇ ਸ਼ੁੱਧ ਸੋਨੇ ਵਾਂਗ ਖਰਾ ਨਹੀਂ ਉੱਤਰਦਾ। ਹੇ ਪ੍ਰਭੂ! ਆਪ ਜੀ ਜਾਣੀ-ਜਾਣ ਹੋ, ਜੀਵ ਦੇ ਅੰਦਰ-ਬਾਹਰ ਦੀ ਸਭ ਜਾਣਨ ਵਾਲੇ ਹੋ, ਉਸ ਦੇ ਚੰਗੇ-ਮੰਦੇ ਕਰਮਾਂ ਦੇ ਸਾਖ਼ਸ਼ੀ ਹੋ ਪਰ ਫਿਰ ਵੀ ਜੇਕਰ ਕੋਈ ਜੀਵ ਸੱਚੀ ਭਗਤੀ ਛੱਡ ਕੇ ਪਾਖੰਡੀ ਭਗਤੀ ਵਾਲਾ ਕਰਮ ਕਰਦਾ ਹੈ ਤਾਂ ਉਹ ਆਪਣੇ-ਆਪ ਨੂੰ ਹਨ੍ਹੇਰੇ ਵਿੱਚ ਹੀ ਰੱਖ ਰਿਹਾ ਹੈ॥

2. ਹੇ ਜੀਵ! ਤੈਨੂੰ ਪਾਖੰਡੀ ਭਗਤੀ ਕਰਨ ਨਾਲ ਕੀ ਹਾਸਲ ਹੋਇਆ ? ਇਸ ਪਾਖੰਡੀ ਭਗਤੀ ਕਾਰਨ ਹੀ ਤਾਂ ਤੈਨੂੰ ਕਦੇ ਸੁਪਨੇ ਵਿੱਚ ਵੀ ਪ੍ਰਭੂ ਦਾ ਖ਼ਿਆਲ ਨਹੀਂ ਆਇਆ। ਜਿਸ ਤਰ੍ਹਾਂ ਬੁਰੇ ਆਚਰਣ ਵਾਲੀ ਇਸਤਰੀ ਮੂੰਹੋਂ ਗੱਲਾਂ ਤਾਂ ਪਤੀ-ਬਰਤਾ ਹੋਣ ਦੀਆਂ ਕਰਦੀ ਹੈ ਪਰ ਉਸ ਦੇ ਹਿਰਦੇ ਅੰਦਰ ਮੋਹ ਕਿਸੇ ਦੂਸਰੇ ਪੁਰਸ਼ ਲਈ ਸਮਾਇਆ ਹੁੰਦਾ ਹੈ। (ਉਸੇ ਤਰ੍ਹਾਂ ਪਾਖੰਡੀ ਜੀਵ ਦਿਖਾਵਾ ਤਾਂ ਪਰਮਾਤਮਾ ਦੀ ਭਗਤੀ ਦਾ ਕਰਦਾ ਹੈ ਪਰ ਉਸਦੇ ਅੰਦਰ ਪ੍ਰੀਤ ਸੰਸਾਰ ਦੀ ਮੋਹ-ਮਾਇਆ ਦੀ ਹੀ ਸਮਾਈ ਹੁੰਦੀ ਹੈ। ਅਜਿਹਾ ਪਾਖੰਡੀ ਜੀਵ ਬਿਭਚਾਰਿਨੀ ਔਰਤ ਵਾਂਗ ਹੀ ਹੁੰਦਾ ਹੈ।)॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਪਰਮਾਤਮਾ! ਮੈਂ ਆਪਣੇ ਮਨੋਂ ਪੂਰੀ ਤਰ੍ਹਾਂ ਨਾਲ ਹਾਰ ਕੇ ਬੈਠ ਗਿਆ ਹਾਂ। ਮੈਂ ਨਿਰਾਸ਼ ਤੇ ਦੁਖੀ ਹਾਂ ਕਿਉਂਕਿ ਮੇਰੇ ਕੋਲੋਂ ਆਪ ਜੀ ਦੀ ਭਗਤੀ ਦਾ ਇੱਕੋ ਹੀ ਕਾਰਜ ਪੂਰਾ ਨਹੀਂ ਹੋ ਸਕਿਆ। ਹੇ ਪਰਮਾਤਮਾ! ਆਪ ਕ੍ਰਿਪਾ ਕਰਕੇ ਮੈਨੂੰ ਆਪਣੀ ਭਗਤੀ ਦੀ ਦਾਤ ਬਖ਼ਸ਼ੋ ਜੀ ਤੇ ਅੱਜ ਹੀ ਮੇਰੀ ਪ੍ਰਤਿਪਾਲਣਾ ਕਰੋ ਜੀ॥

**ਭਾਵ ਅਰਥ** : ਪਰਮਾਤਮਾ ਦੀ ਪ੍ਰਾਪਤੀ ਪਾਖੰਡੀ ਤੇ ਕਰਮਕਾਂਡੀ ਭਗਤੀ ਨਾਲ ਨਹੀਂ ਸਗੋਂ ਪ੍ਰਭੂ ਦੀ ਪ੍ਰੇਮਾ-ਭਗਤੀ ਕਰਨ ਨਾਲ ਹੁੰਦੀ ਹੈ।

## ਰਾਗੁ ਆਸਾਵਰੀ -122

***ਅਬ ਕੈਸੇ ਛੂਟੈ ਨਾਮ ਰਟ ਲਾਗੀ॥ ਟੇਕ॥***

***ਪ੍ਰਭੂ ਜੀ ਤੁਮ ਚੰਦਨ ਹਮ ਪਾਨੀ। ਜਾਕੀ ਅੰਗ ਅੰਗ ਬਾਸ ਸਮਾਨੀ॥ ੧॥***

***ਪ੍ਰਭੂ ਜੀ ਤੁਮ ਘਨ ਬਨ ਹਮ ਮੋਰਾ। ਜੈਸੇ ਚਿਤਵਤ ਚੰਦ ਚਕੋਰਾ॥ ੨॥***

***ਪ੍ਰਭੂ ਜੀ ਤੁਮ ਦੀਪਕ ਹਮ ਬਾਤੀ। ਜਾਕੀ ਜੋਤਿ ਜਰੈ ਦਿਨ ਰਾਤੀ॥ ੩॥***

***ਪ੍ਰਭੂ ਜੀ ਤੁਮ ਮੋਤੀ ਹਮ ਧਾਗਾ। ਜੈਸੇ ਸੋਨਹਿਂ ਮਿਲਤ ਸੋਹਾਗਾ॥ ੪॥***

***ਪ੍ਰਭੂ ਜੀ ਤੁਮ ਸੁਆਮੀ ਹਮ ਦਾਸਾ। ਐਸੀ ਭਗਤਿ ਕਰੈ ਰਵਿਦਾਸਾ॥ ੫॥***

**<u>ਸ਼ਬਦ ਅਰਥ</u>** : **ਰਟ**–ਵਾਰ ਵਾਰ ਪੁਕਾਰਨਾ, ਵਾਰ ਵਾਰ ਸਿਮਰਨਾ। **ਚੰਦਨ**–ਖੁਸ਼ਬੂਦਾਰ ਰੁੱਖ। **ਜਾਕੀ**–ਉਸ ਦੀ॥ ੧॥
**ਘਨ**–ਬੱਦਲ। **ਬਨ**–ਜੰਗਲ। **ਚਿਤਵਤ**–ਚਿੰਤਨ ਕਰਨਾ, ਵਿਚਾਰ ਕਰਨਾ॥ ੨॥
**ਮੋਤੀ**–ਸਿੱਪੀ ਵਿੱਚ ਪੈਦਾ ਹੋਇਆ ਇਕ ਰਤਨ। **ਸੋਹਾਗਾ**–ਇਕ ਖਾਰਾ ਪਦਾਰਥ ਜਿਸ ਨੂੰ ਟੰਕਣ ਆਖਦੇ ਹਨ॥ ੪॥

**<u>ਪਦ ਅਰਥ</u>** : (ਜਦੋਂ ਜੀਵ ਨਿਰੰਤਰ ਪ੍ਰਭੂ ਦੇ ਨਾਮ–ਸਿਮਰਨ ਦਾ ਅਭਿਆਸ ਕਰਦਾ ਰਹਿੰਦਾ ਹੈ ਤਾਂ ਉਸ ਨੂੰ ਸਿਮਰਨ ਦੀ ਰਟ ਲੱਗ ਜਾਂਦੀ ਹੈ। ਇਸ ਰਟ ਦੀ ਪਹਿਲੀ ਅਵਸਥਾ ਵਿੱਚ ਸਿਮਰਨ ਦਾ ਉਚਾਰਨ ਜੀਭਾ ਰਾਹੀਂ ਬੁੱਲ੍ਹਾਂ ਤੋਂ ਹੁੰਦਾ ਹੈ, ਦੂਜੀ ਅਵਸਥਾ ਵਿੱਚ ਬੁੱਲ੍ਹ ਹਿੱਲਣੇ ਬੰਦ ਹੋ ਜਾਂਦੇ ਹਨ ਤਾਂ ਉਚਾਰਨ ਕੰਠ ਰਾਹੀਂ ਹੁੰਦਾ ਹੈ, ਤੀਜੀ ਅਵਸਥਾ 'ਚ ਉਚਾਰਨ ਕੰਠ ਵਿੱਚ ਵੀ ਬੰਦ ਹੋ ਜਾਂਦਾ ਹੈ ਤਾਂ ਉਚਾਰਨ ਹਿਰਦੇ ਰਾਹੀਂ ਹੁੰਦਾ ਹੈ, ਚੌਥੀ ਤੇ ਅੰਤਿਮ ਅਵਸਥਾ ਵਿੱਚ ਸਿਮਰਨ ਦੇ ਉਚਾਰਨ ਦਾ ਕੇਵਲ ਭਾਵ ਹੀ ਹਿਰਦੇ ਅੰਦਰ ਰਹਿ ਜਾਂਦਾ ਹੈ ਜੋ ਬਿਨਾਂ ਕਿਸੇ ਚੇਸ਼ਟਾ ਜਾਂ ਯਤਨ ਤੋਂ ਆਪਣੇ–ਆਪ ਲਗਾਤਾਰ ਅੱਠੋ–ਪਹਿਰ ਚੱਲਦਾ ਰਹਿੰਦਾ ਹੈ ਤੇ ਕਦੇ ਰੁਕਦਾ ਨਹੀਂ।) ਸਤਿਗੁਰੂ ਰਵਿਦਾਸ ਜੀ ਮਹਾਰਾਜ ਵੀ ਇਸੇ ਅਵਸਥਾ ਦਾ ਵਰਣਨ ਕਰਦੇ ਹੋਏ ਫ਼ਰਮਾਂਦੇ ਹਨ ਕਿ ਹੇ ਪ੍ਰਭੂ! ਮੇਰੇ ਹਿਰਦੇ ਅੰਦਰ ਆਪ ਜੀ ਦੇ ਨਾਮ ਦੀ ਇਹੋ ਜਿਹੀ ਰਟ ਲੱਗ ਗਈ ਹੈ ਕਿ ਇਹ ਹੁਣ ਛੁਡਾਉਣ 'ਤੇ ਵੀ ਨਹੀਂ ਛੁੱਟਦੀ॥ ਟੇਕ॥
ਹੇ ਪ੍ਰਭੂ! ਜੇਕਰ ਆਪ ਜੀ ਸੁਗੰਧ ਦੇਣ ਵਾਲੇ ਚੰਦਨ ਹੋ ਤਾਂ ਮੈਂ ਪਾਣੀ ਹਾਂ। ਜਿਸ ਤਰ੍ਹਾਂ ਪਾਣੀ ਵਿੱਚ ਚੰਦਨ ਪਾ ਦੇਈਏ ਤਾਂ ਪਾਣੀ ਦੇ ਕਣ–ਕਣ ਵਿੱਚ ਚੰਦਨ ਦੀ ਸੁਗੰਧ ਸਮਾ ਜਾਂਦੀ ਹੈ, ਉਸੇ ਤਰ੍ਹਾਂ ਆਪ ਜੀ ਦੇ ਸਿਮਰਨ ਸਦਕਾ ਮੇਰੇ ਅੰਗ–ਅੰਗ ਵਿੱਚ ਵੀ ਆਪ ਜੀ ਦੀ ਸੁਗੰਧ ਸਮਾ ਗਈ ਹੈ। (ਹੁਣ ਇਸ ਨੂੰ ਅਲੱਗ ਨਹੀਂ ਕੀਤਾ ਜਾ ਸਕਦਾ। ਆਪ ਜੀ ਵਿੱਚ ਸਮਾ ਕੇ ਮੈਂ ਆਪ ਜੀ ਦਾ ਹੀ ਰੂਪ ਹੋ ਗਿਆ ਹਾਂ।)॥
2. ਹੇ ਪ੍ਰਭੂ! ਜੇਕਰ ਆਪ ਜੀ ਬੱਦਲ ਹੋ ਤਾਂ ਮੈਂ ਜੰਗਲ ਦੇ ਮੋਰ ਵਾਂਗ ਹਾਂ। ਜਿਵੇਂ ਬੱਦਲ ਨੂੰ ਦੇਖ ਕੇ ਮੋਰ ਦਾ ਮਨ ਆਤਮ–ਵਿਭੋਰ ਹੋ ਜਾਂਦਾ ਹੈ, ਉਹ ਖੁਸ਼ੀ ਵਿੱਚ ਨੱਚ ਉੱਠਦਾ ਹੈ ਤੇ ਪੈਲਾਂ ਪਾਉਂਦਾ ਹੈ, ਤਿਵੇਂ ਹੀ ਆਪ ਜੀ ਦੇ ਦਰਸ਼ਨ ਕਰਕੇ ਮੇਰਾ ਮਨ ਵੀ ਆਨੰਦਿਤ ਹੋ ਜਾਂਦਾ ਹੈ। ਹੇ ਪਰਮਾਤਮਾ! ਜੇਕਰ ਆਪ ਜੀ ਚੰਦਰਮਾ ਹੋ ਤਾਂ ਮੈਂ ਆਪ ਜੀ ਦਾ ਚਕੋਰ ਹਾਂ। ਜਿਸ ਤਰ੍ਹਾਂ ਚਕੋਰ ਲਗਾਤਾਰ ਚੰਦਰਮਾ ਦਾ ਵਿਚਾਰ ਕਰਦਾ ਹੋਇਆ ਉਸ ਨੂੰ ਟਿਕ–ਟਿਕੀ ਲਗਾ ਕੇ ਦੇਖਦਾ ਰਹਿੰਦਾ ਹੈ, ਉਸੇ ਤਰ੍ਹਾਂ ਮੇਰੇ ਮਨ ਦੀ ਲਿਵ ਵੀ ਲਗਾਤਾਰ ਆਪ ਜੀ ਦੇ ਚਰਨ–ਕੰਵਲਾਂ ਨਾਲ ਜੁੜੀ ਰਹਿੰਦੀ ਹੈ॥
3. ਹੇ ਪ੍ਰਭੂ! ਜੇਕਰ ਆਪ ਜੀ ਦੀਵਾ ਹੋ ਤਾਂ ਮੈਂ ਉਸ ਦੀ ਬੱਤੀ ਹਾਂ, ਜਿਸ ਦੀ ਜੋਤਿ ਦਿਨ–ਰਾਤ ਜਗਦੀ ਰਹਿੰਦੀ ਹੈ। ਭਾਵ ਮੈਂ ਆਪ ਜੀ ਦੇ ਕਾਰਨ ਹੀ

ਪ੍ਰਕਾਸ਼ਮਾਨ ਹਾਂ। (ਬੱਤੀ ਕਦੇ ਜਲਦੀ ਨਹੀਂ ਤੇ ਨਾ ਹੀ ਖ਼ਤਮ ਹੁੰਦੀ ਹੈ, ਉਹ ਤਾਂ ਹਮੇਸ਼ਾ ਜਗਦੀ ਰਹਿੰਦੀ ਹੈ। ਹੇ ਪ੍ਰਭੂ! ਆਪ ਜੀ ਨਾਲ ਜੁੜਨ ਕਾਰਨ ਮੈਂ ਵੀ ਸਦੀਵੀ ਹੋ ਗਿਆ ਹਾਂ।)॥

4. ਹੇ ਪ੍ਰਭੂ! ਜੇਕਰ ਆਪ ਜੀ ਮੋਤੀ ਹੋ ਤਾਂ ਮੈਂ ਉਸ ਨੂੰ ਆਪਣੇ ਵਿੱਚ ਪਰੋਣ ਵਾਲਾ ਧਾਗਾ ਹਾਂ। ਜੇਕਰ ਆਪ ਜੀ ਸੋਨਾ ਹੋ ਤਾਂ ਮੈਂ ਉਸ ਦੇ ਅੰਗ ਲੱਗਣ ਵਾਲਾ ਸੁਹਾਗਾ ਹਾਂ। (ਜਿਵੇਂ ਇਕ ਧਾਗੇ ਜਾਂ ਸੁਹਾਗੇ ਦਾ ਕੋਈ ਮੁੱਲ ਨਹੀਂ ਹੁੰਦਾ ਤਿਵੇਂ ਹੀ ਮੇਰੀ ਆਪਣੀ ਪਾਂਇਆਂ ਕੁਝ ਵੀ ਨਹੀਂ ਹੈ। ਪਰ ਆਪ ਜੀ ਦੀ ਸੰਗਤ ਨਾਲ ਜੁੜ ਕੇ ਮੈਂ ਧੰਨ ਹੋ ਗਿਆ ਹਾਂ। ਆਪ ਜੀ ਨਾਲ ਲੱਗ ਕੇ ਮੈਂ ਆਪ ਜੀ ਦਾ ਹੀ ਰੂਪ ਹੋ ਗਿਆ ਹਾਂ।)॥

5. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਹੇ ਪਰਮਾਤਮਾ! ਆਪ ਜੀ ਮੇਰੇ ਸੁਆਮੀ ਹੋ, ਮੇਰੇ ਮਾਲਿਕ ਹੋ ਤੇ ਮੈਂ ਆਪ ਜੀ ਦਾ ਦਾਸ ਹਾਂ। ਮੈਂ ਆਪ ਜੀ ਦੇ ਸਿਮਰਨ ਵਿੱਚ ਇਸ ਤਰ੍ਹਾਂ ਮਗਨ ਹੋ ਗਿਆ ਹਾਂ ਕਿ ਮੈਂ ਕਦੇ ਵੀ ਆਪ ਜੀ ਤੋਂ ਜਾਂ ਆਪ ਜੀ ਦੀ ਭਗਤੀ ਤੋਂ ਜੁਦਾ ਨਹੀਂ ਹੋ ਸਕਦਾ॥

**ਭਾਵ ਅਰਥ** : ਪਰਮਾਤਮਾ ਦੀ ਪ੍ਰਾਪਤੀ ਲਈ ਜੀਵ ਨੂੰ ਉਸ ਨਾਲ ਸੱਚੀ ਪ੍ਰੀਤ ਪਾ ਕੇ ਉਸ ਦਾ ਨਾਮ-ਸਿਮਰਨ ਕਰਨਾ ਚਾਹੀਦੀ ਹੈ।

## ਰਾਗੁ ਆਸਾਵਰੀ -123

***ਮਾਧੋ ! ਭ੍ਰਮ ਕੈਸੇ ਨ ਬਿਲਾਈ, ਤਾਥੈਂ ਦੂਤੀ ਦਰਸੈ ਆਈ॥ ਟੇਕ॥***
***ਕਨਕ ਕਟਕ ਸੂਤ ਪਟ ਜੁਦਾ, ਰਜੁ ਭੁਅੰਗ ਭ੍ਰਮ ਜੈਸਾ।***
***ਜਲ ਤਰੰਗ ਪਾਹਨ ਪ੍ਰਤਿਮਾ ਜਿਉਂ, ਬ੍ਰਹਮ ਜੀਵ ਦੂਤਿ ਐਸਾ॥ ੧॥***
***ਬਿਮਲ ਏਕ ਰਸ ਉਪਜੈ ਨ ਬਿਨਸੈ, ਉਦੈ ਅਸਤ ਦੋਊ ਨਾਂਹੀ।***
***ਬਿਗਤਾ ਬਿਗਤਿ ਘਟੈ ਨਹਿੰ ਕਬਹੂੰ, ਬਸਤ ਬਸੈ ਸਬ ਮਾਂਹੀ॥ ੨॥***
***ਨਿਸਚਲ ਨਿਰਾਕਾਰ ਅਜ ਅਨੁਪਮ, ਨਿਰਭੈ ਗਤਿ ਗੋਬਿੰਦਾ।***
***ਅਗਮ ਅਗੋਚਰ ਅੱਛਰ ਅਤਰਕ, ਨ੍ਰਿਗੁਣ ਅਤਿ ਅਨੰਦਾ॥ ੩॥***
***ਸਦਾ ਅਤੀਤ ਗਿਆਨ ਘਨ ਬਰਜਿਤ, ਨਿਰਬਿਕਾਰ ਅਬਿਨਾਸੀ।***
***ਕਹੈ ਰਵਿਦਾਸ ਸਹਜ ਸੁੰਨਿ ਸਤਿ, ਜੀਵਨ ਮੁਕਤਿ ਨਿਧਿ ਕਾਸੀ॥ ੪॥***

**ਸ਼ਬਦ ਅਰਥ** : **ਮਾਧੋ**-ਮਾਇਆ ਦੇ ਪਤੀ ਪ੍ਰਭੂ। **ਬਿਲਾਈ**-ਖ਼ਤਮ ਹੋਣਾ, ਨਸ਼ਟ ਹੋਣਾ। **ਦੂਤੀ**-ਦੋ ਹੋਣ ਦੀ ਭਾਵਨਾ। **ਦਰਸੈ**-ਦਿਖਾਈ ਦੇਣਾ। **ਕਨਕ**-ਸੋਨਾ। **ਕਟਕ**-ਸੋਨੇ ਦੇ ਗਹਿਣੇ। **ਸੂਤ ਪਟ**-ਸੂਤ ਦਾ ਕੱਪੜਾ, ਬਸਤਰ। **ਜੁਦਾ**-ਅਲੱਗ, ਵੱਖਰਾ। **ਰਜੁ**-ਰੱਸੀ। **ਭੁਅੰਗ**-ਸੱਪ। **ਪਾਹਨ**-ਪੱਥਰ। **ਪ੍ਰਤਿਮਾ**-ਪੱਥਰ ਤੋਂ ਬਣੀ ਮੂਰਤੀ। **ਬ੍ਰਹਮ**-ਪਰਮਾਤਮਾ। **ਜੀਵ**-ਜੀਵਾਤਮਾ, ਪ੍ਰਾਣੀ। **ਦੂਤਿ**-ਦੂਸਰਾ, ਦੋ ਹੋਣ ਦਾ ਅਹਿਸਾਸ, ਦਵੈਤ ਭਾਵ॥ ੧॥ **ਬਿਮਲ**-ਨਿਰਮਲ, ਨਿਰਲੇਪ। **ਬਿਨਸੈ**-ਨਸ਼ਟ ਹੋਣਾ। **ਉਦੈ**-ਚੜ੍ਹਣਾ। **ਅਸਤ**-ਡੁੱਬਣਾ, ਲਹਿਣਾ। **ਬਿਗਤਾ**-ਜਿਸ ਦੀ ਅਪਗਤਿ ਹੋਈ ਹੋਵੇ, ਨਾਸ਼ ਹੋਇਆ ਹੋਵੇ, ਮਰਿਆ ਹੋਵੇ। **ਬਿਗਤਿ**-ਅਵਿਗਤ, ਅਬਿਨਾਸ਼ੀ। **ਬਸਤ ਬਸੈ**-ਵਸਦਾ ਹੈ, ਬਿਰਾਜਮਾਨ ਹੈ॥ ੨॥

**ਨਿਸਚਲ**–ਅਚੱਲ, ਅਡੋਲ, ਅਟੱਲ। **ਨਿਰਾਕਾਰ**– ਆਕਾਰ ਰਹਿਤ। **ਅਜ**–ਜਨਮ ਰਹਿਤ, ਅਜਨਮਾ। **ਅਨੁਪਮ**–ਉਪਮਾ ਰਹਿਤ, ਜਿਸ ਵਰਗਾ ਕੋਈ ਹੋਰ ਨਹੀਂ। **ਨਿਰਭੈ**– ਡਰ ਰਹਿਤ। **ਗਤਿ**–ਉੱਚੀ ਆਤਮਿਕ ਅਵਸਥਾ, ਮੁਕਤੀ। **ਗੋਬਿੰਦਾ**–ਜੀਵਾਂ ਦੇ ਦਿਲਾਂ ਦੀ ਜਾਣਨ ਵਾਲਾ ਪ੍ਰਭੂ। **ਅਗਮ**–ਬੁੱਧੀ ਦੀ ਪਹੁੰਚ ਤੋਂ ਪਰ੍ਹੇ। **ਅਗੋਚਰ**–ਜੋ ਪ੍ਰਤੱਖ ਨਾ ਭਾਸੇ, ਅਦ੍ਰਿਸ਼ਟ। **ਅੱਛਰ**–ਅਖਰ, ਜੋ ਖਰੇ ਨਾ, ਅਬਿਨਾਸ਼ੀ। **ਅਤਰਕ**–ਜਿਸ 'ਤੇ ਹੁੱਜਤ ਤੇ ਸ਼ੰਕਾ ਨਾ ਹੋ ਸਕੇ, ਤਰਕ ਰਹਿਤ। **ਨ੍ਰਿਗੁਣ**–ਮਾਇਆ ਦੇ ਸਤ-ਰਜ-ਤਮ ਗੁਣਾਂ ਤੋਂ ਰਹਿਤ। **ਅਤਿ**–ਬਹੁਤ, ਅਧਿਕ॥ ੩॥ **ਅਤੀਤ**–ਨਿਰਲੇਪ, ਮਾਇਆ ਦੇ ਮੋਹ ਤੋਂ ਪਰ੍ਹੇ, ਵਿਰਕਤ। **ਗਿਆਨ ਘਨ ਬਰਜਿਤ**– ਗਿਆਨ ਜਾਂ ਤਰਕ ਰਾਹੀਂ ਜਾਣਿਆ ਨਾ ਜਾ ਸਕੇ। **ਨਿਰਬਿਕਾਰ**–ਵਿਕਾਰਾਂ ਤੋਂ ਰਹਿਤ। **ਅਬਿਨਾਸੀ**–ਨਾਸ਼ ਰਹਿਤ। **ਸਹਜ ਸੁੰਨਿ**–ਸਹਿਜ ਸੁੰਨਿ ਅਵਸਥਾ, ਆਤਮਿਕ ਅਡੋਲ ਅਵਸਥਾ ਜਿੱਥੇ ਮਾਇਆ ਦੇ ਫ਼ੁਰਨਿਆਂ ਵਲੋਂ ਸੁੰਞ ਹੀ ਸੁੰਞ ਹੈ। **ਸਤਿ**–ਸੱਚ, ਸਦਾ ਥਿਰ ਰਹਿਣ ਵਾਲਾ ਪ੍ਰਭੂ। **ਨਿਧਿ**–ਖ਼ਜ਼ਾਨਾ॥ ੪॥

**ਪਦ ਅਰਥ** : ਹੇ ਮਾਇਆ ਦੇ ਪਤੀ-ਪ੍ਰਭੂ! ਜੀਵ ਅੰਦਰੋਂ ਭਰਮ ਕਿਸ ਤਰ੍ਹਾਂ ਖ਼ਤਮ ਹੋਵੇ? ਭਰਮ ਕਾਰਨ ਹੀ ਤਾਂ ਉਸ ਅੰਦਰ ਦਵੈਤ ਭਾਵਨਾ ਦਿਖਾਈ ਦਿੰਦੀ ਹੈ। (ਇਸ ਭਾਵਨਾ ਕਾਰਨ ਉਹ ਆਪਣੇ-ਆਪ ਨੂੰ ਪਰਮਾਤਮਾ ਤੋਂ ਅਲੱਗ ਅਨੁਭਵ ਕਰਦਾ ਹੈ, ਜਦਕਿ ਜੀਵਾਤਮਾ ਪਰਮਾਤਮਾ ਦਾ ਅੰਸ਼ ਹੋਣ ਕਾਰਨ ਉਸ ਤੋਂ ਭਿੰਨ ਨਹੀਂ ਬਲਕਿ ਉਸ ਦਾ ਆਪਣਾ ਹੀ ਵਿਸਤਾਰ ਹੈ, ਦੋਨੋਂ ਇਕ ਇਕਾਈ ਹੀ ਹਨ।)॥ ਟੇਕ॥

ਜਿਸ ਤਰ੍ਹਾਂ ਸੋਨਾ ਅਤੇ ਸੋਨੇ ਤੋਂ ਬਣੇ ਗਹਿਣੇ, ਸੂਤ ਅਤੇ ਸੂਤ ਤੋਂ ਬਣੇ ਕੱਪੜੇ, ਪਾਣੀ ਅਤੇ ਪਾਣੀ ਤੋਂ ਉਤਪੰਨ ਲਹਿਰਾਂ, ਪੱਥਰ ਅਤੇ ਪੱਥਰ ਤੋਂ ਬਣੀ ਮੂਰਤੀ ਇਕ ਹੁੰਦੇ ਹੋਏ ਵੀ ਭਰਮ ਕਾਰਨ ਵੱਖ-ਵੱਖ ਜਾਪਦੇ ਹਨ। ਜਿਸ ਤਰ੍ਹਾਂ ਭਰਮ ਕਾਰਨ ਹਨ੍ਹੇਰੇ ਵਿੱਚ ਟੇਢੀ ਰੱਸੀ ਸੱਪ ਲੱਗਦੀ ਹੈ ਪਰ ਅਸਲ ਵਿੱਚ ਉਹ ਸੱਪ ਨਹੀਂ ਰੱਸੀ ਹੀ ਹੁੰਦੀ ਹੈ। ਉਸੇ ਤਰ੍ਹਾਂ ਪਰਮਾਤਮਾ ਤੇ ਜੀਵਾਤਮਾ ਵਿੱਚ ਵੀ ਦਵੈਤ ਦਾ ਭਰਮ ਬਣਿਆ ਹੋਇਆ ਹੈ। ਜੀਵਾਤਮਾ ਪਰਮਾਤਮਾ ਦੀ ਅੰਸ਼ ਹੁੰਦੇ ਹੋਏ ਵੀ ਭਰਮ ਕਾਰਨ ਉਸ ਤੋਂ ਵੱਖਰੀ ਜਾਪਦੀ ਹੈ॥

2. ਹੇ ਭਾਈ! ਜੀਵ-ਆਤਮਾ ਦਾ ਮਾਲਿਕ ਉਹ ਨਿਰਲੇਪ ਪ੍ਰਭੂ ਸ੍ਰਿਸ਼ਟੀ ਵਿੱਚ ਨਿਰੰਤਰ ਇਕ-ਰਸ ਵਿਆਪਕ ਰਹਿੰਦਾ ਹੈ। ਉਹ ਨਾ ਪੈਦਾ ਹੁੰਦਾ ਹੈ, ਨਾ ਨਸ਼ਟ ਹੁੰਦਾ ਹੈ, ਨਾ ਚੜ੍ਹਦਾ ਹੈ, ਨਾ ਲਹਿੰਦਾ ਹੈ। ਸ੍ਰਿਸ਼ਟੀ ਦਾ ਨਾਸ਼ ਹੁੰਦਿਆਂ ਹੋਇਆਂ ਵੀ ਅਬਿਨਾਸ਼ੀ ਪਰਮਾਤਮਾ ਕਦੇ ਘਟਦਾ ਨਹੀਂ, ਉਹ ਸਦਾ ਇਕ-ਸਾਰ ਰਹਿੰਦਾ ਹੈ। ਉਹ ਪਰਮਾਤਮਾ ਸ੍ਰਿਸ਼ਟੀ ਦੇ ਕਣ-ਕਣ ਵਿੱਚ ਤੇ ਸਾਰੇ ਜੀਵਾਂ ਦੇ ਘਟ-ਘਟ ਵਿੱਚ ਇਕ ਸਮਾਨ ਰੂਪ ਵਿੱਚ ਵਿਆਪਕ ਰਹਿੰਦਾ ਹੈ॥

3. ਹੇ ਭਾਈ! ਪਰਮਾਤਮਾ ਅਟੱਲ ਤੇ ਅਡੋਲ ਹੈ, ਉਸ ਦਾ ਕੋਈ ਆਕਾਰ-ਪ੍ਰਕਾਰ ਵੀ ਨਹੀਂ ਹੈ, ਉਹ ਜੰਮਦਾ ਨਹੀਂ ਬਲਕਿ ਆਪਣੀ ਸਤਾ ਆਪ ਹੀ ਹੈ। ਉਸ ਵਰਗਾ ਕੋਈ ਹੋਰ ਨਹੀਂ, ਉਹ ਉਪਮਾ ਰਹਿਤ ਹੈ ਤੇ ਬੇਮਿਸਾਲ ਹੈ। ਉਸ ਦੀ ਸਥਿਤੀ ਭੈਅ-ਰਹਿਤ ਹੈ, ਉਹ ਨਿਰਭੈ ਹੈ। ਉਹ ਦਿਲਾਂ ਦਾ ਜਾਣਨਹਾਰ-ਪ੍ਰਭੂ

ਜੀਵਾਂ ਨੂੰ ਉੱਚੀ ਆਤਮਿਕ ਅਵਸਥਾ ਬਖ਼ਸ਼ਣ ਵਾਲਾ 'ਦਾਤਾ' ਹੈ। ਉਹ ਜੀਵ ਦੀ ਬੁੱਧੀ ਦੀ ਪਹੁੰਚ ਤੋਂ ਬਹੁਤ ਪਰ੍ਹੇ ਹੈ। ਉਸ ਨੂੰ ਦੇਖਿਆ ਵੀ ਨਹੀਂ ਜਾ ਸਕਦਾ, ਉਹ ਅਦ੍ਰਿਸ਼ਟ ਹੈ। ਉਹ ਅਖ਼ਰ ਹੈ ਕਦੇ ਖ਼ਰਦਾ ਨਹੀਂ ਭਾਵ ਕਦੇ ਵੀ ਨਸ਼ਟ ਨਹੀਂ ਹੁੰਦਾ, ਉਹ ਅਵਿਨਾਸ਼ੀ ਹੈ। ਉਹ ਤਰਕ-ਵਿਤਰਕ, ਵਾਦ-ਵਿਵਾਦ ਆਦਿਕ ਸਭ ਤੋਂ ਪਰ੍ਹੇ ਹੈ। ਉਹ ਨਿਰਗੁਣ ਹੈ, ਮਾਇਆ ਦੇ ਤਿੰਨਾਂ ਗੁਣਾਂ ਤੋਂ ਪਰ੍ਹੇ ਹੈ ਪਰ ਫਿਰ ਵੀ ਅਤਿਅੰਤ ਆਨੰਦਮਈ ਪ੍ਰਵਿਰਤੀ ਵਾਲਾ ਹੈ॥

4. ਹੇ ਭਾਈ! ਪਰਮਾਤਮਾ ਸਦੀਵੀ ਹੈ, ਨਿੱਤ ਹੈ ਤੇ ਸਦਾ ਨਿਰਲੇਪ ਰਹਿੰਦਾ ਹੈ। ਉਸ ਨੂੰ ਗਿਆਨ ਜਾਂ ਤਰਕ ਦੁਆਰਾ ਜਾਣਿਆ ਨਹੀਂ ਜਾ ਸਕਦਾ। ਉਸ ਵਿੱਚ ਕਿਸੇ ਤਰ੍ਹਾਂ ਦਾ ਵੀ ਵਿਕਾਰ ਪੈਦਾ ਨਹੀਂ ਹੁੰਦਾ, ਉਹ ਵਿਕਾਰ ਰਹਿਤ ਹੈ ਤੇ ਅਬਿਨਾਸ਼ੀ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਉਸ ਸਦਾ-ਥਿਰ ਰਹਿਣ ਵਾਲੇ ਪਰਮਾਤਮਾ ਦੀ ਪ੍ਰਾਪਤੀ ਆਤਮਿਕ ਅਡੋਲ ਅਵਸਥਾ ਵਿੱਚ ਪਹੁੰਚ ਕੇ ਹੀ ਹੁੰਦੀ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਆਤਮਾ ਦੀ ਪਰਮਾਤਮਾ ਨਾਲ ਇੱਕਮਿਕਤਾ ਹੋ ਜਾਂਦੀ ਹੈ। ਅਸਲ ਵਿੱਚ ਇਹ ਅਵਸਥਾ ਹੀ ਕਾਸ਼ੀ-ਰੂਪੀ ਖ਼ਜ਼ਾਨਾ ਹੈ ਜਿੱਥੇ ਜੀਵਾਂ ਨੂੰ ਜੀਵਨ-ਮੁਕਤੀ ਮਿਲਦੀ ਹੈ। (ਪੰਡਿਤਾਂ ਦਾ ਇਹ ਵਿਚਾਰ ਕਈ ਸਦੀਆਂ ਤੋਂ ਚੱਲਿਆ ਆ ਰਿਹਾ ਹੈ ਕਿ ਕਾਸ਼ੀ ਸ਼ਹਿਰ ਵਿੱਚ ਦੇਹ ਤਿਆਗਣ ਵਾਲੇ ਜੀਵ ਨੂੰ ਜਨਮ-ਮਰਨ ਤੋਂ ਮੁਕਤੀ ਮਿਲਦੀ ਹੈ। ਗੁਰੂ ਰਵਿਦਾਸ ਮਹਾਰਾਜ ਜੀ ਨੇ ਇਸ ਵਿਚਾਰ ਦਾ ਖੰਡਨ ਕਰਦੇ ਹੋਏ ਉਪਦੇਸ਼ ਦਿੱਤਾ ਹੈ ਕਿ ਸਹਿਜ ਸੁੰਨਿ ਅਵਸਥਾ ਹੀ ਕਾਸ਼ੀ-ਰੂਪੀ ਖ਼ਜ਼ਾਨਾ ਹੈ ਜਿਸ ਵਿੱਚ ਪ੍ਰਭੂ ਸਿਮਰਨ ਕਰਦੇ ਹੋਏ ਜੀਵ ਨੂੰ ਜੀਵਨ-ਮੁਕਤੀ ਮਿਲਦੀ ਹੈ ਨਾ ਕਿ ਕਾਂਸ਼ੀ ਸ਼ਹਿਰ ਵਿੱਚ ਦੇਹ ਤਿਆਗਣ 'ਤੇ।)॥

<u>ਭਾਵ ਅਰਥ</u> : ਪਰਮਾਤਮਾ ਦੀ ਮਿਹਰ ਸਦਕਾ ਹੀ ਜੀਵ ਦੀ ਦਵੈਤ ਭਾਵਨਾ ਖ਼ਤਮ ਹੁੰਦੀ ਹੈ ਤੇ ਉਹ ਪਰਮ ਪਦ ਨੂੰ ਪਾ ਕੇ ਜੀਵਨ ਮੁਕਤ ਹੋ ਜਾਂਦਾ ਹੈ।

## ਰਾਗੁ ਆਸਾਵਰੀ -124

***ਮਨ ਮੇਰੋ ! ਸਤਿ ਸਰੂਪ ਬਿਚਾਰੰ।***
***ਆਦਿ ਅੰਤ ਅਨੰਤ ਪਰਮ ਪਦ, ਸੰਸਾ ਸਕਲ ਨਿਵਾਰੰ॥ ਟੇਕ॥***
***ਜਸ ਹਰਿ ਕਹੀਏ ਤਸ ਹਰਿ ਨਾਂਹੀ, ਹੈ ਅਸ ਜਸ ਕਛੁ ਤੈਸਾ।***
***ਜਾਨਤ ਜਾਨਤ ਜਾਨਿ ਰਹਿਓ ਮਨ, ਮਰਮ ਕਹੋ ਨਿਜ ਕੈਸਾ॥ ੧॥***
***ਕਹਿਅਤ ਆਨ ਅਨੁਭਵਤ ਆਨ, ਰਸ ਮਿਲਿਓ ਨ ਬਿਗਰ ਹੋਈ।***
***ਬਾਹਰਿ ਭੀਤਰਿ ਪ੍ਰਗਟ ਗੁਪਤ, ਘਟ-ਘਟ ਪ੍ਰਤਿ ਅਵਰੁ ਨ ਕੋਈ॥ ੨॥***
***ਆਦਿਹੁ ਏਕ ਅੰਤ ਫੁੰਨਿ ਸੋਈ, ਮਧਯ ਉਪਾਧਿ ਸੁ ਕੈਸੇ।***
***ਅਹੈ ਏਕ ਪੈ ਭ੍ਰਮ ਸੌਂ ਦੂਜੋ, ਕਨਕ ਅਲੰਕ੍ਰਿਤ ਜੈਸੇ॥ ੩॥***
***ਕਹੈ ਰਵਿਦਾਸ ਪ੍ਰਕਾਸ਼ ਪਰਮ ਪਦ, ਕਾ ਜਪ ਤਪ ਬ੍ਰਤ ਪੂਜਾ।***
***ਏਕ ਅਨੇਕ ਅਨੇਕ ਏਕ ਹਰਿ, ਕਹੌ ਕਵਨ ਬਿਧਿ ਦੂਜਾ॥ ੪॥***

**ਸ਼ਬਦ ਅਰਥ** : **ਸਤਿ**–ਸੱਚ, ਸਦਾ ਥਿਰ ਰਹਿਣ ਵਾਲਾ ਪ੍ਰਭੂ। **ਅਨੰਤ**–ਬੇਅੰਤ। **ਪਰਮ ਪਦ**–ਸਰਵ ਸ੍ਰੇਸ਼ਟ ਪਦਵੀ। **ਸੰਸਾ**–ਭਰਮ। **ਨਿਵਾਰੰ**–ਦੂਰ ਕਰਨਾ, ਨਿਵਿਰਤੀ ਹੋਣਾ। **ਮਰਮ**–ਭੇਦ॥ ੧॥ **ਆਨ**–ਕੁਝ ਹੋਰ, ਦੂਜਾ। **ਅਨੁਭਵਤ**–ਅਨੁਭਵ। **ਰਸ**–ਆਨੰਦ। **ਬਿਗਰ**–ਅਲੱਗ, ਵੱਖਰਾ। **ਪ੍ਰਤਿ**–ਪ੍ਰਤੀ, ਹਰ ਇਕ। **ਅਵਰੁ**–ਦੂਸਰਾ॥ ੨॥
**ਆਦਿਹੁ**-ਆਦਿ ਵਿੱਚ, ਸ਼ੁਰੂ ਵਿੱਚ। **ਉਪਾਧਿ**–ਝਗੜਾ, ਤਕਰਾਰ। **ਭ੍ਰਮ**–ਭਰਮ। **ਕਨਕ**–ਸੋਨਾ। **ਅਲੰਕ੍ਰਿਤ**–ਸੋਨੇ ਤੋਂ ਬਣੇ ਗਹਿਣੇ, ਜ਼ੇਵਰ॥ ੩॥
**ਪ੍ਰਕਾਸ਼**–ਚਾਨਣਾ, ਆਤਮਿਕ ਚਾਨਣ। **ਪਰਮ ਪਦ**–ਸ੍ਰੇਸ਼ਟ ਅਵਸਥਾ, ਸਭ ਤੋਂ ਉੱਚੀ ਆਤਮਿਕ ਅਵਸਥਾ। **ਬਿਧਿ**–ਤਰੀਕਾ, ਤਰ੍ਹਾਂ॥ ੪॥

**ਪਦ ਅਰਥ** : ਹੇ ਮੇਰੇ ਮਨ! ਤੂੰ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੇ ਸਰੂਪ ਦਾ ਵਿਚਾਰ ਕਰ, ਆਪਣੇ ਅੰਤਰ-ਆਤਮੇ ਉਸ ਦਾ ਨਿਰੀਖਣ ਕਰ। ਉਹ ਪ੍ਰਭੂ ਜਗਤ ਦੇ ਸ਼ੁਰੂ ਤੋਂ ਲੈ ਕੇ ਜਗਤ ਦੇ ਅੰਤ ਤੱਕ ਰਹਿਣ ਵਾਲਾ ਹੈ। ਉਹ ਸਰਬ-ਸ੍ਰੇਸ਼ਟ ਪਦਵੀ ਦਾ ਮਾਲਿਕ-ਪ੍ਰਭੂ ਬੇਅੰਤ ਹੈ, ਪਰ੍ਹੇ ਤੋਂ ਪਰ੍ਹੇ ਹੈ। ਉਸ ਦੇ ਸਰੂਪ ਦਾ ਉਰਲਾ-ਪਾਰਲਾ ਬੰਨਾ ਨਹੀਂ ਲੱਭਿਆ ਜਾ ਸਕਦਾ। ਉਸ ਦੇ ਸਰੂਪ ਬਾਰੇ ਆਪਣੇ ਸਾਰੇ ਭਰਮਾਂ ਦੀ ਨਿਵਿਰਤੀ ਤੂੰ (ਸਤਿਗੁਰੂ ਦੇ ਰਾਹੀਂ) ਕਰ ਲੈ॥ ਟੇਕ॥

ਲੋਕ ਜਿਹੋ ਜਿਹਾ ਪ੍ਰਭੂ ਦਾ ਸਰੂਪ ਦੱਸਦੇ ਹਨ ਉਹ ਤਿਹੋ ਜਿਹਾ ਹੈ ਨਹੀਂ। ਜੇਕਰ ਪ੍ਰਭੂ ਦਾ ਸਰੂਪ ਇਹੋ ਜਿਹਾ ਵੀ ਨਹੀਂ ਤੇ ਤਿਹੋ ਜਿਹਾ ਵੀ ਨਹੀਂ ਤਾਂ ਫਿਰ ਪ੍ਰਭੂ ਦਾ ਸਰੂਪ ਕਿਹੋ ਜਿਹਾ ਹੈ? ਜੀਵ ਦਾ ਜਗਿਆਸੂ ਮਨ ਪ੍ਰਭੂ ਦੇ ਸਰੂਪ ਨੂੰ ਜਾਣਦਾ-ਜਾਣਦਾ ਰਹਿ ਗਿਆ ਪਰ ਉਸ ਦੇ ਨਿੱਜ-ਸਰੂਪ ਦਾ ਭੇਦ ਨਹੀਂ ਪਾ ਸਕਿਆ॥

2. ਅਸਲ ਵਿੱਚ ਜੀਵ ਜੋ ਪ੍ਰਭੂ ਦੇ ਸਰੂਪ ਬਾਰੇ ਕਹਿੰਦਾ ਹੈ ਉਹ ਅਨੁਭਵ ਕੀਤੇ ਹੋਏ ਸਰੂਪ ਨਾਲੋਂ ਭਿੰਨ ਹੁੰਦਾ ਹੈ। ਜਿਸ ਜੀਵ ਨੂੰ ਪ੍ਰਭੂ ਦਾ ਨਾਮ-ਰਸ ਮਿਲ ਜਾਂਦਾ ਹੈ ਉਹ ਇਸ ਨਾਮ-ਰਸ ਦੀ ਬਰਕਤਿ ਨਾਲ ਪ੍ਰਭੂ ਦੇ ਸਰੂਪ ਨੂੰ ਜਾਣ ਲੈਂਦਾ ਹੈ, ਆਪਣੇ ਹਿਰਦੇ ਅੰਦਰ ਅਨੁਭਵ ਕਰ ਲੈਂਦਾ ਹੈ। ਫਿਰ ਉਸ ਜੀਵ ਨੂੰ ਪ੍ਰਭੂ ਦੇ ਅਨੁਭਵ ਕੀਤੇ ਹੋਏ ਸਰੂਪ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ। ਉਹ ਇਹ ਜਾਣ ਜਾਂਦਾ ਹੈ ਕਿ ਪ੍ਰਭੂ ਅੰਦਰ-ਬਾਹਰ ਹਰ ਥਾਂ ਮੌਜੂਦ ਹੈ। ਉਹ ਪ੍ਰਭੂ ਸ੍ਰਿਸ਼ਟੀ ਦੇ ਕਣ-ਕਣ ਵਿੱਚ ਗੁਪਤ ਰੂਪ 'ਚ ਵਿਆਪਕ ਹੈ ਤੇ ਕਾਇਨਾਤ ਦੇ ਰੂਪ ਵਿੱਚ ਪ੍ਰਤੱਖ ਪ੍ਰਗਟ ਹੈ। ਉਹੀ ਪ੍ਰਭੂ ਹਰੇਕ ਘਟ ਵਿੱਚ ਵਸਦਾ ਹੈ ਤੇ ਉਸ ਤੋਂ ਇਲਾਵਾ ਉੱਥੇ ਕੋਈ ਹੋਰ ਦੂਸਰਾ ਨਹੀਂ ਹੈ॥

3. ਹੇ ਭਾਈ! ਉਸ ਪ੍ਰਭੂ ਦਾ ਸਰੂਪ ਜਗਤ ਦੇ ਸ਼ੁਰੂ ਵਿੱਚ 'ਇਕ' ਸੀ ਤੇ ਅੰਤ ਵਿੱਚ ਵੀ ਉਹੀ 'ਇਕ' ਹੋਵੇਗਾ। ਫਿਰ ਜਗਤ ਦੇ ਮੱਧ (ਭਾਵ ਹੁਣ, ਜਗਤ ਦੀ ਮੌਜੂਦਗੀ) ਵਿੱਚ ਉਸੇ 'ਇਕ' ਸਰੂਪ ਦੇ ਹੋਣ ਬਾਰੇ ਤਕਰਾਰ ਕਿਉਂ? ਅਰਥਾਤ ਹੁਣ, ਜਗਤ ਦੀ ਮੌਜੂਦਗੀ ਵਿੱਚ, ਵੀ ਉਹੀ 'ਇਕ' ਸਰੂਪ ਹੈ। ਅਸਲ ਵਿੱਚ ਇਹ ਸਾਰਾ ਜਗਤ ਪ੍ਰਭੂ ਦਾ ਹੀ ਰੂਪ ਹੈ ਪਰ ਉਪਾਧੀਆਂ (ਭਰਮਾਂ) ਕਾਰਨ ਸਾਨੂੰ ਵਿਭਿੰਨ-ਵਿਭਿੰਨ ਰੂਪਾਂ ਵਿੱਚ ਪ੍ਰਤੀਤ ਹੁੰਦਾ ਹੈ। ਇਹ ਉਵੇਂ ਹੀ ਹੈ ਜਿਵੇਂ ਕਿ ਸੋਨਾ ਤੇ ਸੋਨੇ ਤੋਂ ਬਣੇ ਗਹਿਣੇ ਵੱਖ-ਵੱਖ ਨਜ਼ਰ ਆਉਂਦੇ ਹਨ ਪਰ

ਅਸਲ ਵਿੱਚ ਉਨ੍ਹਾਂ ਦਾ ਮੂਲ ਤੱਤ ਤਾਂ ਇਕ ਹੀ ਹੈ ਭਾਵ ਸੋਨਾ॥

4. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਜਦੋਂ ਜੀਵ ਦੇ ਹਿਰਦੇ ਵਿੱਚ ਪ੍ਰਭੂ ਦੇ ਨਾਮ ਦਾ ਚਾਨਣਾ ਹੋ ਜਾਂਦਾ ਹੈ, ਭਾਵ ਜੀਵ ਨੂੰ ਸਹੀ ਆਤਮਿਕ ਜੀਵਨ ਜਿਊਣ ਦੀ ਸੂਝ ਆ ਜਾਂਦੀ ਹੈ ਤਦੋਂ ਉਹ ਸਭ ਤੋਂ ਉੱਚੀ ਆਤਮਿਕ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਫਿਰ ਜਪ, ਤਪ, ਵਰਤ ਤੇ ਪੂਜਾ ਆਦਿਕ ਵਿਧੀਆਂ ਕਰਨ ਦੀ ਕੋਈ ਲੋੜ ਨਹੀਂ ਰਹਿ ਜਾਂਦੀ। ਪ੍ਰਭੂ 'ਇਕ' ਹੈ ਤੇ ਅਨੇਕ ਰੂਪ ਧਾਰ ਕੇ ਸਭਨਾਂ ਵਿੱਚ ਵਿਆਪਕ ਹੋ ਰਿਹਾ ਹੈ। ਇਸ ਤਰ੍ਹਾਂ ਸਾਰੇ ਅਨੇਕ ਰੂਪ ਉਸ 'ਇਕ' ਪ੍ਰਭੂ ਦੇ ਆਪਣੇ ਹੀ ਹਨ। ਫਿਰ ਉਨ੍ਹਾਂ ਅਨੇਕਾਂ ਰੂਪਾਂ ਨੂੰ ਪ੍ਰਭੂ ਤੋਂ ਅਲੱਗ ਦੂਜਾ ਕਿਵੇਂ ਕਿਹਾ ਜਾ ਸਕਦਾ ਹੈ? (ਹੇ ਭਾਈ! ਇਸ ਤਰ੍ਹਾਂ ਦੀ ਅਦਵੈਤ ਭਾਵਨਾ ਨੂੰ ਧਾਰਨ ਵਾਲਾ ਜੀਵ ਹੀ ਪ੍ਰਭੂ ਦੇ ਸਰੂਪ ਨੂੰ ਹਰ ਜੜ੍ਹ-ਚੇਤਨ ਵਿੱਚ ਅਨੁਭਵ ਕਰ ਸਕਦਾ ਹੈ।)॥

**<u>ਭਾਵ ਅਰਥ</u>** : ਉਹ ਸਰਬ-ਵਿਆਪਕ ਪਰਮਾਤਮਾ ਇਕ ਸੱਚ ਹੈ। ਬਾਕੀ ਸਭ ਭਰਮ ਹੈ। ਉਸਦਾ ਸਿਮਰਨ ਜੀਵ ਦੀ ਦਵੈਤ ਭਾਵਨਾ ਦਾ ਨਾਸ਼ ਕਰਦਾ ਹੈ ਫਿਰ ਜੀਵ ਨੂੰ ਸਾਰਾ ਜਗਤ ਈਸ਼ੂਰਮਈ ਦਿੱਸਦਾ ਹੈ।

## ਰਾਗੁ ਆਸਾਵਰੀ -125

***ਥੋਥੋ ਜਨਿ ਪਛੋਰੋ ਰੇ ਕੋਈ। ਪਛੋਰੋ ਜਾ ਮੇਂ ਨਿਜ ਕਨ ਹੋਈ॥ ਟੇਕ॥***
***ਥੋਥੀ ਕਾਇਆ ਥੋਥੀ ਮਾਇਆ। ਥੋਥਾ ਹਰਿ ਬਿਨ ਜਨਮ ਗਵਾਇਆ॥ ੧॥***
***ਥੋਥਾ ਪੰਡਿਤ ਥੋਥੀ ਬਾਨੀ। ਥੋਥੀ ਹਰਿ ਬਿਨ ਸਬੈ ਕਹਾਨੀ॥ ੨॥***
***ਥੋਥਾ ਮੰਦਿਰ ਭੋਗ ਬਿਲਾਸਾ। ਥੋਥੀ ਆਨ ਦੇਵ ਕੀ ਆਸਾ॥ ੩॥***
***ਸਾਚਾ ਸੁਮਿਰਨ ਨਾਮ ਬਿਸਾਸਾ। ਮਨ ਬਚ ਕਰਮ ਕਹੈ ਰਵਿਦਾਸਾ॥ ੪॥***

**<u>ਸ਼ਬਦ ਅਰਥ</u>** : **ਥੋਥੋ**-ਖਾਲ੍ਹੀ। **ਜਨਿ**-ਜੀਵ। **ਪਛੋਰੋ**-ਪਟਕਣਾ, ਛਾਨਣਾ, ਪਛਾੜਨਾ। **ਨਿਜ ਕਨ**-ਪ੍ਰਭੂ ਦਾ ਸਾਰ ਤੱਤ। **ਥੋਥੀ**-ਝੂਠੀ, ਤੋੜ ਤੱਕ ਸਾਥ ਨਾ ਨਿਭਾਉਣ ਵਾਲੀ। **ਕਾਇਆ**-ਸਰੀਰ, ਦੇਹ॥ ੧॥ **ਬਾਨੀ**-ਵਾਣੀ, ਬੋਲ॥ ੨॥ **ਮੰਦਿਰ**-ਘਰ, ਮਹਿਲ। **ਭੋਗ ਬਿਲਾਸਾ**-ਵਿਸ਼ੇ ਵਿਕਾਰਾਂ, ਇਸਤਰੀ ਪੁਰਸ਼ ਦਾ ਸੰਗਮ। **ਆਨ ਦੇਵ**-ਹੋਰ ਦੇਵਤਾ॥ ੩॥ **ਬਿਸਾਸਾ**-ਵਿਸ਼ਵਾਸ, ਭਰੋਸਾ॥ ੪॥

**<u>ਪਦ ਅਰਥ</u>** : ਜੇਕਰ ਕੋਈ ਜੀਵ ਅੰਨ ਦਾ ਦਾਣਾ ਪ੍ਰਾਪਤ ਕਰਨ ਲਈ ਖਾਲ੍ਹੀ (ਖੋਖਲੇ) ਭੂਸੇ ਨੂੰ ਛਾਣਦਾ ਹੈ, ਪਟਕਦਾ ਹੈ ਤਾਂ ਉਸ ਨੂੰ ਇਸ ਦਾ ਕੋਈ ਫ਼ਾਇਦਾ ਨਹੀਂ ਹੋਣਾ। ਉਸ ਨੂੰ ਤਾਂ ਉਹ ਭੂਸਾ ਛਾਨਣਾ ਚਾਹੀਦਾ ਹੈ ਜਿਸ ਵਿੱਚ ਅੰਨ ਦਾ ਦਾਣਾ ਹੋਵੇ। (ਹੇ ਭਾਈ! ਪਾਖੰਡੀ ਤੇ ਕਰਮਕਾਂਡੀ ਭਗਤੀ ਵੀ ਖਾਲ੍ਹੀ ਭੂਸੇ ਨੂੰ ਛਾਨਣ ਦੇ ਸਮਾਨ ਹੈ, ਜਿਸ ਵਿੱਚੋਂ ਕਦੇ ਵੀ ਪ੍ਰਭੂ ਦਾ ਸਾਰ-ਤੱਤ ਪ੍ਰਾਪਤ ਨਹੀਂ ਹੋਣਾ, ਉਹ ਸਾਰ-ਤੱਤ ਤਾਂ ਕੇਵਲ ਪ੍ਰਭੂ ਦੀ ਸੱਚੀ ਭਗਤੀ ਕੀਤਿਆਂ ਹੀ ਪ੍ਰਾਪਤ ਹੋਣਾ ਹੈ।)॥ ਟੇਕ॥

ਪ੍ਰਭੂ ਦੇ ਨਾਮ-ਸਿਮਰਨ ਤੋਂ ਬਿਨਾਂ ਜੀਵ ਦਾ ਸਰੀਰ ਵੀ ਕਿਸੇ ਕੰਮ ਦਾ ਨਹੀਂ ਹੈ।

ਨਾਮ ਤੋਂ ਕੋਰੀ ਮਾਇਆ ਵੀ ਝੂਠੀ ਤੇ ਨਿਰਾਰਥਕ ਹੈ। ਪ੍ਰਭੂ ਦੇ ਨਾਮ ਤੋਂ ਬਿਨਾਂ ਜੀਵ ਆਪਣਾ ਅਨਮੋਲ ਮਨੁੱਖਾ-ਜੀਵਨ ਕੌਡੀਆਂ ਦੇ ਭਾਅ ਗਵਾ ਲੈਂਦਾ ਹੈ॥

2. ਪ੍ਰਭੂ ਦੇ ਨਾਮ ਤੋਂ ਬਿਨਾਂ ਪੰਡਿਤ ਝੂਠਾ ਹੈ, ਉਸ ਦੀ ਵਾਣੀ ਅਰਥਹੀਣ ਹੈ ਤੇ ਉਸ ਦੀਆਂ ਸਾਰੀਆਂ ਕਥਾ-ਕਹਾਣੀਆਂ ਵੀ ਨਿਰਾਰਥਕ ਹਨ॥

3. ਪ੍ਰਭੂ ਦੇ ਨਾਮ ਤੋਂ ਬਿਨਾਂ ਵੱਡੇ-ਵੱਡੇ ਮਹਿਲਾਂ ਵਿੱਚ ਰਹਿਣਾ ਝੂਠ ਹੈ, ਭੋਗ-ਵਿਲਾਸਾਂ ਦਾ ਆਨੰਦ ਲੈਣਾ ਝੂਠ ਹੈ ਤੇ ਕਿਸੇ ਦੇਵੀ-ਦੇਵਤੇ 'ਤੇ ਆਸ ਰੱਖਣਾ ਵੀ ਝੂਠ ਹੈ॥

4. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਜੀਵ ਨੂੰ ਪ੍ਰਭੂ 'ਤੇ ਭਰੋਸਾ ਰੱਖ ਕੇ ਆਪਣੇ ਮਨ ਦੇ ਰਾਹੀਂ, ਆਪਣੇ ਬਚਨਾਂ ਦੇ ਰਾਹੀਂ ਤੇ ਆਪਣੇ ਕਰਮਾਂ ਦੇ ਰਾਹੀਂ ਪ੍ਰਭੂ ਦਾ ਨਾਮ-ਸਿਮਰਨ ਕਰਨਾ ਚਾਹੀਦਾ ਹੈ ਕਿਉਂਕਿ ਉਸ ਦਾ ਨਾਮ ਹੀ ਇਕ ਸੱਚ ਹੈ ਤੇ ਬਾਕੀ ਸਭ ਖਾਲ੍ਹੀ ਭੂਸੇ ਵਾਂਗ ਝੂਠ ਤੇ ਵਿਅਰਥ ਹੈ॥

**ਭਾਵ ਅਰਥ** : ਇਕ ਪਰਮਾਤਮਾ ਹੀ ਸੱਚ ਹੈ ਤੇ ਬਾਕੀ ਸਾਰਾ ਸੰਸਾਰ ਕੂੜ ਹੈ।

## ਰਾਗੁ ਆਸਾਵਰੀ -126

***ਮਾਧੋ ! ਮੋਹਿ ਏਕੁ ਸਹਾਰੋ ਤੋਰਾ॥ ਟੇਕ॥***
***ਤੁਮਹਿ ਮਾਤ ਪਿਤਾ ਪ੍ਰਭ ਮੇਰੋ, ਹੌਂ ਮਸਕੀਨ ਅਤਿ ਭੋਰਾ।***
***ਤੁਮ ਜਉ ਤਜੋ ਕਵਨ ਮੋਹਿ ਰਾਖੇ, ਸਹਿਹੈ ਕੋਨੁ ਨਿਹੋਰਾ॥ ੧॥***
***ਬਾਹਾਡੰਬਰ ਹੌਂ ਕਬਹੁੰ ਨ ਜਾਨਿਓ, ਤੁਮ ਚਰਨਨ ਚਿਤ ਮੋਰਾ।***
***ਅਗੁਨ ਸਗੁਨ ਦੌ ਸਮਕਰਿ ਜਾਨਿਓ, ਚਹੁੰ ਦਿਸ ਦਰਸਨ ਤੋਰਾ॥ ੨॥***
***ਪਾਰਸ ਮਨਿ ਮੁਹਿ ਰਤੁ ਨਹਿੰ ਭਾਵੈ, ਜਗ ਜੰਜਾਰ ਨ ਥੋਰਾ।***
***ਕਹਿ ਰਵਿਦਾਸ ਤਜਿ ਸਭ ਤ੍ਰਿਸ਼ਨਾ, ਇਕੁ ਰਾਮ ਚਰਨ ਚਿਤ ਮੋਰਾ॥ ੩॥***

**ਸ਼ਬਦ ਅਰਥ** : ਹੌਂ-ਮੈਂ। **ਮਸਕੀਨ**-ਚੁੱਪਚਾਪ ਰਹਿਣ ਵਾਲਾ, ਹਲੀਮੀ ਮਨ ਵਾਲਾ। **ਭੋਰਾ**-ਭੋਲਾ, ਅਨਾੜੀ, ਅਬੋਧ। **ਤਜੋ**-ਤਿਆਗਣ। **ਸਹਿਹੈ**-ਸਹਿਣਾ। **ਨਿਹੋਰਾ**-ਅਰਜੋਈ ਕਰਨਾ, ਖੁਸ਼ਾਮਦ ਕਰਨਾ॥ ੧॥ **ਬਾਹਾਡੰਬਰ**-ਬਾਹਰੀ ਆਡੰਬਰ। **ਕਬਹੁੰ**-ਕਦੀ ਵੀ। **ਚਿਤ**-ਮਨ, ਧਿਆਨ। **ਅਗੁਨ ਸਗੁਨ**-ਨਿਰਗੁਣ ਸਗੁਣ। **ਸਮਕਰਿ**-ਬਰਾਬਰ, ਇਕ ਸਮਾਨ। **ਚਹੁੰ ਦਿਸ**-ਚਾਰੇ ਦਿਸ਼ਾਵਾਂ॥ ੨॥ **ਪਾਰਸ**-ਇਕ ਕਾਲਪਨਿਕ ਪੱਥਰ ਜਿਸ ਦੇ ਛਹੁਣ 'ਤੇ ਲੋਹੇ ਦਾ ਸੋਨਾ ਹੋਣਾ ਮੰਨਿਆ ਜਾਂਦਾ ਹੈ। **ਰਤੁ**-ਰਤੀ ਭਰ ਵੀ। **ਭਾਵੈ**-ਪਸੰਦ ਆਉਣਾ, ਭਾਉਣਾ। **ਜੰਜਾਰ**-ਜੰਜਾਲ, ਬਿਖੇੜਾ। **ਤਜਿ**-ਤਿਆਗਣਾ। **ਚਿਤ**-ਮਨ, ਮਨ ਦਾ ਧਿਆਨ, ਸੁਰਤਿ॥ ੩॥

**ਪਦ ਅਰਥ** : ਹੇ ਮਾਇਆ ਦੇ ਪਤੀ-ਪ੍ਰਭੂ! ਕੇਵਲ ਆਪ ਜੀ ਹੀ ਮੇਰੇ ਜੀਵਨ ਦਾ ਇੱਕੋ-ਇਕ ਸਹਾਰਾ ਹੋ॥ ਟੇਕ॥

ਹੇ ਪ੍ਰਭੂ! ਆਪ ਜੀ ਮੇਰੇ ਮਾਤਾ-ਪਿਤਾ ਹੋ। ਮੈਂ ਆਪ ਜੀ ਦਾ ਦੀਨ, ਹਲੀਮ ਤੇ ਅਬੋਧ ਬਾਲਕ ਹਾਂ। ਜੇਕਰ ਆਪ ਜੀ ਮੈਨੂੰ ਤਿਆਗ ਦੇਵੋਗੇ ਤਾਂ ਫਿਰ ਮੈਨੂੰ ਆਪਣੇ ਕੋਲ ਕੌਣ ਰੱਖੇਗਾ? ਮੇਰੀ ਅਰਜੋਈ ਕੌਣ ਸੁਣੇਗਾ? ਮੇਰੀਆਂ ਖੁਸ਼ਾਮਦਾਂ, ਮਿੰਨਤਾਂ ਤੇ

ਤਰਲੇ ਕੌਣ ਸਹੇਗਾ ?॥

2. ਹੇ ਪਰਮਾਤਮਾ! ਮੈਂ ਕਿਸੇ ਤਰ੍ਹਾਂ ਦੇ ਬਾਹਰੀ ਆਡੰਬਰਾਂ ਨੂੰ ਕਰਨਾ ਨਹੀਂ ਜਾਣਦਾ। ਮੇਰੇ ਮਨ ਦਾ ਧਿਆਨ ਤਾਂ ਹਮੇਸ਼ਾ ਆਪ ਜੀ ਦੇ ਚਰਨ-ਕੰਵਲਾਂ ਵਿੱਚ ਹੀ ਲੱਗਾ ਰਹਿੰਦਾ ਹੈ। ਹੇ ਪਰਮਾਤਮਾ! ਕੋਈ ਆਪ ਜੀ ਨੂੰ ਨਿਰਗੁਣ ਕਹਿੰਦਾ ਹੈ ਤੇ ਕੋਈ ਸਗੁਣ ਕਹਿੰਦਾ ਹੈ, ਪਰ ਮੈਨੂੰ ਇਹ ਬਿਖੇੜਾ ਵਿਅਰਥ ਲੱਗਦਾ ਹੈ। ਮੈਂ ਆਪ ਜੀ ਦੇ ਦੋਨੋਂ ਸਰੂਪਾਂ ਨੂੰ ਇਕ ਸਮਾਨ ਸਮਝਦਾ ਹਾਂ, ਇੱਕੋ ਜਿਹਾ ਸਮਝਦਾ ਹਾਂ ਤੇ ਚਾਰੇ ਦਿਸ਼ਾਂਵਾਂ ਭਾਵ ਹਰ ਪਾਸੇ ਆਪ ਜੀ ਦੇ ਹੀ ਦਰਸ਼ਨ ਕਰਦਾ ਹਾਂ॥

3. ਹੇ ਪ੍ਰਭੂ! ਲੋਹੇ ਨੂੰ ਸੋਨਾ ਬਣਾਉਣ ਵਾਲਾ ਪਾਰਸ ਮੇਰੇ ਮਨ ਨੂੰ ਰਤੀ ਭਰ ਵੀ ਨਹੀਂ ਭਾਉਂਦਾ। ਕੀ ਮਾਇਆ ਦੇ ਭ੍ਰਮ-ਜਾਲ ਵਿੱਚ ਉਲਝਣ ਲਈ ਸੰਸਾਰ ਦਾ ਪਸਰਿਆ ਹੋਇਆ ਜੰਜਾਲ ਹੀ ਥੋੜ੍ਹਾ ਨਹੀਂ ਹੈ? ਭਾਵ ਮੈਨੂੰ ਧਨ-ਦੌਲਤ ਆਦਿਕ ਨਾਲ ਬਿਲਕੁਲ ਵੀ ਮੋਹ ਨਹੀਂ, ਮੈਂ ਜਗਤ ਦੇ ਇਨ੍ਹਾਂ ਜੰਜਾਲਾਂ ਤੋਂ ਵਿਰਕਤ ਹੋ ਗਿਆ ਹਾਂ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਮੈਂ ਸੰਸਾਰ ਦੀਆਂ ਸਾਰੀਆਂ ਇੱਛਾਵਾਂ ਤੇ ਤ੍ਰਿਸ਼ਨਾਵਾਂ ਨੂੰ ਤਿਆਗ ਕੇ ਆਪਣੇ ਮਨ ਦੇ ਧਿਆਨ ਨੂੰ ਹਮੇਸ਼ਾ ਪ੍ਰਭੂ ਦੇ ਚਰਨ-ਕੰਵਲਾਂ ਵਿੱਚ ਹੀ ਲੀਨ ਰੱਖਦਾ ਹਾਂ, ਭਾਵ ਮੈਂ ਉਸ ਦੇ ਨਾਮ-ਸਿਮਰਨ ਵਿੱਚ ਹੀ ਸਦਾ ਅੰਤਰ-ਧਿਆਨ ਰਹਿੰਦਾ ਹਾਂ॥

**ਭਾਵ ਅਰਥ** : ਪਰਮਾਤਮਾ ਦਾ ਆਸਰਾ ਹੀ ਇਕ ਸੱਚਾ ਆਸਰਾ ਹੈ, ਸੰਸਾਰ ਦੇ ਬਾਕੀ ਸਾਰੇ ਆਸਰੇ ਝੂਠੇ ਤੇ ਨਿਰਾਰਥਕ ਹਨ। ਇਸ ਲਈ ਜੀਵ ਨੂੰ ਪਰਮਾਤਮਾ ਦਾ ਹੀ ਆਸਰਾ ਲੈਣਾ ਚਾਹੀਦਾ ਹੈ।

## ਰਾਗੁ ਟੋਡੀ -127

***ਪਾਵਨ ਜਸ ਮਾਧੋ ਤੋਰਾ, ਤੁਮ ਦਾਰੁਨ ਅਘਮੋਚਨ ਮੋਰਾ॥ ਟੇਕ॥***
***ਕੀਰਤਿ ਤੇਰੀ ਪਾਪ ਬਿਨਾਸੇ, ਲੋਕ ਬੇਦ ਯੂੰ ਗਾਵੈ।***
***ਜੌਂ ਹਮ ਪਾਪ ਕਰਤ ਨਹਿੰ ਭੂਧਰ, ਤੌਂ ਤੂੰ ਕਹਾ ਨਸਾਵੈ॥ ੧॥***
***ਜਬ ਲਗਿ ਅੰਗਿ ਪੰਕ ਨਹਿੰ ਪਰਸੈ, ਤੌਂ ਜਲ ਕਹਾ ਪਖਾਲੈ।***
***ਮਨ ਮਲੀਨ ਵਿਸ਼ਿਆ ਰਸ ਲੰਪਟ, ਤੋ ਹਰਿ ਨਾਮ ਸੰਭਾਲੈ॥ ੨॥***
***ਜੋ ਹਮ ਬਿਮਲ ਹਿਰਦੈ ਚਿਤ ਅੰਤਰਿ, ਦੋਸ ਕਵਨ ਪਰਿ ਧਰਿਹੌਂ।***
***ਕਹਿ ਰਵਿਦਾਸ ਪ੍ਰਭੂ ਤੁਮ੍ ਦਿਆਲ ਹੌ, ਅਬੰਧ ਮੁਕਤਿ ਕਾ ਕਰਿਹੌਂ॥ ੩॥***

**ਸ਼ਬਦ ਅਰਥ** : **ਪਾਵਨ**-ਪਵਿੱਤਰ। **ਦਾਰੁਨ**-ਘੋਰ, ਭਿਆਨਕ, ਨ ਸਹੇ ਜਾਣ ਵਾਲੇ। **ਅਘਮੋਚਨ**-ਪਾਪਾਂ ਦਾ ਨਾਸ਼ ਕਰਨ ਵਾਲਾ। **ਕੀਰਤਿ**-ਜੱਸ, ਸਿਫ਼ਤਿ ਸਾਲਾਹ, ਉਸਤਤਿ। **ਬਿਨਾਸੇ**-ਨਾਸ਼ ਕਰਨਾ। **ਭੂਧਰ**-ਪਹਾੜਾਂ ਜਿੱਡੇ, ਵੱਡੇ ਵੱਡੇ, ਘੋਰ। **ਨਸਾਵੈ**-ਨਾਸ਼ ਕਰਨਾ॥ ੧॥ **ਅੰਗਿ**-ਸਰੀਰ ਦੇ ਅੰਗ। **ਪੰਕ**-ਚਿੱਕੜ। **ਪਰਸੈ**-ਲੱਗਣਾ, ਸਪਰਸ਼ ਕਰਨਾ। **ਪਖਾਲੈ**-ਧੋਣਾ। **ਮਲੀਨ**-ਮੈਲਾ। **ਵਿਸ਼ਿਆ**-ਵਿਸ਼ੇ ਵਿਕਾਰਾਂ। **ਰਸ**-ਰਸਾਂ ਕਸਾਂ, ਆਨੰਦ। **ਲੰਪਟ**-ਲਿਪਟ ਕੇ, ਚੁੰਬੜ ਕੇ। **ਸੰਭਾਲੈ**-ਸੰਭਾਲ ਕਰਨਾ, ਸ਼ੁੱਧ ਕਰਨਾ॥ ੨॥ **ਜੋ**-ਜੇਕਰ। **ਬਿਮਲ**-ਸਾਫ਼, ਪਵਿੱਤਰ। **ਹਿਰਦੈ**-ਮਨ। **ਚਿਤ**-ਅੰਤਰ ਆਤਮਾ। **ਕਵਨ**-

ਕੌਣ, ਕਿਸਨੂੰ। **ਧਰਿਹੌ**-ਠਹਿਰਾਉਣਾ, ਰੱਖਣਾ। **ਅਬੰਧ**-ਬੰਧਨ ਰਹਿਤ ॥ ੩ ॥

**ਪਦ ਅਰਥ** : ਹੇ ਮਾਇਆ ਦੇ ਪਤੀ-ਪ੍ਰਭੂ! ਆਪ ਜੀ ਦਾ ਜੱਸ ਪਵਿੱਤਰ ਤੇ ਸੱਚਾ-ਸੁੱਚਾ ਹੈ। ਆਪ ਜੀ ਪਾਪੀਆਂ ਦੇ ਸਾਰੇ ਪਾਪਾਂ ਦਾ ਨਾਸ਼ ਕਰਕੇ ਉਨ੍ਹਾਂ ਨੂੰ ਪਵਿੱਤਰ ਕਰਨ ਵਾਲੇ ਕਹੇ ਜਾਂਦੇ ਹੋ। ਆਪ ਜੀ ਆਪਣਾ ਬਿਰਦ ਨਿਭਾਉਂਦੇ ਹੋਏ ਮੈਨੂੰ ਵੀ ਮੇਰੇ ਘੋਰ ਪਾਪਾਂ ਤੋਂ ਮੁਕਤ ਕਰ ਦਿਉ ਜੀ ॥ ਟੇਕ ॥

ਹੇ ਪਰਮਾਤਮਾ! ਆਪ ਜੀ ਦਾ ਨਾਮ-ਸਿਮਰਨ ਤੇ ਸਿਫ਼ਤਿ-ਸਾਲਾਹ ਸਾਰੇ ਪਾਪਾਂ ਦਾ ਨਾਸ਼ ਕਰ ਦਿੰਦੀ ਹੈ। ਸੰਸਾਰ ਦੇ ਲੋਕ ਆਪ ਜੀ ਦੀ ਉਸਤਤਿ "ਪਾਪਾਂ ਦਾ ਵਿਨਾਸ਼-ਕਰਤਾ" ਕਹਿ ਕੇ ਕਰਦੇ ਹਨ। ਵੇਦਾਂ ਤੇ ਸ਼ਾਸਤਰਾਂ ਵਿੱਚ ਵੀ ਆਪ ਜੀ ਨੂੰ 'ਪਾਪ-ਵਿਨਾਸ਼ਕ' ਕਹਿ ਕੇ ਆਪ ਜੀ ਦੇ ਗੁਣਗਾਨ ਕੀਤੇ ਗਏ ਹਨ। ਹੇ ਪ੍ਰਭੂ! ਜੇਕਰ ਅਸੀਂ, ਸੰਸਾਰੀ ਲੋਕ, ਪਹਾੜਾਂ ਜਿੰਨੇ ਵੱਡੇ-ਵੱਡੇ ਘੋਰ ਪਾਪ ਨਾ ਕਰਦੇ ਤਾਂ ਆਪ ਜੀ ਕਿਸ ਦੇ ਪਾਪਾਂ ਦਾ ਨਾਸ਼ ਕਰਦੇ ਤੇ 'ਪਾਪ-ਵਿਨਾਸ਼ਕ' ਕਿਵੇਂ ਅਖਵਾਉਂਦੇ ?॥

2. ਜੇਕਰ ਸਰੀਰ ਦੇ ਅੰਗਾਂ ਨੂੰ ਚਿੱਕੜ ਨਹੀਂ ਲੱਗੇਗਾ ਤਾਂ ਪਾਣੀ ਉਸ ਚਿੱਕੜ ਨੂੰ ਕਿਵੇਂ ਧੋਵੇਗਾ ? ਭਾਵ ਜੇਕਰ ਸਰੀਰ ਚਿੱਕੜ ਨਾਲ ਲਿਬੜੇਗਾ ਤਾਂ ਹੀ ਉਸ ਨੂੰ ਪਾਣੀ ਨਾਲ ਧੋ ਕੇ ਸਾਫ਼ ਕੀਤਾ ਜਾ ਸਕੇਗਾ। ਇਸੇ ਤਰ੍ਹਾਂ ਜਦੋਂ ਜੀਵ ਦਾ ਮਨ ਵਿਸ਼ੇ-ਵਿਕਾਰਾਂ ਦੇ ਰਸਾਂ-ਕਸਾਂ ਨਾਲ ਲਿੱਬੜ ਕੇ ਮੈਲਾ ਹੋਵੇਗਾ ਤਦੋਂ ਹੀ ਪਰਮਾਤਮਾ ਦਾ ਨਾਮ-ਸਿਮਰਨ ਉਸ ਮਲੀਨ ਮਨ ਨੂੰ ਸ਼ੁੱਧ ਕਰੇਗਾ॥

3. ਹੇ ਭਾਈ! ਜੇਕਰ ਜੀਵ ਦਾ ਮਨ ਤੇ ਅੰਤਰ-ਆਤਮਾ ਪਹਿਲਾਂ ਹੀ ਅੰਦਰੋਂ ਸਾਫ਼ ਤੇ ਪਵਿੱਤਰ ਹੋਣ ਤਾਂ ਅਸੀਂ ਦੋਸ਼ ਕਿਸ ਉੱਪਰ ਲਗਾਵਾਂਗੇ ? ਭਾਵ ਅਸੀਂ ਉਸ ਜੀਵ ਨੂੰ ਕਿਸੇ ਤਰ੍ਹਾਂ ਵੀ ਦੋਸ਼ੀ ਨਹੀਂ ਠਹਿਰਾ ਸਕਾਂਗੇ। ਇਸੇ ਗੱਲ ਨੂੰ ਅੱਗੇ ਤੋਰਦੇ ਹੋਏ ਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਜੇਕਰ ਕੋਈ ਜੀਵ ਪਹਿਲਾਂ ਹੀ ਬੰਧਨ-ਰਹਿਤ ਹੋਵੇ ਤਾਂ ਉਸ ਨੂੰ ਮੁਕਤ ਹੋਣ ਦੀ ਕੋਈ ਲੋੜ ਨਹੀਂ ਪੈਂਦੀ ਕਿਉਂਕਿ ਉਹ ਤਾਂ ਪਹਿਲਾਂ ਹੀ ਆਜ਼ਾਦ ਹੁੰਦਾ ਹੈ, ਬੰਧਨਾਂ ਤੋਂ ਖਲਾਸੀ ਪਾ ਚੁੱਕਾ ਹੁੰਦਾ ਹੈ। (ਪਰ ਹੇ ਦਿਆਲੂ ਪਰਮਾਤਮਾ! ਸੰਸਾਰਿਕ ਜੀਵ ਬੰਧਨਾਂ ਵਿੱਚ ਬੁਰੀ ਤਰ੍ਹਾਂ ਜਕੜੇ ਹੋਏ ਹਨ। ਆਪ ਜੀ ਕਿਰਪਾ ਕਰਕੇ ਉਨ੍ਹਾਂ ਦੇ ਬੰਧਨਾਂ ਨੂੰ ਕੱਟ ਦਿਉ ਜੀ ਤਾਂ ਕਿ ਦੁਨੀਆ ਵਿੱਚ ਆਪ ਜੀ ਦਾ ਜੱਸ ਹੋਵੇ ਕਿ ਆਪ ਜੀ 'ਬੰਧਨ-ਹਰਤਾ' ਹੋ, 'ਪਾਪ-ਵਿਨਾਸ਼ਕ' ਹੋ।)॥

**ਭਾਵ ਅਰਥ** : ਪਰਮਾਤਮਾ ਦੀ ਕਿਰਪਾ-ਦ੍ਰਿਸ਼ਟੀ ਹੀ ਜੀਵ ਨੂੰ ਸੰਸਾਰ ਦੀ ਮੋਹ-ਮਾਇਆ ਤੇ ਵਿਸ਼ੇ-ਵਿਕਾਰਾਂ ਦੇ ਬੰਧਨਾਂ ਤੋਂ ਮੁਕਤੀ ਦਿਵਾ ਸਕਦੀ ਹੈ।

ਜੈ ਗੁਰੂਦੇਵ-ਧੰਨ ਗੁਰੂਦੇਵ

**ਜੈ ਗੁਰੂਦੇਵ-ਧੰਨ ਗੁਰੂਦੇਵ**

***ਜਗ ਮੇਂ ਵੇਦ ਬੈਦ ਮਨੀਜੈ।***
***ਇਨ ਮਹਿੰ ਅਵਰ ਅਗਮ ਕਛੁ ਔਰੇ, ਕਹੌ ਕਵਨ ਪਰਿ ਕੀਜੈ ॥ ਟੇਕ ॥***
***ਭੌਜਲ ਬਿਆਧਿ ਅਸਾਧਿ ਪ੍ਰਬਲ ਅਤਿ, ਪਰਮ ਪੰਥ ਨ ਗਹੀਜੈ ॥ ੧ ॥***
***ਪੜੈ ਸੁਣੈ ਕਛੁ ਸਮੁਝਿ ਨ ਪਰਈ, ਅਨੁਭੈ ਪਦ ਨ ਲਹੀਜੈ ॥ ੨ ॥***
***ਚਖਿ ਬਿਹੂਨ ਕਤਾਰ ਚਲਤੁ ਹੈਂ, ਤਿਨਹੂ ਅੰਸ ਭੁਜ ਦੀਜੈ ॥ ੩ ॥***
***ਕਹੈ ਰਵਿਦਾਸ ਬਮੇਕ ਤਤ ਬਿਨੁ, ਸਬ ਮਿਲਿ ਗਰਤ ਪਰੀਜੈ ॥ ੪ ॥***

**ਸ਼ਬਦ ਅਰਥ** : **ਬੈਦ**–ਰੋਗ ਦਾ ਇਲਾਜ ਕਰਨ ਵਾਲਾ ਹਕੀਮ। **ਅਗਮ**–ਜਿੱਥੇ ਪਹੁੰਚਿਆ ਨਾ ਜਾ ਸਕੇ, ਡੂੰਘੇ ਵਿਚਾਰ। **ਕਵਨ ਪਰਿ**–ਕਿਸ ਉੱਪਰ। **ਭੌਜਲ**–ਸੰਸਾਰ ਸਮੁੰਦਰ। **ਬਿਆਧਿ**–ਦੁੱਖ, ਸੰਤਾਪ, ਰੋਗ, ਕਲੇਸ਼। **ਅਸਾਧਿ**–ਨਾ ਸਾਧੇ ਜਾਣ ਵਾਲੇ, ਲਾ–ਇਲਾਜ। **ਪ੍ਰਬਲ**–ਬਹੁਤ ਬਲ ਵਾਲਾ, ਜੋਰਾਵਰ। **ਪਰਮ ਪੰਥ**–ਸਭ ਤੋਂ ਸ੍ਰੇਸ਼ਟ ਮਾਰਗ। **ਗਹੀਜੈ**–ਗ੍ਰਹਿਣ ਕਰਨਾ॥ ੧॥
**ਪਰਈ**–ਪੜ੍ਹਨੀ, ਆਉਣੀ। **ਅਨੁਭੈ**–ਭੈਅ ਰਹਿਤ। **ਲਹੀਜੈ**–ਪ੍ਰਾਪਤ ਕਰਨਾ, ਲੈਣਾ॥ ੨॥
**ਚਖਿ ਬਿਹੂਨ**–ਅੱਖਾਂ ਤੋਂ ਸੱਖਣਾ, ਅੰਨ੍ਹਾਂ। **ਅੰਸ**–ਅੰਗ, ਮੋਢਾ। **ਭੁਜ**–ਹੱਥ, ਬਾਂਹ॥ ੩॥
**ਬਮੇਕ**–ਵਿਚਾਰਨਾ, ਚੰਗੇ ਮੰਦੇ ਦੀ ਪਰਖ ਕਰਨੀ। **ਤਤ**–ਅਸਲੀਅਤ, ਸੱਚ। **ਗਰਤ**–ਟੋਆ, ਖੱਡਾ। **ਪਰੀਜੈ**–ਪੈਣਗੇ, ਡਿਗਣਗੇ॥ ੪॥

**ਪਦ ਅਰਥ** :ਸੰਸਾਰ ਦੇ ਲੋਕ ਵੇਦਾਂ ਨੂੰ (ਜੀਵਾਂ ਦੀਆਂ ਆਧੀਆਂ–ਵਿਆਧੀਆਂ ਦੇ ਰੋਗਾਂ ਤੋਂ ਨਿਵਿਰਤੀ ਦਿਵਾਉਣ ਵਾਲੇ ਤੇ ਜਨਮ–ਮਰਨ ਦੇ ਗੇੜ ਤੋਂ ਮੁਕਤੀ ਦਿਵਾਉਣ ਵਾਲੇ) ਵੈਦ ਮੰਨਦੇ ਹਨ। ਪਰ ਅਸਲ ਵਿੱਚ ਇਨ੍ਹਾਂ ਵੇਦਾਂ ਅੰਦਰ ਤਾਂ ਕੁਝ ਹੋਰ ਹੀ ਡੂੰਘੇ ਵਿਚਾਰਾਂ ਦਾ ਵਰਣਨ ਕੀਤਾ ਗਿਆ ਹੈ। ਫਿਰ ਦੱਸੋ ਇਨ੍ਹਾਂ ਵਿੱਚੋਂ ਕਿਸ ਉੱਪਰ ਵਿਸ਼ਵਾਸ ਕੀਤਾ ਜਾਵੇ ?॥ ਟੇਕ॥
ਇਹ ਭਵ–ਸਾਗਰ ਨਾ ਸਾਧੇ ਜਾਣ ਵਾਲੇ ਬਹੁਤ ਵੱਡੇ–ਵੱਡੇ ਦੁੱਖਾਂ ਨਾਲ ਭਰਿਆ ਹੋਇਆ ਇਕ ਸ਼ਕਤੀਸ਼ਾਲੀ ਘਰ ਹੈ। ਇਨ੍ਹਾਂ ਦੁੱਖਾਂ ਦੀ ਨਿਵਿਰਤੀ ਉਦੋਂ ਤੱਕ ਨਹੀਂ ਹੁੰਦੀ ਜਦੋਂ ਤੱਕ ਜੀਵ ਪਰਮਾਤਮਾ ਦੇ ਨਾਮ–ਸਿਮਰਨ ਰੂਪੀ ਸ੍ਰੇਸ਼ਟ ਮਾਰਗ ਨੂੰ ਗ੍ਰਹਿਣ ਨਹੀਂ ਕਰਦਾ॥
2. ਇਸੇ ਤਰ੍ਹਾਂ ਵੇਦਾਂ ਨੂੰ ਕੇਵਲ ਪੜ੍ਹਨ–ਸੁਣਨ ਨਾਲ ਜੀਵ ਨੂੰ ਪ੍ਰਭੂ ਬਾਰੇ ਕੋਈ ਸੋਝੀ ਨਹੀਂ ਆਉਂਦੀ। ਹੇ ਭਾਈ! ਯਾਦ ਰੱਖ ਕਿ ਇਹ ਸੋਝੀ ਤਾਂ ਉਦੋਂ ਤੱਕ ਨਹੀਂ ਆਉਂਦੀ ਜਦੋਂ ਤੱਕ ਜੀਵ ਪ੍ਰਭੂ–ਸਿਮਰਨ ਰਾਹੀਂ ਭੈ–ਰਹਿਤ ਆਤਮਿਕ ਅਵਸਥਾ ਨੂੰ ਪ੍ਰਾਪਤ ਨਹੀਂ ਕਰ ਲੈਂਦਾ॥
3. ਜਿਸ ਤਰ੍ਹਾਂ ਅੰਨ੍ਹਿਆਂ ਦੀ ਕਤਾਰ ਇਕ ਅੰਨ੍ਹੇ ਪਿੱਛੇ ਤੁਰੀ ਜਾ ਰਹੀ ਹੁੰਦੀ ਹੈ, ਉਸੇ ਤਰ੍ਹਾਂ ਸੰਸਾਰੀ ਜੀਵ ਵੀ ਰਾਮ ਨਾਮ–ਰੂਪੀ ਰੂਹਾਨੀ ਅੱਖਾਂ ਤੋਂ ਬਿਨਾਂ ਅੰਨ੍ਹਿਆਂ ਵਾਂਗ ਇਕ ਦੂਜੇ ਪਿੱਛੇ ਚੱਲੀ ਜਾ ਰਹੇ ਹਨ। ਜਿਵੇਂ ਅੰਨ੍ਹੇ ਨੂੰ ਮੰਜ਼ਿਲ ਤੱਕ ਪਹੁੰਚਣ ਲਈ ਕਿਸੇ ਸੁਜਾਖੇ ਦੇ ਮੋਢੇ ਜਾਂ ਹੱਥ ਦਾ ਸਹਾਰਾ ਲੈਣਾ ਪੈਂਦਾ ਹੈ, ਉਸੇ ਤਰ੍ਹਾਂ ਜੀਵ ਨੂੰ ਵੀ ਮਾਇਆ ਦੇ ਮੋਹ–ਰੂਪ ਸੰਸਾਰ–ਸਮੁੰਦਰ ਤੋਂ ਪਾਰ

ਲੰਘਣ ਲਈ ਪਰਮਾਤਮਾ ਦੇ ਨਾਮ ਦਾ ਆਸਰਾ ਲੈਣਾ ਪੈਂਦਾ ਹੈ॥

4. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਭਾਈ! ਜੋ ਵੀ ਜੀਵ ਚੰਗੇ-ਮੰਦੇ ਦੀ ਅਸਲੀਅਤ (ਸੱਚਾਈ) ਨੂੰ ਪਰਖੇ ਬਿਨਾਂ ਅੰਨ੍ਹੇ ਦੀ ਤਰ੍ਹਾਂ ਦੂਜੇ ਦੇ ਪਿੱਛੇ ਲੱਗਦਾ ਹੈ ਉਹ ਨਰਕਾਂ ਦੇ ਖੱਡੇ ਵਿੱਚ ਹੀ ਡਿੱਗਦਾ ਹੈ॥

**ਭਾਵ ਅਰਥ** : ਸੰਸਾਰੀ ਜੀਵ ਅੰਨ੍ਹਿਆਂ ਦੀ ਤਰ੍ਹਾਂ ਪਾਖੰਡੀ ਲੋਕਾਂ ਪਿੱਛੇ ਲੱਗ ਕੇ ਦੁੱਖ ਪਾਉਂਦੇ ਹਨ। ਪ੍ਰਭੂ ਦਾ ਨਾਮ-ਸਿਮਰਨ ਹੀ ਕਸ਼ਟ ਨਾਸ਼ਕ ਤੇ ਸੰਸਾਰ-ਰੂਪੀ ਭਵਸਾਗਰ ਤਾਰਕ ਹੈ।

## ਰਾਗੁ ਸਾਰੰਗ -129

***ਤੁਮ ਕਰਹੁ ਕ੍ਰਿਪਾ ਮੋਹਿ ਸਾਂਈ॥ ਟੇਕ॥***
***ਸਵਾਸ ਸਵਾਸ ਤੁਝ ਨਾਮ ਸੰਭਾਰੂੰ, ਤੁਮਹਹਿ ਭੇਂਟਿ ਮਮੁ ਮਨ ਹਰਸਾਈ।***
***ਤੁਮਹੁ ਦਿਆਲ ਕ੍ਰਿਪਾਲ ਕਰੁਣਾਨਿਧ, ਤੁਮਹਹਿ ਦੀਨਬੰਧ ਰਘੁਰਾਈ॥ ੧॥***
***ਤੁਮ੍ਹਾਰੀ ਸਰਨ ਰਹੌਂ ਨਿਸਵਾਸਰ, ਭਰਮਤ ਫਿਰੌਂ ਨ ਹੌਂ ਹਰਿ ਰਾਈ।***
***ਤੁਮ੍ਹਾਰੀ ਅਨੁਕਮਪ ਮਾਨ ਮਦੁ ਛੂਟੈ, ਰਾਮ ਰਸਾਇਨ ਅਮ੍ਰਿਤੁ ਪਾਈ॥ ੨॥***
***ਏਸੋ ਬੁਧ ਜਾਚਿਹੁੰ ਕਰੁਨਾਮੈਂ, ਤੁਝ ਚਰਨ ਤਜਿ ਕਿਤਹੁ ਨ ਜਾਈ।***
***ਚਰਨ-ਸਰਨ ਰਵਿਦਾਸ ਰਾਵਰੀ, ਅਪਨੋ ਜਾਨ ਲੇਹੁ ਉਰ ਲਾਈ॥ ੩॥***

**ਸ਼ਬਦ ਅਰਥ** : **ਸਾਂਈ**-ਸੁਆਮੀ। **ਸੰਭਾਰੂੰ**-ਸਭਾਰਣਾ, ਸਿਮਰਨਾ। **ਭੇਂਟਿ**-ਮਿਲਾਪ, ਦਰਸ਼ਨ ਕਰਨਾ। **ਮਮੁ**-ਮੇਰਾ, ਮੈਂ। **ਹਰਸਾਈ**-ਖੁਸ਼ ਹੋਣਾ, ਆਨੰਦਿਤ ਹੋਣਾ। **ਕ੍ਰਿਪਾਲ**-ਕਿਰਪਾ ਕਰਨ ਵਾਲਾ। **ਕਰੁਣਾਨਿਧ**-ਦਇਆ ਦਾ ਖ਼ਜ਼ਾਨਾ। **ਦੀਨਬੰਧ**-ਗਰੀਬ ਦਾ ਸਹਾਇਕ। **ਰਘੁਰਾਈ**-(ਰਘੁ=ਪ੍ਰਕਾਸ਼ + ਰਾਈ=ਰਾਜਾ, ਸਆਮੀ) ਭਾਵ ਜੋਤਿਸਰੂਪ ਸੁਆਮੀ॥ ੧॥
**ਨਿਸਵਾਸਰ**-ਦਿਨ ਰਾਤ। **ਭਰਮਤ**-ਭ੍ਰਮਣ ਕਰਨਾ, ਭਟਕਣਾ। **ਹੌਂ**-ਮੈਂ। **ਰਾਈ**-ਰਾਜਾ, ਸੁਆਮੀ। **ਅਨੁਕਮਪ**-ਦਇਆ। **ਮਾਨ**-ਗਰਬ, ਹਉਮੈ। **ਮਦੁ**-ਨਸ਼ਾ, ਹੰਕਾਰ। **ਰਸਾਇਨ**-ਰਸ ਦਾ ਆਯਨ (ਘਰ)। **ਰਾਮ ਰਸਾਇਨ**-ਗੁਰਮਤਿ ਅਨੁਸਾਰ ਪਰਮਾਤਮਾ ਦਾ ਨਾਮ ਜੋ ਸਾਰੇ ਰਸਾਂ ਦਾ ਘਰ ਹੈ। **ਅਮ੍ਰਿਤ**-ਆਤਮਿਕ ਜੀਵਨ ਦੇਣ ਵਾਲਾ ਨਾਮ ਰਸ॥ ੨॥
**ਬੁਧ**-ਬੁੱਧੀ। **ਜਾਚਿਹੁੰ**-ਮੰਗਣਾ, ਬੇਨਤੀ ਕਰਨੀ। **ਕਰੁਨਾਮੈਂ**-ਦਿਆਲੂ। **ਤਜਿ**-ਛੱਡ ਕੇ। **ਕਿਤਹੁ**-ਕਿਸੇ ਹੋਰ ਪਾਸੇ। **ਰਾਵਰੀ**-ਭਵਦੀਯ, ਆਪ ਦਾ, ਤੁਹਾਡਾ ਆਪਣਾ। **ਉਰ**-ਹਿਰਦਾ, ਛਾਤੀ॥ ੩॥

**ਪਦ ਅਰਥ** : ਹੇ ਸੁਆਮੀ-ਪ੍ਰਭੂ! ਆਪ ਜੀ ਮੇਰੇ 'ਤੇ ਦਇਆ-ਦ੍ਰਿਸ਼ਟੀ ਕਰੋ ਜੀ॥ ਟੇਕ॥
ਹੇ ਜੋਤਿ-ਸਰੂਪ ਪ੍ਰਭੂ ਜੀ! ਮੈਂ ਸਵਾਸ-ਸਵਾਸ ਆਪ ਜੀ ਦੇ ਨਾਮ ਦਾ ਸਿਮਰਨ ਕਰਦਾ ਹਾਂ। ਆਪ ਜੀ ਦੇ ਦਰਸ਼ਨ ਕਰਕੇ ਮੇਰਾ ਮਨ ਆਨੰਦਿਤ ਹੋ ਜਾਂਦਾ ਹੈ। ਹੇ ਜੋਤਿ-ਸਰੂਪ ਸੁਆਮੀ-ਪ੍ਰਭੂ! ਆਪ ਜੀ ਦਇਆ ਦੇ ਭੰਡਾਰ, ਗ਼ਰੀਬਾਂ ਤੇ ਕਮਜ਼ੋਰਾਂ ਦੇ ਸਹਾਰੇ, ਕਰੁਣਾ ਦੇ ਸਾਗਰ ਤੇ ਸਭ 'ਤੇ ਕ੍ਰਿਪਾ-ਦ੍ਰਿਸ਼ਟੀ ਕਰਨ ਵਾਲੇ ਹੋ॥

2. ਹੇ ਸੁਆਮੀ-ਪ੍ਰਭੂ! ਮੈਂ ਦਿਨ-ਰਾਤ ਆਪ ਜੀ ਦੀ ਸ਼ਰਨ ਵਿੱਚ ਰਹਿੰਦਾ ਹਾਂ (ਭਾਵ ਮੈਂ ਹਰ ਵੇਲੇ ਆਪ ਜੀ ਦੇ ਨਾਮ-ਸਿਮਰਨ ਦਾ ਹੀ ਆਸਰਾ ਲੈਂਦਾ ਹਾਂ) ਤੇ ਥਾਂ-ਥਾਂ 'ਤੇ ਭਟਕਦਾ ਨਹੀਂ ਫਿਰਦਾ। ਹੇ ਪਰਮਾਤਮਾ! ਆਪ ਜੀ ਦੀ ਦਇਆ-

ਮਿਹਰ ਸਦਕਾ ਹੀ ਹਉਮੈ ਤੇ ਹੰਕਾਰ ਦਾ ਨਾਸ਼ ਹੁੰਦਾ ਹੈ ਤੇ ਆਤਮਿਕ ਜੀਵਨ ਦੇਣ ਵਾਲਾ ਨਾਮ-ਰਸ ਪ੍ਰਾਪਤ ਹੁੰਦਾ ਹੈ॥

3. ਹੇ ਦਿਆਲੂ-ਪ੍ਰਭੂ! ਮੇਰੀ ਆਪ ਜੀ ਅੱਗੇ ਇਹੋ ਅਰਦਾਸ ਹੈ ਕਿ ਆਪ ਜੀ ਮੈਨੂੰ ਅਜਿਹੀ ਬੁੱਧੀ ਬਖ਼ਸ਼ੋ ਕਿ ਮੈਂ ਆਪ ਜੀ ਦੇ ਚਰਨ-ਕੰਵਲਾਂ ਨੂੰ ਛੱਡ ਕੇ ਕਦੇ ਵੀ ਕਿਸੇ ਹੋਰ ਪਾਸੇ ਨਾ ਜਾਵਾਂ ਭਾਵ ਮੈਂ ਆਪ ਜੀ ਦੇ ਨਾਮ-ਸਿਮਰਨ ਨੂੰ ਛੱਡ ਕੇ ਕਿਸੇ ਹੋਰ ਦੇਵੀ-ਦੇਵਤੇ ਦੀ ਪੂਜਾ ਨਾ ਕਰਾਂ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਪ੍ਰਭੂ! ਮੈਂ ਆਪ ਜੀ ਦਾ ਦਾਸ, ਆਪ ਜੀ ਦੇ ਚਰਨਾਂ ਦੀ ਸ਼ਰਨ ਵਿੱਚ ਆਇਆ ਹਾਂ, ਮੈਨੂੰ ਆਪਣਾ ਸਮਝ ਕੇ ਆਪਣੇ ਹਿਰਦੇ ਨਾਲ ਲਗਾ ਲਉ ਜੀ॥

**<u>ਭਾਵ ਅਰਥ</u> :** ਪਰਮਾਤਮਾ ਦਿਆਲੂ, ਕਿਰਪਾਲੂ ਤੇ ਕਰੁਣਾਨਿਧਿ ਹੈ। ਜੀਵ ਨੂੰ ਉਸ ਦੀ ਰਹਿਮਤ ਤੇ ਬਖ਼ਸ਼ਿਸ਼ ਲੋੜਣੀ ਚਾਹੀਦੀ ਹੈ।

## ਰਾਗੁ ਸਾਰੰਗ -130

***ਚਲਿ ਮਨ ਹਰਿ ਚਟਸਾਲ ਪੜ੍ਹਾਊਂ ॥ ਟੇਕ ॥***
***ਗੁਰ ਕੀ ਸਾਂਟਿ ਗਿਆਨ ਕਾ ਅੱਛਰ, ਬਿਸਰੈ ਤੌਂ ਸਹਜ ਸਮਾਧਿ ਲਗਾਊਂ ॥ ੧ ॥***
***ਪ੍ਰੇਮ ਪਾਟੀ ਸੁਰਤਿ ਲੇਖਨਿ ਕਰਿਹੌਂ, ਰਰਾ ਮਮਾ ਲਿਖਿ ਅੰਕ ਦਿਖਾਊਂ ॥ ੨ ॥***
***ਇਹ ਬਿਧਿ ਮੁਕਤਿ ਭਏ ਸਨਕਾਦਿਕ, ਰਿਦੈ ਬਿਦਾਰਿ ਪ੍ਰਕਾਸ਼ ਦਿਖਾਊਂ ॥ ੩ ॥***
***ਕਾਗਦ ਕੰਵਲ ਮਤਿ ਮਸਿ ਕਰਿ ਨਿਰਮਲ, ਬਿਨ ਰਸਨਾ ਨਿਸਿ ਦਿਨ ਗੁਣ ਗਾਊਂ॥ ੪॥***
***ਕਹੈ ਰਵਿਦਾਸ ਰਾਮ ਜਪਿ ਭਾਈ, ਸੰਤ ਸਾਖਿ ਦੇ ਬਹੁਰਿ ਨ ਆਊਂ ॥ ੫ ॥***

**<u>ਸ਼ਬਦ ਅਰਥ</u> : ਚਟਸਾਲ**-ਪਾਠਸ਼ਾਲਾ, ਸਕੂਲ। **ਸਾਂਟਿ**-ਮਿਲਾਪ, ਮਿਲਣ। **ਅੱਛਰ**-ਸ਼ਬਦ। **ਬਿਸਰੈ**-ਯਾਦ ਤੋਂ ਭੁੱਲਣਾ, ਚੇਤੇ ਨ ਰਹਿਣਾ। **ਸਹਜ ਸਮਾਧਿ**-ਆਤਮਿਕ ਅਡੋਲਤਾ ਦੀ ਲੀਨਤਾ ਵਿੱਚ ਇਕ-ਰਸ ਟਿਕਿਆ ਰਹਿਣਾ॥ ੧॥
**ਪਾਟੀ**-ਫੱਟੀ। **ਲੇਖਨਿ**-ਕਲਮ। **ਅੰਕ**-ਅੱਖਰ, ਚਿੰਨ੍ਹ, ਨਿਸ਼ਾਨ॥ ੨॥
**ਸਨਕਾਦਿਕ**-(ਦੇਖੋ : ਸ਼ਬਦ-ਅਰਥ ਸ਼ਬਦ ਨੰ: 97 ਦੇ) **ਬਿਦਾਰਿ**-ਚੀਰਨਾ, ਨਾਸ਼ ਕਰਨਾ, ਮੁਕਾਉਣਾ॥ ੩॥ **ਕਾਗਦ**-ਕਾਗਜ਼। **ਮਤਿ**-ਬੁੱਧੀ। **ਮਸਿ**-ਸਿਆਹੀ। **ਨਿਰਮਲ**-ਸ਼ੁੱਧ। **ਬਿਨ ਰਸਨਾ**-ਜੀਭਾ ਤੋਂ ਬਿਨਾਂ, ਬਿਨ ਬੋਲੇ। **ਨਿਸਿ**-ਰਾਤ॥ ੪॥
**ਸਾਖਿ**-ਗ਼ਵਾਹ, ਸਾਖਸ਼ੀ। **ਬਹੁਰਿ**-ਦੁਬਾਰਾ॥ ੫॥

**<u>ਪਦ ਅਰਥ</u> :** ਹੇ ਮੇਰੇ ਮਨ! ਚੱਲ ਤੈਨੂੰ ਪਰਮਾਤਮਾ ਦੀ ਪਾਠਸ਼ਾਲਾ ਵਿੱਚ ਰਾਮ-ਨਾਮ ਜੱਪਣ ਦਾ ਸੱਚਾ ਪਾਠ ਪੜ੍ਹਾਵਾਂ॥ ਟੇਕ॥

ਇਸ ਪਾਠਸ਼ਾਲਾ ਵਿੱਚ ਸਤਿਗੁਰੂ ਜੀ ਨਾਲ ਮਧੁਰ-ਮਿਲਨ ਹੁੰਦਾ ਹੈ। ਇੱਥੇ ਸਤਿਗੁਰੂ ਜੀ ਬੜੇ ਪ੍ਰੇਮ ਨਾਲ ਪਰਮਾਤਮਾ ਦਾ ਗਿਆਨ-ਰੂਪੀ ਅੱਖਰ (ਆਤਮਿਕ ਜੀਵਨ ਦੀ ਸੂਝ ਦੇਣ ਵਾਲਾ ਸ਼ਬਦ) ਪੜ੍ਹਾਉਂਦੇ ਹਨ। ਜੇਕਰ ਗਿਆਨ-ਰੂਪੀ ਅੱਖਰ (ਆਤਮਿਕ ਜੀਵਨ ਦੀ ਸੂਝ ਦੇਣ ਵਾਲਾ ਸ਼ਬਦ) ਭੁੱਲ ਵੀ ਜਾਏ ਤਾਂ ਸਤਿਗੁਰੂ ਜੀ ਦੀ ਰਹਿਮਤ ਸਦਕਾ ਆਤਮਿਕ ਅਡੋਲ ਅਵਸਥਾ ਵਿੱਚ ਇਕ-ਰਸ ਟਿਕੇ ਰਹਿਣ ਦੀ ਸਮਾਧੀ ਲਗਾਈ ਜਾਂਦੀ ਹੈ॥

2. ਪਰਮਾਤਮਾ ਦੀ ਇਸ ਪਾਠਸ਼ਾਲਾ ਵਿੱਚ ਪ੍ਰੇਮ-ਭਾਵ ਦੀ ਫੱਟੀ 'ਤੇ ਸੁਰਤਿ-ਰੂਪੀ ਕਲਮ ਨਾਲ ਸਰਬ-ਵਿਆਪਕ ਪ੍ਰਭੂ ਦਾ ਨਾਮ ਰਾ+ਮ 'ਰਾਮ' ਸ਼ਬਦ ਲਿਖ ਕੇ ਦਿਖਾਇਆ ਜਾਂਦਾ ਹੈ। ਭਾਵ ਸੁਰਤਿ ਨੂੰ ਪ੍ਰਭੂ ਦੇ ਨਾਮ-ਰੂਪੀ ਸ਼ਬਦ ਵਿੱਚ ਲੀਨ ਹੋਣਾ ਸਿਖਾਇਆ ਜਾਂਦਾ ਹੈ॥

3. ਇਸੇ ਤਰੀਕੇ ਨਾਲ ਪੜ੍ਹਾਈ ਕਰਦੇ ਹੋਏ ਬ੍ਰਹਮਾ ਦੇ ਚਾਰੇ ਪੁੱਤਰਾਂ ਸਨਕ ਆਦਿਕ ਨੇ ਆਪਣੇ ਹਿਰਦੇ ਅੰਦਰੋਂ (ਵਿਕਾਰਾਂ) ਦਾ ਨਾਸ਼ ਕੀਤਾ ਸੀ ਤੇ ਹਿਰਦੇ ਅੰਦਰ ਸਮਾਈ ਹੋਈ ਪ੍ਰਭੂ ਦੀ ਜੋਤਿ ਦਾ ਪ੍ਰਕਾਸ਼ ਦਿਖਾਇਆ ਸੀ ਤੇ ਜੀਵਨ-ਮੁਕਤੀ ਪਾਈ ਸੀ। ਮੈਂ ਵੀ ਉਸੇ ਤਰ੍ਹਾਂ ਆਪਣੇ ਹਿਰਦੇ ਅੰਦਰ ਸਮਾਈ ਹੋਈ ਪ੍ਰਭੂ ਦੀ ਜੋਤਿ ਦਾ ਪ੍ਰਕਾਸ਼ ਦਿਖਾਵਾਂਗਾ ਤੇ ਜੀਵਨ-ਮੁਕਤੀ ਪਾਵਾਂਗਾ॥

4. ਮੈਂ ਆਪਣੇ ਹਿਰਦੇ-ਰੂਪੀ ਕੰਵਲ ਨੂੰ ਕਾਗਜ਼ ਬਣਾ ਕੇ ਬੁੱਧੀ-ਰੂਪੀ ਸ਼ੁੱਧ ਸਿਆਹੀ ਨਾਲ ਉਸ ਕਾਗਜ਼ 'ਤੇ ਪਰਮਾਤਮਾ ਦਾ ਨਾਮ ਲਿਖਾਂਗਾ ਤੇ ਬਿਨਾਂ ਰਸਨਾ ਤੋਂ ਬੋਲੇ ਪਰਮਾਤਮਾ ਦਾ ਗੁਣਗਾਨ ਦਿਨ-ਰਾਤ ਕਰਾਂਗਾ ਭਾਵ ਮਨ-ਬਿਰਤੀ ਰਾਹੀਂ ਪਰਮਾਤਮਾ ਦੇ ਨਾਮ ਦਾ ਅਜਪਾ ਜਾਪ ਸਦਾ ਕਰਦਾ ਰਹਾਂਗਾ॥

5. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਸਾਧੂ-ਸੰਤ ਇਸ ਗੱਲ ਦੇ ਸਾਖ਼ਸ਼ੀ ਹਨ ਕਿ ਪਰਮਾਤਮਾ ਦਾ ਨਾਮ-ਸਿਮਰਨ ਕਰਨ ਵਾਲਾ ਜੀਵ ਇਸ ਸੰਸਾਰ ਵਿੱਚ ਦੁਬਾਰਾ ਜਨਮ ਨਹੀਂ ਲੈਂਦਾ।(ਉਹ ਮੋਕਸ਼ ਨੂੰ ਪ੍ਰਾਪਤ ਹੋ ਜਾਂਦਾ ਹੈ। ਹੇ ਭਾਈ! ਇਸ ਲਈ ਪਰਮਾਤਮਾ ਦਾ ਸਦਾ ਨਾਮ ਸਿਮਰਦੇ ਰਹੋ।)॥

**ਭਾਵ ਅਰਥ** : ਸਿਮਰਨ ਹੀ ਮੁਕਤੀ ਦਾ ਦੁਆਰ ਹੈ।

## ਰਾਗੁ ਸਾਰੰਗ -131

***ਹਰਿ ਸੁਮਿਰੇ ਸੋਈ ਸੰਤ ਬਿਚਾਰੋ।***
***ਅਵਰੁ ਜਨਮ ਬੇਕਾਮ ਰਾਮ ਬਿਨ, ਕੋਟਿ ਜਨਮ ਸੌ ਉਪਰਿ ਬਾਰੌਂ॥ ਟੇਕ॥***
***ਹਰਿ ਪਦ ਵਿਮੁਖ ਕੁਟਿਲ ਮਾਇਆਰਤ, ਰਾਮ ਚਰਣ ਚਿਤਹੁ ਨ ਸਾਨੈ।***
***ਜਿਨ ਮਨ ਮਾਨੁ ਹਉਮੈਂ ਬਸਹਿ, ਤਿਹ ਜਨ ਸੰਤ ਕਹੌ ਕਿਮ ਮਾਨੈ॥ ੧॥***
***ਕਪਟ ਡੰਭ ਪਰ ਨਿੰਦਾ ਬੂੜੌ, ਸੰਤ ਜਨਮ ਭੌ ਕਿਲਵਿਖ ਕਾਰੌਂ।***
***ਜਿਉਂ ਬਰਿਆਂ ਰੁਤ ਬੂੰਦ ਉਦਧਿ ਮਹਿੰ ਆਈ, ਮਿਲੈ ਸੋਈ ਜਲ ਖਾਰੌਂ॥ ੨॥***
***ਤਾ ਪਰਸੰਗਿ ਸੀਪ ਸਵਾਤਿ ਨਛੱਤਰ, ਮੋਤੀ ਨਿਪਜਤ ਨੀਰ ਤੈ ਨਿਆਰੌਂ।***
***ਕਹਿ ਰਵਿਦਾਸ ਮੋਹ ਮਦ ਤਿਆਗੋ, ਰਾਮ ਚਰਣ ਮਨ ਸੰਤ ਬਿਚਾਰੌਂ॥ ੩॥***

**ਸ਼ਬਦ ਅਰਥ** : **ਬਿਚਾਰੋ**-ਵਿਚਾਰ ਕਰਨਾ, ਮੰਨਣਾ। **ਅਵਰੁ**-ਦੂਸਰਾ। **ਬੇਕਾਮ**-ਨਿਕੰਮਾ, ਬੇਕਾਰ, ਨਿਰਾਰਥਕ। **ਕੋਟਿ**-ਕਰੋੜ। **ਬਾਰੌਂ**-ਨਿਛਾਵਰ ਕਰਨਾ। **ਹਰਿ ਪਦ**-ਪ੍ਰਭੂ ਦੇ ਚਰਨ-ਕੰਵਲ। **ਵਿਮੁਖ**-ਦੂਜੇ ਪਾਸੇ ਹੈ ਜਿਸ ਦਾ ਮੁੱਖ, ਮਨਮੁੱਖ। **ਕੁਟਿਲ**-ਕਪਟੀ। **ਮਾਇਆਰਤ**-ਮਾਇਆ ਦੀ ਤ੍ਰਿਸ਼ਨਾ ਵਿੱਚ ਰੱਤਿਆ ਹੋਇਆ। **ਸਾਨੈ**-ਅਨੁਰਾਗੀ ਹੋਣਾ, ਜੁੜਨਾ, ਲੱਗਣਾ। **ਮਾਨੁ**-ਮਾਣ, ਵਡਿਆਈ, ਹੰਕਾਰ। **ਕਿਮ**-ਕਿਸ ਤਰ੍ਹਾਂ। **ਮਾਨੈ**-ਮੰਨੀਏ॥ ੧॥ **ਕਪਟ**-ਕਪਟੀ। **ਡੰਭ**-ਪਖੰਡ। **ਪਰ ਨਿੰਦਾ**-ਪਰਾਈ ਨਿੰਦਾ। **ਬੂੜੌ**-ਡੁੱਬ ਜਾਣਾ। **ਭੌ**-ਡਰ। **ਕਿਲਵਿਖ**-ਪਾਪ। **ਕਾਰੌਂ**-ਕਰਤਾ। **ਬਰਿਆਂ**-ਵਰਖਾ। **ਉਦਧਿ**-ਸਮੁੰਦਰ। **ਖਾਰੌਂ**-ਖਾਰਾ॥ ੨॥

**ਨਿਪਜਤ**–ਪੈਦਾ ਹੋਣਾ, ਉਤਪੰਨ ਹੋਣਾ। **ਨੀਰ**–ਪਾਣੀ। **ਨਿਆਰੌ**–ਅਨੋਖਾ, ਸੁੱਚਾ। **ਮੋਹ**–ਸਨੇਹ, ਮੁਹੱਬਤ। **ਮਦ**–ਹੰਕਾਰ॥ ੨॥

**ਪਦ ਅਰਥ** : ਹੇ ਭਾਈ! ਜਿਹੜੇ ਜੀਵ ਪਰਮਾਤਮਾ ਦੇ ਨਾਮ–ਸਿਮਰਨ ਵਿੱਚ ਸਦਾ ਲੀਨ ਰਹਿੰਦੇ ਹਨ ਉਨ੍ਹਾਂ ਨੂੰ ਹੀ ਸੱਚਾ ਸੰਤ ਕਿਹਾ ਜਾ ਸਕਦਾ ਹੈ। ਅਜਿਹੇ ਸੰਤਾਂ ਤੋਂ ਕਰੋੜਾਂ ਜਨਮ ਨਿਛਾਵਰ ਕਰ ਦੇਣੇ ਚਾਹੀਦੇ ਹਨ। ਪ੍ਰਭੂ ਦੀ ਭਗਤੀ ਤੋਂ ਬਿਨਾਂ ਜੀਵ ਦੇ ਸਾਰੇ ਜਨਮ ਵਿਅਰਥ ਤੇ ਨਿਰਾਰਥਕ ਹੀ ਮੰਨਣੇ ਚਾਹੀਦੇ ਹਨ॥ ਟੇਕ॥

ਜਿਹੜੇ ਜੀਵ ਪ੍ਰਭੂ ਦੇ ਚਰਨ–ਕੰਵਲਾਂ ਤੋਂ ਬੇਮੁੱਖ ਹੋ ਕੇ (ਭਾਵ ਪ੍ਰਭੂ ਦੇ ਨਾਮ–ਸਿਮਰਨ ਤੋਂ ਬੇਮੁੱਖ ਹੋ ਕੇ) ਕਪਟੀ ਮਾਇਆ ਦੀ ਤ੍ਰਿਸ਼ਨਾ ਵਿੱਚ ਹਮੇਸ਼ਾ ਡੁੱਬੇ ਰਹਿੰਦੇ ਹਨ, ਜਿਨ੍ਹਾਂ ਦਾ ਮਨ ਪ੍ਰਭੂ ਦੇ ਚਰਨਾਂ ਵਿੱਚ ਨਹੀਂ ਜੁੜਦਾ (ਭਾਵ ਸੁਰਤਿ ਪ੍ਰਭੂ ਦੇ 'ਨਾਮ' ਨਾਲ ਨਹੀਂ ਜੁੜਦੀ) ਤੇ ਜਿਨ੍ਹਾਂ ਦੇ ਮਨ ਅੰਦਰ ਮਾਣ, ਵਡਿਆਈ ਤੇ ਹੰਕਾਰ ਦਾ ਸਦਾ ਵਾਸ ਰਹਿੰਦਾ ਹੈ (ਭਾਵ ਜਿਨ੍ਹਾਂ ਦੇ ਹਿਰਦੇ–ਘਰ ਵਿੱਚ ਕਾਮਾਦਿਕ ਵਿਕਾਰ ਹਮੇਸ਼ਾਂ ਡੇਰਾ ਲਾਈ ਰੱਖਦੇ ਹਨ) ਉਨ੍ਹਾਂ ਜੀਵਾਂ ਨੂੰ ਸੰਤ ਕਿਵੇਂ ਮੰਨਿਆ ਜਾ ਸਕਦਾ ਹੈ? ਭਾਵ ਉਹ ਸੰਤ ਨਹੀਂ ਹਨ॥

2. ਅਜਿਹੇ ਮੂਰਖ਼ ਜੀਵ ਸੰਤਾਂ ਵਾਲੇ ਗੁਣ ਹੋਣ ਤੋਂ ਬਿਨਾਂ ਹੀ ਆਪਣੇ–ਆਪ ਨੂੰ ਸੰਤ ਹੋਣ ਦਾ ਢੋਂਗ ਕਰਦੇ ਹਨ ਤੇ ਕਪਟ, ਪਖੰਡ ਤੇ ਪਰਾਈ ਨਿੰਦਿਆ ਵਿੱਚ ਹੀ ਹਮੇਸ਼ਾ ਡੁੱਬੇ ਰਹਿੰਦੇ ਹਨ। ਇਸ ਤੋਂ ਉਲਟ ਸੱਚੇ ਸੰਤ–ਮਹਾਂਪੁਰਸ਼ ਜੀਵਾਂ ਨੂੰ ਡਰ–ਸਹਿਮ ਤੇ ਪਾਪਾਂ ਤੋਂ ਮੁਕਤ ਕਰਾਉਣ ਲਈ ਹੀ ਸੰਸਾਰ ਵਿੱਚ ਜਨਮ ਲੈਂਦੇ ਹਨ। ਜਿਸ ਤਰ੍ਹਾਂ ਵਰਖਾ ਦੀ ਰੁੱਤ ਵਿੱਚ ਮੀਂਹ ਦੇ ਪਾਣੀ ਦੀ ਬੂੰਦ ਸਮੁੰਦਰ ਦੇ ਖਾਰੇ ਪਾਣੀ ਵਿੱਚ ਡਿੱਗ ਕੇ ਖਾਰੀ ਹੋ ਜਾਂਦੀ ਹੈ, ਉਸੇ ਤਰ੍ਹਾਂ ਢੋਂਗੀ ਅਤੇ ਛਲ–ਕਪਟੀ ਲੋਕਾਂ ਦੀ ਸੰਗਤ ਵਿੱਚ ਰਹਿਣ ਵਾਲਾ ਜੀਵ ਵੀ ਢੋਂਗੀ ਤੇ ਛਲ–ਕਪਟੀ ਬਣ ਜਾਂਦਾ ਹੈ॥

3. ਇਸੇ ਪ੍ਰਸੰਗ ਨੂੰ ਅੱਗੇ ਤੋਰਦੇ ਹੋਏ ਸਤਿਗੁਰੂ ਮਹਾਰਾਜ ਜੀ ਕਹਿੰਦੇ ਹਨ ਕਿ ਜਿਸ ਤਰ੍ਹਾਂ ਸਵਾਂਤੀ ਨਛੱਤਰ ਦੇ ਸਮੇਂ ਵਰਖਾ ਦੀ ਬੂੰਦ ਸਿੱਪੀ ਦੇ ਮੂੰਹ ਵਿੱਚ ਡਿੱਗ ਕੇ ਸੁੱਚਾ ਮੋਤੀ ਬਣ ਜਾਂਦੀ ਹੈ, ਉਸੇ ਤਰ੍ਹਾਂ ਜੀਵ ਵੀ ਪਰਮਾਤਮਾ ਦਾ ਨਾਮ–ਸਿਮਰਨ ਕਰਕੇ ਆਪਣੇ ਮਨੁੱਖਾ–ਜੀਵਨ ਨੂੰ ਸੁਹੇਲਾ ਅਤੇ ਸਾਰਥਿਕ ਬਣਾ ਲੈਂਦਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਸੱਚਾ ਸੰਤ ਉਸ ਜੀਵ ਨੂੰ ਕਹਿੰਦੇ ਹਨ ਜੋ ਮੋਹ ਤੇ ਹੰਕਾਰ ਆਦਿਕ ਵਿਕਾਰਾਂ ਨੂੰ ਤਿਆਗ਼ ਕੇ ਆਪਣੇ ਮਨ ਦੇ ਧਿਆਨ ਨੂੰ ਹਮੇਸ਼ਾ ਪਰਮਾਤਮਾ ਦੇ ਚਰਨ–ਕੰਵਲਾਂ ਵਿੱਚ ਲਾਈ ਰੱਖੇ ਭਾਵ ਸੁਰਤਿ ਨੂੰ ਹਮੇਸ਼ਾ ਪ੍ਰਭੂ ਦੇ ਨਾਮ–ਸਿਰਮਨ ਨਾਲ ਜੋੜੀ ਰੱਖੇ॥

**ਭਾਵ ਅਰਥ** : ਜੋ ਜੀਵ ਪਖੰਡ, ਮੋਹ–ਮਾਇਆ ਤੇ ਹੰਕਾਰ ਨੂੰ ਤਿਆਗ਼ ਕੇ ਪ੍ਰਭੂ ਦੇ ਨਾਮ–ਸਿਮਰਨ ਵਿੱਚ ਰਮ ਜਾਂਦਾ ਹੈ, ਉਹੀ ਸੱਚਾ ਸੰਤ ਕਹਿਲਾਉਂਦਾ ਹੈ।

## ਰਾਗੁ ਜੈਸ੍ਰੀ -132

***ਸਬ ਕੁਛ ਕਰਤ ਨ ਕਹੌ ਕਛੁ ਕੈਸੇ।***
***ਗੁਨ ਨਿਧਿ ਬਹੁਤ ਰਹਤ ਸਮ ਜੈਸੇ॥ ਟੇਕ॥***
***ਦਰਪਨ ਗਗਨ ਅਨੀਲ ਅਲੇਪ ਜਸ।***
***ਗੰਗ ਜਲਧਿ ਪ੍ਰਤਿਬਿੰਬ ਦੇਖਿ ਤਸ॥ ੧॥***
***ਸਬ ਆਰੰਭ ਅਕਾਮ ਅਨੇਹਾ।***
***ਬਿਧੀ ਨਿਖੇਧ ਕਿਓ ਅਨਕੇਹਾ॥ ੨॥***
***ਇਹੇ ਪਦ ਕਹਤ ਸੁਨਤ ਨਹੀਂ ਆਵੈ।***
***ਕਹੈ ਰਵਿਦਾਸ ਸੁਕ੍ਰਿਤਿ ਕੋ ਪਾਵੈ॥ ੩॥***

**ਸ਼ਬਦ ਅਰਥ** : **ਕਰਤ**–ਕਰਨ ਵਾਲਾ, ਕਰਤਾ ਧਰਤਾ। **ਨ ਕਹੌ**–ਨਾ ਕਹਾਂ। **ਕੈਸੇ**–ਕਿਵੇਂ। **ਨਿਧਿ**–ਖ਼ਜ਼ਾਨਾ। **ਸਮ**–ਇਕ ਸਮਾਨ, ਇਕ ਸਾਰ। **ਦਰਪਨ**–ਸ਼ੀਸ਼ਾ। **ਅਨੀਲ**–ਹਵਾ। **ਅਲੇਪ**–ਨਿਰਲੇਪ, ਜਿਸ ਨੂੰ ਛੋਹਿਆ ਨਾ ਜਾਵੇ। **ਜਲਧਿ**–ਪਾਣੀ। **ਪ੍ਰਤਿਬਿੰਬ**–ਪਰਛਾਈ, ਅਕਸ਼॥ ੧॥ **ਆਰੰਭ**–ਸ਼ੁਰੂ, ਆਦਿ। **ਅਕਾਮ**–ਕਾਮਨਾ ਰਹਿਤ, ਜਿਸ 'ਤੇ ਕਾਮ ਦਾ ਅਸਰ ਨਹੀਂ। **ਅਨੇਹਾ**–ਸਨੇਹ ਰਹਿਤ, ਨਿਰਮੋਹੀ, ਮੋਹ ਰਹਿਤ। **ਬਿਧੀ ਨਿਖੇਧ**–ਧਾਰਮਿਕ ਨਿਯਮਾਂ ਅਨੁਸਾਰ ਕਰਨ ਯੋਗ ਜਾਂ ਨਾ ਕਰਨ ਯੋਗ ਕਰਮ। **ਅਨਕੇਹਾ**–ਜਿਸਨੂੰ ਕਿਹਾ ਨਾ ਜਾ ਸਕੇ, ਬਿਆਨ ਤੋਂ ਪਰ੍ਹੇ॥ ੨॥ **ਪਦ**-ਦਰਜਾ, ਰੁਤਬਾ, ਅਵਸਥਾ। **ਕਹਤ ਸੁਨਤ**–ਕਹਿਣ ਤੇ ਸੁਣਨ। **ਸੁਕ੍ਰਿਤਿ**–ਨੇਕ ਕੰਮ ਕਰਨ ਵਾਲਾ, ਭਾਗਾਂ ਵਾਲਾ॥ ੩॥

**ਪਦ ਅਰਥ** : ਹੇ ਪਰਮਾਤਮਾ! ਆਪ ਜੀ ਸ੍ਰਿਸ਼ਟੀ 'ਚ ਸਭ ਕੁਝ ਕਰਨ ਵਾਲੇ ਹੋ, ਸ੍ਰਿਸ਼ਟੀ ਦੇ ਕਰਤਾ–ਧਰਤਾ ਹੋ। ਸੰਸਾਰ ਦਾ ਕੋਈ ਵੀ ਕਾਰਜ ਆਪ ਜੀ ਦੀ ਮੌਜੂਦਗੀ ਤੋਂ ਬਿਨਾਂ ਸੰਪੂਰਨ ਨਹੀਂ ਹੁੰਦਾ, ਪਰ ਆਪ ਜੀ ਕਿਸੇ ਵੀ ਕਾਰਜ ਵਿੱਚ ਹਿੱਸਾ ਨਹੀਂ ਲੈਂਦੇ ਹੋ। ਆਪ ਜੀ ਕਿਰਿਆ ਤੋਂ ਸਦਾ ਨਿਰਲੇਪ ਰਹਿੰਦੇ ਹੋ। ਹੇ ਪਰਮਾਤਮਾ! ਆਪ ਜੀ ਬੇਅੰਤ ਗੁਣਾਂ ਦੇ ਮਾਲਿਕ ਹੋ, ਭੰਡਾਰ ਹੋ। ਫਿਰ ਮੈਂ ਅਜਿਹੇ ਕਰਤਾ–ਧਰਤਾ ਦੇ ਬੇਅੰਤ ਗੁਣਾਂ ਵਿੱਚੋਂ ਕੁਝ ਗੁਣਾਂ ਨੂੰ ਬਿਆਨ ਕਰਨ ਦੀ ਕੋਸ਼ਿਸ਼ ਤਾਂ ਕਰ ਹੀ ਸਕਦਾ ਹਾਂ॥ ਟੇਕ॥

ਹੇ ਪਰਮਾਤਮਾ! ਜਿਸ ਤਰ੍ਹਾਂ ਆਕਾਸ਼ (ਸ਼ਬਦ), ਹਵਾ ਅਤੇ ਦਰਪਣ ਦੇ ਅਕਸ਼/ਪ੍ਰਤੀਬਿੰਬ ਨੂੰ ਛੂਹਿਆ ਨਹੀਂ ਜਾ ਸਕਦਾ ਉਸੇ ਤਰ੍ਹਾਂ ਆਪ ਜੀ ਵੀ ਛੋਹ ਤੋਂ ਪਰ੍ਹੇ ਹੋ, ਅਛੋਹ ਹੋ। [(ਜਿਵੇਂ ਆਕਾਸ਼ ਸਰਬ–ਵਿਆਪਕ ਹੈ, ਹਵਾ ਸਰਵੱਤ ਹੈ ਤੇ ਦਰਪਣ ਨਿਰਲੇਪ ਹੈ ਤਿਵੇਂ ਹੀ ਆਪ ਜੀ ਵੀ ਸਰਬ–ਵਿਆਪਕ, ਸਰਵੱਤ ਤੇ ਨਿਰਲੇਪ ਹੋ। ਜਿਸ ਤਰ੍ਹਾਂ ਦਰਪਣ, ਆਕਾਸ਼ ਤੇ ਹਵਾ ਭੇਦ–ਭਾਵ ਰਹਿਤ ਹੋ ਕੇ ਸਭ ਨਾਲ ਸਮਾਨ ਵਿਵਹਾਰ ਕਰਦੇ ਹਨ ਤੇ ਕਿਸੇ ਦੇ ਪ੍ਰਭਾਵ ਅਧੀਨ ਨਹੀਂ ਆਉਂਦੇ, ਉਸੇ ਤਰ੍ਹਾਂ ਆਪ ਜੀ ਵੀ ਭੇਦ–ਭਾਵ ਰਹਿਤ, ਸਮ–ਦ੍ਰਿਸ਼ਟੀ ਵਾਲੇ ਤੇ ਆਪਣੀ ਰਜ਼ਾ ਦੇ ਖ਼ੁਦ ਮਾਲਿਕ ਹੋ।)] ਜਿਸ ਤਰ੍ਹਾਂ ਗੰਗਾ ਦੇ ਪਾਣੀ ਵਿੱਚ ਕਿਸੇ ਦਾ ਪ੍ਰਤੀਬਿੰਬ ਨਜ਼ਰ ਆਉਂਦਾ ਹੈ ਪਰ ਪ੍ਰਤੀਬਿੰਬ ਬਣਾਉਂਦਿਆਂ ਗੰਗਾ ਖ਼ੁਦ ਉਸ ਪ੍ਰਤੀਬਿੰਬ ਤੋਂ ਨਿਰਲੇਪ ਰਹਿੰਦੀ ਹੈ। ਹੇ ਪ੍ਰਭੂ! ਬਿਲਕੁਲ ਇਸੇ ਤਰ੍ਹਾਂ ਦੀ ਪ੍ਰਵਿਰਤੀ ਆਪ ਜੀ ਦੀ ਹੈ। ਆਪ ਜੀ ਸੰਸਾਰ ਦੇ ਕਣ–ਕਣ ਵਿੱਚ ਮੌਜੂਦ

ਹੋਣ ਦੇ ਬਾਵਜੂਦ ਵੀ ਸੰਸਾਰ ਤੋਂ ਨਿਰਲੇਪ ਹੋ॥

2. ਹੇ ਪਰਮਾਤਮਾ! ਆਪ ਜੀ ਜਗਤ ਦੇ ਸ਼ੁਰੂ ਤੋਂ ਹੀ ਕਾਮਨਾ ਰਹਿਤ ਤੇ ਮੋਹ ਰਹਿਤ ਹੋ। ਆਪ ਜੀ ਦੇ ਸਰੂਪ ਨੂੰ ਵਰਜਿਤ ਵਿਧੀ ਰਾਹੀਂ ਜਾਂ ਨਾ ਵਰਜਿਤ ਵਿਧੀ ਰਾਹੀਂ ਭਾਵ ਕਿਸੇ ਵੀ ਵਿਧੀ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ। ਆਪ ਜੀ ਬਿਆਨ ਤੋਂ ਪਰ੍ਹੇ ਹੋ, ਅਕਥਨੀਯ ਹੋ॥

3. ਹੇ ਭਾਈ! ਪਰਮਾਤਮਾ ਦੇ ਗੁਣਾਂ ਨੂੰ ਬਿਆਨ ਕਰਨ ਦੀ ਅਵਸਥਾ ਕਿਸੇ ਦੇ ਕਹਿਣ-ਸੁਣਨ 'ਤੇ ਨਹੀਂ ਮਿਲਦੀ। ਇਹ ਅਵਸਥਾ ਤਾਂ ਪਰਮਾਤਮਾ ਦੀ ਰਹਿਮਤ ਸਦਕਾ ਹੀ ਪ੍ਰਾਪਤ ਹੁੰਦੀ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਇਹ ਅਵਸਥਾ ਤਾਂ ਚੰਗੇ ਕਰਮ ਕਰਨ ਵਾਲਾ ਕੋਈ ਸੁਭਾਗਾ ਜੀਵ ਹੀ ਪ੍ਰਾਪਤ ਕਰਦਾ ਹੈ॥

**ਭਾਵ ਅਰਥ** : ਪ੍ਰਭੂ ਸ੍ਰਿਸ਼ਟੀ ਵਿੱਚ ਵਿਆਪਕ ਹੋ ਕੇ ਵੀ ਸ੍ਰਿਸ਼ਟੀ ਤੋਂ ਨਿਰਲੇਪ ਹੈ। ਉਸ ਦੀ ਪ੍ਰਾਪਤੀ ਉਸ ਦੀ ਮਿਹਰ ਤੇ ਕਿਰਪਾ-ਦ੍ਰਿਸ਼ਟੀ ਸਦਕਾ ਹੀ ਹੋ ਸਕਦੀ ਹੈ।

## ਰਾਗੁ ਕਾਨੜਾ (ਦੋਪਾਦ) -133

***ਜਾਕੈ ਰਾਮ ਜੀ ਧਨੀ, ਤਾਕੈ ਕਾਹਿ ਕੀ ਕਮੀ ਹੈ।***
***ਮਨਸਾ ਕੋ ਨਾਥ ਮਨੋਰਥ ਪੁਰਬੈ, ਸੁਖ ਨਿਧਾਨ ਕੀ ਕਾਹਾ ਗਨੀ ਹੈ॥ ਟੇਕ॥***
***ਕਵਨ ਕਾਜ ਕਿਰਪਨ ਕੀ ਮਾਇਆ, ਕਰਤ ਫਿਰਤ ਅਪਨੀ ਅਪਨੀ ਹੈ।***
***ਖਾਈ ਨ ਸਕੈ ਖਰਚ ਨਹਿ ਜਾਵੈ, ਜਿਉਂ ਭੁਅੰਗ ਸਿਰ ਰਹਤ ਮਨੀ ਹੈ॥ ੧॥***
***ਜਾਕੀ ਰਾਸਿ ਥਾਵਰ ਨਹਿ ਆਵੈ, ਰਾਹਾ ਕੇਤ ਕੀ ਮੁਚਤ ਅਨੀ ਹੈ।***
***ਰਖਵਾਰੇ ਕੋ ਚਕ੍ਰ ਸੁਦਰਸ਼ਨ, ਬਿਘਨ ਨ ਬਿਆਪੈ ਰੋਕ ਛਿਨੀ ਹੈ॥ ੨॥***
***ਸਿਵ ਸਨਕਾਦਿਕ ਪਾਰ ਨ ਪਾਵੈ, ਮੈਂ ਬਪੁਰੈ ਕੀ ਕੌਨ ਗਿਨੀ ਹੈ।***
***ਜਾਕੀ ਪ੍ਰੀਤਿ ਨਿਰੰਤਰਿ ਹਰਿ ਸੋ, ਕਹੈ ਰਵਿਦਾਸ ਤਾਕੀ ਸਦਾ ਬਨੀ ਹੈ॥ ੩॥***

**ਸ਼ਬਦ ਅਰਥ** : **ਕਾਹਿ ਕੀ**-ਕਿਸੇ ਚੀਜ਼ ਦੀ। **ਮਨਸਾ**-ਮਨ ਦੀ ਇੱਛਾ। **ਨਾਥ**-ਸ੍ਰਿਸ਼ਟੀ ਦੇ ਮਾਲਿਕ ਪ੍ਰਭੂ। **ਮਨੋਰਥ**-ਇੱਛਾ, ਚਾਹ, ਅਭਿਲਾਸ਼ਾ। **ਪੁਰਬੈ**-ਪੂਰੀ ਕਰਨੀ, ਪੂਰਣ ਕਰਨਾ। **ਨਿਧਾਨ**-ਖ਼ਜ਼ਾਨਾ। **ਗਨੀ**-ਗਿਣਤੀ॥ ਟੇਕ॥ **ਕਵਨ ਕਾਜ**-ਕਿਸ ਕੰਮ ਦੀ। **ਕਿਰਪਨ**-ਕੰਜੂਸ। **ਭੁਅੰਗ**-ਸਰਪ॥ ੧॥ **ਰਾਸਿ**-ਰਾਸ਼ੀ, ਧਨ ਦੌਲਤ। **ਥਾਵਰ**-ਸਥਿਰ। **ਰਾਹਾ**-ਰਸਤੇ ਵਿੱਚ। **ਕੇਤ**-ਕਿਤਨੇ ਹੀ। **ਮੁਚਤ**-ਖੋਹ ਲੈਣਾ, ਲੁੱਟਣਾ। **ਅਨੀ**-ਸਮੂਹ, ਦਲ, ਕਈ ਲੋਕ, ਗ੍ਰੋਹ। **ਰਖਵਾਰੇ**-ਰੱਖਿਆ ਕਰਨ ਵਾਲਾ, ਰਾਖ਼ਾ। **ਚਕ੍ਰ ਸੁਦਰਸ਼ਨ**-ਪਰਮਾਤਮਾ ਨੂੰ ਸੰਬੋਧਿਤ ਇਕ ਨਾਮ। **ਬਿਘਨ**-ਰੁਕਾਵਟ। **ਬਿਆਪੈ**-ਘਟਣਾ, ਜ਼ੋਰ ਪਾਉਣਾ। **ਰੋਕ**-ਰੋਕ ਲੱਗਣਾ, ਰੁਕਾਵਟ। **ਛਿਨੀ**-ਪਲ ਭਰ ਲਈ॥ ੨॥ **ਸਨਕਾਦਿਕ**-(ਦੇਖੋ ਸ਼ਬਦ-ਅਰਥ ਸ਼ਬਦ ਨੰ: 97 ਦੇ) **ਪਾਰ ਨ ਪਾਵੈ**-ਅੰਤ ਨਾ ਪਾ ਸਕੇ। **ਬਪੁਰੈ**-ਨਿਮਾਣਾ। **ਕੌਨ**-ਕਿਹੜੀ। **ਗਿਨੀ**-ਗਿਣਤੀ। **ਨਿਰੰਤਰਿ**-ਲਗਾਤਾਰ, ਅਤੁੱਟ॥ ੩॥

**ਪਦ ਅਰਥ** : ਉਹ ਪਰਮਾਤਮਾ ਜਿਸ ਜੀਵ ਦਾ ਧਨੀ, ਸ਼ਾਹੂਕਾਰ ਤੇ ਰਖਵਾਲਾ ਬਣ ਜਾਂਦਾ ਹੈ, ਫਿਰ ਉਸ ਜੀਵ ਨੂੰ ਕਿਸੇ ਚੀਜ਼ ਦੀ ਕੋਈ ਕਮੀ ਨਹੀਂ ਰਹਿੰਦੀ। ਉਹ ਸ੍ਰਿਸ਼ਟੀ ਦਾ ਮਾਲਿਕ-ਪ੍ਰਭੂ ਜੀਵ ਦੇ ਮਨ ਦੀਆਂ ਸਭ ਇੱਛਾਵਾਂ ਤੇ ਮੁਰਾਦਾਂ

ਪੂਰੀਆਂ ਕਰਦਾ ਹੈ। ਇਨ੍ਹਾਂ ਇੱਛਾਵਾਂ ਤੇ ਮੁਰਾਦਾਂ ਨੂੰ ਪੂਰੀਆਂ ਕਰਨ ਲਈ ਪਰਮਾਤਮਾ ਕੋਲ ਸੁੱਖਾਂ ਦੇ ਬੇਅੰਤ ਭੰਡਾਰ ਹਨ ਜਿਨ੍ਹਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ ॥ ਟੇਕ ॥

ਹੇ ਭਾਈ! ਕੰਜੂਸ ਆਦਮੀ ਦੀ ਮਾਇਆ ਕਿਸ ਕੰਮ ਦੀ ਹੈ? ਜਿਸ ਮਾਇਆ ਦੇ ਧਨ ਨੂੰ ਉਹ ਦਿਨ-ਰਾਤ ਮੇਰੀ-ਮੇਰੀ ਕਹਿੰਦਾ ਰਹਿੰਦਾ ਹੈ, ਉਸ ਨੂੰ ਨਾ ਤਾਂ ਉਹ ਖਾ ਸਕਦਾ ਹੈ ਤੇ ਨਾ ਹੀ ਖ਼ਰਚ ਸਕਦਾ ਹੈ। ਜਿਸ ਤਰ੍ਹਾਂ ਸੱਪ ਆਪਣੀ ਮਣੀ ਨੂੰ ਸੰਭਾਲ ਕੇ ਰੱਖਦਾ ਹੈ ਪਰ ਉਸ ਨੂੰ ਇਸ ਮਣੀ ਦਾ ਕੋਈ ਲਾਭ ਨਹੀਂ ਹੁੰਦਾ, ਉਸੇ ਤਰ੍ਹਾਂ ਕੰਜੂਸ ਆਦਮੀ ਆਪਣੇ ਧਨ ਦੀ ਸਾਂਭ ਤਾਂ ਕਰਦਾ ਹੈ ਪਰ ਉਸ ਧਨ ਦਾ ਕੰਜੂਸ ਨੂੰ ਕੋਈ ਲਾਭ ਨਹੀਂ ਹੁੰਦਾ॥

2. ਅਜਿਹੇ ਲੋਕਾਂ ਦਾ ਇਹ ਸੰਸਾਰਿਕ ਧਨ ਸਥਿਰ ਰਹਿਣ ਵਾਲਾ ਵੀ ਨਹੀਂ ਹੁੰਦਾ। ਇਹ ਧਨ ਖੁੱਸ ਜਾਣ ਵਾਲਾ ਹੁੰਦਾ ਹੈ। ਇਸ ਨੂੰ ਖੋਹਣ ਲਈ ਲੋਕਾਂ ਦੇ ਕਿੰਨੇ ਹੀ ਗ੍ਰੋਹ ਰਾਹ ਵਿੱਚ ਤਾਕ ਲਾ ਕੇ ਖੜ੍ਹੇ ਰਹਿੰਦੇ ਹਨ। ਇਸ ਤੋਂ ਉਲਟ ਰਾਮ-ਨਾਮ ਦਾ ਧਨ ਪੱਕਾ ਤੇ ਸਥਾਈ ਹੁੰਦਾ ਹੈ ਤੇ ਇਸ ਦੀ ਰੱਖਿਆ ਵੀ ਪਰਮਾਤਮਾ ਖ਼ੁਦ ਕਰਦਾ ਹੈ। ਰਾਮ-ਨਾਮ ਦਾ ਧਨ ਇਕੱਠਾ ਕਰਨ ਵਾਲੇ ਧਨੀ ਦੇ (ਜੀਵਨ-ਸਫ਼ਰ) 'ਚ ਕੋਈ ਰੁਕਾਵਟ ਨਹੀਂ ਪੈਂਦੀ ਕਿਉਂਕਿ ਉਹ ਪਰਮਾਤਮਾ ਐਸੀ ਰੁਕਾਵਟ ਨੂੰ ਪਹਿਲਾਂ ਹੀ ਇਕ ਛਿੰਨ ਵਿੱਚ ਦੂਰ ਕਰ ਦਿੰਦਾ ਹੈ॥

3. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਪ੍ਰਭੂ ਦੀ ਮਹਿਮਾ ਦਾ ਪਾਰਾਵਾਰ ਤਾਂ ਸ਼ਿਵ ਜੀ ਵਰਗੇ ਦੇਵਤਾ ਤੇ ਸਨਕ ਤੇ ਉਸ ਦੇ ਭਰਾਵਾਂ ਵਰਗੇ ਵੱਡੇ-ਵੱਡੇ ਤਪੱਸਵੀ ਵੀ ਨਹੀਂ ਪਾ ਸਕੇ ਤਾਂ ਫਿਰ ਮੇਰੇ ਜਿਹਾ ਨਿਮਾਣਾ ਕਿਹੜੀ ਗਿਣਤੀ ਵਿੱਚ ਆਉਂਦਾ ਹੈ। ਜਿਹੜੇ ਜੀਵ ਪਰਮਾਤਮਾ ਨਾਲ ਲਗਾਤਾਰ ਪ੍ਰੀਤ ਲਾਈ ਰੱਖਦੇ ਹਨ ਕੇਵਲ ਉਨ੍ਹਾਂ ਦੀ ਹੀ ਸੁਰਤਿ ਪਰਮਾਤਮਾ ਨਾਲ ਜੁੜੀ ਰਹਿੰਦੀ ਹੈ ਤੇ ਅਜਿਹੇ ਜੀਵਾਂ ਦੇ ਸਾਰੇ ਕਾਰਜ ਪਰਮਾਤਮਾ ਆਪ ਸੰਵਾਰਦੇ ਹਨ। ਉਹ ਉਨ੍ਹਾਂ ਲਈ ਧਨੀ ਰੂਪ ਹੁੰਦੇ ਹਨ॥

**ਭਾਵ ਅਰਥ** : ਜਿਸ ਜੀਵ ਕੋਲ ਪ੍ਰਭੂ ਦਾ ਨਾਮ-ਧਨ ਹੈ ਉਸ ਨੂੰ ਕਿਸੇ ਚੀਜ਼ ਦੀ ਕੋਈ ਕਮੀ ਨਹੀਂ ਰਹਿੰਦੀ। ਪਰਮਾਤਮਾ ਹਰ ਵਕਤ ਉਸ ਦੀ ਰੱਖਿਆ ਕਰਦਾ ਹੈ ਤੇ ਉਸ ਦੀ ਹਰ ਮੁਰਾਦ ਪੂਰੀ ਕਰਦਾ ਹੈ।

## ਰਾਗੁ ਕਾਨੜਾ (ਦੋਪਾਦ) -134

***ਭਗਤਿ ਨ ਹੋਇ ਰੇ ਨ ਹੋਈ, ਜਬ ਲਗਿ ਤਨ ਸੁਧ ਨ ਹੋਇ॥ ਟੇਕ॥***
***ਭਗਤਿ ਨਹੀਂ ਨਾਂਚੈ ਅਰੁ ਗਾਵੈ, ਭਗਤਿ ਨ ਬਹੁ ਤਪ ਕੀਨ੍ਹਾ।***
***ਭਗਤਿ ਨਹੀਂ ਸਵਾਮੀ ਅਰੁ ਸੇਬਗ, ਜਬ ਲਗਿ ਪਰਮ ਤੱਤ ਨਹੀਂ ਚੀਨ੍ਹਾ॥ ੧॥***
***ਭਗਤਿ ਨ ਗਿਆਨ ਜੋਗ ਬੈਰਾਗੈ, ਭਗਤਿ ਨ ਕਹੈ ਕਹਾਵੈਂ।***
***ਭਗਤਿ ਨ ਸੁਨਿ ਮੰਡਲ ਘਰ ਸੋਧੈ, ਭਗਤਿ ਨ ਕਛੁ ਦਿਖਾਵੈਂ॥ ੨॥***
***ਜਹਾਂ ਜਹਾਂ ਜਾਇ ਤਹਾਂ ਤਹਾਂ ਬੰਧਨ, ਤ੍ਰਿਵਿਧ ਤਾਪ ਨ ਜਾਈ।***

***ਕਹੈ ਰਵਿਦਾਸ ਤਬੈ ਸਚੁ ਪਾਵੈ, ਆਪਾ ਉਲਟਿ ਸਮਾਈ ॥ ੩ ॥***

**<u>ਸ਼ਬਦ ਅਰਥ</u>** : **ਪਰਮ ਤੱਤ**-ਸਭ ਤੋਂ ਵੱਡੀ ਅਸਲੀਅਤ, ਜਗਤ ਦਾ ਮੂਲ ਪ੍ਰਭੂ। **ਚੀਨ੍ਹਾ**-ਪਹਿਚਾਨਣਾ, ਜਾਣ-ਪਛਾਣ ਬਣਾਉਣਾ, ਡੂੰਘੀ ਸਾਂਝ ਪਾਉਣਾ॥ ੧॥

**ਗਿਆਨ**-ਗਿਆਨੀ। **ਜੋਗ**-ਜੋਗੀ। **ਬੈਰਾਗੈ**-ਵੈਰਾਗੀ। **ਕਹਾਵੈਂ**-ਕਹਿਣ ਨਾਲ। **ਸੁਨਿ ਮੰਡਲ ਘਰ**-ਦਸਵੇਂ ਦੁਆਰ ਦਾ ਘਰ, ਨਿਰਵਿਕਲਪ ਅੰਤਹਕਰਣ, ਉਹ ਉੱਚੀ-ਆਤਮਿਕ ਅਵਸਥਾ ਦਾ ਘਰ ਜਿੱਥੇ ਮਾਇਆ ਦਾ ਕੋਈ ਫ਼ੁਰਨਾ ਨਹੀਂ ਉੱਠਦਾ। **ਸੋਧੈ**-ਵਿਚਾਰ ਕਰਕੇ, ਆਸ ਰੱਖ ਕੇ॥ ੨॥ **ਤ੍ਰਿਵਿਧ ਤਾਪ**-ਤਿੰਨ ਤਰ੍ਹਾਂ ਦੇ ਦੁੱਖ। **ਸਚੁ**-ਸਤ, ਸਦਾ-ਥਿਰ ਰਹਿਣ ਵਾਲਾ ਪ੍ਰਭੂ। **ਉਲਟਿ**-ਸੰਸਾਰ ਵੱਲੋਂ ਉਲਟਾ ਕੇ, ਖ਼ਤਮ ਕਰਕੇ। **ਸਮਾਈ**-ਸਮਾਉਣਾ, ਲੀਨ ਹੋਣਾ॥ ੩॥

**<u>ਪਦ ਅਰਥ</u>** : ਹੇ ਭਾਈ! ਜਦੋਂ ਤੱਕ ਜੀਵ ਦਾ ਮਨ ਤੇ ਤਨ ਸ਼ੁੱਧ ਨਹੀਂ ਹੋਣਗੇ ਉਦੋਂ ਤੱਕ ਉਸ ਤੋਂ ਪਰਮਾਤਮਾ ਦੀ ਸੱਚੀ ਭਗਤੀ ਨਹੀਂ ਹੋ ਸਕੇਗੀ। ਜਦੋਂ ਤੱਕ ਮਨ ਤੇ ਤਨ ਮੋਹ-ਮਾਇਆ ਤੇ ਵਿਸ਼ੇ-ਵਿਕਾਰਾਂ ਦੇ ਭਰਮ-ਜਾਲ ਵਿੱਚ ਫਸੇ ਰਹਿਣਗੇ ਉਦੋਂ ਤੱਕ ਇਹ ਸ਼ੁੱਧ ਨਹੀਂ ਹੋ ਸਕਣਗੇ।(ਮਲੀਨ ਤੇ ਵਿਕਾਰਾਂ ਗ੍ਰਸਤ ਜੀਵ ਦੇ ਹਿਰਦੇ ਅੰਦਰ ਪ੍ਰਭੂ ਦੀ ਸੱਚੀ ਭਗਤੀ ਕਦੇ ਉਤਪੰਨ ਹੋ ਹੀ ਨਹੀਂ ਸਕਦੀ।)॥ਟੇਕ॥

ਹੇ ਭਾਈ! ਪਰਮਾਤਮਾ ਦੀ ਭਗਤੀ ਲਈ ਜੀਵ ਭਾਵੇਂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਅੱਗੇ ਨੱਚੇ-ਗਾਵੇ, ਭਾਵੇਂ ਕਈ ਤਰ੍ਹਾਂ ਦੇ ਤਪ ਕਰੇ ਤੇ ਭਾਵੇਂ ਸਵਾਮੀ-ਸੇਵਕ ਵਾਲੀ ਭਗਤੀ ਕਰੇ ਪਰ ਇਨ੍ਹਾਂ ਸਭਨਾਂ ਦਾ ਉਸ ਨੂੰ ਉਦੋਂ ਤੱਕ ਕੋਈ ਲਾਭ ਨਹੀਂ ਹੋਣਾ ਜਦੋਂ ਤੱਕ ਉਹ ਸਭ ਤੋਂ ਵੱਡੀ ਅਸਲੀਅਤ ਭਾਵ ਜਗਤ ਦੇ ਮੂਲ-ਪ੍ਰਭੂ ਨੂੰ ਜਾਣ ਨਹੀਂ ਲੈਂਦਾ ਤੇ ਉਸ ਨਾਲ ਡੂੰਘੀ ਸਾਂਝ ਪਾ ਨਹੀਂ ਲੈਂਦਾ॥

2. ਹੇ ਭਾਈ! ਪਰਮਾਤਮਾ ਦੀ ਸੱਚੀ ਭਗਤੀ ਗਿਆਨੀ, ਜੋਗੀ ਜਾਂ ਵੈਰਾਗ਼ੀ ਬਣਨ ਨਾਲ ਵੀ ਨਹੀਂ ਹੁੰਦੀ ਤੇ ਨਾ ਹੀ ਖ਼ੁਦ ਨੂੰ ਪਰਮਾਤਮਾ ਦਾ ਭਗਤ ਕਹਿਣ ਜਾਂ ਕਹਾਉਣ ਨਾਲ ਹੁੰਦੀ ਹੈ। ਇਹ ਭਗਤੀ ਦਸਵੇਂ-ਦੁਆਰ ਦੇ ਘਰ ਭਾਵ ਉੱਚੀ ਆਤਮਿਕ ਅਵਸਥਾ ਦੇ ਘਰ ਵਿੱਚ ਪਹੁੰਚਣ ਦੀ ਕੇਵਲ ਆਸ ਰੱਖ ਕੇ ਵੀ ਨਹੀਂ ਹੁੰਦੀ ਤੇ ਨਾ ਹੀ ਇਹ ਭਗਤੀ ਰਿਧੀਆਂ-ਸਿਧੀਆਂ ਦੇ ਚਮਤਕਾਰਾਂ ਨੂੰ ਦਿਖਾਉਣ ਨਾਲ ਹੁੰਦੀ ਹੈ॥

3. ਹੇ ਭਾਈ! ਪਰਮਾਤਮਾ ਦੀ ਭਗਤੀ ਲਈ ਜੀਵ ਆਡੰਬਰਾਂ ਵਿੱਚ ਭਟਕਦਾ ਹੋਇਆ ਜਿੱਥੇ-ਜਿੱਥੇ ਵੀ ਜਾਂਦਾ ਹੈ ਤੇ ਜੋ-ਜੋ ਵੀ ਕਰਮ ਕਰਦਾ ਹੈ ਉਹ ਉਲਟਾ ਕਰਮ-ਫਲ ਦੇ ਬੰਧਨਾਂ ਵਿੱਚ ਹੀ ਬੱਝਿਆ ਜਾਂਦਾ ਹੈ, ਜਿਸ ਨਾਲ ਉਹ ਤਿੰਨਾਂ ਤਾਪਾਂ (ਆਧਿ, ਵਿਆਧਿ ਤੇ ਉਪਾਧਿ) ਦੀ ਗ੍ਰਿਫ਼ਤ ਵਿੱਚ ਆ ਜਾਂਦਾ ਹੈ ਅਤੇ ਉਨ੍ਹਾਂ ਤੋਂ ਕਦੇ ਵੀ ਮੁਕਤ ਨਹੀਂ ਹੁੰਦਾ। ਸਤਿਗੁਰੂ ਮਹਾਰਾਜ ਜੀ ਸਮਝਾਉਂਦੇ ਹਨ ਕਿ ਜਦੋਂ ਜੀਵ ਸੰਸਾਰ ਵੱਲੋਂ ਆਪਣਾ ਧਿਆਨ ਹਟਾ ਕੇ ਅੰਤਰਮੁਖੀ ਹੋਇਆ ਪ੍ਰਭੂ ਦੇ ਨਾਮ-ਸਿਮਰਨ ਵਿੱਚ ਲੀਨ ਹੁੰਦਾ ਹੈ, ਤਦੋਂ ਹੀ ਉਸਦੀ ਭਗਤੀ ਸੱਚੀ ਭਗਤੀ ਕਹਿਲਾਉਂਦੀ ਹੈ। ਅਜਿਹੀ ਭਗਤੀ ਹੀ ਸਦਾ-ਥਿਰ ਰਹਿਣ ਵਾਲੇ ਪ੍ਰਭੂ

ਦੀ ਪ੍ਰਾਪਤੀ ਕਰਵਾ ਸਕਦੀ ਹੈ॥

**ਭਾਵ ਅਰਥ** : ਸੱਚੀ ਭਗਤੀ ਬਾਹਰੀ ਆਡੰਬਰਾਂ ਨੂੰ ਤਿਆਗ ਕੇ ਸ਼ੁੱਧ ਮਨ ਨਾਲ ਅੰਤਰ ਧਿਆਨ ਹੋਣ 'ਤੇ ਹੀ ਹੁੰਦੀ ਹੈ।

## ਰਾਗੁ ਕਾਨੜਾ (ਦੋਪਾਦ) -135

***ਰੇ ਪਾਇਓ ਰੇ ਰਾਮ ਅਮੀ ਰਸ॥ ਟੇਕ॥***
***ਰਸ ਜਿਨਿ ਮਗਨ ਹ੍ਵੈ ਰਹਿਆ, ਰਰੰਕਾਰ ਰਾਸੇ ਨਿਤ ਰਸਨਾ।***
***ਇਹੁ ਰਸ ਪੀਬ ਰਾਮ ਰਸ ਬੂੜੌਂ, ਆਪੁ ਮਗਨ ਰਹਿ ਹ੍ਵੈ ਦਿਨ ਰੈਨਾ॥ ੧॥***
***ਲੋਕ ਰਸ ਲਾਗਿ ਵਿਸ਼ੈ ਬਿਸ਼ ਦੇਹੀ, ਭਣੌਂ ਰਾਮ ਭੌਜਲ ਨਹੀਂ ਬਹਨਾ।***
***ਅਭਿਅੰਤਰ ਭਜੌ ਨਿਜ ਅਵਿਗਤ, ਇਹ ਉਪਾਇ ਅਤਿਰ ਭੌ ਤਰਨਾ॥ ੨॥***
***ਚਿੰਤਾਮਣਿ ਲਾਲ ਹਾਥੈ ਜੈ ਚੜਿਓ, ਹੁਵੈ ਉਜਾਸ ਤਿਮਿਰ ਨਹੀਂ ਰਹਨਾ।***
***ਭਜੈ ਰਵਿਦਾਸ ਰਾਮ ਨਿਤ ਰਸਨਾ, ਦੁਲਭ ਜਨਮ ਬਿਰਥ ਨਹੀਂ ਗਵਨਾ॥੩॥***

**ਸ਼ਬਦ ਅਰਥ** : ਰੇ-ਹੇ ਭਾਈ। **ਅਮੀ ਰਸ**-ਆਤਮਿਕ ਜੀਵਨ ਦੇਣ ਵਾਲਾ ਨਾਮ-ਰਸ। **ਮਗਨ**-ਮਸਤ, ਮਤਵਾਲਾ ਹੋਣਾ। **ਰਰੰਕਾਰ**-ਰੰਗ ਰੂਪ ਤੋਂ ਰਹਿਤ। **ਰਾਸੇ**-ਸ਼ਬਦ ਕਰਨਾ, ਉਚਾਰਨ ਕਰਨਾ, ਧੁਨੀ ਕਰਨਾ। **ਨਿਤ**-ਸਦਾ, ਹਮੇਸ਼ਾ। **ਬੂੜੌਂ**-ਵਧਣਾ॥ ੧॥
**ਵਿਸ਼ੈ**-ਵਿਸ਼ੇ ਵਿਕਾਰਾਂ। **ਬਿਸ਼**-ਜ਼ਹਿਰ। **ਭਣੌਂ**-ਭਜਨ ਕਰਨਾ, ਸਿਮਰਨ ਕਰਨਾ। **ਭੌਜਲ**-ਸੰਸਾਰ-ਸਮੁੰਦਰ। **ਬਹਨਾ**-ਰੁੜ੍ਹਨਾ, ਪ੍ਰਵਾਹ ਵਿੱਚ ਵਹਿੰਣਾ। **ਅਭਿਅੰਤਰ**-ਹਿਰਦੇ ਅੰਦਰ, ਅੰਤਹਕਰਣ ਵਿੱਚ, ਅੰਤਰ-ਆਤਮੇ। **ਅਵਿਗਤ**-ਅਬਿਨਾਸ਼ੀ, ਗਤਿ ਤੋਂ ਰਹਿਤ। **ਉਪਾਇ**-ਸਾਧਨ, ਤਰੀਕਾ। **ਅਤਿਰ**-ਜੋ ਤਰਿਆ ਨਾ ਜਾਵੇ। **ਭੌਜਲ**-ਸੰਸਾਰ ਸਮੁੰਦਰ॥ ੨॥
**ਚਿੰਤਾਮਣਿ**-ਮਨ ਇੱਛਿਤ ਫਲ ਦੇਣ ਵਾਲੀ ਮਣੀ। **ਲਾਲ**-ਇਕ ਅਨਮੋਲ ਰਤਨ। **ਹਾਥੈ ਜੈ ਚੜਿਓ**-ਹੱਥਾਂ ਵਿੱਚ ਆ ਗਿਆ। **ਉਜਾਸ**-ਪ੍ਰਕਾਸ਼। **ਤਿਮਿਰ**-ਹਨ੍ਹੇਰਾ, ਅੰਧਕਾਰ। **ਦੁਲਭ**-ਦੁਰਲੱਭ॥ ੩॥

**ਪਦ ਅਰਥ** : ਹੇ ਭਾਈ! ਸਤਿਗੁਰੂ ਦੀ ਕਿਰਪਾ ਨਾਲ ਮੈਨੂੰ ਆਤਮਿਕ ਜੀਵਨ ਦੇਣ ਵਾਲਾ ਪ੍ਰਭੂ ਦਾ ਨਾਮ-ਰਸ ਪ੍ਰਾਪਤ ਹੋ ਗਿਆ ਹੈ॥ ਟੇਕ॥

ਜਿਹੜਾ ਵੀ ਜੀਵ ਆਤਮਿਕ ਜੀਵਨ ਦੇਣ ਵਾਲੇ ਨਾਮ-ਰਸ ਨੂੰ ਪੀਂਦਾ ਹੈ ਉਹ ਇਸ ਦੀ ਖ਼ੁਮਾਰੀ ਵਿੱਚ ਮਸਤ ਹੋਇਆ ਰੂਪ-ਰੰਗ ਤੋਂ ਰਹਿਤ ਪ੍ਰਭੂ ਨੂੰ ਆਪਣੀ ਜੀਭਾ ਨਾਲ ਹਰ ਵੇਲੇ ਸਿਮਰਦਾ ਰਹਿੰਦਾ ਹੈ। ਇਸ ਨਾਮ-ਰਸ ਨੂੰ ਪੀਣ ਨਾਲ ਉਸ ਦੇ ਅੰਦਰ ਪ੍ਰਭੂ-ਪ੍ਰੇਮ ਦਾ ਆਨੰਦ ਹੋਰ ਵਧ ਜਾਂਦਾ ਹੈ ਜਿਸ ਨਾਲ ਉਹ ਦਿਨ-ਰਾਤ ਆਪਣੇ-ਆਪ ਵਿੱਚ ਹੀ ਮਦ-ਮਸਤ ਹੋਇਆ ਰਹਿੰਦਾ ਹੈ॥

2. ਹੇ ਭਾਈ! ਸੰਸਾਰੀ ਜੀਵ ਪਰਮਾਤਮਾ ਨੂੰ ਭੁਲਾ ਕੇ ਦੁਨਿਆਵੀ ਵਿਸ਼ੇ-ਵਿਕਾਰਾਂ ਦੇ ਰਸਾਂ-ਕਸਾਂ ਨਾਲ ਹੀ ਚੁੰਬੜੇ ਰਹਿੰਦੇ ਹਨ ਤੇ ਆਪਣੀ ਦੇਹੀ ਨੂੰ ਵੀ ਬਿੱਸ਼-ਰੂਪ ਬਣਾ ਲੈਂਦੇ ਹਨ ਪਰ ਜਿਹੜੇ ਜੀਵ ਪਰਮਾਤਮਾ ਦਾ ਭਜਨ ਕਰਦੇ ਹਨ ਉਹ ਇਸ ਬਿੱਸ਼-ਰੂਪ ਸੰਸਾਰ-ਸਮੁੰਦਰ ਵਿੱਚ ਨਹੀਂ ਵਹਿੰਦੇ (ਤੇ ਨਾ ਹੀ ਆਪਣੀ ਦੇਹ ਨੂੰ ਬਿੱਸ਼-ਰੂਪ ਬਣਨ ਦਿੰਦੇ ਹਨ)। ਇਸ ਲਈ ਹੇ ਭਾਈ! ਤੂੰ ਵੀ ਉਸ ਅਬਿਨਾਸ਼ੀ ਪਰਮਾਤਮਾ ਦੇ ਨਾਮ ਦਾ ਭਜਨ ਆਪਣੇ ਹਿਰਦੇ ਵਿੱਚ ਹਰ

ਵੇਲੇ ਕਰਦਾ ਰਹਿ। ਇਸ ਨਾ ਤਰੇ ਜਾਣ ਵਾਲੇ ਸੰਸਾਰ-ਸਮੁੰਦਰ ਨੂੰ ਤਰਨ ਦਾ ਇਹੋ ਹੀ ਇੱਕੋ-ਇਕ ਤਰੀਕਾ ਹੈ॥

3. ਜਿਸ ਜੀਵ ਦੇ ਹੱਥ ਮਨ-ਇੱਛਿਤ ਫਲ ਦੇਣ ਵਾਲਾ ਪ੍ਰਭੂ ਦਾ ਨਾਮ-ਰੂਪੀ ਅਨਮੋਲ ਰਤਨ ਲੱਗ ਜਾਂਦਾ ਹੈ ਤਾਂ ਉਸਦੇ ਅੰਤਰ-ਆਤਮੇ ਆਤਮਿਕ ਜੀਵਨ ਦੀ ਸੂਝ ਦਾ ਚਾਨਣ ਆਪਣੇ-ਆਪ ਹੋ ਜਾਂਦਾ ਹੈ ਤੇ ਆਤਮਿਕ ਜੀਵਨ ਵੱਲੋਂ ਬੇਸਮਝੀ ਦਾ ਹਨ੍ਹੇਰਾ ਮਿਟ ਜਾਂਦਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਜੀਵ ਨੂੰ ਆਪਣੀ ਰਸਨਾ ਨਾਲ ਹਮੇਸ਼ਾ ਪ੍ਰਭੂ ਦੇ ਨਾਮ ਦਾ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ ਇਸ ਤਰ੍ਹਾਂ ਕਰਨ ਨਾਲ ਉਸ ਦਾ ਦੁਰਲੱਭ ਮਨੁੱਖਾ-ਜਨਮ ਵਿਅਰਥ ਨਹੀਂ ਜਾਂਦਾ॥

<u>**ਭਾਵ ਅਰਥ**</u> : ਜੀਵ ਪਰਮਾਤਮਾ ਦੇ ਨਾਮ-ਰਸ ਨੂੰ ਪ੍ਰਾਪਤ ਕਰਕੇ ਹੀ ਸੰਸਾਰ-ਸਮੁੰਦਰ ਤੋਂ ਪਾਰ ਲੰਘ ਸਕਦਾ ਹੈ।

## ਰਾਗੁ ਕਾਨੜਾ (ਦੋਪਾਦ) -136

***ਦੇਖਿ ਮੂਰਿਖਤਾ ਯਹੁ ਮਨ ਕੀ।***
***ਰਾਮ ਨਾਮ ਕੋ ਛਾਡਿ ਅਧਾਰੌਂ, ਗਹਿ ਓਟ ਛੁਦ ਤ੍ਰਿਨ ਕੀ॥ ਟੇਕ॥***
***ਅਭਿਅੰਤਰ ਰਾਮੁ ਨਹਿੰ ਜਾਨਿਓ, ਛਾਨਹੁ ਧੂਰਿ ਬਨ ਬਨ ਕੀ।***
***ਜਾ ਦਿਨ ਇਹ ਹੰਸਾ ਉਰਿ ਜਾਇ ਹੈ, ਛੋਰਿ ਠਠਰਿਆ ਤਨ ਕੀ॥ ੧॥***
***ਧਨੁ ਦਾਰਾ ਮਹਿ ਰਹਹੁ ਲਪਟਾਨੋ, ਆਪਹੁ ਨਹਿੰ ਸੁਧਿ ਵਾ ਛਨ ਕੀ।***
***ਜਨ ਰਵਿਦਾਸ ਤਿਆਗੀ ਜਗ ਆਸਾ, ਲਹਹੁ ਓਟ ਹਰਿ ਚਰਨਨ ਕੀ॥ ੨॥***

<u>**ਸ਼ਬਦ ਅਰਥ**</u> : **ਅਧਾਰੌ**-ਆਸਰਾ, ਆਧਾਰ। **ਗਹਿ**-ਖੋਜਣਾ, ਲੱਭਣਾ। **ਛੁਦ**-ਤੁੱਛ। **ਤ੍ਰਿਨ**-ਤਿਨਕਾ। **ਅਭਿਅੰਤਰ**-ਹਿਰਦੇ ਅੰਦਰ, ਅੰਤਹਕਰਣ। **ਛਾਨਹੁ**-ਭਟਕਣਾ, ਛਾਨਣਾ। **ਹੰਸਾ**-ਆਤਮਾ ਰੂਪੀ ਹੰਸ। **ਠਠਰਿਆ**-ਕੋਠੜੀ, ਆਲ੍ਹਣਾ॥ ੧॥
**ਦਾਰਾ**-ਇਸਤਰੀ। **ਲਪਟਾਨੋ**-ਚੁੰਬੜਿਆ ਰਹਿਣਾ। **ਸੁਧਿ**-ਸੋਝੀ। **ਵਾ**-ਉਸ। **ਛਨ**-ਪਲ। **ਲਹਹੁ**-ਲੈਣਾ, ਪ੍ਰਾਪਤ ਕਰਨਾ॥ ੨॥

<u>**ਪਦ ਅਰਥ**</u> : ਹੇ ਭਾਈ! ਤੂੰ ਜੀਵ ਦੇ ਮਨ ਦੀ ਮੂਰਖ਼ਤਾ ਨੂੰ ਦੇਖ। ਇਹ (ਮਾਇਆ-ਮੋਹ ਦੇ ਜੰਜਾਲ ਵਿੱਚ ਫਸ ਕੇ ਕੁਰਾਹੇ ਪਿਆ ਹੋਇਆ) ਉਸ ਸਰਬ-ਸ਼ਕਤੀ ਮਾਨ, ਸਰਬ-ਕਲਾ ਸਮਰੱਥ ਤੇ ਅਬਿਨਾਸ਼ੀ ਪਰਮਾਤਮਾ ਦੇ ਨਾਮ ਦਾ ਆਸਰਾ ਛੱਡ ਕੇ ਸੰਸਾਰ ਦੇ ਤੁੱਛ, ਤਿਨਕਾ-ਮਾਤਰ ਤੇ ਨਾਸ਼ਵੰਤ ਪਦਾਰਥਾਂ ਦਾ ਆਸਰਾ ਹੀ ਲੱਭਦਾ ਰਹਿੰਦਾ ਹੈ॥ ਟੇਕ॥

ਜੀਵ ਆਪਣੇ ਹਿਰਦੇ ਅੰਦਰ ਬਿਰਾਜਮਾਨ ਪ੍ਰਭੂ ਨੂੰ ਜਾਨਣ ਦੀ ਕੋਸ਼ਿਸ਼ ਨਹੀਂ ਕਰਦਾ ਪਰ ਉਸ ਨੂੰ ਲੱਭਣ ਲਈ ਬਾਹਰ ਜੰਗਲਾਂ ਵਿੱਚ ਵਿਅਰਥ ਹੀ ਧੂੜ ਛਾਣਦਾ ਫਿਰਦਾ ਹੈ। ਵਿਅਰਥ ਦੇ ਕਰਮਕਾਂਡਾਂ ਵਿੱਚ ਉੱਲਝਿਆ ਹੋਇਆ ਉਹ ਇਹ ਵੀ ਭੁੱਲ ਜਾਂਦਾ ਹੈ ਕਿ ਅੰਤ ਸਮਾਂ ਆਉਣ 'ਤੇ ਇਕ ਦਿਨ ਆਤਮਾ-ਰੂਪੀ ਹੰਸ ਨੇ ਸਰੀਰ-ਰੂਪੀ ਆਲ੍ਹਣੇ ਨੂੰ ਛੱਡ ਕੇ ਉਡਾਰੀ ਮਾਰ ਜਾਣੀ ਹੈ॥

2. ਮਾਇਆ–ਵੇੜ੍ਹਾ ਜੀਵ ਧਨ, ਦੌਲਤ ਤੇ ਇਸਤਰੀ ਦੇ ਮੋਹ ਨਾਲ ਹੀ ਹਮੇਸ਼ਾ ਚੁੰਬੜਿਆ ਰਹਿੰਦਾ ਹੈ ਤੇ ਉਸ ਪਲ ਦੀ ਸੋਝੀ ਨਹੀਂ ਕਰਦਾ ਜਦੋਂ ਮੌਤ ਆਉਣ 'ਤੇ ਇਹ ਸਭ ਕੁਝ ਏਥੇ ਹੀ ਧਰਿਆ ਦਾ ਧਰਿਆ ਰਹਿ ਜਾਣਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਸਮਝਾਂਦੇ ਹਨ ਕਿ ਹੇ ਜੀਵ! ਤੂੰ ਇਸ ਨਸ਼ਵਰ ਸੰਸਾਰ ਦੀਆਂ ਝੂਠੀਆਂ ਇੱਛਾਵਾਂ ਤੇ ਤ੍ਰਿਸ਼ਨਾਵਾਂ ਨੂੰ ਛੱਡ ਕੇ ਅਬਿਨਾਸ਼ੀ ਪਰਮਾਤਮਾ ਦੇ ਚਰਨ–ਕੰਵਲਾਂ (ਭਾਵ ਪ੍ਰਭੂ ਦੇ ਨਾਮ–ਸਿਮਰਨ) ਦਾ ਸੱਚਾ ਆਸਰਾ ਲੈ ਤਾਂ ਕਿ ਤੇਰਾ ਜੀਵਨ ਸਫ਼ਲ ਹੋ ਜਾਏ॥

**ਭਾਵ ਅਰਥ** : ਜੀਵ ਨੂੰ ਸੰਸਾਰ ਦੇ ਨਾਸ਼ਵੰਤ ਪਦਾਰਥਾਂ ਦਾ ਨਹੀਂ ਸਗੋਂ ਅਬਿਨਾਸ਼ੀ ਪਰਮਾਤਮਾ ਦੇ ਨਾਮ ਦਾ ਸਹਾਰਾ ਲੈਣਾ ਚਾਹੀਦਾ ਹੈ।

# ਆਰਤੀ -137

***ਆਰਤੀ ਕਹਾਂ ਲੈਂ ਕਰਿ ਜੋਵੈ। ਸੇਵਕ ਦਾਸ ਅਚੰਭੋ ਹੋਵੈ॥ ਟੇਕ॥***

***ਬਾਵਨ ਕੰਚਨ ਦੀਪ ਧਰਾਵੈ। ਜੜਿ ਬੈਰਾਗ ਰੇ ਦ੍ਰਿਸਟਿ ਨ ਆਵੈ॥ ੧॥***

***ਕੋਟਿ ਭਾਨੁ ਜਾਕੀ ਸੋਭਾ ਰੋਮੈ। ਕਹਾ ਆਰਤੀ ਅਗਨੀ ਹੋਮੈ॥ ੨॥***

***ਪਾਂਚ ਤਤ ਯਹੁ ਤ੍ਰਿਗੁਨੀ ਮਾਇਆ। ਜੋ ਦੀਸੈ ਸੋ ਸਕਲ ਉਪਾਇਆ॥ ੩॥***

***ਕਹੈ ਰਵਿਦਾਸ ਦੇਖਾ ਹਮ ਮਾਹੀਂ। ਸਕਲ ਜੋਤਿ ਰੋਮ ਸਮਿ ਨਾਹੀਂ॥ ੪॥***

**ਸ਼ਬਦ ਅਰਥ** : **ਕਹਾਂ**–ਕਿੱਥੇ ਤੱਕ। **ਜੋਵੈ**–ਦੇਖਣ। **ਅਚੰਭੋ**–ਹੈਰਾਨ। **ਬਾਵਨ**–ਬਵਿੰਜਾ (52)। **ਕੰਚਨ**–ਸੋਨਾ। **ਜੜਿ**–ਅਚੇਤਨ, ਮੂਰਖ਼। **ਬੈਰਾਗ**–ਉਪਰਾਮਤਾ ਦਾ ਭਾਵ। **ਦ੍ਰਿਸਟਿ**–ਨਜ਼ਰ ਆਉਣਾ, ਦਿਖਾਈ ਦੇਣਾ, ਦਰਸ਼ਨ ਦੇਣਾ॥ ੧॥

**ਕੋਟਿ**–ਕਰੋੜ। **ਭਾਨੁ**–ਸੂਰਜ। **ਸੋਭਾ**-ਸ਼ੋਭਾ। **ਰੋਮੈ**-ਰੋਮ ਬਰਾਬਰ, ਅੰਸ਼ ਮਾਤਰ। **ਹੋਮੈ**-ਹਵਨ ਵਾਲੀ॥ ੨॥ **ਪਾਂਚ ਤਤ**–ਪੰਜ ਤੱਤ: ਧਰਤੀ, ਆਕਾਸ਼, ਹਵਾ, ਪਾਣੀ, ਅਗਨੀ। **ਤ੍ਰਿਗੁਨੀ**–ਤਿੰਨਾਂ ਗੁਣਾਂ ਵਾਲੀ ਮਾਇਆ (ਤਿੰਨ ਗੁਣ ਹਨ: ਸਤ, ਰਜ, ਤਮ। ਦੇਖੋ : ਸ਼ਬਦ–ਅਰਥ, ਸ਼ਬਦ ਨੰ: 68 ਦੇ))। **ਸਕਲ**–ਸਾਰਾ। **ਉਪਾਇਆ**–ਉਤਪੰਨ ਕੀਤਾ॥ ੩॥

**ਹਮ ਮਾਹੀਂ**–ਆਪਣੇ ਅੰਦਰ। **ਰੋਮ**–ਵਾਲ਼, ਲੂੰ। **ਸਮਿ**–ਬਰਾਬਰ॥ ੪॥

**ਪਦ ਅਰਥ** : ਹੇ ਪ੍ਰਭੂ! ਸੰਸਾਰੀ ਜੀਵਾਂ ਵੱਲੋਂ ਹੋ ਰਹੀ ਆਪ ਜੀ ਦੇ ਨਾਮ ਦੀ ਆਡੰਬਰੀ ਤੇ ਪਾਖੰਡੀ ਆਰਤੀ ਨੂੰ ਮੈਂ ਕਦੋਂ ਤੱਕ ਦੇਖਦਾ ਰਹਾਂਗਾ? ਮੈਂ ਆਪ ਜੀ ਦਾ ਸੇਵਕ ਤੇ ਦਾਸ ਇਹੋ ਜਿਹੀ ਆਰਤੀ ਨੂੰ ਦੇਖ ਕੇ ਹੈਰਾਨ ਹੋ ਰਿਹਾ ਹਾਂ, ਅਚੰਭਿਤ ਹੋ ਰਿਹਾ ਹਾਂ॥ ਟੇਕ॥

ਹੇ ਪ੍ਰਭੂ! ਪਾਖੰਡੀ ਲੋਕ ਆਪ ਜੀ ਦੇ ਦਰਸ਼ਨਾਂ ਦੀ ਅਭਿਲਾਸ਼ਾ ਵਿੱਚ ਬਵਿੰਜਾ ਸੋਨੇ ਦੇ ਦੀਵੇ ਧਰ ਕੇ ਆਪ ਜੀ ਦੀ ਆਰਤੀ ਉਤਾਰਦੇ ਹਨ ਪਰ ਉਹ ਮੂਰਖ਼ ਲੋਕ ਇਹ ਨਹੀਂ ਜਾਣਦੇ ਕਿ ਸੱਚੀ ਉਪਰਾਮਤਾ ਤੋਂ ਬਿਨਾਂ ਪ੍ਰਭੂ ਦਿਖਾਈ ਨਹੀਂ ਦਿੰਦਾ, ਉਸ ਦੇ ਦਰਸ਼ਨ–ਦੀਦਾਰੇ ਨਹੀਂ ਹੁੰਦੇ॥

2. ਹੇ ਭਾਈ! ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਵੀ ਪਰਮਾਤਮਾ ਦੀ ਸ਼ੋਭਾ ਦੇ ਇਕ ਰੋਮ ਬਰਾਬਰ ਨਹੀਂ ਹੈ, ਇਕ ਅੰਸ਼ ਮਾਤਰ ਨਹੀਂ ਹੈ ਤਾਂ ਫਿਰ ਪਾਖੰਡੀ ਲੋਕਾਂ ਦੀ

ਅਗਨੀ ਨਾਲ ਹਵਨ ਕਰਨ ਵਾਲੀ ਅਜਿਹੀ ਆਰਤੀ ਤਾਂ ਕੁਝ ਵੀ ਨਹੀਂ ਹੈ ਭਾਵ ਇਹ ਆਰਤੀ ਵਿਅਰਥ ਹੈ॥

3. ਇਸ ਸ੍ਰਿਸ਼ਟੀ ਦੀ ਰਚਨਾ ਪੰਜ ਤੱਤਾਂ- ਧਰਤੀ, ਹਵਾ, ਪਾਣੀ, ਅਗਨੀ ਤੇ ਆਕਾਸ਼ ਨਾਲ ਹੋਈ ਹੈ। ਮਾਇਆ ਤਿੰਨ ਗੁਣਾਂ ਸਤੋ-ਰਜੋ-ਤਮੋ ਨਾਲ ਭਰਪੂਰ ਹੈ। ਇਸ ਸ੍ਰਿਸ਼ਟੀ ਵਿੱਚ ਜੋ ਕੁਝ ਵੀ ਦਿਖਾਈ ਦੇ ਰਿਹਾ ਹੈ ਉਹ ਸਾਰਾ ਪ੍ਰਭੂ ਨੇ ਪੰਜ ਤੱਤਾਂ ਤੇ ਮਾਇਆ ਦੇ ਤਿੰਨੋਂ ਗੁਣਾਂ ਤੋਂ ਹੀ ਪੈਦਾ ਕੀਤਾ ਹੋਇਆ ਹੈ॥

4. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਮੈਂ ਨਾਮ-ਸਿਮਰਨ ਦੀ ਬਰਕਤਿ ਨਾਲ ਜੋਤਿ-ਸਰੂਪ ਪ੍ਰਭੂ ਜੀ ਨੂੰ ਆਪਣੇ ਅੰਦਰ ਹੀ ਦੇਖ ਲਿਆ ਹੈ। ਸ੍ਰਿਸ਼ਟੀ ਦੇ ਸਾਰੇ ਪ੍ਰਕਾਸ਼ ਮਿਲ ਕੇ ਵੀ ਪ੍ਰਭੂ ਦੀ ਜੋਤਿ ਦੇ ਇਕ ਰੋਮ ਬਰਾਬਰ ਨਹੀਂ ਹਨ॥

**ਭਾਵ ਅਰਥ** : ਪਰਮਾਤਮਾ ਦੀ ਸੱਚੀ ਆਰਤੀ ਅਗਨੀ ਆਦਿਕ ਪਦਾਰਥਾਂ ਨਾਲ ਨਹੀਂ ਸਗੋਂ ਪਵਿੱਤਰ ਮਨ ਨਾਲ ਹੁੰਦੀ ਹੈ।

# ਆਰਤੀ -138

***ਸੰਤ ਉਤਾਰੈ ਆਰਤੀ ਦੇਵ ਸਿਰੋਮਨੀਏ।***
***ਉਰ ਅੰਤਰਿ ਤਹਾਂ ਪੈਸਿ ਬਿਨ ਰਸਨਾ ਭਨੀਏ॥ ਟੇਕ॥***
***ਮਨਸਾ ਮੰਦਿਰ ਮਾਹਿੰ ਧੂਪ ਧੁਪਈਏ।***
***ਪ੍ਰੇਮ ਪ੍ਰੀਤਿ ਕੀ ਮਾਲ ਰਾਮ ਚੜ੍ਹਈਏ॥ ੧॥***
***ਚਹੁੰ ਦਿਸਿ ਦਿਬਲਾ ਬਾਲਿ ਜਗਿਮਗਿ ਹੈ ਰਹਿਓ ਰੇ।***
***ਜੋਤਿ ਜੋਤਿ ਸਮ ਜੋਤਿ ਜੋਤਿਹਿ ਮਿਲਿ ਰਹਿਓ ਰੇ॥ ੨॥***
***ਤਨ ਮਨ ਆਤਮ ਬਾਰਿ ਸਦਾ ਹਰਿ ਗਾਈਏ।***
***ਭਨਤ ਜਨ ਰਵਿਦਾਸ ਤੁਮ ਸਰਨਾ ਆਈਏ॥ ੩॥***

**ਸ਼ਬਦ ਅਰਥ** : **ਦੇਵ ਸਿਰੋਮਨੀਏ**-ਦੇਵਾਂ ਦੇ ਸ੍ਰੇਸ਼ਟ ਦੇਵ ਪਰਮੇਸ਼ਰ। **ਉਰ**-ਹਿਰਦੇ। **ਪੈਸਿ**-ਦਾਖਲ ਹੋ ਕੇ, ਉਤਰ ਕੇ। **ਰਸਨਾ**-ਜੀਭ। **ਭਨੀਏ**-ਭਜਨ ਕਰਨਾ, ਸਿਮਰਨ ਕਰਨਾ। **ਮਨਸਾ ਮੰਦਿਰ**-ਮਨ ਰੂਪੀ ਮੰਦਰ। **ਧੁਪਈਏ**-ਧਖਾਉਂਦੇ। **ਚੜ੍ਹਈਏ**-ਅਰਪਣ ਕਰਨਾ॥ ੧॥ **ਚਹੁੰ ਦਿਸਿ**-ਚਾਰੇ ਦਿਸ਼ਾਵਾਂ। **ਦਿਬਲਾ**-ਦੀਵਾ। **ਜਗਿਮਗਿ**-ਜਗਮਗਾਉਣਾ। **ਜੋਤਿ**-ਆਤਮਾ ਰੂਪੀ ਜੋਤਿ। **ਸਮਜੋਤਿ**-ਇਕ ਸਮਾਨ ਜੋਤਿ, ਇੱਕੋ ਜਿਹੀ ਜੋਤਿ। **ਜੋਤਿਹਿ**-ਪਰਮ ਜੋਤਿ ਵਿੱਚ॥ ੨॥ **ਬਾਰਿ**-ਵਾਰ ਕੇ, ਅਰਪਣ ਕਰਕੇ। **ਗਾਈਏ**-ਗਾਉਣਾ। **ਜਨ**-ਸੇਵਕ, ਦਾਸ॥ ੩॥

**ਪਦ ਅਰਥ** : ਹੇ ਦੇਵਾਂ ਦੇ ਦੇਵ ਪਰਮ ਪਿਤਾ ਪਰਮੇਸ਼ਰ! ਹੇ ਪ੍ਰਭੂ ਸ਼ਿਰੋਮਣੀ! ਸੰਤ-ਜਨ ਆਪ ਜੀ ਦੀ ਆਰਤੀ ਉਤਾਰਦੇ ਹਨ। ਇਸ ਆਰਤੀ ਨੂੰ ਉਤਾਰਨ ਲਈ ਉਨ੍ਹਾਂ ਨੂੰ ਪਾਖੰਡੀ ਲੋਕਾਂ ਵਾਂਗ ਬਾਹਰੀ ਆਡੰਬਰ ਨਹੀਂ ਰਚਾਉਂਣੇ ਪੈਂਦੇ। ਉਹ ਆਪਣੇ ਹਿਰਦੇ ਅੰਦਰ ਉਤਰ ਕੇ ਰਸਨਾ ਤੋਂ ਕੋਈ ਵੀ ਸ਼ਬਦ ਉਚਾਰੇ ਬਿਨਾਂ ਹੀ ਆਪ ਜੀ ਦੀ ਆਰਤੀ ਕਰਦੇ ਹਨ ਭਾਵ ਉਹ ਧਿਆਨ ਨੂੰ ਆਪਣੇ

ਅੰਤਰ-ਆਤਮੇਂ ਇਕਾਗਰ ਕਰਕੇ ਪ੍ਰਭੂ ਦੇ ਨਾਮ ਦੀ ਜੋਤਿ ਜਗਾਉਂਦੇ ਹਨ ਤੇ ਅਜਪਾ ਜਾਪ ਕਰਦੇ ਹਨ, ਮਾਨਸਿਕ ਸਿਮਰਨ ਕਰਦੇ ਹਨ॥ ਟੇਕ॥

ਉਹ ਸੰਤ-ਜਨ ਆਪਣੇ ਮਨ-ਮੰਦਰ ਵਿੱਚ ਆਰਤੀ ਕਰਦੇ ਹੋਏ ਭਾਵਾਂ ਦੇ ਧੂਫ਼ ਧੁਖਾਉਂਦੇ ਹਨ ਅਤੇ ਪ੍ਰਭੂ ਨੂੰ ਪ੍ਰੇਮ-ਪ੍ਰੀਤ ਦੀ ਪਵਿੱਤਰ ਮਾਲਾ ਅਰਪਨ ਕਰਦੇ ਹਨ॥

2. ਹੇ ਭਾਈ! ਆਰਤੀ ਵਜੋਂ ਸੰਤ-ਜਨ ਚਾਰੇ ਦਿਸ਼ਾਵਾਂ ਵਿੱਚ ਭਾਵ ਸਾਰੇ ਸੰਸਾਰ ਵਿੱਚ ਪ੍ਰਭੂ ਦਾ ਨਾਮ-ਰੂਪੀ ਦੀਵਾ ਜਗਾਉਂਦੇ ਹਨ ਜਿਸ ਦੀ ਬਰਕਤਿ ਨਾਲ ਸਾਰਾ ਸੰਸਾਰ ਜਗਮਗਾ ਉੱਠਦਾ ਹੈ। ਹੇ ਭਾਈ! ਪ੍ਰਭੂ ਦੀ ਜੋਤਿ ਸਭ ਜੀਵਾਂ ਅੰਦਰ ਇਕ ਸਮਾਨ ਰੂਪ ਵਿੱਚ ਰਮ ਰਹੀ ਹੈ। ਇਸ ਤਰ੍ਹਾਂ ਹਰ ਜੋਤਿ ਸਮਜੋਤਿ ਹੈ, ਇੱਕੋ ਜਿਹੀ ਜੋਤਿ ਹੈ (ਉੱਚੀ-ਨੀਵੀਂ ਜਾਂ ਮਾੜੀ-ਚੰਗੀ ਆਦਿਕ ਨਹੀਂ)। ਸੰਤ-ਜਨ ਆਪਣੀ ਆਤਮਾ-ਰੂਪੀ ਜੋਤਿ ਨੂੰ (ਭਾਵ ਆਪਣੀ ਜ਼ਿੰਦ ਨੂੰ) ਪ੍ਰਭੂ ਦੀ ਪਰਮ-ਜੋਤਿ ਵਿੱਚ ਮਿਲਾ ਕੇ ਉਸ ਨਾਲ ਹਮੇਸ਼ਾ ਇੱਕਮਿਕ ਹੋਏ ਰਹਿੰਦੇ ਹਨ॥

3. ਸੰਤ-ਜਨ ਆਪਣਾ ਤਨ, ਮਨ ਤੇ ਆਤਮਾ ਪਰਮਜੋਤਿ-ਪਰਮਾਤਮਾ ਤੋਂ ਵਾਰ ਕੇ ਹਮੇਸ਼ਾ ਉਸ ਦੇ ਗੁਣ ਗਾਉਂਦੇ ਰਹਿੰਦੇ ਹਨ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਪਰਮਾਤਮਾ! ਮੈਂ ਆਪ ਜੀ ਦਾ ਦਾਸ ਆਪ ਜੀ ਦੀ ਸ਼ਰਨ ਵਿੱਚ ਆਇਆ ਹਾਂ। ਆਪ ਕ੍ਰਿਪਾ ਕਰਕੇ ਆਪਣਾ ਆਸਰਾ ਦਿਓ ਜੀ॥

**ਭਾਵ ਅਰਥ** : ਸੰਤ-ਜਨ ਪਰਮਾਤਮਾ ਦੀ ਆਰਤੀ ਆਪਣੇ ਮਨ-ਮੰਦਰ ਅੰਦਰ ਪ੍ਰੇਮਾ-ਭਗਤੀ ਦੀ ਜੋਤਿ ਜਲਾ ਕੇ ਤੇ ਪ੍ਰਭੂ ਦੀ ਉਸਤਤਿ ਕਰ ਕੇ ਉਤਾਰਦੇ ਹਨ।

# ਆਰਤੀ -139

***ਗਗਨ ਮੰਡਲ ਮੇਂ ਆਰਤੀ ਕੀਜੈ, ਨਾਦ ਬਿੰਦ ਏਕ ਮੇਕ ਕਰੀਜੈ।***
***ਸੁਸਮਨ ਇੰਦੁ ਅਮ੍ਰਿਤ ਕੁੰਭ ਧਰਾਵੈ, ਮਨਸਾ ਮਾਲਾ ਫੂਲ ਚੜ੍ਹਾਵੈ॥ ੧॥***
***ਘੀਵ ਅਖੰਡਾ ਸੋਹੈ ਬਾਤੀ, ਤ੍ਰਿਕੁਟੀ ਜੋਤ ਜਲੈ ਦਿਨ ਰਾਤੀਂ।***
***ਪਵਨ ਸਾਧਨਾ ਥਾਲ ਸਜੀਜੈ, ਤਾਮੇਂ ਚੌਮੁਖ ਮਨ ਧਰਿ ਲੀਜੈ॥ ੨॥***
***ਰਵਿ ਸਸਿ ਹਾਥ ਗਹੌਂ ਤਿੰਹ ਮਾਹੀਂ, ਖਿਨ ਦਹਿਨੇ ਖਿਨ ਬਾਮੈਂ ਲਾਹੀਂ।***
***ਸਹਸ ਕੰਵਲ ਸਿੰਘਾਸਨ ਰਾਜੈ, ਅਨਹਦ ਝਾਂਜਰ ਨਿਤ ਹੀ ਬਾਜੈ॥ ੩॥***
***ਇਹੰ ਬਿਧ ਆਰਤੀ ਸਾਂਚੀ ਸੇਵਾ, ਪਰਮ ਪੁਰਿਖ ਅਲਖ ਅਭੇਵਾ।***
***ਕਹੈ ਰਵਿਦਾਸ ਗੁਰਦੇਵ ਬਤਾਵੈ, ਐਸੀ ਆਰਤੀ ਪਾਰ ਲੰਘਾਵੈ॥ ੪॥***

**ਸ਼ਬਦ ਅਰਥ** : **ਗਗਨ ਮੰਡਲ**-ਚਿੱਤ-ਆਕਾਸ਼ ਦੀ ਉੱਚੀ ਆਤਮਿਕ ਅਡੋਲ ਅਵਸਥਾ ਜਿੱਥੇ ਜੀਵ ਦੀ ਸੁਰਤਿ ਉਤਾਂਹ ਤ੍ਰਿਕੁਟੀ 'ਤੇ ਟਿਕੀ ਰਹਿੰਦੀ ਹੈ। **ਨਾਦ ਬਿੰਦ**-ਯੋਗਮਤ ਅਨੁਸਾਰ ਦਸਵੇਂ ਦੁਆਰ ਵਿਖੇ ਨਾਦ (ਧੁਨਿ) ਤੋਂ ਉਤਪੰਨ ਆਖੰਡ ਗੂੰਜ ਨੂੰ ਅਨਹਦ ਨਾਦ ਜਾਂ ਨਾਦ ਬਿੰਦ ਕਿਹਾ ਜਾਂਦਾ ਹੈ। **ਏਕ ਮੇਕ ਕਰੀਜੈ**-ਇੱਕਮਿਕ ਹੋ ਕੇ, ਲੀਨ ਹੋ ਕੇ।

**ਸੁਸਮਨ**-ਸੁਖਮਨਾ ਨਾੜੀ ਜਿੱਥੇ ਜੋਗੀ-ਜਨ ਪ੍ਰਾਣਾਯਾਮ ਕਰਨ ਵੇਲੇ ਸਵਾਸਾਂ ਨੂੰ ਟਿਕਾਉਂਦੇ ਹਨ, ਅਡੋਲਤਾ ਦੀ ਅਵਸਥਾ। **ਇੰਦੁ**-ਚੰਦਰਮਾ ਜੋ ਸ਼ਾਂਤੀ, ਸਥਿਰਤਾ, ਸ਼ੀਤਲਤਾ ਆਦਿਕ ਗੁਣ-ਰੂਪ ਦਾ ਪ੍ਰਤੀਕ ਹੈ। **ਸੁਸਮਨ ਇੰਦ**-ਸੁਖਮਨ ਨਾੜੀ ਦਾ ਅਡੋਲਤਾ ਵਾਲਾ ਗੁਣ-ਰੂਪ ਤੇ ਚੰਦਰਮਾ ਦਾ ਸ਼ਾਂਤ ਤੇ ਸੀਤਲਤਾ ਵਾਲਾ ਗੁਣ-ਰੂਪ (ਭਾਵ ਅਡੋਲਤਾ ਦੀ ਸ਼ਾਂਤਮਈ ਅਵਸਥਾ)। **ਅਮ੍ਰਿਤ**-ਨਾਮ ਰੂਪੀ ਅੰਮ੍ਰਿਤ ਰਸ, ਆਤਮਿਕ ਜੀਵਨ ਦੇਣ ਵਾਲਾ ਨਾਮ ਰਸ। **ਮਨਸਾ ਮਾਲਾ ਫੂਲ**-ਮਨ ਰੂਪੀ ਫੁੱਲਾਂ ਦੀ ਮਾਲਾ। **ਚੜਾਵੈ**-ਚੜ੍ਹਾਉਣਾ, ਅਰਪਨ ਕਰਨਾ॥ ੧॥

**ਘੀਵ**-ਘੀ। **ਅਖੰਡਾ**-ਨਿਰੰਤਰ। **ਸੋਹੈ**-ਸੁੰਦਰ ਲੱਗਦੀ ਹੈ, ਸੋਭਦੀ ਹੈ। **ਬਾਤੀ**-ਬੱਤੀ, ਜੋਤਿ। **ਤ੍ਰਿਕੁਟੀ**-(ਦੇਖੋ: ਸ਼ਬਦ-ਅਰਥ ਸ਼ਬਦ ਨੰ: 53 ਦੇ)। **ਪਵਨ ਸਾਧਨਾ**-ਸਵਾਸਾਂ ਨੂੰ ਰੋਕ ਕੇ ਸਥਿਰ ਕਰਨ ਦੀ ਕਿਰਿਆ, ਅਡੋਲਤਾ ਦਾ ਭਾਵ। **ਸਜੀਜੈ**-ਸਜਾਉਣਾ। **ਚੌਮੁਖ**-ਚਾਰ ਮੂੰਹ ਵਾਲਾ, ਚਾਰੇ ਪਾਸਿਓ। **ਧਰਿ ਲੀਜੈ**-ਧਰਦੇ ਹਨ, ਟਿਕਾਉਂਦੇ ਹਨ॥ ੨॥

**ਰਵਿ**-ਸੂਰਜ। **ਸਸਿ**-ਚੰਦਰਮਾ। **ਗਹੌਂ**-ਪਕੜਨਾ, ਫੜ੍ਹਨਾ, ਅੰਗੀਕਾਰ ਕਰਨਾ। **ਤਿੰਹ**-ਉਨ੍ਹਾਂ ਨੂੰ। **ਮਾਹੀਂ**-ਵਿੱਚ, ਉੱਤੇ। **ਖਿਨ**-ਪਲ। **ਦਹਿਨੇ**-ਸਜੇ। **ਬਾਮੈਂ**-ਖਵੇ। **ਲਾਹੀਂ**-ਲੈ ਜਾਣਾ। **ਸਹਸ ਕੰਵਲ**-ਹਜ਼ਾਰਾਂ ਪੱਤੀਆਂ ਵਾਲਾ ਕੰਵਲ, ਸਹੰਸਦਲ ਕੰਵਲ ਪਰਮਾਤਮਾ ਦਾ ਸਿੰਘਾਸਨ ਮੰਨਿਆ ਜਾਂਦਾ ਹੈ। ਇਹ ਸਿੰਘਾਸਨ ਦਸਵੇਂ-ਦੁਆਰ ਵਿਖੇ ਹੈ ਤੇ ਦਸਵਾਂ-ਦੁਆਰ ਮਨ ਦੇ ਧਿਆਨ ਦੀ ਅਡੋਲ ਅਵਸਥਾ ਵਿੱਚ ਹੈ। **ਰਾਜੈ**-ਰਾਜਾ, ਉਹ ਪਰਮਾਤਮਾ। **ਅਨਹਦ**-ਉਹ ਸ਼ਬਦ ਜੋ ਕਿਸੇ ਆਘਾਤ ਤੋਂ ਪੈਦਾ ਨਹੀਂ ਹੁੰਦਾ ਤੇ ਜੋ ਨਾਮ-ਅਭਿਆਸੀਆਂ ਨੂੰ ਚਿੱਤ ਦੀ ਇਕਾਗਰਤਾ (ਸਮਾਧੀ) ਵਿੱਚ ਅਨੁਭਵ ਹੁੰਦਾ ਹੈ। **ਝਾਂਜਰ**-ਝਨ ਝਨ ਕਰਨ ਵਾਲਾ ਗਹਿਣਾ, ਮੰਜੀਰੇ ਵਰਗਾ ਵਾਜਾ। **ਨਿੱਤ**- ਹਮੇਸ਼ਾ॥ ੩॥

**ਪਰਮ ਪੁਰਿਖ**-ਪਹਿਲਾ ਪੁਰਖ, ਉੱਤਮ ਪੁਰਖ, ਪਾਰਬ੍ਰਹਮ ਪਰਮੇਸ਼ਰ। **ਅਲਖ**-ਜੋ ਦਿਖਾਈ ਨਾ ਦੇਵੇ। **ਅਭੇਵਾ**-ਭੇਦ ਰਹਿਤ॥ ੪॥

**ਪਦ ਅਰਥ** : ਸਤਿਗੁਰੂ ਰਵਿਦਾਸ ਜੀ ਮਹਾਰਾਜ ਉਚਾਰਨ ਕਰਦੇ ਹਨ ਕਿ ਪਰਮਾਤਮਾ ਦੀ ਸੱਚੀ ਆਰਤੀ ਸੁਰਤਿ ਨੂੰ ਚਿੱਤ-ਆਕਾਸ਼ ਦੀ ਉੱਚੀ ਆਤਮਿਕ ਅਡੋਲ ਅਵਸਥਾ ਭਾਵ ਤ੍ਰਿਕੁਟੀ 'ਤੇ ਟਿਕਾ ਕੇ ਤੇ ਉਸ (ਸੁਰਤਿ) ਨੂੰ ਅਨਹਦ ਨਾਦ ਦੀ ਧੁਨਿ ਨਾਲ ਇੱਕਮਿਕ ਕਰ ਕੇ ਉਤਾਰੀ ਜਾਂਦੀ ਹੈ। ਅਡੋਲਤਾ ਦੀ ਇਸ ਸ਼ਾਂਤਮਈ ਅਵਸਥਾ ਵਿਖੇ ਆਤਮਿਕ ਜੀਵਨ ਦੇਣ ਵਾਲੇ ਨਾਮ-ਰਸ ਦਾ ਕੁੰਭ ਭਰਿਆ ਹੋਇਆ ਪਿਆ ਹੈ ਜਿਸ 'ਚੋਂ ਨਾਮ-ਰਸ ਹਮੇਸ਼ਾ ਝਿਰਦਾ ਰਹਿੰਦਾ ਹੈ। (ਭਾਵ ਅਡੋਲਤਾ ਦੀ ਇਸ ਅਵਸਥਾ ਵਿੱਚ ਪ੍ਰਭੂ-ਲੀਨਤਾ ਦੀ ਅਨੰਦਮਈ ਰੌ ਹਮੇਸ਼ਾ ਚਲਦੀ ਰਹਿੰਦੀ ਹੈ ਤੇ ਅਨਹਦ ਨਾਦ ਦੀ ਮਧੁਰ ਧੁਨਿ ਹਮੇਸ਼ਾ ਹੁੰਦੀ ਰਹਿੰਦੀ ਹੈ।) ਇੱਥੇ ਆਰਤੀ ਵਜੋਂ ਪ੍ਰਭੂ ਨੂੰ ਮਨ-ਰੂਪੀ ਫੁੱਲਾਂ ਦੀ ਮਾਲਾ ਅਰਪਨ ਕੀਤੀ ਜਾਂਦੀ ਹੈ॥

2. ਤ੍ਰਿਕੁਟੀ ਦੀ ਇਸ ਅਡੋਲ ਅਵਸਥਾ ਵਿਖੇ ਆਰਤੀ ਲਈ ਪ੍ਰਭੂ ਦੇ ਨਾਮ-ਰੂਪੀ ਅਖੰਡ ਘਿਓ ਨਾਲ ਪ੍ਰਭੂ ਦੇ ਨਾਮ ਦੀ ਜੋਤਿ ਜਗਾਈ ਜਾਂਦੀ ਹੈ ਜੋ ਨਿਰੰਤਰ ਦਿਨ-ਰਾਤ ਜਗਮਗਾਉਂਦੀ ਹੋਈ ਸੋਭਦੀ ਹੈ। ਇੱਥੇ ਸੰਤ-ਜਨ ਪਵਨ ਸਾਧਨਾ-ਰੂਪੀ ਥਾਲ ਸਜਾਉਂਦੇ ਹਨ ਤੇ ਉਸ 'ਚ (ਚੌਮੁਖੀਆ ਮਨ)-ਰੂਪੀ ਦੀਵਾ ਰੱਖ ਕੇ

ਪਰਮਾਤਮਾ ਦੀ ਆਰਤੀ ਉਤਾਰਦੇ ਹਨ ਭਾਵ ਸੰਤ-ਜਨ ਚਾਰੇ ਪਾਸੇ ਭਟਕਣ ਵਾਲੇ ਮਨ ਦੇ ਧਿਆਨ ਨੂੰ ਇਕਾਗਰ ਕਰਦੇ ਹੋਏ ਅਡੋਲਤਾ ਦੀ ਸਮਾਧੀ ਲਗਾਂਦੇ ਹਨ ਤੇ ਪ੍ਰਭੂ ਦੇ ਨਾਮ-ਸਿਮਰਨ ਵਿੱਚ ਲੀਨ ਹੋ ਜਾਂਦੇ ਹਨ॥

3. ਅਡੋਲਤਾ ਦੀ ਇਸ ਅਵਸਥਾ ਵਿਖੇ ਸੂਰਜ ਤੇ ਚੰਦਰਮਾ ਆਦਿ ਹੱਥ 'ਤੇ ਰੱਖੇ ਹੋਏ ਦੀਵਿਆਂ ਦੀ ਨਿਆਈਂ ਜਾਪਦੇ ਹਨ ਜਿਨ੍ਹਾਂ ਨੂੰ ਆਰਤੀ ਵਜੋਂ ਪਲ ਭਰ ਵਿੱਚ ਸੱਜੇ ਪਾਸੇ ਤੇ ਪਲ ਭਰ ਵਿੱਚ ਖੱਬੇ ਪਾਸੇ ਲਿਜਾਇਆ ਜਾਂਦਾ ਹੈ। ਇਸ ਅਵਸਥਾ ਵਿਖੇ ਪ੍ਰਭੂ ਦੀ ਆਰਤੀ ਕਰਦੇ ਹੋਏ, ਮਾਨੋਂ, ਮਨ ਵਿੱਚ ਹਜ਼ਾਰਾਂ ਪੱਤੀਆਂ ਵਾਲਾ ਅਜਿਹਾ ਕਉਲ-ਫੁੱਲ ਖਿੜ ਪੈਂਦਾ ਹੈ ਜਿਸ ਦੇ ਵਿਚਕਾਰ ਪ੍ਰਭੂ-ਰਾਜੇ ਦਾ ਸਿੰਘਾਸ਼ਨ ਹੋਵੇ (ਭਾਵ ਬੇਅੰਤ ਰਚਨਾਵਾਂ ਵਾਲਾ ਪ੍ਰਭੂ ਜੀਵ ਦੇ ਹਿਰਦੇ-ਘਰ ਵਿੱਚ ਪ੍ਰਗਟ ਹੋ ਜਾਂਦਾ ਹੈ।) ਇੱਥੇ ਅਨਹਦ ਨਾਦ ਦੀ ਮੰਜੀਰੇ ਵਰਗੀ ਮਿੱਠੀ ਧੁਨਿ ਹਮੇਸ਼ਾ ਵੱਜਦੀ ਰਹਿੰਦੀ ਹੈ॥

4. ਹੇ ਭਾਈ! ਉਸ ਨਾ ਦਿਖਾਈ ਦੇਣ ਵਾਲੇ ਤੇ ਭੇਦ-ਰਹਿਤ ਪਾਰਬ੍ਰਹਮ ਪਰਮੇਸ਼ਰ ਦੀ ਆਪਣੇ ਮਨ ਵਿੱਚ ਇਸ ਤਰ੍ਹਾਂ ਦੀ ਆਰਤੀ ਉਤਾਰਨਾ ਹੀ ਉਸ ਦੀ ਸੱਚੀ ਸੇਵਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਸਮਝਾਉਂਦੇ ਹਨ ਕਿ ਐਸੀ ਸੱਚੀ ਆਰਤੀ ਦਾ ਭੇਦ ਕੋਈ ਸੱਚਾ ਸਤਿਗੁਰੂ ਹੀ ਕਰਵਾ ਸਕਦਾ ਹੈ। ਐਸੀ ਅਲੌਕਿਕ ਆਰਤੀ ਹੀ ਜੀਵ ਨੂੰ ਸੰਸਾਰ-ਰੂਪੀ ਭਵਸਾਗਰ ਤੋਂ ਪਾਰ ਲੰਘਾ ਸਕਦੀ ਹੈ ਤੇ ਜੀਵਨ-ਮੁਕਤੀ ਦਿਵਾ ਸਕਦੀ ਹੈ॥

**ਭਾਵ ਅਰਥ** : ਪਰਮਾਤਮਾ ਦੀ ਸੱਚੀ ਆਰਤੀ ਸੁਰਤਿ ਨੂੰ ਦਸਵੇਂ-ਦੁਆਰ ਵਿਖੇ ਅਨਹਦ ਨਾਦ ਦੀ ਧੁਨਿ ਵਿੱਚ ਲੀਨ ਕਰਕੇ ਉਤਾਰੀ ਜਾਂਦੀ ਹੈ।

# ਆਰਤੀ -140

***ਆਰਤੀ ਕਰਤ ਹਰਸ਼ੈ ਮਨ ਮੇਰੋ, ਆਵਤ ਚਿਤ ਤੁਵ ਰੂਪ ਘਨੇਰੋ॥ ਟੇਕ॥***
***ਅਜਰ ਅਮਰ ਅਡੋਲ ਅਭੇਖਾ, ਨਿਰਗੁਨ ਰਹਿਤ ਰੂਪ ਨਹਿੰ ਰੇਖਾ।***
***ਚੇਤਨ ਸਤ ਚਿਤ ਘਨ ਆਨੰਦਾ, ਨਿਰਵਿਕਾਰ ਤੇਜ ਅਮਿਤ ਅਭੇਦਾ॥ ੧॥***
***ਅਨੂਪ ਅਜਨਮਾ ਸਰਬਗਯ ਅਨੰਤਾ, ਅਭੇਦ ਅਦੈਸ਼ ਅਵਿਗਤ ਸੁਛੰਦਾ।***
***ਨਾਮ ਕੀ ਬਾਤੀ ਘੀਵ ਅਖੰਡਾ, ਇਕ ਹੀ ਜੋਤ ਜਲੈ ਬ੍ਰਹਮੰਡਾ॥ ੨॥***
***ਅਨਤ ਬਾਰ ਤੋਹਿ ਧਿਆਨ ਲਗਾਵਾ, ਮੁਨਿ ਜਨ ਪੈ ਪਾਰ ਨਹਿੰ ਪਾਵਾ।***
***ਮਨ ਬਚ ਕਰਮ ਰਵਿਦਾਸ ਧਿਆਵਾ, ਘੰਟਾ ਝਾਲਰ ਮਨਹਿ ਬਜਾਵਾ॥ ੩॥***

**ਸ਼ਬਦ ਅਰਥ** : **ਹਰਸ਼ੈ**-ਪ੍ਰਸੰਨ ਹੋਣਾ, ਆਨੰਦਿਤ ਹੋਣਾ। **ਚਿਤ**-ਹਿਰਦੇ। **ਤੁਵ**-ਤੁਹਾਡਾ, ਆਪ ਜੀ ਦਾ। **ਘਨੇਰੋ**-ਬਹੁਤਾ, ਵਿਰਾਟ। **ਅਜਰ**-ਜੋ ਕਦੇ ਜਰ (ਬੁਢਾਪੇ) ਨੂੰ ਪ੍ਰਾਪਤ ਨਹੀਂ ਹੁੰਦਾ, ਬੁਢਾਪਾ ਰਹਿਤ। **ਅਮਰ**-ਮਰਨ ਰਹਿਤ। **ਅਡੋਲ**-ਸਥਿਰ, ਕਾਇਮ, ਡੋਲਣ ਰਹਿਤ। **ਅਭੇਖਾ**-ਭੇਖ ਰਹਿਤ, ਸਰੂਪ ਰਹਿਤ, ਅਦ੍ਰਿਸ਼। **ਨਿਰਗੁਨ**-ਮਾਇਆ ਦੇ ਸਤ-ਰਜ-ਤਮ ਗੁਣਾਂ ਤੋਂ ਰਹਿਤ। **ਰੂਪ ਨਹਿੰ ਰੇਖਾ**-ਕੋਈ ਚਿੰਨ੍ਹ ਚਿਹਨ ਨਹੀਂ। **ਚੇਤਨ**-ਚੈਤਨਯ ਰੂਪ ਆਤਮਾ। **ਸਤ ਚਿਤ ਅਨੰਦਾ**-ਸਚਿਦਾਨੰਦ। **ਘਨ**-ਬਹੁਤ, ਭਰਪੂਰ।

**ਨਿਰਵਿਕਾਰ**–ਵਿਕਾਰ ਰਹਿਤ। **ਤੇਜ**–ਪ੍ਰਕਾਸ਼, ਪ੍ਰਕਾਸ਼ਮਯ। **ਅਮਿਤ**–ਜੋ ਮਿਣਿਆ ਨਾ ਜਾ ਸਕੇ, ਬੇਹੱਦ, ਅਸੀਮ। **ਅਭੇਦਾ**–ਭੇਦ ਰਹਿਤ, ਜਿਸ ਨੂੰ ਵਿੱਨਿਆ ਨਾ ਜਾ ਸਕੇ॥ ੧॥

**ਅਨੂਪ**–ਉਪਮਾ ਰਹਿਤ, ਬੇਨਜੀਰ। **ਅਜਨਮਾ**–ਜਨਮ ਰਹਿਤ। **ਸਰਬਗਯ**–ਸਭ ਕੁਝ ਜਾਨਣ ਵਾਲਾ, ਸਰਵਗਿਆਤਾ। **ਅਨੰਤਾ**–ਅੰਤ ਰਹਿਤ, ਬੇਅੰਤ। **ਅਭੇਦ**–ਜਿਸ ਦਾ ਭੇਦ ਨਾ ਪਾਇਆ ਜਾਏ। **ਅਦੈਸ਼**–ਜੋ ਦੇਖਿਆ ਨਾ ਜਾ ਸਕੇ, ਅਦ੍ਰਿਸ਼ਟ। **ਅਵਿਗਤ**–ਜੋ ਕਦੇ ਖ਼ਤਮ ਨਾ ਹੋਵੇ, ਅਬਿਨਾਸ਼ੀ। **ਸੁਛੰਦਾ**–ਜੋ ਆਪਣੀ ਮਰਜੀ ਅਨੁਸਾਰ ਕਾਰਜ ਕਰੇ, ਸੁਤੰਤਰ। **ਅਖੰਡਾ**–ਛੇਦ ਰਹਿਤ, ਬਿਨਾਂ ਟੋਟੇ ਕੀਤੇ, ਲਗਾਤਾਰ। **ਬ੍ਰਹਮੰਡਾ**–ਗੋਲਾਕਾਰ ਜਗਤ, ਸਾਰੀ ਸ੍ਰਿਸ਼ਟੀ॥ ੨॥

**ਅਨਤ**–ਅਨੇਕਾ। **ਪਾਰ**–ਪਾਰਾਵਾਰ। **ਬਚ**-ਬਚਨ। **ਝਾਲਰ**–ਕੱਪੜੇ ਆਦਿਕ ਦਾ ਲਟਕਦਾ ਹਾਸੀਆ, ਘੰਟੇ ਦੇ ਦੁਆਲੇ ਗੋਲਾਕਾਰ ਧਾਤੂ, ਖੜਤਾਲ॥ ੩॥

**<u>ਪਦ ਅਰਥ</u>** : ਇਸ ਸ਼ਬਦ ਵਿੱਚ ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇ ਆਪਣੇ ਇਸ਼ਟ ਦੇਵ 'ਪਾਰਬ੍ਰਹਮ–ਪਰਮੇਸ਼ਰ' ਦੇ ਸਰੂਪ ਦਾ ਵਰਣਨ ਕਰਦੇ ਹੋਏ ਮਨ, ਬਚਨ ਤੇ ਕਰਮ ਤਿੰਨਾਂ ਦੇ ਸੁਮੇਲ ਰਾਹੀਂ ਉਸ ਦੀ ਆਰਤੀ ਉਤਾਰੀ ਹੈ। ਆਪ ਜੀ ਫ਼ਰਮਾਉਂਦੇ ਹਨ ਕਿ ਹੇ ਪਰਮਾਤਮਾ! ਆਪ ਜੀ ਦੀ ਆਰਤੀ ਕਰਦੇ ਹੋਏ ਮੇਰਾ ਮਨ ਆਤਮਿਕ ਆਨੰਦ ਨਾਲ ਭਰਪੂਰ ਹੋ ਜਾਂਦਾ ਹੈ ਤੇ ਆਪ ਜੀ ਦਾ ਸੁੰਦਰ ਵਿਰਾਟ ਸਰੂਪ ਮੇਰੇ ਹਿਰਦੇ ਅੰਦਰ ਉਤਰ ਆਉਂਦਾ ਹੈ॥ ਟੇਕ॥

ਹੇ ਭਾਈ! ਪ੍ਰਭੂ ਬੁਢਾਪਾ–ਰਹਿਤ ਤੇ ਮੌਤ–ਰਹਿਤ ਹੈ, ਬੁਢਾਪਾ ਤੇ ਮੌਤ ਉਸ ਨੂੰ ਪੋਹ ਨਹੀਂ ਸਕਦੇ। ਉਹ ਨਾ ਡੋਲਣ ਵਾਲਾ ਤੇ ਨਾ ਹੀ ਹਿੱਲਣ ਵਾਲਾ ਹੈ। ਉਸ ਦਾ ਕੋਈ ਖ਼ਾਸ ਸਰੂਪ ਵੀ ਨਹੀਂ ਹੈ, ਉਹ ਰੰਗ–ਰੂਪ ਤੇ ਚਿੰਨ੍ਹ–ਚਿਹਨ ਤੋਂ ਪਰ੍ਹੇ ਹੈ। ਉਹ ਮਾਇਆ ਦੇ ਤਿੰਨੋਂ ਗੁਣਾਂ ਸਤੋ–ਰਜੋ–ਤਮੋ ਤੋਂ ਵੀ ਪਰ੍ਹੇ ਹੈ। ਉਹ ਨਿਰਾਕਾਰ ਹੈ, ਉਸ ਨੂੰ ਰੇਖਾ ਵਾਹ ਕੇ ਨਿਰੂਪਤ ਨਹੀਂ ਕੀਤਾ ਜਾ ਸਕਦਾ। ਉਹ ਸਮੁੱਚੀ ਪ੍ਰਕ੍ਰਿਤੀ ਵਿੱਚ ਚੇਤਨ ਸਤਾ ਹੈ। ਉਹ ਪਵਿੱਤਰ ਚਿੱਤ ਵਾਲਾ ਹੈ ਤੇ ਆਨੰਦ ਭਰਪੂਰ ਹੈ ਭਾਵ ਉਹ ਸਚਿਦਾਨੰਦ ਹੈ। ਉਸ ਨੂੰ ਕੋਈ ਵਿਕਾਰ ਛੂਹ ਨਹੀਂ ਸਕਦਾ, ਉਹ ਵਿਕਾਰ–ਰਹਿਤ ਹੈ। ਉਸ ਦੀ ਜੋਤਿ ਦਾ ਪ੍ਰਕਾਸ਼ ਅਮਿਤ ਹੈ, ਅਸੀਮ ਹੈ, ਮਾਪਿਆ ਨਹੀਂ ਜਾ ਸਕਦਾ। ਉਹ ਭੇਦ–ਰਹਿਤ ਹੈ, ਉਸ ਨੂੰ ਭੇਦਿਆ ਅਥਵਾ ਵਿੰਨ੍ਹਿਆਂ ਨਹੀਂ ਜਾ ਸਕਦਾ, ਉਹ ਹਮੇਸ਼ਾ ਇਕ–ਸਾਰ ਤੇ ਇਕ–ਰਸ ਰਹਿੰਦਾ ਹੈ॥

2. ਹੇ ਭਾਈ! ਉਸ ਸਰਬ–ਵਿਆਪਕ ਪ੍ਰਭੂ ਦੀ ਉਪਮਾ ਕਿਸੇ ਨਾਲ ਨਹੀਂ ਹੋ ਸਕਦੀ, ਉਸ ਦਾ ਕੋਈ ਸਾਨੀ ਨਹੀਂ, ਉਹ ਲਾਸਾਨੀ ਹੈ। ਉਹ ਜਨਮ ਨਹੀਂ ਲੈਂਦਾ, ਉਹ ਜਨਮ–ਰਹਿਤ ਹੈ। ਉਹ ਸਰਵੱਗ ਹੈ, ਸਭ ਕੁਝ ਜਾਣਨ ਵਾਲਾ ਹੈ। ਉਹ ਬੇਅੰਤ ਹੈ, ਉਸ ਦਾ ਕੋਈ ਉਰਲਾ–ਪਾਰਲਾ ਬੰਨਾ ਨਹੀਂ ਲੱਭ ਸਕਦਾ। ਉਸਦੇ ਭੇਦਾਂ ਨੂੰ ਵੀ ਜਾਣਿਆ ਨਹੀਂ ਜਾ ਸਕਦਾ ਤੇ ਨਾ ਹੀ ਗੁਣਾਂ ਨੂੰ ਪਾਇਆ ਜਾ ਸਕਦਾ ਹੈ। ਉਹ ਅਦ੍ਰਿਸ਼ਟ ਹੈ, ਸਾਡੀ ਪਹੁੰਚ ਤੋਂ ਪਰ੍ਹੇ ਹੈ। ਉਹ ਨਾ ਖ਼ਤਮ ਹੋਣ ਵਾਲਾ ਹੈ, ਉਹ ਅਬਿਨਾਸ਼ੀ ਹੈ। ਉਹ ਬਿਲਕੁਲ ਸੁਤੰਤਰ ਹੈ, ਆਪਣੀ ਰਜ਼ਾ ਦਾ ਖ਼ੁਦ ਮਾਲਿਕ ਹੈ, ਜੋ ਚਾਹੇ ਸੋ ਕਰਦਾ ਹੈ। ਹੇ ਭਾਈ! ਨਾਮ–ਰੂਪੀ ਘਿਓ ਤੇ

ਨਾਮ-ਰੂਪੀ ਬੱਤੀ ਨਾਲ ਉਸ ਦੀ ਅਖੰਡ ਜੋਤਿ ਸਾਰੇ ਬ੍ਰਹਿਮੰਡਾਂ ਵਿੱਚ ਅਨੰਤ ਕਾਲ ਤੋਂ ਹੀ ਲਗਾਤਾਰ ਜਗਮਗਾ ਰਹੀ ਹੈ॥

3. ਹੇ ਭਾਈ! ਪ੍ਰਭੂ ਦੀ ਹਸਤੀ ਤੇ ਉਸ ਦੇ ਗੁਣਾਂ ਦਾ ਪਾਰਾਵਾਰ ਪਾਉਣ ਲਈ ਕਈ ਰਿਸ਼ੀ-ਮੁਨੀ ਅਨੇਕਾਂ ਵਾਰ ਧਿਆਨ ਲਗਾ ਚੁੱਕੇ ਹਨ ਪਰ ਕੋਈ ਵੀ ਉਸ ਦੀ ਹਸਤੀ ਅਤੇ ਗੁਣਾਂ ਦਾ ਪਾਰਾਵਾਰ ਨਹੀਂ ਪਾ ਸਕਿਆ। ਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਪ੍ਰਭੂ! ਆਪ ਜੀ ਦੀ ਆਰਤੀ ਵਜੋਂ ਮੈਂ ਆਪ ਜੀ ਦੇ ਨਾਮ ਦਾ ਆਪਣੇ ਮਨ ਅੰਦਰ ਹੀ ਘੰਠਾ ਤੇ ਖੜਤਾਲ ਵਜਾਉਂਦਾ ਹਾਂ। ਮੈਂ ਆਪਣੇ ਮਨ ਦੇ ਰਾਹੀਂ, ਆਪਣੇ ਬੋਲਾਂ ਦੇ ਰਾਹੀਂ ਅਤੇ ਆਪਣੇ ਕਰਮਾਂ ਦੇ ਰਾਹੀਂ ਕੇਵਲ ਆਪ ਜੀ ਦਾ ਧਿਆਨ ਲਗਾਉਂਦਾ ਹਾਂ, (ਜਿਸ ਦੀ ਬਰਕਤਿ ਨਾਲ ਮੈਨੂੰ ਆਪਣੇ ਅੰਦਰੋਂ ਹੀ ਅਨਹਦ ਨਾਦ ਦੀ ਮਧੁਰ ਧੁਨਿ ਸੁਣਾਈ ਦਿੰਦੀ ਹੈ।)॥

**ਭਾਵ ਅਰਥ** : ਮਨ, ਬਚਨ ਤੇ ਕਰਮ ਦੁਆਰਾ ਪਰਮਾਤਮਾ ਦਾ ਸਿਮਰਨ ਕਰਨਾ ਹੀ ਉਸਦੀ ਸੱਚੀ ਆਰਤੀ ਹੈ।

* * * * *

## ॥ ਪਦੇ ॥



**ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਚਰਨ-ਕੰਵਲਾਂ ਦੇ ਨਿਸ਼ਾਨ ਚਿੰਨ੍ਹ, ਕੁੰਡ ਸ਼ਯਾਮ ਮੰਦਿਰ, ਚਿਤੌਰਗੜ੍ਹ (ਰਾਜਸਥਾਨ) ਵਿਖੇ।**

## ਪਦ ਨੰ : 1

**ਸੋਹੰ ਓਅੰਕਾਰ ਨਿਰਵਿਕਾਰ ਆਨਾਦਿ, ਆਖੰਡ ਧਿਆਨ ਸਾਰੂਪ॥ ਅਜਰ ਅਮਰ ਆਦਿ ਕਰਨਾ, ਪੁਰਸ਼ ਅਟਲ ਅਨੂਪ॥[1] ਕ੍ਰਿਪਾ ਕਰਤੇ ਦਿਆਲ ਜੀ, ਕਾਟੇ ਬੰਧਨ ਕਰੂਪ॥ ਸਾਹਿਬ ਬਖਸ਼ੀਸ਼ ਸਤਿ ਸੁਣ, ਦਾਸ ਕਰ ਨਿੱਜ ਰੂਪ॥[2] ਸੱਚ ਨਾਮ ਕੋ ਸਿਮਰ ਕਰ, ਜੀਵ ਭਏ ਤੱਤ ਰੂਪ॥ ਰਵਿਦਾਸ ਕਹੇ ਭੱਜ ਨਾਮ ਕੋ, ਪਾਵੇ ਸ਼ੁੱਧ ਸਵਰੂਪ॥[3]**

ਨੋਟ : ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ-ਰਚਨਾ ਪਦਿਆਂ ਅਤੇ ਦੋਹਿਆਂ ਦੇ ਰੂਪ ਵਿੱਚ ਹੋਈ ਹੈ। 'ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ' ਗ੍ਰੰਥ ਦੇ 140 ਸ਼ਬਦਾਂ ਦੇ ਪਦਿਆਂ ਨੂੰ ਅਤੇ 'ਬਾਣੀ ਪੰਦਰਾਂ ਤਿਥੀ' ਤੇ 'ਬਾਣੀ ਹਫ਼ਤਾਵਾਰ' ਦੇ ਪਦਿਆਂ ਨੂੰ ਨੰਬਰਾਂ ਨਾਲ ਅੰਕਿਤ ਕੀਤਾ ਗਿਆ ਹੈ ਜਦਕਿ ਬਾਣੀ 'ਪਦੇ', 'ਬਾਰਾਮਾਸ ਉਪਦੇਸ਼', 'ਸ਼ਾਦੀ ਉਪਦੇਸ਼' ਤੇ 'ਮੰਗਲਾਚਾਰ' ਆਦਿਕ ਦੇ ਸ਼ਬਦਾਂ ਦੇ ਪਦਿਆਂ ਨੂੰ ਨੰਬਰਾਂ ਨਾਲ ਅੰਕਿਤ ਨਹੀਂ ਕੀਤਾ ਗਿਆ। ਗ੍ਰੰਥ ਦੀ ਇਕ-ਸਾਰਤਾ (Uniformity) ਨੂੰ ਧਿਆਨ ਵਿੱਚ ਰੱਖਦੇ ਹੋਏ ਦਾਸ ਨੇ ਬਾਣੀ ਦੇ ਇਨ੍ਹਾਂ ਸ਼ਬਦਾਂ ਦੇ ਪਦਿਆਂ ਨੂੰ [1, 2, 3]... ਆਦਿਕ ਨੰਬਰਾਂ ਨਾਲ ਸਿਰਫ਼ ਇਸ ਮੰਤਵ ਨਾਲ ਅੰਕਿਤ ਕੀਤਾ ਹੈ ਤਾਂ ਕਿ ਪਾਠਕਾਂ ਨੂੰ ਇਨ੍ਹਾਂ ਸ਼ਬਦਾਂ ਦੇ ਅਰਥ-ਭਾਵ ਸਮਝ-ਸਮਝਾਉਣ ਵਿੱਚ ਸਹੂਲੀਅਤ ਹੋਵੇ। ਬਾਣੀ ਦੀ ਮਰਿਯਾਦਾ ਦਾ ਪੂਰਾ-ਪੂਰਾ ਧਿਆਨ ਰੱਖਿਆ ਗਿਆ ਹੈ॥

**ਸ਼ਬਦ ਅਰਥ** : **ਸੋਹੰ**- ਜੋ ਉਹ ਹੈ ਉਹ ਮੈਂ ਹਾਂ, ਭਾਵ ਜੋ ਪਰਮਾਤਮਾ ਹੈ ਉਹੀ ਆਤਮਾ ਹੈ। **ਓਅੰਕਾਰ**- ਓਅੰ+ਕਾਰ, ਓਅੰ ਦਾ ਅਰਥ ਹੈ ਰੱਖਿਆ ਕਰਨਾ ਸੋ ਓਅੰ ਸ਼ਬਦ ਸਭ ਦੀ ਰੱਖਿਆ ਕਰਨ ਵਾਲੇ ਪ੍ਰਭੂ ਦਾ ਬੋਧਕ ਹੈ। ਕਾਰ ਆਮ ਤੌਰ 'ਤੇ 'ਨਾਮ' ਦੇ ਪਿਛੇਤਰ ਵਿੱਚ ਵਰਤਿਆ ਜਾਂਦਾ ਹੈ ਤੇ ਜਿਸ ਦਾ ਅਰਥ ਹੈ 'ਇੱਕ-ਰਸ, ਜਿਸ ਵਿੱਚ ਤਬਦੀਲੀ ਨਾ ਆਵੇ।' ਸੋ ਓਅੰਕਾਰ ਦਾ ਅਰਥ ਹੈ ਉਹ ਪ੍ਰਭੂ ਜੋ ਇਕ-ਰਸ ਵਿਆਪਕ ਹੈ ਅਤੇ ਜਿਸ ਦਾ ਉਚਾਰਨ ਕਰਨ ਸਮੇਂ ਮੂੰਹ/ਕੰਠ ਵਿੱਚੋਂ ਓਅੰ ਸ਼ਬਦ ਦੀ ਧੁਨਿ ਹੁੰਦੀ ਹੈ। **ਆਨਾਦਿ**- ਜਿਸ ਦਾ ਕੋਈ ਮੁੱਢ ਨਹੀਂ ਹੈ। **ਆਖੰਡ**- ਲਗਾਤਾਰ, ਇਕ-ਰਸ। **ਸਰੂਪ**- ਆਪਣਾ ਆਪ। **ਆਦਿ**- ਮੁੱਢ ਤੋਂ। **ਅਟਲ**- ਅਚੱਲ, ਅਡੋਲ। **ਅਨੂਪ**- ਬੇਮਿਸਾਲ। **ਕਰੂਪ**- ਬਦਸ਼ਕਲ, ਖੋਟੇ ਕਰਮਾਂ ਵਾਲਾ। **ਨਿੱਜ**- ਆਪਣਾ। **ਸੱਚ**- ਪਾਰਬ੍ਰਹਮ, ਸਦਾ ਥਿਰ ਰਹਿਣ ਵਾਲਾ। **ਭਏ**- ਹੋ ਜਾਣਾ। **ਤੱਤ ਰੂਪ**- ਪਾਰਬ੍ਰਹਮ ਦਾ ਰੂਪ, ਜਗਤ ਦੇ ਮੂਲ-ਪ੍ਰਭੂ ਦਾ ਰੂਪ। **ਸ਼ੁੱਧ**- ਨਿਰਮਲ, ਪਵਿੱਤਰ।

ਨੋਟ : ਇਹ ਸ਼ਬਦ 'ਰਾਗੁ ਗਾਉੜੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਪ੍ਰਭੂ ਇਕ ਹੈ ਤੇ ਆਤਮਾ ਰੂਪ ਹੋ ਕੇ ਸਭ ਜੀਵ-ਜੰਤੂਆਂ ਵਿੱਚ ਬਿਰਾਜਮਾਨ ਹੈ ਤੇ ਧੁਨਿ-ਰੂਪ ਹੋ ਕੇ ਸ੍ਰਿਸ਼ਟੀ ਦੇ ਕਣ-ਕਣ ਵਿੱਚ ਇਕ-ਰਸ ਵਿਆਪਕ ਹੈ। ਪ੍ਰਭੂ ਵਿਕਾਰ-ਰਹਿਤ ਹੈ, ਕੋਈ ਵੀ ਵਿਕਾਰ ਉਸ ਨੂੰ ਪੋਹ ਨਹੀਂ ਸਕਦਾ। ਪ੍ਰਭੂ ਆਦਿ-ਰਹਿਤ ਹੈ, ਉਸ ਦਾ ਕੋਈ ਮੁੱਢ ਨਹੀਂ ਹੈ। ਪ੍ਰਭੂ ਆਪਣੇ-ਆਪ ਵਿੱਚ ਹੀ ਧਿਆਨ ਲਗਾ ਕੇ ਲਗਾਤਾਰ ਅਡੋਲ ਸਮਾਧੀ-ਰੂਪ ਵਿੱਚ

ਬੈਠਾ ਹੋਇਆ ਹੈ। ਬੁਢਾਪਾ ਤੇ ਮੌਤ ਉਸ ਨੂੰ ਪੋਹ ਨਹੀਂ ਸਕਦੇ, ਉਹ ਇਨ੍ਹਾਂ ਤੋਂ ਬਹੁਤ ਪਰ੍ਹੇ ਹੈ। ਪ੍ਰਭੂ ਮੁੱਢ ਤੋਂ ਹੀ ਹੋਂਦ ਵਾਲਾ ਹੈ, ਜਗਤ ਦਾ ਕਰਤਾ ਹੈ ਤੇ ਇਸ ਦੀ ਰਚਨਾ ਕਰਨ ਵਾਲਾ ਹੈ। ਉਹ ਪੁਰਖ-ਪ੍ਰਭੂ ਪੂਰਨ ਤੌਰ 'ਤੇ ਅਡੋਲ ਹੈ ਤੇ ਬੇ-ਮਿਸਾਲ ਹੈ, ਜਗਤ ਵਿੱਚ ਉਸ ਵਰਗਾ ਕੋਈ ਹੋਰ ਨਹੀਂ ਹੈ॥

2. ਉਹ ਦਿਆਲੂ-ਪ੍ਰਭੂ ਜਿਸ 'ਤੇ ਵੀ ਕਿਰਪਾ ਕਰਦਾ ਹੈ ਉਸ ਦੇ ਖੋਟੇ ਕਰਮਾਂ ਦੇ ਸਾਰੇ ਬੰਧਨਾਂ ਨੂੰ ਕੱਟ ਦਿੰਦਾ ਹੈ। ਇਹ ਸੱਚ ਸੁਣੀਦਾ ਹੈ ਕਿ ਜਿਸ 'ਤੇ ਵੀ ਮਾਲਿਕ-ਪ੍ਰਭੂ ਮਿਹਰ ਕਰਦਾ ਹੈ ਉਸ ਨੂੰ ਆਪਣਾ ਸੇਵਕ ਬਣਾ ਕੇ ਆਪਣਾ ਹੀ ਰੂਪ ਬਣਾ ਲੈਂਦਾ ਹੈ॥

3. ਉਸ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦਾ ਨਾਮ ਸਿਮਰ ਕੇ ਜੀਵ ਉਸੇ ਦਾ ਹੀ ਰੂਪ ਹੋ ਜਾਂਦਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਜਿਹੜਾ ਵੀ ਜੀਵ ਪ੍ਰਭੂ ਦਾ ਨਾਮ ਸਿਮਰਦਾ ਰਹਿੰਦਾ ਹੈ ਉਹ ਉਸ ਦੇ ਪਵਿੱਤਰ ਸਰੂਪ ਨੂੰ ਪ੍ਰਾਪਤ ਕਰ ਲੈਂਦਾ ਹੈ॥

## ਪਦ ਨੰ : 2

**ਗੁਰ ਕੀ ਮੂਰਤਿ ਮਨ ਵਿਖੇ, ਧਰੋ ਸੋ ਹਰ ਦਮ ਧਿਆਨ॥ ਨਾਮ ਦਾਨ ਇਸ਼ਨਾਨ ਕਰ, ਦਵਾਰੇ ਪਾਵੇ ਮਾਨ॥1 ਮੰਤਰ ਜਪ ਗੁਰ ਹਿਰਦੇ ਮੇਂ, ਮਿਲੇ ਸੋ ਨਿਸ਼ਚਲ ਗਿਆਨ॥ ਭੂਖ ਪਿਆਸ ਨਾ ਉਤਰੇ, ਨਾਮ ਬਿਨਾ ਭਗਵਾਨ॥2 ਸਤਿਗੁਰ ਸੋ ਨਹੀਂ ਪਾਵਈ, ਜੋ ਦਿਲ ਮਾਂਹੇ ਸੁਆਨ॥ ਮਨ ਸੱਚਾ ਕਿਤ ਬਿਧ ਭਯੋ, ਕਰ ਹੈ ਕਿਆ ਬਿਆਨ॥3 ਝੂਠਾ ਪਾਲਨ ਪਾਲਤੇ, ਕਹੋ ਕੈਸੇ ਕਲਿਆਨ॥ ਆਗਿਆ ਗੁਰ ਕੀ ਚਿੱਤ ਧਰ, ਕਹੇ ਰਵਿਦਾਸ ਬਿਖਾਨ॥4**

**ਸ਼ਬਦ ਅਰਥ** : **ਮੂਰਤਿ**- ਹੋਂਦ, ਸੱਤਾ, ਸ਼ਬਦ-ਰੂਪ ਮੂਰਤਿ। **ਧਰੋ**- ਧਰਨਾ, ਟਿਕਾਉਣਾ, ਜੁੜਨਾ। **ਧਿਆਨ**- ਸੁਰਤਿ ਨੂੰ ਪ੍ਰਭੂ ਨਾਲ ਜੋੜਨਾ। **ਨਾਮ ਦਾਨ ਇਸ਼ਨਾਨ**- ਨਾਮ ਤੋਂ ਭਾਵ ਹੈ ਪਰਮ-ਪਿਤਾ ਪਰਮਾਤਮਾ ਦਾ ਸਵਾਸ-ਸਵਾਸ ਸਿਮਰਨ ਕਰਨਾ, ਦਾਨ ਤੋਂ ਭਾਵ ਹੈ ਆਪਣਾ ਨਿਰਵਾਹ ਸੁਤੰਤਰ ਕਰਕੇ ਦੂਸਰਿਆਂ ਦੀ ਸੇਵਾ ਕਰਨਾ ਤੇ ਇਸ਼ਨਾਨ ਤੋਂ ਭਾਵ ਹੈ ਮਨ, ਸਰੀਰ, ਆਚਰਣ, ਘਰ, ਵਸਤ੍ਰ ਆਦਿਕ ਮਲੀਨਤਾ ਰਹਿਤ ਰੱਖਣਾ। **ਮੰਤਰ**- ਗੁਰੂ ਉਪਦੇਸ਼। **ਨਿਸਚਲ**- ਅਟੱਲ, ਅਡੋਲ, ਸਦਾ ਕਾਇਮ ਰਹਿਣ ਵਾਲਾ। **ਗਿਆਨ**- ਆਤਮਿਕ ਜੀਵਨ ਦੀ ਸੂਝ, ਆਤਮਿਕ ਗਿਆਨ। **ਸੁਆਨ**- ਕੁੱਤਾ। **ਕਿਤ ਬਿਧ**- ਕਿਸ ਤਰੀਕੇ ਨਾਲ। **ਆਗਿਆ**- ਆਦੇਸ਼, ਹੁਕਮ। **ਚਿੱਤ**- ਮਨ। **ਧਰ**- ਧਾਰਨਾ, ਵਸਾਉਣਾ।

**ਨੋਟ** : ਇਹ ਸ਼ਬਦ 'ਰਾਗੁ ਗਾਉੜੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ-ਅਰਥ**- (ਹੇ ਭਾਈ! ਗੁਰੂ ਦਾ 'ਸ਼ਬਦ' ਹੀ ਗੁਰੂ ਦੀ ਮੂਰਤਿ ਹੈ, ਗੁਰੂ ਦਾ ਆਤਮਿਕ ਸਰੂਪ ਹੈ।) ਜਿਹੜਾ ਜੀਵ ਆਪਣੇ ਗੁਰੂ ਦੀ 'ਸ਼ਬਦ-ਰੂਪ ਮੂਰਤਿ' ਦਾ ਧਿਆਨ ਆਪਣੇ ਮਨ ਵਿੱਚ ਹਰ ਵੇਲੇ ਵਸਾਈ ਰੱਖਦਾ ਹੈ ਤੇ ਸਵਾਸ-ਸਵਾਸ ਉਸ ਦਾ ਸਿਮਰਨ ਕਰਦਾ ਹੈ, ਆਪਣੀ ਨੇਕ ਕਿਰਤ-ਕਮਾਈ ਨਾਲ

ਦੂਜਿਆਂ ਦੀ ਸੇਵਾ ਕਰਦਾ ਹੈ ਤੇ ਆਪਣਾ ਮਨ, ਤਨ ਤੇ ਆਚਰਣ ਸੱਚਾ-ਸੁੱਚਾ ਤੇ ਪਵਿੱਤਰ (ਭਾਵ ਮਲੀਨਤਾ-ਰਹਿਤ) ਰੱਖਦਾ ਹੈ ਤਾਂ ਉਹ ਪ੍ਰਭੂ ਦੇ ਦਰ 'ਤੇ ਆਦਰ-ਸਤਿਕਾਰ ਪਾਉਂਦਾ ਹੈ॥

2. ਜਿਹੜਾ ਜੀਵ ਗੁਰੂ ਦੇ 'ਸ਼ਬਦ' (ਮੰਤਰ) ਨੂੰ ਆਪਣੇ ਹਿਰਦੇ ਵਿੱਚ ਹਮੇਸ਼ਾ ਸਿਮਰਦਾ ਰਹਿੰਦਾ ਹੈ ਉਸ ਨੂੰ ਅਟੱਲ ਆਤਮਿਕ ਗਿਆਨ ਦੀ ਸੋਝੀ ਆ ਜਾਂਦੀ ਹੈ। ਪ੍ਰਭੂ ਦੇ ਨਾਮ-ਸਿਮਰਨ ਤੋਂ ਬਿਨਾਂ ਜੀਵ ਅੰਦਰੋਂ (ਮਾਇਆ ਦੀ ਭੁੱਖ) ਤੇ (ਮਾਇਆ ਦੀ ਤ੍ਰੇਹ) ਕਦੇ ਵੀ ਨਹੀਂ ਮਿਟਦੀ॥

3. ਉਸ ਦੇ ਮਨ ਵਿੱਚ ਦਰ-ਦਰ 'ਤੇ ਭਟਕਣ ਵਾਲਾ ਲੋਭ-ਰੂਪੀ ਕੁੱਤਾ ਹਮੇਸ਼ਾ ਵਸਿਆ ਰਹਿੰਦਾ ਹੈ ਜਿਸ ਕਰਕੇ ਉਹ ਸੱਚੇ ਸਤਿਗੁਰੂ ਦੀ ਪ੍ਰਾਪਤੀ ਨਹੀਂ ਕਰ ਪਾਉਂਦਾ ਤੇ ਥਾਂ-ਥਾਂ ਭਟਕਦਾ ਰਹਿੰਦਾ ਹੈ। ਹੇ ਭਾਈ! ਜੀਵ ਦਾ ਮਨ ਕਿਸ ਤਰੀਕੇ ਨਾਲ (ਵਿਕਾਰਾਂ ਤੋਂ) ਸੱਚਾ ਸੁੱਚਾ ਤੇ ਪਵਿੱਤਰ ਹੋਵੇ ਇਸ ਬਾਰੇ ਕੀ ਕਹਿ ਕੇ ਬਿਆਨ ਕੀਤਾ ਜਾਵੇ ?॥

4. (ਮਾਇਆ-ਰੂਪੀ) ਝੂਠ ਨੂੰ ਮਨ ਵਿੱਚ ਹਮੇਸ਼ਾ ਪਾਲਣ ਨਾਲ (ਭਾਵ ਵਸਾਉਣ ਨਾਲ) ਦੱਸੋ ਜੀਵ ਦਾ ਕਿਵੇਂ ਕਲਿਆਣ ਹੋਵੇਗਾ ? ਸਤਿਗੁਰੂ ਰਵਿਦਾਸ ਮਹਾਰਾਜ ਜੀ ਇਨ੍ਹਾਂ ਦੁਬਿਧਾਵਾਂ ਦਾ ਨਿਵਾਰਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਗੁਰੂ ਦੇ ਹੁਕਮ ਨੂੰ ਆਪਣੇ ਮਨ 'ਚ ਵਸਾਉਣ ਨਾਲ ਭਾਵ ਗੁਰੂ ਦੇ 'ਸ਼ਬਦ' ਨੂੰ ਮਨ 'ਚ ਹਰ ਦਮ ਸਿਮਰਦੇ ਰਹਿਣ ਨਾਲ (ਜੀਵ ਦਾ ਮਨ ਵਿਕਾਰਾਂ ਤੋਂ ਪਵਿੱਤਰ ਹੋ ਜਾਂਦਾ ਹੈ ਤੇ ਉਸ ਨੂੰ ਮਾਇਆ-ਰੂਪੀ ਝੂਠ ਤੋਂ ਵੀ ਛੁਟਕਾਰਾ ਮਿਲ ਜਾਂਦਾ ਹੈ।)॥

## ਪਦ ਨੰ : 3.

**ਕਰ ਏਕਾਗਰ ਬਰਿਤ ਕੋ, ਸਿਮਰੇ ਨਿਤ ਕਰਤਾਰ॥ ਸਾਹਿਬ ਕੀ ਸਬ ਰੀਤਿ ਕਾ, ਕੌਣ ਕਥੈ ਵਿਸਥਾਰ॥** 1 **ਤਿਸ ਕੀ ਕੁਦਰਤ ਅਤਿ ਬੜੀ, ਜਾਣੈ ਕੌਣ ਵਿਚਾਰ॥ ਸਦਗੁਣ ਨਿੱਤ ਹਿਰਦੇ ਬਸੇਂ, ਮਿਲਸੀ ਠੌਰ ਆਪਾਰ॥** 2 **ਗੁਰ ਕੀ ਲਖੋ ਦਿਆਲਤਾ, ਸਤਿਗੁਰ ਕੀਯੋ ਪਸਾਰ॥ ਕਹੇ ਰਵਿਦਾਸ ਭਗਵਾਨ ਨੇ, ਦਾਸ ਦੀਏ ਜਗ ਤਾਰ॥** 3

**ਸ਼ਬਦ ਅਰਥ :** **ਏਕਾਗਰ**- ਸਮੇਟਣਾ। **ਬਰਿਤ**- ਬ੍ਰਿਤਿ, ਸੁਰਤਿ। **ਨਿਤ**- ਹਮੇਸ਼ਾ। **ਰੀਤਿ**- ਮਰਿਯਾਦਾ, ਮਹਿਮਾ। **ਕੁਦਰਤ**- ਰਚਨਾ ਸ਼ਕਤੀ, ਸਮਰੱਥਾ। **ਠੌਰ**- ਠਹਿਰਨ ਦੀ ਜਗ੍ਹਾ। **ਆਪਾਰ**- ਬੇਅੰਤ। **ਲਖੋ**- ਤੱਕਣਾ, ਲੋਚਣਾ। **ਸਤਿਗੁਰ**- ਪ੍ਰਭੂ ਲਈ ਵਰਤਿਆ ਗਿਆ ਹੈ। **ਪਸਾਰ**- ਖਿਲਾਰਾ, ਜਗਤ ਖਿਲਾਰਾ।

ਨੋਟ : ਇਹ ਸ਼ਬਦ 'ਰਾਗੁ ਗਾਉੜੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ** - ਹੇ ਭਾਈ! ਤੂੰ ਸੁਰਤਿ ਨੂੰ (ਦੁਨੀਆਂ ਦੇ ਮਾਇਕ ਪਦਾਰਥ ਵੱਲੋਂ) ਸਮੇਟ ਕੇ ਆਤਮਿਕ ਅਡੋਲਤਾ 'ਚ ਇਕਾਗਰ ਕਰਦਾ ਹੋਇਆ ਕਰਤਾਰ-ਪ੍ਰਭੂ ਦੇ ਨਾਮ ਨੂੰ ਹਰ ਵੇਲੇ ਸਿਮਰਦਾ ਰਹਿ। ਉਸ ਮਾਲਿਕ-ਪ੍ਰਭੂ ਦੀ ਸਾਰੀ ਮਹਿਮਾ ਦਾ ਵਿਸਤਾਰ ਨਾਲ ਕੌਣ ਵਰਨਣ ਕਰ ਸਕਦਾ ਹੈ ?॥

2. ਪ੍ਰਭੂ ਦੀ ਰਚਨਾ ਸ਼ਕਤੀ ਤੇ ਸਮਰੱਥਾ ਬਹੁਤ ਵੱਡੀ ਹੈ, ਕਿਸੇ ਦੀ ਕੀ ਮਜਾਲ ਕਿ ਉਸ ਨੂੰ ਜਾਣਨ ਦਾ ਵਿਚਾਰ ਕਰ ਸਕੇ। ਪਰ ਜਿਸ ਜੀਵ ਦੇ ਹਿਰਦੇ-ਘਰ ਵਿੱਚ ਸਿਮਰਨ-ਰੂਪੀ ਸ੍ਰੇਸ਼ਟ ਗੁਣ ਹਰ ਵੇਲੇ ਵਸਿਆ ਰਹਿੰਦਾ ਹੈ ਉਸ ਨੂੰ ਬੇਅੰਤ ਪ੍ਰਭੂ ਦੇ ਚਰਨ-ਕੰਵਲਾਂ ਵਿੱਚ ਠਹਿਰਣ ਦੀ ਜਗ੍ਹਾ ਜਰੂਰ ਮਿਲ ਜਾਂਦੀ ਹੈ॥

3. ਹੇ ਭਾਈ! ਜੀਵ ਨੂੰ ਗੁਰੂ ਦੀ ਅਜਿਹੀ ਦਿਆਲਤਾ ਲੋਚਣੀ ਚਾਹੀਦੀ ਹੈ ਕਿ ਜਿਸ ਦੀ ਬਰਕਤਿ ਨਾਲ ਉਹ ਪ੍ਰਭੂ ਦੇ ਰਚੇ ਹੋਏ ਜਗਤ-ਖਿਲਾਰੇ ਨੂੰ ਜਾਣ ਸਕੇ। ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਪ੍ਰਭੂ ਆਪਣੇ ਸੇਵਕਾਂ ਨੂੰ (ਆਪਣੀ ਕ੍ਰਿਪਾ-ਦ੍ਰਿਸ਼ਟੀ ਨਾਲ) ਮਾਇਆ ਦੇ ਮੋਹ-ਰੂਪ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦਿੰਦੇ ਹਨ॥

## ਪਦ ਨੰ : 4

**ਪ੍ਰਥਮੇਂ ਸਤਿ ਸਵਰੂਪ ਥਾ, ਵਹਿ ਅਬਿਨਾਸ਼ੀ ਆਪ॥ ਮਦਯ ਵਿਆਪਕ ਹੋ ਰਹਾ, ਤਿਸ ਕੋ ਤੂੰ ਮਨ ਜਾਪ॥ 1 ਅੰਤ ਸਮੇਂ ਭੀ ਰਹੋਗੇ, ਨਿਰੰਕਾਰ ਪਰਤਾਪ॥ ਮਨ ਬਾਣੀ ਕਰ ਕੇ ਭਜੇ, ਮੁੰਚਿਤ ਕਿਲਵਿਸ਼ ਪਾਪ॥ 2 ਦਾਤਾ ਕਰਤਾ ਆਪ ਹੈ, ਧਰਤਿ ਆਕਾਸ਼ ਵਿਆਪ॥ ਮਹਿਮਾ ਬਹੁਤ ਬੇਅੰਤ ਹੈ, ਸਤਿਗੁਰ ਤੇ ਹੋਇ ਥਾਪ॥ 3 ਸੋਹੰ ਨਾਮ ਕੀ ਧੁੰਨ ਲੱਗੀ, ਦਿਲ ਕੇ ਅੰਦਰ ਆਪ॥ ਕਹੇ ਰਵਿਦਾਸ ਵਿਚਾਰ ਕੇ, ਜਾਨੇ ਗੁਰ ਪਰਤਾਪ॥ 4**

**ਸ਼ਬਦ ਅਰਥ** : **ਸਤਿ**- ਸਦਾ ਥਿਰ ਰਹਿਣ ਵਾਲਾ ਪ੍ਰਭੂ। **ਅਬਿਨਾਸ਼ੀ**- ਜਿਸ ਦਾ ਕਦੇ ਨਾਸ਼ ਨਾ ਹੋਵੇ, ਸਦਾ ਇਕ ਰਸ ਰਹਿਣ ਵਾਲਾ। **ਸਵਰੂਪ**- ਨਿੱਜ ਰੂਪ, ਆਪਣਾ ਆਪ। **ਪਰਤਾਪ**- ਤੇਜ, ਬਖ਼ਸ਼ਿਸ਼, ਰਹਿਮਤ। **ਮੁੰਚਿਤ**- ਨਾਸ਼ ਹੋਣਾ। **ਕਿਲ ਵਿਸ਼**- ਗ਼ੁਨਾਹ, ਪਾਪ। **ਕਰਤਾ**-ਕਰਨ ਵਾਲਾ। **ਥਾਪ**- ਸਥਾਪਤ ਕਰਨਾ, ਜਾਣਨਾ, ਪਾਉਣਾ। **ਸੋਹੰ ਧੁੰਨ**- ਪ੍ਰਭੂ ਨਾਲ ਇਕ ਰੂਪ ਹੋ ਜਾਣ ਦੀ ਲਗਨ।

**ਨੋਟ** : ਇਹ ਸ਼ਬਦ 'ਰਾਗੁ ਗਾਉੜੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਹੇ ਭਾਈ! ਜਗਤ ਦੇ ਸ਼ੁਰੂ ਤੋਂ ਵੀ ਪਹਿਲਾਂ ਸਦਾ-ਥਿਰ ਰਹਿਣ ਵਾਲਾ ਪ੍ਰਭੂ ਆਪ ਹੀ ਆਪ ਸੀ ਤੇ ਜੋ ਨਾਸ-ਰਹਿਤ ਹੈ। ਜਗਤ ਦੇ ਮੱਧ ਵਿੱਚ (ਭਾਵ ਹੁਣ, ਜਗਤ ਦੀ ਮੌਜੂਦਗੀ ਵਿੱਚ) ਵੀ ਉਹੀ ਪ੍ਰਭੂ ਵਿਆਪਕ ਹੋ ਰਿਹਾ ਹੈ। ਤੂੰ ਮਨ ਵਿੱਚ ਉਸ ਦਾ ਸਿਮਰਨ ਕਰਦਾ ਰਹਿ॥

2. ਜਗਤ ਦੇ ਅੰਤ ਸਮੇਂ ਵੀ ਉਹੀ ਨਿਰੰਕਾਰ ਪ੍ਰਭੂ ਆਪ ਹੀ ਆਪ ਹੋਵੇਗਾ ਤੇ ਸਭ ਪਾਸੇ ਉਸੇ ਦਾ ਹੀ ਪਰਤਾਪ ਵਰਤੇਗਾ। ਹੇ ਭਾਈ! ਮਨ ਵਿੱਚ ਉਸ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਬਾਣੀ ਦਾ ਭਜਨ ਕਰਨ ਨਾਲ ਸਾਰੇ ਗੁਨਾਹਾਂ ਤੇ ਸਾਰੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ॥

3. ਉਹ ਦਾਤਾਰ ਪ੍ਰਭੂ ਸਭਨਾਂ ਨੂੰ ਦਾਤਾਂ ਦੇਣ ਵਾਲਾ ਤੇ ਸਭਨਾਂ ਦੇ ਕਾਰਜ ਕਰਨ ਵਾਲਾ ਆਪ ਹੀ ਹੈ ਤੇ ਜੋ ਧਰਤੀ ਤੋਂ ਲੈ ਕੇ ਆਕਾਸ਼ ਤੱਕ (ਭਾਵ ਸਾਰੇ ਬ੍ਰਹਿਮੰਡ ਵਿੱਚ) ਪੂਰੀ ਤਰ੍ਹਾਂ ਵਿਆਪਕ ਹੈ। ਪ੍ਰਭੂ ਦੀ ਮਹਿਮਾ ਦਾ ਕੋਈ ਅੰਤ

ਨਹੀਂ ਹੈ, ਇਹ ਪਰ੍ਹੇ ਤੋਂ ਪਰ੍ਹੇ ਹੈ। ਕੇਵਲ ਸਤਿਗੁਰੂ ਦੀ ਮਿਹਰ ਨਾਲ ਹੀ ਪ੍ਰਭੂ ਨੂੰ ਜਾਣਿਆਂ ਜਾ ਸਕਦਾ ਹੈ ਤੇ ਪਾਇਆ ਜਾ ਸਕਦਾ ਹੈ॥

4. ਸਤਿਗੁਰੂ ਰਵਿਦਾਸ ਜੀ ਮਹਾਰਾਜ ਵਿਚਾਰ ਕੇ ਫ਼ਰਮਾਉਂਦੇ ਹਨ ਕਿ ਜਦੋਂ ਜੀਵ ਦੇ ਹਿਰਦੇ ਅੰਦਰ ਪ੍ਰਭੂ ਦੇ ਨਾਮ ਦੀ ਲਗਨ ਆਪਣੇ-ਆਪ ਲੱਗਦੀ ਹੈ ਭਾਵ ਜਦੋਂ ਜੀਵ ਦੇ ਮਨ ਵਿੱਚ ਪ੍ਰਭੂ ਨਾਲ ਇਕ-ਰੂਪ ਹੋ ਜਾਣ ਦੀ ਤਾਂਘ ਆਪਣੇ-ਆਪ ਹੀ ਪੈਦਾ ਹੁੰਦੀ ਹੈ ਤਦੋਂ ਉਹ ਗੁਰੂ ਦੀ ਰਹਿਮਤ ਸਦਕਾ ਪ੍ਰਭੂ ਨੂੰ ਜਾਣ ਪਾਉਂਦਾ ਹੈ॥

## ਪਦ ਨੰ : 5

**ਜਾਪ ਜਪੋ ਤੁਮ ਨਾਮ ਕਾ, ਕਰ ਸਤਿਗੁਰ ਕੀ ਸੇਵ॥ ਗਾਵਤ ਹਿਰਦੇ ਨਾਮ ਕੇ, ਬੂਝਤ ਨਿਜ ਗੁਰਦੇਵ॥ [1] ਨਾਮ ਸਤਯ ਸੰਸਾਰ ਮੇਂ, ਪਦਾਰਥ ਝੂਠ ਸ ਨੇਵ॥ ਦੁਬਧਾ ਅੰਤਰ ਕੀ ਤਜੇ, ਨਿਤ ਸਤਿਸੰਗ ਕਰੇਵ॥ [2] ਆਚਾਰ ਧਰੋ ਗੁਰ ਰੀਤ ਕੇ, ਮੰਗਲ ਨਿਤ ਵਧੇਵ॥ ਕਹੇ ਰਵਿਦਾਸ ਵਿਚਾਰ ਕੇ, ਸਾਹਿਬ ਦੇਵਨ ਦੇਵ॥ [3]**

**ਸ਼ਬਦ ਅਰਥ** : **ਸਤਯ**- ਸੱਚ, ਸਦਾ ਥਿਰ ਰਹਿਣ ਵਾਲਾ। **ਸ**- ਵਾਂਗ, ਵੱਲ। **ਨੇਵ**- ਲੈ ਜਾਣ ਵਾਲਾ। **ਦੁਬਧਾ**- ਦੋਚਿਤਾ ਪਨ, ਛਛੋਪਨ। **ਨਿਤ**- ਹਮੇਸ਼ਾ। **ਕਰੇਵ**- ਕਰਨਾ। **ਆਚਾਰ**- ਆਚਰਣ, ਚਾਲ ਚਲਨ, ਰਹਿਣੀ ਬਹਿਣੀ। **ਰੀਤ**- ਜੁਗਤੀ। **ਮੰਗਲ**- ਆਤਮਿਕ ਸੁੱਖ, ਆਤਮਿਕ ਆਨੰਦ।

**ਨੋਟ** : ਇਹ ਸ਼ਬਦ 'ਰਾਗੁ ਗਾਉੜੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ-** ਹੇ ਭਾਈ! ਤੂੰ ਸਤਿਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ ਦੇ ਨਾਮ ਦਾ ਜਾਪ ਜੱਪਦਾ ਰਹਿ, ਇਹੋ ਹੀ ਸਤਿਗੁਰੂ ਦੀ ਸੇਵਾ ਕਰਨੀ ਹੈ। ਜਿਹੜਾ ਜੀਵ ਆਪਣੇ ਹਿਰਦੇ ਵਿੱਚ ਸਤਿਗੁਰੂ ਦੇ 'ਸ਼ਬਦ' ਨੂੰ ਗਾਉਂਦਾ ਰਹਿੰਦਾ ਹੈ ਭਾਵ 'ਸ਼ਬਦ' ਨੂੰ ਸਿਮਰਦਾ ਰਹਿੰਦਾ ਹੈ ਉਹ ਆਪਣੇ ਸਤਿਗੁਰੂ ਦੀ ਸਮਰੱਥਾ ਨੂੰ ਜਾਣ ਲੈਂਦਾ ਹੈ, ਉਸਨੂੰ ਆਪਣੇ ਅੰਦਰ ਹੀ ਅਨੁਭਵ ਕਰ ਲੈਂਦਾ ਹੈ॥

2. ਦੁਨੀਆਂ ਵਿੱਚ ਪ੍ਰਭੂ ਦਾ ਨਾਮ ਹੀ ਇਕ ਸੱਚ ਹੈ, ਸਦਾ ਥਿਰ ਰਹਿਣ ਵਾਲਾ ਹੈ ਤੇ ਬਾਕੀ ਸਭ ਵਸਤ-ਪਦਾਰਥ ਝੂਠ ਤੇ ਅਸਤਿ ਵੱਲ ਹੀ ਲੈ ਜਾਣ ਵਾਲੇ ਹਨ ਭਾਵ ਨਾਸ਼ਵੰਤ ਹਨ। ਇਸ ਲਈ ਆਪਣੀ ਅੰਦਰਲੀ ਦੁਬਿਧਾ ਨੂੰ (ਮਨ ਦੀ ਦੋਚਿੱਤੀ ਅਵਸਥਾ ਨੂੰ) ਤਿਆਗ ਕੇ ਕੇਵਲ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦਾ ਹੀ ਹਮੇਸ਼ਾ ਸਤਿਸੰਗ ਕਰਨਾ ਚਾਹੀਦਾ ਹੈ॥

3. ਜਿਹੜਾ ਜੀਵ ਆਪਣੇ ਸਤਿਗੁਰੂ ਦੀ ਜੀਵਨ-ਜੁਗਤੀ ਨੂੰ ਆਪਣੇ ਆਚਰਣ ਵਿੱਚ ਧਾਰਦਾ ਹੈ ਭਾਵ ਆਪਣੀ ਰਹਿਣੀ-ਬਹਿਣੀ ਨੂੰ ਸਤਿਗੁਰੂ ਦੀ ਰਹਿਣੀ-ਬਹਿਣੀ ਦੇ ਅਨੁਸਾਰ ਬਣਾਉਂਦਾ ਹੈ, ਉਸ ਦੇ ਜੀਵਨ ਵਿੱਚ ਆਤਮਿਕ ਆਨੰਦ ਹਮੇਸ਼ਾ ਵਧਦਾ ਹੀ ਰਹਿੰਦਾ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਵਿਚਾਰ ਕੇ ਫ਼ਰਮਾਂਦੇ ਹਨ ਕਿ ਪ੍ਰਭੂ ਸਭ ਤਰ੍ਹਾਂ ਦੀਆਂ ਦਾਤਾਂ ਬਖ਼ਸ਼ਣ ਵਾਲਾ ਦਾਤਾ ਹੈ

(ਇਸ ਲਈ ਉਸ ਦੇ ਨਾਮ ਦਾ ਸਿਮਰਨ ਹਮੇਸ਼ਾ ਕਰਦੇ ਰਹਿਣਾ ਚਾਹੀਦਾ ਹੈ।)॥

## ਪਦ ਨੰ : 6

**ਅੰਤਰ ਕਰ ਗਾਵੇ ਸਦਾ, ਹਿਰਦੇ ਕਰ ਭਰਪੂਰ॥ ਖੋਟੇ ਕਰਮ ਤਿਆਗਸੀ, ਪਾਪ ਭਯ ਸਬ ਦੂਰ॥ [1] ਕਾਗ ਰੂਪ ਤਜ ਹੰਸ ਹੋ, ਵਿਕਾਰ ਨਾ ਕਰਹੋ ਭੂਰ॥ ਦੇਵ ਦੇਹ ਤੁਝ ਕੋ ਦਈ, ਪ੍ਰਤੱਖਸ਼ ਜਾਨ ਜਰੂਰ॥ [2] ਕਥਨਾ ਕਥੇ ਨਾ ਹਰਿ ਮਿਲੇ, ਪਾਵੇ ਖੋਜਨ ਨੂਰ॥ ਕਹੇ ਰਵਿਦਾਸ ਵਿਚਾਰ ਕੇ, ਰਹੋ ਭਗਵਾਨ ਹਜੂਰ॥ [3]**

**ਸ਼ਬਦ ਅਰਥ** : **ਭਰਪੂਰ**- ਲਬਾ ਲਬ ਪੂਰਨ। **ਰੂਪ**- ਸ਼ਕਲ, ਸੁਭਾਉ। **ਹੰਸ**- ਇਕ ਪੰਛੀ ਜੋ ਪਾਣੀ ਤੇ ਦੁੱਧ ਨੂੰ ਅਲੱਗ ਅਲੱਗ ਕਰ ਦਿੰਦਾ ਹੈ ਤੇ ਦੁੱਧ ਪੀਂਦਾ ਹੈ। ਉਸ ਦੀ ਚੁੰਜ ਵਿੱਚ ਖਟਾਸ ਹੁੰਦੀ ਹੈ, ਜਦੋਂ ਉਹ ਆਪਣੀ ਚੁੰਜ ਦੁੱਧ ਵਿੱਚ ਪਾਉਂਦਾ ਹੈ ਤਾਂ ਪਾਣੀ ਦੁੱਧ ਵਿੱਚੋਂ ਅਲੱਗ ਹੋ ਜਾਂਦਾ ਹੈ। ਦੂਜਾ ਤੱਥ : ਹੰਸ ਹਮੇਸ਼ਾ ਮੋਤੀ ਖ਼ੁਰਾਕ ਹੀ ਚੁਗਦਾ ਹੈ। **ਕਰਹੋ ਭੂਰ**- ਘਸਮੈਲਾ ਕਰਨਾ, ਖ਼ੱਜਲ ਖ਼ੁਆਰ ਕਰਨਾ। **ਪ੍ਰਤੱਖਸ**- ਜਾਹਿਰ, ਹਾਜ਼ਿਰ ਨਾਜ਼ਿਰ। **ਨੂਰ**- ਪ੍ਰਕਾਸ਼ ਸਰੂਪ ਪ੍ਰਭੂ। **ਹਜੂਰ**- ਹਾਜ਼ਿਰ, ਪ੍ਰਤੱਖ।

**ਨੋਟ** : ਇਹ ਸ਼ਬਦ 'ਰਾਗੁ ਆਸਾ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਹੇ ਭਾਈ! ਆਪਣੇ ਅੰਤਰ-ਆਤਮੇ ਪ੍ਰਭੂ ਦੀ ਸਿਫ਼ਤਿ-ਸਾਲਾਹ ਦੇ ਹਮੇਸ਼ਾ ਗੁਣ ਗਾਇਆਂ ਹਿਰਦਾ ਆਤਮਿਕ ਆਨੰਦ ਨਾਲ ਲਬਾ-ਲਬ ਭਰਿਆ ਰਹਿੰਦਾ ਹੈ ਤੇ ਜਿਸ ਦੀ ਬਰਕਤਿ ਨਾਲ ਮਾਇਆ-ਵੇੜ੍ਹੇ ਖੋਟੇ ਕਰਮ ਛੁੱਟ ਜਾਂਦੇ ਹਨ ਤੇ ਸਾਰੇ ਪਾਪ ਵੀ ਦੂਰ ਹੋ ਜਾਂਦੇ ਹਨ॥

2. ਹੇ ਭਾਈ! ਤੂੰ ਕਾਵਾਂ ਵਾਲਾ (ਮੈਲ ਸਹੇੜਣ ਦਾ) ਸੁਭਾਉ ਛੱਡ ਕੇ ਹੰਸਾਂ ਵਾਲਾ ਵਿਵੇਕੀ ਤੇ ਮੋਤੀ-ਖ਼ੁਰਾਕ (ਭਾਵ ਆਤਮਿਕ ਜੀਵਨ ਦੇਣ ਵਾਲੀ ਨਾਮ-ਰਸ ਦੀ ਖ਼ੁਰਾਕ) ਚੁਗਣ ਦਾ ਸੁਭਾਉ ਅਪਣਾ ਤਾਂ ਕਿ ਵਿਕਾਰ ਤੈਨੂੰ ਖੱਜਲ-ਖ਼ੁਆਰ ਨਾ ਕਰਨ। ਜਿਸ ਪ੍ਰਭੂ ਨੇ ਤੈਨੂੰ ਦੁਰਲੱਭ ਸਰੀਰ ਬਖ਼ਸ਼ਿਆ ਹੈ ਉਸ ਨੂੰ ਆਪਣੇ ਇਸ ਸਰੀਰ ਅੰਦਰ ਹੀ ਹਾਜ਼ਿਰ-ਨਾਜ਼ਿਰ ਜਾਣ॥

3. ਯਾਦ ਰੱਖ, ਨਿਰੀਆਂ ਕਥਾਵਾਂ ਕਰਨ ਨਾਲ ਹੀ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ ਬਲਕਿ ਆਪਣੇ ਅੰਦਰੋਂ ਖੋਜਣ 'ਤੇ ਹੀ (ਭਾਵ ਆਪਣੇ ਆਤਮਿਕ ਜੀਵਨ ਦੀ ਪੜਤਾਲ ਕਰਨ 'ਤੇ ਹੀ) ਉਸ ਪ੍ਰਕਾਸ਼-ਸਰੂਪ ਪ੍ਰਭੂ ਨੂੰ ਪਾਇਆ ਜਾ ਸਕਦਾ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਵਿਚਾਰ ਕੇ ਫ਼ਰਮਾਂਦੇ ਹਨ ਕਿ ਹੇ ਭਾਈ! ਤੂੰ ਪ੍ਰਭੂ ਨੂੰ ਆਪਣੇ ਅੰਦਰ-ਬਾਹਰ, ਅੰਗ-ਸੰਗ ਤੇ ਹਰ ਥਾਂ ਹਾਜ਼ਿਰ-ਨਾਜ਼ਿਰ ਸਮਝ॥

## ਪਦ ਨੰ : 7

**ਦੇਵਨ ਵਾਲਾ ਦੇਤ ਹੈ, ਤਿਸ ਕੀ ਕਰ ਮਨ ਆਸ॥ ਸਰਵ ਯੁਗੀ ਪ੍ਰਤਿਪਾਲਿਆ, ਤੇਰੀ ਮਿਟੀ ਨਾ ਖ੍ਰਾਸ॥ [1] ਅੰਤਰਯਾਮੀ ਜਾਨਤਾ, ਲੇਖੇ ਸਾਸ ਗਰਾਸ॥ ਆਗਿਆ ਗੁਰ ਕੀ ਚਿਤ ਧਰ, ਸਾਧਨ ਕੋ ਰੱਖ ਪਾਸ॥ [2] ਬਖ਼ਸ਼ਣਹਾਰਾ**

**ਬਖ਼ਸ਼ਸ਼ੀ, ਪ੍ਰਭੂ ਕਾ ਹੋਇ ਦਾਸ॥ ਭਾਸ਼ਣ ਕਰ ਗੁਰ ਨਾਮ ਕੋ, ਅੰਤਰ ਰੱਖ ਪਿਆਸ॥**[3] **ਅੰਮ੍ਰਿਤ ਵੇਲਾ ਨਾਮ ਸਤਿ, ਚਾਰ ਯੁੱਗੋਂ ਮੇਂ ਭਾਸ॥ ਸਤਿ ਸੰਤੋਸ਼ ਧਾਰਣ ਧਰੋ, ਕਹਤ ਭਏ ਰਵਿਦਾਸ॥** [4]

**ਸ਼ਬਦ ਅਰਥ** : **ਖ੍ਵਾਸ**- ਇੱਛਾ। **ਸਾਸ ਗਰਾਸ**- ਸਾਹ ਲੈਂਦਿਆਂ ਤੇ ਭੋਜਨ ਖਾਂਦਿਆਂ। **ਆਗਿਆ**- ਹੁਕਮ, ਉਪਦੇਸ਼। **ਪਿਆਸ**- ਤ੍ਰਿਖਾ, ਤਾਂਘ। **ਅੰਮ੍ਰਿਤ ਵੇਲਾ**- ਰਾਤ ਦੇ ਪਿਛਲੇ ਹਿੱਸੇ ਦੀਆਂ ਪਹੁ-ਫੁੱਟਣ ਤੋਂ ਪਹਿਲਾਂ ਚਾਰ ਘੜੀਆਂ ਨੂੰ ਆਮ ਤੌਰ 'ਤੇ ਅੰਮ੍ਰਿਤ ਵੇਲਾ ਕਹਿੰਦੇ ਹਨ। ਪਰ ਸੰਤ/ ਗੁਰਮੁੱਖ ਲਈ ਅੰਮ੍ਰਿਤ ਵੇਲਾ ਉਹ ਹੈ ਜਦੋਂ ਪ੍ਰਭੂ ਦਾ ਨਾਮ ਸਿਮਰਿਆ ਜਾਏ ਭਾਵੇਂ ਇਹ ਵੇਲਾ ਦਿਨ/ਰਾਤ ਦਾ ਕੋਈ ਵੀ ਸਮਾਂ ਹੋਵੇ, ਉਹ ਸਮਾਂ ਜਦੋਂ ਮਨ ਵਿੱਚ ਪੂਰਨ ਖੜਾਉ ਹੁੰਦਾ ਹੈ। **ਸਤਿ**- ਸਦਾ ਥਿਰ ਰਹਿਣ ਵਾਲਾ ਪ੍ਰਭੂ। **ਭਾਸ**- ਪ੍ਰਗਟ ਹੋਣਾ, ਪਰਵਾਨ ਹੋਣਾ।

**ਨੋਟ** : ਇਹ ਸ਼ਬਦ 'ਰਾਗੁ ਆਸਾ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਹੇ ਭਾਈ! ਪ੍ਰਭੂ ਸਭ ਤਰ੍ਹਾਂ ਦੀਆਂ ਦਾਤਾਂ ਬਖ਼ਸ਼ਣ ਵਾਲਾ ਦਾਤਾ ਹੈ, ਇਸ ਲਈ ਤੂੰ ਮਨ ਵਿੱਚ ਕੇਵਲ ਉਸ 'ਤੇ ਹੀ ਆਸ ਰੱਖ। ਪ੍ਰਭੂ ਸਾਰੇ ਯੁੱਗਾਂ ਵਿੱਚ ਜੀਵਾਂ ਦੀ ਪਾਲਣਾ ਕਰਦਾ ਆਇਆ ਹੈ ਪਰ ਮਾਇਆ-ਵੇੜ੍ਹੇ ਜੀਵਾਂ ਦੀਆਂ ਮਾਇਕ-ਪਦਾਰਥਾਂ ਦੀਆਂ ਇੱਛਾਵਾਂ ਕਦੇ ਵੀ ਨਹੀਂ ਮੁੱਕੀਆਂ॥

2. ਦਿਲਾਂ ਦਾ ਜਾਣਨਹਾਰ ਪ੍ਰਭੂ ਸਭ ਕੁਝ ਜਾਣਦਾ ਹੈ, ਉਸ ਤੋਂ ਕੁਝ ਵੀ ਲੁਕਿਆ ਨਹੀਂ ਹੈ, ਇਸ ਲਈ ਤੂੰ ਸਾਹ ਲੈਂਦਿਆਂ ਤੇ ਭੋਜਨ ਖਾਂਦਿਆਂ ਭਾਵ ਆਪਣਾ ਹਰ ਪਲ ਤੇ ਹਰ ਸਾਹ ਪ੍ਰਭੂ-ਸਿਮਰਨ ਦੇ ਲੇਖੇ ਲਗਾ ਦੇ। ਸਤਿਗੁਰੂ ਦੇ ਉਪਦੇਸ਼ ਨੂੰ ਆਪਣੇ ਮਨ ਵਿੱਚ ਵਸਾ ਕੇ ਉਸ ਦੇ ਬਖ਼ਸ਼ੇ ਹੋਏ 'ਸ਼ਬਦ-ਰੂਪੀ' ਸਾਧਨ ਦੀ ਸਾਂਭ ਕਰ ਭਾਵ 'ਸ਼ਬਦ' ਰਾਹੀਂ ਪ੍ਰਭੂ ਦਾ ਸਿਮਰਨ ਕਰ॥

3. ਬਖ਼ਸ਼ਣਹਾਰ ਪ੍ਰਭੂ ਸਭ ਕੁਝ ਬਖ਼ਸ਼ ਦਿੰਦਾ ਹੈ ਬੇ-ਸ਼ਰਤੇ ਜੀਵ ਪ੍ਰਭੂ ਦਾ ਦਾਸ ਬਣ ਕੇ ਰਹੇ, ਗੁਰੂ ਦੇ 'ਸ਼ਬਦ' ਰਾਹੀਂ ਉਸ ਨੂੰ ਸਿਮਰਦਾ ਰਹੇ ਤੇ ਮਨ ਵਿੱਚ ਉਸ ਦੇ ਦਰਸ਼ਨਾਂ ਦੀ ਤੀਵਰ ਤਾਂਘ ਰੱਖੇ॥

4. ਸਤਿਗੁਰੂ ਰਵਿਦਾਸ ਮਹਾਰਾਜ ਜੀ ਉਚਾਰਨ ਕਰਦੇ ਹਨ ਕਿ ਅੰਮ੍ਰਿਤ ਵੇਲੇ ਭਾਵ ਹਰ ਵੇਲੇ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੇ 'ਨਾਮ-ਸਿਮਰਨ' ਦਾ ਨਿਯਮ ਸਦਾ ਤੋਂ ਹੀ ਚੱਲਿਆ ਆ ਰਿਹਾ ਹੈ। ਇਹ ਨਿਯਮ ਚੌਹਾਂ ਯੁੱਗਾਂ ਵਿੱਚ ਪਰਵਾਨ ਹੈ। ਇਸ ਲਈ ਹੇ ਭਾਈ! ਮਨ ਵਿੱਚ ਸਤ-ਸੰਤੋਖ ਧਾਰ ਕੇ ਪ੍ਰਭੂ ਦਾ ਨਾਮ-ਸਿਮਰਨ ਹਰ ਵੇਲੇ ਕਰਦਾ ਰਿਹਾ ਕਰ॥

## ਪਦ ਨੰ : 8

**ਤਨ, ਮਨ, ਧਨ ਅਰਪਣ ਕਰੋ, ਬਾਣੀ ਜਪ ਹਰਿ ਮੀਤ॥ ਸਤਿਸੰਗਤਿ ਕਰ ਸੰਤ ਕੀ, ਦੁਸ਼ਟ ਤਿਆਗੋ ਰੀਤ॥** [1] **ਸਵਾਸ ਸਵਾਸ ਸਿਮਰਨ ਕਰੋ, ਜਨਮ ਆਮੋਲਕ ਜੀਤ॥ ਸੋਹੰ ਨਾਮ ਕੇ ਭਜਨ ਸੇ, ਦੂਰ ਹੋਇ ਭਰਮ ਭੀਤ॥**[2] **ਤੂੰਹੀ ਤੂੰਹੀ ਰਟਤਾ ਰਹੇ, ਔਰ ਨਾ ਲਾਵੇ ਚੀਤ॥ ਮਾਨ ਪਾਇ ਜਿੰਨ ਸੇਵਿਆ, ਪ੍ਰਭ ਸੋ**

**ਪਾਈ ਪ੍ਰੀਤ ॥ ³ ਨਾਮ ਨਿਸ਼ਾਨ ਪ੍ਰਾਪਤੇ, ਜੋ ਗਾਵਤ ਹਰਿ ਕੇ ਗੀਤ ॥ ਰਵਿਦਾਸ ਕਹੇ ਸਤਿਸੰਗ ਮੇਂ, ਅਵਯ ਪਦ ਸਤਿਗੁਰ ਦੀਤ ॥ ⁴**

**ਸ਼ਬਦ ਅਰਥ** : **ਦੁਸ਼ਟ**- ਖੋਟਾ, ਦੁਰਜਨ, ਬਦ ਚਲਨ। **ਗੀਤ**- ਜੀਵਨ ਜੁਗਤੀ। **ਆਮੋਲਕ**- ਜਿਸ ਦਾ ਮੁੱਲ ਨਾ ਹੋ ਸਕੇ, ਅਨਮੋਲ। **ਭੀਤ**- ਦੀਵਾਰ, ਪਰਦਾ। **ਸੇਵਿਆ**- ਸੇਵਾ ਭਗਤੀ ਕੀਤੀ। **ਨਿਸ਼ਾਨ**- ਚਿੰਨ੍ਹ ਚਿਹਨ, ਪਰਵਾਨਾ (ਭਾਵ ਲਿਖਿਆ ਹੋਇਆ ਹੁਕਮਨਾਮਾ), ਸਾਹੀ ਫ਼ੁਰਮਾਨ। **ਪਦ**- ਰੁਤਬਾ, ਅਵਸਥਾ। **ਅਵਯ**- ਨਿਰਭੈ।

**ਨੋਟ** : ਇਹ ਸ਼ਬਦ 'ਰਾਗੁ ਬਿਲਾਵਲ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਹੇ ਮਿੱਤਰ ਜੀਵ! ਤੂੰ ਆਪਣਾ ਤਨ, ਮਨ ਤੇ ਧਨ ਪ੍ਰਭੂ ਨੂੰ ਅਰਪਿਤ ਕਰਕੇ (ਭਾਵ ਆਪਣੀ ਹਰ ਤਰ੍ਹਾਂ ਦੀ ਅਪਣੱਤ ਨੂੰ ਛੱਡ ਕੇ) ਹਰਿ-ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਬਾਣੀ ਦਾ ਜਾਪ ਕਰ। ਤੂੰ ਆਪਣੀ ਬਦ-ਚਲਨੀ ਵਾਲੀ ਜੀਵਨ-ਜੁਗਤੀ ਨੂੰ ਤਿਆਗ ਕੇ ਸੰਤ-ਜਨਾਂ ਦੀ ਸੋਹਣੀ ਸਤਿ-ਸੰਗਤ ਵਿੱਚ ਰਹਿ॥

2. ਤੂੰ ਹੁਣ ਪ੍ਰਭੂ ਦਾ ਸਵਾਸ-ਸਵਾਸ ਸਿਮਰਨ ਕਰਕੇ ਆਪਣੇ ਅਨਮੋਲ ਮਨੁੱਖਾ ਜਨਮ ਨੂੰ ਸਫ਼ਲ ਕਰ ਲੈ। ਯਾਦ ਰੱਖ, ਪ੍ਰਭੂ ਨਾਲ ਇਕ-ਰੂਪ ਹੋ ਜਾਣ ਵਾਲੇ 'ਸ਼ਬਦ' ਦਾ ਭਜਨ ਕੀਤਿਆਂ ਭਰਮਾਂ ਦੇ ਸਾਰੇ ਪਰਦੇ ਟੁੱਟ ਜਾਂਦੇ ਹਨ ਭਾਵ ਮਨ ਅੰਦਰੋਂ ਸਾਰੇ ਭਰਮ ਦੂਰ ਹੋ ਜਾਂਦੇ ਹਨ॥

3. ਇਸ ਲਈ ਤੂੰ ਕੇਵਲ ਉਸ 'ਇਕ ਪ੍ਰਭੂ' ਦਾ ਨਾਮ ਹੀ ਹਰ ਵੇਲੇ ਰਟਦਾ ਰਹਿ ਤੇ ਮਨ ਵਿੱਚ ਕਿਸੇ ਹੋਰ ਦਾ ਧਿਆਨ ਨਾ ਲਿਆ। ਜਿਹੜਾ ਜੀਵ ਹਰਿ-ਪ੍ਰਭੂ ਨਾਲ ਪ੍ਰੀਤ ਪਾਉਂਦਾ ਹੈ ਤੇ ਉਸਦੀ ਸੇਵਾ-ਭਗਤੀ ਕਰਦਾ ਹੈ ਉਹ ਇਸ ਸੰਸਾਰ ਵਿੱਚ ਇੱਜ਼ਤ-ਮਾਣ ਖੱਟਦਾ ਹੈ॥

4. ਹਰਿ-ਪ੍ਰਭੂ ਦੀ ਸਿਫ਼ਤਿ ਸਾਲਾਹ ਦੇ ਗੀਤ ਗਾਇਆਂ ਤੇ ਉਸ ਦਾ ਨਾਮ ਸਿਮਰਿਆਂ ਜੀਵ ਪ੍ਰਭੂ ਦੇ ਦਰ 'ਤੇ ਜਾਣ ਲਈ, ਮਾਨੋਂ, ਪਰਵਾਨਾ ਪ੍ਰਾਪਤ ਕਰ ਲੈਂਦਾ ਹੈ (ਭਾਵ ਪ੍ਰਭੂ-ਦਰ 'ਤੇ ਕਬੂਲਿਆ ਜਾਂਦਾ ਹੈ)। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਸਤਿ-ਸੰਗਤ ਵਿੱਚ ਜਾਇਆਂ ਸਤਿਗੁਰੂ ਜੀ ਆਪਣੀ ਕਿਰਪਾ ਨਾਲ ਜੀਵ ਨੂੰ ਉਹ ਆਤਮਿਕ ਅਵਸਥਾ ਬਖ਼ਸ਼ ਦਿੰਦੇ ਹਨ ਜਿੱਥੇ ਦੁਨੀਆਂ ਦਾ ਕੋਈ ਵੀ ਡਰ ਉਸ ਨੂੰ ਪੋਹ ਨਾ ਸਕੇ॥

## ਪਦ ਨੰ : 9

**ਗੁਰਮੁੱਖ ਸੇਤੀ ਪ੍ਰੀਤ ਰੱਖ, ਕੁਕਰਮ ਸੇ ਮਨ ਬੰਦ ॥ ਸਤਿ ਗੋਬਿੰਦ ਗੋਪਾਲ ਗੁਰ, ਔਰ ਆਵਨ ਜਾਨ ਸਨਬੰਧ ॥ ¹ ਅੰਧੇਰ ਮਚਿਯੋ ਸਰਬ ਜਗਤ ਮੇਂ, ਪਰਕਾਸ਼ ਬਿੰਨ ਗੁਰ ਚੰਦ ॥ ਨਿਤ ਪੜ੍ਹਨ ਗੁਰਮੁੱਖ ਸਤਿ, ਜਾਨਤ ਭਏ ਸਰਬ ਛੰਦ ॥ ² ਗੁਰ ਹੀ ਧਾਰੇ ਰੂਪ ਸਬ, ਖੇਲੇ ਖੇਲ ਆਨੰਦ ॥ ਜਨ ਰਵਿਦਾਸ ਪੁਕਾਰਤੇ, ਜਪੋ ਓਅੰ ਕਰ ਬੰਦ ॥ ³**

**ਸ਼ਬਦ ਅਰਥ** : **ਗੁਰਮੁੱਖ**- ਗੁਰੂ + ਮੁੱਖ = ਗੁਰੂ ਦਾ ਮੁੱਖ ਭਾਵ ਗੁਰੂ ਦਾ ਚਿਹਰਾ ਭਾਵ

ਗੁਰੂ। **ਸੇਤੀ**- ਨਾਲ। **ਕੁਕਰਮ**- ਖੋਟੇ ਕਰਮ। **ਅੰਧੇਰ**- ਹਨ੍ਹੇਰਾ, ਆਤਮਿਕ ਜੀਵਨ ਵੱਲੋਂ ਬੇ-ਸਮਝੀ ਦਾ ਹਨ੍ਹੇਰਾ। **ਮਚਿਯੋ**- ਮਚਿਆ ਹੋਇਆ, ਫ਼ੈਲਿਆ ਹੋਇਆ। **ਛੰਦ**- ਵੇਦ, ਧਾਰਮਿਕ ਗ੍ਰੰਥ। **ਰੂਪ**- ਦ੍ਰਸਿਯਾ, ਕੌਤਕ, ਖੇਲ ਤਮਾਸ਼ਾ। **ਓਅੰ**- ਇਕ ਰਸ ਵਿਆਪਕ ਪ੍ਰਭੂ। **ਕਰ ਬੰਦ**- ਹੱਥ ਜੋੜ ਕੇ।

<u>ਨੋਟ</u> : ਇਹ ਸ਼ਬਦ 'ਰਾਗੁ ਬਿਲਾਵਲ' ਵਿੱਚ ਗਾਇਆ ਜਾ ਸਕਦਾ ਹੈ।

**<u>ਪਦ ਅਰਥ</u>**- ਹੇ ਭਾਈ! ਤੂੰ ਗੁਰੂ ਨਾਲ ਹਮੇਸ਼ਾ ਪ੍ਰੀਤ ਦਾ ਸੰਬੰਧ ਬਣਾਈ ਰੱਖ ਤੇ ਮਾਇਆ-ਵੇੜ੍ਹੇ ਆਪਣੇ ਮਨ ਨੂੰ ਖੋਟੇ ਕਰਮਾਂ ਵੱਲੋਂ ਬੰਨ੍ਹ ਕੇ ਰੱਖ। (ਗੁਰੂ ਦੇ ਸੇਵਕ ਲਈ) ਗੁਰੂ ਹੀ ਸਦਾ-ਥਿਰ ਰਹਿਣ ਵਾਲੇ ਪ੍ਰਭੂ (ਦਾ ਰੂਪ) ਹੈ, ਗੁਰੂ ਹੀ ਦਿਲਾਂ ਦੇ ਜਾਣਨਹਾਰ ਪ੍ਰਭੂ (ਦਾ ਰੂਪ) ਹੈ ਤੇ ਗੁਰੂ ਹੀ ਜਗਤ-ਪਾਲਕ ਪ੍ਰਭੂ (ਦਾ ਰੂਪ) ਹੈ। (ਗੁਰੂ ਦੇ ਸੰਬੰਧ ਤੋਂ ਬਿਨਾਂ) ਜਗਤ ਦੇ ਬਾਕੀ ਸਾਰੇ ਸੰਬੰਧ ਆਉਣ-ਜਾਣ ਵਾਲੇ ਹਨ ਭਾਵ ਅਸਥਾਈ ਤੇ ਨਾਸਵੰਤ ਹਨ॥

2. ਗੁਰੂ-ਰੂਪੀ ਚੰਦਰਮਾਂ ਦੇ ਆਤਮਿਕ-ਪ੍ਰਕਾਸ਼ ਤੋਂ ਬਿਨਾਂ ਸਾਰੇ ਸੰਸਾਰ ਵਿੱਚ (ਆਤਮਿਕ ਜੀਵਨ ਵਲੋਂ ਬੇਸਮਝੀ ਦਾ) ਘੁੱਪ ਹਨ੍ਹੇਰਾ ਫ਼ੈਲਿਆ ਹੋਇਆ ਹੈ। ਸਾਰੇ ਧਾਰਮਿਕ ਗ੍ਰੰਥਾਂ ਦਾ ਵੀ ਇਹੋ ਜਾਣਨਾ ਹੈ ਭਾਵ ਇਹੋ ਹੀ ਕਥਨ ਹੈ ਕਿ ਗੁਰੂ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੀ ਹੀ ਨਿਤਾ-ਪ੍ਰਤੀ ਸਿਫ਼ਤਿ-ਸਾਲਾਹ ਕਰਦਾ ਰਹਿੰਦਾ ਹੈ ਤੇ ਪੜ੍ਹਦਾ ਰਹਿੰਦਾ ਹੈ॥

3. ਗੁਰੂ ਕਈ ਤਰ੍ਹਾਂ ਦੇ ਰੂਪ ਧਾਰਦਾ ਹੈ ਭਾਵ ਉਹ ਕਈ ਤਰ੍ਹਾਂ ਦੇ ਕੌਤਕ ਰਚਾਉਂਦਾ ਹੈ ਅਤੇ ਆਤਮਿਕ ਆਨੰਦ ਦੇਣ ਵਾਲੇ ਖੇਲ ਖੇਲਦਾ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਆਪਣੇ ਆਪ ਨੂੰ ਪ੍ਰਭੂ ਦਾ ਦਾਸ ਕਹਿੰਦੇ ਹੋਏ ਫ਼ਰਮਾਂਦੇ ਹਨ ਕਿ ਹੇ ਭਾਈ! (ਇਸ ਲਈ ਗੁਰੂ ਦੇ 'ਸ਼ਬਦ' ਰਾਹੀਂ) ਤੂੰ ਇਕ-ਰਸ ਵਿਆਪਕ ਪ੍ਰਭੂ ਦੇ ਨਾਮ ਨੂੰ ਹੱਥ ਜੋੜ ਕੇ ਹਰ ਵੇਲੇ ਜੱਪਦਾ ਰਹਿ॥

## <u>ਪਦ ਨੰ : 10.</u>

**ਸਰਬ ਹੀ ਸਾਹਿਬ ਏਕ ਹੈ, ਦੂਸਰ ਕੌਨ ਕਹਾਇ॥ ਮੁਕਤਿ ਨਾ ਪਾਵੈ ਭਜਨ ਬਿਨ, ਜੋ ਉੱਤਮ ਆਪ ਸਦਾਇ॥** 1 **ਠਾਕਰ ਨਦਰ ਨਾ ਆਵਹੀ, ਕਬਹੂੰ ਨਾ ਲੇਖੈ ਲਾਇ॥ ਜੋ ਚਾਹੇ ਕਲਿਆਣ ਕੋ, ਸਤਿਗੁਰ ਲਏ ਮਨਾਇ॥** 2 **ਗੁਣਵੰਤਿਆਂ ਸੰਗ ਗੁਣ ਵਸੇ, ਜੋ ਤੂੰ ਧਿਆਨ ਲਗਾਏ॥ ਰਵਿਦਾਸ ਕਹੇ ਸੰਸਾਰ ਮੇਂ, ਬਹੁਰ ਨਾ ਜਨਮੇਂ ਧਾਏ॥** 3

**<u>ਸ਼ਬਦ ਅਰਥ</u>** : **ਉੱਤਮ**- ਸ੍ਰੇਸ਼ਟ। **ਨਦਰ**- ਨਜ਼ਰ ਆਉਣਾ, ਦਰਸ਼ਨ ਹੋਣਾ। **ਗੁਣਵੰਤਿਆਂ**- ਗੁਣਾਂ ਵਾਲੇ ਭਾਵ ਸੰਤ ਜਨ। **ਧਿਆਨ**- ਸੁਰਤਿ ਨੂੰ ਪ੍ਰਭੂ ਨਾਲ ਜੋੜਨਾ। **ਬਹੁਰ**- ਫਿਰ, ਦੁਬਾਰਾ, ਵਾਰ ਵਾਰ। **ਜਨਮੇਂ ਧਾਏ**- ਜਨਮਾਂ ਵਿੱਚ ਪੈਣਾ, ਜੂਨਾਂ ਵਿੱਚ ਪੈਣਾ।

<u>ਨੋਟ</u> : ਇਹ ਸ਼ਬਦ 'ਰਾਗੁ ਬਿਲਾਵਲ' ਵਿੱਚ ਗਾਇਆ ਜਾ ਸਕਦਾ ਹੈ।

**<u>ਪਦ ਅਰਥ</u>**- ਸ੍ਰਿਸ਼ਟੀ ਦੀ ਹਰ ਥਾਂ 'ਤੇ 'ਇੱਕੋ' ਹੀ ਮਾਲਿਕ-ਪ੍ਰਭੂ ਵਿਆਪਕ ਹੈ ਤੇ

ਉਸ ਤੋਂ ਬਿਨਾਂ ਕੋਈ ਦੂਸਰਾ ਹੋਰ (ਉਸ ਵਰਗਾ) ਵਿਆਪਕ ਕੌਣ ਕਹਾ ਸਕਦਾ ਹੈ ? ਭਾਵ 'ਇਕ' ਪ੍ਰਭੂ ਹੀ ਸਰਬ-ਵਿਆਪਕ ਹੈ। ਜਿਹੜਾ ਵੀ ਕੋਈ ਜੀਵ ਆਪਣੇ-ਆਪ ਨੂੰ ਸ੍ਰੇਸ਼ਟ ਕਹਾਉਂਦਾ ਹੈ ਉਹ ਵੀ ਪ੍ਰਭੂ ਦੇ ਨਾਮ ਨੂੰ ਸਿਮਰੇ ਬਿਨਾਂ ਮੁਕਤੀ ਨਹੀਂ ਪਾ ਸਕਦਾ, ਵਿਕਾਰਾਂ ਤੋਂ ਖਲਾਸੀ ਨਹੀਂ ਪਾ ਸਕਦਾ॥

2. ਉਸ ਨੂੰ ਕਦੇ ਵੀ ਠਾਕੁਰ-ਪ੍ਰਭੂ ਦੇ ਦਰਸ਼ਨ ਨਹੀਂ ਹੁੰਦੇ ਕਿਉਂਕਿ ਉਹ ਕਦੇ ਵੀ ਆਪਣਾ ਜੀਵਨ ਪ੍ਰਭੂ ਦੇ ਲੇਖੇ ਨਹੀਂ ਲਗਾਉਂਦਾ। ਜੇਕਰ ਜੀਵ ਆਪਣਾ ਕਲਿਆਣ ਚਾਹੁੰਦਾ ਹੈ ਤਾਂ ਉਸ ਨੂੰ ਸਤਿਗੁਰੂ ਦੀ ਰਹਿਮਤ ਪ੍ਰਾਪਤ ਕਰਨੀ ਚਾਹੀਦੀ ਹੈ॥

3. ਹੇ ਭਾਈ! ਗੁਣਾਂ ਵਾਲੇ ਜੀਵਾਂ ਭਾਵ ਸੰਤ-ਜਨਾਂ ਦੇ ਹਿਰਦੇ ਵਿੱਚ ਪ੍ਰਭੂ-ਨਾਮ ਦੇ ਰੱਬੀ ਗੁਣ ਹਮੇਸ਼ਾ ਵਸੇ ਰਹਿੰਦੇ ਹਨ। ਅਜਿਹੇ ਸੰਤ-ਜਨਾਂ ਦੀ ਸੰਗਤ ਵਿੱਚ ਰਹਿ ਕੇ ਸੁਰਤਿ ਨੂੰ ਪ੍ਰਭੂ ਦੇ ਨਾਮ-ਸਿਮਰਨ ਨਾਲ ਜੋੜਿਆਂ ਜੀਵਾਂ ਅੰਦਰ ਵੀ (ਸੰਤ-ਜਨਾਂ ਵਾਂਗ) ਰੱਬੀ ਗੁਣ ਆ ਵਸਦੇ ਹਨ। ਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਸੰਤ-ਜਨਾਂ ਦੀ ਸੰਗਤ ਵਿੱਚ ਰਹਿਣ ਵਾਲੇ ਅਜਿਹੇ ਜੀਵ ਸੰਸਾਰ 'ਚ ਆ ਕੇ ਦੁਬਾਰਾ ਜਨਮਾਂ ਵਿੱਚ ਨਹੀਂ ਪੈਂਦੇ ਭਾਵ ਉਹ ਜੀਵਨ-ਮੁਕਤ ਹੋ ਜਾਂਦੇ ਹਨ॥

## ਪਦ ਨੰ : 11

**ਨਾਮ ਧਿਆਵੇ ਦੇਵ ਮੁਨਿ, ਕਰਤਾ ਪੁਰਸ਼ ਆਗੰਮ॥ ਸੀਸ ਦਾਨ ਕਰ ਹਰਿ ਮਿਲੇ, ਤੂੰ ਨਾ ਜਾਨ ਸਹੰਮ॥** [1] **ਠਾਕਰ ਸਦਾ ਸਮੀਪ ਹੈ, ਤਿਸ ਬਿਨ ਨਿਹਫਲ ਔਰ॥ ਗੁਰ ਗੋਪਾਲ ਧਿਆਏ ਤੂੰ, ਮਨ ਆਪਣਾ ਕਰ ਭੌਰ॥** [2] **ਬੰਧਨ ਕੌਨ ਛੁੜਾਵਸੀ, ਕੀਏ ਬਿਨਾ ਮਨ ਧਰਮ॥ ਕਾਟੇ ਗੋਬਿੰਦ ਜਨਮ ਮਰਨ, ਦੂਰ ਹੋਇ ਸਭ ਭਰਮ॥** [3] **ਸਾਹਿਬ ਦੀਨ ਦਿਆਲ ਸਦਾ, ਸੋਈ ਮਨੋ ਪੁਕਾਰ॥ ਕਹੇ ਰਵਿਦਾਸ ਪ੍ਰੀਤਿ ਹਰਿ, ਮਨ ਮੇਂ ਰਾਖ ਵਿਚਾਰ॥** [4]

**ਸ਼ਬਦ ਅਰਥ** : **ਕਰਤਾ**- ਰਚਣ ਵਾਲਾ, ਸਿਰਜਣਾ ਕਰਨ ਵਾਲਾ। **ਪੁਰਸ਼**- ਪ੍ਰਭੂ। **ਆਗੰਮ**- ਬੁੱਧੀ ਦੀ ਪਹੁੰਚ ਤੋਂ ਪਰ੍ਹੇ। **ਸਹੰਮ**- ਭੈਅ, ਡਰ। **ਨਿਹਫਲ**- ਵਿਅਰਥ, ਬੇਫ਼ਾਇਦਾ। **ਗੋਪਾਲ**- ਗੋ+ਪਾਲ = ਪ੍ਰਿਥਵੀ ਦਾ ਪਾਲਣਹਾਰ ਭਾਵ ਜਗਤ ਦਾ ਪ੍ਰਭੂ। **ਭੌਰ**- ਭਉਰਾ। **ਧਰਮ**- ਸਿਮਰਨ ਰੂਪੀ ਸ਼ੁਭ ਕਰਮ।

**ਨੋਟ** : ਇਹ ਸ਼ਬਦ 'ਰਾਗੁ ਆਸਾ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਹੇ ਭਾਈ! ਸ੍ਰਿਸ਼ਟੀ ਦਾ ਸਿਰਜਣਹਾਰ-ਪ੍ਰਭੂ ਜੀਵ ਦੀ ਬੁੱਧੀ ਦੀ ਪਹੁੰਚ ਤੋਂ ਬਹੁਤ ਪਰ੍ਹੇ ਹੈ। ਉਸ ਨੂੰ ਪਾਉਣ ਲਈ ਦੇਵਤੇ ਤੇ ਰਿਸ਼ੀ-ਮੁਨੀ ਆਦਿ ਸਭ ਉਸ ਦੇ ਨਾਮ ਨੂੰ ਹਰ ਵੇਲੇ ਸਿਮਰਦੇ ਰਹਿੰਦੇ ਹਨ। ਇਸ ਲਈ ਜੇਕਰ ਸਿਰ ਦਿੱਤਿਆਂ ਹਰਿ-ਪ੍ਰਭੂ ਮਿਲਦਾ ਹੈ ਤਾਂ ਤੂੰ ਆਪਣਾ ਸਿਰ ਦੇਣ ਤੋਂ ਵੀ ਨਾ ਡਰ, (ਬਿਨਾਂ ਕਿਸੇ ਝਿੱਜਕ ਤੋਂ ਆਪਣੇ ਅੰਦਰੋਂ ਆਪਾ-ਭਾਵ ਮਿਟਾ ਕੇ ਪ੍ਰਭੂ ਅੱਗੇ ਪੂਰੀ ਤਰ੍ਹਾਂ ਸਮਰਪਿਤ ਹੋ ਜਾ।)॥

2. ਪ੍ਰਭੂ ਹਮੇਸ਼ਾ ਜੀਵ ਦੇ ਨੇੜੇ ਹੈ, ਉਸ ਦੇ ਅੰਗ-ਸੰਗ ਤੇ ਅੰਦਰ-ਬਾਹਰ ਹੈ ਪਰ ਉਸ ਨੂੰ ਪਾਏ ਬਿਨਾਂ ਜੀਵ ਦਾ ਹੋਰ ਸਭ ਕੁਝ ਵਿਅਰਥ ਹੈ, ਬੇ-ਮਾਇਨੇ ਹੈ। ਹੇ ਭਾਈ! ਤੂੰ ਆਪਣੇ ਮਨ ਨੂੰ ਭਉਰਾ ਬਣਾ ਕੇ (ਭਾਵ ਜਿਵੇਂ ਭਉਰਾ ਫੁੱਲਾਂ ’ਤੇ ਮਸਤ ਰਹਿੰਦਾ ਹੈ) ਤਿਵੇਂ ਹੀ ਤੂੰ ਵੀ ਗੁਰੂ ਦੇ ‘ਸ਼ਬਦ’ ਰਾਹੀਂ ਜਗਤ ਪਾਲਕ-ਪ੍ਰਭੂ ਦੇ ਨਾਮ-ਸਿਮਰਨ ਵਿੱਚ ਮਗਨ ਰਹਿ॥

3. ਮਨ ਵਿੱਚ ਸਿਮਰਨ-ਰੂਪੀ ਸ਼ੁਭ ਕਰਮ ਕੀਤੇ ਬਿਨਾਂ ਜੀਵ ਨੂੰ ਸੰਸਾਰਿਕ ਬੰਧਨਾਂ ਤੋਂ ਹੋਰ ਕੌਣ ਛੁਡਾ ਸਕਦਾ ਹੈ? ਭਾਵ ਪ੍ਰਭੂ ਦਾ ਨਾਮ-ਸਿਮਰਨ ਹੀ ਜੀਵ ਨੂੰ ਸੰਸਾਰਿਕ ਬੰਧਨਾਂ ਤੋਂ ਖ਼ਲਾਸੀ ਦਿਵਾਉਂਦਾ ਹੈ। ਦਿਲਾਂ ਦੇ ਜਾਣਨਹਾਰ-ਪ੍ਰਭੂ ਦਾ ਨਾਮ ਸਿਮਰਿਆਂ ਜਨਮ-ਮਰਨ ਦੇ ਬੰਧਨ ਕੱਟੇ ਜਾਂਦੇ ਹਨ ਤੇ ਸਾਰੇ ਭਰਮ-ਭੁਲੇਖੇ ਵੀ ਦੂਰ ਹੋ ਜਾਂਦੇ ਹਨ॥

4. ਉਹ ਮਾਲਿਕ-ਪ੍ਰਭੂ ਦੀਨਾਂ ’ਤੇ ਹਮੇਸ਼ਾ ਦਇਆਵਾਨ ਰਹਿੰਦਾ ਹੈ, ਇਸ ਲਈ ਤੂੰ ਉਸ ਦਾ ਆਪਣੇ ਦਿਲੋਂ ਸਿਮਰਨ ਕਰ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਜੀਵ ਨੂੰ ਪ੍ਰਭੂ ਨਾਲ ਸੱਚੀ ਪ੍ਰੀਤ ਕਰਦੇ ਰਹਿਣ ਦਾ ਵਿਚਾਰ ਹਮੇਸ਼ਾ ਮਨ ਵਿੱਚ ਯਾਦ ਰੱਖਣਾ ਚਾਹੀਦਾ ਹੈ॥

## ਪਦ ਨੰ : 12

**ਤਿਸ ਜੇਵਡ ਦਾਤਾ ਨਾਂਹਿ ਕਉ, ਗੁਰ ਆਪਰੰਪਰ ਸੋਇ॥ ਗੁਰ ਬਿਨ ਸੁਰਤ ਨਾ ਸਤਯ ਹੈ, ਭਰਮ ਥੱਕੇ ਸਬ ਲੋਇ॥ [1] ਦੇਵ ਨਾਥ ਔਰ ਸਿੱਧ, ਸਰਬ ਗੁਰ ਮਾਨੇ ਤੇ ਹੋਇ॥ ਧਰਤੀ ਵਯੋਮ ਵਿਚਾਰਿਆ, ਤਿਸ ਤੇ ਭਿੰਨ ਨਾ ਕੋਇ॥ [2] ਪਾਤਾਲ ਪੁਰੀ ਜਯਕਾਰ ਧੁੰਨ, ਕੱਛ ਮੱਛ ਭੀ ਜੋਇ॥ ਦਾਨਾ ਦਾਤਾ ਸ਼ੀਲਵੰਤ, ਉਪਕਾਰੀ ਜਗ ਹੋਇ॥ [3] ਇੰਦਰ ਬ੍ਰਹਮਾਂ ਮਹੇਸ਼ ਗਣ, ਪਵਨ ਬੈਸੰਤਰ ਤੋਇ॥ ਯਹ ਸਬ ਬਪੁਰੇ ਕੀਟ ਸਮ, ਲਖੇ ਨਾ ਸਾਹਿਬ ਜੋਇ॥ [4] ਕਹੇ ਰਵਿਦਾਸ ਪੁਕਾਰ ਕਰ, ਭਰਮ ਭੀਤ ਮਨ ਖੋਇ॥ [5]**

**ਸ਼ਬਦ ਅਰਥ** : **ਜੇਵਡ**- ਜਿੱਡਾ ਵੱਡਾ। **ਆਪਰੰਪਰ**- ਬੇਅੰਤ, ਪਰ੍ਹੇ ਤੋਂ ਪਰ੍ਹੇ। **ਸਤਯ**- ਸਤਿ, ਸਦਾ ਥਿਰ ਰਹਿਣ ਵਾਲਾ ਪ੍ਰਭੂ। **ਲੋਇ**- ਲੋਕ। **ਨਾਥ**- ਵਿਭੂਤੀ ਵਾਲੇ ਯੋਗੀ। **ਸਿੱਧ**- ਪੁੱਗਾ ਹੋਇਆ ਜੋਗੀ। **ਮਾਨੇ**- ਮਨਣਾ, ਸ਼ਰਧਾ ਰੱਖਣਾ। **ਵਯੋਮ**- ਆਕਾਸ਼। **ਕੱਛ ਮੱਛ**- ਮਧਯ ਲੋਕ। **ਜੋਇ**- ਜਿਹੜਾ, ਉਹੀ। **ਦਾਨਾ**- ਗਿਆਨੀ। **ਦਾਤਾ**- ਦਾਨੀ। **ਸ਼ੀਲਵੰਤ**- ਚੰਗੇ ਸੁਭਾਉ ਵਾਲਾ। **ਬੈਸੰਤਰ**- ਅਗਨੀ। **ਬਪੁਰੇ**- ਬੇਚਾਰੇ, ਤਰਸਯੋਗ। **ਕੀਟ**- ਕੀੜੇ। **ਲਖੇ**- ਤੱਕਣਾ, ਜਾਣਨਾ। **ਸਾਹਿਬ**- ਮਾਲਿਕ ਪ੍ਰਭੂ। **ਤੋਇ ਜੋਇ**- ਤਦੋਂ ਤੱਕ ਜਦੋਂ ਤੱਕ। **ਭੀਤ**- ਦੀਵਾਰ, ਪਰਦਾ।

ਨੋਟ : ਇਹ ਸ਼ਬਦ ‘ਰਾਗੁ ਆਸਾ’ ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਹੇ ਭਾਈ! ਦੁਨੀਆਂ ਵਿੱਚ ਪ੍ਰਭੂ ਜਿੰਨਾਂ ਵੱਡਾ ਦਾਤਾ ਕੋਈ ਹੋਰ ਨਹੀਂ ਹੈ। ਗੁਰੂ ਦੀ ਮਿਹਰ ਨਾਲ ਹੀ ਉਸ ਅਪਰੰਪਾਰ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਤੋਂ ਬਿਨਾਂ ਸੁਰਤਿ ਸਦਾ-ਥਿਰ ਰਹਿਣ ਵਾਲੇ ਪ੍ਰਭੂ ਨਾਲ ਜੁੜਦੀ ਨਹੀਂ।

(ਦੂਸਰੇ ਸ਼ਬਦਾਂ 'ਚ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰੂ ਤੋਂ ਬਿਨਾਂ ਸੁਰਤਿ ਉੱਚੀ ਆਤਮਿਕ ਅਵਸਥਾ ਨੂੰ ਪਾਉਣ 'ਚ ਸਫ਼ਲ ਨਹੀਂ ਹੁੰਦੀ।) ਦੁਨੀਆਂ ਦੇ ਸਾਰੇ ਲੋਕ ਗੁਰੂ ਤੋਂ ਬਿਨਾਂ (ਸੁਰਤਿ ਨੂੰ ਪ੍ਰਭੂ ਨਾਲ ਜੋੜਨ ਲਈ) ਭਰਮਾਂ ਵਿੱਚ ਭਟਕਦੇ ਹੋਏ ਥੱਕ ਗਏ ਹਨ॥

2. ਦੇਵਤੇ,ਨਾਥ ਤੇ ਪੁੱਗੇ ਹੋਏ ਜੋਗੀ ਆਦਿਕ ਸਭ ਗੁਰੂ ਵਿੱਚ ਦ੍ਰਿੜ ਵਿਸ਼ਵਾਸ ਤੇ ਸ਼ਰਧਾ ਰੱਖ ਕੇ ਹੀ ਮਹਾਨ ਹੋਏ ਹਨ। ਸਾਰੇ (ਧਾਰਮਿਕ ਗ੍ਰੰਥਾਂ) ਦਾ ਇਹੋ ਹੀ ਵਿਚਾਰ ਹੈ ਕਿ ਧਰਤੀ ਤੋਂ ਲੈ ਕੇ ਆਕਾਸ਼ ਤੱਕ ਪ੍ਰਭੂ ਆਪ ਹੀ ਆਪ ਵਿਆਪਕ ਹੈ ਤੇ ਉਸ ਤੋਂ ਇਲਾਵਾ ਕੋਈ ਹੋਰ ਦੂਸਰਾ ਵਿਆਪਕ ਨਹੀਂ ਹੈ॥

3. ਪਾਤਾਲ ਲੋਕ ਵਿੱਚ ਵੀ ਉਸੇ ਪ੍ਰਭੂ ਦੀ ਹੀ ਜੈਕਾਰ ਧੁਨਿ ਹੋ ਰਹੀ ਹੈ ਅਤੇ ਮੱਧ-ਲੋਕ ਵਿੱਚ ਵੀ ਉਹੀ ਪ੍ਰਭੂ ਮੌਜੂਦ ਹੈ। ਇਸ ਦੁਨੀਆਂ ਵਿੱਚ ਅਨੇਕਾਂ ਹੀ ਗਿਆਨ-ਵਾਨ, ਦਾਨੀ, ਧਾਰਮਿਕ ਸੁਭਾਉ ਵਾਲੇ ਤੇ ਪਰਉਪਕਾਰੀ ਲੋਕ ਹੋਏ ਹਨ॥

4. ਇੰਦਰ ਤੇ ਬ੍ਰਹਮਾ (ਵਰਗੇ ਵੱਡੇ-ਵੱਡੇ ਦੇਵਤੇ), ਸ਼ਿਵ-ਗਣ (ਵਰਗੇ ਵੱਡੇ-ਵੱਡੇ ਭਗਤ) ਤੇ ਹਵਾ ਤੇ ਅਗਨੀ (ਆਦਿ ਵਰਗੇ ਤੱਤ) ਵੀ ਦੁਨੀਆਂ 'ਚ ਹਨ। ਪਰ ਇਹ ਸਭ ਤਦੋਂ ਤੱਕ ਬੇਚਾਰੇ ਕੀੜਿਆਂ ਦੇ ਸਮਾਨ ਹਨ ਜਦੋਂ ਤੱਕ ਕਿ ਉਸ ਮਾਲਿਕ-ਪ੍ਰਭੂ ਨੂੰ ਜਾਣ ਨਹੀਂ ਲੈਂਦੇ (ਤੇ ਉਸ ਨਾਲ ਸਾਂਝ ਨਹੀਂ ਪਾ ਲੈਂਦੇ।)॥

5. ਸਤਿਗੁਰੂ ਰਵਿਦਾਸ ਮਹਾਰਾਜ ਜੀ ਜ਼ੋਰ ਦੇ ਕੇ ਫ਼ਰਮਾਉਂਦੇ ਹਨ ਕਿ ਹੇ ਭਾਈ! ਪ੍ਰਭੂ ਨੂੰ ਜਾਣਨ ਨਾਲ ਜੀਵ ਦੇ ਮਨ ਵਿੱਚੋਂ ਭਰਮਾਂ ਦੇ ਸਾਰੇ ਪਰਦੇ ਖ਼ਤਮ ਹੋ ਜਾਂਦੇ ਹਨ ਭਾਵ ਭਰਮਾਂ ਦੀ ਦੀਵਾਰ ਟੁੱਟ ਜਾਂਦੀ ਹੈ॥

## ਪਦ ਨੰ : 13

**ਅੱਠ ਸੱਠ ਤੀਰਥ ਪੁੰਨ ਫਲ, ਹੋਵਤ ਜੋ ਸੱਚ ਜਾਗ॥ ਧਿਆਨ ਧਰੋ ਪ੍ਰਭੂ ਭਜਨ ਮੇਂ, ਤੋ ਹੋਵੇ ਬਡ ਭਾਗ॥ [1] ਮਨ ਕਾ ਮਣਕਾ ਫੇਰ ਲਏ, ਵਿਰਤੀ ਕਾ ਕਰ ਤਾਗ॥ ਸ਼ਰਵਣ ਕਰ ਕੇ ਹੀ ਭਯੋ, ਏ ਜਗ ਸਗਰੋ ਬਾਗ॥ [2] ਸਾਹਿਬ ਕੇ ਸਤਿਸੰਗ ਮੇਂ, ਰਹੋ ਮਨ ਸਦ ਹੀ ਲਾਗ॥ ਜਨ ਰਵਿਦਾਸ ਸੋਹੰ ਗੁਣ ਭਜ, ਮਨ ਮਤ ਅਪਨੀ ਤਿਆਗ॥ [3]**

**ਸ਼ਬਦ ਅਰਥ** : **ਸੱਚ**- ਸਤਿ, ਸਦਾ ਥਿਰ ਰਹਿਣ ਵਾਲਾ ਪ੍ਰਭੂ। **ਤਾਗ**- ਧਾਗਾ, ਡੋਰ। **ਵਿਰਤੀ**- ਸੁਰਤਿ। **ਸਗਰੋ**- ਸਾਰਾ। **ਸੋਹੰ ਭਜ**- ਪ੍ਰਭੂ ਨਾਲ ਇਕ ਰੂਪ ਹੋ ਜਾਣ ਵਾਲਾ ਭਜਨ ਕਰਨਾ।

ਨੋਟ : ਇਹ ਸ਼ਬਦ 'ਰਾਗੁ ਆਸਾ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਜੋ ਜੀਵ ਆਤਮਿਕ ਜੀਵਨ ਵੱਲੋਂ ਬੇ-ਪਰਵਾਹੀ ਦੀ ਨੀਂਦ ਵਿੱਚੋਂ ਜਾਗ ਕੇ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੇ ਨਾਮ-ਸਿਮਰਨ ਨਾਲ ਜੁੜਦਾ ਹੈ ਉਹ, ਮਾਨੋ, ਅਠਾਹਠ ਤੀਰਥਾਂ ਦੇ ਇਸ਼ਨਾਨਾਂ ਦਾ ਪੁੰਨ-ਫਲ ਪ੍ਰਾਪਤ ਕਰ ਲੈਂਦਾ ਹੈ। ਜਿਹੜਾ ਜੀਵ ਆਪਣੀ ਸੁਰਤਿ ਨੂੰ ਪ੍ਰਭੂ ਦੇ ਨਾਮ-ਸਿਮਰਨ ਨਾਲ ਹਮੇਸ਼ਾ ਜੋੜੀ

ਰੱਖਦਾ ਹੈ ਉਹ ਵੱਡੇ ਭਾਗਾਂ ਵਾਲਾ ਹੋ ਜਾਂਦਾ ਹੈ॥

2. ਹੇ ਜੀਵ! ਤੂੰ (ਪਾਖੰਡੀ ਲੋਕਾਂ ਵਾਂਗ) ਮਾਲਾ ਦਾ ਮਣਕਾ ਨਾ ਫੇਰ ਬਲਕਿ ਮਨ ਨੂੰ ਮਾਲਾ ਬਣਾ ਕੇ ਉਸ ਦਾ ਮਣਕਾ ਫੇਰ ਤੇ ਆਪਣੀ ਸੁਰਤਿ ਨੂੰ ਅਜਿਹੀ ਡੋਰ ਬਣਾ ਜੋ ਤੈਨੂੰ ਹਰ ਦਮ ਪ੍ਰਭੂ-ਸਿਮਰਨ ਨਾਲ ਜੋੜੀ ਰੱਖੇ। ਯਾਦ ਰੱਖ, ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੀ ਸਿਫ਼ਤਿ-ਸਾਲਾਹ ਸੁਣਨ (ਤੇ ਕਰਨ) ਦੀ ਬਰਕਤਿ ਨਾਲ ਹੀ ਇਹ ਸਾਰਾ ਸੰਸਾਰ ਇਕ ਸੁੰਦਰ ਬਗੀਚੀ ਵਾਂਗ ਸੋਹਣਾ ਲੱਗਦਾ ਹੈ॥

3. ਇਸ ਲਈ ਜੀਵ ਨੂੰ ਚਾਹੀਦਾ ਹੈ ਕਿ ਉਹ ਆਪਣਾ ਮਨ ਹਮੇਸ਼ਾ ਮਾਲਿਕ-ਪ੍ਰਭੂ ਦੇ ਸਤਿਸੰਗ ਵਿੱਚ ਲਗਾਈ ਰੱਖੇ। ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਹੇ ਜੀਵ! ਤੂੰ ਆਪਣੇ ਮਨ ਦੀ ਮੱਤ ਨੂੰ ਤਿਆਗ ਕੇ ਭਾਵ ਮਨ ਦੇ ਪਿੱਛੇ ਤੁਰਨਾ ਬੰਦ ਕਰਕੇ ਪ੍ਰਭੂ ਦੇ ਗੁਣਾਂ ਦਾ ਅਜਿਹਾ ਭਜਨ ਕਰ ਕਿ ਤੂੰ ਪ੍ਰਭੂ ਨਾਲ ਇਕ-ਰੂਪ ਹੋ ਜਾਵੇਂ॥

## ਪਦ ਨੰ : 14

**ਗੁਣੋਂ ਕਾ ਹੋਵੇ ਸਾਗਰਾ, ਧਿਆਏ ਨਿਰੰਜਨ ਨਾਮ॥ ਨਾਮ ਗੁਰ ਕਾ ਵੋਹਿਥਾ, ਤੇਰੇ ਆਵੈ ਕਾਮ॥ [1] ਕਰਤਾ ਚਿੱਤ ਨਾ ਆਵਹੀ, ਭੂਲ ਗਿਆ ਤੂੰ ਨਾਮ॥ ਪ੍ਰਭੂ ਕਾ ਸਿਮਰਣ ਛੋਡ ਕੇ, ਖੋਟੇ ਕਰਤਾ ਕਾਮ॥ [2] ਔਗੁਣ ਤੇਰੇ ਦੂਰ ਹੋ, ਪਰ ਤੂੰ ਗੁਰ ਕੀ ਸਾਮ॥ ਆਠ ਪਹਿਰ ਭਗਵਾਨ ਭਜ, ਨਿਕਟ ਨਾ ਆਵੇ ਜਾਮ॥[3] ਸਵਾਸ ਸਵਾਸ ਮਨ ਭਜਨ ਕਰੋ, ਸਿਮਰੋ ਸ੍ਰੀ ਗੁਰ ਨਾਮ॥ ਰਵਿਦਾਸ ਕਹੇ ਗੁਰ ਸ਼ਰਣ ਮੇਂ, ਪਾਵੈ ਸੁੱਖ ਵਿਸ਼ਰਾਮ॥ [4]**

**ਸ਼ਬਦ ਅਰਥ** : **ਗੁਣੋਂ ਕਾ ਹੋਵੇ ਸਾਗਰਾ**- ਗੁਣਾਂ ਦਾ ਸਮੁੰਦਰ। **ਨਿਰੰਜਨ**- ਮਾਇਆ ਤੋਂ ਨਿਰੇਲਪ ਪ੍ਰਭੂ। **ਵੋਹਿਥਾ**- ਜਹਾਜ਼। **ਕਰਤਾ**- ਕਰਤਾਰ, ਰਚਣਹਾਰ ਪ੍ਰਭੂ। **ਸਾਮ**- ਸ਼ਰਨ। **ਜਾਮ**- ਜਮਦੂਤ, ਆਤਮਿਕ ਮੌਤ ਲਿਆਉਣ ਵਾਲੇ ਜਮਦੂਤ। **ਸ੍ਰੀ**- ਪੂਜਨੀਯ। **ਗੁਰ ਨਾਮ**- ਗੁਰੂ ਦਾ ਸ਼ਬਦ। **ਸੁੱਖ**- ਆਨੰਦ, ਆਤਮਿਕ ਆਨੰਦ। **ਵਿਸ਼ਰਾਮ**- ਸਥਿਰ, ਸ਼ਾਂਤ।

ਨੋਟ : ਇਹ ਸ਼ਬਦ 'ਰਾਗੁ ਆਸਾ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਹੇ ਭਾਈ! ਜਿਹੜਾ ਵੀ ਜੀਵ ਆਪਣੀ ਸੁਰਤਿ ਨੂੰ ਮਾਇਆ ਤੋਂ ਨਿਰਲੇਪ ਪ੍ਰਭੂ ਦੇ ਨਾਮ-ਸਿਮਰਨ ਨਾਲ ਹਰ ਵੇਲੇ ਜੋੜੀ ਰੱਖਦਾ ਹੈ ਉਹ (ਰੱਬੀ) ਗੁਣਾਂ ਦਾ ਸਾਗਰ ਹੋ ਜਾਂਦਾ ਹੈ, (ਰੱਬੀ) ਗੁਣਾਂ ਦਾ ਭੰਡਾਰ ਹੋ ਨਿਬੜਦਾ ਹੈ। ਗੁਰੂ ਦਾ 'ਸ਼ਬਦ', ਮਾਨੋ, ਇਕ ਸਮਰੱਥ ਜਹਾਜ਼ ਹੈ ਜੋ ਜੀਵ ਨੂੰ ਮਾਇਆ ਦੇ ਮੋਹ-ਰੂਪ ਸੰਸਾਰ-ਸਮੁੰਦਰ ਤੋਂ ਪਾਰ ਲੰਘਾਉਣ ਦੇ ਕੰਮ ਆਉਂਦਾ ਹੈ॥

2. ਪਰ ਮਾਇਆ-ਵੇੜ੍ਹੇ ਜੀਵ ਨੂੰ ਜਗਤ ਦਾ ਰਚਣਹਾਰ-ਪ੍ਰਭੂ ਚਿੱਤ ਵਿੱਚ ਯਾਦ ਨਹੀਂ ਆਉਂਦਾ (ਕਿਉਂਕਿ ਉਹ ਸੰਸਾਰ ਦੇ ਮਾਇਆਵੀ ਜੰਜਾਲ ਵਿੱਚ ਫਸਿਆ ਹੋਇਆ ਸਹੀ ਜੀਵਨ-ਰਾਹ ਤੋਂ ਖੁੰਝ ਕੇ) ਉਸ ਦੇ ਨਾਮ ਨੂੰ ਭੁਲਾ ਬੈਠਾ ਹੈ। ਉਹ ਪ੍ਰਭੂ ਦਾ ਸਿਮਰਨ ਛੱਡ ਕੇ ਕੁਰਾਹੇ ਪਿਆ ਹੋਇਆ ਖੋਟੇ ਕਰਮਾਂ (ਧੰਦਿਆਂ) ਵਿੱਚ ਲੱਗਿਆ ਰਹਿੰਦਾ ਹੈ॥

3. ਪਰ ਜਦੋਂ ਉਹ (ਪ੍ਰਭੂ ਦੀ ਕ੍ਰਿਪਾ ਨਾਲ) ਗੁਰੂ ਦੀ ਸ਼ਰਨ ਪੈਂਦਾ ਹੈ ਤਾਂ ਉਸ ਦੇ ਸਾਰੇ ਖੋਟੇ ਕਰਮ ਆਪਣੇ ਆਪ ਛੁੱਟ ਜਾਂਦੇ ਹਨ ਤੇ ਸਾਰੇ ਔਗੁਣ ਦੂਰ ਹੋ ਜਾਂਦੇ ਹਨ। ਫਿਰ ਉਹ ਅੱਠੋ-ਪਹਿਰ ਪ੍ਰਭੂ ਦਾ ਸਿਮਰਨ ਕਰਦਾ ਰਹਿੰਦਾ ਹੈ ਤੇ ਜਿਸ ਦੀ ਬਰਕਤਿ ਨਾਲ ਆਤਮਿਕ ਮੌਤ ਲਿਆਉਣ ਵਾਲੇ ਜਮਦੂਤ ਵੀ ਉਸ ਦੇ ਨੇੜੇ ਨਹੀਂ ਢੁੱਕਦੇ॥

4. ਇਸ ਲਈ ਹੇ ਭਾਈ! ਤੂੰ ਪੂਜਨੀਯ ਗੁਰੂ ਦੇ 'ਸ਼ਬਦ' ਰਾਹੀਂ ਆਪਣੇ ਮਨ 'ਚ ਪ੍ਰਭੂ ਦਾ ਸਵਾਸ-ਸਵਾਸ ਸਿਮਰਨ ਕਰ। ਸਤਿਗੁਰੂ ਰਵਿਦਾਸ ਜੀ ਮਹਾਰਾਜ ਉਚਾਰਨ ਕਰਦੇ ਹਨ ਕਿ ਗੁਰੂ ਦੀ ਸ਼ਰਨ ਵਿੱਚ ਜਾਇਆਂ ਜੀਵ ਦਾ ਮਨ ਸ਼ਾਂਤ ਤੇ ਸਥਿਰ ਹੋ ਜਾਂਦਾ ਹੈ ਤੇ ਉਸ ਨੂੰ ਸਦੀਵੀ ਆਤਮਿਕ ਆਨੰਦ ਮਿਲਦਾ ਹੈ॥

## ਪਦ ਨੰ : 15

**ਗੁਰਦੇਵ ਦੋਵਾਰੇ ਤੇਰਾ ਮਾਨ ਹੈ, ਨਿਧਯਾਸਨ ਕਰੇ ਨਿਹਾਲ॥ ਜਹਾਂ ਬੈਠੇ ਤਹਾਂ ਸੋਭ ਹੋ, ਕਬਹੂੰ ਨਾ ਹੋਇ ਬਿਹਾਲ॥ 1 ਗੁਰਮੁਖ ਕੀ ਰੀਤਿ ਧਰੋ, ਗੁਰਮੁਖ ਕੀ ਚਲੋ ਚਾਲ॥ ਏਕ ਧਿਆਨਾ ਏਕ ਮੇਂ, ਕਰ ਤੂੰ ਯਹ ਸੰਭਾਲ॥ 2 ਕਾਰਣ ਕਰਤੇ ਅੰਤ ਨਾ, ਤਿਸ ਕੀ ਪ੍ਰੀਤਿ ਨਿਹਾਲ॥ ਪੂਰਾ ਸਤਿਗੁਰ ਮਿਲਤ ਹੈ, ਪ੍ਰਾਪਤ ਹੋਵੇ ਘਾਲ॥ 3 ਵਸਤੁ ਨਾਮ ਪ੍ਰਾਪਤੇ, ਹਿਰਦੇ ਕਰ ਲੈ ਥਾਲ॥ ਸ਼ੋਭਾ ਪਾਵੇ ਦੇਹ ਮੇਂ, ਕਹੇ ਰਵਿਦਾਸ ਵਿਸਾਲ॥ 4**

**ਸ਼ਬਦ ਅਰਥ** : **ਨਿਧਯਾਸਨ**- ਵਾਰ ਵਾਰ ਚਿੱਤ ਵ੍ਰਿੱਤਿ ਨੂੰ ਧਿਆਨ ਵਿੱਚ ਲਗਾਉਣਾ। **ਨਿਹਾਲ**- ਪ੍ਰਸ਼ੰਨ ਚਿੱਤ ਹੋਣਾ, ਖਿੜੇ ਰਹਿਣਾ। **ਬਿਹਾਲ**- ਮਾੜਾ ਹਾਲ। **ਰੀਤਿ**- ਜੁਗਤੀ, ਸੁਭਾਉ। **ਚਾਲ**- ਆਚਰਣ, ਮਰਯਾਦਾ। **ਧਿਆਨ**- ਸੁਰਤਿ ਜੋੜਣਾ। **ਕਾਰਣ ਕਰਤੇ**- ਜਗਤ ਦਾ ਮੂਲ-ਪ੍ਰਭੂ, ਜਗਤ ਦਾ ਰਚਣਹਾਰ। **ਨਿਹਾਲ**- ਮੁਰਾਦਮੰਦ। **ਘਾਲ**- ਮਿਹਨਤ, ਕਮਾਈ। **ਸ਼ੋਭਾ**- ਇੱਜ਼ਤ, ਮਾਣ। **ਵਿਸਾਲ**- ਮੇਲ, ਮਿਲਾਪ।

ਨੋਟ : ਇਹ ਸ਼ਬਦ 'ਰਾਗੁ ਆਸਾ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਹੇ ਭਾਈ! ਗੁਰੂਦੇਵ ਦੇ ਦਰ 'ਤੇ ਜਾਇਆਂ ਜੀਵ ਦਾ ਹਮੇਸ਼ਾ ਸਤਿਕਾਰ ਹੀ ਹੁੰਦਾ ਹੈ। (ਗੁਰੂਦੇਵ 'ਸ਼ਬਦ' ਦੀ ਦਾਤ ਨਾਲ ਜੀਵ ਨੂੰ ਨਿਵਾਜਦਾ ਹੈ।) ਇਸ 'ਸ਼ਬਦ' ਰਾਹੀਂ ਜੀਵ ਆਪਣੀ ਚਿੱਤ-ਵ੍ਰਿਤੀ ਨੂੰ ਪ੍ਰਭੂ ਦੇ ਧਿਆਨ ਵਿੱਚ ਲਗਾ ਕੇ (ਭਾਵ ਸੁਰਤਿ ਨੂੰ ਪ੍ਰਭੂ ਦੇ ਨਾਮ ਨਾਲ ਜੋੜ ਕੇ) ਖਿੜੇ ਜੀਵਨ ਵਾਲਾ ਹੋ ਜਾਂਦਾ ਹੈ। ਉਹ ਜਿੱਥੇ ਵੀ ਬਹਿੰਦਾ ਹੈ ਉੱਥੇ ਹੀ ਸ਼ੋਭਾ ਖੱਟਦਾ ਹੈ ਤੇ ਉਸ ਦਾ ਕਦੇ ਵੀ ਨਿਰਾਦਰ ਨਹੀਂ ਹੁੰਦਾ, ਮਾੜਾ ਹਾਲ ਨਹੀਂ ਹੁੰਦਾ॥

2. ਹੇ ਭਾਈ! ਤੂੰ ਗੁਰਮੁਖਾਂ ਵਾਲਾ ਸੁਭਾਉ ਆਪਣੇ ਮਨ ਵਿੱਚ ਧਾਰਨ ਕਰ ਤੇ ਉਨ੍ਹਾਂ ਦੀ ਜੀਵਨ-ਜੁਗਤੀ ਤੇ ਆਚਰਣ ਨੂੰ ਆਪਣੇ ਜੀਵਨ ਵਿੱਚ ਅਪਣਾ। ਤੂੰ ਇਕ-ਮਨ ਇਕ-ਚਿੱਤ ਹੋ ਕੇ ਸੁਰਤਿ ਨੂੰ 'ਇਕ' ਪ੍ਰਭੂ ਨਾਲ ਜੋੜ ਤੇ ਉਸ ਦੇ ਨਾਮ ਦੀ ਸੰਭਾਲ ਕਰ ਭਾਵ ਉਸ ਦਾ ਨਾਮ-ਸਿਮਰਨ ਕਰ॥

3. ਜਗਤ ਦੇ ਰਚਣਹਾਰ ਪ੍ਰਭੂ ਦਾ ਕੋਈ ਪਾਰਾਵਾਰ ਨਹੀਂ, ਕੋਈ ਅੰਤ ਨਹੀਂ,

ਉਹ ਪਰ੍ਹੇ ਤੋਂ ਪਰ੍ਹੇ ਹੈ। ਤੂੰ ਉਸ ਪ੍ਰਭੂ ਦੀ ਪ੍ਰੀਤ ਦਾ ਮੁਰਾਦਮੰਦ ਹੋ, ਮਨ ਵਿੱਚ ਉਸ ਦੀ ਪ੍ਰੀਤ ਨੂੰ ਲੋਚ। ਯਾਦ ਰੱਖ, ਪੂਰਨ ਤੇ ਸਮਰੱਥ ਸਤਿਗੁਰੂ ਦੇ ਮਿਲਾਪ ਨਾਲ ਹੀ ਜੀਵ ਦੀ (ਪ੍ਰਭੂ ਨੂੰ ਮਿਲਣ ਲਈ) ਕੀਤੀ ਹੋਈ ਘਾਲ-ਕਮਾਈ ਸਫ਼ਲ ਹੁੰਦੀ ਹੈ॥

4. ਇਸ ਮਿਲਾਪ ਦੀ ਬਰਕਤਿ ਨਾਲ ਹੀ ਜੀਵ ਸਤਿਗੁਰੂ ਪਾਸੋਂ ਨਾਮ-ਰੂਪੀ ਵਸਤੂ ਪ੍ਰਾਪਤ ਕਰਦਾ ਹੈ ਤੇ ਆਪਣੇ ਹਿਰਦੇ ਨੂੰ ਥਾਲ ਬਣਾ ਕੇ ਇਸ ਵਸਤੂ ਨੂੰ ਧਾਰਨ ਕਰਦਾ ਹੈ ਭਾਵ ਆਪਣੇ ਹਿਰਦੇ-ਥਾਲ ਵਿੱਚ ਇਸ 'ਨਾਮ/ਸ਼ਬਦ' ਨੂੰ ਹਮੇਸ਼ਾ ਵਸਾਈ ਰੱਖਦਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ (ਇਸ 'ਨਾਮ/ਸ਼ਬਦ' ਦੇ ਸਿਮਰਨ ਰਾਹੀਂ) ਜੀਵ ਆਪਣੀ ਦੇਹ ਅੰਦਰ ਭਾਵ ਆਪਣੇ ਹਿਰਦੇ ਅੰਦਰ ਪ੍ਰਭੂ ਨਾਲ ਮਿਲਾਪ ਕਰਕੇ ਧੰਨ-ਧੰਨ ਹੋ ਜਾਂਦਾ ਹੈ ਤੇ ਇੱਜ਼ਤ-ਮਾਣ ਖੱਟਦਾ ਹੈ॥

## ਪਦ ਨੰ : 16

**ਕੁਦਰਤ ਕੌਨ ਵਿਚਾਰ ਹੈ, ਕੋਈ ਨਾ ਜਾਨੇ ਭੇਤ ॥ ਸਰਵ ਹੀ ਸ਼ਕਤੀਮਾਨ ਗੁਰ, ਭੂਲੇ ਮਨ ਲਏ ਚੇਤ ॥ [1] ਗੁਰ ਬਿੰਨ ਆਦਿ ਵਿਆਧਿ ਮੇਂ, ਤੀਨੋਂ ਤਾਪ ਜਰੇਤ ॥ ਗੁਰੂ ਗੋਬਿੰਦ ਪ੍ਰਤਾਪ ਸੇ, ਹੋਤ ਜਾਤ ਸਰਵ ਸੇਤ ॥ [2] ਨਾਮ ਲੀਏ ਅਘ ਜਾਏਂਗੇ, ਪਾਪਾਂ ਮੂਲ ਹਰੇਤ ॥ ਜਨ ਰਵਿਦਾਸ ਅਧੀਨ ਹੋ, ਕਰੋ ਸਵਾਮੀ ਹੇਤ ॥ [3]**

**ਸ਼ਬਦ ਅਰਥ** : **ਕੁਦਰਤ**- ਪ੍ਰਭੂ ਦੀ ਰਚਨਾ ਸ਼ਕਤੀ। **ਭੇਤ**- ਭੇਦ, ਰਹੱਸ। **ਭੂਲੇ**- ਭਟਕਦੇ। **ਚੇਤ**- ਯਾਦ ਕਰਨਾ। **ਜਰੇਤ**- ਜਰਨਾ, ਸਹਾਰਨਾ। **ਸੇਤ**- ਸੀਤਲ, ਸ਼ਾਂਤ। **ਅਘ**- ਪਾਪ, ਰੋਗ। **ਮੂਲ**- ਮੁੱਢ, ਜੜ੍ਹ। **ਹਰੇਤ**- ਹਰਨਾ, ਕੱਟਣਾ, ਨਾਸ਼ ਹੋਣਾ। **ਹੇਤ**- ਪਿਆਰ, ਪ੍ਰੀਤ। **ਅਧੀਨ**- ਮਾਤਹਤ ਹੋਣਾ, ਦਾਸ ਹੋਣਾ।

**ਨੋਟ** : ਇਹ ਸ਼ਬਦ 'ਰਾਗੁ ਸੋਰਠਿ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਹੇ ਭਾਈ! ਪ੍ਰਭੂ ਦੀ ਕੁਦਰਤ (ਰਚਨਾ ਸ਼ਕਤੀ) ਦਾ ਕੌਣ ਵਿਚਾਰ ਕਰ ਸਕਦਾ ਹੈ? ਉਸ ਦੇ ਭੇਦਾਂ ਨੂੰ ਕੋਈ ਨਹੀਂ ਜਾਣ ਸਕਦਾ। ਪਰ (ਪ੍ਰਭੂ ਵਾਂਗ) ਗੁਰੂ ਵੀ ਸਰਵ-ਸ਼ਕਤੀਮਾਨ ਹੈ, ਪੂਰਨ ਸਮਰੱਥਾ ਵਾਲਾ ਹੈ। ਹੇ ਮਾਇਆ ਦੇ ਮੋਹ ਵਿੱਚ ਭਟਕਦੇ ਮਨ! ਤੂੰ ਗੁਰੂ ਨੂੰ ਚੇਤੇ ਕਰ, ਉਸ ਦਾ ਵਿਚਾਰ ਕਰ॥

2. ਹੇ ਭਾਈ! ਗੁਰੂ ਦੀ ਕਿਰਪਾ ਤੋਂ ਬਿਨਾਂ ਜੀਵ ਤਿੰਨੋਂ ਤਾਪ (ਆਦਿ, ਵਿਆਧਿ ਤੇ ਉਪਾਧਿ) ਜਰਦਾ ਰਹਿੰਦਾ ਹੈ। ਗੁਰੂ, ਜੋ ਗੋਬਿੰਦ-ਪ੍ਰਭੂ ਦਾ ਰੂਪ ਹੈ, ਉਸ ਦੇ ਤੇਜ ਪ੍ਰਤਾਪ ਨਾਲ ਹੀ ਇਹ ਸਾਰੇ ਤਾਪ ਸ਼ਾਂਤ ਹੁੰਦੇ ਹਨ॥

3. (ਗੁਰੂ ਦੇ 'ਸ਼ਬਦ' ਰਾਹੀਂ) ਪ੍ਰਭੂ ਦਾ ਨਾਮ ਸਿਮਰਿਆਂ ਜੀਵ ਦੇ ਸਾਰੇ ਆਤਮਿਕ ਰੋਗ ਦੂਰ ਹੁੰਦੇ ਹਨ ਤੇ ਸਾਰੇ ਪਾਪ ਵੀ ਜੜ੍ਹੋਂ ਕੱਟੇ ਜਾਂਦੇ ਹਨ। ਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਹੇ ਜੀਵ! ਇਸ ਲਈ ਤੂੰ ਸੇਵਕ ਬਣ ਕੇ ਆਪਣੇ ਮਾਲਿਕ-ਗੁਰੂ ਨਾਲ ਸੱਚੇ ਮਨੋਂ ਪ੍ਰੀਤ ਕਰ॥

## ਪਦ ਨੰ : 17

**ਤਿਸ ਬਿਨ ਦੂਸਰ ਅਵਰ ਨਾ, ਨਿਰੰਕਾਰ ਕੋ ਦੇਖ॥ ਅਮਰ ਅਜਰ ਭਰਪੂਰ ਗੁਰ, ਘਟਿ ਘਟਿ ਮਾਂਹਿ ਸੁਲੇਖ॥ [1] ਨਿਰੰਕਾਰ ਸਦ ਸਦੀਵ ਸੋਇ, ਸਾਹਿਬ ਸਰਵ ਵਿਸੇਖ॥ ਸ਼ਰਧਾ ਸੇ ਪ੍ਰੀਤਮ ਮਿਲੇ, ਪਾਵਤ ਸਰਵ ਹੀ ਭੇਖ॥ [2] ਤਾਪ ਤਪੇ ਮਨ ਮਾਰ ਕੇ, ਹੋਤ ਜਾਤ ਹੈ ਸ਼ੀਵ॥ ਉਦਾਸ ਰਹੇ ਸੰਸਾਰ ਮੇਂ, ਬਹੁ ਬਿਅੰਤ ਹੀ ਜੀਵ॥ [3] ਆਤਮ ਦੇਵ ਬਸਾਯਾ, ਹਿਰਦੇ ਮੇਂ ਕਰ ਵਾਸ॥ ਜਗ ਮੇਂ ਆਇਆ ਸੁਫਲ ਹੈ, ਕਹਤ ਭਯੋ ਰਵਿਦਾਸ॥ [4]**

**ਸ਼ਬਦ ਅਰਥ** : **ਦੇਖ**- ਪੜਤਾਲਣਾ ਕਰਨਾ, ਵਿਚਾਰ ਕਰਨਾ। **ਭਰਪੂਰ**- ਲਬਾਲਬ, ਪੂਰਨ ਵਿਆਪਕ। **ਗੁਰੂ**- ਇੱਥੇ 'ਗੁਰੂ' ਸ਼ਬਦ ਪ੍ਰਭੂ ਲਈ ਵਰਤਿਆ ਗਿਆ ਹੈ। **ਸੁਲੇਖ**- ਮਿਲਿਆ ਹੋਇਆ, ਇਕਮਿੱਕ ਹੋਇਆ। **ਸਦੀਵ**- ਨਿੱਤ, ਹਮੇਸ਼ਾ। **ਸਾਹਿਬ**- ਪ੍ਰਭੂ ਪਾਤਿਸ਼ਾਹ। **ਵਿਸੇਖ**- ਵਿਸ਼ੇਸ਼, ਵਿਲੱਖਣ। **ਭੇਖ**- ਭੇਦ। **ਤਾਪ ਤਪੇ**- ਧੂਣੀਆਂ ਤਪਾ ਕੇ ਤੱਪ ਕਰਨ, ਸਿਮਰਨ ਕਰਨਾ। **ਮਨ ਮਾਰ ਕੇ**- ਵਿਕਾਰਾਂ ਵੱਲੋਂ ਮਨ ਨੂੰ ਮੋੜਨਾ। **ਸੀਵ**- ਕਲਿਆਣ। **ਉਦਾਸ**- ਵਿਰਕਤ, ਵੈਰਾਗੀ। **ਆਤਮ ਦੇਵ**- ਪੂਜਯਾ ਪਰਮਾਤਮਾ।
**ਨੋਟ** : ਇਹ ਸ਼ਬਦ 'ਰਾਗੁ ਸੋਰਠਿ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਹੇ ਭਾਈ! ਨਿਰੰਕਾਰ-ਪ੍ਰਭੂ ਤੋਂ ਬਿਨਾਂ ਹੋਰ ਦੂਸਰਾ (ਉਸ ਵਰਗਾ) ਕੋਈ ਵੀ ਨਹੀਂ ਹੈ। ਤੂੰ ਉਸ ਦੀ ਪੜਤਾਲਣਾ ਕਰ, ਉਸ ਦੀ ਜਾਣ-ਪਹਿਚਾਣ ਕਰ। ਉਹ ਪ੍ਰਭੂ ਮਰਨ-ਰਹਿਤ ਤੇ ਬੁਢਾਪਾ-ਰਹਿਤ ਹੈ ਅਤੇ ਹਰ ਥਾਂ ਪੂਰੀ ਤਰ੍ਹਾਂ ਸਮਾਇਆ ਹੋਇਆ ਹੈ। ਉਹ ਹਰੇਕ ਘਟ ਵਿੱਚ ਇਕ-ਮਿੱਕ ਹੋਇਆ ਇਕ-ਰਸ ਵਿਆਪਕ ਰਹਿੰਦਾ ਹੈ॥

2. ਉਹ ਆਕਾਰ-ਰਹਿਤ ਪ੍ਰਭੂ-ਪਾਤਿਸ਼ਾਹ ਹਮੇਸ਼ਾ ਕਾਇਮ ਰਹਿਣ ਵਾਲਾ ਹੈ ਤੇ ਸਭ ਤੋਂ ਵਿਲੱਖਣ ਹੈ। ਉਸ ਪ੍ਰੀਤਮ-ਪ੍ਰਭੂ ਨੂੰ ਸੱਚੀ ਸ਼ਰਧਾ ਤੇ ਪ੍ਰੀਤ ਨਾਲ ਹੀ ਮਿਲਿਆ ਜਾ ਸਕਦਾ ਹੈ ਤੇ ਉਸ ਦੇ ਸਾਰੇ ਭੇਦਾਂ ਨੂੰ ਪਾਇਆ ਜਾ ਸਕਦਾ ਹੈ॥

3. ਜਿਹੜਾ ਜੀਵ ਆਪਣੇ ਮਨ ਨੂੰ (ਸੰਸਾਰ ਦੀ ਮੋਹ-ਮਾਇਆ ਤੇ ਵਿਸ਼ੇ-ਵਿਕਾਰਾਂ) ਵੱਲੋਂ ਮਾਰ ਕੇ (ਆਡੋਲ ਅਵਸਥਾ ਵਿੱਚ ਟਿਕਿਆ ਹੋਇਆ) ਪ੍ਰਭੂ ਦਾ ਸਿਮਰਨ ਕਰਦਾ ਹੈ ਉਹ, ਮਾਨੋਂ, ਤਪਾਉਣ ਵਾਲਾ ਤਪ ਕਰਦਾ ਹੈ ਤੇ ਇਸ ਤਪ ਦੀ ਬਰਕਤਿ ਨਾਲ ਹੀ ਉਸ ਦਾ ਕਲਿਆਣ ਹੁੰਦਾ ਹੈ। ਦੁਨੀਆਂ ਵਿੱਚ ਅਨੇਕਾਂ ਅਨਗਿਣਤ ਜੀਵ (ਪ੍ਰਭੂ ਨੂੰ ਪਾਉਣ ਲਈ) ਵੈਰਾਗ਼ੀ ਬਣੇ ਹੋਏ ਹਨ॥

4. ਪਰ ਜਿਹੜਾ ਜੀਵ ਨਾਮ-ਸਿਮਰਨ ਨੂੰ ਆਪਣੇ ਹਿਰਦੇ ਵਿੱਚ ਵਸਾਉਂਦਾ ਹੈ ਕੇਵਲ ਉਹੀ ਜੀਵ ਪੂਜਨੀਯ-ਪ੍ਰਭੂ ਨੂੰ ਆਪਣੇ ਹਿਰਦੇ ਅੰਦਰ ਵਸਦਾ ਹੋਇਆ ਅਨੁਭਵ ਕਰਦਾ ਹੈ (ਭਾਵ ਉਹ ਪ੍ਰਭੂ ਨੂੰ ਪਾ ਲੈਂਦਾ ਹੈ)। ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਅਜਿਹੇ ਜੀਵ ਦਾ ਹੀ ਸੰਸਾਰ ਵਿੱਚ ਆਉਣਾ ਸਫ਼ਲ ਹੁੰਦਾ ਹੈ॥

## ਪਦ ਨੰ : 18

**ਨਾਮ ਧਨੀ ਕਾ ਸਤਿ ਸਦਾ, ਗੁਰਦੇਵ ਰਾਖ ਮਨ ਟੇਕ ॥ ਅੰਤਰ ਧਰੀਂ ਧਿਆਨ ਤੂੰ, ਬ੍ਰਿਤਿ ਕੋ ਕਰ ਏਕ ॥ [1] ਅੰਤਹਕਰਣ ਸੁਧਾਰ ਕੇ, ਸੋਹੰ ਮਨਿ ਕਰੋ ਪਾਠ ॥ ਸਤਿਗੁਰ ਕੀ ਦਰਗਾਹ ਮੇਂ, ਸੁੰਦਰ ਹੋਵੇ ਠਾਠ ॥ [2] ਗੁਰ ਕੀ ਕਿਆ ਉਪਮਾ ਕਥੋ, ਅਦਭੁੱਤ ਲੀਲਾ ਰੀਤਿ ॥ ਪ੍ਰੇਮ ਬਿਛੋਰਾ ਨਾ ਜਰੇ, ਮੀਨ ਸਮਾਨ ਹੋ ਪ੍ਰੀਤਿ ॥ [3] ਓਅੰ ਓਅੰ ਧਿਆਨ ਧਰ, ਸੋਹੰ ਭੇਦ ਵਿਚਾਰ ॥ ਤਤ ਰੂਪ ਹੋਇ ਜਨਮਨਾਂ, ਕਹੇ ਰਵਿਦਾਸ ਆਚਾਰ ॥ [4]**

**ਸ਼ਬਦ ਅਰਥ** : **ਸਤਿ**- ਸਦਾ ਥਿਰ ਰਹਿਣ ਵਾਲਾ। **ਟੇਕ**- ਆਸਰਾ। **ਬ੍ਰਿਤਿ**- ਧਿਆਨ, ਸੁਰਤਿ। **ਕਰ ਏਕ**- ਇਕਾਗਰ ਕਰ। **ਸੁਧਾਰ ਕੇ**- ਸ਼ੁੱਧ ਕਰਕੇ। **ਠਾਠ**- ਸ਼ੋਭਾ। **ਉਪਮਾ**- ਮਹਿਮਾ। **ਲੀਲਾ**- ਖੇਡ, ਕੌਤਕ। **ਰੀਤਿ**- ਮਰਯਾਦਾ। **ਤੱਤ**- ਜਗਤ ਦਾ ਮੂਲ ਪ੍ਰਭੂ। **ਆਚਾਰ**- ਧਾਰਮਿਕ ਮਰਯਾਦਾ, ਆਚਰਣ।

ਨੋਟ : ਇਹ ਸ਼ਬਦ 'ਰਾਗੁ ਸੋਰਠਿ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਹੇ ਭਾਈ! ਸਦਾ-ਥਿਰ ਰਹਿਣ ਵਾਲੇ ਧਨੀ-ਪ੍ਰਭੂ ਦਾ ਨਾਮ ਹੀ ਹਮੇਸ਼ਾ ਰਹਿਣ ਵਾਲਾ ਹੈ। (ਉਸ ਨੂੰ ਪਾਉਣ ਲਈ) ਤੂੰ ਗੁਰੂਦੇਵ ਦਾ ਆਪਣੇ ਮਨ ਵਿੱਚ ਆਸਰਾ ਰੱਖ। ਤੂੰ ਆਪਣੇ ਧਿਆਨ ਨੂੰ ਅੰਦਰ ਹੀ ਇਕਾਗਰ ਕਰ ਕੇ (ਗੁਰੂਦੇਵ ਦੇ 'ਸ਼ਬਦ' ਰਾਹੀਂ) ਸੁਰਤਿ ਨੂੰ ਪ੍ਰਭੂ ਦੇ ਨਾਮ-ਸਿਮਰਨ ਨਾਲ ਜੋੜ॥

2. ਆਪਣੇ ਅੰਤਹਕਰਣ ਨੂੰ (ਵਿਕਾਰਾਂ ਵੱਲੋਂ) ਸ਼ੁੱਧ ਕਰਕੇ ਮਨ 'ਚ ਪ੍ਰਭੂ ਨਾਲ ਇੱਕ-ਰੂਪ ਹੋ ਜਾਣ ਵਾਲਾ ਪਾਠ ਕਰ ਭਾਵ 'ਸੋਹੰ' ਨਾਮ ਦਾ ਸਿਮਰਨ ਕਰ। ਇਸ ਤਰ੍ਹਾਂ ਕਰਨ ਨਾਲ ਪ੍ਰਭੂ ਦੇ ਦਰਬਾਰ ਵਿੱਚ ਤੇਰੀ ਸੋਹਣੀ ਸ਼ੋਭਾ ਹੋਵੇਗੀ॥

3. ਜੀਵ ਸਤਿਗੁਰੂ ਦੀ ਮਹਿਮਾ ਦਾ ਕੀ ਕਥਨ ਕਰ ਸਕਦਾ ਹੈ ? ਉਸ ਦੀ ਤਾਂ ਇਕ ਅਨੋਖੀ ਹੀ ਮਰਯਾਦਾ ਹੈ, ਇਕ ਅਨੋਖੀ ਹੀ ਲੀਲਾ ਹੈ। ਸੱਚਾ ਪ੍ਰਭੂ-ਪ੍ਰੇਮੀ ਪ੍ਰਭੂ ਦਾ ਵਿਛੋੜਾ ਕਦੀ ਵੀ ਨਹੀਂ ਜ਼ਰ ਸਕਦਾ। ਜਿਵੇਂ ਮੱਛੀ ਦੀ ਪਾਣੀ ਨਾਲ ਪ੍ਰੀਤ ਹੁੰਦੀ ਹੈ ਤਿਵੇਂ ਹੀ ਜੀਵ ਨੂੰ ਵੀ ਪ੍ਰਭੂ ਨਾਲ ਪ੍ਰੀਤ ਕਰਨੀ ਚਾਹੀਦੀ ਹੈ॥

4. ਹੇ ਭਾਈ! ਤੂੰ ਇਕ-ਰਸ ਵਿਆਪਕ ਪ੍ਰਭੂ ਨਾਲ ਆਪਣੀ ਸੁਰਤਿ ਜੋੜੀ ਰੱਖ ਤੇ ਪ੍ਰਭੂ ਨਾਲ ਇਕ-ਰੂਪ ਹੋ ਜਾਣ ਦੇ ਭੇਦ ਦਾ ਵਿਚਾਰ ਕਰ। ਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਜਗਤ ਦੇ ਮੂਲ-ਪ੍ਰਭੂ ਨਾਲ ਇਕ-ਰੂਪ ਹੋ ਜਾਣਾ ਹੀ ਮਨੁੱਖਾ-ਜਨਮ ਦਾ ਸਭ ਤੋਂ ਵੱਡਾ ਧਾਰਮਿਕ ਕਰਮ ਹੈ॥

## ਪਦ ਨੰ : 19

**ਦੁਰਮਤਿ ਕਾ ਤਿਆਗਨ ਕਰੋ, ਲੇਹੋ ਗੁਰਮਤਿ ਖੋਜ ॥ ਖੋਟਨ ਕੀ ਸੰਗਤ ਤਜੋ, ਕਿਉਂ ਸਿਰ ਪਰ ਉਠਾਉ ਬੋਜ ॥ [1] ਗੁਰ ਸ਼ਰਣ ਮੇਂ ਮਨ ਲਾਗੇ, ਛੂਟੇ ਮਾਇਆ ਬੰਧ ॥ ਆਗੇ ਮੁਸ਼ਕਿਲ ਨਾ ਬਣੇ, ਹੋਏ ਨਾਮ ਸਨਬੰਧ ॥ [2] ਝੂਠ ਬੋਲ ਝੂਠਾ ਬਣੇ, ਝੂਠ ਤਿਆਗੋ ਗੈਲ ॥ ਜਨ ਰਵਿਦਾਸ ਵਿਚਾਰਿਆ, ਗਲੀ ਗਲੀ ਕਰ ਸੈਲ ॥ [3]**

**ਸ਼ਬਦ ਅਰਥ** : **ਦੁਰਮਤਿ**- ਖੋਟੀ ਮੱਤ। **ਗੁਰਮਤਿ**- ਗੁਰੂ ਦੀ ਮੱਤ, ਗੁਰੂ ਦੇ ਥਾਪੇ ਸਿਧਾਂਤ। **ਖੋਟਨ**- ਦੁਸ਼ਟ ਜਨ। **ਬੰਧ**- ਸੰਬੰਧ, ਬੰਧਨ। **ਸਨਬੰਧ**- ਡੂੰਘੀ ਸਾਂਝ। **ਗੈਲ**- ਮਾਰਗ, ਰਸਤਾ। **ਗਲੀ ਗਲੀ**- ਨਿਰੀਆਂ ਗੱਲਾਂ ਕਰਨ ਨਾਲ। **ਸੈਲ**- ਪੱਥਰ, ਪਹਾੜ।

**ਨੋਟ** : ਇਹ ਸ਼ਬਦ 'ਰਾਗੁ ਸੋਰਠਿ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਹੇ ਭਾਈ! ਤੂੰ ਆਪਣੀ ਮਾਇਆ-ਵੇੜ੍ਹੀ ਖੋਟੀ ਮੱਤ ਨੂੰ ਤਿਆਗ ਕੇ ਗੁਰੂ ਦੀ ਸ੍ਰੇਸ਼ਟ ਮੱਤ ਦੀ ਖੋਜ ਕਰ ਭਾਵ ਗੁਰੂ ਦੀ ਜੀਵਨ-ਜੁਗਤੀ ਤੇ ਉਸ ਦੇ ਥਾਪੇ ਹੋਏ ਸਿਧਾਂਤਾਂ ਦੀ ਪੜਤਾਲਣਾ ਕਰ। ਤੂੰ ਦੁਸ਼ਟ-ਜਨਾਂ ਦੀ ਕੁਸੰਗਤ ਛੱਡ ਦੇ। ਤੂੰ ਉਨ੍ਹਾਂ ਦੀ ਕੁਸੰਗਤ ਦੇ ਵਿਕਾਰਾਂ ਦਾ ਭਾਰ ਆਪਣੇ ਸਿਰ ਉੱਤੇ ਕਿਉਂ ਉਠਾਈ ਫਿਰਦਾ ਹੈਂ ?॥

2. ਦੁਸ਼ਟ-ਜਨਾਂ ਦੀ ਕੁਸੰਗਤ ਦੀ ਥਾਂ ਤੂੰ ਗੁਰੂ ਦੀ ਸ਼ਰਨ ਵਿੱਚ ਆਪਣਾ ਮਨ ਲਗਾ ਭਾਵ ਗੁਰੂ ਦੇ 'ਸ਼ਬਦ' ਵਿੱਚ ਸੁਰਤਿ ਨੂੰ ਜੋੜ, ਜਿਸ ਦੀ ਬਰਕਤਿ ਸਦਕਾ ਤੇਰੇ ਮੋਹ-ਮਾਇਆ ਦੇ ਸਾਰੇ ਸੰਬੰਧ ਛੁੱਟ ਜਾਣਗੇ। ਯਾਦ ਰੱਖ, ਪ੍ਰਭੂ ਦੇ ਨਾਮ ਨਾਲ ਸੰਬੰਧ ਬਣਾਇਆਂ ਤੇ ਉਸ ਨਾਲ ਡੂੰਘੀ ਸਾਂਝ ਪਾਇਆਂ ਅੱਗੇ ਪਰਲੋਕ ਵਿੱਚ ਵੀ ਕੋਈ ਮੁਸ਼ਕਿਲ ਨਹੀਂ ਆਉਂਦੀ॥

3. ਹੇ ਭਾਈ! ਝੂਠ ਬੋਲਣ ਨਾਲ ਜੀਵ ਝੂਠਾ ਹੀ ਬਣਦਾ ਹੈ, ਇਸ ਲਈ ਤੂੰ ਝੂਠ ਦਾ ਰਾਹ ਛੱਡ ਦੇ। ਗੁਰੂ ਰਵਿਦਾਸ ਮਹਾਰਾਜ ਜੀ ਵਿਚਾਰ ਕੇ ਫ਼ਰਮਾਂਦੇ ਹਨ ਕਿ ਹੇ ਭਾਈ! ਨਿਰੀਆਂ ਗੱਲਾਂ ਕਰਨ ਨਾਲ ਹੀ ਪਹਾੜ ਨਹੀਂ ਚੁੱਕੇ ਜਾਂਦੇ ਭਾਵ ਕਾਰਜ ਸਫ਼ਲ ਨਹੀਂ ਹੁੰਦੇ (ਬਲਕਿ ਉਨ੍ਹਾਂ ਗੱਲਾਂ ਨੂੰ ਵਿਵਹਾਰਿਕ ਜੀਵਨ ਵਿੱਚ ਅਪਣਾਉਣ ਨਾਲ ਹੀ ਕਾਰਜ ਸਫ਼ਲ ਹੁੰਦੇ ਹਨ -- ਭਾਵ ਦੁਸ਼ਟਜਨਾਂ ਦੀ ਕੁਸੰਗਤ ਤੇ ਝੂਠ ਦਾ ਰਾਹ ਛੱਡਿਆ ਜਾਂਦਾ ਹੈ।) (ਦੂਜਾ ਅਰਥ : ਗੁਰੂ ਰਵਿਦਾਸ ਜੀ ਮਹਾਰਾਜ ਹਰ ਥਾਂ ਤੇ ਹਰ ਗਲੀ-ਕੂਚੇ ਵਿੱਚ ਵਿਚਰਦੇ ਹੋਏ ਇਹੋ ਉਪਦੇਸ਼ ਦਿੰਦੇ ਹਨ ਕਿ ਜੀਵ ਨੂੰ ਝੂਠ ਦਾ ਰਾਹ ਤਿਆਗਣਾ ਚਾਹੀਦਾ ਹੈ ਤੇ ਸਤਿ-ਮਾਰਗੀ ਬਣਨਾ ਚਾਹੀਦਾ ਹੈ।)॥

## ਪਦ ਨੰ : 20

**ਭਗਵਾਨ ਆਤਮ ਦੇਵ ਕਾ, ਕਰੋ ਮਨ ਅਪਨੇ ਜਾਪ॥ ਨਾਮ ਬਡਾਈ ਮਨਨ ਕਰ, ਸਬ ਤਾਪਨ ਸਿਰ ਤਾਪ॥ [1] ਗਤਿ ਰੀਤਿ ਨਾ ਕਹਿ ਸਕੋ, ਜੋ ਮਾਨੇ ਗੁਰ ਵਾਕ॥ ਕਾਗਜ਼ ਮਿਲੇ ਨਾ ਪ੍ਰੇਮ ਕੋ, ਕਲਮ ਲਿਖੇ ਨਹੀਂ ਸਾਖ॥ [2] ਬੈਠ ਵਿਚਾਰੋ ਮਨ ਵਿਖੇ, ਸਤਿਗੁਰ ਧਿਆਨ ਲਗਾਇ॥ ਸੰਗਤ ਕਾ ਫਲ ਪਾਵ ਹੈ, ਪਾਪ ਨਰੰਚਕ ਜਾਇ॥ [3] ਬਾਨੀ ਰੋਟ ਗੁਰ ਗੁਰ ਸਦਾ, ਅੰਤਰ ਲਏ ਸੁੱਖ ਭਾਸ॥ ਮਾਰੰਗ ਪਾਵਤ ਲਾਭ ਹੋ, ਕਹਤ ਸਤਯ ਰਵਿਦਾਸ॥ [4]**

**ਸ਼ਬਦ ਅਰਥ** : **ਆਤਮ ਦੇਵ**- ਪਰਮਾਤਮਾ। **ਬਡਾਈ**- ਵਡਿਆਈ, ਸਿਫ਼ਤਿ ਸਾਲਾਹ। **ਤਾਪਨ**- ਤਪਾਉਣ ਵਾਲੀ ਤਪੱਸਿਆ। **ਸਿਰ**- ਸ਼ਿਰੋਮਣੀ, ਸ਼੍ਰੇਸ਼ਟ। **ਗਤਿ**- ਆਤਮਿਕ ਅਵਸਥਾ। **ਰੀਤਿ**- ਮਹਿਮਾ, ਵਡਿਆਈ। **ਵਾਕ**- ਬਚਨ। **ਸਾਖ**- ਸੁਹਰਤ, ਪ੍ਰਸਿੱਧੀ। **ਬੈਠ ਕੇ**- (ਆਤਮਿਕ ਅਡੋਲਤਾ ਵਿਚ) ਟਿਕ ਕੇ। **ਨਰੰਚਕ**- ਨਿਰਸੰਦੇਹ। **ਸੁੱਖ**-

ਆਤਮਿਕ ਆਨੰਦ। **ਰੋਟ**- ਰਟਣਾ। **ਭਾਸ**- ਅਨੁਭਵ ਕਰਨਾ।

<u>**ਨੋਟ**</u> : ਇਹ ਸ਼ਬਦ 'ਰਾਗੁ ਸੋਰਠਿ' ਵਿੱਚ ਗਾਇਆ ਜਾ ਸਕਦਾ ਹੈ।

<u>**ਪਦ ਅਰਥ**</u>- ਹੇ ਭਾਈ! ਜੀਵਾਂ ਨੂੰ ਸਭ ਕੁਝ ਦੇਣ ਵਾਲੇ ਪ੍ਰਭੂ ਦਾ ਤੂੰ ਆਪਣੇ ਮਨ ਵਿੱਚ ਸਿਮਰਨ ਕਰਦਾ ਰਹਿ। ਮਨ ਵਿੱਚ ਉਸ ਦਾ ਨਾਮ-ਸਿਮਰਨ ਕਰਨਾ ਤੇ ਉਸ ਦੀ ਸਿਫ਼ਤਿ-ਸਾਲਾਹ ਕਰਨਾ ਹੀ ਸਾਰੇ ਤਪਾਂ ਵਿੱਚੋਂ ਸ੍ਰੇਸ਼ਟ ਤਪ ਹੈ, ਮਾਨੋਂ, ਤਪਾਉਣ ਵਾਲਾ ਤਪ ਹੈ॥

2. ਜਿਹੜਾ ਜੀਵ ਆਪਣੇ ਗੁਰੂ ਦੇ ਬਚਨਾਂ ਨੂੰ ਮੰਨ ਕੇ ਉਨ੍ਹਾਂ 'ਤੇ ਚੱਲਦਾ ਹੈ ਉਸ ਦੀ ਆਤਮਿਕ ਅਵਸਥਾ ਤੇ ਉਸਦੀ ਵਡਿਆਈ ਦਾ ਕੋਈ ਵਰਣਨ ਨਹੀਂ ਕਰ ਸਕਦਾ। ਇਹ ਉਵੇਂ ਹੀ ਹੈ ਜਿਵੇਂ ਕਿ ਪ੍ਰੇਮ ਨੂੰ ਵਿਅਕਤ ਕਰਨ ਲਈ ਕਿਸੇ ਕਾਗ਼ਜ ਦੀ ਲੋੜ ਨਹੀਂ ਪੈਂਦੀ ਤੇ ਨਾ ਹੀ ਸੁਹਰਤ (ਪ੍ਰਸਿੱਧੀ) ਨੂੰ ਕਿਸੇ ਕਲਮ ਨਾਲ ਲਿਖਿਆ ਜਾ ਸਕਦਾ ਹੈ। (ਭਾਵ ਪ੍ਰੇਮ ਆਪਣੇ-ਆਪ ਨੂੰ ਖ਼ੁਦ ਵਿਅਕਤ ਕਰਦਾ ਹੈ ਤੇ ਸੁਹਰਤ ਵੀ ਖ਼ੁਦ-ਵ-ਖ਼ੁਦ ਫ਼ੈਲਦੀ ਹੈ। ਇਹੋ ਹਾਲ ਗੁਰਮੁੱਖ ਦੀ ਆਤਮਿਕ ਅਵਸਥਾ ਤੇ ਵਡਿਆਈ ਦਾ ਹੈ।)॥

3. ਹੇ ਭਾਈ! ਆਤਮਿਕ ਆਡੋਲਤਾ ਵਿੱਚ ਟਿਕ ਕੇ ਹੀ ਪ੍ਰਭੂ ਦੀ ਵਿਚਾਰ ਕਰਨੀ ਚਾਹੀਦੀ ਹੈ ਤੇ ਸਤਿਗੁਰੂ ਦੇ 'ਸ਼ਬਦ' ਦਾ ਧਿਆਨ ਲਗਾਉਣਾ ਚਾਹੀਦਾ ਹੈ। ਸਤਿਗੁਰੂ ਦੀ ਸੰਗਤ ਕਰਨ ਦਾ ਫ਼ਲ ਜਰੂਰ ਮਿਲਦਾ ਹੈ ਤੇ ਨਿਰਸੰਦੇਹ ਪਾਪ ਦੂਰ ਹੋ ਜਾਂਦੇ ਹਨ, ਨਸ਼ਟ ਹੋ ਜਾਂਦੇ ਹਨ॥

4. ਸਤਿਗੁਰੂ ਦੇ 'ਸ਼ਬਦ' ਦੀ ਬਾਨੀ ਰਟਿਆ ਜੀਵ ਆਪਣੇ ਅੰਤਰ-ਆਤਮੇ ਹਮੇਸ਼ਾ ਆਤਮਿਕ ਆਨੰਦ ਦਾ ਅਨੁਭਵ ਕਰਦਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਅਟੱਲ ਸੱਚਾਈ ਦਾ ਬਿਆਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਨਾਮ-ਸਿਮਰਨ ਦੇ ਮਾਰਗ 'ਤੇ ਚੱਲਿਆ ਜੀਵ ਸਦਾ ਲਾਭ ਹੀ ਲਾਭ ਖੱਟਦਾ ਹੈ॥

## <u>ਪਦ ਨੰ : 21</u>

**ਜੀਭਾ ਕਾਂਤੀ ਮਨ ਕਰੋ, ਸਾਨ ਚੜਾਵੋ ਤੇਜ॥ ਸਚਖੰਡ ਮੇਂ ਜਾ ਮਿਲੇ, ਸਤਿਗੁਰ ਦੇਵੇ ਭੇਜ॥** 1 **ਧਰਮ ਸਾਥ ਸੰਬੰਧ ਜੋ, ਕੁੱਲ ਤਾਰਨ ਕੀ ਚਾਲ॥ ਪ੍ਰਾਤ ਕਮਾਈ ਆਪਣੀ, ਪਾਏ ਮੁਸ਼ੱਕਤ ਘਾਲ॥** 2 **ਮੁਕਤਿ ਦਵਾਰਾ ਪਾਵ ਹੈ, ਚਿੰਤਨ ਨਾਮ ਹਮੇਸ਼॥ ਗੁਰ ਸੇਵਕ ਕੀ ਰੀਤਿ ਲਖ, ਸਤਿਗੁਰ ਜਾਨ ਨਰੇਸ਼॥** 3 **ਜੋਨ ਜੋਨ ਭਰਮਤ ਨਹੀਂ, ਮੰਨਨ ਕੇ ਸੰਗ ਸਾਥ॥ ਜਨ ਰਵਿਦਾਸ ਪੁਕਾਰਤੇ, ਸਾਹਿਬ ਕੀਨੀ ਦਾਤ॥** 4

<u>**ਸ਼ਬਦ ਅਰਥ**</u> : **ਕਾਂਤੀ**- ਕੈਂਚੀ। **ਮਨ ਕਰੋ**- ਮਨ ਕੇ, ਸਮਝ ਕੇ। **ਸਾਨ**- ਸਿਕਲੀਗਰ ਦਾ ਚੱਕ੍ਰ ਜਿਸਨੂੰ ਘੁਮਾ ਕੇ ਸ਼ਸਤ੍ਰ ਦੀ ਧਾਰ ਤਿੱਖੀ ਕਰੀਦੀ ਹੈ। **ਸਚਖੰਡ**- ਤੁਰੀਯਾ ਅਵਸਥਾ, ਆਤਮਿਕ ਅਡੋਲ ਅਵਸਥਾ। **ਚਾਲ**- ਰੀਤਿ, ਸਬੱਬ। **ਮੁਸ਼ੱਕਤ**- ਮਿਹਨਤ। **ਘਾਲ**- ਕਮਾਈ। **ਚਿੰਤਨ**- ਸਿਮਰਨ ਕਰਨਾ। **ਰੀਤਿ**- ਮਰਯਾਦਾ। **ਲਖ**- ਤੱਕਣਾ, ਜਾਣਨਾ। **ਨਰੇਸ਼**- ਨਰ+ਈਸ= ਨਰ ਦੇ ਰੂਪ ਵਿੱਚ ਈਸ਼ਵਰ, ਪਾਤਿਸ਼ਾਹ। **ਭਰਮਤ**- ਭਟਕਣਾ।

**ਨੋਟ** : ਇਹ ਸ਼ਬਦ 'ਰਾਗੁ ਆਸਾਵਾਰੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਹੇ ਭਾਈ! ਤੂੰ ਜੀਭ ਨੂੰ ਕੈਂਚੀ ਸਮਝ ਕੇ ਉਸ ਨੂੰ (ਸਤਿਗੁਰੂ ਦੇ 'ਸ਼ਬਦ') ਦੀ ਸ਼ਾਣ ਉੱਤੇ ਚੜ੍ਹਾ ਕੇ ਤੇਜ਼ ਕਰ ਲੈ ਭਾਵ ਸਤਿਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ ਦਾ ਆਪਣੀ ਜੀਭ ਨਾਲ ਵਾਰ-ਵਾਰ ਸਿਮਰਨ ਕਰਦਾ ਰਹਿ। ਪ੍ਰਭੂ ਦਾ ਸਿਮਰਨ ਕੀਤਿਆਂ ਸਤਿਗੁਰੂ ਜੀ ਆਪਣੀ ਮਿਹਰ ਬਖ਼ਸ਼ਦੇ ਹਨ ਤੇ ਜੀਵ ਨੂੰ ਸੱਚਖੰਡ ਵਿੱਚ ਭੇਜ ਦਿੰਦੇ ਹਨ ਭਾਵ ਜੀਵ ਉਹ ਆਤਮਿਕ ਅਵਸਥਾ ਪ੍ਰਾਪਤ ਕਰ ਲੈਂਦਾ ਹੈ ਜਿੱਥੇ ਉਹ ਪ੍ਰਭੂ ਨਾਲ ਮਿਲਾਪ ਕਰ ਸਕੇ॥

2. ਜਿਸ ਜੀਵ ਦਾ ਧਰਮ ਦੇ ਕਾਰਜਾਂ (ਸਦ-ਕਰਮਾਂ) ਨਾਲ ਸੰਬੰਧ ਬਣਿਆ ਰਹਿੰਦਾ ਹੈ ਉਹ ਇਨ੍ਹਾਂ ਕਾਰਜਾਂ (ਸਦ-ਕਰਮਾਂ) ਦੀ ਬਰਕਤਿ ਨਾਲ ਆਪਣੇ ਕੁਲ ਨੂੰ ਤਾਰਨ ਦਾ ਸਬੱਬ ਬਣਾ ਲੈਂਦਾ ਹੈ। ਇਸ ਤਰ੍ਹਾਂ ਉਹ ਮਿਹਨਤ ਨਾਲ ਕੀਤੀ ਹੋਈ ਆਪਣੀ ਆਤਮਿਕ ਕਮਾਈ ਨੂੰ ਸਫ਼ਲ ਕਰ ਲੈਂਦਾ ਹੈ॥

3. ਪ੍ਰਭੂ ਦੇ ਨਾਮ ਦਾ ਹਮੇਸ਼ਾ ਸਿਮਰਨ ਕਰਦੇ ਰਹਿਣ ਨਾਲ ਜੀਵ ਮੁਕਤੀ ਦਾ ਦਰਵਾਜ਼ਾ ਲੱਭ ਲੈਂਦਾ ਹੈ ਭਾਵ ਮਾਇਆ ਦੇ ਵਿਕਾਰਾਂ ਤੋਂ ਖਲਾਸੀ ਪਾਉਣ ਦਾ ਰਾਹ ਲੱਭ ਲੈਂਦਾ ਹੈ। ਹੇ ਭਾਈ! ਤੂੰ ਸਤਿਗੁਰੂ ਦੇ ਸੇਵਕ ਹੋਣ ਦੀ ਮਰਯਾਦਾ ਨੂੰ ਜਾਣ ਤੇ ਸਤਿਗੁਰੂ ਨੂੰ ਹਮੇਸ਼ਾ ਨਰ ਦੇ ਰੂਪ ਵਿੱਚ ਈਸ਼ਵਰ ਸਮਝ॥

4. ਹੇ ਭਾਈ! ਮਨ ਵਿੱਚ ਪ੍ਰਭੂ ਦੇ ਨਾਮ ਨਾਲ ਡੂੰਘਾ ਸੰਬੰਧ ਬਣਾਇਆਂ ਜੀਵ ਵਾਰ-ਵਾਰ ਜੂਨਾਂ ਵਿੱਚ ਨਹੀਂ ਭਟਕਦਾ। ਸਤਿਗੁਰੂ ਰਵਿਦਾਸ ਮਹਾਰਾਜ ਜੀ ਜ਼ੋਰ ਦੇ ਕੇ ਫ਼ਰਮਾਉਂਦੇ ਹਨ ਕਿ ਮਾਲਿਕ-ਪ੍ਰਭੂ ਆਪਣੇ ਸੇਵਕਾਂ ਨੂੰ ਹਮੇਸ਼ਾ ਮੁਕਤੀ ਦੀ ਦਾਤ ਬਖ਼ਸ਼ਦਾ ਹੈ॥

## ਪਦ ਨੰ : 22

**ਵੇਰਾਗ ਵਿਵੇਕ ਤਤੀਖਸ਼ਾ, ਸਮ ਦਮ ਆਦਿ ਲੇ ਖੋਜ॥ ਮੋਮੋਖਸ਼ ਬਨ ਸਤਿਸੰਗ ਮੇਂ, ਲੇਹ ਪ੍ਰਮਾਤਮ ਮੌਜ॥ [1] ਤਤ ਤਵੰ ਸਾਧਨ ਭਨੇ, ਮੁਨਿਵਰ ਮਤਿ ਸੁਧੀਰ॥ ਕਥਨੇ ਮਾਤਰ ਨਾ ਮਿਲੇ, ਸੋਧਨ ਕਰੋ ਸਰੀਰ॥ [2] ਮਨ ਇੰਦ੍ਰਿਯ ਮਲਕਰ ਭਰੇ, ਤਤਵ ਮਸੀ ਕਹੇ ਆਪ॥ ਅੰਤਹਕਰਣ ਭੀ ਸ਼ੁੱਧ ਨਹੀਂ, ਲਾਗਤ ਸਰਵ ਹੀ ਪਾਪ॥ [3] ਪਾਪੀ ਕਰਮ ਕਮਾਵਨਾ, ਸੋ ਸਤਿਸੰਗ ਮੇਂ ਨਾਸ॥ ਕਲਿ ਕੇ ਦੋਸ਼ ਸਬ ਦੂਰ ਹੋ, ਕਥਨ ਕਰੇ ਰਵਿਦਾਸ॥ [4]**

**ਸ਼ਬਦ ਅਰਥ** : **ਵੇਰਾਗ**- ਉਪਰਾਮਤਾ ਦਾ ਭਾਵ, ਮੋਹ ਤੋਂ ਨਿਰਲੇਪ ਹੋਣਾ। **ਵਿਵੇਕ**- ਸਤਿ ਅਸਤਿ ਦਾ ਨਿਸਚੇ ਕਰਨਾ। **ਤਤੀਖਸ਼ਾ**- ਖ਼ਿਮਾਸ਼ੀਲ ਤੇ ਸਹਿਣਸ਼ੀਲ ਹੋਣਾ। **ਸਮ**- ਸਮਾਨ। **ਦਮ**- ਸਵਾਸ, ਪ੍ਰਾਣ, ਆਤਮਾ। **ਸਮ ਦਮ**- ਸਭਨਾਂ ਵਿੱਚ ਇੱਕ ਸਮਾਨ ਆਤਮਾ। **ਆਦਿ**- ਮੁੱਢ, ਮੂਲ। **ਮੋਮੋਖਸ਼**- ਮੁਕਤੀ ਦੀ ਇੱਛਾ ਵਾਲਾ, ਮੁਕਤੀ ਪ੍ਰਾਪਤ ਕਰਨ ਦੀ ਚਾਹ ਵਾਲਾ। **ਮੌਜ**- ਉਮੰਗ, ਆਨੰਦ। **ਤਤ**- ਜਗਤ ਦਾ ਮੂਲ ਪ੍ਰਭੂ, ਸਭ ਤੋਂ ਵੱਡੀ ਅਸਲੀਅਤ। **ਤਵੰ**- ਸ੍ਰੇਸ਼ਠ। **ਸਾਧਨ**- ਜੁਗਤੀ, ਯਤਨ। **ਭਨੇ**- ਕਹਿਣਾ, ਸਿਮਰਨਾ। **ਮੁਨਿਵਰ**- ਪੁੱਗੇ ਹੋਏ ਮੁਨੀਜਨ। **ਮਤਿ ਸੁਧੀਰ**- ਦ੍ਰਿੜ ਧੀਰਜ ਵਾਲੀ ਅਕਲ। **ਮਲਕਰ**- ਗੰਦਗੀ। **ਤਤਵ**- ਆਪਣਾ ਆਪ, ਉਹੀ। **ਮਸੀ ਕਹੇ**- ਭੀਂ-ਭੀਂ ਕਰਨਾ, ਮੈਂ-ਮੈਂ

ਕਰਨਾ, ਹਉਮੈ ਭਾਵ। **ਅੰਤਹਕਰਣ**- ਮਨ, ਹਿਰਦੇ। **ਕਲਿ**- ਸਮਾਂ, ਮਨੁੱਖਾ ਜੀਵਨ ਦਾ ਸਮਾਂ। **ਦੋਸ਼**- ਔਗੁਣ।

ਨੋਟ : ਇਹ ਸ਼ਬਦ 'ਰਾਗੁ ਆਸਾਵਾਰੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਹੇ ਭਾਈ! ਜਿਹੜਾ ਜੀਵ ਦੁਨੀਆਂ ਦੇ ਮੋਹ ਤੋਂ ਨਿਰਲੇਪ ਹੋ ਕੇ, ਸਤਿ-ਅਸਤਿ ਦਾ ਨਿਰਣੇ ਕਰਨ ਵਾਲਾ ਵਿਵੇਕੀ ਬਣ ਕੇ ਅਤੇ ਖ਼ਿਮਾਸ਼ੀਲ ਤੇ ਸਹਿਣਸ਼ੀਲ ਬਣ ਕੇ ਸਭਨਾਂ ਅੰਦਰ ਸਮਾਨ ਰੂਪ ਵਿੱਚ ਵਿਆਪਕ ਮੂਲ-ਪ੍ਰਭੂ ਦੀ ਖੋਜ ਕਰਦਾ ਹੈ ਉਹ ਮੁਕਤੀ ਪਾਉਣ ਦੀ ਇੱਛਾ ਨਾਲ ਸਤਿਸੰਗ 'ਚ ਰਹਿ ਕੇ ਪ੍ਰਭੂ ਦੀ ਰਹਿਮਤ ਦਾ ਆਨੰਦ ਮਾਣਦਾ ਹੈ॥

2. ਹੇ ਭਾਈ! ਯਾਦ ਰੱਖ, ਪੁੱਗੇ ਹੋਏ ਮੁਨੀ-ਜਨ ਵੀ ਆਪਣੀ ਮੱਤ ਨੂੰ ਦ੍ਰਿੜ ਧੀਰਜ ਵਾਲੀ ਬਣਾ ਕੇ (ਭਾਵ ਮਨ ਨੂੰ ਅਡੋਲਤਾ ਵਿੱਚ ਟਿਕਾ ਕੇ) ਜਗਤ ਦੇ ਮੂਲ-ਪ੍ਰਭੂ ਨੂੰ ਸਿਮਰਨ-ਰੂਪੀ ਸ੍ਰੇਸ਼ਟ ਸਾਧਨ ਰਾਹੀਂ ਹੀ ਖੋਜਦੇ ਹਨ। ਹੇ ਭਾਈ! ਕੇਵਲ ਕਥਨ ਕਰਨ ਨਾਲ ਹੀ ਪ੍ਰਭੂ ਨਹੀਂ ਮਿਲ ਜਾਂਦਾ ਬਲਕਿ ਉਸ ਕਥਨੀ ਨੂੰ ਸਰੀਰ ਰਾਹੀਂ ਭਾਵ ਆਪਣੇ ਆਚਰਣ ਰਾਹੀਂ ਵਿਵਹਾਰ ਵਿੱਚ ਲਿਆਉਣ ਨਾਲ ਹੀ ਪ੍ਰਭੂ ਮਿਲਦਾ ਹੈ॥

3. ਜਿਸ ਜੀਵ ਦਾ ਮਨ ਤੇ ਇੰਦਰੀਆਂ ਹਮੇਸ਼ਾ ਵਿਸ਼ੇ-ਵਿਕਾਰਾਂ ਦੀ ਗੰਦਗੀ ਨਾਲ ਭਰੀਆਂ ਰਹਿੰਦੀਆਂ ਹਨ, ਜੋ ਹਰ ਦਮ ਮੈਂ-ਮੈਂ ਕਰਦਾ ਰਹਿੰਦਾ ਹੈ ਭਾਵ ਹੰਕਾਰ ਵੱਸ ਹਮੇਸ਼ਾ ਆਪਣਾ-ਆਪ ਜਤਾਉਂਦਾ ਰਹਿੰਦਾ ਹੈ ਤੇ ਜਿਸ ਦਾ ਹਿਰਦਾ ਵੀ ਸ਼ੁੱਧ ਨਹੀਂ ਰਹਿੰਦਾ, ਉਹ ਜੀਵ ਸਭ ਤਰ੍ਹਾਂ ਦੇ ਪਾਪਾਂ ਦਾ ਭਾਗੀਦਾਰ ਬਣ ਜਾਂਦਾ ਹੈ ਤੇ ਉਸ ਨੂੰ ਸਭ ਪਾਪ ਲਗਦੇ ਹਨ॥

4. ਜੇਕਰ ਕੁਕਰਮਾਂ ਨੂੰ ਕਮਾਉਣ ਵਾਲਾ ਅਜਿਹਾ ਪਾਪੀ ਜੀਵ ਵੀ ਸਤਿਸੰਗ ਵਿੱਚ ਜਾਂਦਾ ਹੈ ਤਾਂ ਉਸ ਦੇ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ। ਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਕਰਦੇ ਹਨ ਕਿ ਪਰਮਾਤਮਾ ਦਾ ਨਾਮ ਸਿਮਰਿਆਂ, ਮਨੁੱਖਾ ਜੀਵਨ ਦੇ ਸਮੇਂ ਵਿੱਚ ਕੀਤੇ ਗਏ ਸਾਰੇ ਪਾਪ ਤੇ ਸਾਰੇ ਔਗੁਣ ਦੂਰ ਹੋ ਜਾਂਦੇ ਹਨ॥

## ਪਦ ਨੰ : 23

**ਆਪਣਾ ਬੀਜ ਤੂੰ ਆਪ ਹੀ, ਖਾਵਤ ਹੈ ਬਹੁ ਬਾਰ॥ ਤੇਰਾ ਹੀ ਤੁਝੇ ਸੌਂਪਤਾ, ਵਹ ਦਾਤਾ ਕਰਤਾਰ॥ [1] ਜੋ ਗੁਰ ਸ਼ਰਣੀ ਪਰਤ ਹੈ, ਤਿਲ ਭਰ ਭੀ ਬੇਅੰਤ॥ ਸ਼ੋਭਾ ਪਾਵੇ ਲੋਕ ਮੇਂ, ਕਹਿਤ ਮੁਨੀ ਜਨ ਸੰਤ॥ [2] ਨਰਕਨ ਕੇ ਅਧਿਕਾਰ ਕੋ, ਸ਼ੀਘਰ ਮਨ ਦੇ ਤਿਆਗ॥ ਭਜਨ ਕਰੋ ਭਗਵਾਨ ਕਾ, ਮਿਲੇ ਰਵਿਦਾਸ ਬੇਰਾਗ॥ [3]**

**ਸ਼ਬਦ ਅਰਥ** : **ਅਧਿਕਾਰ**- ਹੱਕ, ਖ਼ਿਆਲ। **ਬੇਰਾਗ**- ਉਪਰਾਮਤਾ ਦਾ ਭਾਵ।

ਨੋਟ : ਇਹ ਸ਼ਬਦ 'ਰਾਗੁ ਆਸਾਵਾਰੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਜੀਵ ਆਪਣਾ ਬੀਜਿਆ ਹੋਇਆ ਆਪ ਹੀ ਵਾਰ-ਵਾਰ ਖਾਂਦਾ ਹੈ ਭਾਵ ਆਪਣੇ ਕੀਤੇ ਹੋਏ ਕਰਮਾਂ ਨੂੰ ਵਾਰ-ਵਾਰ ਆਪ ਹੀ ਭੋਗਦਾ ਹੈ, ਇਸ ਤਰ੍ਹਾਂ

ਉਸ ਦਾਤਾਰ-ਪ੍ਰਭੂ ਦੀ ਇਹ ਅਚਰਜ ਲੀਲਾ ਹੈ ਕਿ ਉਹ ਜੀਵ ਦੇ ਕੀਤੇ ਹੋਏ ਕਰਮਾਂ ਦਾ ਫਲ ਜੀਵ ਨੂੰ ਹੀ ਮੋੜ ਦਿੰਦਾ ਹੈ॥

2. ਜਿਹੜਾ ਵੀ ਜੀਵ ਗੁਰੂ ਦੀ ਸ਼ਰਨ ਆਉਂਦਾ ਹੈ ਉਸ ਲਈ ਗੁਰੂ ਦੀ ਬਖ਼ਸ਼ੀ ਹੋਈ ਤਿਲ-ਮਾਤਰ ਦਾਤ ਵੀ ਬੇਅੰਤ ਹੁੰਦੀ ਹੈ। ਮੁਨੀ-ਜਨਾਂ ਤੇ ਸੰਤ-ਜਨਾਂ ਦਾ ਕਥਨ ਹੈ ਕਿ ਅਜਿਹਾ ਜੀਵ ਸੰਸਾਰ ਵਿੱਚ ਹਮੇਸ਼ਾ ਸ਼ੋਭਾ ਹੀ ਖੱਟਦਾ ਹੈ॥

3. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਹੇ ਜੀਵ! ਤੂੰ ਆਪਣੇ ਮਨ ਵਿੱਚੋਂ ਨਰਕਾਂ ਦਾ ਖ਼ਿਆਲ ਛੇਤੀ ਨਾਲ ਕੱਢ ਦੇ ਤੇ ਪ੍ਰਭੂ ਦਾ ਸਿਮਰਨ ਕਰ ਜਿਸ ਦੀ ਬਰਕਤਿ ਨਾਲ ਤੈਨੂੰ ਉਪਰਾਮਤਾ ਦੀ ਅਵਸਥਾ ਪ੍ਰਾਪਤ ਹੋ ਜਾਵੇਗੀ॥

## ਪਦ ਨੰ : 24

**ਗੁਣ ਆਵੇ ਗੁਣ ਉਚਾਰੇ, ਗੁਣ ਮੇਂ ਰਹੇ ਸਮਾਇ॥ ਗੋਬਿੰਦ ਗੁਰੂ ਗੋਪਾਲ ਗੁਰੂ, ਕਰਤਾ ਪੁਰਸ਼ ਬਸਾਇ॥** [1] **ਭਗਵਾਨ ਭਜਨ ਮੇਂ ਸੁੱਖ ਸਦਾ, ਹੋਰ ਹੈ ਸੁੱਖ ਨਾ ਕਾਇ॥ ਕਰ ਵਿਸ਼ਵਾਸ ਮਨ ਆਪਣੇ, ਸਤਿਗੁਰ ਚਰਨੀ ਧਾਇ॥** [2] **ਸਤਿ ਸੁੰਦਰ ਅਤਿ, ਅਗੰਮ ਅਪਾਰਾ॥ ਖੇਲ ਸਾਹਿਬ ਕਾ, ਸਭ ਸੇ ਨਿਆਰਾ॥** [3] **ਨਿਰਮਲ ਆਤਮ ਸਵਰੂਪ, ਲਖਿ ਸਰੀਰ ਹੋਇ ਪਵੀਤ॥ ਸੱਚਖੰਡ ਮੇਂ ਜਾ ਬਸੇ, ਕਹੇ ਰਵਿਦਾਸ ਤੂੰ ਮੀਤ॥** [4]

**ਸ਼ਬਦ ਅਰਥ** : **ਧਾਇ**- ਨੱਠਣਾ, ਜਾਣਾ। **ਅਗੰਮ**- ਜੀਵ ਦੀ ਬੁੱਧੀ ਦੀ ਪਹੁੰਚ ਤੋਂ ਪਰ੍ਹੇ। **ਅਪਾਰਾ**- ਬੇਅੰਤ। **ਨਿਰਮਲ**- ਮਲ ਰਹਿਤ, ਸ਼ੁੱਧ, ਪਵਿੱਤਰ। **ਆਤਮ ਸਵਰੂਪ**- ਪਰਮਾਤਮਾ ਦਾ ਆਪਣਾ ਸਰੂਪ। **ਲਖਿ**- ਦੇਖ ਕੇ, ਦਰਸ਼ਨ ਕਰਕੇ। **ਪਵੀਤ**- ਪਵਿੱਤਰ। **ਸੱਚ ਖੰਡ**- ਤੁਰੀਆ ਅਵਸਥਾ, ਪ੍ਰਭੂ ਨਾਲ ਇਕ-ਰੂਪ ਹੋਣ ਦੀ ਅਵਸਥਾ।

**ਨੋਟ** : ਇਹ ਸ਼ਬਦ 'ਰਾਗੁ ਆਸਾਵਾਰੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਜਦੋਂ (ਗੁਰੂ ਦੀ ਸ਼ਰਨ ਵਿੱਚ ਜਾਇਆਂ) ਜੀਵ ਅੰਦਰ ਰੱਬੀ ਗੁਣ ਆਉਂਦੇ ਹਨ ਤਾਂ ਉਹ ਪ੍ਰਭੂ ਦੀ ਸਿਫ਼ਤਿ-ਸਾਲਾਹ ਦੇ ਹੀ ਗੁਣ ਉਚਾਰਦਾ ਰਹਿੰਦਾ ਹੈ ਤੇ ਪ੍ਰਭੂ ਦੇ ਗੁਣ-ਰੂਪ 'ਚ ਹੀ ਹਮੇਸ਼ਾ ਸਮਾਇਆ ਰਹਿੰਦਾ ਹੈ। ਗੁਰੂ ਹੀ ਜਗਤ ਪਾਲਕ-ਪ੍ਰਭੂ ਦਾ ਰੂਪ ਹੈ, ਗੁਰੂ ਹੀ ਦਿਲਾਂ ਦੇ ਜਾਣਨਹਾਰ-ਪ੍ਰਭੂ ਦਾ ਰੂਪ ਹੈ ਤੇ ਜਗਤ ਦਾ ਕਰਤਾ-ਪੁਰਖ ਖੁਦ ਆਪ ਹੀ ਗੁਰੂ ਵਿੱਚ ਵਸਦਾ ਹੈ॥

2. ਹੇ ਭਾਈ! (ਗੁਰੂ ਦੇ 'ਸ਼ਬਦ' ਰਾਹੀਂ) ਪ੍ਰਭੂ ਦਾ ਭਜਨ ਕੀਤਿਆਂ ਜੀਵ ਨੂੰ ਆਤਮਿਕ ਆਨੰਦ ਮਿਲਦਾ ਹੈ। ਇਸ ਤਰ੍ਹਾਂ ਦਾ ਆਤਮਿਕ ਆਨੰਦ ਹੋਰ ਕਿਤੇ ਵੀ ਨਹੀਂ ਮਿਲਦਾ। ਇਸ ਲਈ ਜੀਵ ਨੂੰ ਆਪਣੇ ਮਨ ਵਿੱਚ ਦ੍ਰਿੜ ਵਿਸ਼ਵਾਸ ਤੇ ਸੱਚੀ ਸ਼ਰਧਾ ਰੱਖ ਕੇ ਹੀ ਸਤਿਗੁਰੂ ਦੀ ਸ਼ਰਨ ਵਿੱਚ ਜਾਣਾ ਚਾਹੀਦਾ ਹੈ॥

3. ਹੇ ਭਾਈ! ਸਦਾ-ਥਿਰ ਰਹਿਣ ਵਾਲਾ ਪ੍ਰਭੂ ਅਤਿ-ਸੁੰਦਰ ਹੈ, ਜੀਵ ਦੀ ਪਹੁੰਚ ਤੋਂ ਬਹੁਤ ਪਰ੍ਹੇ ਹੈ ਤੇ ਬੇਅੰਤ ਹੈ, ਉਸ ਦਾ ਉਰਲਾ-ਪਾਰਲਾ ਬੰਨਾ ਨਹੀਂ ਲੱਭਿਆ ਜਾ ਸਕਦਾ। ਉਸ ਮਾਲਿਕ-ਪ੍ਰਭੂ ਦੀ ਲੀਲਾ ਵੀ ਸਭ ਤੋਂ ਅਨੋਖੀ ਤੇ ਅਦਭੁੱਤ ਹੈ॥

4. ਉਸ ਦੇ ਨਿਰਮਲ ਸਰੂਪ ਦੇ ਦਰਸ਼ਨ ਕਰਕੇ ਅਨੇਕਾਂ ਜੀਵ ਪਾਕ ਤੇ ਪਵਿੱਤਰ ਹੋ ਗਏ ਹਨ। ਗੁਰੂ ਮਹਾਰਾਜ ਜੀ ਫ਼ਰਮਾਂਦੇ ਹਨ ਕਿ ਹੇ ਮੇਰੇ ਮਿੱਤਰ! ਇਸ ਲਈ ਤੂੰ ਅਜਿਹੀ ਸਮਰਥਾ ਦੇ ਮਾਲਿਕ-ਪ੍ਰਭੂ ਦਾ ਸਿਮਰਨ ਕਰ ਜਿਸ ਦੀ ਬਰਕਤਿ ਨਾਲ ਤੂੰ ਸੱਚਖੰਡ 'ਚ ਜਾ ਵਸੇਂਗਾ ਭਾਵ ਪ੍ਰਭੂ ਨਾਲ ਇਕ-ਰੂਪ ਹੋ ਜਾਵੇਂਗਾ॥

## ਪਦ ਨੰ : 25

**ਨਾਰਾਇਣ ਰੰਗ ਕਰੇ ਜਗ, ਧਾਰੇ ਰੂਪ ਅਜੈਬ॥ ਦੀਨ ਦਿਆਲ ਕ੍ਰਿਪਾਲ ਪ੍ਰਭੂ, ਧੰਨ ਸਿਰਜਨਹਾਰ ਸੁਸਾਹਿਬ॥ [1] ਸੁਣ ਸੁਣ ਕੇ ਉਪਮਾ ਭਨੇ, ਕਵੀ ਗ੍ਰੰਥ ਕੁਰਾਨ॥ ਕਾਜੀ ਮੁੱਲਾ ਕਹਿਤ ਹੈ, ਅਪ ਅਪਣੀ ਸਭ ਮਾਨ॥ [2] ਭੇਸ਼ ਪੰਥ ਯੋਗੀ ਯਤੀ, ਲਖੇ ਨਾ ਸੋ ਅਨਜਾਣਿ॥ ਆਪ ਹੋ ਉਤਪਤ ਪ੍ਰਪੰਚ ਕਰ, ਆਪ ਕਰਤ ਭਏ ਹਾਨਿ॥ [3] ਘੜੀ ਮਹੂਰਤ ਜਾਣਤੇ, ਵਹ ਅਪੰਰਪਰ ਦੇਵ॥ ਦੇਵ ਦਨੁਜ ਮਾਨੁਸ਼ ਸਭੀ, ਲਾਗੇ ਤਿਸ ਕੀ ਸੇਵ॥ [4] ਅਮਰ ਪਹਿਚਾਨੇ ਗੁਰੂ ਕਾ, ਸੋ ਦਾਸ ਜਾਨੇ ਨਿਜ ਭੇਵ॥ ਜਨ ਰਵਿਦਾਸ ਵਿਚਾਰਿਆ, ਸੁੱਖ ਪਾਵਤ ਨਿੱਤ ਸੇਵ॥ [5]**

**ਸ਼ਬਦ ਅਰਥ** : **ਨਾਰਾਇਣ**- ਨਰ + ਆਇਣ = ਜੀਵ + ਘਰ ਭਾਵ ਉਹ ਪ੍ਰਭੂ ਜਿਸ ਦਾ ਘਰ ਸਭ ਜੀਵਾਂ ਵਿੱਚ ਹੈ, ਸਰਬ-ਵਿਆਪਕ ਪ੍ਰਭੂ। **ਰੰਗ**- ਖੇਲ ਤਮਾਸ਼ਾ, ਕੌਤਕ। **ਅਜੈਬ**- ਅਦਭੁੱਤ, ਅਜੀਬ। **ਧੰਨ**- ਸਲਾਹੁਣਯੋਗ, ਵਡਿਆਈਯੋਗ। **ਮਾਨ**- ਢੰਗ। **ਭੇਸ**- ਭੇਖਧਾਰੀ। **ਪੰਥ**- ਗਮਨ ਕਰਤਾ, ਭ੍ਰਮਣ ਕਰਤਾ। **ਯੋਗੀ**- ਹਠਯੋਗ ਦਾ ਅਭਿਆਸ ਕਰਨ ਵਾਲਾ। **ਯਤੀ**- ਇੰਦਰੀਆਂ ਨੂੰ ਵਿਕਾਰਾਂ ਤੋਂ ਰੋਕਣ ਵਾਲਾ ਅਭਿਆਸੀ। **ਅਨਜਾਣ**- ਅਗਿਆਨੀ, ਆਤਮਿਕ ਜੀਵਨ ਤੋਂ ਸੱਖਣਾ ਜੀਵ। **ਉਤਪਤ**- ਉਤੱਪਣ ਕਰਨਾ, ਰਚਨਾ ਕਰਨਾ। **ਪ੍ਰਪੰਚ**- ਜਗਤ ਖਿਲਾਰਾ, ਵਿਸਤਾਰ। **ਹਾਨਿ**- ਵਿਨਾਸ਼। **ਘੜੀ**- ਸਮਾਂ, ਜਯੋਤਿਸ਼ ਅਨੁਸਾਰ ਦਸ ਅੱਖਰਾਂ ਦੇ ਉਚਾਰਣ ਨੂੰ ਜਿੰਨਾਂ ਸਮਾਂ ਲੱਗਦਾ ਹੈ, ਉਹ ਇਕ ਅਸ਼ੁ (ਭਾਵ ਪ੍ਰਾਣ ਜਾਂ ਸਵਾਸ) ਹੁੰਦਾ ਹੈ, ਛੇ ਪ੍ਰਾਣਾਂ (ਸਵਾਸਾਂ) ਦਾ ਇਕ ਪਲ ਹੁੰਦਾ ਹੈ ਤੇ ਸੱਠ ਪਲਾਂ ਦੀ ਇਕ ਘੜੀ ਹੁੰਦੀ ਹੈ। ਸੱਠ ਪਲ 24 ਮਿੰਟਾਂ ਦੇ ਬਰਾਬਰ ਹੁੰਦੇ ਹਨ ਸੋ ਇਸ ਤਰ੍ਹਾਂ 24 ਮਿੰਟਾਂ ਦੀ ਇਕ ਘੜੀ ਹੈ ਤੇ ਦਿਨ-ਰਾਤ ਦੀਆਂ 60 ਘੜੀਆਂ ਹਨ। **ਮਹੂਰਤ**- ਲਹਿਜਾ, ਛੰਨ। **ਅਪਰੰਪਰ ਦੇਵ**- ਬੇਅੰਤ ਪ੍ਰਭੂ। **ਦਨੁਜ**- ਦਾਨਵ। **ਸੇਵ**- ਸੇਵਾ, ਸੇਵਕੀ, ਚਾਕਰੀ। **ਅਮਰ**- ਹੁਕਮ, ਆਗਿਆ। **ਨਿੱਜ ਭੇਵ**- ਪ੍ਰਭੂ ਦੇ ਭੇਦ। **ਨਿੱਤ**- ਹਮੇਸ਼ਾ। **ਸੇਵਾ**- ਸੇਵਾ ਭਗਤੀ ਕਰਨਾ।

**ਨੋਟ** : ਇਹ ਸ਼ਬਦ 'ਰਾਗੁ ਆਸਾਵਾਰੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਸਰਵ-ਵਿਆਪਕ ਪ੍ਰਭੂ ਨੇ ਇਹ ਜਗਤ ਇਕ ਖੇਲ-ਤਮਾਸ਼ਾ ਰਚਿਆ ਹੋਇਆ ਹੈ ਤੇ ਅਨੇਕਾਂ ਪ੍ਰਕਾਰ ਦੇ ਅਜੀਬ ਰੂਪ ਬਣਾਏ ਹੋਏ ਹਨ। ਦੀਨਾਂ 'ਤੇ ਦਇਆ ਕਰਨ ਵਾਲਾ ਤੇ ਸਭਨਾਂ 'ਤੇ ਕ੍ਰਿਪਾ ਕਰਨ ਵਾਲਾ ਉਹ ਸਿਰਜਣਹਾਰ ਪ੍ਰਭੂ ਧੰਨਤਾਯੋਗ ਹੈ, ਸਲਾਹੁਣਯੋਗ ਹੈ॥

2. ਧਾਰਮਿਕ ਗ੍ਰੰਥਾਂ, ਕਾਵਿ-ਗ੍ਰੰਥਾਂ ਤੇ ਕੁਰਾਨ ਆਦਿਕ ਗ੍ਰੰਥਾਂ ਵਿੱਚ ਵੀ ਪ੍ਰਭੂ ਦੀ ਮਹਿਮਾ ਸੁਣ-ਸੁਣ ਕੇ ਉਚਾਰਨ ਕੀਤੀ ਗਈ ਹੈ। ਕਾਜੀ ਤੇ ਮੁੱਲਾਂ ਵੀ

ਆਪੋ-ਆਪਣੇ ਢੰਗ ਨਾਲ ਪ੍ਰਭੂ ਦੀ ਮਹਿਮਾ ਦਾ ਵਿਖਿਆਨ ਕਰਦੇ ਹਨ॥

3. ਭੇਖਧਾਰੀ-ਪਾਖੰਡੀ, ਭ੍ਰਮਣ ਕਰਤਾ, ਹੱਠਯੋਗੀ ਤੇ ਇੰਦਰੀਆਂ ਨੂੰ ਵਿਕਾਰਾਂ ਵੱਲੋਂ ਕਾਬੂ ਕਰਨ ਵਾਲੇ ਯਤੀ ਆਦਿਕ ਸਭ ਪ੍ਰਭੂ ਦੀ ਮਹਿਮਾ ਨੂੰ ਜਾਣੇ ਬਿਨਾਂ ਅਗਿਆਨੀ ਹਨ, ਆਤਮਿਕ ਜੀਵਨ ਤੋਂ ਸੱਖਣੇ ਹਨ। ਪ੍ਰਭੂ ਆਪ ਹੀ ਜਗਤ ਦੀ ਰਚਨਾ ਕਰਕੇ ਆਪ ਹੀ ਇਸ ਦਾ ਵਿਸਥਾਰ ਕਰਦਾ ਹੈ ਤੇ ਆਪ ਹੀ ਇਸ ਦਾ ਵਿਨਾਸ਼ ਕਰਦਾ ਹੈ॥

4. ਉਸ ਬੇਅੰਤ-ਪ੍ਰਭੂ ਨੇ ਇਸ ਜਗਤ ਦੀ ਰਚਨਾ ਕਿਸ ਵੇਲੇ ਤੇ ਕਿਸ ਛੰਨ ਕੀਤੀ, ਇਹ ਕੇਵਲ ਉਹ ਆਪ ਹੀ ਜਾਣਦਾ ਹੈ। (ਉਸ ਦੇ ਅਜਿਹੇ ਭੇਦਾਂ ਨੂੰ ਪਾਉਣ ਲਈ) ਦੇਵਤੇ, ਦਾਨਵ ਤੇ ਮਨੁੱਖ ਸਾਰੇ ਹੀ ਪ੍ਰਭੂ ਦੀ ਚਾਕਰੀ (ਸੇਵਕੀ) ਵਿੱਚ ਲੱਗੇ ਹੋਏ ਹਨ॥

5. ਜਿਹੜਾ ਗੁਰੂ ਦਾ ਸੇਵਕ ਆਪਣੇ ਗੁਰੂ ਦਾ ਹੁਕਮ ਪਹਿਚਾਣ ਕੇ ਉਸ ਉੱਤੇ ਚੱਲਦਾ ਹੈ ਭਾਵ ਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ ਦਾ ਸਿਮਰਨ ਕਰਦਾ ਹੈ ਉਹ ਪ੍ਰਭੂ ਦੇ ਭੇਦਾਂ ਨੂੰ ਜਾਣ ਲੈਂਦਾ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਵਿਚਾਰ ਕੇ ਉਚਾਰਨ ਕਰਦੇ ਹਨ ਕਿ ਪ੍ਰਭੂ ਦੀ ਹਮੇਸ਼ਾ ਸੇਵਾ-ਭਗਤੀ ਕਰਨ ਵਾਲਾ ਜੀਵ ਸਦਾ ਆਤਮਿਕ ਆਨੰਦ ਪਾਉਂਦਾ ਹੈ॥

## ਪਦ ਨੰ : 26

**ਨਾਮ ਧਿਆਵੇ ਸਿੱਧ ਭਏ, ਜਪਨ ਜਪੋ ਬਹੁ ਬਾਰ॥ ਸਤਿਗੁਰ ਕੇ ਸੰਗ ਲਾਗ ਕਰ, ਲੋਹਾ ਹੋਵੇ ਪਾਰ॥** 1 **ਗੁਰੂ ਗੋਪਾਲ ਜਹਾਜ ਜੁੱਗ, ਗੁਰ ਮਨਸਾ ਪੂਰਨ ਹਾਰ॥ ਸਾਹਿਬ ਕੀ ਉਪਮਾ ਭਨੋ, ਮੁੱਖ ਸੇ ਲੱਖ-ਲੱਖ ਵਾਰ॥** 2 **ਮਿੱਤਰ ਤੇਰਾ ਔਰ ਨਹੀਂ ਕਉ, ਤੂੰ ਦੇਖੀ ਨਦਰ ਪਸਾਰ॥ ਨਦਰੀ ਨਦਰ ਸੁਧਾਰ ਮਨ, ਕਹੇ ਰਵਿਦਾਸ ਵਿਚਾਰ॥** 3

**ਸ਼ਬਦ ਅਰਥ** : **ਸਿੱਧ ਭਏ**- ਸਫ਼ਲ ਹੋਣਾ। **ਮਨਸਾ**- ਇੱਛਾ, ਕਾਮਨਾ। **ਉਪਮਾ**- ਸਿਫ਼ਤਿ ਸਾਲਾਤ। **ਭਨੋ**- ਕਹਿਣਾ। **ਪਸਾਰ**- ਪਸਾਰਾ, ਚਾਰੇ ਪਾਸੇ। **ਨਦਰੀ ਨਦਰ**- ਕ੍ਰਿਪਾ ਦ੍ਰਿਸ਼ਟੀ, ਮਿਹਰ ਦੀ ਨਿਗ੍ਹਾ। **ਸੁਧਾਰ**- ਸ਼ੁੱਧ ਹੋਣਾ, ਪਵਿੱਤਰ ਹੋਣਾ।

**ਨੋਟ** : ਇਹ ਸ਼ਬਦ 'ਰਾਗੁ ਆਸਾਵਾਰੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਹੇ ਭਾਈ! (ਗੁਰੂ ਦੇ 'ਸ਼ਬਦ' ਰਾਹੀਂ) ਪ੍ਰਭੂ ਦਾ ਨਾਮ ਧਿਆਇਆਂ ਜੀਵ ਆਪਣਾ ਜਨਮ-ਮਨੋਰਥ ਸਫ਼ਲ ਕਰ ਲੈਂਦਾ ਹੈ। ਇਸ ਲਈ ਪ੍ਰਭੂ ਦੇ ਨਾਮ ਦਾ ਵਾਰ-ਵਾਰ ਜਾਪ ਜੱਪਦੇ ਰਹਿਣਾ ਚਾਹੀਦਾ ਹੈ। ਸਤਿਗੁਰੂ ਦੀ ਸੰਗਤ ਕਰਨ ਨਾਲ ਲੋਹਾ-ਰੂਪੀ ਜੀਵ ਵੀ ਮਾਇਆ ਦੇ ਮੋਹ-ਰੂਪ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ॥

2. ਹੇ ਭਾਈ! ਜੁਗਾਂ-ਜੁਗਾਂਤਰਾਂ ਤੋਂ ਹੀ ਗੁਰੂ (ਜੀਵ ਨੂੰ ਸੰਸਾਰ-ਸਮੁੰਦਰ ਤੋਂ ਪਾਰ ਲਗਾਉਣ ਲਈ), ਮਾਨੋਂ, ਪ੍ਰਭੂ ਦਾ ਜਹਾਜ਼ ਹੈ ਅਤੇ ਜੀਵਾਂ ਦੀਆਂ ਇੱਛਾਵਾਂ ਪੂਰੀਆਂ ਕਰਨ ਵਾਲਾ ਹੈ। ਇਸ ਲਈ ਜੀਵ ਨੂੰ ਆਪਣੇ ਮੂੰਹੋਂ ਗੁਰੂ-ਪਾਤਿਸ਼ਾਹ ਦੀ

ਮਹਿਮਾ ਦਾ ਗੁਣਗਾਨ ਲੱਖ-ਲੱਖ ਵਾਰ ਕਰਨਾ ਚਾਹੀਦਾ ਹੈ॥

3. ਹੇ ਭਾਈ! ਤੂੰ ਚਾਰੇ ਤਰਫ਼ ਆਪਣੀ ਨਿਗ੍ਹਾ ਮਾਰ ਕੇ ਦੇਖ ਕਿ ਇਸ ਜਗਤ ਵਿੱਚ ਗੁਰੂ-ਪਾਤਿਸ਼ਾਹ ਤੋਂ ਬਿਨਾਂ ਤੇਰਾ ਹੋਰ ਕੌਣ ਸੱਚਾ ਮਿੱਤਰ ਹੈ? ਸਤਿਗੁਰੂ ਰਵਿਦਾਸ ਮਹਾਰਾਜ ਜੀ ਵਿਚਾਰ ਕੇ ਫ਼ਰਮਾਂਦੇ ਹਨ ਕਿ ਗੁਰੂ-ਪਾਤਿਸ਼ਾਹ ਦੀ ਇਕ ਮਿਹਰ ਦੀ ਨਿਗ੍ਹਾ ਮਾਤਰ ਹੀ ਜੀਵ ਦਾ ਮਨ ਸ਼ੁੱਧ ਤੇ ਪਵਿੱਤਰ ਹੋ ਜਾਂਦਾ ਹੈ॥

## ਪਦ ਨੰ : 27

**ਵਰਨਣ ਕਰ ਕੇ ਕੋ ਕਹੇ, ਜਗ ਪਾਲਕ ਪਰਸ਼ੰਸ॥ ਅੰਤਰ ਕਰੋ ਮਿਲਾਪ ਗੁਰੂ, ਸੁਭ ਗੁਣ ਕੀ ਬਸੇ ਵੰਸ॥ 1 ਸਤਿਗੁਰ ਕੇ ਉਪਦੇਸ਼ ਕਰ, ਨਿਰਮਲ ਹੋਵੇ ਹੰਸ॥ ਸਤਿਗੁਰ ਦਾਤਾ ਅਤਿ ਬੜਾ, ਬ੍ਰਹਮ ਜਾਨੀਏਂ ਅੰਸ॥ 2 ਐਸਾ ਨਾਮ ਨਿਰੰਜਨੀ, ਅੰਤਰ ਲਏ ਬਸਾਇ॥ ਹਾਥ ਜੋੜ ਉਸਤਤਿ ਕਰੋ, ਗੁਰ ਰਾਖੇ ਸਤਿ ਭਾਇ॥ 3 ਬ੍ਰਹਮ ਵਕਤਾ, ਬ੍ਰਹਮ ਸੋਤ੍ਰੀ, ਬ੍ਰਹਮ ਨਿਸਠਾ ਗੁਰੂ ਅਸੰਸ॥ ਸਤਿਗੁਰ ਸੰਗ ਪਿਆਰ ਕਰ, ਕਹੇ ਰਵਿਦਾਸ ਬਡਹੰਸ॥ 4**

**ਸ਼ਬਦ ਅਰਥ** : **ਪਰਸ਼ੰਸ**- ਉਸਤਤਿ, ਮਹਿਮਾ। **ਵੰਸ**- ਵੰਸ, ਕੁਲ, ਭੰਡਾਰ। **ਹੰਸ**- ਜੀਵਾਤਮਾ, ਰੂਹ। **ਨਿਰੰਜਨੀ**- ਮਾਇਆ ਤੋਂ ਨਿਰਲੇਪ ਪ੍ਰਭੂ ਦਾ। **ਉਸਤਤਿ**- ਵਡਿਆਈ, ਮਹਿਮਾ। **ਸਤਿ**- ਸਦਾ ਥਿਰ ਰਹਿਣ ਵਾਲਾ ਪ੍ਰਭੂ। **ਭਾਇ**- ਪ੍ਰੇਮ। **ਵਕਤਾ**- ਕਹਿਣ ਵਾਲਾ, ਬੋਲਣ ਵਾਲਾ ਭਾਵ ਮੂੰਹ। **ਸੋਤ੍ਰੀ**- ਸੂਤ੍ਰੀ, ਡੋਰ, ਸੁਣਨ ਦੀ ਇੰਦਰੀ ਭਾਵ ਕੰਨ। **ਨਿਸਠਾ**- ਡੂੰਘਾ ਲਗਾਵ, ਗਹਿਰੀ ਪ੍ਰੀਤ, ਸ਼ਰਧਾ। **ਅਸੰਸ**- ਬਿਨਾਂ ਸੰਸੇ, ਨਿਰਸੰਦੇਹ। **ਬਡਹੰਸ**- ਪਰਮਹੰਸ, ਬ੍ਰਹਮ ਗਿਆਨੀ।

ਨੋਟ : ਇਹ ਸ਼ਬਦ 'ਰਾਗੁ ਆਸਾਵਾਰੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਹੇ ਭਾਈ! ਜਗਤ ਦੇ ਪਾਲਣਹਾਰ ਪ੍ਰਭੂ ਦੀ ਮਹਿਮਾ ਦਾ ਵਰਨਣ ਕੌਣ ਕਹਿ ਕੇ ਕਰ ਸਕਦਾ ਹੈ? ਪਰ ਇਹ ਇਕ ਗੁਰੂ ਹੀ ਹੈ ਜੋ ਜੀਵ ਨੂੰ ਉਸ ਦੇ ਅੰਦਰ ਹੀ ਪ੍ਰਭੂ ਨਾਲ ਮਿਲਾ ਦਿੰਦਾ ਹੈ। ਇਸ ਮਿਲਾਪ ਦੀ ਬਰਕਤਿ ਨਾਲ ਜੀਵ ਅੰਦਰ ਸਦ ਗੁਣਾਂ ਦਾ ਵੰਸ਼ (ਕੁਲ) ਆ ਵਸਦਾ ਹੈ ਭਾਵ ਜੀਵ ਸਦ ਗੁਣਾਂ ਦਾ (ਰੱਬੀ ਗੁਣਾਂ ਦਾ) ਭੰਡਾਰ ਹੋ ਨਿਬੜਦਾ ਹੈ॥

2. ਸਤਿਗੁਰੂ ਦੇ ਉਪਦੇਸ਼ਾਂ 'ਤੇ ਚੱਲਿਆਂ ਜੀਵਾਤਮਾ-ਰੂਪੀ ਹੰਸ ਪਵਿੱਤਰ ਹੋ ਜਾਂਦਾ ਹੈ। ਸਤਿਗੁਰੂ ਦਾਤਾਰ ਬਹੁਤ ਵੱਡੀ ਹਸਤੀ ਦਾ ਮਾਲਿਕ ਹੈ, ਉਸ ਨੂੰ ਬ੍ਰਹਮ ਦੀ ਹੀ ਅੰਸ਼ ਮੰਨਣਾ ਚਾਹੀਦਾ ਹੈ, ਬ੍ਰਹਮ ਦਾ ਹੀ ਰੂਪ ਮੰਨਣਾ ਚਾਹੀਦਾ ਹੈ॥

3. ਹੇ ਭਾਈ! (ਗੁਰੂ ਦੇ 'ਸ਼ਬਦ' ਰਾਹੀਂ ਹੀ) ਜੀਵ ਨੂੰ ਨਿਰੰਜਨ-ਪ੍ਰਭੂ ਦਾ ਨਾਮ ਆਪਣੇ ਹਿਰਦੇ ਵਿੱਚ ਵਸਾਉਣਾ ਚਾਹੀਦਾ ਹੈ ਤੇ ਦੋਵੇਂ ਹੱਥ ਜੋੜ ਕੇ ਗੁਰੂ ਦੀ ਵਡਿਆਈ ਕਰਨੀ ਚਾਹੀਦੀ ਹੈ ਕਿਉਂਕਿ ਇਹ ਗੁਰੂ ਹੀ ਹੈ ਜੋ ਜੀਵ ਨੂੰ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੇ ਪ੍ਰੇਮ ਨਾਲ ਹਮੇਸ਼ਾ ਜੋੜੀ ਰੱਖਦਾ ਹੈ (ਅਤੇ ਉਸ ਦੀ ਰਜ਼ਾ ਵਿੱਚ ਟਿਕਾਈ ਰੱਖਦਾ ਹੈ।)॥

4. ਇਸ ਲਈ ਨਿਰਸੰਦੇਹ ਜੀਵ ਲਈ ਗੁਰੂ ਹੀ ਬ੍ਰਹਮ ਦਾ ਵਕਤਾ ਹੈ, ਗੁਰੂ ਹੀ

ਬ੍ਰਹਮ ਨੂੰ ਮਿਲਾਉਣ ਵਾਲੀ ਡੋਰ ਹੈ ਤੇ ਗੁਰੂ ਹੀ ਬ੍ਰਹਮ ਨਾਲ ਡੂੰਘੀ ਪ੍ਰੀਤ ਪਾਉਣ ਦਾ ਸਾਧਨ ਹੈ। (ਦੂਜਾ ਅਰਥ- ਇਸ ਲਈ ਨਿਰਸੰਦੇਹ ਜੀਵ ਲਈ ਗੁਰੂ ਹੀ ਬ੍ਰਹਮ ਦਾ ਮੂੰਹ ਹੈ, ਗੁਰੂ ਹੀ ਬ੍ਰਹਮ ਦੀ ਸੁਣਨ ਦੀ ਇੰਦ੍ਰੀ ਹੈ ਭਾਵ ਕੰਨ ਹੈ ਤੇ ਗੁਰੂ ਹੀ ਬ੍ਰਹਮ ਨਾਲ ਡੂੰਘੀ ਪ੍ਰੀਤ ਪਾਉਣ ਦਾ ਸਾਧਨ ਹੈ।) ਗੁਰੂ ਰਵਿਦਾਸ ਮਹਾਰਾਜ ਜੀ ਸਮਝਾਉਂਦੇ ਹਨ ਕਿ ਹੇ ਭਾਈ! ਤੂੰ ਵੀ ਆਪਣੇ ਗੁਰੂ ਨਾਲ ਪ੍ਰੇਮ ਕਰ ਜਿਸ ਦੇ ਸਕਦੇ ਤੂੰ ਵੀ ਪਰਮਹੰਸ ਹੋ ਜਾਵੇਗਾ, ਬ੍ਰਹਮ-ਗਿਆਨੀ ਹੋ ਜਾਵੇਗਾ॥

## ਪਦ ਨੰ : 28

**ਦਾਤਾ ਸਭ ਗੁਣ ਬੜਾ ਹੈ, ਕਿਰਤ ਨਾ ਮੇਟੇ ਕੋਇ॥ ਸਮੁੰਦਰ ਸਾਗਰ ਸੇ ਜੀ ਤਰੇ, ਕਿਰਪਾ ਕਰਤਾ ਸੋਇ॥ 1 ਵੇਦ ਕਥੇ ਸ਼ਾਸਤਰ ਕਥੇ, ਤਿਸ ਬਿਨ ਅਵਰ ਨਾ ਕੋਇ॥ ਨਾ ਹੂਆ ਨਾ ਹੋਇਗਾ, ਜਾਨਤ ਹੈ ਜਗ ਲੋਇ॥ 2 ਨਾਮ ਜਪੋ ਤਿਸ ਧਨੀ ਕਾ, ਮਾਤ ਗਰਭ ਨਹਿ ਪੋਹਿ॥ ਸਤਿਗੁਰੂ ਕੀ ਕਰ ਬੰਦਗੀ ਸੰਸੈ ਸ਼ਕਲ ਮਿਟੋਇ॥ 3 ਗਿਰ ਪ੍ਰਿਥਵੀ ਚੰਦ ਸੂਰ ਸਭ, ਧਾਰਤ ਹੈ ਭਗਵੰਤ॥ ਰਵਿਦਾਸ ਕਹੇ ਅਲਪਗ ਯਹ, ਜਾਨਤ ਹੈ ਕਿਆ ਜੰਤ॥ 4**

**ਸ਼ਬਦ ਅਰਥ** : **ਕਿਰਤ**- ਕੰਮ, ਕਰਨੀ। **ਜੀ**- ਜੀਵ। **ਕਥੇ**- ਕਥਨ ਕਰਨਾ, ਬਿਆਨ ਕਰਨਾ। **ਜਗ ਲੋਇ**- ਸੰਸਾਰ ਦੇ ਲੋਕ। **ਪੋਹਿ**- ਪ੍ਰਵੇਸ਼ ਹੋਣਾ, ਪੈਣਾ, ਘੁਸਣਾ। **ਸੰਸੈ**- ਸ਼ੰਕਾ, ਸੰਦੇਹ। **ਗਿਰ**- ਪਹਾੜ। **ਧਾਰਤ**- ਧਾਰਨ ਵਾਲਾ, ਬਣਾਉਣ ਵਾਲਾ। **ਅਲਪਗ**- ਘਟ ਇਲਮ ਜਾਣਨ ਵਾਲਾ, ਥੋੜ੍ਹੀ ਮੱਤ ਵਾਲਾ। **ਜੰਤ**- ਜੀਵ।

**ਨੋਟ** : ਇਹ ਸ਼ਬਦ 'ਰਾਗੁ ਆਸਾਵਾਰੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਦਾਤਾਰ-ਪ੍ਰਭੂ ਸਭ ਗੁਣਾਂ ਦਾ ਮਾਲਿਕ ਹੈ ਤੇ ਸਭ ਤੋਂ ਵੱਡੀ ਹਸਤੀ ਵਾਲਾ ਹੈ। ਉਸ ਦੀ ਕਰਨੀ ਨੂੰ ਕੋਈ ਮਿਟਾ ਨਹੀਂ ਸਕਦਾ, ਉਸ ਦੇ ਹੁਕਮ ਨੂੰ ਕੋਈ ਉਲੰਘ ਨਹੀਂ ਸਕਦਾ। ਜਿਸ ਜੀਵ 'ਤੇ ਉਹ ਕ੍ਰਿਪਾ-ਦ੍ਰਿਸ਼ਟੀ ਕਰਦਾ ਹੈ ਉਹ ਜੀਵ ਮਾਇਆ-ਵੇੜ੍ਹੇ ਸੰਸਾਰ-ਸਮੁੰਦਰ ਤੋਂ ਸਹਿਜੇ ਹੀ ਤਰ ਕੇ ਪਾਰ ਲੰਘ ਜਾਂਦਾ ਹੈ॥

2. ਵੇਦਾਂ ਤੇ ਸ਼ਾਸਤਰਾਂ ਦਾ ਵੀ ਇਹੋ ਕਥਨ ਹੈ ਕਿ ਪ੍ਰਭੂ ਤੋਂ ਬਿਨਾਂ ਉਸ ਵਰਗਾ ਦੁਨੀਆਂ ਵਿੱਚ ਕੋਈ ਹੋਰ ਦੂਸਰਾ ਨਹੀਂ ਹੈ। ਸੰਸਾਰ ਦੇ ਸਾਰੇ ਲੋਕ ਵੀ ਇਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਪ੍ਰਭੂ ਤੋਂ ਬਿਨਾਂ (ਪ੍ਰਭੂ ਵਰਗਾ) ਨਾ ਕੋਈ ਹੋਇਆ ਹੈ ਤੇ ਨਾ ਹੀ ਹੋਵੇਗਾ॥

3. ਉਸ ਦਾਤਾਰ-ਪ੍ਰਭੂ ਦਾ ਨਾਮ ਜੱਪਿਆਂ ਜੀਵ ਮਾਂ ਦੇ ਗਰਭ ਵਿੱਚ ਦੁਬਾਰਾ ਨਹੀਂ ਪੈਂਦਾ ਭਾਵ ਉਸ ਦਾ ਪਾਰ-ਉਤਾਰਾ ਹੋ ਜਾਂਦਾ ਹੈ। ਸਤਿਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ ਦੀ ਬੰਦਗੀ ਕੀਤਿਆਂ ਜੀਵ ਦੇ ਸਾਰੇ ਸ਼ੱਕ-ਸੰਦੇਹ ਮਿਟ ਜਾਂਦੇ ਹਨ॥

4. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਪਹਾੜ, ਧਰਤੀ, ਚੰਦਰਮਾ, ਸੂਰਜ ਆਦਿਕ ਸਾਰੀ ਸ੍ਰਿਸ਼ਟੀ ਪ੍ਰਭੂ ਨੇ ਧਾਰੀ ਹੋਈ ਹੈ ਭਾਵ ਪ੍ਰਭੂ ਨੇ

ਬਣਾਈ ਹੋਈ ਹੈ ਪਰ ਥੋੜ੍ਹੀ ਮੱਤ ਵਾਲਾ ਜੀਵ ਪ੍ਰਭੂ ਦੀ ਕੁਦਰਤ (ਰਚਨਾ ਸ਼ਕਤੀ) ਵਾਰੇ ਕੀ ਜਾਣ ਸਕਦਾ ਹੈ ?॥

## ਪਦ ਨੰ : 29

**ਗੁਰਮੁਖ ਦਵਾਰਾ ਨਾਦ ਸੁਣ, ਹਿਰਦੇ ਮਾਂਹ ਲੇ ਬੂਝ ॥ ਸੁਰਤ ਧਰੋ ਮਤ ਉਪਜੈ, ਨੇਤਰੀਂ ਹੋਵੇ ਸੂਝ ॥ [1] ਮਿਲੇ ਨਾ ਸਤਿਗੁਰ ਸ਼ਬਦ ਤੋਹਿ, ਅੰਤਰ ਭਰੀ ਹੈ ਦੂਜ ॥ ਅਮਰ ਹੋਵੇ ਸਤਿਸੰਗ ਮੇਂ, ਮਨ ਅਪਨੇ ਸੇ ਝੂਜ ॥ [2] ਸ੍ਰੇਸ਼ਟ ਪੁਰਸ਼ ਕਾ ਸੰਗ ਕਰ, ਮਾਨ ਕਰੋ ਸਭ ਚੂਰ ॥ ਮਨ ਹਸਤੀ ਸਕਲ ਜਰੋ, ਪਾਪਨ ਕੋ ਜੋ ਮੂਰ ॥ [3] ਸਾਹਿਬ ਸੇਤੀ ਪ੍ਰੇਮ ਕਰ, ਰਸਾਤਲ ਸੇ ਜਾ ਬਚ ॥ ਗੁਰ ਗੁਰ ਮਨ ਮੇਂ ਰਟਨ ਕਰ, ਮੁਖ ਸੇ ਬੋਲ ਤੂੰ ਸੱਚ ॥ [4] ਸੰਤਨ ਕੇ ਦਵਾਰੇ ਪਰੋ, ਹੋਵੇ ਪਰਮ ਆਨੰਦ ॥ ਕਹੇ ਰਵਿਦਾਸ ਭਗਵਾਨ ਕੇ, ਗਾਵੋ ਮਨ ਮੇਂ ਛੰਦ ॥ [5]**

**ਸ਼ਬਦ ਅਰਥ :** **ਗੁਰਮੁਖ**- ਗੁਰੂ + ਮੁਖ = ਗੁਰੂ ਦਾ ਮੁੱਖ ਭਾਵ ਗੁਰੂ ਦਾ ਚਿਹਰਾ ਭਾਵ ਗੁਰੂ। **ਨਾਦ**- ਆਵਾਜ਼, ਧੁਨਿ, ਅਨਹਦ ਧੁਨਿ। **ਬੂਝ**- ਸਮਝ, ਪਹਿਚਾਣ, ਪੜਤਾਲਣਾ ਕਰ। **ਧਰੋ**- ਧਰਨਾ, ਟਿਕਾਉਣਾ। **ਮਤ**- ਅਕਲ, ਗਿਆਨ। **ਉਪਜੈ**- ਪੈਦਾ ਹੋਣਾ, ਪੁੰਗਰਣਾ। **ਸੂਝ**- ਸੁਬੁੱਧੀ, ਸੋਝੀ। **ਨੇਤਰੀ**- ਅੱਖਾਂ, (ਮਨ) ਅੱਖਾਂ। **ਦੂਜ**- ਦੂਈ ਦਵੈਤ ਦੀ ਭਾਵਨਾ। **ਅਮਰ**- ਅਟੱਲ, ਸਦਾ ਰਹਿਣ ਵਾਲਾ। **ਝੂਜ**- ਝੂਜਣਾ, ਘਾਲ ਕਰਨੀ। **ਸ੍ਰੇਸਟ ਪੁਰਸ**- ਸੰਤ ਜਨ। **ਮਾਨ**- ਹਉਮੈ। **ਮਨ ਹਸਤੀ**- ਮਨ ਦਾ ਆਪਾ ਭਾਵ। **ਜਰੋ**- ਜਲਾਉਣਾ, ਨਸ਼ਟ ਕਰਨਾ, ਖ਼ਤਮ ਕਰਨਾ। **ਮੂਰ**- ਮੁੱਢ, ਮੂਲ, ਜੜ੍ਹ। **ਰਸਾਤਲ**- ਨਰਕ। **ਛੰਦ**- ਪਦ, ਨਜਮ, ਗੀਤ।

**ਨੋਟ** : ਇਹ ਸ਼ਬਦ 'ਰਾਗੁ ਆਸਾਵਾਰੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਹੇ ਭਾਈ ! ਤੂੰ ਸਤਿਗੁਰੂ ਦੇ 'ਸ਼ਬਦ' ਰਾਹੀਂ, 'ਅਨਹਦ ਧੁਨਿ' ਨੂੰ ਸੁਣ (ਭਾਵ ਬ੍ਰਹਿਮੰਡ ਵਿੱਚ ਇਕ-ਰਸ ਹੋ ਰਹੀ 'ਸ਼ਬਦ-ਧੁਨਿ' ਨੂੰ ਸੁਣ) ਤੇ ਮਨ ਵਿੱਚ ਇਸ ਦੀ ਪੜਤਾਲਣਾ ਕਰ, ਇਸ ਨੂੰ ਪਹਿਚਾਣ। ਯਾਦ ਰੱਖ, ਸੁਰਤਿ ਨੂੰ ਇਕ ਥਾਂ ਟਿਕਾਇਆਂ ਜੀਵ ਨੂੰ ਗਿਆਨ ਦਾ ਬੋਧ ਹੁੰਦਾ ਹੈ ਤੇ ਮਨ-ਅੱਖਾਂ ਵਿੱਚ ਸੋਝੀ ਆਉਂਦੀ ਹੈ (ਭਾਵ ਗੁਰੂ ਦੇ 'ਸ਼ਬਦ' ਰਾਹੀਂ ਸੁਰਤਿ ਨੂੰ ਪ੍ਰਭੂ ਦੇ ਨਾਮ-ਸਿਮਰਨ 'ਤੇ ਟਿਕਾਇਆਂ ਜੀਵ ਅੰਦਰ ਆਤਮਿਕ ਗਿਆਨ ਪੈਦਾ ਹੁੰਦਾ ਹੈ ਤੇ ਜਿਸ ਦੀ ਬਰਕਤਿ ਨਾਲ ਮਨ-ਅੱਖਾਂ ਨੂੰ ਇਕ-ਰਸ ਹੋ ਰਹੀ 'ਸ਼ਬਦ-ਧੁਨਿ' ਸੁਣਨ ਦੀ ਆਤਮਿਕ ਸੋਝੀ ਆਉਂਦੀ ਹੈ।)॥

2. ਪਰ ਜਦੋਂ ਤੱਕ ਜੀਵ ਅੰਦਰ ਦੂਈ-ਦਵੈਤ ਦੀ ਭਾਵਨਾ ਭਰੀ ਰਹਿੰਦੀ ਹੈ ਉਦੋਂ ਤੱਕ ਉਹ ਗੁਰੂ ਦੇ 'ਸ਼ਬਦ' ਨਾਲ ਜੁੜ ਨਹੀਂ ਸਕਦਾ। ਜਿਹੜਾ ਜੀਵ ਆਪਣੇ ਮਨ ਵਿੱਚ ਗੁਰੂ ਦੇ 'ਸ਼ਬਦ' ਨਾਲ ਝੂਜਦਾ ਹੈ ਭਾਵ ਮਨ ਵਿੱਚ 'ਸ਼ਬਦ' ਦੀ ਘਾਲ-ਕਮਾਈ ਕਰਦਾ ਹੈ, ਉਹ ਸਤਿਸੰਗ ਵਿੱਚ ਰਹਿ ਕੇ ਅਟੱਲ ਆਤਮਿਕ ਜੀਵਨ ਵਾਲਾ ਹੋ ਜਾਂਦਾ ਹੈ॥

3. ਸੰਤ-ਜਨਾਂ ਦੀ ਸੰਗਤ ਕੀਤਿਆਂ ਮਨ ਦਾ ਸਾਰਾ ਹੰਕਾਰ ਚੂਰ-ਚੂਰ ਹੋ ਜਾਂਦਾ ਹੈ। ਮਨ ਦੀ ਹਉਮੈ, ਜੋ ਸਾਰੇ ਪਾਪਾਂ ਦੀ ਜੜ੍ਹ ਹੈ, ਉਸ ਨੂੰ ਆਪਣੇ ਮਨੋਂ

ਹਮੇਸ਼ਾ ਲਈ ਖ਼ਤਮ ਕਰਨਾ ਚਾਹੀਦਾ ਹੈ॥

4. ਹੇ ਭਾਈ! ਹਉਮੈ ਨੂੰ ਤਿਆਗ ਕੇ ਉਸ ਮਾਲਿਕ-ਪ੍ਰਭੂ ਨਾਲ ਪ੍ਰੀਤ ਕਰਨੀ ਚਾਹੀਦੀ ਹੈ ਜਿਸ ਦੀ ਰਹਿਮਤ ਨਾਲ ਨਰਕਾਂ ਤੋਂ ਬਚਿਆ ਜਾ ਸਕੇ। ਮਨ ਵਿੱਚ ਗੁਰੂ ਦੇ 'ਸ਼ਬਦ' ਦਾ ਵਾਰ-ਵਾਰ ਰਟਨ ਕਰਨਾ ਚਾਹੀਦਾ ਹੈ ਤੇ ਮੂੰਹੋਂ ਹਮੇਸ਼ਾ ਸੱਚ ਬੋਲਣਾ ਚਾਹੀਦਾ ਹੈ॥

5. ਹੇ ਭਾਈ! ਸੰਤਾਂ ਦੇ ਦਰ ਉੱਤੇ ਜਾਇਆਂ ਭਾਵ ਸੰਤਾਂ ਦੀ ਸ਼ਰਨ ਪਿਆ ਜੀਵ ਨੂੰ ਸਭ ਤੋਂ ਉੱਚੇ ਆਤਮਿਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਜੀਵ ਨੂੰ ਹਮੇਸ਼ਾ ਮਨ ਵਿੱਚ ਪ੍ਰਭੂ ਦੀ ਹੀ ਸਿਫ਼ਤਿ-ਸਾਲਾਹ ਦੇ ਗੀਤ ਗਾਉਂਦੇ ਰਹਿਣਾ ਚਾਹੀਦਾ ਹੈ॥

## <u>ਪਦ ਨੰ : 30</u>

**ਪਤਾਲ ਰਸਾਤਲ ਆਨੰਤ ਹੈ, ਖੋਜਨ ਹਾਰੇ ਲੋਕ॥ ਪ੍ਰਭੂ ਮਾਇਆ ਕੋ ਅੰਤ ਨਾ, ਢੂੰਢਤ ਕਰਤੇ ਸ਼ੋਕ॥ [1] ਜੀਵ ਵਿਤਲ ਹੈ ਜੀਵ ਮੇਂ, ਜੀਵ ਸੁਤਲ ਸੋ ਜੀਵ॥ ਜੀਵ ਤਲਾਤਲ ਮਹਾਤਲ, ਸਾਹਿਬ ਲਖ ਲੈ ਸੀਵ॥ [2] ਅਤਲ ਸਾਤ ਪਾਤਾਲ ਯਹ, ਜੀਵ ਈਸ਼ ਲਖਿ ਲੇਵ॥ ਇਸ ਬਿਧਿ ਅੰਤ ਨਾ ਆਵੇ ਹੈ, ਖੈ ਪਤਾਲਾ ਭੇਵ॥ [3] ਬੁੱਧੀ ਕਿਤਨੇ ਬਲ ਧਾਰੇ, ਲਾਗਤ ਨਾ ਕੋਈ ਤਾਣ॥ ਗੁਰਮੁੱਖ ਮਨ ਬਸਾਈਏ, ਮਾਨਕ ਨਾਮ ਨਿਸ਼ਾਣ॥ [4] ਚੀਂਟੀ ਕੇ ਸਮ ਬਲ ਨਹੀਂ, ਚਾਲੇ ਤੇਰਾ ਜੋਰ॥ ਨਾਮ ਬਿਨਾਂ ਭਗਵਾਨ ਕੇ, ਲਾਖ ਮਚਾਵੇ ਸ਼ੋਰ॥ [5] ਉਤਰੇ ਆਵਰਣ ਦਿਲੇ ਕਾ, ਮਨ ਆਪਣਾ ਲੇ ਸਾਧ॥ ਕਹੇ ਰਵਿਦਾਸ ਪੁਕਾਰ ਕੇ, ਦੂਰ ਕਰੋ ਸਭ ਵਿਆਧਿ॥ [6]**

**<u>ਸ਼ਬਦ ਅਰਥ</u>** : **ਪਤਾਲ**- ਪ੍ਰਿਥਵੀ ਦੇ ਹੇਠਲਾ ਲੋਕ। **ਰਸਾਤਲ**- ਸੱਤਵਾਂ ਪਾਤਾਲ, ਨਰਕ। **ਮਾਇਆ**- ਪ੍ਰਭੂ ਦੀ ਜਗਤ-ਰਚਨਾ ਦੀ ਸ਼ਕਤੀ। **ਸ਼ੌਕ**- ਰੁਚੀ, ਉਤਸੁੱਕਤਾ। **ਲਖ**- ਤੱਕਣਾ, ਲੋਚਣਾ, ਤਾਂਘ ਰੱਖਣਾ। **ਸੀਵ**- ਸੇਵਾ। **ਲਖਿ**- ਤੱਕਣਾ, ਦੇਖਣਾ, ਦਰਸ਼ਨ ਕਰਨਾ। **ਲੇਵ**- ਲੈਣਾ, ਪ੍ਰਾਪਤ ਕਰਨਾ। **ਖੈ**- ਇਹ ਸੰਬੰਧ ਬੋਧਕ ਸ਼ਬਦ ਹੈ ਜਿਵੇਂ- ਕਾ, ਕੀ, ਦਾ, ਦੇ, ਨੂੰ, ਆਦਿਕ। **ਭੇਵ**- ਭੇਦ, ਰਹੱਸ। **ਬਲ**- ਤਾਕਤ। **ਤਾਣ**- ਜ਼ੋਰ। **ਗੁਰਮੁੱਖ**= ਗੁਰੂ+ਮੁੱਖ ਭਾਵ ਗੁਰੂ ਦਾ ਚਿਹਰਾ ਭਾਵ ਗੁਰੂ। **ਮਾਨਕ**- ਲਾਲ ਰੰਗ ਦਾ ਕੀਮਤੀ ਰਤਨ। **ਨਿਸ਼ਾਣ**- ਚਿੰਨ੍ਹ ਚਿਹਨ, ਪਰਵਾਨਾ (ਭਾਵ ਲਿਖਿਆ ਹੋਇਆ ਹੁਕਮਨਾਮਾ), ਸ਼ਾਹੀ ਫ਼ੁਰਮਾਨ। **ਆਵਰਣ**- ਪਰਦਾ। **ਸਾਧ**- ਸੋਧਨਾ, ਕਾਬੂ ਕਰਨਾ। **ਵਿਆਧਿ**- ਮਾਨਸਿਕ ਦੁੱਖ।

**<u>ਨੋਟ</u>** : ਇਹ ਸ਼ਬਦ 'ਰਾਗੁ ਆਸਾਵਾਰੀ' ਵਿੱਚ ਗਾਇਆ ਜਾ ਸਕਦਾ ਹੈ।

**<u>ਪਦ ਅਰਥ</u>**- ਬ੍ਰਹਿਮੰਡ ਵਿੱਚ ਅਣਗਿਣਤ ਪਾਤਾਲ ਤੇ ਧਰਤੀ ਮੌਜੂਦ ਹਨ। ਜੀਵ ਇਨ੍ਹਾਂ ਦੀ ਖੋਜ ਕਰਦੇ ਹੋਏ ਹਾਰ ਗਏ ਹਨ। ਪ੍ਰਭੂ ਦੀ ਮਾਇਆ (ਭਾਵ ਜਗਤ ਰਚਨਾ) ਦਾ ਕੋਈ ਅੰਤ ਨਹੀਂ ਹੈ, ਇਹ ਪਰ੍ਹੇ ਤੋਂ ਪਰ੍ਹੇ ਹੈ ਪਰ ਫਿਰ ਵੀ ਜੀਵ ਵੱਡੀ ਉਤਸੁੱਕਤਾ ਨਾਲ ਇਸ ਦੇ ਉਰਲੇ-ਪਾਰਲੇ ਬੰਨੇ ਨੂੰ ਲੱਭਣ ਦੀ ਕੋਸ਼ਿਸ਼ ਵਿੱਚ ਲੱਗੇ ਰਹਿੰਦੇ ਹਨ॥

2. ਜੀਵ ਭਾਵੇਂ ਵਿਤਲ ਪਾਤਾਲ ’ਚ, ਭਾਵੇਂ ਸੁਤਲ ਪਾਤਾਲ ’ਚ, ਭਾਵੇਂ ਤਲਾਤਲ ਪਾਤਾਲ ’ਚ ਤੇ ਭਾਵੇਂ ਮਹਾਤਲ ਪਾਤਾਲ ’ਚ ਹੋਵੇ, ਉਸ ਨੂੰ ਹਮੇਸ਼ਾ ਆਪਣੇ ਮਾਲਿਕ-ਪ੍ਰਭੂ ਦੀ ਹੀ ਸੇਵਾ-ਭਗਤੀ ਲੋਚਣੀ ਚਾਹੀਦੀ ਹੈ॥

3. ਜੀਵ ਭਾਵੇਂ ਅਤਲ ਪਾਤਾਲ ’ਚ ਤੇ ਭਾਵੇਂ ਸਤ ਪਾਤਾਲਾਂ ਵਿੱਚੋਂ ਕਿਸੇ ਵੀ ਪਾਤਾਲ ’ਚ ਹੋਵੇ, ਉਸ ਨੂੰ ਹਮੇਸ਼ਾ ਈਸ਼ਵਰ ਦੇ ਦਰਸ਼ਨਾਂ ਦੀ ਹੀ ਤਾਂਘ ਰੱਖਣੀ ਚਾਹੀਦੀ ਹੈ। ਜੀਵ ਭਾਵੇਂ ਕਿਤੇ ਵੀ ਹੋਵੇ ਉਹ ਕਿਸੇ ਵੀ ਢੰਗ ਨਾਲ ਨਾ ਤਾਂ ਪ੍ਰਭੂ ਦੀ ਜਗਤ ਰਚਨਾ ਦਾ ਅੰਤ ਪਾ ਸਕਦਾ ਹੈ ਤੇ ਨਾ ਹੀ ਉਸ ਦੇ ਭੇਦਾਂ ਨੂੰ ਜਾਣ ਸਕਦਾ ਹੈ॥

4. ਜੀਵ ਦੀ ਬੁੱਧੀ ਭਾਵੇਂ ਕਿੰਨੀਂ ਵੀ ਬਲਵਾਨ ਕਿਉਂ ਨਾ ਹੋਵੇ ਪਰ ਪ੍ਰਭੂ ਦੀ ਰਜ਼ਾ ਅੱਗੇ ਉਸ ਦਾ ਕੋਈ ਜ਼ੋਰ ਨਹੀਂ ਚੱਲਦਾ। ਹਾਂ, ਗੁਰੂ ਨੂੰ ਮਨ ’ਚ ਵਸਾਇਆਂ ਭਾਵ ਗੁਰੂ ਦੇ ‘ਸ਼ਬਦ’ ਨੂੰ ਮਨ ਵਿੱਚ ਹਮੇਸ਼ਾ ਯਾਦ ਰੱਖਿਆਂ ਜੀਵ ਨੂੰ ਪ੍ਰਭੂ ਦੇ ਦਰ ’ਤੇ ਜਾਣ ਲਈ ਪ੍ਰਭੂ ਦੇ ਨਾਮ ਦਾ ਹੀਰੇ-ਮੋਤੀ ਵਰਗਾ (ਕੀਮਤੀ) ਪਰਵਾਨਾ ਮਿਲ ਜਾਂਦਾ ਹੈ ਭਾਵ ਉਹ ਪ੍ਰਭੂ ਦੇ ਦਰ ’ਤੇ ਕਬੂਲਿਆ ਜਾਂਦਾ ਹੈ॥

5. ਜੀਵ ਵਿੱਚ ਤਾਂ ਕੀੜੀ ਦੇ ਬਰਾਬਰ ਦੀ ਵੀ ਤਾਕਤ ਨਹੀਂ ਹੈ, ਸਭ ਪਾਸੇ ਪ੍ਰਭੂ ਦਾ ਹੀ ਜ਼ੋਰ ਚੱਲਦਾ ਹੈ, ਉਸਦੀ ਹੀ ਰਜ਼ਾ ਵਰਤਦੀ ਹੈ। ਪ੍ਰਭੂ ਦੇ ਨਾਮ ਤੋਂ ਸੱਖਣਾ ਜੀਵ (ਆਪਣੀ ਤਾਕਤ ਦਾ) ਭਾਵੇਂ ਜਿੰਨਾਂ ਮਰਜ਼ੀ ਹੀ ਸ਼ੋਰ ਮਚਾਈ ਜਾਵੇ, ਉਹ ਸਭ ਵਿਅਰਥ ਹੈ॥

6. ਹੇ ਭਾਈ! ਮਨ ਨੂੰ ਕਾਬੂ ਕਰਕੇ ਉਸ ਨੂੰ ਪ੍ਰਭੂ ਦੇ ਨਾਮ-ਸਿਮਰਨ ਵਿੱਚ ਲਗਾਇਆਂ ਹੀ ਦਿਲਾਂ ’ਤੇ ਪਏ ਹੋਏ (ਆਤਮਿਕ ਜੀਵਨ ਵਲੋਂ ਬੇਸਮਝੀ ਦੇ) ਪਰਦੇ ਉਤਰਦੇ ਹਨ। ਸਤਿਗੁਰੂ ਮਹਾਰਾਜ ਜੀ ਵੱਡੇ ਦ੍ਰਿੜ੍ਹ ਵਿਸ਼ਵਾਸ ਨਾਲ ਉਚਾਰਨ ਕਰਦੇ ਹਨ ਕਿ ਪ੍ਰਭੂ ਦਾ ਨਾਮ ਸਿਮਰਿਆਂ ਜੀਵ ਦੇ ਸਾਰੇ ਮਾਨਸਿਕ ਰੋਗ ਦੂਰ ਹੋ ਜਾਂਦੇ ਹਨ॥

## ਪਦ ਨੰ : 31

**ਨਦੀਆਂ ਲਹਿਰੀਂ ਬਸ ਰਹਾ, ਸਾਗਰ ਅਤਿ ਗੰਭੀਰ॥ ਚੌਦਹ ਰਤਨ ਉਪਾਇਆ, ਸਤਿਗੁਰੂ ਗੁਣੀ ਗਹੀਰ॥ 1 ਊਠਤ ਬੈਠਤ ਨਾਮ ਭਜ, ਸੋ ਪਾਵਤ ਸਤਿ ਸੀਰ॥ ਮਨ ਅਪਣੇ ਗੁਰੂ ਗੁਰੂ ਰਟੋ, ਕਭੀ ਨਾ ਹੋਵੇ ਭੀਰ॥ 2 ਮੁੱਖ ਪਵਿੱਤਰ ਹੋਤ ਹੈ, ਗੁਣ ਗਾਵਤ ਦੀਨ ਦਿਆਲ॥ ਸਰਬ ਘਟਾ ਭਰਪੂਰ ਹੈ, ਅੰਤਰਯਾਮੀ ਪਾਲ॥ 3 ਤੁਝੇ ਭਰੋਸਾ ਨਾ ਪੜੇ, ਇਸ ਕਾਰਣ ਕੰਗਾਲ॥ ਰਵਿਦਾਸ ਕਹੇ ਸੰਸਾਰ ਮੇਂ, ਅਬ ਭੀ ਕਰ ਤੂੰ ਭਾਲ॥ 4**

<u>ਸ਼ਬਦ ਅਰਥ</u> : ਗੰਭੀਰ- ਡੂੰਘਾ, ਗਹਿਰਾ। **ਚੌਦਹ ਰਤਨ**- ਪੁਰਾਣਾਂ ਅਨੁਸਾਰ ਖੀਰ ਸਮੁੰਦਰ ਨੂੰ ਰਿੜਕਣ ਸਮੇਂ ਕੱਢੇ ਚੌਦਾਂ ਉੱਤਮ ਪਦਾਰਥ, ਚੌਦਾਂ ਪਦਾਰਥ ਇਹ ਹਨ : 1. ਉੱਚੈ-ਸ੍ਰਵਾ ਘੋੜਾ (ਉੱਚੀ ਆਵਾਜ਼ ਵਿੱਚ ਹਿਣਕਨ ਵਾਲਾ ਘੋੜਾ), 2. ਕਾਮਧੇਨ ਗਊ, 3. ਕਲਪ ਬ੍ਰਿਖ, 4. ਰੰਭਾ ਅਪਸਰਾ, 5. ਲਛਮੀ, 6. ਅੰਮ੍ਰਿਤ, 7. ਕਾਲਕੂਟ

(ਜ਼ਹਿਰ), 8. ਸਰਾਬ (ਸੁਰਾ), 9. ਚੰਦ੍ਰਮਾ, 10. ਧੰਨਵੰਤਰਿ, 11. ਪਾਂਚਜਨਯ ਸ਼ੰਖ, 12. ਕੌਸਵਭਮਣਿ, 13. ਸਾਰੰਗ ਧਨੁਖ, 14. ਐਰਾਵਤ ਹਾਥੀ। **ਗੁਣੀ ਗਹੀਰ** - ਗੁਣਾਂ ਦਾ ਮਾਲਿਕ, ਗੁਣਾਂ ਦਾ ਭੰਡਾਰ। **ਸਤਿ**- ਸਦਾ ਥਿਰ ਰਹਿਣ ਵਾਲਾ ਪ੍ਰਭੂ। **ਸੀਰ**- ਸਰਾਕਤ, ਸਾਂਝ। **ਭੀਰ**- ਮੁਸੀਬਤ। **ਪਾਲ**- ਪਾਲਣਹਾਰਾ। **ਕੰਗਾਲ**- ਆਤਮਿਕ ਜੀਵਨ ਤੋਂ ਸੱਖਣਾ।

**ਨੋਟ** : ਇਹ ਸ਼ਬਦ 'ਰਾਗੁ ਗਉੜੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਨਦੀਆਂ ਭਾਵੇਂ ਪਾਨੀ ਦੀਆਂ ਲਹਿਰਾਂ ਨਾਲ ਲਬਾ-ਲਬ ਭਰੀਆਂ ਹੋਈਆਂ ਹਨ। ਸਮੁੰਦਰ ਭਾਵੇਂ ਬਹੁਤ ਡੂੰਘਾ ਹੈ ਤੇ ਜਿਸ ਦੇ ਖ਼ਜ਼ਾਨਿਆਂ ਵਿੱਚ ਧਨ-ਪਦਾਰਥਾਂ ਦੇ ਕਈ ਢੇਰ ਪਏ ਹੋਏ ਹਨ ਤੇ ਜਿਸ ਵਿੱਚੋਂ ਚੌਦਾਂ ਵੱਡੇ ਰਤਨ (ਵਰਗੇ ਕੀਮਤੀ ਪਦਾਰਥ) ਉਤਪੰਨ ਹੋਏ ਹਨ ਪਰ ਇਨ੍ਹਾਂ ਸਭਨਾਂ ਦੇ ਟਾਕਰੇ 'ਤੇ ਸਤਿਗੁਰੂ ਬਹੁਤ ਡੂੰਘੇ ਜਿਗਰੇ ਵਾਲਾ ਹੈ ਅਤੇ ਬੇਅੰਤ ਗੁਣਾਂ ਦਾ ਭੰਡਾਰ ਹੈ। (ਉਸ ਦੇ ਭੰਡਾਰ ਵਿੱਚ 'ਰੱਬੀ ਗੁਣ-ਰੂਪ' ਚੌਦਾਂ ਰਤਨਾਂ ਦੇ ਬੇਅੰਤ ਅਤੇ ਬੇ-ਸ਼ੁਮਾਰ ਢੇਰ ਪਏ ਹੋਏ ਹਨ।)॥

2. ਹੇ ਭਾਈ! ਜਿਹੜਾ ਜੀਵ ਉੱਠਦੇ-ਬਹਿੰਦੇ ਹਰ ਵੇਲੇ ਗੁਰੂ ਦੇ 'ਸ਼ਬਦ' ਦਾ ਭਜਨ ਕਰਦਾ ਰਹਿੰਦਾ ਹੈ ਉਹ ਸਦਾ-ਥਿਰ ਰਹਿਣ ਵਾਲੇ ਪ੍ਰਭੂ ਨਾਲ ਪੱਕੀ ਸਾਂਝ ਬਣਾ ਲੈਂਦਾ ਹੈ। ਆਪਣੇ ਗੁਰੂ ਦੇ 'ਸ਼ਬਦ' ਨੂੰ ਮਨ ਵਿੱਚ ਵਾਰ-ਵਾਰ ਸਿਮਰਦੇ ਰਹਿਣ ਵਾਲੇ ਜੀਵ ਉੱਤੇ ਕਦੇ ਵੀ ਕੋਈ ਮੁਸੀਬਤ ਨਹੀਂ ਆਉਂਦੀ॥

3. ਹੇ ਭਾਈ! ਦੀਨਾਂ 'ਤੇ ਦਇਆ ਕਰਨ ਵਾਲੇ ਪ੍ਰਭੂ ਦੇ ਗੁਣ ਗਾਇਆਂ ਮੁੱਖ ਪਵਿੱਤਰ ਹੋ ਜਾਂਦਾ ਹੈ। ਦਿਲਾਂ ਦਾ ਜਾਣਨਹਾਰ ਤੇ ਜਗਤ ਦਾ ਪਾਲਣਹਾਰ-ਪ੍ਰਭੂ ਸਭ ਜੀਵਾਂ ਦੇ ਸਰੀਰ ਵਿੱਚ ਨਕਾ-ਨਕ ਮੌਜੂਦ ਹੈ॥

4. ਪਰ ਜੀਵ ਨੂੰ (ਪ੍ਰਭੂ ਦੀ ਸਰਬ-ਵਿਆਪਕਤਾ) ਦਾ ਯਕੀਨ ਨਹੀਂ ਆਉਂਦਾ, ਇਸ ਲਈ ਤਾਂ ਉਹ ਕੰਗਾਲ ਹੈ, ਆਤਮਿਕ ਜੀਵਨ ਤੋਂ ਸੱਖਣਾ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਜੀਵਾਂ ਨੂੰ ਸੁਚੇਤ ਕਰਦੇ ਹੋਏ ਉਚਾਰਨ ਕਰਦੇ ਹਨ ਕਿ (ਹੇ ਜੀਵ! ਇਸ ਸੰਸਾਰ ਵਿੱਚ ਰਹਿੰਦੇ ਹੋਏ ਤੇਰੇ ਕੋਲ ਹੁਣ ਵਕਤ ਹੈ) ਤੂੰ ਹਾਲੇ ਵੀ ਪ੍ਰਭੂ ਦੀ ਆਪਣੇ ਅੰਦਰੋਂ ਭਾਲ ਕਰ ਲੈ॥

## ਪਦ ਨੰ : 32

**ਏਕ ਘੜੀ ਸਿਮਰਨ ਕਰੋ, ਨਹੀਂ ਲਾਗੇ ਕਲੂ ਕਲੇਸ਼॥ ਪ੍ਰਭੂ ਕੇ ਦਰਬਾਰ ਮੇਂ, ਹੋਵੇ ਉੱਜਲ ਭੇਸ਼॥ 1 ਪਤਿਤ ਉਧਾਰਣ ਪਾਰਬ੍ਰਹਮ, ਗੁਰੂ ਅਵਿਨਾਸ਼ੀ ਆਪ॥ ਸ੍ਰੇਸ਼ਟ ਪੁਰਸ਼ ਕਾ ਸੰਗ ਕਰੋ, ਸ਼ੁਭ ਗੁਣ ਮਨ ਮੇਂ ਥਾਪ॥ 2 ਅਥਾਹ ਪ੍ਰਭੂ ਹਰ ਧਨੀ ਹੈ, ਗੁਰ ਕਾ ਨਾਮ ਅਤੋਲ॥ ਸਵਾਸ ਆਮੋਲਕ ਸੁਫਲ ਕਰ, ਜਿਸ ਕਾ ਨਾ ਕੋਈ ਮੋਲ॥ 3 ਰਵਿਦਾਸ ਕਹੇ ਆਸ਼ਚਰਯ ਵਹ, ਹਰਿ ਮਿਲਨੇ ਕੀ ਰੀਤਿ॥ ਸਵਾਸਾ ਬਿਰਥਾ ਨਾ ਤਜੋ, ਮਨ ਕਰ ਕਰੋ ਪ੍ਰੀਤਿ॥ 4**

**ਸ਼ਬਦ ਅਰਥ** : **ਘੜੀ**- ਸਮਾਂ, ਜਯੋਤਿਸ਼ ਅਨੁਸਾਰ ਦਸ ਅੱਖਰਾਂ ਦੇ ਉਚਾਰਣ ਨੂੰ

ਜਿੰਨਾਂ ਸਮਾਂ ਲੱਗਦਾ ਹੈ, ਉਹ ਇਕ ਅਸ਼ੂ (ਭਾਵ ਪ੍ਰਾਣ ਜਾਂ ਸਵਾਸ) ਹੁੰਦਾ ਹੈ। ਛੇ ਪ੍ਰਾਣਾਂ (ਸਵਾਸਾਂ) ਦਾ ਇਕ ਪਲ ਹੁੰਦਾ ਹੈ ਤੇ ਸੱਠ ਪਲਾਂ ਦੀ ਇਕ ਘੜੀ ਹੁੰਦੀ ਹੈ। ਸੱਠ ਪਲ 24 ਮਿੰਟਾਂ ਦੇ ਬਰਾਬਰ ਹੁੰਦੇ ਹਨ। ਸੋ ਇਸ ਤਰ੍ਹਾਂ 24 ਮਿੰਟਾਂ ਦੀ ਇਕ ਘੜੀ ਹੈ ਤੇ ਇਕ ਦਿਨ-ਰਾਤ ਦੀਆਂ 60 ਘੜੀਆਂ ਹਨ। **ਕਲੂ**- ਕਲਹ। **ਪਤਿਤ**- ਵਿਕਾਰਾਂ ਵਿੱਚ ਡਿੱਗਿਆ ਹੋਇਆ। **ਸ੍ਰੇਸ਼ਟ ਪੁਰਸ਼**- ਗਿਆਨੀ, ਸੰਤ-ਜਨ। **ਸ਼ੁਭ ਗੁਣ**- ਸਦ ਗੁਣ, ਰੱਬੀ ਗੁਣ। **ਥਾਪ**- ਸਥਾਪਿਤ ਕਰਨਾ, ਵਸਾਉਣਾ। **ਅਤੋਲ**- ਅਤੁਲਯ, ਜਿਸ ਦੇ ਕੋਈ ਬਰਾਬਰ ਦਾ ਨਾ ਹੋਵੇ। **ਅਮੋਲਕ**- ਅਨਮੋਲ। **ਅਸ਼ਚਰਯ**- ਅਨੋਖਾ, ਵਿਸਮਯ। **ਰੀਤਿ**- ਜੁਗਤੀ।

<u>ਨੋਟ</u> : ਇਹ ਸ਼ਬਦ 'ਰਾਗੁ ਗਉੜੀ' ਵਿੱਚ ਗਾਇਆ ਜਾ ਸਕਦਾ ਹੈ।

**<u>ਪਦ ਅਰਥ</u>**- ਹੇ ਭਾਈ! ਪ੍ਰਭੂ ਦੇ ਨਾਮ ਦਾ ਇਕ ਘੜੀ-ਮਾਤਰ ਹੀ ਸਿਮਰਨ ਕੀਤਿਆਂ ਜੀਵ ਨੂੰ ਕਦੇ ਵੀ ਕਲਹ-ਕਲੇਸ਼ ਨਹੀਂ ਵਿਆਪਦੇ। ਨਾਮ-ਸਿਮਰਨ ਦੀ ਬਰਕਤਿ ਨਾਲ ਪ੍ਰਭੂ ਦੇ ਦਰਬਾਰ ਵਿੱਚ ਜੀਵ ਦਾ ਮੁੱਖ ਉੱਜਲਾ ਹੋ ਜਾਂਦਾ ਹੈ॥

2. ਪਾਰਬ੍ਰਹਮ ਪਰਮੇਸ਼ਰ ਵਿਕਾਰਾਂ ਵਿੱਚ ਡਿੱਗੇ ਹੋਏ ਪਾਪੀਆਂ ਦਾ ਉੱਧਾਰ ਕਰਨ ਵਾਲਾ ਹੈ। ਗੁਰੂ, ਅਵਿਨਾਸੀ-ਪ੍ਰਭੂ ਦਾ ਹੀ ਰੂਪ ਹੈ। ਅਜਿਹੇ ਸ੍ਰੇਸ਼ਟ ਗੁਰੂ ਦੀ ਸੰਗਤ ਕੀਤਿਆਂ ਮਨ ਵਿੱਚ ਹਮੇਸ਼ਾ ਸਦਗੁਣ ਆ ਵਸਦੇ ਹਨ, ਰੱਬੀ ਗੁਣ ਆ ਵਸਦੇ ਹਨ॥

3. ਉਹ ਬੇਅੰਤ ਪ੍ਰਭੂ ਸਭ ਤੋਂ ਵੱਡਾ ਧਨੀ ਹੈ ਤੇ (ਪ੍ਰਭੂ-ਰੂਪ) ਗੁਰੂ ਦਾ ਨਾਮ ਵੀ ਅਤੁਲ ਤੇ ਅਦੁੱਤੀ ਹੈ। ਹੇ ਭਾਈ! ਤੇਰੇ ਸਵਾਸਾਂ ਦਾ ਵੀ ਕੋਈ ਮੁੱਲ ਨਹੀਂ ਹੈ, ਇਨ੍ਹਾਂ ਨੂੰ ਕਿਸੇ ਵੀ ਕੀਮਤ ਦੇ ਵੱਟੇ ਖਰੀਦਿਆ ਨਹੀਂ ਜਾ ਸਕਦਾ। ਇਸ ਲਈ ਤੂੰ ਆਪਣੇ ਸਵਾਸਾਂ ਨੂੰ (ਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ ਸਿਮਰਨ ਵਿੱਚ ਲਗਾ ਕੇ) ਸਫ਼ਲ ਕਰ ਲੈ॥

4. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਪ੍ਰਭੂ ਨੂੰ ਮਿਲਣ ਦੀ ਜੁਗਤੀ ਬੜੀ ਹੀ ਅਨੋਖੀ ਤੇ ਅਦਭੁੱਤ ਹੈ ਤੇ ਉਹ ਜੁਗਤੀ ਇਹ ਹੈ ਕਿ ਜੀਵ ਨੂੰ ਸਦੈਵ ਸੱਚੇ ਮਨੋਂ ਪ੍ਰਭੂ ਨਾਲ ਪ੍ਰੀਤ ਕਰਦੇ ਰਹਿਣਾ ਚਾਹੀਦਾ ਹੈ। ਪ੍ਰਭੂ ਨਾਲ ਪ੍ਰੀਤ ਕੀਤੇ ਬਿਨਾਂ ਜੀਵ ਨੂੰ ਆਪਣਾ ਇਕ ਵੀ ਸਵਾਸ ਖਾਲੀ ਨਹੀਂ ਜਾਣ ਦੇਣਾ ਚਾਹੀਦਾ॥

## <u>ਪਦ ਨੰ : 33</u>

**ਨਿਹਾਲ ਨਿਹਾਲ ਨਿਹਾਲ ਹੈ, ਵਹ ਕਰਤਾਰ ਨਿਹਾਲ॥ ਕਲਿਆਣ ਤੇਰਾ ਕਲਿਆਣ ਹੋ, ਚਰਣੀ ਪਰੋ ਵਿਸ਼ਾਲ॥** [1] **ਐਸੀ ਮਨੋ ਪ੍ਰੀਤਿ ਕਰ, ਜੈਸੀ ਚਕਵੀ ਸੂਰ॥ ਜਨ ਰਵਿਦਾਸ ਬ੍ਰਹਮ ਰੰਗ ਰਾਤਾ, ਔਗੁਣ ਹੋ ਸਭ ਦੂਰ॥** [2]

**<u>ਸ਼ਬਦ ਅਰਥ</u>** : **ਨਿਹਾਲ**- ਪ੍ਰਸੰਨ ਚਿੱਤ ਹੋਣਾ। **ਨਿਹਾਲ ਨਿਹਾਲ**- ਖਿੜੇ ਜੀਵਨ ਵਾਲਾ ਹੋਣਾ, ਖਿੜਾਉ ਹੀ ਖਿੜਾਉ ਹੋਣਾ। **ਵਹ**= ਵਾਹ- ਜਦੋਂ ਅਸੀਂ ਕਿਸੇ ਅਚਰਜ ਦ੍ਰਿਸ਼ ਜਾਂ ਚੀਜ਼ ਨੂੰ ਦੇਖਦੇ ਜਾਂ ਸੁਣਦੇ ਹਾਂ ਤਾਂ ਮੂੰਹੋਂ ਆਪਣੇ ਆਪ ਹੀ ਵਾਹ ਨਿਕਲ ਜਾਂਦਾ ਹੈ, ਤਾਂ ਮਾਨੋਂ, ਉਸ ਸਮੇਂ ਅਸੀਂ ਉਸ ਦ੍ਰਿਸ਼ ਜਾਂ ਚੀਜ਼ ਦੀ ਉਸਤਤਿ ਕਰ ਰਹੇ

ਹੁੰਦੇ ਹਾਂ ਪਰ ਨਾਲ ਹੀ ਇਹ ਭਾਵ ਵੀ ਹੁੰਦਾ ਹੈ ਕਿ ਉਸ ਦੀ ਉਸਤਤਿ ਕਰਨ ਲਈ ਸਾਡੇ ਕੋਲ ਢੁੱਕਵੇਂ ਲਫ਼ਜ ਨਹੀਂ ਹਨ। ਢੁੱਕਵੇਂ ਲਫ਼ਜਾਂ ਦੀ ਘਾਟ ਕਾਰਨ ਮੂੰਹੋਂ ਵਾਹ ਨਿਕਲਣਾ ਉਸ ਦ੍ਰਿਸ਼ ਜਾਂ ਚੀਜ਼ ਦੀ ਸਿਫ਼ਤਿ-ਸਾਲਾਹ ਕਰਨਾ ਹੀ ਹੈ। **ਕਰਤਾਰ**- ਕਰਤਾ ਪੁਰਖ, ਪ੍ਰਭੂ। **ਨਿਹਾਲ**- ਦੇਖ ਕੇ, ਦਰਸ਼ਨ ਕਰਕੇ। **ਵਿਸ਼ਾਲ**- ਬੇਅੰਤ। **ਜਨ**- ਸੇਵਕ, ਦਾਸ।

**ਨੋਟ** : ਇਹ ਸ਼ਬਦ 'ਰਾਗੁ ਗਉੜੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਉਸ ਅਸਚਰਜ ਕਰਤਾਰ-ਪ੍ਰਭੂ ਦਾ ਦਰਸ਼ਨ-ਦੀਦਾਰ ਕਰ ਕੇ ਜੀਵ ਪ੍ਰਸੰਨ-ਚਿੱਤ ਹੋ ਉੱਠਦਾ ਹੈ ਤੇ ਉਸ ਅੰਦਰ ਸਦਾ ਲਈ ਆਤਮਿਕ ਖਿੜਾਉ ਹੀ ਖਿੜਾਉ ਬਣਿਆ ਰਹਿੰਦਾ ਹੈ। ਉਸ ਅਪਰੰਪਾਰ ਕਰਤਾਰ-ਪ੍ਰਭੂ ਦੇ ਚਰਨਾਂ ਦਾ ਆਸਰਾ ਲਿਆਂ ਜੀਵ ਦਾ ਸਦਾ-ਸਦਾ ਲਈ ਕਲਿਆਣ ਹੋ ਜਾਂਦਾ ਹੈ॥

2. (ਹੇ ਭਾਈ! ਇਹ ਅਵਸਥਾ ਤਾਂ ਹੀ ਪ੍ਰਾਪਤ ਹੁੰਦੀ ਹੈ) ਜੇਕਰ ਜੀਵ ਸੱਚੇ ਮਨੋਂ ਪ੍ਰਭੂ ਨਾਲ ਉਵੇਂ ਹੀ ਪ੍ਰੀਤ ਕਰੇ ਜਿਵੇਂ ਕਿ ਚਕਵੀ ਸੂਰਜ ਨਾਲ ਕਰਦੀ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਜਿਹੜਾ ਜੀਵ ਦਾਸ-ਭਾਵ ਧਰ ਕੇ ਪ੍ਰਭੂ ਦੇ ਪ੍ਰੇਮ ਰੰਗ ਵਿੱਚ ਰੰਗਿਆ ਜਾਂਦਾ ਹੈ ਉਸ ਦੇ ਸਾਰੇ ਔਗੁਣ ਦੂਰ ਹੋ ਜਾਂਦੇ ਹਨ॥

## ਪਦ ਨੰ : 34

**ਸਾਹਿਬ ਸੱਚਾ ਬੇਅੰਤ ਹੈ, ਅੰਤ ਨਾ ਪਰੇ ਆਕਾਰ॥ ਸਾਹਿਬ ਸੱਚਾ ਬੇਅੰਤ ਹੈ, ਅੰਤ ਨਾ ਸਿਫ਼ਤ ਸ਼ੁਮਾਰ॥** [1] **ਸਾਹਿਬ ਸੱਚਾ ਬੇਅੰਤ ਹੈ, ਅੰਤ ਨਾ ਕਹੇ ਉਚਾਰ॥ ਸਾਹਿਬ ਸੱਚਾ ਬੇਅੰਤ ਹੈ, ਅੰਤ ਨਾ ਕਰੇ ਵਿਚਾਰ॥** [2] **ਸਾਹਿਬ ਸੱਚਾ ਬੇਅੰਤ ਹੈ, ਅੰਤ ਨਹੀਂ ਕਛੁ ਲੇਸ॥ ਸਾਹਿਬ ਸੱਚਾ ਬੇਅੰਤ ਹੈ, ਅੰਤ ਨਹੀਂ ਕਛੁ ਭੇਸ॥** [3] **ਸਾਹਿਬ ਸੱਚਾ ਬੇਅੰਤ ਹੈ, ਅੰਤ ਨਹੀਂ ਕਰਤਾਰ॥ ਸਾਹਿਬ ਸੱਚਾ ਬੇਅੰਤ ਹੈ, ਅੰਤ ਨਾ ਪਾਰਾਵਾਰ॥** [4] **ਸਾਹਿਬ ਸੱਚਾ ਬੇਅੰਤ ਹੈ, ਅੰਤ ਨਾ ਸਤਿਗੁਰ ਧਾਮ॥ ਕਹੇ ਰਵਿਦਾਸ ਪੁਕਾਰ ਕੇ, ਸਿਧ ਭਏ ਸਭ ਕਾਮ॥** [5]

**ਸ਼ਬਦ ਅਰਥ** : **ਸਾਹਿਬ**- ਸੁਆਸੀ, ਮਾਲਿਕ, ਪ੍ਰਭੂ-ਪਾਤਿਸ਼ਾਹ। **ਸੱਚਾ**- ਸਦਾ ਥਿਰ ਰਹਿਣ ਵਾਲਾ, ਨਿੱਤ। **ਆਕਾਰ**- ਸਰੂਪ। **ਸਿਫਤ**- ਗੁਣ, ਤਾਅਰੀਫ਼, ਮਹਿਮਾ। **ਸ਼ੁਮਾਰ**- ਗਿਣਤੀ। **ਲੇਸ**- ਅਲਪ, ਥੋੜ੍ਹਾ। **ਭੇਸ**- ਰੰਗ ਰੂਪ, ਚਿੰਨ੍ਹ-ਚਹਨ, ਪਹਿਰਾਵਾ। **ਧਾਮ**- ਨਿਵਾਸ ਦਾ ਅਸਥਾਨ, ਘਰ। **ਸਿੱਧ**- ਸਫ਼ਲ, ਪੂਰਣ ਹੋਣਾ।

**ਨੋਟ** : ਇਹ ਸ਼ਬਦ 'ਰਾਗੁ ਰਾਮਕਲੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਸਦਾ-ਥਿਰ ਰਹਿਣ ਵਾਲਾ ਪ੍ਰਭੂ-ਪਾਤਿਸ਼ਾਹ ਬੇਅੰਤ ਹੈ, ਪਰ੍ਹੇ ਤੋਂ ਪਰ੍ਹੇ ਹੈ, ਉਸ ਦੇ ਆਕਾਰ (ਸਰੂਪ) ਦਾ ਕੋਈ ਅੰਤ ਨਹੀਂ ਭਾਵ ਉਹ ਸਰਵ-ਵਿਆਪਕ ਹੈ। ਸਦਾ-ਥਿਰ ਰਹਿਣ ਵਾਲਾ ਪ੍ਰਭੂ-ਪਾਤਿਸ਼ਾਹ ਬੇਅੰਤ ਹੈ ਤੇ ਉਸ ਦੇ ਗੁਣਾਂ ਦੀ ਗਿਣਤੀ ਦਾ ਵੀ ਕੋਈ ਅੰਤ ਨਹੀਂ ਭਾਵ ਉਹ ਬੇਅੰਤ ਗੁਣਾਂ ਦਾ ਭੰਡਾਰ ਹੈ॥

2. ਸਦਾ-ਥਿਰ ਰਹਿਣ ਵਾਲਾ ਪ੍ਰਭੂ-ਪਾਤਿਸ਼ਾਹ ਬੇਅੰਤ ਹੈ ਤੇ ਵਾਣੀ ਰਾਹੀਂ

ਉਚਾਰ ਕੇ ਉਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਭਾਵ ਉਹ ਅਕਥਨੀਯ ਹੈ। ਸਦਾ-ਥਿਰ ਰਹਿਣ ਵਾਲਾ ਪ੍ਰਭੂ-ਪਾਤਿਸ਼ਾਹ ਬੇਅੰਤ ਹੈ ਤੇ ਵਿਚਾਰ ਕਰਕੇ ਵੀ ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ ਭਾਵ ਉਹ ਬੁੱਧੀ ਦੀ ਸੋਚ ਤੋਂ ਬਹੁਤ ਪਰ੍ਹੇ ਹੈ॥

3. ਸਦਾ-ਥਿਰ ਰਹਿਣ ਵਾਲਾ ਪ੍ਰਭੂ-ਪਾਤਿਸ਼ਾਹ ਬੇਅੰਤ ਹੈ ਤੇ ਉਸ ਦੇ ਤਿਨਕੇ-ਮਾਤਰ ਦਾ ਵੀ ਕੋਈ ਅੰਤ ਨਹੀਂ ਲੱਭ ਸਕਦਾ ਭਾਵ ਉਸ ਦਾ ਤਿਨਕਾ-ਮਾਤਰ ਵੀ ਬੇਅੰਤ ਹੈ। ਸਦਾ-ਥਿਰ ਰਹਿਣ ਵਾਲਾ ਪ੍ਰਭੂ-ਪਾਤਿਸ਼ਾਹ ਬੇਅੰਤ ਹੈ ਤੇ ਉਸ ਦੇ ਰੰਗ-ਰੂਪ, ਚਿੰਨ੍ਹ-ਚਹਨ ਦਾ ਵੀ ਕੋਈ ਅੰਤ ਨਹੀਂ ਭਾਵ ਉਹ ਨਿਰਾਕਾਰ ਹੁੰਦਾ ਹੋਇਆ ਵੀ ਸਭ (ਵਸਤ-ਪਦਾਰਥਾਂ, ਜੀਵ-ਜੰਤੂਆਂ ਆਦਿਕ) ਵਿੱਚ ਵਿਆਪਕ ਹੈ॥

4. ਸਦਾ-ਥਿਰ ਰਹਿਣ ਵਾਲਾ ਪ੍ਰਭੂ-ਪਾਤਿਸ਼ਾਹ ਬੇਅੰਤ ਹੈ ਤੇ ਉਸ ਦੇ ਕਰਤਾ-ਪਨ ਦਾ ਵੀ ਕੋਈ ਅੰਤ ਨਹੀਂ ਭਾਵ ਉਹ ਹਰ ਕਿਰਿਆ ਵਿੱਚ ਮੌਜੂਦ ਹੈ। ਸਦਾ-ਥਿਰ ਰਹਿਣ ਵਾਲਾ ਪ੍ਰਭੂ-ਪਾਤਿਸ਼ਾਹ ਬੇਅੰਤ ਹੈ ਤੇ ਕੋਈ ਵੀ ਉਸ ਦਾ ਉਰਲਾ-ਪਾਰਲਾ ਬੰਨਾਂ ਲੱਭ ਨਹੀਂ ਸਕਦਾ ਭਾਵ ਉਹ ਹੱਦ-ਸੀਮਾਂ ਤੋਂ ਪਰ੍ਹੇ ਹੈ॥

5. ਸਦਾ-ਥਿਰ ਰਹਿਣ ਵਾਲਾ ਪ੍ਰਭੂ-ਪਾਤਿਸ਼ਾਹ ਬੇਅੰਤ ਹੈ ਤੇ ਸਤਿਗੁਰੂ ਦੇ ਧਾਮ (ਨਿਵਾਸ ਅਸਥਾਨ) ਦਾ ਵੀ ਕੋਈ ਅੰਤ ਨਹੀਂ (ਕਿਉਂਕਿ ਸਤਿਗੁਰੂ ਹਰ ਵੇਲੇ ਪ੍ਰਭੂ-ਪਾਤਿਸ਼ਾਹ ਵਿੱਚ ਸਮਾਇਆ ਰਹਿੰਦਾ ਹੈ, ਇਸ ਲਈ ਉਸ ਦਾ ਨਿਵਾਸ ਅਸਥਾਨ ਵੀ ਖ਼ੁਦ ਪ੍ਰਭੂ-ਪਾਤਿਸ਼ਾਹ ਹੀ ਹੈ ਜੋ ਕਿ ਬੇਅੰਤ ਹੈ)। ਗੁਰੂ ਰਵਿਦਾਸ ਮਹਾਰਾਜ ਜੀ ਵੱਡੇ ਦ੍ਰਿੜ੍ਹ ਵਿਸ਼ਵਾਸ ਨਾਲ ਫ਼ਰਮਾਉਂਦੇ ਹਨ ਕਿ (ਉਸ ਅਸੀਮ ਸ਼ਕਤੀਆਂ ਦੇ ਮਾਲਿਕ-ਪ੍ਰਭੂ) ਦਾ ਨਾਮ ਸਿਮਰਿਆਂ ਜੀਵ ਦੇ ਸਾਰੇ ਕਾਰਜ ਸਫ਼ਲ ਹੋ ਜਾਂਦੇ ਹਨ॥

## ਪਦ ਨੰ : 35

**ਸਤਿਗੁਰੂ ਊਂਚਾ ਅਤਿ ਬੜਾ, ਸਤਿ ਊਂਚਾ ਵਡ ਨਾਂਉ॥ ਨਾਮ ਨਿਰੰਜਨ ਗੁਰ ਸਦਾ, ਮਨ ਮਾਨਾ ਫਲ ਪਾਊ॥ 1 ਕਿਤਨੇ ਹੀ ਯੋਧੇ ਭਏ, ਸ਼ੂਰ ਹੁਏ ਆਪਾਰ॥ ਸੋਹੰ ਨਾਮ ਕਾ ਮੇਲ ਹੋ, ਨੌਕਾ ਬਨੇ ਆਧਾਰ॥ 2 ਕਾਮ ਕਰੋਧ ਠੱਗ ਠਗਤ ਹੈ, ਰਾਖੋ ਚਿਤ ਸੰਭਾਲ॥ ਸਤਿ ਪਰਮਾਤਮ ਵੇਧਿਯਾ, ਸਭੀ ਕਰੇ ਪ੍ਰਤਿਪਾਲ॥ 3 ਕਿਤਨੇ ਪ੍ਰਭੂ ਕੇ ਭਗਤ ਭਏ, ਕਿਤਨੇ ਹੋਏ ਅਵਤਾਰ॥ ਕਿਤਨੇ ਪੰਡਿਤ ਜਯੋਤਿਸ਼ੀ, ਵੇਦਾਂ ਕਰੇ ਵਿਚਾਰ॥ 4 ਕਿਤਨੇ ਹੀ ਬ੍ਰਹਿਮੰਡ ਹੈਂ, ਕਰਤਾ ਗੁਰੂ ਸਮਰਥ॥ ਕਿਤਨੇ ਹੀ ਉਸਤਤਿ ਕਰੇਂ, ਦੀਨ ਦਿਆਲ ਅਕਥ॥ 5 ਕਿਤਨੇ ਮੂਰਖ ਜਗਤ ਮੇਂ, ਰੂਪ ਭਏ ਵਿਕਰਾਲ॥ ਕਿਤਨੇ ਦੇਵੀ ਦੇਵਤੇ, ਕਿਤਨੇ ਕਾਲ ਕਰਾਲ॥ 6 ਯਹ ਸਭ ਖੇਲ ਗੋਬਿੰਦ ਕੇ, ਅੰਤ ਨਾ ਆਵੇ ਕੋਇ॥ ਕਹੇ ਰਵਿਦਾਸ ਵਿਚਾਰ ਕੇ, ਪ੍ਰਭੁ ਮੇਂ ਰਹੋ ਸਮੋਇ॥ 7**

**ਸ਼ਬਦ ਅਰਥ** : **ਊਂਚਾ**- ਆਤਮਿਕ ਉੱਚਤਾ। **ਸਤਿ**- ਸਦਾ ਰਹਿਣ ਵਾਲਾ। **ਨਾਂਉ**- ਨਾਮ, ਵਡਿਆਈ। **ਨਿਰੰਜਨ**- ਮਾਇਆ ਤੋਂ ਨਿਰਲੇਪ ਪ੍ਰਭੂ। **ਮਨ ਮਾਨਾ ਫਲ**- ਮਨ ਮੰਗੀਆਂ ਮੁਰਾਦਾਂ। **ਸੂਰ**- ਸ਼ੂਰਬੀਰ। **ਆਪਾਰ**- ਬੇਅੰਤ। **ਸੋਹੰ ਨਾਮ**- ਪ੍ਰਭੂ ਦਾ ਨਾਮ। **ਵੇਧਿਯਾ**- ਜਾਣਿਆ, ਜੁੜਿਆ। **ਸਮਰਥ**- ਬਲਵਾਨ, ਤਾਕਤ, ਸ਼ਕਤੀ। **ਵਿਕਰਾਲ**- ਡਰਾਵਣਾ। **ਕਾਲ ਕਰਾਲ**- ਭਿਆਨਕ ਯਮ। **ਕਾਲ**- ਮੌਤ, ਯਮ। **ਸਮੋਇ**- ਸਮਾਉਣਾ।

ਨੋਟ : ਇਹ ਸ਼ਬਦ 'ਰਾਗੁ ਰਾਮਕਲੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਸਤਿਗੁਰੂ ਆਤਮਿਕ ਉੱਚਤਾ ਵਿੱਚ ਸਭ ਤੋਂ ਉੱਚਾ ਹੈ ਤੇ ਸਦਾ ਉੱਚਾ ਰਹਿਣ ਵਾਲਾ ਉਸ ਦਾ ਵੱਡਾ ਨਾਮ ਹੈ, ਵੱਡੀ ਵਡਿਆਈ ਹੈ। ਸਤਿਗੁਰੂ ਜੀਵ ਨੂੰ ('ਸ਼ਬਦ' ਦੀ ਦਾਤ ਬਖ਼ਸ਼ ਕੇ) ਮਾਇਆ ਤੋਂ ਨਿਰਲੇਪ ਪ੍ਰਭੂ ਨਾਲ ਜੋੜਦਾ ਹੈ ਤੇ ਜਿਸ ਦੇ ਸਦਕੇ ਜੀਵ ਮਨ ਮੰਗੀਆਂ ਮੁਰਾਦਾਂ ਪਾਉਂਦਾ ਹੈ॥

2. ਦੁਨੀਆਂ ਵਿੱਚ ਭਾਵੇਂ ਕਿੰਨੇਂ ਹੀ ਯੋਧੇ ਤੇ ਸ਼ੂਰਬੀਰ ਹੋਏ ਹਨ ਪਰ 'ਸੋਹੰ' ਪ੍ਰਭੂ ਦੇ ਨਾਮ ਨਾਲ ਡੂੰਘੀ ਸਾਂਝ ਪਾ ਕੇ ਤੇ ਉਸ ਦੀ 'ਨਾਮ-ਰੂਪੀ ਬੇੜੀ' ਨੂੰ ਆਧਾਰ ਬਣਾ ਕੇ ਹੀ ਸੰਸਾਰ-ਸਮੁੰਦਰ ਨੂੰ ਪਾਰ ਕੀਤਾ ਜਾ ਸਕਦਾ ਹੈ (ਨਾ ਕਿ ਇਨ੍ਹਾਂ ਯੋਧਿਆਂ ਤੇ ਸ਼ੂਰਬੀਰਾਂ ਦੇ ਬਲ ਨਾਲ।)॥

3. ਹੇ ਭਾਈ! ਕਾਮ ਤੇ ਕ੍ਰੋਧ ਆਦਿਕ ਵਿਕਾਰਾਂ-ਰੂਪੀ ਠੱਗ ਜੀਵ ਨੂੰ ਹਰ ਪਲ ਠੱਗਦੇ ਰਹਿੰਦੇ ਹਨ, ਜੀਵ ਨੂੰ ਇਨ੍ਹਾਂ ਠੱਗਾਂ ਤੋਂ ਆਪਣਾ ਮਨ ਸਾਂਭ ਕੇ ਰੱਖਣਾ ਚਾਹੀਦਾ ਹੈ ਤੇ ਉਸ ਸਦਾ-ਥਿਰ ਰਹਿਣ ਵਾਲੇ ਪ੍ਰਭੂ ਨਾਲ ਜੁੜਣਾ ਚਾਹੀਦਾ ਹੈ ਜੋ ਸਭਨਾਂ ਦੀ ਪ੍ਰਤਿ-ਪਾਲਣਾ ਕਰਦਾ ਹੈ॥

4. ਦੁਨੀਆਂ ਵਿੱਚ ਭਾਵੇਂ ਅਨਗਿਣਤ ਪ੍ਰਭੂ ਦੇ ਭਗਤ ਹੋਏ ਹਨ ਤੇ ਅਨ-ਗਿਣਤ ਅਵਤਾਰ ਹੋਏ ਹਨ। ਭਾਵੇਂ ਅਨਗਿਣਤ ਪੰਡਿਤ, ਜੋਤਸ਼ੀ ਤੇ ਵੇਦਾਂ ਦੀ ਵਿਚਾਰ ਕਰਨ ਵਾਲੇ ਹੋਏ ਹਨ॥

5. ਦੁਨੀਆਂ ਵਿੱਚ ਅਨਗਿਣਤ ਹੀ ਬ੍ਰਹਿਮੰਡ ਹਨ ਪਰ ਇਨ੍ਹਾਂ ਨੂੰ ਰਚਨ ਵਾਲਾ ਕਰਤਾਰ-ਪ੍ਰਭੂ ਤੇ ਗੁਰੂ ਬਹੁਤ ਵੱਡੀ ਸਮਰੱਥਾ ਵਾਲੇ ਹਨ। ਭਾਵੇਂ ਅਨਗਿਣਤ ਜੀਵ ਪ੍ਰਭੂ ਦੀ ਮਹਿਮਾ ਦਾ ਕਥਨ ਕਰ ਰਹੇ ਹਨ ਪਰ ਉਹ ਦਇਆਵਾਨ-ਪ੍ਰਭੂ ਇਨ੍ਹਾਂ ਕਥਨਾਂ ਤੋਂ ਪਰ੍ਹੇ ਹੈ ਤੇ ਅਕਥਨੀਯ ਹੈ॥

6. ਦੁਨੀਆਂ ਵਿੱਚ ਕਿੰਨੇ ਹੀ ਮੂਰਖ਼ ਜੀਵ ਡਰਾਉਣਾ ਸਰੂਪ ਬਣਾਈ ਬੈਠੇ ਹਨ ਅਤੇ ਕਿੰਨੇ ਹੀ ਦੇਵੀ-ਦੇਵਤੇ ਤੇ ਭਿਆਨਕ ਯਮ ਹੋਏ ਹਨ॥

7. ਸਤਿਗੁਰੂ ਰਵਿਦਾਸ ਮਹਾਰਾਜ ਜੀ ਗਹੁ ਨਾਲ ਵਿਚਾਰ ਕਰ ਕੇ ਫ਼ਰਮਾਉਂਦੇ ਹਨ ਕਿ ਇਹ ਸਭ ਕੁਝ ਉਸ ਜਗਤ ਪਾਲਕ-ਪ੍ਰਭੂ ਦੀ ਰਚੀ ਹੋਈ ਇਕ ਲੀਲਾ ਹੀ ਹੈ ਜਿਸ ਦਾ ਅੱਜ ਤੱਕ ਕਿਸੇ ਨੇ ਵੀ ਅੰਤ ਨਹੀਂ ਪਾਇਆ ਅਤੇ ਇਹ ਸਾਰੀ ਜਗਤ-ਲੀਲਾ ਉਸ ਪ੍ਰਭੂ ਵਿੱਚ ਹੀ ਸਮਾਈ ਹੋਈ ਹੈ॥

## <u>ਪਦ ਨੰ : 36</u>

**ਸਤਿਗੁਰ ਕਾ ਧਰ ਧਿਆਨ ਤੂੰ, ਸਤਿਗੁਰ ਸੰਗ ਨਿਵਾਸ॥ ਸਤਿਗੁਰ ਕਾ ਧਰ ਧਿਆਨ ਤੂੰ, ਗੁਰ ਕਾ ਨਾਮ ਪਿਆਸ॥ [1] ਸਤਿਗੁਰ ਕਾ ਧਰ ਧਿਆਨ ਤੂੰ, ਗੁਰੂ ਨਿਰੰਜਨ ਲਾਲ॥ ਸਤਿਗੁਰ ਕਾ ਧਰ ਧਿਆਨ ਤੂੰ, ਲਿਖਤ ਲੇਖ ਸੋ ਭਾਲ॥ [2] ਸਤਿਗੁਰ ਕਾ ਧਰ ਧਿਆਨ ਤੂੰ, ਸਾਧੂ ਮਤ ਵਿਚਾਰ॥ ਸਤਿਗੁਰ ਕਾ ਧਰ ਧਿਆਨ ਤੂੰ, ਅੰਤਰ ਕਰ ਲੈ ਸਾਰ॥ [3] ਸਤਿਗੁਰ ਕਾ ਧਰ ਧਿਆਨ ਤੂੰ, ਲੋਭ ਵਿਕਾਰ ਤਿਆਗ॥ ਸਤਿਗੁਰ ਕਾ ਧਰ ਧਿਆਨ ਤੂੰ, ਕਰਤਵਯ ਨੀਚ ਵਿਹਾਗ॥ [4] ਸਤਿਗੁਰ ਕਾ ਧਰ ਧਿਆਨ ਤੂੰ, ਗਰਭ ਨਾ ਆਵੈ ਮੂਲ॥ ਸਤਿਗੁਰ ਕਾ ਧਰ ਧਿਆਨ ਤੂੰ, ਵਿਸ਼ਯ ਰਸ ਜਾ ਭੂਲ॥ [5] ਸਤਿਗੁਰ ਕਾ ਧਰ ਧਿਆਨ ਤੂੰ, ਕੇਵਲ ਹੋਵੇ ਮੁਕਤਿ॥ ਕਹੇ ਰਵਿਦਾਸ ਵਿਚਾਰਿਆ, ਇਹੋ ਸਾਰ ਹੈ ਯੁਕਤ॥ [6]**

<u>**ਸ਼ਬਦ ਅਰਥ**</u> : **ਲਾਲ**- ਕੀਮਤੀ ਰਤਨ। **ਲੇਖ**- ਨਸੀਬ, ਭਾਗ। **ਭਾਲ**- ਲੱਭਣਾ, ਤਲਾਸਣਾ। **ਮਤ**- ਅਕਲ, ਗਿਆਨ। **ਸਾਰ**- ਸੰਭਾਲ। **ਕਰਤਵਯ**- ਕਰਮ। **ਨੀਚ**- ਨੀਵੇਂ, ਖੋਟੇ। **ਵਿਹਾਗ**- ਤਿਆਗਣਾ। **ਮੂਲ**- ਬਿਲਕੁਲ, ਮੁੱਢੋਂ। **ਵਿਸਯ ਰਸ**- ਇੰਦਰੀਆਂ ਦੁਆਰਾ ਭੋਗੇ ਜਾਣ ਵਾਲੇ ਰਸ। **ਸਾਰ**- ਸ੍ਰੇਸ਼ਠ। **ਯੁਕਤ**- ਜੁਗਤੀ, ਤਰੀਕਾ।

<u>**ਨੋਟ**</u> : ਇਹ ਸ਼ਬਦ 'ਰਾਗੁ ਰਾਮਕਲੀ' ਵਿੱਚ ਗਾਇਆ ਜਾ ਸਕਦਾ ਹੈ।

<u>**ਪਦ ਅਰਥ**</u>- ('ਸਤਿਗੁਰ ਕਾ ਧਰ ਧਿਆਨ' ਤੋਂ ਭਾਵ ਹੈ ਸੁਰਤਿ ਨੂੰ ਸਤਿਗੁਰੂ ਦੇ 'ਸ਼ਬਦ' ਨਾਲ ਜੋੜਣਾ।) ਸਤਿਗੁਰੂ ਦੇ 'ਸ਼ਬਦ' ਨਾਲ ਜੁੜਿਆਂ ਜੀਵ ਦਾ ਆਪਣੇ ਸਤਿਗੁਰੂ ਪਾਸ ਨਿਵਾਸ ਹੋ ਜਾਂਦਾ ਹੈ ਭਾਵ ਜੀਵ ਨੂੰ ਉਸ ਦਾ ਸਤਿਗੁਰੂ ਉਸ ਦੇ ਅੰਗ-ਸੰਗ ਭਾਸਦਾ ਹੈ। ਸਤਿਗੁਰੂ ਦੇ 'ਸ਼ਬਦ' ਨਾਲ ਜੁੜਿਆਂ ਜੀਵ ਅੰਦਰ ਗੁਰੂ ਦੇ ਨਾਮ ਦੀ ਪਿਆਸ ਲੱਗੀ ਰਹਿੰਦੀ ਹੈ॥

2. ਸਤਿਗੁਰੂ ਦੇ 'ਸ਼ਬਦ' ਨਾਲ ਜੁੜਿਆਂ ਜੀਵ ਨੂੰ ਗੁਰੂ ਦੇ ਰੂਪ ਵਿੱਚ ਰਤਨ-ਰੂਪੀ ਨਿਰੰਜਨ-ਪ੍ਰਭੂ ਪ੍ਰਾਪਤ ਹੋ ਜਾਂਦਾ ਹੈ। ਸਤਿਗੁਰੂ ਦੇ 'ਸ਼ਬਦ' ਨਾਲ ਜੁੜਿਆਂ ਲਿਖੇ ਹੋਏ ਲੇਖ ਲੱਭ ਪੈਂਦੇ ਹਨ ਭਾਵ ਲਿਖੇ ਹੋਏ ਚੰਗੇ ਸੰਸਕਾਰਾਂ ਦੇ ਭਾਗ ਜਾਗ ਪੈਂਦੇ ਹਨ॥

3. ਸਤਿਗੁਰੂ ਦੇ 'ਸ਼ਬਦ' ਨਾਲ ਜੁੜਿਆਂ ਜੀਵ ਨੂੰ ਸੰਤ-ਜਨਾਂ ਦੇ ਆਤਮਿਕ ਗਿਆਨ ਦਾ ਵਿਚਾਰ ਆਉਂਦਾ ਹੈ। ਸਤਿਗੁਰੂ ਦੇ 'ਸ਼ਬਦ' ਨਾਲ ਜੁੜਿਆਂ ਜੀਵ ਆਪਣੇ ਹਿਰਦੇ ਅੰਦਰ ਪ੍ਰਭੂ ਦੇ ਨਾਮ ਦੀ ਸੰਭਾਲ ਕਰਦਾ ਹੈ ਭਾਵ ਪ੍ਰਭੂ ਦੇ ਨਾਮ-ਸਿਮਰਨ ਵਿੱਚ ਰੁੱਝਿਆ ਰਹਿੰਦਾ ਹੈ॥

4. ਸਤਿਗੁਰੂ ਦੇ 'ਸ਼ਬਦ' ਨਾਲ ਜੁੜਿਆਂ ਜੀਵ ਲੋਭ ਆਦਿਕ ਵਿਕਾਰਾਂ ਨੂੰ ਤਿਆਗ ਦਿੰਦਾ ਹੈ। ਸਤਿਗੁਰੂ ਦੇ 'ਸ਼ਬਦ' ਨਾਲ ਜੁੜਿਆਂ ਜੀਵ ਖੋਟੇ ਕਰਮਾਂ ਨੂੰ ਵੀ ਤਿਆਗ ਦਿੰਦਾ ਹੈ॥

5. ਸਤਿਗੁਰੂ ਦੇ 'ਸ਼ਬਦ' ਨਾਲ ਜੁੜਿਆਂ ਜੀਵ ਮਾਤ-ਗਰਭ ਵਿੱਚ ਦੁਬਾਰਾ

ਬਿਲਕੁੱਲ ਨਹੀਂ ਪੈਂਦਾ ਭਾਵ ਉਹ ਜਨਮਾਂ ਵਿੱਚ ਨਹੀਂ ਭਟਕਦਾ। ਸਤਿਗੁਰੂ ਦੇ 'ਸ਼ਬਦ' ਨਾਲ ਜੁੜਿਆਂ ਜੀਵ ਇੰਦਰੀਆਂ ਦੁਆਰਾ ਭੋਗੇ ਜਾਣ ਵਾਲੇ ਸਾਰੇ ਰਸਾਂ ਨੂੰ ਭੁੱਲ ਜਾਂਦਾ ਹੈ ਭਾਵ ਉਨ੍ਹਾਂ ਨੂੰ ਤਿਆਗ ਦਿੰਦਾ ਹੈ॥

6. ਸਤਿਗੁਰੂ ਦੇ 'ਸ਼ਬਦ' ਨਾਲ ਜੁੜਿਆਂ ਜੀਵ ਸੰਸਾਰ ਦੇ ਸਾਰੇ ਬੰਧਨਾਂ ਤੋਂ ਖਲਾਸੀ ਪਾ ਲੈਂਦਾ ਹੈ ਤੇ ਜੀਵਨ-ਮੁਕਤ ਹੋ ਜਾਂਦਾ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਵਿਚਾਰ ਕੇ ਫ਼ਰਮਾਉਂਦੇ ਹਨ ਕਿ ਸਤਿਗੁਰੂ ਦੇ 'ਸ਼ਬਦ' ਨਾਲ ਜੁੜਨਾ ਹੀ ਪ੍ਰਭੂ ਨੂੰ ਪਾਉਣ ਦੀ ਸਭ ਤੋਂ ਸ਼੍ਰੇਸਟ ਜੁਗਤੀ ਹੈ॥

## ਪਦ ਨੰ : 37

**ਸੋਹੰ ਸੋਹੰ ਉਚਾਈਏ, ਸ੍ਰੇਸ਼ਟ ਪੁਰਸ਼ ਸੰਗ ਪਿਆਰ॥ ਸੋਹੰ ਸੋਹੰ ਉਚਾਰੀਏ, ਕਬਹੂ ਨਾ ਆਵੇ ਹਾਰ॥** [1] **ਸੋਹੰ ਸੋਹੰ ਉਚਾਰੀਏ, ਗੁਰ ਕਾ ਨਾਮ ਗਹੀਰ॥ ਸੋਹੰ ਸੋਹੰ ਉਚਾਰੀਏ, ਖੋਜੇ ਮਤ ਸੁਧੀਰ॥** [2] **ਸੋਹੰ ਸੋਹੰ ਉਚਾਰੀਏ, ਭਜਨ ਕਰੋ ਗੁਰਦੇਵ॥ ਸੋਹੰ ਸੋਹੰ ਉਚਾਰੀਏ, ਤਾ ਜਾਨੇ ਨਿਜ ਭੇਵ॥** [3] **ਸੋਹੰ ਸੋਹੰ ਉਚਾਰੀਏ, ਸੰਧਯਾ ਸਮੇ ਧਿਆਨ॥ ਸੋਹੰ ਸੋਹੰ ਉਚਾਰੀਏ, ਅੰਮ੍ਰਿਤ ਵੇਲਾ ਗਿਆਨ॥** [4] **ਸੋਹੰ ਸੋਹੰ ਉਚਾਰੀਏ, ਸਾਕਤ ਸੰਗ ਨਾ ਹੋਇ॥ ਸੋਹੰ ਸੋਹੰ ਉਚਾਰੀਏ, ਨਿਰਮਲ ਹੋਵੇ ਸੋਇ॥** [5] **ਸੋਹੰ ਸੋਹੰ ਉਚਾਰੀਏ, ਕਰਨ ਕਾਰਨ ਅਲੇਖ॥ ਕਹੇ ਰਵਿਦਾਸ ਪੁਕਾਰ ਕੇ, ਮਨ ਨੀਵਾਂ ਕਰ ਦੇਖ॥** [6]

**ਸ਼ਬਦ ਅਰਥ** : **ਸੋਹੰ**- ਜੋ ਉਹ ਹੈ ਉਹ ਮੈਂ ਹਾਂ। **ਸੋਹੰ ਸੋਹੰ ਉਚਾਰੀਏ**- ਉਹ ਸਿਮਰਨ ਕਰੀਏ ਜਿਸਦੀ ਬਰਕਤਿ ਨਾਲ ਜੀਵ ਪ੍ਰਭੂ ਨਾਲ ਇਕ-ਰੂਪ ਹੋ ਜਾਵੇ। **ਸੇਸ਼ਟ ਪੁਰਸ਼**- ਸੰਤ ਜਨ। **ਗਹੀਰ**- ਖ਼ਜ਼ਾਨਾ, ਭੰਡਾਰ। **ਮਤ**- ਅਕਲ, ਬੁੱਧੀ। **ਸੁਧੀਰ**- ਦ੍ਰਿੜ ਧੀਰਜ। **ਨਿੱਜ ਭੇਵ**- ਆਪਣੇ ਆਪ ਦੀ ਹੋਂਦ ਦਾ ਰਹੱਸ। **ਅੰਮ੍ਰਿਤ ਵੇਲਾ**- ਉਹ ਵੇਲਾ ਜਦੋਂ ਜੀਵ ਦਾ ਮਨ ਆਮ ਤੌਰ 'ਤੇ ਸੰਸਾਰ ਦੇ ਝਮੇਲਿਆਂ ਤੋਂ ਵਿਹਲਾ ਹੁੰਦਾ ਹੈ ਤੇ ਪੂਰਨ ਖਿੜਾਉ 'ਤੇ ਹੁੰਦਾ ਹੈ, ਮੋਕ (ਮੁਕਤੀ) ਦਾਇਕ ਵੇਲਾ। **ਸਾਕਤ**- ਪਤਿਤ, ਵਿਕਾਰਾਂ ਵਿੱਚ ਡਿੱਗਿਆ ਹੋਇਆ। **ਨਿਰਮਲ**- ਸ਼ੁੱਧ, ਪਵਿੱਤਰ। **ਕਰਨ ਕਾਰਨ**- ਜਗਤ ਦਾ ਰਚਨਹਾਰ ਪ੍ਰਭੂ, ਸਭ ਕੁਝ ਕਰਨ ਤੇ ਕਰਾਉਣ ਦੀ ਸਮਰੱਥਾ ਵਾਲਾ ਪ੍ਰਭੂ। **ਅਲੇਖ**- ਨਾ ਲਿਖਿਆ ਜਾ ਸਕਣ ਵਾਲਾ।

**ਨੋਟ** : ਇਹ ਸ਼ਬਦ 'ਰਾਗੁ ਧਨਾਸਰੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਸੋਹੰ ਸੋਹੰ ਦਾ ਸਿਮਰਨ ਕੀਤਿਆਂ ਸ੍ਰੇਸ਼ਟ ਪੁਰਸ਼ਾਂ ਭਾਵ ਸੰਤ-ਜਨਾਂ ਨਾਲ ਪ੍ਰੀਤ ਪੈਦਾ ਹੁੰਦੀ ਹੈ। ਸੋਹੰ ਸੋਹੰ ਦਾ ਸਿਮਰਨ ਕੀਤਿਆਂ ਜੀਵ ਦੀ ਕਦੇ ਵੀ ਹਾਰ ਨਹੀਂ ਹੁੰਦੀ॥

2. ਸੋਹੰ ਸੋਹੰ ਦਾ ਸਿਮਰਨ ਕੀਤਿਆਂ ਗੁਰੂ ਦਾ ਨਾਮ-ਰੂਪੀ ਖ਼ਜ਼ਾਨਾ ਪ੍ਰਾਪਤ ਹੁੰਦਾ ਹੈ। ਸੋਹੰ ਸੋਹੰ ਦਾ ਸਿਮਰਨ ਕੀਤਿਆਂ ਜੀਵ ਆਪਣੇ ਅੰਦਰੋਂ ਦ੍ਰਿੜ ਧੀਰਜ ਵਾਲੀ ਬੁੱਧੀ ਨੂੰ ਲੱਭ ਲੈਂਦਾ ਹੈ ਭਾਵ ਜੀਵ ਟਿਕਾਊ ਮਨ ਵਾਲਾ ਹੋ ਜਾਂਦਾ ਹੈ॥

3. ਸੋਹੰ ਸੋਹੰ ਦਾ ਸਿਮਰਨ ਕੀਤਿਆਂ ਗੁਰੂਦੇਵ ਦੇ 'ਸ਼ਬਦ' ਦਾ ਭਜਨ ਹੋ ਜਾਂਦਾ

ਹੈ। ਸੋਹੰ ਸੋਹੰ ਦਾ ਸਿਮਰਨ ਕੀਤਿਆਂ ਜੀਵ ਆਪਣੇ–ਆਪ ਦੀ ਹੋਂਦ (ਭਾਵ ਆਪਣੇ ਅਸਤਿਤਵ) ਦਾ ਭੇਦ ਜਾਣ ਲੈਂਦਾ ਹੈ॥

4. ਸੋਹੰ ਸੋਹੰ ਦਾ ਸਿਮਰਨ ਕੀਤਿਆਂ ਜੀਵ ਦੀ ਸੁਰਤਿ ਸਾਮ ਵੇਲੇ ਭਾਵ ਹਰ ਵੇਲੇ ਪ੍ਰਭੂ ਨਾਲ ਜੁੜੀ ਰਹਿੰਦੀ ਹੈ। ਸੋਹੰ ਸੋਹੰ ਦਾ ਸਿਮਰਨ ਕੀਤਿਆਂ ਅੰਮ੍ਰਿਤ ਵੇਲੇ ਭਾਵ ਮਨ ਦੀ ਪੂਰਨ ਖਿੜਾਉ ਦੀ ਅਵਸਥਾ ਵੇਲੇ ਜੀਵ ਨੂੰ ਆਤਮਿਕ ਗਿਆਨ ਦੀ ਸੋਝੀ ਆ ਜਾਂਦੀ ਹੈ॥

5. ਸੋਹੰ ਸੋਹੰ ਦਾ ਸਿਮਰਨ ਕੀਤਿਆਂ ਜੀਵ ਨੂੰ ਪਤਿਤ ਤੇ ਪਾਪੀ ਲੋਕਾਂ ਦਾ ਸੰਗ ਪ੍ਰਾਪਤ ਨਹੀਂ ਹੁੰਦਾ। ਸੋਹੰ ਸੋਹੰ ਦਾ ਸਿਮਰਨ ਕੀਤਿਆਂ ਜੀਵ ਆਪਣੇ ਆਪ ਹੀ ਪਵਿੱਤਰ ਹੋ ਜਾਂਦਾ ਹੈ॥

6. ਸੋਹੰ ਸੋਹੰ ਦਾ ਸਿਮਰਨ ਕੀਤਿਆਂ ਜੀਵ ਸਭ ਕੁਝ ਕਰਨ ਤੇ ਕਰਾਉਣ ਦੀ ਸਮਰੱਥਾ ਵਾਲੇ ਪ੍ਰਭੂ ਦੀ (ਭਾਵ ਜਗਤ ਦੇ ਮੂਲ–ਪ੍ਰਭੂ ਦੀ) ਨਾ ਲਿਖੀ ਜਾ ਸਕਣ ਵਾਲੀ ਮਹਿਮਾ ਨੂੰ ਜਾਣ ਲੈਂਦਾ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਦ੍ਰਿੜ ਵਿਸ਼ਵਾਸ ਨਾਲ ਫ਼ਰਮਾਉਂਦੇ ਹਨ ਕਿ 'ਸੋਹੰ ਸ਼ਬਦ' ਦੇ ਸਿਮਰਨ ਦੀ ਬਰਕਤਿ ਨਾਲ ਹਲੀਮੀ ਮਨ ਵਾਲਾ ਜੀਵ ਪ੍ਰਭੂ ਨੂੰ ਆਪਣੇ ਅੰਦਰ ਹੀ ਦੇਖ ਲੈਂਦਾ ਹੈ॥

## ਪਦ ਨੰ : 38

**ਸਤਿਗੁਰ ਸਾਹਿਬ ਅਤਿ ਬੜਾ, ਪਾਵਤ ਨਾ ਕੋਇ ਪਾਰ॥ ਸਤਿਗੁਰ ਸਾਹਿਬ ਅਤਿ ਬੜਾ, ਜਾਨਤ ਵਿਰਲਾ ਸਾਰ॥** [1] **ਸਤਿਗੁਰ ਸਾਹਿਬ ਅਤਿ ਬੜਾ, ਅੰਧਿਆਰੇ ਮੇਂ ਦੀਪ॥ ਸਤਿਗੁਰ ਸਾਹਿਬ ਅਤਿ ਬੜਾ, ਸੁੰਦਰ ਮੋਤੀ ਸੀਪ॥** [2] **ਸਤਿਗੁਰ ਸਾਹਿਬ ਅਤਿ ਬੜਾ, ਅਵਰ ਨਾ ਜਾਨੇ ਭੇਤ॥ ਸਤਿਗੁਰ ਸਾਹਿਬ ਅਤਿ ਬੜਾ, ਭੂਲੇ ਮਨ ਤੂੰ ਚੇਤ॥** [3] **ਸਤਿਗੁਰ ਸਾਹਿਬ ਅਤਿ ਬੜਾ, ਨਾਮ ਜਪੋ ਮਨ ਮਾਂਹੇ॥ ਸਤਿਗੁਰ ਸਾਹਿਬ ਅਤਿ ਬੜਾ, ਦਾਸ ਉਧਾਰੇ ਤਾਂਹੇ॥** [4] **ਸਤਿਗੁਰ ਸਾਹਿਬ ਅਤਿ ਬੜਾ, ਰੋਮ ਰੋਮ ਮੇਂ ਵਾਸ॥ ਸਤਿਗੁਰ ਸਾਹਿਬ ਅਤਿ ਬੜਾ, ਨਿਸਚੇ ਕਹੇ ਰਵਿਦਾਸ॥** [5]

**ਸ਼ਬਦ ਅਰਥ** : **ਸਾਰ**- ਮਹਿਮਾ, ਕਦਰ। **ਭੇਤ**- ਭੇਦ, ਰਹੱਸ। **ਭੂਲੇ ਮਨ**- ਕੁਰਾਹੇ ਪਏ ਮਨ। **ਨਿਸਚੇ**- ਭਰੋਸਾ, ਪੂਰਨ ਵਿਸ਼ਵਾਸ।

ਨੋਟ : ਇਹ ਸ਼ਬਦ 'ਰਾਗੁ ਧਨਾਸਰੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਸਤਿਗੁਰੂ–ਪਾਤਿਸ਼ਾਹ ਰੂਹਾਨੀਅਤ ਵਿੱਚ ਸਭ ਤੋਂ ਵੱਡੀ ਸਮਰੱਥਾ ਵਾਲਾ ਹੈ, ਉਸ ਦੀ ਹਸਤੀ ਦਾ ਕੋਈ ਪਾਰਾਵਾਰ ਨਹੀਂ ਪਾ ਸਕਦਾ। ਸਤਿਗੁਰੂ–ਪਾਤਿਸ਼ਾਹ ਰੂਹਾਨੀਅਤ ਵਿੱਚ ਸਭ ਤੋਂ ਵੱਡੀ ਸਮਰੱਥਾ ਵਾਲਾ ਹੈ, ਉਸ ਦੀ ਮਹਿਮਾ ਨੂੰ ਕੋਈ ਵਿਰਲਾ ਹੀ ਜਾਣ ਸਕਦਾ ਹੈ॥

2. ਸਤਿਗੁਰੂ–ਪਾਤਿਸ਼ਾਹ ਰੂਹਾਨੀਅਤ ਵਿੱਚ ਸਭ ਤੋਂ ਵੱਡੀ ਸਮਰੱਥਾ ਵਾਲਾ ਹੈ, ਉਹ ਜੀਵਾਂ ਦੇ ਆਤਮਿਕ ਹਨੇਰੇ ਨੂੰ ਦੂਰ ਕਰਨ ਲਈ ਇਕ ਦੀਪਕ ਦੇ ਸਮਾਨ ਹੈ। ਸਤਿਗੁਰੂ–ਪਾਤਿਸ਼ਾਹ ਰੂਹਾਨੀਅਤ ਵਿੱਚ ਸਭ ਤੋਂ ਵੱਡੀ ਸਮਰੱਥਾ ਵਾਲਾ ਹੈ,

ਉਹ ਸਿੱਪੀ ਵਿੱਚ ਇਕ ਸੁੰਦਰ ਮੋਤੀ ਦੇ ਸਮਾਨ ਹੈ॥

3. ਸਤਿਗੁਰੂ-ਪਾਤਿਸ਼ਾਹ ਰੂਹਾਨੀਅਤ ਵਿੱਚ ਸਭ ਤੋਂ ਵੱਡੀ ਸਮਰੱਥਾ ਵਾਲਾ ਹੈ, ਉਸ ਦੇ ਭੇਦਾਂ ਨੂੰ ਕੋਈ ਦੂਸਰਾ ਨਹੀਂ ਜਾਣ ਸਕਦਾ। ਸਤਿਗੁਰੂ-ਪਾਤਿਸ਼ਾਹ ਰੂਹਾਨੀਅਤ ਵਿੱਚ ਸਭ ਤੋਂ ਵੱਡੀ ਸਮਰੱਥਾ ਵਾਲਾ ਹੈ, ਹੇ ਕੁਰਾਹੇ ਪਏ ਹੋਏ ਮਨ! ਤੂੰ ਉਸ ਦਾ ਸਮਰਣ ਕਰ॥

4. ਸਤਿਗੁਰੂ-ਪਾਤਿਸ਼ਾਹ ਰੂਹਾਨੀਅਤ ਵਿੱਚ ਸਭ ਤੋਂ ਵੱਡੀ ਸਮਰੱਥਾ ਵਾਲਾ ਹੈ। ਹੇ ਜੀਵ! ਤੂੰ ਮਨ ਵਿੱਚ ਉਸ ਦੇ ਬਖ਼ਸ਼ੇ ਹੋਏ 'ਸ਼ਬਦ' ਦਾ ਜਾਪ ਕਰਦਾ ਰਹਿ। ਸਤਿਗੁਰੂ-ਪਾਤਿਸ਼ਾਹ ਰੂਹਾਨੀਅਤ ਵਿੱਚ ਸਭ ਤੋਂ ਵੱਡੀ ਸਮਰੱਥਾ ਵਾਲਾ ਹੈ ਤੇ ਆਪਣੇ ਸੇਵਕਾਂ ਦਾ ਉੱਧਾਰ ਕਰਨ ਵਾਲਾ ਹੈ॥

5. ਸਤਿਗੁਰੂ-ਪਾਤਿਸ਼ਾਹ ਰੂਹਾਨੀਅਤ ਵਿੱਚ ਸਭ ਤੋਂ ਵੱਡੀ ਸਮਰੱਥਾ ਵਾਲਾ ਹੈ ਤੇ ਆਪਣੇ ਸੇਵਕਾਂ ਦੇ ਰੋਮ-ਰੋਮ ਵਿੱਚ ਵਸਿਆ ਰਹਿੰਦਾ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਮੈਂ ਪੂਰਨ ਵਿਸ਼ਵਾਸ ਨਾਲ ਕਹਿ ਰਿਹਾ ਹਾਂ ਕਿ ਸਤਿਗੁਰੂ-ਪਾਤਿਸ਼ਾਹ ਹੀ ਰੂਹਾਨੀਅਤ ਵਿੱਚ ਸਭ ਤੋਂ ਵੱਡੀ ਸਮਰੱਥਾ ਦਾ ਮਾਲਿਕ ਹੈ॥

## <u>ਪਦ ਨੰ : 39</u>

**ਨਿਰੰਜਨ ਨਿਰੰਕਾਰ ਪ੍ਰਤਾਪ, ਮਨ ਕਰ ਜਪੇ ਗੁਰੂ ਗੁਰੂ ਆਪ॥ ਨਿਰੰਜਨ ਨਿਰੰਕਾਰ ਸਭ ਦਾਤ, ਗੁਣੀ ਵਿਚਾਰੋ ਮਨ ਸਭ ਭਾਤ॥ [1] ਨਿਰੰਜਨ ਨਿਰੰਕਾਰ ਭਗਵਾਨ, ਆਠ ਪਹਿਰ ਧਰ ਤਾਂਕਾ ਧਿਆਨ॥ ਨਿਰੰਜਨ ਨਿਰੰਕਾਰ ਅਵਿਨਾਸੀ, ਜਨਮ ਮਰਣ ਕੀ ਕਾਟੇ ਫਾਂਸੀ॥ [2] ਨਿਰੰਜਨ ਨਿਰੰਕਾਰ ਕਰਤਾਰ, ਸਰਵ ਦੂੱਖੋਂ ਕਾ ਉਤਰੇ ਭਾਰ॥ ਨਿਰੰਜਨ ਨਿਰੰਕਾਰ ਭਵਜਯੋਤੀ, ਦੁਰਮਤ ਦੁਬਿਧਾ ਅੰਤਰ ਨਾ ਹੋਤੀ॥ [3] ਨਿਰੰਜਨ ਨਿਰੰਕਾਰ ਨਾਰਾਇਣ, ਸਰਵ ਸੁੱਖੋਂ ਕਾ ਹੋਇ ਆਇਣ॥ ਨਿਰੰਜਨ ਨਿਰੰਕਾਰ ਗੋਪਾਲ, ਜੀਵ ਜੰਤ ਕੀ ਕਰੇ ਪ੍ਰਤਿਪਾਲ॥ [4] ਨਿਰੰਜਨ ਨਿਰੰਕਾਰ ਨਰ ਨਾਥ, ਸਰਵ ਪਦਾਰਥ ਤਿਸ ਕੇ ਹਾਥ॥ ਨਿਰੰਜਨ ਨਿਰੰਕਾਰ ਪ੍ਰਕਾਸ਼, ਭਜ ਹਿਰਦੇ ਕਹੋ ਰਵਿਦਾਸ॥ [5]**

**<u>ਸ਼ਬਦ ਅਰਥ</u>** : **ਨਿਰੰਜਨ**- ਮਾਇਆ ਤੋਂ ਨਿਰਲੇਪ ਪ੍ਰਭੂ। **ਨਿਰੰਕਾਰ**- ਆਕਾਰ ਰਹਿਤ। **ਮਨ ਕਰ**- ਮੰਨ ਕੇ, ਜਾਣ ਕੇ। **ਗੁਣੀ ਵਿਚਾਰ**- ਮਹਿਮਾ ਦਾ ਵਿਚਾਰ ਕਰ, ਗੁਣਾਂ ਨੂੰ ਵਿਚਾਰ। **ਭਾਤ**- ਢੰਗ, ਤਰੀਕਾ, ਪ੍ਰਕਾਰ। **ਭਵਜਯੋਤੀ**- ਜਗਤ ਦੀ ਜੋਤਿ। **ਨਾਰਾਇਣ**- ਨਰ + ਆਇਣ = ਜੀਵਾਂ ਦਾ ਘਰ ਭਾਵ ਸਭ ਜੀਵਾਂ ਵਿੱਚ ਵਿਆਪਕ। **ਆਇਣ**- ਘਰ, ਭਵਨ। **ਪ੍ਰਤਿਪਾਲ**- ਪਾਲਣ ਪੋਸ਼ਣ ਕਰਨ ਵਾਲਾ। **ਨਰ ਨਾਥ**- ਜੀਵਾਂ ਦਾ ਸੁਆਮੀ।

**<u>ਨੋਟ</u>** : ਇਹ ਸ਼ਬਦ 'ਰਾਗੁ ਧਨਾਸਰੀ' ਵਿੱਚ ਗਾਇਆ ਜਾ ਸਕਦਾ ਹੈ।

**<u>ਪਦ ਅਰਥ</u>**- ਹੇ ਭਾਈ! ਮਾਇਆ ਤੋਂ ਨਿਰਲੇਪ ਤੇ ਆਕਾਰ ਤੋਂ ਰਹਿਤ ਪ੍ਰਭੂ ਵੱਡੇ ਤੇਜ-ਪਰਤਾਪ ਵਾਲਾ ਹੈ, ਤੂੰ ਗੁਰੂ ਦੇ 'ਸ਼ਬਦ' ਰਾਹੀਂ ਉਸ ਨੂੰ ਜਾਣ ਕੇ ਉਸ ਦਾ

ਸਿਮਰਨ ਕਰ। ਨਿਰੰਜਨ ਨਿਰੰਕਾਰ ਪ੍ਰਭੂ ਸਭ ਗੁਣ-ਦਾਤਾ ਹੈ, ਤੂੰ ਮਨ ਵਿੱਚ ਹਰ ਤਰ੍ਹਾਂ ਨਾਲ ਉਸ ਦੇ ਗੁਣਾਂ/ ਮਹਿਮਾਂ ਦਾ ਵਿਚਾਰ ਕਰ॥

2. ਨਿਰੰਜਨ ਨਿਰੰਕਾਰ-ਪ੍ਰਭੂ ਜੀਵਾਂ ਨੂੰ ਸਭ ਕੁਝ ਦੇਣ ਵਾਲਾ ਹੈ, ਤੂੰ ਅੱਠੋ-ਪਹਿਰ ਆਪਣੀ ਸੁਰਤਿ ਨੂੰ ਉਸ ਦੇ ਨਾਮ ਨਾਲ ਜੋੜੀ ਰੱਖ। ਨਿਰੰਜਨ ਨਿਰੰਕਾਰ ਪ੍ਰਭੂ ਸਦਾ ਕਾਇਮ ਰਹਿਣ ਵਾਲਾ ਹੈ ਤੇ ਜੀਵਾਂ ਦੇ ਜਨਮ-ਮਰਨ ਦੀ ਫ਼ਾਹੀ ਕੱਟਣ ਵਾਲਾ ਹੈ॥

3. ਨਿਰੰਜਨ ਨਿਰੰਕਾਰ ਪ੍ਰਭੂ ਜਗਤ ਦਾ ਕਰਤਾ-ਪੁਰਖ ਹੈ, ਉਸ ਦਾ ਨਾਮ ਸਿਮਰਿਆਂ ਜੀਵ ਦੇ ਸਾਰੇ ਦੁੱਖਾਂ ਦਾ ਭਾਰ ਲਹਿ ਜਾਂਦਾ ਹੈ। ਨਿਰੰਜਨ ਨਿਰੰਕਾਰ ਪ੍ਰਭੂ ਜਗਤ ਦੀ ਜੋਤਿ ਹੈ, ਉਸ ਦਾ ਨਾਮ ਸਿਮਰਿਆਂ ਜੀਵ ਅੰਦਰ ਖੋਟੀ ਮੱਤ ਤੇ ਦੂਈ-ਦਵੈਤ ਦੀ ਭਾਵਨਾ ਨਹੀਂ ਰਹਿੰਦੀ॥

4. ਨਿਰੰਜਨ ਨਿਰੰਕਾਰ ਪ੍ਰਭੂ ਸਭ ਜੀਵਾਂ ਵਿੱਚ ਵਿਆਪਕ ਰਹਿੰਦਾ ਹੈ, ਉਸ ਨੂੰ ਸਿਮਰਿਆਂ ਜੀਵ ਸਾਰੇ ਸੁੱਖਾਂ ਦਾ ਘਰ ਬਣ ਜਾਂਦਾ ਹੈ ਭਾਵ ਸਾਰੇ ਆਤਮਿਕ ਸੁੱਖ ਜੀਵ ਅੰਦਰ ਆ ਵੱਸਦੇ ਹਨ। ਨਿਰੰਜਨ ਨਿਰੰਕਾਰ ਪ੍ਰਭੂ ਜਗਤ-ਪਾਲਕ ਹੈ ਤੇ ਉਹ ਸਭ ਜੀਵ-ਜੰਤੂਆਂ ਦੀ ਪਾਲਣਾ ਕਰਦਾ ਹੈ॥

5. ਨਿਰੰਜਨ ਨਿਰੰਕਾਰ ਪ੍ਰਭੂ ਸਭਨਾਂ ਜੀਵਾਂ ਦਾ ਮਾਲਿਕ ਹੈ ਤੇ ਸਭ ਵਸਤ-ਪਦਾਰਥ ਉਸ ਦੇ ਹੁਕਮ ਵਿੱਚ ਹਨ। ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਂਦੇ ਹਨ ਕਿ ਨਿਰੰਜਨ ਨਿਰੰਕਾਰ ਪ੍ਰਭੂ ਪ੍ਰਕਾਸ਼ ਸਰੂਪ ਹੈ, ਜੀਵਾਂ ਨੂੰ ਆਪਣੇ ਹਿਰਦੇ 'ਚ ਉਸ ਦਾ ਹਮੇਸ਼ਾ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ॥

## ਪਦ ਨੰ : 40

**ਓਅੰ ਓਅੰ ਓਅੰ ਨੀਤ, ਮਨ ਧਰ ਸੱਚ ਭਗਵਾਨ ਪ੍ਰੀਤਿ॥ ਓਅੰ ਓਅੰ ਓਅੰ ਧਿਆਨ, ਸੱਚ ਸੱਚ ਸਭ ਸੱਚ ਹੀ ਮਾਨ॥** 1 **ਓਅੰ ਓਅੰ ਓਅੰ ਪੂਜਾ, ਦੇਵੀ ਦੇਵਾ ਤਿਸ ਬਿਨ ਦੂਜਾ॥ ਓਅੰ ਓਅੰ ਓਅੰ ਸਤਿਸੰਗ, ਨਾਮ ਧਿਆਇ ਮਨ ਕਰ ਰੰਗ॥** 2 **ਓਅੰ ਓਅੰ ਓਅੰ ਜਪ ਲੀਜੇ, ਮੁਗਧ ਪੱਥਰ ਭਵ ਨਰਿ ਤਰੀਜੇ॥ ਓਅੰ ਓਅੰ ਅਮਰ ਕਲਿਆਣ, ਅੰਤਰ ਹਿਰਦੇ ਚੜੇ ਹਰ ਭਾਨ॥** 3 **ਓਅੰ ਓਅੰ ਗੁਣ ਵਿਖਿਆਨ, ਪਵਿੱਤਰ ਗੁਣੋਂ ਕੀ ਹੋਵੇ ਕਾਨ॥ ਓਅੰ ਓਅੰ ਤੇਰਾ ਅਧਿਕਾਰ, ਪਾਪ ਰੋਗ ਸਭ ਉੱਤਰੇ ਭਾਰ॥** 4 **ਓਅੰ ਓਅੰ ਓਅੰ ਦਿਨ ਰੈਨ, ਸੋਹੰ ਭਜ ਮਨ ਹੋਵੇ ਚੈਨ॥ ਕਹੇ ਰਵਿਦਾਸ ਲੱਖ ਗੁਰ ਕੀ ਕਰਨੀ, ਸਵਾਸ ਸਵਾਸ ਪਰ ਹਰਿ ਕੀ ਚਰਨੀ॥** 5

**ਸ਼ਬਦ ਅਰਥ** : **ਓਅੰ**- ਓਅੰ ਸ਼ਬਦ ਦਾ ਅਰਥ ਹੈ ਰੱਖਿਆ ਕਰਨ ਵਾਲਾ ਸੋ ਓਅੰ ਸ਼ਬਦ ਸਭ ਦੀ ਰੱਖਿਆ ਕਰਨ ਵਾਲੇ ਪ੍ਰਭੂ ਦਾ ਬੋਧਕ ਹੈ ਤੇ ਜਿਸ ਦਾ ਉਚਾਰਣ ਕਰਨ ਸਮੇਂ ਓਅੰ ਸ਼ਬਦ ਦੀ ਧੁਨਿ ਹੁੰਦੀ ਹੈ, ਇਕ ਰਸ ਵਿਆਪਕ ਪ੍ਰਭੂ। **ਨੀਤ**- ਨਿਤਯ, ਸਦੈਵ, ਹਮੇਸ਼ਾ। **ਸੱਚ**- ਸਦਾ ਕਾਇਮ ਰਹਿਣ ਵਾਲਾ। **ਧਿਆਨ**- ਸੁਰਤਿ ਨੂੰ ਪ੍ਰਭੂ ਨਾਲ ਜੋੜਨਾ। **ਰੰਗ**- ਪ੍ਰੇਮ, ਆਨੰਦ। **ਮੁਗਧ**- ਮੂਰਖ਼। **ਅਮਰ**- ਸਦਾ ਰਹਿਣ

ਵਾਲਾ। **ਭਾਨ**- ਸੂਰਜ, ਪ੍ਰਕਾਸ਼। **ਕਾਨ**- ਖ਼ਾਨ, ਖ਼ਜ਼ਾਨਾ, ਭੰਡਾਰ। **ਅਧਿਕਾਰ**- ਪਦ, ਅਵਸਥਾ। **ਕਰਨੀ**- ਆਚਰਣ, ਕਰਤੱਵ।

**ਨੋਟ** : ਇਹ ਸ਼ਬਦ 'ਰਾਗੁ ਧਨਾਸਰੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਹੇ ਭਾਈ! ਤੂੰ ਇਕ-ਰਸ ਵਿਆਪਕ ਪ੍ਰਭੂ ਨੂੰ ਹਮੇਸ਼ਾ ਸਿਮਰਦਾ ਰਹਿ ਤੇ ਮਨ ਵਿੱਚ ਉਸ ਲਈ ਸੱਚੀ ਪ੍ਰੀਤ ਵੀ ਧਾਰਨ ਕਰ। ਤੂੰ ਆਪਣੀ ਸੁਰਤਿ ਨੂੰ ਇਕ-ਰਸ ਵਿਆਪਕ ਪ੍ਰਭੂ ਨਾਲ ਹਮੇਸ਼ਾ ਜੋੜੀ ਰੱਖ ਤੇ ਇਹ ਸੱਚ ਕਰਕੇ ਮੰਨ ਕਿ ਕੇਵਲ 'ਇਕ ਪ੍ਰਭੂ' ਹੀ ਦੁਨੀਆਂ 'ਚ ਸੱਚ ਹੈ, ਸਦਾ ਕਾਇਮ ਰਹਿਣ ਵਾਲਾ ਹੈ॥

2. ਹੇ ਭਾਈ! ਤੂੰ ਕੇਵਲ ਇਕ-ਰਸ ਵਿਆਪਕ ਪ੍ਰਭੂ ਦੀ ਹੀ ਪੂਜਾ ਕਰ, ਦੇਵੀ-ਦੇਵਤੇ ਤਾਂ ਉਸ ਤੋਂ ਭਿੰਨ ਕੋਈ ਹੋਰ ਦੂਸਰੇ ਹਨ ਭਾਵ ਦੇਵੀ-ਦੇਵਤੇ ਪ੍ਰਭੂ ਨਹੀਂ ਹਨ। ਯਾਦ ਰੱਖ, ਇਕ-ਰਸ ਵਿਆਪਕ ਪ੍ਰਭੂ ਦਾ ਸਤਿਸੰਗ ਕੀਤਿਆਂ ਤੇ ਉਸ ਦਾ ਨਾਮ ਸਿਮਰਿਆਂ ਮਨ ਪ੍ਰਭੂ ਦੇ ਪ੍ਰੇਮ-ਰੰਗ ਵਿੱਚ ਰੰਗਿਆ ਜਾਂਦਾ ਹੈ॥

3. ਇਕ-ਰਸ ਵਿਆਪਕ ਪ੍ਰਭੂ ਦਾ ਵਾਰ-ਵਾਰ ਨਾਮ ਜੱਪਿਆਂ ਪੱਥਰ ਸਮਾਨ ਮੂਰਖ਼ ਜੀਵ ਵੀ ਮਾਇਆ-ਵੇੜ੍ਹੇ ਸੰਸਾਰ-ਸਮੁੰਦਰ ਤੋਂ ਪਾਰ ਤਰ ਜਾਂਦੇ ਹਨ। ਇਕ-ਰਸ ਵਿਆਪਕ ਪ੍ਰਭੂ ਦਾ ਨਾਮ ਸਿਮਰਿਆਂ ਜੀਵ ਦੇ ਹਿਰਦੇ ਅੰਦਰ ਪ੍ਰਭੂ ਦੇ ਆਤਮਿਕ ਗਿਆਨ ਦਾ ਚਾਨਣਾ ਹੋ ਜਾਂਦਾ ਹੈ ਤੇ ਉਸ ਦਾ ਸਦਾ-ਸਦਾ ਲਈ ਕਲਿਆਣ ਹੋ ਜਾਂਦਾ ਹੈ ਭਾਵ ਉਹ ਜੀਵਨ-ਮੁਕਤ ਹੋ ਜਾਂਦਾ ਹੈ॥

4. ਇਕ-ਰਸ ਵਿਆਪਕ ਪ੍ਰਭੂ ਦੇ ਗੁਣਾਂ ਦੀ ਸਿਫ਼ਤਿ-ਸਾਲਾਹ ਕੀਤਿਆਂ ਜੀਵ ਸਦਗੁਣਾਂ ਦਾ ਭੰਡਾਰ ਹੋ ਨਿਬੜਦਾ ਹੈ ਭਾਵ ਸਾਰੇ ਰੱਬੀ ਗੁਣ ਜੀਵ ਅੰਦਰ ਆ ਵਸਦੇ ਹਨ। ਇਕ-ਰਸ ਵਿਆਪਕ ਪ੍ਰਭੂ ਨੂੰ ਹਰ ਵੇਲੇ ਸਿਮਰਿਆਂ ਜੀਵ ਉਹ ਆਤਮਿਕ ਅਵਸਥਾ ਪ੍ਰਾਪਤ ਕਰਦਾ ਹੈ ਜਿੱਥੇ ਪਹੁੰਚ ਕੇ ਸਾਰੇ ਪਾਪਾਂ ਤੇ ਰੋਗਾਂ ਦਾ ਭਾਰ ਲਹਿ ਜਾਂਦਾ ਹੈ॥

5. ਹੇ ਭਾਈ! ਇਕ-ਰਸ ਵਿਆਪਕ ਪ੍ਰਭੂ ਦਾ ਦਿਨ-ਰਾਤ ਸਿਮਰਨ ਕੀਤਿਆਂ ਜੀਵ ਦੇ ਮਨ ਨੂੰ ਸਦੀਵੀ ਆਤਮਿਕ ਆਨੰਦ ਮਿਲਦਾ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਹੇ ਜੀਵ! ਤੂੰ ਗੁਰੂ ਦੇ ਆਚਰਣ ਨੂੰ ਆਪਣਾ ਆਚਰਣ ਬਣਾ (ਭਾਵ ਗੁਰੂ ਦੀ ਜੀਵਨ-ਜੁਗਤੀ ਨੂੰ ਆਪਣੇ ਜੀਵਨ ਵਿੱਚ ਅਪਣਾ) ਤੇ ਸਵਾਸ-ਸਵਾਸ ਪ੍ਰਭੂ ਦੀ ਚਰਨੀ ਪਿਆ ਰਹਿ ਭਾਵ ਸਵਾਸ-ਸਵਾਸ ਪ੍ਰਭੂ ਦਾ ਸਿਮਰਨ ਕਰ॥

* * * * *

## ਪੈਂਤੀ ਅੱਖਰੀ

**ੳ- ਉਸਤਤਿ ਕਰੋ ਇਕ ਓਅੰਕਾਰਾ।**
**ਤੀਨ ਲੋਕ ਜਿਨ ਕੀਆ ਪਸਾਰਾ।**
(**ਓਅੰਕਾਰਾ**- ਇਕ ਰਸ ਵਿਆਪਕ (ਪ੍ਰਭੂ)।)

**ਨੋਟ** : ਬਾਣੀ 'ਪੈਂਤੀ ਅੱਖਰੀ' ਦੇ ਸ਼ਬਦ ਨੂੰ ਰਾਗੁ 'ਗਉੜੀ ਪੂਰਬੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਹੇ ਭਾਈ! ਉਸ ਇਕ-ਰਸ ਵਿਆਪਕ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰੋ ਜਿਸ ਨੇ ਤਿੰਨਾਂ ਲੋਕਾਂ ਭਾਵ ਸਾਰੀ ਸ੍ਰਿਸ਼ਟੀ ਦਾ ਖ਼ਿਲਾਰਾ (ਉਤਪਤੀ ਤੇ ਵਿਸਥਾਰ) ਆਪ ਕੀਤਾ ਹੋਇਆ ਹੈ॥

**ਅ- ਅਲਖ ਕੋ ਲਖ ਜੋ ਭਾਈ।**
**ਦੇਹੇਂ ਢੰਢੋਰਾ ਸੰਤ ਸਿਪਾਹੀ।**
(**ਅਲਖ**- ਅਦ੍ਰਿਸ਼ਟ, ਜਿਸ ਦਾ ਸਰੂਪ ਪੂਰੀ ਤਰ੍ਹਾਂ ਬਿਆਨ ਨਾ ਕੀਤਾ ਜਾ ਸਕੇ।)

**ਪਦ ਅਰਥ**- ਹੇ ਭਾਈ! ਸੰਤ-ਮਹਾਤਮਾ ਵੀ ਸਿਪਾਹੀ ਵਾਂਗ ਇਹ ਗੱਲ ਜ਼ੋਰ ਦੇ ਕੇ ਕਹਿੰਦੇ ਹਨ ਕਿ ਜਿਸ ਪ੍ਰਭੂ ਦੇ ਸਰੂਪ (ਤੇ ਗੁਣਾਂ ਨੂੰ) ਪੂਰਨ ਤੌਰ 'ਤੇ ਸਮਝਿਆ ਨਹੀਂ ਜਾ ਸਕਦਾ (ਗੁਰੂ ਦੇ 'ਸ਼ਬਦ' ਰਾਹੀਂ ਗੁਰੂ ਦੀ ਮਿਹਰ ਨਾਲ) ਉਸ ਪ੍ਰਭੂ ਨੂੰ ਜਾਣੋ-ਪਛਾਣੋ ਤੇ ਸਮਝੋ॥

**ੲ- ਈਸ਼ਵਰ ਕਾਇਆ ਘਟ ਮੇਂ।**
**ਆਕਾਸ਼ ਰਮਇਓ ਜੈਸੇ ਸਬ ਮਟ ਮੇਂ।**
(**ਮਟ**- ਘੜਾ।)

**ਪਦ ਅਰਥ**- ਈਸ਼ਵਰ ਸਾਰੇ ਜੀਵਾਂ ਦੇ ਸਰੀਰ-ਘਰ ਵਿੱਚ ਉਸੇ ਤਰ੍ਹਾਂ ਹੀ ਇਕ-ਰਸ ਰਮਿਆ ਹੋਇਆ ਹੈ ਜਿਸ ਤਰ੍ਹਾਂ ਕਿ (ਪਾਣੀ ਨਾਲ ਭਰੇ ਹੋਏ) ਸਾਰੇ ਘੜਿਆਂ ਵਿੱਚ (ਇੱਕੋ) ਆਕਾਸ਼ ਰਮਿਆ ਹੋਇਆ ਦਿਖਾਈ ਦਿੰਦਾ ਹੈ॥

**ਸ- ਸੀਸ਼ ਮਹਲ ਮੇਂ ਸਵਾਮੀ ਦਰਸ਼ੇ।**
**ਜਹਾਂ ਪ੍ਰੇਮ ਅਮੀ ਰਸ ਬਰਸੇ।**
(**ਸੀਸ਼ ਮਹਲ**- ਸਭ ਤੋਂ ਉੱਚੀ ਆਤਮਿਕ ਅਵਸਥਾ ਦਾ ਘਰ। **ਅਮੀ ਰਸ**- ਆਤਮਿਕ ਜੀਵਨ ਦੇਣ ਵਾਲਾ ਨਾਮ ਰਸ।)

**ਪਦ ਅਰਥ**- ਮਨ ਦੀ (ਉੱਚੀ ਆਤਮਿਕ ਅਵਸਥਾ)-ਰੂਪੀ ਸ਼ੀਸ ਮਹਿਲ ਵਿਖੇ ਮਾਲਿਕ-ਪ੍ਰਭੂ ਦੇ ਦਰਸ਼ਨ ਹੁੰਦੇ ਹਨ ਜਿੱਥੇ ਆਤਮਿਕ ਜੀਵਨ ਦੇਣ ਵਾਲੇ ਨਾਮ ਦਾ ਪ੍ਰੇਮ-ਰਸ ਹਰ ਵੇਲੇ ਵਰਸਦਾ ਰਹਿੰਦਾ ਹੈ॥

**ਹ- ਹਰਿ ਕਾ ਸਿਮਰਣ ਕੀਜੈ।**
**ਕਹੇ ਰਵਿਦਾਸ ਅਮੀ ਰਸ ਪੀਜੈ।**

**ਪਦ ਅਰਥ**- ਸਤਿਗੁਰੂ ਰਵਿਦਾਸ ਜੀ ਮਹਾਰਾਜ ਉਚਾਰਨ ਕਰਦੇ ਹਨ ਕਿ ਜਿਹੜਾ ਜੀਵ ਹਰ ਵੇਲੇ ਪ੍ਰਭੂ ਦੇ ਨਾਮ ਨੂੰ ਸਿਮਰਦਾ ਰਹਿੰਦਾ ਹੈ ਉਹ, ਮਾਨੋਂ, ਆਤਮਿਕ

ਜੀਵਨ ਦੇਣ ਵਾਲਾ ਪ੍ਰਭੂ ਦਾ ਨਾਮ-ਰਸ ਹੀ ਪੀ ਰਿਹਾ ਹੁੰਦਾ ਹੈ॥

**ਕ- ਕਾਇਆ ਕੋਟਿ ਮੇਂ ਰਮ ਰਹਿਓ ਪਿਆਰਾ।**
**ਸੀਸ ਮਹਲ ਮੇਂ ਦੇ ਦੀਦਾਰਾ।**

**ਪਦ ਅਰਥ**- ਹੇ ਭਾਈ! ਪ੍ਰੀਤਮ-ਪ੍ਰਭੂ ਸਭਨਾਂ ਜੀਵਾਂ ਦੇ ਸਰੀਰ-ਰੂਪੀ ਕਿਲ੍ਹੇ ਵਿੱਚ ਰਮਿਆ ਹੋਇਆ ਹੈ ਤੇ ਜਿਸ ਦੇ ਦਰਸ਼ਨ ਮਨ ਦੀ (ਉੱਚੀ ਆਤਮਿਕ ਅਵਸਥਾ)-ਰੂਪੀ ਸ਼ੀਸ ਮਹਿਲ ਵਿਖੇ ਹੁੰਦੇ ਹਨ॥

**ਖ- ਖਿਆਲ ਸੇ ਕਰੋ ਵਿਚਾਰਾ।**
**ਸਰਵਵਿਆਪੀ ਸਬ ਸੇ ਨਿਆਰਾ।**

(**ਨਿਆਰਾ**- ਅਨੋਖਾ, ਵਿਲੱਖਣ।)

**ਪਦ ਅਰਥ**- ਜਦੋਂ ਜੀਵ ਧਿਆਨ ਲਗਾ ਕੇ ਭਾਵ ਸੁਰਤਿ ਨੂੰ ਟਿਕਾ ਕੇ ਆਪਣੇ ਮਨ ਵਿੱਚ ਪ੍ਰਭੂ ਦਾ ਵਿਚਾਰ ਕਰਦਾ ਹੈ ਤਾਂ ਉਸ ਨੂੰ ਸਰਬ-ਵਿਆਪਕ ਪ੍ਰਭੂ ਸਭ ਤੋਂ ਵਿਲੱਖਣ ਦਿਸਦਾ ਹੈ॥

**ਗ- ਗੋਬਿੰਦ ਏਸੇ ਗਿਆਨੀ।**
**ਨ ਕੁਛ ਭੂਲੇ ਨਾ ਕੁਛ ਜਾਨੀ।**

**ਪਦ ਅਰਥ**- ਆਤਮਿਕ ਜੀਵਨ ਦੀ ਸੂਝ-ਬੂਝ ਵਾਲੇ ਜੀਵ ਦਿਲਾਂ ਦੇ ਜਾਣਨ-ਹਾਰ ਪ੍ਰਭੂ ਦੀ ਪ੍ਰਾਪਤੀ ਕਰਕੇ (ਉਸ ਆਤਮਿਕ ਅਵਸਥਾ 'ਚ ਟਿਕ ਜਾਂਦੇ ਹਨ) ਜਿੱਥੇ ਨਾ ਕੁਝ ਭੁੱਲਣ ਤੇ ਨਾ ਹੀ ਕੁਝ ਜਾਨਣ ਦੀ ਲੋੜ ਰਹਿ ਜਾਂਦੀ ਹੈ॥

**ਘ- ਘਨ ਨਹੀਂ ਅਹਰਣ ਸਹੇ ਚੋਟਾਂ।**
**ਸਤਗੁਰੂ ਸ਼ਬਦ ਘੜਿਆ ਹੈ ਅਨੋਠਾ।**

(**ਘਨ**- ਹਥੌੜਾ। **ਅਹਰਣ** : ਲੋਹੇ ਦਾ ਪਿੰਡ ਜਿਸ ਉੱਪਰ ਠੰਡਾ ਜਾਂ ਗਰਮ ਲੋਹਾ ਰੱਖ ਕੇ ਘੜਿਆ ਜਾਂਦਾ ਹੈ। **ਅਨੋਠਾ** - ਅਨੋਖਾ।)

**ਪਦ ਅਰਥ**- ਜਿਵੇਂ ਹਥੌੜੇ ਦੀਆਂ ਚੋਟਾਂ ਖਾ-ਖਾ ਕੇ ਅਹਰਣ ਇਕ (ਨਵੀਂ ਅਨੋਖੀ ਘਾੜਤ ਘੜਦਾ ਹੈ) ਤਿਵੇਂ ਹੀ ਗੁਰੂ ਦੇ ਬਖ਼ਸ਼ੇ ਹੋਏ 'ਸ਼ਬਦ-ਰੂਪੀ' ਹਥੌੜੇ ਦੀਆਂ ਚੋਟਾਂ ਖਾ-ਖਾ ਕੇ ਜੀਵ ਦੀ ਸੁਰਤਿ-ਰੂਪੀ ਅਹਰਣ ਵੀ ਇਕ ਨਵੀਂ ਅਨੋਖੀ (ਆਤਮਿਕ ਅਵਸਥਾ ਬਣਾਉਂਦੀ ਹੈ।)॥

**ਙ- ਙਆਨਤਾ ਸੋਈ ਸਾਰ।**
**ਰਹੇ ਰਵਿਦਾਸ ਬਾਤ ਵਿਚਾਰ।**

(**ਙਆਨਤਾ**- ਗਿਆਨਤਾ, ਆਤਮਿਕ ਜੀਵਨ ਦੀ ਸੂਝ-ਬੂਝ ਹੋਣਾ।)

**ਪਦ ਅਰਥ**- ਸਤਿਗੁਰੂ ਰਵਿਦਾਸ ਜੀ ਮਹਾਰਾਜ ਇਹ ਵਿਚਾਰ ਦੀ ਗੱਲ ਦੱਸਦੇ ਹਨ ਕਿ ਗਿਆਨਤਾ (ਭਾਵ ਆਤਮਿਕ ਜੀਵਨ ਜਿਊਣ ਦੀ ਸੂਝ-ਬੂਝ ਹੋ ਜਾਣਾ) ਹੀ ਜੀਵ ਦੇ (ਸਫ਼ਲ ਜੀਵਨ) ਹੋਣ ਦਾ ਸਾਰ ਹੈ, ਸਾਰੰਸ਼ ਹੈ, ਮੂਲ-ਮੰਤਵ ਹੈ॥

**ਚ- ਚਾਮ ਕਾ ਚੋਲਾ ਭਾਈ।**
**ਨਾਮ ਬਿਨਾ ਕੁਛ ਕਾਮ ਨਾ ਆਈ।**

**<u>ਪਦ ਅਰਥ</u>**- ਹੇ ਭਾਈ! ਪ੍ਰਭੂ ਦੇ ਨਾਮ ਤੋਂ ਸੱਖਣਾ ਇਹ ਸਰੀਰ-ਰੂਪੀ ਚਮੜੇ ਦਾ ਲਿਬਾਸ ਕਿਸੇ ਵੀ ਕੰਮ ਦਾ ਨਹੀਂ ਭਾਵ ਇਹ ਸਰੀਰ ਵਿਅਰਥ ਹੈ॥

**ਛ- ਛਿਨ ਮੇਂ ਭਇਆ ਮਮੋਲਾ।**

**ਅਮੀ ਸਰੋਵਰ ਦੀਆ ਝਕੋਲਾ।**

(**ਮਮੋਲਾ**- ਖੰਜਰੀਟ, ਕਣਾਟੀਰ, ਚਿੜੀ ਦੇ ਆਕਾਰ ਦਾ ਇਕ ਪੰਛੀ ਜੋ ਬਹੁਤ ਚੰਚਲ ਹੁੰਦਾ ਹੈ। ਕਵੀ ਇਸ ਦੀ ਉਪਮਾ ਮਨ ਨੂੰ ਦਿੰਦੇ ਹਨ। **ਝਕੋਲਾ** - ਚੁੱਭੀ ਲਗਾਉਣਾ, ਗੋਤਾ ਦੇਣਾ, ਰਿੜਕਣਾ।)

**<u>ਪਦ ਅਰਥ</u>**- ਹੇ ਭਾਈ! ਜੀਵ ਦਾ ਮਨ 'ਮਮੋਲਾ' ਪੰਛੀ ਵਾਂਗ ਇਕ ਛਿੰਨ ਵਿੱਚ ਹੀ ਬਹੁਤ ਚੰਚਲ ਹੋ ਜਾਂਦਾ ਹੈ। ਇਸ ਦੇ ਟਿਕਾਊਪਨ ਲਈ ਤੂੰ ਆਤਮਿਕ ਜੀਵਨ ਦੇਣ ਵਾਲੇ ਨਾਮ-ਰੂਪੀ ਸਰੋਵਰ ਵਿੱਚ ਇਸ ਦੀ ਚੁੱਭੀ ਲਗਵਾ॥

**ਜ- ਜੀਵ ਹੈ ਜਨੇਊ ਜਾਤਿ ਕਾ।**

**ਦਇਆ ਕੀ ਧੋਤੀ ਤਿਲਕ ਸਤਿਯ ਕਾ।**

(**ਜਨੇਊ**- ਕਪਾਹ ਤੋਂ ਬਣਿਆ ਹੋਇਆ ਸੂਤ ਦਾ ਧਾਗਾ ਜੋ ਬ੍ਰਾਹਮਣ ਲੋਕ ਖੱਬੇ ਮੋਢੇ ਤੋਂ ਸੱਜੀ ਵੱਖੀ ਤੱਕ ਸਰੀਰ ਉੱਤੇ ਧਾਰਨ ਕਰਦੇ ਹਨ।)

**<u>ਪਦ ਅਰਥ</u>**- ਜਿੰਨਾਂ ਚਿਰ ਜੀਵ (ਦਾ ਸਰੀਰ) ਹੈ ਓਨਾਂ ਚਿਰ ਹੀ ਜਾਤ ਦਾ ਜਨੇਊ ਉਸਦੇ ਸਰੀਰ 'ਤੇ ਹੈ (ਭਾਵ ਜੀਵ ਦਾ ਸਰੀਰ ਬਿਨਸ ਜਾਣ 'ਤੇ ਜਨੇਊ ਢਹਿ ਕੇ ਸੜ ਜਾਂਦਾ ਹੈ ਤੇ ਜੀਵ ਇਸ ਤੋਂ ਬਿਨਾਂ ਹੀ ਦੁਨੀਆਂ ਵਿੱਚੋਂ ਚਲੇ ਜਾਂਦਾ ਹੈ, ਤਾਂ ਫਿਰ ਇਹ ਜਨੇਊ ਕਿਸ ਕੰਮ ਦਾ ?) ਇਸ ਦੀ ਥਾਂ ਜੀਵ ਨੂੰ ਦਇਆ-ਰੂਪੀ ਧੋਤੀ ਤੇ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੇ ਨਾਮ ਦਾ ਤਿਲਕ ਧਾਰਨ ਕਰਨੇ ਚਾਹੀਦੇ ਹਨ (ਜੋ ਤੋੜ ਤੱਕ ਨਿਭਦੇ ਹਨ, ਜਨੇਊ ਵਾਂਗ ਇੱਥੇ ਹੀ ਨਹੀਂ ਰਹਿ ਜਾਂਦੇ।)॥

**ਝ- ਝਿਲਮਿਲ ਜੋਤ ਜਗਾਈ।**

**ਅਲਖ ਪੁਰੁਸ਼ ਤਹਾਂ ਪਹੁੰਚੇ ਆਈ।**

**<u>ਪਦ ਅਰਥ</u>**- (ਸਤਿਗੁਰੂ ਦੇ ਬਖ਼ਸ਼ੇ ਹੋਏ 'ਸ਼ਬਦ' ਦੇ ਸਿਮਰਨ ਨਾਲ) ਜਦੋਂ ਜੀਵ ਦੇ ਹਿਰਦੇ ਅੰਦਰ ਝਿਲਮਿਲ ਕਰਦੀ ਹੋਈ ਜੋਤਿ ਜਗ ਪੈਂਦੀ ਹੈ ਤਾਂ ਅਦ੍ਰਿਸ਼ਟ-ਪ੍ਰਭੂ ਉੱਥੇ ਆਪ ਆਣ ਕੇ ਪ੍ਰਗਟ ਹੋ ਜਾਂਦੇ ਹਨ (ਤੇ ਦਰਸ਼ਨ-ਦੀਦਾਰੇ ਦਿੰਦੇ ਹਨ।)॥

**ਞ- ਞਯਾਨਤ ਸੋਈ ਧਿਆਨੀ।**

**ਦਾਸ ਰਵਿਦਾਸ ਕਹੇ ਬ੍ਰਹਮ ਗਿਆਨੀ।**

(**ਞਯਾਨਤ**- ਗਿਆਨ ਹੋਣਾ, ਜਾਣ ਪਛਾਣ ਹੋਣਾ।)

**<u>ਪਦ ਅਰਥ</u>**- ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਜਿਹੜਾ ਜੀਵ ਪ੍ਰਭੂ ਨੂੰ ਜਾਣ-ਪਛਾਣ ਲੈਂਦਾ ਹੈ ਉਹੀ ਜੀਵ ਪ੍ਰਭੂ ਨਾਲ ਆਪਣੀ ਸੁਰਤਿ ਜੋੜੀ ਰੱਖਦਾ ਹੈ ਤੇ ਉਸੇ ਜੀਵ ਨੂੰ ਹੀ ਸੱਚਾ ਬ੍ਰਹਮ-ਗਿਆਨੀ ਕਹਿੰਦੇ ਹਨ॥

**ਟ- ਟੈਕਾ ਟੇਰ ਕਾ ਏਕ ਰਾਖੋ।**

**ਏਕ ਬਿਨਾ ਦੂਜਾ ਮਤ ਆਖੋ।**

(ਟੇਰ- ਸਦ, ਟੇਕ।)

**ਪਦ ਅਰਥ**- 'ਇਕ' ਪ੍ਰਭੂ ਦੀ ਹੀ ਹਮੇਸ਼ਾ ਸੱਦ ਰੱਖੋ, ਟੇਕ ਰੱਖੋ ਤੇ ਉਸ ਤੋਂ ਬਿਨਾਂ ਕਿਸੇ ਹੋਰ ਦੀ ਟੇਕ ਨਾ ਰੱਖੋ॥

**ਠ- ਠਾਕੁਰ ਸ਼ੀਲਾ ਤਰ ਗਏ ਭਾਈ।**
**ਪੰਡਿਤ ਬੈਠੇ ਮਨ ਮੁਰਝਾਈ।**

(ਠਾਕੁਰ- ਪ੍ਰਭੂ। ਸੀਲਾ- ਪੱਥਰ।)

**ਪਦ ਅਰਥ**- ਹੇ ਭਾਈ! ਪ੍ਰਭੂ (ਦੀ ਮਿਹਰ ਨਾਲ ਪ੍ਰਭੂ ਦਾ ਸਿਮਰਨ ਕਰਕੇ) ਪੱਥਰ (ਵਾਂਗ ਪਾਪਾਂ ਨਾਲ ਭਾਰੇ ਹੋਏ) ਜੀਵ ਵੀ (ਸੰਸਾਰ-ਸਮੁੰਦਰ ਤੋਂ ਸਹਿਜੇ ਹੀ) ਤਰ ਜਾਂਦੇ ਹਨ ਜਦਕਿ ਪ੍ਰਭੂ ਦੇ ਨਾਮ-ਸਿਮਰਨ ਤੋਂ ਵਹੀਨ ਵਿਦਵਾਨ ਲੋਕ ਪ੍ਰਭੂ 'ਤੇ (ਭਰੋਸਾ ਨਾ ਕਰਕੇ) ਮਨ ਵਿੱਚ ਮੁਰਝਾਏ ਬੈਠੇ ਰਹਿ ਜਾਂਦੇ ਹਨ॥

**ਡ- ਡਰ ਨਹੀਂ ਹਰਿ ਸੰਗ ਪ੍ਰੀਤ।**
**ਭਗਤ ਜਨ ਬੈਠੇ ਮਨ ਕੋ ਜੀਤ।**

**ਪਦ ਅਰਥ**- ਜਿਹੜੇ ਜੀਵ ਹਰਿ-ਪ੍ਰਭੂ ਨਾਲ ਪ੍ਰੀਤ ਕਰਦੇ ਹਨ ਉਨ੍ਹਾਂ ਨੂੰ ਕੋਈ ਵੀ ਡਰ ਪੋਹ ਨਹੀਂ ਸਕਦਾ। ਪ੍ਰਭੂ ਦੇ ਅਜਿਹੇ ਭਗਤ-ਜਨ ਮਨ ਨੂੰ (ਵਿਕਾਰਾਂ ਵੱਲੋਂ) ਜਿੱਤ ਕੇ ਅਡੋਲਤਾ ਦੀ ਸਮਾਧੀ ਵਿੱਚ ਬੈਠ ਗਏ (ਭਾਵ ਟਿਕ ਗਏ) ਹੁੰਦੇ ਹਨ॥

**ਢ- ਢਾ ਦੀਨੀ ਬੁਰਜੀ ਪਾਪਨ।**
**ਸਿਮਰਣ ਕੀਨਾ ਅਜਪਾ ਜਪਨ।**

**ਪਦ ਅਰਥ**- ਹੇ ਭਾਈ! ਅਜਪਾ-ਜਾਪ (ਚਿੱਤ ਬ੍ਰਿੱਤੀ ਰਾਹੀਂ ਕੀਤਾ ਗਿਆ ਸਿਮਰਨ) ਦੀ ਬਰਕਤਿ ਨਾਲ ਜੀਵ ਦੇ ਅੰਦਰੋਂ ਪਾਪਾਂ-ਰੂਪੀ ਕਿਲ੍ਹਾ ਢਹਿ ਜਾਂਦਾ ਹੈ॥

**ਣ- ਣਮ ਕੀ ਲਾਈ ਡੋਰੀ।**
**ਕਹੇ ਰਵਿਦਾਸ ਲਗੀ ਲਿਵ ਮੋਰੀ।**

(ਣਮ- ਣਾਮ, ਨਾਮ।)

**ਪਦ ਅਰਥ**- ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਪ੍ਰਭੂ ਦੇ ਨਾਮ ਨਾਲ ਮੇਰੀ ਪ੍ਰੇਮ-ਡੋਰੀ ਬੱਝ ਗਈ ਹੈ ਜਿਸ ਦੇ ਸਦਕੇ ਹੁਣ ਮੇਰੀ ਲਿਵ ਪ੍ਰਭੂ ਨਾਲ ਹਰ ਵੇਲੇ ਜੁੜੀ ਰਹਿੰਦੀ ਹੈ॥

**ਤ- ਤ੍ਰਿਗੁਣ ਮਾਇਆ ਰਚਦੀ ਭਾਈ।**
**ਰਿਸ਼ੀ ਮੁਨਿ ਲੀਨੇ ਭਰਮਾਈ।**

**ਪਦ ਅਰਥ**- ਹੇ ਭਾਈ! ਤ੍ਰਿਗੁਣੀ (ਸਤੋ, ਰਜੋ ਤੇ ਤਮੋ ਗੁਣਾਂ ਵਾਲੀ) ਮਾਇਆ ਪ੍ਰਭੂ ਨੇ ਆਪ ਹੀ ਰਚੀ ਹੈ। (ਜੀਵ ਤਾਂ ਕਿਤੇ ਰਹੇ) ਇਸ ਨੇ ਤਾਂ ਰਿਸ਼ੀਆਂ-ਮੁਨੀਆਂ ਤੱਕ ਨੂੰ ਵੀ ਭਟਕਣਾ ਵਿੱਚ ਪਾਇਆ ਹੋਇਆ ਹੈ॥

**ਥ- ਸਥਿਰ ਨਹੀਂ ਯਹ ਸੰਸਾਰਾ।**
**ਰਾਵ ਰੰਕ ਸਬ ਕਾਲ ਨਗਾਰਾ।**

**ਪਦ ਅਰਥ**- ਇਸ ਸੰਸਾਰ ਵਿੱਚ ਸਦਾ ਕਾਇਮ ਰਹਿਣ ਵਾਲਾ ਕੋਈ ਵੀ ਨਹੀਂ

ਹੈ। ਜਦੋਂ ਮੌਤ ਦਾ ਨਗਾਰਾ ਵੱਜਦਾ ਹੈ (ਭਾਵ ਮੌਤ ਦਾ ਸੱਦਾ ਆਉਂਦਾ ਹੈ) ਤਾਂ ਕੀ ਰਾਜਾ ਤੇ ਕੀ ਰੰਕ ਸਭ ਸੰਸਾਰ ਤੋਂ ਚਲੇ ਜਾਂਦੇ ਹਨ॥

**ਦ- ਦੋ ਇਕ ਦਿਨ ਯਹਾਂ ਮੰਦਿਰ ਸਾਰਾ।**
**ਫਿਰ ਠਾਠ ਛੋੜ ਲਦ ਜਾਏ ਬੰਜਾਰਾ।**

<u>ਪਦ ਅਰਥ</u>- ਪ੍ਰਭੂ ਨੇ ਸਰੀਰ-ਰੂਪੀ ਮੰਦਿਰ ਦੀ ਰਚਨਾ ਇਕ ਦੋ ਦਿਨ ਲਈ ਭਾਵ ਇਕ ਨਿਸਚਿਤ ਸਮੇਂ ਲਈ ਕੀਤੀ ਹੈ। ਜਦੋਂ ਨਿਸਚਿਤ ਸਮਾਂ ਆਉਂਦਾ ਹੈ ਤਾਂ ਵਣਜਾਰਾ-ਰੂਪੀ ਜੀਵ ਸਭ ਠਾਠ-ਬਾਠ ਛੱਡ ਕੇ ਸੰਸਾਰ 'ਚੋਂ ਚਲਾ ਜਾਂਦਾ ਹੈ॥

**ਧ- ਧਨੀ ਜਿਨ ਧਿਆਨ ਲਗਾਇਓ।**
**ਕਾਲ ਫਾਂਸ ਕੇ ਬੀਚ ਨ ਆਇਓ।**

<u>ਪਦ ਅਰਥ</u>- ਹੇ ਭਾਈ! ਸੱਚਾ ਧਨੀ ਉਹ ਜੀਵ ਹੈ ਜਿਸ ਨੇ ਆਪਣੀ ਸੁਰਤਿ ਨੂੰ ਹਮੇਸ਼ਾ ਪ੍ਰਭੂ ਦੇ ਨਾਮ ਨਾਲ ਜੋੜੀ ਰੱਖਿਆ ਹੈ। ਅਜਿਹਾ ਜੀਵ ਮੌਤ ਦੇ ਫ਼ੰਦੇ 'ਚ ਕਦੇ ਵੀ ਨਹੀਂ ਆਉਂਦਾ ਭਾਵ ਆਤਮਿਕ ਮੌਤ ਉਸ ਨੂੰ ਕਦੇ ਵੀ ਪੋਹ ਨਹੀਂ ਸਕਦੀ॥

**ਨ- ਨਾਮ ਕੀ ਨਾਵ ਬਨਾਈ।**
**ਕਹੇ ਰਵਿਦਾਸ ਚੜ੍ਹੋ ਰੇ ਭਾਈ।**

<u>ਪਦ ਅਰਥ</u>- ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਹੇ ਭਾਈ! ਤੂੰ (ਸਤਿਗੁਰੂ ਦੇ 'ਸ਼ਬਦ' ਰਾਹੀਂ) ਪ੍ਰਭੂ ਦੇ ਨਾਮ ਨੂੰ ਬੇੜੀ ਬਣਾ ਲੈ ਜਿਸ 'ਤੇ ਚੜ੍ਹ ਕੇ (ਸੰਸਾਰ-ਸਮੁੰਦਰ ਨੂੰ ਸਹਿਜੇ ਹੀ ਪਾਰ ਲੰਘ ਜਾਈਦਾ ਹੈ।)॥

**ਪ- ਪਾਰ ਬ੍ਰਹਮ ਪਰਮੇਸ਼ਵਰ ਸਵਾਮੀ।**
**ਸਬ ਘਟ-ਘਟ ਕੇ ਅੰਤਰਯਾਮੀ।**

(**ਪਾਰਬ੍ਰਹਮ**- ਉਹ ਬ੍ਰਹਮ ਜੋ ਪਰ੍ਹੇ ਤੋਂ ਪਰ੍ਹੇ ਹੈ। **ਪਰਮੇਸ਼ਵਰ**-ਸਭ ਤੋਂ ਵੱਡਾ ਈਸ਼ਵਰ।)

<u>ਪਦ ਅਰਥ</u>- ਉਹ ਪ੍ਰਭੂ ਜੋ ਪਰ੍ਹੇ ਤੋਂ ਪਰ੍ਹੇ ਹੈ ਤੇ ਸਭ ਤੋਂ ਵੱਡੀ ਸਮਰੱਥਾ ਦਾ ਸੁਆਮੀ ਹੈ, ਉਹੀ ਸਭਨਾਂ ਦਾ ਮਾਲਿਕ ਹੈ ਤੇ ਸਭਨਾਂ ਦੇ ਦਿਲਾਂ ਦੇ ਅੰਦਰ ਦੀ ਜਾਣਨ ਵਾਲਾ ਹੈ॥

**ਫ- ਫਿਕਰ ਕਰ ਛੋੜ ਜਗਸੰਸਾ।**
**ਜਾ ਮਿਲ ਬੈਠੇ ਅਬਿਨਾਸ਼ੀ ਪਾਸਾ।**

<u>ਪਦ ਅਰਥ</u>- ਹੇ ਭਾਈ! ਤੂੰ ਦੁਨੀਆਂ ਦੀ ਚਿੰਤਾ ਕਰਨੀ ਛੱਡ ਕੇ ਪ੍ਰਭੂ ਦੇ ਨਾਮ-ਸਿਮਰਨ ਦੀ ਚਿੰਤਾ ਕਰ। ਇਸ ਨਾਮ-ਸਿਮਰਨ ਦੇ ਸਦਕੇ ਤੂੰ ਅਵਿਨਾਸ਼ੀ-ਪ੍ਰਭੂ ਨੂੰ ਮਿਲ ਕੇ ਉਸ ਵਿੱਚ ਸਮਾ ਜਾਵੇਂਗਾ॥

**ਬ- ਬ੍ਰਹਮ ਸੋ ਬ੍ਰਹਮ ਕਾ ਵੇਤਾ।**
**ਗਗਨ ਮੰਡਲ ਮੇਂ ਰਾਖੋ ਚੇਤਾ।**

<u>ਪਦ ਅਰਥ</u>- ਬ੍ਰਹਮ ਗਿਆਨੀ ਉਹ ਜੀਵ ਹੈ ਜਿਸ ਨੇ ਪਾਰ-ਬ੍ਰਹਮ ਪਰਮੇਸ਼ਰ ਨੂੰ ਜਾਣ ਲਿਆ ਹੋਵੇ ਤੇ ਚਿੱਤ-ਆਕਾਸ਼ ਦੀ ਉੱਚੀ ਆਤਮਿਕ ਅਵਸਥਾ ਵਿੱਚ

ਟਿਕਿਆ ਹੋਇਆ ਹਰ ਵੇਲੇ ਉਸ ਨੂੰ ਯਾਦ ਰੱਖੇ॥

**ਭ- ਭ੍ਰਮ ਮਿਟੇ ਜੋ ਪੰਚਮ ਸੀਜੇ,**
**ਜਾਇ ਤ੍ਰਿਵੈਣੀ ਮਜਨ ਕੀਜੇ।**

**ਪਦ ਅਰਥ**- ਜਿਸ ਜੀਵ ਨੇ (ਸਤਿਗੁਰੂ ਦੀ ਮਿਹਰ ਨਾਲ) ਪੰਜ ਕਾਮਾਦਿਕ ਵਿਕਾਰਾਂ ਨੂੰ ਜਿੱਤ ਲਿਆ ਹੈ ਉਸ ਦੇ ਅੰਦਰੋਂ (ਮਾਇਆ ਦੀ) ਸਾਰੀ ਭਟਕਣਾ ਮਿਟ ਜਾਂਦੀ ਹੈ। ਫਿਰ ਉਹ ਤ੍ਰਿਕੁਟੀ-ਰੂਪੀ ਤ੍ਰਿਵੈਣੀ ਸੰਗਮ 'ਤੇ ਟਿਕਿਆ ਹੋਇਆ ਰੱਬੀ ਨੂਰ ਵਿੱਚ ਇਸ਼ਨਾਨ ਕਰਦਾ ਰਹਿੰਦਾ ਹੈ॥

**ਮ- ਮਨ ਕੋ ਗਗਨ ਸਮਾਓ।**
**ਕਹੇ ਰਵਿਦਾਸ ਪਰਮ ਪਦ ਪਾਓ।**

**ਪਦ ਅਰਥ**- ਸਤਿਗੁਰੂ ਰਵਿਦਾਸ ਮਹਾਰਾਜ ਜੀ ਉਚਾਰਨ ਕਰਦੇ ਹਨ ਕਿ ਜਿਹੜਾ ਜੀਵ ਆਪਣੇ ਮਨ ਨੂੰ ਆਕਾਸ਼ ਵਾਂਗ ਉੱਚੀ ਆਤਮਿਕ ਅਵਸਥਾ ਵਿੱਚ ਸਮਾ ਲੈਂਦਾ ਹੈ ਭਾਵ ਟਿਕਾ ਲੈਂਦਾ ਹੈ, ਉਹ ਸਭ ਤੋਂ ਉੱਚੇ ਆਤਮਿਕ ਦਰਜੇ (ਭਾਵ ਅਵਸਥਾ) ਨੂੰ ਪ੍ਰਾਪਤ ਕਰ ਲੈਂਦਾ ਹੈ॥

**ਯ- ਯਾਦ ਕਰੋ, ਵਾਹ ਕੇ ਗੁਣ ਗਾਓ।**
**ਪਾਰ ਬ੍ਰਹਮ ਕੇ ਦਰਸ਼ਨ ਪਾਓ।**

**ਪਦ ਅਰਥ**- ਹੇ ਭਾਈ! ਪ੍ਰਭੂ ਦਾ ਸਿਮਰਨ ਕੀਤਿਆਂ ਤੇ ਉਸ ਦੀ ਸੋਹਣੀ ਸਿਫ਼ਤਿ-ਸਾਲਾਹ ਦੇ ਗੁਣ ਗਾਇਆਂ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਹੁੰਦੇ ਹਨ॥

**ਰ- ਰਾਮ ਰਮੇ ਸੋ ਰਾਮ ਪਿਆਰਾ।**
**ਫਿਰ ਨਾ ਦੇਖਿਆ ਜਮ ਕਾ ਦਵਾਰਾ।**

**ਪਦ ਅਰਥ**- ਜਿਹੜਾ ਜੀਵ ਪ੍ਰਭੂ ਦੇ ਨਾਮ-ਸਿਮਰਨ ਵਿੱਚ ਪਤੀਜ ਜਾਂਦਾ ਹੈ ਉਹ ਪ੍ਰਭੂ ਨੂੰ ਪਿਆਰਾ ਲਗਦਾ ਹੈ। ਉਸ ਜੀਵ ਨੂੰ ਫਿਰ ਜਮਾਂ ਦਾ ਦੁਆਰ ਨਹੀਂ ਦੇਖਣਾ ਪੈਂਦਾ ਭਾਵ ਆਤਮਿਕ ਮੌਤ ਲਿਆਉਣ ਵਾਲੇ ਜਮਾਂ ਦੀ ਫ਼ਾਹੀ ਤੋਂ ਉਹ ਜੀਵ ਬਚ ਜਾਂਦਾ ਹੈ॥

**ਲ- ਲਿਵ ਲਗਾ ਲੇ ਭਾਈ।**
**ਜਮ ਕਾ ਤ੍ਰਾਸ ਨਿਕਟ ਨਾ ਆਈ।**

**ਪਦ ਅਰਥ**- ਹੇ ਭਾਈ! ਤੂੰ ਆਪਣੀ ਸੁਰਤਿ ਨੂੰ ਪ੍ਰਭੂ ਦੇ ਨਾਮ ਨਾਲ ਜੋੜ ਲੈ ਜਿਸ ਦੀ ਬਰਕਤਿ ਨਾਲ ਜਮਾਂ ਦਾ ਡਰ ਤੱਕ ਵੀ ਤੇਰੇ ਨੇੜੇ ਨਹੀਂ ਢੁਕੇਗਾ (ਭਾਵ ਮੌਤ ਦਾ ਸਹਿਮ ਤੇਰੇ ਅੰਦਰੋਂ ਮਿਟ ਜਾਵੇਗਾ।)॥

**ਵ- ਵਿਧੀਬਧ ਸਿਮਰਣ ਕੀਜੈ।**
**ਸੋਹੰ ਨਾਮ ਅਮੀ ਰਸ ਪੀਜੈ।**

**ਪਦ ਅਰਥ**- ਜਿਹੜਾ ਜੀਵ ਸਤਿਗੁਰੂ ਦੀ ਬਖ਼ਸ਼ੀ ਹੋਈ ਵਿਧੀ ਅਨੁਸਾਰ ਪ੍ਰਭੂ ਦੇ ਨਾਮ ਦਾ ਸਿਮਰਨ ਕਰਦਾ ਹੈ ਉਹ, ਮਾਨੋਂ, ਆਤਮਿਕ ਜੀਵਨ ਦੇਣ ਵਾਲਾ ਪ੍ਰਭੂ ਦਾ ਨਾਮ-ਰਸ ਹੀ ਪੀ ਰਿਹਾ ਹੁੰਦਾ ਹੈ॥

**ੜ-  ੜਾੜ ਮਿਟਿ ਜਬ ਹੁਆ ਨਬੇੜਾ।**
**ਕਹੇ ਰਵਿਦਾਸ ਕਿਆ ਅਮਰ ਘਰ ਡੇਰਾ।**

(**ੜਾੜ**- ਖਹ ਖਹ, ਹਉਮੈ ਦੀ ਚੋਭ।)

**ਪਦ ਅਰਥ**- ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਂਦੇ ਹਨ ਕਿ ਜਦੋਂ ਪ੍ਰਭੂ ਦੀ ਦਰਗਾਹ ਵਿੱਚ ਫ਼ੈਸਲਾ ਹੁੰਦਾ ਹੈ ਤਾਂ ਸਾਰੀ ਖਹ-ਖਹ ਖ਼ਤਮ ਹੋ ਜਾਂਦੀ ਹੈ, ਹਉਮੈ ਦੀ ਸਾਰੀ ਚੋਭ ਨਿਕਲ ਜਾਂਦੀ ਹੈ। ਫਿਰ ਪ੍ਰਭੂ-ਕਿਰਪਾ ਨਾਲ ਜੀਵ ਦਾ ਸਦਾ-ਥਿਰ ਰਹਿਣ ਵਾਲੇ ਘਰ ਵਿੱਚ ਵਾਸਾ ਹੋ ਜਾਂਦਾ ਹੈ ਭਾਵ ਜੀਵ ਪ੍ਰਭੂ ਵਿੱਚ ਸਮਾ ਜਾਂਦਾ ਹੈ॥

**ਸੋਹੰ ਸ਼ਬਦ ਮਨ ਕੀਆ ਬਸੇਰਾ।**
**ਮੇਟ ਦਿਯਾ ਚੌਰਾਸੀ ਕਾ ਫੇਰਾ।**

**ਪਦ ਅਰਥ**- ਜਿਸ ਜੀਵ ਦੇ ਮਨ ਵਿੱਚ ਪ੍ਰਭੂ ਦਾ 'ਸੋਹੰ' ਨਾਮ ਵਸ ਜਾਂਦਾ ਹੈ ਉਸ ਦੀਆਂ ਚੌਰਾਸੀ ਲੱਖ ਜੂਨਾਂ ਵਿੱਚ ਆਉਣ-ਜਾਣ ਦੀਆਂ ਜਗਤ-ਫੇਰੀਆਂ ਮੁੱਕ ਜਾਂਦੀਆਂ ਹਨ॥

**ਓਂਕਾਰ ਬਾਵਨ ਕਾ ਪੈਂਤੀਸ ਮੇਂ ਜਪਿਓ ਹੈ ਸਾਰ।**
**ਸਰਵ ਦੇਵ ਸੰਤਨ ਕੋ ਕਰੇਂ ਹੈਂ ਨਮਸਕਾਰ।**

(**ਬਾਵਨ**- ਲਿਖਣ ਦੇ ਆਧਾਰ 'ਤੇ ਹਿੰਦੀ ਦੇ ਬਵੰਜਾ ਅੱਖਰ ਹਨ [ਸ੍ਵਰ=Vowel=13, ਵਿਅੰਜਨ=Consonent=35, ਸੰਯੁਕਤ ਵਿਅੰਜਨ=Combined Consonent=4], **ਸਾਰ**- ਸਾਰੰਸ਼, ਸਾਰੀ ਗੱਲ, ਨਿਚੋੜ)

**ਪਦ ਅਰਥ**- ਹੇ ਭਾਈ! ਹਿੰਦੀ ਲਿਪੀ ਦੇ ਬਵੰਜਾ ਅੱਖਰੀ ਨੂੰ ਪੰਜਾਬੀ ਲਿਪੀ ਦੇ (ਉਪਰੋਕਤ-ਉੱਪਰ ਲਿਖੇ ਹੋਏ) ਪੈਂਤੀ ਅੱਖਰਾਂ ਦੇ ਰਾਹੀਂ ਇਕ-ਰਸ ਵਿਆਪਕ ਪ੍ਰਭੂ ਦੇ ਨਾਮ ਜੱਪਣ ਦੀ ਹੀ ਸਾਰੀ ਗੱਲ ਕਹੀ ਗਈ ਹੈ, ਉਸਦੇ ਨਾਮ ਜੱਪਣ ਦਾ ਹੀ ਸਾਰੰਸ਼ ਦੱਸਿਆ ਗਿਆ ਹੈ। ਸਾਰੇ ਦੇਵਤੇ ਵੀ ਪ੍ਰਭੂ ਦੇ ਨਾਮ ਜੱਪਣ ਵਾਲੇ ਸੰਤਾਂ ਨੂੰ ਹੀ ਨਮਸਕਾਰ ਕਰਦੇ ਹਨ।

**ਪੈਂਤੀਸ ਮਾਤਰਾ ਪ੍ਰੇਮ ਸੇ ਸਿਮਰੇਂ ਹੈਂ ਨਿਜ ਦਾਸ।**
**ਜਿਨ ਸਿਮਰਿਓ ਸੋ ਮੁਕਤ ਹੈਂ ਕਹੇ ਸਦ ਰਵਿਦਾਸ।**

(**ਸਦ** - ਹਾਕ, ਹੋਕਾ, ਪੁਕਾਰ।)

**ਪਦ ਅਰਥ**- ਸਤਿਗੁਰੂ ਰਵਿਦਾਸ ਮਹਾਰਾਜ ਜੀ ਜ਼ੋਰ ਦੇ ਕੇ ਕਹਿੰਦੇ ਹਨ ਕਿ ਜੋ ਜੀਵ ਪ੍ਰਭੂ ਦਾ ਦਾਸ ਬਣ ਕੇ ਪ੍ਰੇਮ ਸਹਿਤ ਪੈਂਤੀਸ ਮਾਤਰਾ ਅੱਖਰਾਂ ਦਾ ਪਾਠ ਕਰਦਾ ਹੈ ਉਹ (ਮਾਇਆ ਦੇ ਸਾਰੇ ਬੰਧਨਾਂ ਤੋਂ) ਮੁਕਤ ਹੋ ਜਾਂਦਾ ਹੈ॥

**ਓਂਕਾਰ ਪੈਂਤੀਸ ਮਾਤਰਾ ਪ੍ਰੇਮ ਸੇ ਨਿਸਵਾਸਰ ਕਰ ਜਾਪ।**
**ਰਵਿਦਾਸ ਕਹੇ ਜੋ ਸਿਮਰਤੇ, ਮਿਟ ਗਏ ਤੀਨੋਂ ਤਾਪ।**

**ਪਦ ਅਰਥ**- ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਂਦੇ ਹਨ ਕਿ ਜਿਹੜਾ ਜੀਵ ਇਕ-ਰਸ ਵਿਆਪਕ ਪ੍ਰਭੂ ਦਾ ਦਿਨ-ਰਾਤ ਸਿਮਰਨ ਕਰਦਾ ਰਹਿੰਦਾ ਹੈ ਅਤੇ

ਪੈਂਤੀਸ ਮਾਤਰਾ ਦਾ ਪ੍ਰੇਮ ਸਹਿਤ ਜਾਪ ਵੀ ਕਰਦਾ ਹੈ ਤਾਂ ਉਸ ਦੇ ਤਿਨੋਂ ਤਾਪ (ਆਧ, ਵਿਆਧ ਤੇ ਉਪਾਧ) ਸਦਾ ਲਈ ਖ਼ਤਮ ਹੋ ਜਾਂਦੇ ਹਨ॥

**ਓਂਕਾਰ ਪੈਂਤੀ ਮਾਤਰਾ ਪ੍ਰੇਮ ਸੇ ਸਿਮਰਣ ਕੀਓ ਮਨ ਵੈਰਾਗ।**
**ਰਵਿਦਾਸ ਕਹੇ ਜੋ ਸਿਮਰਤੇ, ਤਿਨ ਕੇ ਪੂਰਣ ਭਾਗ।**

**ਪਦ ਅਰਥ**- ਸਤਿਗੁਰੂ ਰਵਿਦਾਸ ਮਹਾਰਾਜ ਜੀ ਉਚਾਰਨ ਕਰਦੇ ਹਨ ਕਿ ਜਿਹੜਾ ਜੀਵ ਇਕ-ਰਸ ਵਿਆਪਕ ਪ੍ਰਭੂ ਦਾ ਸਿਮਰਨ ਕਰਦਾ ਰਹਿੰਦਾ ਹੈ ਤੇ ਪੈਂਤੀਸ ਮਾਤਰਾ ਦਾ ਪਾਠ ਵੀ ਪ੍ਰੇਮ ਸਹਿਤ ਕਰਦਾ ਹੈ ਤਾਂ ਉਸ ਦਾ ਮਨ ( ਮਾਇਆ ਦੇ ਮੋਹ) ਤੋਂ ਨਿਰਲੇਪ ਹੋ ਜਾਂਦਾ ਹੈ ਤੇ ਉਹ ਸ੍ਰੇਸ਼ਟ ਭਾਗਾਂ ਵਾਲਾ ਹੋ ਜਾਂਦਾ ਹੈ॥

**ਪੈਂਤੀਸ ਮਾਤਰਾ ਪ੍ਰੇਮ ਸੇ ਸਿਮਰਤੇ ਰਵਿ ਪ੍ਰਕਾਸ।**
**ਰਵਿਦਾਸ ਕਹੇ ਜੋ ਸਿਮਰਤੇ, ਮਿਟ ਗਏ ਜਮ ਕੇ ਤ੍ਰਾਸ।**

**ਪਦ ਅਰਥ**- ਸਤਿਗੁਰੂ ਰਵਿਦਾਸ ਮਹਾਰਾਜ ਜੀ ਉਚਾਰਨ ਕਰਦੇ ਹਨ ਕਿ ਜਿਹੜਾ ਜੀਵ ਹਰ ਵੇਲੇ ਪ੍ਰਭੂ ਦਾ ਨਾਮ ਸਿਮਰਦਾ ਰਹਿੰਦਾ ਹੈ ਤੇ ਪ੍ਰੇਮ ਸਹਿਤ ਪੈਂਤੀਸ ਮਾਤਰਾ ਦਾ ਪਾਠ ਵੀ ਕਰਦਾ ਹੈ ਤਾਂ ਸੂਰਜ ਦੇ ਪ੍ਰਕਾਸ਼ ਵਾਂਗ ਉਸਦੇ ਅੰਦਰ ਵੀ ਰੱਬੀ ਨੂਰ ਦਾ ਚਾਨਣਾ ਹੋ ਜਾਂਦਾ ਹੈ (ਭਾਵ ਉਸ ਅੰਦਰ ਆਤਮਿਕ ਗਿਆਨ ਦੀ ਸੂਝ ਉਘੜ ਪੈਂਦੀ ਹੈ) ਤੇ ਜਿਸ ਦੀ ਬਰਕਤਿ ਨਾਲ ਉਸ ਅੰਦਰੋਂ ਜਮਾਂ ਦਾ ਡਰ ਸਦਾ ਲਈ ਖ਼ਤਮ ਹੋ ਜਾਂਦਾ ਹੈ (ਭਾਵ ਆਤਮਿਕ ਮੌਤ ਦਾ ਸਹਿਮ ਸਦਾ ਲਈ ਮੁੱਕ ਜਾਂਦਾ ਹੈ।)॥

**ਰਵਿਦਾਸ ਸਿਮਰਤ ਰਮਤੇ ਰਾਮ ਮੇਂ, ਸਤਿ ਸ਼ਬਦ ਪ੍ਰਤੀਤ।**
**ਅਮਰ ਲੋਕ ਜਾਏ ਬਸਿਓ, ਕਾਲ ਕਸ਼ਟ ਕੋ ਜੀਤ।**

(**ਰਮਤੇ**- ਪਤੀਜ ਜਾਣਾ। **ਸਤਿ**- ਸਦਾ ਥਿਰ ਰਹਿਣ ਵਾਲਾ। **ਪ੍ਰਤੀਤ**- ਯਕੀਨ। **ਕਾਲ ਕਸ਼ਟ**- ਮੌਤ ਸਮੇਂ ਹੋਣ ਵਾਲਾ ਦੁੱਖ।)

**ਪਦ ਅਰਥ**- ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਜੋ ਜੀਵ ਪ੍ਰਭੂ ਦਾ ਨਾਮ ਸਿਮਰਦਾ ਹੈ ਉਹ ਪ੍ਰਭੂ ਵਿੱਚ ਪਤੀਜ ਜਾਂਦਾ ਹੈ। ਉਸ ਨੂੰ ਸਦਾ-ਥਿਰ ਰਹਿਣ ਵਾਲੇ 'ਸ਼ਬਦ-ਰੂਪ' ਪ੍ਰਭੂ 'ਤੇ ਯਕੀਨ ਬੱਝ ਜਾਂਦਾ ਹੈ, ਜਿਸ ਦੀ ਬਰਕਤਿ ਨਾਲ ਉਹ ਮੌਤ ਦੇ ਕਸ਼ਟਾਂ ਨੂੰ ਜਿੱਤ ਲੈਂਦਾ ਹੈ ਅਤੇ ਅਮਰ ਲੋਕ ਦਾ ਵਾਸੀ ਹੋ ਜਾਂਦਾ ਹੈ ਭਾਵ ਪ੍ਰਭੂ ਨਾਲ ਇਕ-ਰੂਪ ਹੋ ਜਾਂਦਾ ਹੈ॥

**ਓਂਕਾਰ ਸਪਤ ਸਲੋਕੀ ਮਾਤਰਾ, ਸਤਿ ਕੀਓ ਜਗਦੀਸ਼।**
**ਅਮਰ ਲੋਕ ਵਾਸਾ ਕੀਆ, ਕਾਲ ਨਮਾਵੇਂ ਸ਼ੀਸ਼।**

**ਪਦ ਅਰਥ**- ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਜੋ ਜੀਵ ਇਕ-ਰਸ ਵਿਆਪਕ ਪ੍ਰਭੂ ਨੂੰ ਸਦਾ-ਥਿਰ ਰਹਿਣ ਵਾਲਾ ਈਸ਼ਵਰ ਜਾਣ ਕੇ 'ਸਪਤ ਸਲੋਕੀ' ਮਾਤਰਾ ਦਾ ਪਾਠ ਕਰਦਾ ਹੈ (ਭਾਵ ਪ੍ਰਭੂ ਦੀ ਸਿਫ਼ਤਿ-ਸਾਲਾਹ ਹਰ ਵੇਲੇ ਗਾਉਂਦਾ ਰਹਿੰਦਾ ਹੈ) ਤਾਂ ਉਹ ਅਮਰ ਲੋਕ ਦਾ ਵਾਸੀ ਹੋ ਜਾਂਦਾ ਹੈ ਤੇ ਕਾਲ ਵੀ ਉਸ ਅੱਗੇ (ਅਦਬ ਨਾਲ) ਸ਼ੀਸ ਨਿਵਾਉਂਦਾ ਹੈ॥

**॥ ਬਾਣੀ ਹਫ਼ਤਾਵਾਰ ॥**

**ਸੋਹੰ ਸਤਿਨਾਮ ਧਿਆਓ ॥ ਐਤਵਾਰ ਅੰਮ੍ਰਿਤ ਦਾ ਭਰਿਆ ਬੋਲੇ ਅੰਮ੍ਰਿਤ ਬੈਨ ॥ ਗੁਰ ਦਾ ਸ਼ਬਦ ਜਪੋ ਦਿਨ ਰਾਤੀ ਤਾ ਆਵੇ ਸੁਖ ਚੈਨ ॥ ਐਤਵਾਰ ਵੀ ਸਫਲ ਹੈ ਹਰਿ ਕਾ ਸਿਮਰਨ ਸਾਰ ॥ ਰਵਿਦਾਸ ਜੋ ਨਾਮ ਉਚਾਰਿਏ ਪਾਇਆ ਮੋਖ ਦੁਆਰ ॥ ੧ ॥ ਟੇਕ ॥**

ਨੋਟ : 'ਬਾਣੀ ਹਫ਼ਤਾਵਾਰ' ਦੇ ਸਾਰੇ ਸ਼ਬਦਾਂ ਨੂੰ ਰਾਗੁ ਗਉੜੀ ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਹੇ ਭਾਈ! ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੇ ਨਾਮ ਦਾ ਉਹ ਸਿਮਰਨ ਕਰੋ ਜਿਸ ਦੀ ਬਰਕਤਿ ਨਾਲ ਜੀਵ ਪ੍ਰਭੂ ਨਾਲ ਇਕ-ਰੂਪ ਹੋ ਜਾਏ। ਅੰਮ੍ਰਿਤਮਈ ਬੋਲ ਬੋਲਿਆਂ ਜੀਵ ਨੂੰ ਐਤਵਾਰ ਭਾਵ ਹਰ ਵਾਰ-ਹਰ ਵੇਲਾ ਆਤਮਿਕ ਜੀਵਨ ਦੇਣ ਵਾਲੇ ਨਾਮ-ਰਸ ਨਾਲ ਭਰਿਆ ਹੋਇਆ ਪ੍ਰਤੀਤ ਹੁੰਦਾ ਹੈ। ਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ ਦਾ ਦਿਨ-ਰਾਤ ਸਿਮਰਨ ਕੀਤਿਆਂ ਜੀਵ ਨੂੰ ਸਦੀਵੀ ਆਤਮਿਕ ਆਨੰਦ ਮਿਲਦਾ ਹੈ। ਐਤਵਾਰ ਭਾਵ ਹਰ ਵਾਰ-ਹਰ ਵੇਲਾ ਉਨ੍ਹਾਂ ਜੀਵਾਂ ਦਾ ਹੀ ਸਫ਼ਲ ਹੈ ਜਿਹੜੇ ਪ੍ਰਭੂ ਦੇ ਨਾਮ-ਸਿਮਰਨ ਨੂੰ ਆਪਣੇ ਹਿਰਦੇ ਵਿੱਚ ਹਮੇਸ਼ਾ ਵਸਾਈ ਰੱਖਦੇ ਹਨ। ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਪ੍ਰਭੂ ਦੇ 'ਸੋਹੰ ਸਤਿਨਾਮ' ਦੇ ਸ਼ਬਦ ਦਾ ਸਿਮਰਨ ਕੀਤਿਆਂ ਜੀਵ ਨੂੰ ਮੁਕਤੀ ਦਾ ਦਰਵਾਜ਼ਾ ਲੱਭ ਪੈਂਦਾ ਹੈ, ਵਿਕਾਰਾਂ ਤੋਂ ਖਾਲਾਸੀ ਪਾਉਣ ਦਾ ਰਾਹ ਲੱਭ ਪੈਂਦਾ ਹੈ॥

**ਸੋਮਵਾਰ ਸਭ ਠੋਰ ਮੇਂ ਜਲੇ ਥਲੇ ਭਗਵਾਨ ॥ ਮਹਿਮਾ ਪ੍ਰਭੂ ਗਾਈਏ ਤਬ ਹੋਵੇ ਕਲਿਆਣ ॥ ਗੋਬਿੰਦ ਗੋਬਿੰਦ ਜਾਪ ਸੇ ਆਵੈ ਸਦਾ ਅਨੰਦ ॥ ਸੋਮਵਾਰ ਸੁਖ ਦਾ ਜਪੋ ਜਪੋ ਰਵਿਦਾਸ ਮੁਕੰਦ ॥ ੨ ॥ ਟੇਕ ॥**

**ਪਦ ਅਰਥ**- ਸੋਮਵਾਰ ਰਾਹੀਂ ਸਤਿਗੁਰੂ ਮਹਾਰਾਜ ਜੀ ਉਪਦੇਸ਼ ਕਰਦੇ ਹਨ ਕਿ ਪ੍ਰਭੂ ਸ੍ਰਿਸ਼ਟੀ ਦੇ ਜਲ, ਥਲ ਤੇ ਹਰ ਥਾਂ 'ਤੇ ਵਿਆਪਕ ਹੈ। ਉਸ ਦੀ ਮਹਿਮਾ ਦਾ ਗੁਣਗਾਨ ਕੀਤਿਆਂ ਜੀਵ ਦਾ ਉੱਧਾਰ ਹੋ ਜਾਂਦਾ ਹੈ। ਦਿਲਾਂ ਦੇ ਜਾਨਣਹਾਰ-ਪ੍ਰਭੂ ਦਾ ਵਾਰ-ਵਾਰ ਨਾਮ ਜੱਪਿਆਂ ਮਨ ਨੂੰ ਹਮੇਸ਼ਾ ਆਤਮਿਕ ਆਨੰਦ ਮਿਲਦਾ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਮੁਕਤੀ ਦੇ ਦਾਤਾ-ਪ੍ਰਭੂ ਦਾ ਵਾਰ-ਵਾਰ ਨਾਮ ਜੱਪਦੇ ਰਹਿਣ ਨਾਲ ਜੀਵ ਦਾ ਸੋਮਵਾਰ ਭਾਵ ਹਰ ਵਾਰ-ਹਰ ਵੇਲਾ ਆਨੰਦਮਈ ਤੇ ਸੁਹੇਲਾ ਹੋ ਜਾਂਦਾ ਹੈ॥

**ਮੰਗਲਵਾਰ ਆਵੈ ਸਦਾ ਹੋਵੇ ਮੰਗਲਾਚਾਰ ॥ ਰਲਮਿਲ ਸਖੀਆਂ ਸਿਮਰਲੋ ਹਰਿ ਹਰਿ ਨਾਮ ਅਧਾਰ ॥ ਪ੍ਰੀਤਮ ਚਰਨੀ ਲਾਗਿਆ ਕਭੀ ਨਾ ਆਵੈ ਹਾਰ ॥ ਮੰਗਲਵਾਰ ਸੁਲਖਣਾ ਕਹਿ ਰਵਿਦਾਸ ਬਿਚਾਰ ॥ ੩ ॥ ਟੇਕ ॥**

**ਪਦ ਅਰਥ**- ਮੰਗਲਵਾਰ ਰਾਹੀਂ ਸਤਿਗੁਰੂ ਮਹਾਰਾਜ ਜੀ ਸਮਝਾਉਂਦੇ ਹਨ ਕਿ

ਮੰਗਲਵਾਰ ਭਾਵ ਹਰ ਵਾਰ-ਹਰ ਵੇਲੇ ਪ੍ਰਭੂ ਨੂੰ ਧਿਆਇਆਂ ਜੀਵ ਅੰਦਰ ਹਮੇਸ਼ਾ ਆਤਮਿਕ ਖੜਾਉ-ਹੀ-ਖੜਾਉ ਬਣਿਆ ਰਹਿੰਦਾ ਹੈ। ਹੇ ਮੇਰੀ ਇੰਦ੍ਰੀਆਂ-ਰੂਪੀ ਸਖੀ ਸਹੇਲੀਓ! ਤੁਸੀਂ ਇਕੱਠੀਆਂ ਹੋ ਕੇ ਉਸ 'ਹਰਿ-ਪ੍ਰਭੂ' ਦੇ ਨਾਮ ਨੂੰ ਸਿਮਰੋ ਜਿਹੜਾ ਕਿ ਸਭਨਾਂ ਦੀ ਜ਼ਿੰਦ ਦਾ ਆਸਰਾ ਹੈ। ਉਸ ਪ੍ਰਭੂ-ਪ੍ਰੀਤਮ ਦੇ ਚਰਨਾਂ ਦੀ ਟੇਕ ਲਿਆਂ ਜੀਵ ਦੀ ਕਦੇ ਵੀ ਹਾਰ ਨਹੀਂ ਹੁੰਦੀ। ਗੁਰੂ ਰਵਿਦਾਸ ਮਹਾਰਾਜ ਜੀ ਇਹ ਵਿਚਾਰ ਦੀ ਗੱਲ ਦੱਸਦੇ ਹਨ ਕਿ ਪ੍ਰਭੂ ਦਾ ਨਾਮ ਸਿਮਰਨ ਕੀਤਿਆਂ ਜੀਵ ਲਈ ਮੰਗਲਵਾਰ ਭਾਵ ਹਰ ਵਾਰ-ਹਰ ਵੇਲਾ ਸੋਹਣੇ ਭਾਗਾਂ ਵਾਲਾ ਬਣ ਜਾਂਦਾ ਹੈ॥

**ਬੁਧਵਾਰ ਬੋਧ ਸਦਾ ਹੋਵੈ ਗਿਆਨ ਪ੍ਰਕਾਸ਼॥ ਗੁਰੂ ਪ੍ਰੇਮ ਪੂਰੇ ਜੋ ਮਿਲੈ ਟੂਟੇ ਜਮ ਕੀ ਫਾਸ॥ ਅੰਤ ਸਹਾਈ ਪ੍ਰਭੂ ਭਏ ਕਰਮ ਕਮਾਇ ਸੋਇ॥ ਬੁਧਵਾਰ ਬੁਧ ਸਫਲ ਹੈ ਰਵਿਦਾਸ ਜੋ ਭਗਤ ਹੋਇ॥ ੪॥ ਟੇਕ॥**

**ਪਦ ਅਰਥ**- ਬੁੱਧਵਾਰ ਰਾਹੀਂ ਸਤਿਗੁਰੂ ਮਹਾਰਾਜ ਜੀ ਸਮਝਾਉਂਦੇ ਹਨ ਕਿ ਪ੍ਰਭੂ ਦਾ ਨਾਮ ਸਿਮਰਿਆਂ ਜੀਵ ਨੂੰ ਪ੍ਰਭੂ ਦਾ ਬੋਧ ਹੋ ਜਾਂਦਾ ਹੈ, ਪ੍ਰਭੂ ਨਾਲ ਜਾਣ-ਪਛਾਣ ਪੈ ਜਾਂਦੀ ਹੈ ਤੇ ਜਿਸ ਦੀ ਬਰਕਤਿ ਨਾਲ ਜੀਵ ਅੰਦਰ ਆਤਮਿਕ ਗਿਆਨ ਦਾ ਚਾਨਣਾ ਹੋ ਜਾਂਦਾ ਹੈ ਭਾਵ ਆਤਮਿਕ ਜੀਵਨ ਜੀਊਣ ਦੀ ਸੋਝੀ ਉੱਘੜ ਪੈਂਦੀ ਹੈ। ਪੂਰਨ ਤੇ ਸਮਰੱਥ ਗੁਰੂ ਨਾਲ ਪ੍ਰੇਮ ਪਾਇਆਂ ਮੌਤ ਲਿਆਉਣ ਵਾਲੇ ਜਮਾਂ ਦੀ ਫ਼ਾਹੀ ਟੁੱਟ ਜਾਂਦੀ ਹੈ। ਜੋ ਵੀ ਜੀਵ ਪ੍ਰਭੂ ਦੇ ਨਾਮ-ਸਿਮਰਨ ਦੀ ਘਾਲ-ਕਮਾਈ ਕਰਦਾ ਹੈ, ਪ੍ਰਭੂ ਉਸ ਦੇ ਅੰਤ ਸਮੇਂ ਲਈ ਉਸ ਦਾ ਸਹਾਈ ਬਣ ਜਾਂਦਾ ਹੈ। ਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਂਦੇ ਹਨ ਕਿ ਉਸ ਜੀਵ ਦਾ ਹੀ ਬੁੱਧਿ-ਵਿਵੇਕ ਸਫ਼ਲ ਹੈ ਜੋ ਪ੍ਰਭੂ ਦਾ ਭਗਤ ਬਣ ਕੇ ਪ੍ਰਭੂ ਨੂੰ ਸਿਮਰਦਾ ਹੈ॥

**ਵੀਰਵਾਰ ਵਿਦਿਆ ਬੜੈ ਪੁਨ ਪੁਨਾ ਅਭਿਆਸ॥ ਸਤਿਗੁਰ ਪੂਰੇ ਮਿਲਨ ਸੇ ਹੋਵੇ ਆਤਮ ਪ੍ਰਕਾਸ਼॥ ਗੁਰੂ ਗਿਆਨ ਕਾ ਮੂਲ ਹੈ ਧਰਮ ਮੂਲ ਕਾ ਹਿਤਕਾਰ॥ ਵੀਰਵਾਰ ਬਿਚਾਰੀਏ ਨਸੈ ਪਾਪ ਹਜਾਰ॥ ੫॥ ਟੇਕ॥**

**ਪਦ ਅਰਥ**- ਵੀਰਵਾਰ ਰਾਹੀਂ ਸਤਿਗੁਰੂ ਮਹਾਰਾਜ ਜੀ ਫ਼ਰਮਾਂਦੇ ਹਨ ਕਿ ਪ੍ਰਭੂ ਦੇ ਸਿਮਰਨ ਦਾ ਵਾਰ-ਵਾਰ ਅਭਿਆਸ ਕੀਤਿਆਂ ਜੀਵ ਦੇ ਆਤਮਿਕ ਗਿਆਨ ਵਿੱਚ ਵਾਧਾ ਹੁੰਦਾ ਹੈ। ਪੂਰਨ ਸਤਿਗੁਰੂ ਦੇ ਮਿਲਾਪ ਨਾਲ ਜੀਵ ਦੇ ਅੰਤਰ-ਆਤਮੇ ਆਤਮਿਕ ਗਿਆਨ ਦਾ ਚਾਨਣਾ ਹੋ ਜਾਂਦਾ ਹੈ ਭਾਵ ਜੀਵ ਨੂੰ ਆਤਮਿਕ ਜੀਵਨ ਜੀਊਣ ਦੀ ਸੂਝ ਆ ਜਾਂਦੀ ਹੈ। ਹੇ ਭਾਈ! ਗੁਰੂ ਜੀਵ ਲਈ ਆਤਮਿਕ ਜੀਵਨ ਦੀ ਸੂਝ ਦੇਣ ਵਾਲਾ ਸਰੋਤ ਹੈ, ਮੁੱਢ ਹੈ ਤੇ ਧਰਮ ਦਾ ਮੁੱਢ (ਮੂਲ) ਦਇਆ ਹੈ। ਵੀਰਵਾਰ ਭਾਵ ਹਰ ਵਾਰ-ਹਰ ਵੇਲੇ ਪ੍ਰਭੂ ਦੇ ਨਾਮ ਦੀ ਵਿਚਾਰ ਕਰਨ ਨਾਲ ਤੇ ਪ੍ਰਭੂ ਦਾ ਸਿਮਰਨ ਕਰਨ ਨਾਲ ਹਜ਼ਾਰਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ॥

**ਸ਼ੁਕਰਵਾਰ ਸੁਹਾਵਣਾ ਛਿਨ ਛਿਨ ਭਜੈ ਕਰਤਾਰ॥ ਵਿਛੈ ਬਾਸ਼ਨਾ ਝੂਠੀਆਂ ਦੇਵੈ ਨਰਕਾਂ ਡਾਰ॥ ਗਤਿ ਕਰਮਾਂ ਅਨੁਸਾਰ ਹੈ ਜੈਸਾ ਜੈਸਾ ਹੋਵੇ॥ ਸ਼ੁਕਰਵਾਰ ਸੁਹਾਵਣਾ ਰਵਿਦਾਸ ਨਾਮ ਜਪੇਵੈ॥ ੬॥ ਟੇਕ॥**

**ਪਦ ਅਰਥ**- ਸਤਿਗੁਰੂ ਮਹਾਰਾਜ ਜੀ ਉਪਦੇਸ਼ ਕਰਦੇ ਹਨ ਕਿ ਪ੍ਰਭੂ ਦਾ ਸੁਆਸ-ਸੁਆਸ ਸਿਮਰਨ ਕੀਤਿਆਂ ਸ਼ੁੱਕਰਵਾਰ ਭਾਵ ਹਰ ਵਾਰ-ਹਰ ਵੇਲਾ ਸੁੱਖਦਾਈ ਬਣ ਜਾਂਦਾ ਹੈ। ਪ੍ਰਭੂ ਦੇ ਨਾਮ ਤੋਂ ਬਿਨਾਂ ਇੰਦਰੀਆਂ ਦੇ ਭੋਗਾਂ ਦੇ ਸੁਆਦ ਸਭ ਝੂਠੇ ਹਨ ਤੇ ਜੀਵ ਨੂੰ ਘੋਰ ਨਰਕਾਂ ਵਿੱਚ ਸੁੱਟਦੇ ਹਨ। ਜੀਵ ਜਿਹੋ ਜਿਹੇ ਕਰਮ ਕਰਦਾ ਹੈ ਤਿਹੋ ਜਿਹਾ ਉਸ ਦਾ ਜੀਵਨ ਉਸਰਦਾ ਹੈ ਭਾਵ ਤਿਹੋ ਜਿਹੀ ਉਸ ਦੀ ਆਤਮਿਕ ਅਵਸਥਾ ਬਣਦੀ ਹੈ। ਸਤਿਗੁਰੂ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਪ੍ਰਭੂ ਦਾ ਨਾਮ-ਸਿਮਰਨ ਕੀਤਿਆਂ ਸ਼ੁੱਕਰਵਾਰ ਭਾਵ ਹਰ ਵਾਰ-ਹਰ ਵੇਲਾ ਸੁੱਖਦਾਈ ਤੇ ਸੋਹਣੇ ਭਾਗਾਂ ਵਾਲਾ ਬਣ ਜਾਂਦਾ ਹੈ॥

**ਸ਼ਨੀਵਾਰ ਭਜਨ ਸ਼੍ਰਿਸ਼ਟ ਸਤ ਸਤ ਸਭ ਵਾਰ॥ ਸ਼ੁਭ ਕਰਮਾਂ ਸੇ ਸਫਲ ਹੈ ਆਵਣ ਜਾਣ ਸੰਸਾਰ॥ ਬਿਨ ਭਜਨ ਬਿਰਥਾ ਸਭ ਜਾਨਤੇ ਜੋ ਜੋ ਆਵਤਵਾਰ॥ ਬਾਰਮ ਬਾਰ ਹਰਿ ਸਿਮਰੀਏ ਕਹਿ ਰਵਿਦਾਸ ਬਿਚਾਰ॥ ੭॥ ਟੇਕ॥**

**ਪਦ ਅਰਥ**- ਸ਼ਨੀਵਾਰ ਰਾਹੀਂ ਸਤਿਗੁਰੂ ਮਹਾਰਾਜ ਜੀ ਸਮਝਾਉਂਦੇ ਹਨ ਕਿ ਪ੍ਰਭੂ ਦਾ ਹਰ ਵੇਲੇ ਸਿਮਰਨ ਕਰਨ ਨਾਲ ਸੱਤ ਦੇ ਸੱਤ ਦਿਨ ਹੀ ਬੜੇ ਸ਼ੁੱਭ ਲਗਦੇ ਹਨ। ਨੇਕ ਤੇ ਪੁੰਨ ਕਰਮ ਕਰਨ ਨਾਲ ਜੀਵ ਦਾ ਸੰਸਾਰ ਵਿੱਚ ਆਉਣਾ-ਜਾਣਾ ਭਾਵ ਜੰਮਣਾ-ਮਰਨਾ ਸਫ਼ਲ ਹੋ ਜਾਂਦਾ ਹੈ। ਪ੍ਰਭੂ ਦੇ ਭਜਨ ਤੋਂ ਬਿਨਾਂ ਜਿਹੜਾ-ਜਿਹੜਾ ਵੀ ਦਿਨ ਆਉਂਦਾ-ਜਾਂਦਾ ਹੈ ਉਸ ਨੂੰ ਬੇ-ਅਰਥ ਹੀ ਸਮਝਣਾ ਚਾਹੀਦਾ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਵਿਚਾਰ ਕੇ ਫ਼ਰਮਾਉਂਦੇ ਹਨ ਕਿ ਜੀਵਨ ਸਫ਼ਲ ਕਰਨ ਲਈ ਜੀਵ ਨੂੰ ਪ੍ਰਭੂ ਦਾ ਵਾਰ-ਵਾਰ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ॥

* * * * *

## ॥ ਬਾਣੀ ਪੰਦਰਾ ਤਿਥੀ ॥

**ਸੋਹੰ ਸਤਿਨਾਮ ਧਿਆਓ ॥ ਅਮਾਵਸ ਜੋ ਹੈ ਭਾਖਿਆ ਜਾਨੋ ਮੀਤ ॥ ਸ੍ਰਿਸਟ ਮੁਨੀ ਸਭ ਗਾਵਦੇ ਗੀਤ ॥ ਅਮਾਵਸ ਹੈ ਛੂਤ ਸਦਾ ਬਸੈ ਹੈ ਜਗ ਜੀਤ ॥ ਬਿਰਲੈ ਬਿਰਲੈ ਪੀਵਗੇ ਸੋਹੰ ਰਸ ਸੁਰਜੀਤ ॥ ੧ ॥ ਭਗਤਾ ਸੇਤੀ ਗੋਸ਼ਟੀ ਜਾਇ ਸਭੀ ਬਿਹਾਇ ॥ ਆਉਨਾ ਉਸਕਾ ਸਫਲ ਹੈ ਜੋ ਜਾਤੇ ਲਾਭ ਉਠਾਇ ॥ ਅਮਾਵਸ ਹੈ ਜੋ ਆਉਂਦਿਆਂ ਆਵਨ ਜਾਵਨ ਰੀਤ ॥ ਕਹਿ ਰਵਿਦਾਸ ਵਿਚਾਰਕੇ ਰਾਖੋ ਹਰਿ ਸੇ ਪ੍ਰੀਤ ॥ ੨ ॥ ੧ ॥ ਟੇਕ ॥**

**ਸ਼ਬਦ ਅਰਥ** : **ਸੋਹੰ**- ਜੋ ਉਹ ਹੈ ਉਹ ਮੈਂ ਹਾਂ, ਭਾਵ ਜੋ ਪਰਮਾਤਮਾ ਹੈ ਉਹੀ ਜੀਵਾਤਮਾ ਹੈ। **ਸੋਹੰ ਧਿਆਓ**- ਉਹ ਸਿਮਰਨ ਕਰੋ ਜਿਸ ਦੀ ਬਰਕਤਿ ਨਾਲ ਜੀਵ ਪ੍ਰਭੂ ਨਾਲ ਇਕ-ਰੂਪ ਹੋ ਜਾਏ। **ਸਤਿਨਾਮ**- ਸਤਿ ਦਾ ਸੰਸਕ੍ਰਿਤ ਸਰੂਪ 'ਸਤਯ' ਹੈ ਜਿਸ ਦਾ ਅਰਥ ਹੈ 'ਹੋਂਦ ਵਾਲਾ' ਸੋ ਸਤਿਨਾਮ ਦਾ ਅਰਥ ਹੋਇਆ 'ਜਿਸ ਦਾ ਨਾਮ ਹੈ ਹੋਂਦ ਵਾਲਾ' ਭਾਵ ਜਿਸ ਦੀ ਆਪਣੀ ਸੱਤਾ, ਵਜੂਦ ਜਾਂ ਹਸਤੀ ਹੈ ਤੇ ਜੋ ਹਮੇਸ਼ਾ ਸਥਿਰ ਰਹਿੰਦਾ ਹੈ ਤੇ ਜਿਸ ਵਿੱਚ ਕੋਈ ਪਰਿਵਰਤਨ ਨਹੀਂ ਹੁੰਦਾ। **ਸਤਿਨਾਮ ਧਿਆਓ**- ਸਦਾ ਥਿਰ ਰਹਿਣ ਵਾਲੇ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ। **ਅਮਾਵਸ**- ਮੱਸਿਆ, ਹਨ੍ਹੇਰੇ ਪੱਖ ਦੀ ਰਾਤ, ਅਗਿਆਨਤਾ ਦਾ ਭਾਵ। **ਭਾਖਿਆ**- ਉਚਾਰਨ ਕੀਤਾ। **ਜਾਨੋਂ**- ਸਮਝੋ, ਪੜਤਾਲਣਾ ਕਰੋ। **ਛੂਤ**- ਭਿੱਟ, ਰੋਗ ਦੀ ਲਾਗ। **ਸੁਰਜੀਤ**- ਸਦਾ ਜਿਉਂਦਾ ਰਹਿਣਾ ਵਾਲਾ, ਅਟੱਲ ਜੀਵਨ ਵਾਲਾ। **ਗੋਸ਼ਟੀ**- ਚਰਚਾ, ਵਾਰਤਾਲਾਪ। **ਬਿਹਾਇ**- ਪਿੱਛਾ ਛੱਡਣਾ, ਤਿਆਗਣਾ। **ਲਾਭ ਉਠਾਇ**- ਖੱਟੀ ਖੱਟਣਾ। **ਰੀਤ**- ਸੁਭਾਉ, ਜੁਗਤੀ।

**ਨੋਟ** : 'ਬਾਣੀ ਪੰਦਰਾਂ ਤਿਥੀ' ਦੇ ਸਾਰੇ ਰਾਗਾਂ ਨੂੰ 'ਰਾਗੁ ਗਾਉੜੀ' ਵਿੱਚ ਗਾਇਆ ਜਾ ਸਕਦਾ ਹੈ।

**ਨੋਟ** : ਪੁਰਾਤਨ ਕਾਲ (ਬਿਕ੍ਰਮੀ ਕਾਲ) ਤੋਂ ਹੀ ਭਾਰਤ ਵਿੱਚ ਸੂਰਜ ਤੇ ਚੰਦਰਮਾ ਦੋਹਾਂ ਨੂੰ ਆਧਾਰ ਮੰਨ ਕੇ ਸਾਲ ਦੇ ਮਹੀਨਿਆਂ ਤੇ ਦਿਨਾਂ ਦੀ ਗਿਣਤੀ ਕੀਤੀ ਜਾਂਦੀ ਰਹੀ ਹੈ। ਹਿੰਦੂ ਮੱਤ ਅਨੁਸਾਰ ਇਕ ਸਾਲ ਨੂੰ 12 'ਰਾਸਾਂ' ਵਿੱਚ ਵੰਡਿਆ ਗਿਆ ਹੈ। ਸਾਲ ਵਿੱਚ ਸੂਰਜ ਇਨ੍ਹਾਂ 12 'ਰਾਸਾਂ' ਵਿੱਚੋਂ ਲੰਘਦਾ ਹੈ। ਜਦੋਂ ਉਹ ਇਕ 'ਰਾਸ' ਤੋਂ ਦੂਜੀ 'ਰਾਸ' ਵਿੱਚ ਦਾਖਲ ਹੁੰਦਾ ਹੈ ਤਾਂ ਨਵਾਂ ਮਹੀਨਾ ਸ਼ੁਰੂ ਹੁੰਦਾ ਹੈ। ਇਸ ਨਵੇਂ ਮਹੀਨੇ (ਜਿਸ ਨੂੰ ਆਮ ਤੌਰ 'ਤੇ ਅਸੀਂ ਦੇਸੀ ਮਹੀਨਾ ਕਹਿੰਦੇ ਹਾਂ) ਦੀ ਪਹਿਲੀ ਤਰੀਖ ਨੂੰ ਸੰਗਰਾਂਦ ਕਹਿੰਦੇ ਹਨ। ਸੋ ਇਸ ਤਰ੍ਹਾਂ ਇਨ੍ਹਾਂ ਬਾਰਾਂ ਮਹੀਨਿਆਂ ਦਾ ਸੰਬੰਧ ਸੂਰਜ ਦੀ ਚਾਲ ਨਾਲ ਹੈ। ਚੰਦਰਮਾ ਦੇ ਵਧਣ-ਘਟਣ ਅਨੁਸਾਰ ਮਹੀਨੇ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਸ਼ੁਕਲ ਪਕਸ਼ ਤੇ ਕ੍ਰਿਸ਼ਨ ਪਕਸ਼। ਮੱਸਿਆਂ ਤੋਂ ਬਾਅਦ ਚੰਦਰਮਾ ਇਕ-ਇਕ ਕਲਾ ਕਰਕੇ ਵਧਣਾ ਸ਼ੁਰੂ ਹੁੰਦਾ ਹੈ ਤੇ ਚੌਦਾਂ ਦਿਨਾਂ ਵਿੱਚ ਪੂਰਨ ਮੁਕੰਮਲ ਹੋ ਜਾਂਦਾ ਹੈ ਜਿਸ ਨੂੰ ਪੂਰਨਮਾਸੀ ਕਹਿੰਦੇ ਹਨ ਤੇ ਇਨ੍ਹਾਂ ਚੌਦਾਂ ਦਿਨਾਂ ਨੂੰ ਸ਼ੁਕਲ ਪਕਸ਼ ਜਾਂ ਚਾਨਣ ਪੱਖ ਕਿਹਾ ਜਾਂਦਾ ਹੈ। ਫਿਰ ਪੂਰਨਮਾਸੀ ਤੋਂ ਬਾਅਦ ਚੰਦਰਮਾ ਇਕ-ਇਕ ਕਲਾ ਕਰਕੇ ਘਟਣਾ ਸ਼ੁਰੂ ਹੁੰਦਾ ਹੈ ਤੇ ਆਖ਼ਿਰ ਮੱਸਿਆ ਦੀ ਰਾਤ ਨੂੰ ਬਿਲਕੁੱਲ ਅਲੋਪ ਹੋ ਜਾਂਦਾ ਹੈ। ਇਸ ਰਾਤ ਨੂੰ ਪੂਰਨ ਤੌਰ 'ਤੇ ਹਨ੍ਹੇਰਾ ਹੁੰਦਾ ਹੈ।

ਇਨ੍ਹਾਂ ਚੌਦਾਂ ਦਿਨਾਂ ਨੂੰ ਕ੍ਰਿਸ਼ਨ ਪਕਸ਼ ਜਾਂ ਹਨ੍ਹੇਰਾ ਪੱਖ ਕਿਹਾ ਜਾਂਦਾ ਹੈ। ਸੋ ਚੰਦਰਮਾ ਦੇ ਵਧਣ-ਘਟਣ ਦੇ ਹਿਸਾਬ ਅਨੁਸਾਰ ਇਕ ਦਿਨ ਨੂੰ 'ਥਿੱਤ' ਕਿਹਾ ਜਾਂਦਾ ਹੈ। ਮੱਸਿਆ ਤੋਂ ਅਗਲੇ 15 ਦਿਨਾਂ ਦੀਆਂ ਥਿੱਤੀਆਂ ਦੇ ਕ੍ਰਮਵਾਰ ਨਾਮ ਇਸ ਤਰ੍ਹਾਂ ਹਨ : ਏਕਮ, ਦੂਤੀਏ, ਤ੍ਰਿਤਿਏ, ਚਤੁਰਥਿ, ਪੰਚਮਿ, ਸਿਸਟਮੀ, ਸੱਤਮੀ, ਅਸਟਮੀ, ਨੌਮੀ, ਦਸਮੀ, ਏਕਾਦਸੀ, ਦੁਆਦਸੀ, ਤਰੈਦਸੀ, ਚਉਦਸੀ ਤੇ ਪੂਰਨਮਾਸੀ (ਪੁੰਨਿਆਂ)। ਇਸੇ ਤਰ੍ਹਾਂ ਪੂਰਨਮਾਸੀ ਤੋਂ ਅਗਲੇ 15 ਦਿਨਾਂ ਤੱਕ ਫਿਰ ਏਕਮ ਤੋਂ ਲੈ ਕੇ ਮੱਸਿਆ ਤੱਕ ਇਹੋ ਹੀ ਥਿੱਤੀਆਂ ਕ੍ਰਮਵਾਰ ਹਨ। ਚਾਨਣ ਪੱਖ ਦੀਆਂ ਥਿੱਤੀਆਂ ਨੂੰ 'ਸੁਦੀ' ਤੇ ਹਨ੍ਹੇਰੇ ਪੱਖ ਦੀਆਂ ਥਿੱਤੀਆਂ ਨੂੰ 'ਵਦੀ' ਕਹਿੰਦੇ ਹਨ।

ਭਾਰਤੀ ਸਮਾਜ ਵਿੱਚ ਖ਼ਾਸ-ਖ਼ਾਸ ਥਿੱਤੀਆਂ ਨੂੰ ਚੰਗੀਆਂ ਮੰਨ ਕੇ ਉਨ੍ਹਾਂ ਥਿੱਤੀਆਂ ਤੇ ਵਰਤ ਰੱਖਣ, ਤੀਰਥ ਇਸ਼ਨਾਨ ਕਰਨ, ਦਾਨ-ਪੁੰਨ ਕਰਨ, ਦੇਵੀ-ਦੇਵਤਿਆਂ ਦੀ ਪੂਜਾ ਕਰਨ ਤੇ ਹੋਰ ਅਨੇਕਾਂ ਤਰ੍ਹਾਂ ਦੇ ਕਰਮਕਾਂਡ ਕਰਨ ਦਾ ਵਿਧਾਨ ਮਿੱਥਿਆ ਗਿਆ ਹੈ। ਇਸੇ ਤਰ੍ਹਾਂ ਸੂਰਜ ਦੇਵਤਾ ਦੇ ਉਪਾਸ਼ਕ ਹਰੇਕ ਸੰਗਰਾਂਦ ਦੇ ਦਿਨ ਨੂੰ ਪਵਿੱਤਰ ਮੰਨ ਕੇ ਉਚੇਚੇ ਤੌਰ 'ਤੇ ਸੂਰਜ ਦੇਵਤਾ ਦੀ ਪੂਜਾ-ਪਾਠ ਕਰਦੇ ਹਨ ਤਾਂ ਕਿ ਸੂਰਜ ਦੇਵਤਾ ਨਵੀਂ 'ਰਾਸ' ਵਿੱਚ ਰਹਿ ਕੇ ਉਨ੍ਹਾਂ ਲਈ ਸਾਰਾ ਮਹੀਨਾ ਚੰਗਾ ਲੰਘਾਏ। ਇਸੇ ਤਰ੍ਹਾਂ ਦਿਨਾਂ ਅਥਵਾ 'ਵਾਰਾਂ' ਨੂੰ ਵੀ ਦੇਵੀ-ਦੇਵਤਿਆਂ ਦੀ ਪੂਜਾ-ਪਾਠ ਨਾਲ ਜੋੜਿਆ ਗਿਆ ਹੈ।

ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ 'ਬਾਣੀ ਪੰਦਰਾਂ ਤਿਥੀ', 'ਬਾਣੀ ਹਫ਼ਤਾਵਾਰ' ਤੇ 'ਬਾਰਾਂ ਮਾਸ ਉਪਦੇਸ਼' ਰਾਹੀਂ ਪ੍ਰਤੱਖ ਤੇ ਪ੍ਰੋਕਸ਼-ਰੂਪ ਵਿੱਚ ਇਨ੍ਹਾਂ ਕਰਮਕਾਂਡਾਂ ਦਾ ਖੰਡਣ ਕੀਤਾ ਹੈ ਅਤੇ ਵਹਿਮਾਂ-ਭਰਮਾਂ ਨੂੰ ਛੱਡ ਕੇ ਪ੍ਰਭੂ ਦੇ ਨਾਮ ਸਿਮਰਨ ਦਾ ਤੇ ਸ਼ੁੱਭ ਕਰਮਾਂ ਵਾਲੀ ਜੀਵਨ-ਜੁਗਤੀ ਦਾ ਉਪਦੇਸ਼ ਦਿੱਤਾ ਹੈ। ਆਪ ਜੀ ਦੀ ਬਾਣੀ ਵਿੱਚ ਕਿਤੇ ਵੀ ਕੋਈ ਅਜਿਹਾ ਬਚਨ ਨਹੀਂ ਮਿਲਦਾ ਜੋ ਸਾਧਾਰਨ ਦਿਨਾਂ ਵਿੱਚੋਂ ਕਿਸੇ ਖ਼ਾਸ ਇਕ ਦਿਨ ਨੂੰ ਚੰਗਾ ਜਾਂ ਮੰਦਾ ਕਹਿੰਦਾ ਹੋਵੇ। ਆਪ ਜੀ ਅਨੁਸਾਰ ਹਰੇਕ ਦਿਨ ਇਕੋ-ਜਿਹਾ ਦਿਨ ਹੈ। ਭਾਗਾਂ ਵਾਲਾ ਦਿਨ ਤੇ ਭਾਗਾਂ ਵਾਲਾ ਸਮਾਂ ਸਿਰਫ਼ ਉਹੀ ਹੈ ਜਦੋਂ ਜੀਵ ਪ੍ਰਭੂ ਨੂੰ ਯਾਦ ਕਰਦਾ ਹੈ। **ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ 'ਤੇ ਚੱਲਣ ਵਾਲੇ ਜੀਵਾਂ ਨੂੰ ਬਾਰਾਂ ਮਹੀਨੇ, ਸਾਰੀਆਂ ਥਿੱਤੀਆਂ, ਸਾਰੇ ਦਿਨ, ਸਾਰੀਆਂ ਘੜੀਆਂ ਤੇ ਸਾਰੇ ਮਹੂਰਤ ਸੁਹਾਣੇ ਤੇ ਪਵਿੱਤਰ ਜਾਪਦੇ ਹਨ। ਉਨ੍ਹਾਂ ਨੂੰ ਕਿਸੇ ਖ਼ਾਸ ਇਕ ਦਿਨ, ਸੰਗਰਾਂਦ ਜਾਂ ਮੱਸਿਆ ਆਦਿਕ ਦੀ ਪਵਿੱਤਰਤਾ ਦਾ ਕੋਈ ਭਰਮ-ਭੁਲੇਖਾ ਨਹੀਂ ਰਹਿੰਦਾ। ਕੋਈ ਵੀ ਕੰਮ ਕਰਨ ਵੇਲੇ ਉਨ੍ਹਾਂ ਨੂੰ ਕਿਸੇ ਖ਼ਾਸ ਮਹੂਰਤ ਲੱਭਣ ਦੀ ਲੋੜ ਨਹੀਂ ਪੈਂਦੀ। ਉਨ੍ਹਾਂ ਨੂੰ ਸਿਰਫ਼ ਤੇ ਸਿਰਫ਼ ਪ੍ਰਭੂ ਦੇ ਆਸਰੇ 'ਤੇ ਹੀ ਯਕੀਨ ਹੁੰਦਾ ਹੈ। ਉਹ ਹਰ ਵੇਲੇ, ਹਰ ਕੰਮ-ਕਾਰ ਵੇਲੇ ਪ੍ਰਭੂ ਦੇ ਦਰ 'ਤੇ ਹੀ ਅਰਦਾਸ ਕਰਦੇ ਹਨ॥**

**ਪਦ ਅਰਥ**- ਹੇ ਮਿੱਤਰ! ਮੱਸਿਆ ਤਿੱਥੀ ਰਾਹੀਂ ਸਤਿਗੁਰੂ ਜੀ ਨੇ ਉਚਾਰਨ ਕੀਤਾ ਹੈ ਕਿ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੇ ਨਾਮ ਦਾ ਉਹ ਸਿਮਰਨ ਕਰੋ ਜਿਸ ਦੀ ਬਰਕਤਿ ਨਾਲ ਜੀਵ ਪ੍ਰਭੂ ਨਾਲ ਇਕ-ਰੂਪ ਹੋ ਜਾਏ। ਤੂੰ ਇਸ ਉਪਦੇਸ਼ ਨੂੰ

ਸਮਝ ਤੇ ਮਨ ਵਿੱਚ ਇਸ ਦੀ ਪੜਤਾਲਣਾ ਕਰ। ਦੁਨੀਆਂ ਦੇ ਸਾਰੇ ਮੁਨੀ-ਜਨ ਵੀ (ਪ੍ਰਭੂ ਨਾਲ ਇਕ-ਰੂਪ ਹੋ ਜਾਣ ਲਈ) ਪ੍ਰਭੂ ਦੇ ਗੁਣਾਂ ਦੇ ਗੀਤ ਗਾਉਂਦੇ ਹਨ। ਹੇ ਭਾਈ! ਅਗਿਆਨਤਾ (ਭਾਵ ਆਤਮਿਕ ਜੀਵਨ ਵੱਲੋਂ ਬੇ-ਸਮਝੀ) ਇਕ ਰੋਗ ਦੀ ਲਾਗ ਵਾਂਗ ਹੈ, ਇਕ ਭਿੱਟ ਵਾਂਗ ਹੈ ਜੋ ਜੀਵ ਅੰਦਰ ਹਮੇਸ਼ਾ ਵਸੀ ਰਹਿੰਦੀ ਹੈ। ਇਸ ਨੂੰ ਆਪਣੇ ਅੰਦਰੋਂ ਖ਼ਤਮ ਕਰਨਾ ਹੀ, ਮਾਨੋਂ, ਜਗ ਜਿੱਤ ਲੈਣਾ ਹੈ। (ਪਰ ਇਸ ਨੂੰ ਖ਼ਤਮ ਕਰਨ ਲਈ) ਵਿਰਲੇ-ਵਿਰਲੇ ਜੀਵ ਹੀ ਅਟੱਲ ਆਤਮਿਕ ਜੀਵਨ ਦੇਣ ਵਾਲਾ ਪ੍ਰਭੂ ਦਾ ਨਾਮ-ਰਸ ਪੀਂਦੇ ਹਨ॥

2. ਹੇ ਭਾਈ! ਪ੍ਰਭੂ-ਭਗਤਾਂ ਨਾਲ (ਆਤਮਿਕ ਗਿਆਨ) ਦੀ ਚਰਚਾ ਕੀਤਿਆਂ ਸਾਰੇ (ਔਗੁਣ) ਪਿੱਛੇ ਛੁੱਟ ਜਾਂਦੇ ਹਨ। ਦੁਨੀਆਂ ਵਿੱਚ ਉਨ੍ਹਾਂ ਜੀਵਾਂ ਦਾ ਹੀ ਆਉਣਾ ਸਫ਼ਲ ਹੁੰਦਾ ਹੈ ਜਿਹੜੇ ਨਾਮ-ਸਿਮਰਨ ਦੀ ਕੀਤੀ ਹੋਈ ਆਪਣੀ ਆਤਮਿਕ ਕਮਾਈ ਦਾ ਜਾਣ ਲੱਗਿਆਂ ਲਾਭ ਉਠਾਉਂਦੇ ਹਨ (ਭਾਵ ਨਾਮ-ਸਿਮਰਨ ਦੀ ਬਰਕਤਿ ਨਾਲ ਇੱਥੇ ਸੰਸਾਰ ਵਿੱਚ ਵਡਿਆਈ ਖੱਟਦੇ ਹਨ ਤੇ ਅੱਗੇ ਪ੍ਰਭੂ ਦੇ ਦਰਬਾਰ 'ਤੇ ਸੁਰਖਰੂ ਹੋ ਜਾਂਦੇ ਹਨ)। ਮੱਸਿਆ ਦਾ ਆਉਣਾ-ਜਾਣਾ ਤਾਂ ਪ੍ਰਕ੍ਰਿਤੀ ਦਾ ਇਕ ਸੁਭਾਉ ਹੈ, ਕੁਦਰਤ ਦਾ ਇਕ ਨਿਯਮ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਵਿਚਾਰ ਕੇ ਫ਼ਰਮਾਉਂਦੇ ਹਨ ਕਿ ਜੀਵ ਨੂੰ (ਇਸ ਕੁਦਰਤ ਦੇ ਮਾਲਿਕ) ਹਰਿ-ਪ੍ਰਭੂ ਨਾਲ ਹਮੇਸ਼ਾ ਪ੍ਰੀਤ ਕਰਨੀ ਚਾਹੀਦੀ ਹੈ॥

**ਏਕਮ ਏਕ ਪਰਮਾਤਮਾ ਸੰਸਾਰੈ ਹੈ ਪ੍ਰਕਾਸ਼॥ ਸਵਾਸ ਸਵਾਸ ਤੂੰ ਸਿਮਰਲੈ ਤੋੜੇ ਜਮ ਕੀ ਫਾਸ॥ ੧॥ ਦੀਨ ਬੰਧੂ ਦਿਆਲ ਜੋ ਸੋਇ ਹੈ ਸਿਮਰਨ ਸਾਰ॥ ਜਗਤ ਸਦਾ ਜੋ ਸੁਖ ਦੇਵੇ ਅੰਤਰ ਹੋਇ ਆਧਾਰ॥ ੨॥ ਹਸਤੀ ਚੀਟੀ ਆਦਿ ਲੈ ਜੀਵਨ ਹੁਕਮ ਅਨੁਸਾਰ॥ ਭਜਨ ਕਰੋ ਜਨ ਪਾਲਕਾ ਹੋਨਾ ਜੇਕਰ ਪਾਰ॥ ੩॥ ਏਕਮ ਏਕ ਪਰਮਾਤਮਾ ਰੱਖਣੀ ਉਸਕੀ ਆਸ॥ ਸਤਿ ਸਤਿ ਪ੍ਰਭੂ ਸਿਮਰਤੇ ਸਚ ਕਹੈ ਰਵਿਦਾਸ॥ ੪॥ ੨॥ ਟੇਕ॥**

**ਸ਼ਬਦ ਅਰਥ** : **ਏਕਮ**- ਪਹਿਲਾ, ਲਾਸਾਨੀ, ਅਦੁਤੀ। **ਦੀਨ ਬੰਧੂ**- ਗਰੀਬਾਂ ਦਾ ਸਹਾਇਕ-ਸੰਬੰਧੀ। **ਸਿਮਰਨ ਸਾਰ**- ਸਿਮਰਨ ਯੋਗਯਾ। **ਸੁਖ**- ਆਤਮਿਕ ਆਨੰਦ। **ਆਧਾਰ**- ਆਸਰਾ। **ਜਨ ਪਾਲਕ**- ਜੀਵਾਂ ਦਾ ਪਾਲਨ ਕਰਤਾ। **ਸਤਿ**- ਸਦਾ ਥਿਰ ਰਹਿਣ ਵਾਲਾ ਪ੍ਰਭੂ।

**ਪਦ ਅਰਥ**- ਏਕਮ ਭਾਵ ਮੱਸਿਆ ਤੋਂ ਬਾਅਦ ਪਹਿਲੀ ਤਿੱਥੀ। ਪਰਮਾਤਮਾ ਇਕ ਹੈ ਤੇ ਲਾਸਾਨੀ ਹੈ। ਸਾਰੇ ਸੰਸਾਰ ਵਿੱਚ ਪ੍ਰਭੂ ਦੀ ਜੀਵਨ-ਰੌ ਦਾ ਪ੍ਰਕਾਸ਼ ਭਰਪੂਰ ਵਿਆਪ ਰਿਹਾ ਹੈ। ਹੇ ਭਾਈ, ਤੂੰ ਉਸ ਪ੍ਰਭੂ ਨੂੰ ਸਵਾਸ-ਸਵਾਸ ਸਿਮਰਦਾ ਰਹਿ। ਉਸ ਦਾ ਸਿਮਰਨ ਕੀਤਿਆਂ ਆਤਮਿਕ ਮੌਤ ਲਿਆਉਣ ਵਾਲੇ ਜਮਾਂ ਦੀ ਫ਼ਾਹੀ ਕੱਟੀ ਜਾਂਦੀ ਹੈ॥

2. ਹੇ ਭਾਈ! ਦੀਨਾਂ ਦਾ ਸਹਾਇਕ ਉਹ ਦਿਆਲੂ-ਪ੍ਰਭੂ ਹੀ ਕੇਵਲ ਸਿਮਰਨ ਯੋਗ ਹੈ। ਉਹ ਪ੍ਰਭੂ ਜਗਤ ਦੇ ਜੀਵਾਂ ਨੂੰ ਹਮੇਸ਼ਾ ਆਤਮਿਕ ਆਨੰਦ ਬਖ਼ਸ਼ਦਾ ਹੈ

ਤੇ ਉਨ੍ਹਾਂ ਦੇ ਅੰਦਰ ਜ਼ਿੰਦ ਦਾ ਆਸਰਾ ਬਣਿਆ ਰਹਿੰਦਾ ਹੈ॥

3. ਹਾਥੀ ਤੋਂ ਲੈ ਕੇ ਕੀੜੀ ਤੱਕ ਸਭ ਉਸ ਦੇ ਹੁਕਮ ਵਿੱਚ ਹਨ, ਸਭਨਾਂ ਦਾ ਜੀਵਨ ਉਸਦੀ ਰਜ਼ਾ ਅਨੁਸਾਰ ਹੀ ਚੱਲਦਾ ਹੈ। ਜੇਕਰ ਜੀਵ ਨੇ ਇਸ ਮਾਇਆ-ਵੇੜ੍ਹੇ ਸੰਸਾਰ-ਸਮੁੰਦਰ ਤੋਂ ਪਾਰ ਲੰਘਣਾ ਹੈ ਤਾਂ ਉਸ ਨੂੰ ਜਗਤਪਾਲਕ-ਪ੍ਰਭੂ ਦਾ ਹਮੇਸ਼ਾ ਭਜਨ ਕਰਦੇ ਰਹਿਣਾ ਚਾਹੀਦਾ ਹੈ॥

4. ਹੇ ਭਾਈ! ਪ੍ਰਭੂ ਇੱਕ ਹੈ ਤੇ ਜੀਵ ਨੂੰ ਉਸ 'ਤੇ ਹੀ ਆਪਣੀ ਆਸ ਰੱਖਣੀ ਚਾਹੀਦੀ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਮੈਂ ਸੱਚ ਕਹਿੰਦਾ ਹਾਂ ਕਿ ਜੀਵ ਨੂੰ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦਾ ਹੀ ਹਰ ਪਲ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ॥

**ਦੂਜੀ ਦੁਰਮਤਿ ਦੂਰ ਕਰ ਰੱਖਣਾ ਗੁਰੂ ਸੇ ਨੇਊ॥ ਸਫਲ ਕਰਮ ਤਬ ਹੋਣਗੇ ਗਤੀ ਪਾਵੈ ਇਹ ਦੇਹੂ॥ ੧॥ ਦੂਜੀ ਦੁਰਮਤਿ ਦੂਰ ਕਰ ਦਇਆ ਧਰਮ ਕਿਰਪਾਲ॥ ਸਤਿ ਸੇ ਕਰ ਗੋਸ਼ਠੀ ਹਿਰਦੇ ਬਸੈ ਗੋਪਾਲ॥ ੨॥ ਸੁਭ ਕਰਮਾ ਫਲ ਸੁਭ ਹੈ ਕਰਮਾਂ ਸੰਦਣਾ ਖੇਤ॥ ਪਾਪ ਕਰਮ ਦੇ ਕੀਤਿਆ ਸਦਾ ਹਾਰ ਨਹੀਂ ਜੀਤ॥ ੩॥ ਦੂਜੀ ਦੁਰਮਤਿ ਤਿਆਗ ਕਰ ਲੀਲਾ ਅਜਬ ਪਹਿਚਾਨ॥ ਕਹਿ ਰਵਿਦਾਸ ਬਿਚਾਰਕੇ ਭਗਤ ਭਜਨ ਕਲਿਆਣ॥ ੪॥ ੩॥ ਟੇਕ॥**

**ਸ਼ਬਦ ਅਰਥ** : **ਦੁਰਮਤਿ**- ਭੈੜੀ ਮੱਤ। **ਨੇਊ**- ਪ੍ਰੀਤ, ਪ੍ਰੇਮ। **ਕਰਮ**- ਜੋ ਕਰਨ ਵਿੱਚ ਆਵੇ, ਕੰਮ। **ਗਤੀ**- ਮੁਕਤੀ, ਮੋਕਸ਼। **ਦੇਹੂ**- ਦੇਹ, ਸਰੀਰ। **ਸਤਿ**- ਸਦਾ ਥਿਰ ਰਹਿਣ ਵਾਲਾ ਪ੍ਰਭੂ। **ਗੋਸ਼ਠੀ**- ਧਾਰਮਿਕ ਚਰਚਾ, ਵਿਚਾਰ। **ਗੋਪਾਲ**- ਜਗਤ ਦਾ ਪਾਲਣਹਾਰਾ। **ਸੰਦਣਾ**- ਦਾ, ਦੀ, (ਰੂਪੀ)। **ਲੀਲਾ**- ਖੇਲ। **ਅਜਬ**- ਅਦਭੁੱਤ, ਅਨੋਖਾ।

**ਪਦ ਅਰਥ**- ਦੁਤੀਏ ਭਾਵ ਮੱਸਿਆ ਤੋਂ ਦੂਜੀ ਤਿੱਥੀ। ਹੇ ਭਾਈ! ਤੂੰ ਕਿਸੇ ਹੋਰ (ਆਸਰੇ ਦੀ ਝਾਕ ਰੱਖਣ ਵਾਲੀ) ਆਪਣੀ ਭੈੜੀ ਮੱਤ ਨੂੰ ਛੱਡ ਕੇ ਗੁਰੂ ਨਾਲ ਸੱਚੇ ਮਨੋਂ ਪ੍ਰੀਤ ਕਰ, ਜਿਸ ਦੀ ਬਰਕਤਿ ਨਾਲ ਤੇਰੇ ਸਾਰੇ ਕਰਮ (ਭਾਵ ਪੁਰਬਲੇ ਜਨਮਾਂ ਦੇ ਕਰਮ ਤੇ ਹੁਣ ਦੇ ਕਰਮ) ਸਾਰਥਕ ਹੋ ਜਾਣਗੇ ਭਾਵ ਫਲ ਦੇਣ ਵਾਲੇ ਹੋ ਜਾਣਗੇ ਤੇ ਤੇਰਾ ਇਹ ਸਰੀਰ ਵੀ ਆਤਮਿਕ ਮੌਤ ਤੋਂ ਸਦਾ ਲਈ ਮੁਕਤ ਹੋ ਜਾਵੇਗਾ॥

2. ਹੇ ਭਾਈ! ਤੂੰ ਦੂਜਿਆਂ ਦੇ ਪ੍ਰਤੀ (ਈਰਖਾ ਵਾਲੀ) ਆਪਣੀ ਖੋਟੀ ਮੱਤ ਤਿਆਗ ਦੇ ਤੇ ਸਭਨਾਂ ਨਾਲ ਦਿਆਲੂ, ਧਰਮੀ ਤੇ ਕ੍ਰਿਪਾਲੂ ਵਾਲਾ ਵਿਵਹਾਰ ਕਰ। ਜਿਹੜਾ ਵੀ ਜੀਵ ਸੰਤਾਂ ਨਾਲ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੇ ਨਾਮ ਦੀ ਚਰਚਾ ਕਰਦਾ ਹੈ (ਤੇ ਉਸ ਨੂੰ ਸਿਮਰਦਾ ਹੈ) ਤਾਂ ਜਗਤ ਪਾਲਕ-ਪ੍ਰਭੂ ਉਸ ਦੇ ਹਿਰਦੇ ਵਿੱਚ ਆਪ ਆ ਵਸਦਾ ਹੈ॥

3. ਇਹ ਸੰਸਾਰ ਕਰਮਾਂ-ਰੂਪੀ ਖੇਤ ਹੈ। ਇਸ 'ਚ ਚੰਗੇ ਕਰਮ ਕੀਤਿਆਂ ਚੰਗਾ ਫਲ ਮਿਲਦਾ ਹੈ ਤੇ ਪਾਪ ਕਰਮ ਕੀਤਿਆਂ ਹਮੇਸ਼ਾ ਹਾਰ ਹੀ ਮਿਲਦੀ ਹੈ, ਜਿੱਤ ਨਹੀਂ॥

4. ਹੇ ਭਾਈ! ਤੂੰ ਆਪਣੀ ਦੁਈ-ਦਵੈਤ ਵਾਲੀ ਖੋਟੀ ਮੱਤ ਤਿਆਗ ਕੇ ਪ੍ਰਭੂ ਦੀ ਅਦਭੁੱਤ ਲੀਲਾ ਨੂੰ ਪਹਿਚਾਣ, ਉਸ ਦੇ ਭੇਦਾਂ ਨੂੰ ਜਾਣ। ਸਤਿਗੁਰੂ ਰਵਿਦਾਸ ਮਹਾਰਾਜ ਜੀ ਵਿਚਾਰ ਕੇ ਫ਼ਰਮਾਉਂਦੇ ਹਨ ਕਿ ਪ੍ਰਭੂ ਦਾ ਭਜਨ ਕਰਨ ਨਾਲ ਪ੍ਰਭੂ-ਭਗਤ ਦਾ ਕਲਿਆਣ ਹੋ ਜਾਂਦਾ ਹੈ (ਭਾਵ ਸੰਸਾਰ ਵਿੱਚ ਆਉਣ ਦਾ ਉਸ ਦਾ ਮਨੋਰਥ ਪੂਰਾ ਹੋ ਜਾਂਦਾ ਹੈ।)॥

**ਤ੍ਰਿਤਿਏ ਤ੍ਰਿਸ਼ਨਾ ਤਿਆਗ ਕੇ ਤਨ ਮਨ ਧਨ ਗੁਰੂਦੇਵ॥ ਮਿਥਿਆ ਸਭ ਕੋ ਜਾਨਕੇ ਰੱਖ ਨਾਮ ਸਨੇਹ॥ ੧॥ ਕਰਮੀ ਭਗਤੀ ਕਰਨ ਸੇ ਹੋਵੈ ਜਗਤ ਉਧਾਰ॥ ਵਹਿ ਸੋਭਾ ਅਤਿ ਘਨੀ ਅਗੇ ਮਿਲੈ ਭੰਡਾਰ॥ ੨॥ ਤੀਰਥ ਫਲ ਨਾ ਬਰਤ ਫਲ ਨਹਿ ਯਗ ਕੋਈ ਪਾਇ॥ ਮਨ ਮਹਿ ਹਊਮੈ ਅਹੰਕਾਰ ਜੋਇ ਬਿਰਥਾ ਸਭਹੀ ਜਾਇ॥ ੩॥ ਤ੍ਰਿਤਿਏ ਤਿਆਗੀਏ ਮਾਨ ਕੋ ਖੋਟੇ ਕਰਮ ਹੰਕਾਰ॥ ਹਰਿ ਹਰਿ ਨਾਮ ਉਚਾਰੀਏ ਕਹਿ ਰਵਿਦਾਸ ਪੁਕਾਰ॥ ੪॥ ੪॥ ਟੇਕ॥**

**ਸ਼ਬਦ ਅਰਥ** : **ਤ੍ਰਿਸ਼ਨਾ**- ਪ੍ਰਾਪਤੀ ਦੀ ਪ੍ਰਬਲ ਇੱਛਾ, ਲਾਲਸਾ। **ਮਿਥਿਆ**- ਵਿਨਸਨਹਾਰ, ਨਾਸਵੰਤ। **ਸਨੇਹ**- ਪ੍ਰੀਤ। **ਕਰਮੀ ਭਗਤੀ**- ਸੱਚੀ ਭਗਤੀ, ਗੁਰੂ ਦੀ ਮਿਹਰ ਨਾਲ ਕੀਤੀ ਭਗਤੀ। **ਉਧਾਰ**- ਕਲਿਆਣ ਹੋਣਾ, ਸਫ਼ਲ ਹੋਣਾ। **ਅਤਿ ਘਨੀ**- ਬਹੁਤ ਅਧਿਕ। **ਜੋਇ**- ਜਦੋਂ ਤੱਕ, ਜੇਕਰ। **ਮਾਨ**- ਮੈਂ-ਮੇਰੀ ਦੀ ਹਉਮੈ।

**ਪਦ ਅਰਥ**- ਤ੍ਰਿਤਿਏ ਭਾਵ ਮੱਸਿਆ ਤੋਂ ਤੀਜੀ ਤਿੱਥੀ। ਹੇ ਭਾਈ! ਤੂੰ ਆਪਣੇ ਅੰਦਰੋਂ ਸਭ ਤਰ੍ਹਾਂ ਦੀਆਂ ਤ੍ਰਿਸ਼ਨਾਵਾਂ ਨੂੰ ਮਿਟਾ ਕੇ ਆਪਣਾ ਤਨ, ਮਨ ਤੇ ਧਨ ਗੁਰੂਦੇਵ ਦੇ ਹਵਾਲੇ ਕਰ ਦੇ ਭਾਵ ਆਪਣੀ ਹਰ ਤਰ੍ਹਾਂ ਦੀ ਅਪਣੱਤ ਨੂੰ ਛੱਡ ਕੇ ਗੁਰੂ ਅੱਗੇ ਪੂਰੀ ਤਰ੍ਹਾਂ ਸਮਰਪਿਤ ਹੋ ਜਾ ਤੇ ਹਰ ਸ਼ੈਅ ਨੂੰ ਨਾਸ਼ਵੰਤ ਸਮਝ ਕੇ ਕੇਵਲ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੇ ਨਾਮ ਨਾਲ ਹੀ ਪ੍ਰੀਤ ਕਰ॥

2. ਯਾਦ ਰੱਖ, ਗੁਰੂ ਦੀ ਮਿਹਰ ਨਾਲ ਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ ਦੀ ਭਗਤੀ ਕੀਤਿਆਂ ਜੀਵ ਦਾ ਜਗਤ ਵਿੱਚ ਆਉਣਾ ਸਫ਼ਲ ਹੋ ਜਾਂਦਾ ਹੈ। ਉਹ ਇੱਥੇ (ਇਸ ਸੰਸਾਰ ਵਿੱਚ) ਬਹੁਤ ਸ਼ੋਭਾ ਖੱਟਦਾ ਹੈ ਤੇ ਅੱਗੇ ਪ੍ਰਲੋਕ ਵਿੱਚ ਵੀ ਉਸ ਨੂੰ ਇੱਜਤ-ਮਾਣ ਦੇ ਭੰਡਾਰ ਮਿਲਦੇ ਹਨ ਭਾਵ ਉਹ ਅੱਗੇ ਪ੍ਰਭੂ ਦੇ ਦਰ 'ਤੇ ਵੀ ਸਤਿਕਾਰਿਆ ਜਾਂਦਾ ਹੈ॥

3. ਹੇ ਭਾਈ! ਜਦੋਂ ਤੱਕ ਜੀਵ ਦੇ ਮਨ ਵਿੱਚ ਹਉਮੈ ਤੇ ਹੰਕਾਰ ਵਸਿਆ ਰਹਿੰਦਾ ਹੈ, ਉਦੋਂ ਤੱਕ ਉਸ ਨੂੰ ਧਾਰਮਿਕ ਯਤਨਾਂ ਜਿਵੇਂ ਕਿ ਤੀਰਥ ਇਸ਼ਨਾਨ ਕਰਨਾ, ਵਰਤ ਰੱਖਣਾ ਤੇ ਯੱਗ ਕਰਨਾ ਆਦਿਕ ਦਾ ਕੋਈ ਵੀ ਫਲ ਪ੍ਰਾਪਤ ਨਹੀਂ ਹੁੰਦਾ। ਹਉਮੈ ਤੇ ਹੰਕਾਰ ਕਾਰਨ ਇਹ ਸਭ ਧਾਰਮਿਕ ਯਤਨ ਵਿਅਰਥ ਹੀ ਚਲੇ ਜਾਂਦੇ ਹਨ॥

4. ਤੀਜੀ ਥਿੱਤੀ ਰਾਹੀਂ ਗੁਰੂ ਰਵਿਦਾਸ ਮਹਾਰਾਜ ਜੀ ਜ਼ੋਰ ਦੇ ਕੇ ਸਮਝਾਉਂਦੇ ਹਨ ਕਿ ਜੀਵ ਨੂੰ ਮੈਂ-ਮੇਰੀ ਦੀ ਹਉਮੈ, ਖੋਟੇ ਕਰਮ ਤੇ ਹੰਕਾਰ ਨੂੰ ਆਪਣੇ ਮਨੋਂ

ਸਦਾ ਲਈ ਤਿਆਗ ਕੇ ਹਰਿ-ਪ੍ਰਭੂ ਦੇ ਨਾਮ ਦਾ ਵਾਰ-ਮ-ਵਾਰ ਸਿਮਰਨ ਕਰਨਾ ਚਾਹੀਦਾ ਹੈ॥

**ਚੌਥ ਚਾਰੋ ਤਰਫ ਮਹਿ ਦਸੋਂ ਦਿਸਾ ਚੋਗਿਰਦ॥ ਜਲੈ ਥਲੈ ਪ੍ਰਭ ਆਪ ਹੈ ਰਾਖੋ ਨਾਮ ਕੀ ਵਿਰਦ॥ ੧॥ ਚਮਨ ਜੋ ਤੁਝੈ ਦਿਖ ਰਹਾ ਰਹਿਨਾ ਨਹੀ ਹਮੇਸ਼॥ ਛਣ ਭੰਗੁਰ ਸ਼ਰੀਰ ਹੈ ਬਦਨ ਰਹਿਤ ਨਾ ਕੇਸ॥ ੨॥ ਸਹਾਇਤਾ ਕੋਈ ਨ ਕਰ ਸਕੇ ਜਿਨ ਸੋ ਲਾਇਆ ਹੇਤ॥ ਅੰਤ ਸਮੇਂ ਛਡ ਜਾਇਗੇ ਮੁੱਖ ਸੇਵਨ ਪ੍ਰੇਤ॥ ੩॥ ਚੌਥ ਦੇਰੀ ਨਾ ਕਰੋ ਤਿਆਗੋ ਵਿਸ਼ੇ ਬਿਕਾਰ॥ ਗੋਬਿੰਦ ਸਿਮਰਨਿ ਸਾਰ ਹੈ ਕਹਿ ਰਵਿਦਾਸ ਵਿਚਾਰ॥ ੪॥ ੫॥ ਟੇਕ॥**

**ਸ਼ਬਦ ਅਰਥ** : **ਵਿਰਦ**- ਮੁੱਢ-ਕਦੀਮਾਂ ਦੇ ਪਿਆਰ ਵਾਲਾ ਸੁਭਾਉ। **ਚਮਨ**- ਫੁਲਵਾੜੀ, ਜਗਤ ਫੁਲਵਾੜੀ। **ਛਣ ਭੰਗੁਰ**- ਇਕ ਛਿੰਨ ਵਿੱਚ ਨਾਸ਼ ਹੋਣਾ। **ਕੇਸ**- ਵਾਲ। **ਹੇਤ**- ਪ੍ਰੇਮ, ਪ੍ਰੀਤ। **ਮੁੱਖ ਸੇਵਨ**- ਮੂੰਹੋਂ ਕਹਿਣਾ। **ਪ੍ਰੇਤ**- ਮੋਇਆ ਹੋਇਆ ਪ੍ਰਾਣੀ, ਪਿਸਾਚ। **ਵਿਸ਼ੇ**- ਇੰਦਰੀਆਂ ਦੁਆਰਾ ਭੋਗੇ ਜਾਣ ਵਾਲੇ ਰਸ। **ਸਾਰ**- ਕਰਨਯੋਗ ਕਰਮ।

**ਪਦ ਅਰਥ**- ਚਤੁਰਥਿ ਭਾਵ ਮੱਸਿਆ ਤੋਂ ਚੌਥੀ ਤਿੱਥੀ। ਚੌਥੀ ਤਿੱਥੀ ਰਾਹੀਂ ਸਤਿਗੁਰੂ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਚਾਰੇ ਤਰਫ਼, ਦਸੇ ਦਿਸ਼ਾਵਾਂ, ਜਲ ਵਿੱਚ, ਧਰਤੀ ਉੱਪਰ ਤੇ ਹਰ ਪਾਸੇ ਪ੍ਰਭੂ ਆਪ ਹੀ ਆਪ ਹੈ ਤੇ ਹਮੇਸ਼ਾ ਆਪਣੇ ਨਾਮ ਦੀ ਲਾਜ ਰੱਖਦਾ ਹੈ ਭਾਵ ਆਪਣੇ ਮੁੱਢ-ਕਦੀਮਾਂ ਦੇ ਪਿਆਰ ਵਾਲੇ ਸੁਭਾਉ ਨੂੰ ਹਮੇਸ਼ਾ ਜੀਵਾਂ 'ਤੇ ਬਣਾਈ ਰੱਖਦਾ ਹੈ॥

2. ਹੇ ਭਾਈ! ਇਹ ਦ੍ਰਿਸ਼ਟਮਾਨ ਜਗਤ-ਫੁਲਵਾੜੀ ਸਦਾ ਰਹਿਣ ਵਾਲੀ ਨਹੀਂ ਹੈ। ਜੀਵ ਦਾ ਸਰੀਰ ਵੀ ਇਕ ਛਿੰਨ ਵਿੱਚ ਨਾਸ਼ ਹੋ ਜਾਣ ਵਾਲਾ ਹੈ, ਨਾ ਸਦਾ ਸਰੀਰ ਰਹਿੰਦਾ ਹੈ ਤੇ ਨਾ ਹੀ ਸੋਹਣੇ ਵਾਲ॥

3. ਜਿਨ੍ਹਾਂ ਨਾਲ ਜੀਵ ਜੀਵਨ-ਭਰ ਪ੍ਰੀਤ ਕਰਦਾ ਰਹਿੰਦਾ ਹੈ ਉਹ ਵੀ ਅੰਤ ਸਮੇਂ ਆਉਣ 'ਤੇ ਉਸ ਦੀ ਸਹਾਇਤਾ ਨਹੀਂ ਕਰਦੇ। ਉਹ ਵੀ ਆਪਣੇ ਮੂੰਹੋਂ ਉਸ ਨੂੰ ਪ੍ਰੇਤ-ਪ੍ਰੇਤ (ਮਰਿਆ ਹੋਇਆ-ਮਰਿਆ ਹੋਇਆ) ਕਹਿ ਕੇ ਪਰ੍ਹੇ ਹਟ ਜਾਂਦੇ ਹਨ॥

4. ਸਤਿਗੁਰੂ ਰਵਿਦਾਸ ਮਹਾਰਾਜ ਜੀ ਵਿਚਾਰ ਕੇ ਫ਼ਰਮਾਉਂਦੇ ਹਨ ਕਿ ਜੀਵ ਨੂੰ ਇੰਦਰੀਆਂ ਦੇ ਭੋਗਾਂ ਦੇ ਸੁਆਦਾਂ ਨੂੰ ਤੇ ਕਾਮਾਦਿਕ ਵਿਕਾਰਾਂ ਨੂੰ ਤਿਆਗਣ ਵਿੱਚ ਦੇਰੀ ਨਹੀਂ ਕਰਨੀ ਚਾਹੀਦੀ (ਤੇ ਜਲਦੀ ਹੀ ਪ੍ਰਭੂ-ਸਿਮਰਨ ਵਿੱਚ ਲੱਗ ਜਾਣਾ ਚਾਹੀਦਾ ਹੈ) ਕਿਉਂਕਿ ਜੀਵ ਲਈ ਪ੍ਰਭੂ-ਸਿਮਰਨ ਹੀ ਸਭ ਤੋਂ ਸ੍ਰੇਸ਼ਟ ਕਰਨਯੋਗ ਕਰਮ ਹੈ, ਸਭ ਤੋਂ ਉੱਤਮ ਉੱਦਮ ਹੈ॥

**ਪੰਚਮੀ ਪ੍ਰੀਤਮ ਜਾਨ ਲਉ ਸਭਨਾ ਹੈ ਭਗਵੰਤ॥ ਬ੍ਰਾਹਮਣ ਆਦਿਕ ਸਿਮਰਤੇ ਕੋਈ ਨਾ ਪਾਇਆ ਅੰਤ॥ ੧॥ ਪੰਚ ਤਤਵ ਕੀ ਰਚਨਾ ਹੈ ਜੋ ਦਿਖੈ ਆਕਾਰ॥ ਤਿਸਮੇ ਹੋਵੈ ਲੀਨ ਸਭ ਲੀਲਾ ਪ੍ਰਭ ਅਪਾਰ॥ ੨॥ ਵਿਛੈ ਵਾਸ਼ਨਾ ਝੂਠ ਹੈ ਰਾਹ ਭਲਾ ਬੀਚ ਨੀਤ॥ ਬਿਨਾ ਭਜਨ ਸੰਗੀ ਨਹੀਂ ਸਰਬ**

**ਸੁਖਾ ਕਾ ਮੀਤ ॥ ੩ ॥ ਪੰਚਮੇ ਪਤੀ ਪਰਮਾਤਮਾ ਸਰਬ ਸ੍ਰਿਸਟੀ ਜਾਨ ॥ ਗੁਰ ਕੀ ਸਰਨੀ ਧਿਆਵਤੇ ਹੋਵੇ ਰਵਿਦਾਸ ਗਿਆਨ ॥੪ ॥੬ ॥ ਟੇਕ ॥**

**<u>ਸ਼ਬਦ ਅਰਥ</u> : ਬ੍ਰਾਹਮਣ**- ਵਿਦਵਾਨ। **ਆਕਾਰ**- ਜਗਤ ਖਿਲਾਰਾ। **ਅਪਾਰ**- ਅਪਰੰਪਾਰ, ਜਿਸ ਦਾ ਕੋਈ ਉਰਲਾ ਪਾਰਲਾ ਬੰਨਾਂ ਨਾ ਹੋਵੇ। **ਵਿਛੈ ਵਾਸਨਾ**- ਇੰਦਰੀਆਂ ਦੇ ਭੋਗਾਂ ਦਾ ਸੁਆਦ। **ਭਲਾ**- ਨੇਕੀ, ਚੰਗਾ। **ਬੀਚ**- ਵਿੱਥ, ਅੰਤਰ, ਦੂਰੀ। **ਨੀਤ**- ਨਿਤ, ਹਮੇਸ਼ਾ। **ਗਿਆਨ**- ਆਤਮਿਕ ਜੀਵਨ ਦੀ ਸੂਝ-ਬੂਝ।

**<u>ਪਦ ਅਰਥ</u>**- ਪੰਜਮੀ ਭਾਵ ਮੱਸਿਆ ਤੋਂ ਪੰਜਵੀਂ ਤਿੱਥੀ। ਹੇ ਮੇਰੇ ਮਿੱਤਰ! ਤੂੰ ਇਹ ਚੰਗੀ ਤਰ੍ਹਾਂ ਸਮਝ ਲੈ ਕਿ ਪ੍ਰਭੂ ਸਭਨਾਂ ਪਾਸੇ ਆਪ ਹੀ ਆਪ ਵਿਆਪਕ ਹੈ। ਵੱਡੇ-ਵੱਡੇ ਵਿਦਵਾਨ ਆਦਿਕ ਵੀ ਪ੍ਰਭੂ ਨੂੰ ਸਿਮਰ ਕੇ ਉਸ ਦੇ ਗੁਣਾਂ ਦਾ ਅੰਤ ਨਹੀਂ ਪਾ ਸਕੇ, ਉਸ ਦੀ ਹਸਤੀ ਦਾ ਉਰਲਾ-ਪਾਰਲਾ ਬੰਨਾਂ ਨਹੀਂ ਲੱਭ ਸਕੇ ॥

2. ਇਹ ਜੋ ਸਾਰਾ ਜਗਤ-ਖਿਲਾਰਾ ਦਿਸ ਰਿਹਾ ਹੈ, ਪ੍ਰਭੂ ਨੇ ਇਸ ਦੀ ਰਚਨਾ ਪੰਜ ਤੱਤਾਂ ਨਾਲ ਕੀਤੀ ਹੈ ਤੇ ਅੰਤ ਨੂੰ ਇਹ ਸਭ ਕੁਝ ਉਸ ਵਿੱਚ ਹੀ ਸਮਾ ਜਾਣਾ ਹੈ। ਪ੍ਰਭੂ ਦੀ ਇਹ ਲੀਲਾ ਅਪਰੰਪਾਰ ਹੈ ਜਿਸ ਦਾ ਕੋਈ ਅੰਤ ਨਹੀਂ, ਇਹ ਪਰ੍ਹੇ ਤੋਂ ਪਰ੍ਹੇ ਹੈ ॥

3. ਹੇ ਭਾਈ! ਇੰਦਰੀਆਂ ਦੇ ਭੋਗਾਂ ਦੇ ਸੁਆਦ ਸਭ ਝੂਠੇ ਹਨ, ਤੂੰ ਇਨ੍ਹਾਂ ਤੋਂ ਦੂਰ ਰਹਿ ਕੇ ਹਮੇਸ਼ਾ ਨੇਕੀ ਦੇ ਰਾਹ ਉਤੇ ਚੱਲ। ਪ੍ਰਭੂ ਦੇ ਭਜਨ ਤੋਂ ਬਿਨਾਂ ਜੀਵ ਦਾ ਹੋਰ ਕੋਈ ਵੀ ਤੋੜ ਤੱਕ ਦਾ ਸਾਥੀ ਨਹੀਂ ਹੈ, ਕੇਵਲ ਇਕ ਪ੍ਰਭੂ ਹੀ ਸਾਰੇ ਆਤਮਿਕ ਸੁੱਖ ਦੇਣ ਵਾਲਾ ਸੱਚਾ ਮਿੱਤਰ ਹੈ। (ਇਸ ਲਈ ਤੂੰ ਇੰਦਰੀਆਂ ਦੇ ਭੋਗਾਂ ਨੂੰ ਛੱਡ ਕੇ ਪ੍ਰਭੂ ਨਾਲ ਸਾਂਝ ਪਾ।) ॥

4. ਤੂੰ ਪਤੀ-ਪਰਮੇਸ਼ਰ ਨੂੰ ਸਾਰੀ ਸ੍ਰਿਸ਼ਟੀ ਵਿੱਚ ਵਿਆਪਕ ਸਮਝ, ਹਾਜ਼ਿਰ-ਨਾਜ਼ਿਰ ਜਾਣ। ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਕਰਦੇ ਹਨ ਕਿ ਗੁਰੂ ਦੀ ਸ਼ਰਨ ਪਿਆ ਭਾਵ ਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ ਨੂੰ ਸਿਮਰਿਆਂ ਜੀਵ ਨੂੰ ਆਤਮਿਕ ਜੀਵਨ ਦੀ ਸੋਝੀ ਆ ਜਾਂਦੀ ਹੈ ॥

**ਸ਼ਿਸ਼ਟਮੀ ਥਿਤ ਵਿਖੀਆਨੀਏ ਸ਼ਟ ਰਸ ਭੋਜਨ ਆਦਿ ॥ ਜਿਸਨੇ ਸਭ ਪੈਦਾ ਕੀਏ ਕਰ ਤੂੰ ਉਸਕੀ ਯਾਦ ॥ ੧ ॥ ਜੋ ਦੇਖਤ ਸਭ ਬਿਨਸਤਾ ਬਾਪਰ ਸ਼ਾਹੀ ਆਦਿ ॥ ਸਿਮਰਨ ਕਰ ਤੂੰ ਪ੍ਰਭੂ ਕਾ ਜੋ ਹੈ ਆਦਿ ਜੁਗਾਦਿ ॥ ੨ ॥ ਉਲਟੇ ਨਿਯਮਾਂ ਕੀਤਿਆ ਆਵਤ ਤੁਝਕੋ ਹਾਰ ॥ ਸੁਭ ਕਰਮ ਕੇ ਕਰਨ ਸੇ ਪਾਵੈ ਸਤਿ ਦਰਬਾਰ ॥ ੩ ॥ ਸ਼ਿਸ਼ਟਮੀ ਸ਼ੁਦ ਕਰਮ ਕਰਾਵੈ ਜੋਵੈ ॥ ਗੁਰੂ ਮਿਲ ਜੀਵਨ ਮੁਕਤ ਹੈ ਸਖਾ ਰਵਿਦਾਸੀ ਹੋਵੈ ॥ ੪ ॥ ੭ ॥ ਟੇਕ ॥**

**<u>ਸ਼ਬਦ ਅਰਥ</u> : ਸ਼ਟ**- ਛੇ। **ਰਸ ਭੋਜਨ**- ਰਸਦਾਇਕ ਸੁਆਦਲੇ ਭੋਜਨ ਪਦਾਰਥ। **ਬਿਨਸਤਾ**- ਨਾਸ਼ਵਾਨ। **ਬਾਪਰ**- ਦੀਨ, ਬੇਚਾਰਾ, ਗਰੀਬ। **ਬਾਪਰ ਸ਼ਾਹੀ**- ਰੰਕ ਰਾਜਾ। **ਉਲਟੇ ਨਿਯਮਾਂ**- ਮਰਯਾਦਾ ਤੋਂ ਉਲਟ ਹੋ ਕੇ, ਥਾਪੇ ਹੋਏ ਸਿਧਾਂਤਾਂ ਦੇ ਵਿਪਰੀਤ ਹੋ ਕੇ। **ਸਤਿ-**

ਸਦਾ-ਥਿਰ ਰਹਿਣ ਵਾਲਾ-ਪ੍ਰਭੂ। **ਸ਼ੁਦ**- ਸ਼ੁੱਧ, ਪਵਿੱਤਰ, ਚੰਗਾ, ਨੇਕ। **ਸਖਾ**- ਮਿੱਤਰ।
**<u>ਪਦ ਅਰਥ</u>**- ਸ਼ਿਸ਼ਟਮੀ ਭਾਵ ਮੱਸਿਆ ਤੋਂ ਛੇਵੀਂ ਤਿੱਥੀ। ਛੇਵੀਂ ਤਿੱਥੀ ਰਾਹੀਂ ਸਤਿਗੁਰੂ ਮਹਾਰਾਜ ਜੀ ਵਿਖਿਆਨ ਕਰਦੇ ਹਨ ਕਿ ਹੇ ਜੀਵ! ਜਿਸ ਪ੍ਰਭੂ ਨੇ ਛੇ ਪ੍ਰਕਾਰ ਦੇ ਰਸ-ਦਾਇਕ ਸੁਆਦਲੇ ਭੋਜਨ-ਪਦਾਰਥ ਆਦਿਕ ਸਭ ਪੈਦਾ ਕੀਤੇ ਹਨ ਤੂੰ ਉਸ ਦਾ ਸਿਮਰਨ ਕਰ॥
2. ਸੰਸਾਰ ਵਿੱਚ ਜੋ ਕੁਝ ਵੀ ਦ੍ਰਿਸ਼ਟਮਾਨ ਹੈ ਉਹ ਸਭ ਕੁਝ ਨਾਸ਼ ਹੋ ਜਾਣ ਵਾਲਾ ਹੈ, ਉਹ ਭਾਵੇਂ ਵੱਡਾ ਰਾਜਾ ਹੈ ਜਾਂ ਫਿਰ ਛੋਟਾ ਰੰਕ। ਇਸ ਲਈ ਤੂੰ ਉਸ ਪ੍ਰਭੂ ਦਾ ਸਿਮਰਨ ਕਰ ਜੋ ਸ੍ਰਿਸ਼ਟੀ ਦਾ ਮੁੱਢ ਹੈ ਤੇ ਜੋ ਜੁੱਗਾਂ ਦੇ ਸ਼ੁਰੂ ਤੋਂ ਵੀ ਪਹਿਲਾਂ ਦਾ ਮੌਜੂਦ ਹੈ (ਭਾਵ ਤੂੰ ਉਸ ਪ੍ਰਭੂ ਦਾ ਸਿਮਰਨ ਕਰ ਜੋ ਨਾਸ਼-ਰਹਿਤ ਹੈ।)॥
3. ਹੇ ਭਾਈ! ਯਾਦ ਰੱਖ, ਮਨੁੱਖਤਾ ਦੀ ਮਰਯਾਦਾ ਦੇ ਉਲਟ ਹੋ ਕੇ ਖੋਟੇ ਕਰਮ ਕਰਨ ਨਾਲ ਜੀਵ ਨੂੰ ਹਮੇਸ਼ਾ ਹਾਰ ਹੀ ਮਿਲਦੀ ਹੈ ਪਰ ਨੇਕ ਤੇ ਪੁੰਨ ਕਰਮ ਕਰਨ ਨਾਲ ਜੀਵ ਨੂੰ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦਾ ਦਰ ਪ੍ਰਾਪਤ ਹੁੰਦਾ ਹੈ ਭਾਵ ਉਹ ਪ੍ਰਭੂ ਦੇ ਦਰ 'ਤੇ ਕਬੂਲਿਆ ਜਾਂਦਾ ਹੈ॥
4. ਇਸ ਲਈ ਹੇ ਭਾਈ! ਤੂੰ ਹਮੇਸ਼ਾ ਨੇਕ ਤੇ ਪੁੰਨ ਕਰਮ ਕਰਦਾ ਰਹਿ। ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਕਰਦੇ ਹਨ ਕਿ ਜੀਵ ਦਾ ਸੱਚਾ ਮਿੱਤਰ ਗੁਰੂ ਹੀ ਹੈ, ਜਿਸ ਨੂੰ ਮਿਲ ਕੇ ਉਸ ਦੇ 'ਸ਼ਬਦ' ਰਾਹੀਂ ਪ੍ਰਭੂ ਦਾ ਸਿਮਰਨ ਕੀਤਿਆਂ ਜੀਵ ਨੂੰ ਜੀਵਨ-ਮੁਕਤੀ ਮਿਲਦੀ ਹੈ॥

**ਸਤਮੀ ਸਾਰੇ ਰਮ ਰਹਾ ਆਪ ਹਰੀ ਸਿਰਜਨਹਾਰ॥ ਤੂੰ ਨਾ ਭੂਲੈ ਪਰਾਣੀਆਂ ਸਿਮਰਨ ਬਾਰਮਬਾਰ॥ ੧॥ ਹਰਿ ਪੂਰਨ ਪਰਮਾਤਮਾ ਨਿਰਧਨ ਅਧਾਰ॥ ਸਰਬ ਵਿਆਪੀ ਪ੍ਰਭੂ ਹੈ ਤੂੰ ਨਾ ਕਭੀ ਬਿਸਾਰ॥ ੨॥ ਦੁਖੀਆਂ ਕੇ ਦੁਖ ਦੂਰ ਕਰ ਕਸ਼ਟ ਨਿਵਾਰੋ ਆਪ॥ ਸਦਾ ਸਹਾਈ ਪ੍ਰਭੂ ਹੈ ਕਰੈ ਜੋ ਉਸਕਾ ਜਾਪ॥ ੩॥ ਨਿੰਦ ਕਾ ਹੰਕਾਰੀ ਪਾਠ ਕਾ ਭਗਤ ਹੈ ਤਾਸ॥ ਹਰਿ ਭਜਨ ਸੰਗ ਮੁਕਤੀ ਪਾਵੈ ਜਨ ਰਵਿਦਾਸ॥ ੪॥ ੮॥ ਟੇਕ॥**

**<u>ਸ਼ਬਦ ਅਰਥ</u>** : **ਨਿਰਧਨ**- ਗਰੀਬ, ਨਿਆਸਰਾ। **ਬਿਸਾਰ**- ਚੇਤਿਉ ਭੁਲਾਉਣਾ, ਯਾਦੋਂ ਭੁਲਾਉਣਾ। **ਕਸ਼ਟ**- ਦੁੱਖ, ਮੁਸੀਬਤ। **ਨਿਵਾਰੋ**- ਛੁਟਕਾਰਾ ਪਾਉਣਾ, ਦੂਰ ਕਰਨਾ। **ਸਹਾਈ**-ਮਦਦਗਾਰ ਹੋਣਾ। **ਪਾਠ**- ਸਿਮਰਨ ਕਰਨਾ, ਸਿਮਰਨ ਦੀ ਪਰਪੱਟੀ ਪੈਣਾ। **ਤਾਸ**- ਉਹ (ਭਾਵ ਪ੍ਰਭੂ)।
**<u>ਪਦ ਅਰਥ</u>**- ਸੱਤਮੀ ਭਾਵ ਮੱਸਿਆ ਤੋਂ ਸੱਤਵੀਂ ਤਿੱਥੀ। ਹੇ ਭਾਈ! ਸ੍ਰਿਸ਼ਟੀ ਦਾ ਸਿਰਜਣਹਾਰ-ਪ੍ਰਭੂ ਸ੍ਰਿਸ਼ਟੀ ਦੇ ਕਣ-ਕਣ ਵਿੱਚ ਰਮ ਰਿਹਾ ਹੈ। ਤੂੰ ਉਸ ਨੂੰ ਆਪਣੇ ਦਿਲੋਂ ਕਦੇ ਨਾ ਭੁਲਾ, ਉਸ ਦਾ ਵਾਰ-ਵਾਰ ਸਿਮਰਨ ਕਰਦਾ ਰਹਿ॥
2. ਹੇ ਭਾਈ! ਪ੍ਰਭੂ-ਪਰਮੇਸ਼ਰ ਸਰਬ ਕਲਾ ਸਮਰੱਥ ਹੈ ਤੇ ਨਿਆਸਰਿਆਂ ਦਾ ਆਸਰਾ ਹੈ। ਪ੍ਰਭੂ ਸਰਬ-ਵਿਆਪਕ ਹੈ, ਹਰ ਥਾਂ, ਹਰ ਘਟ ਵਿੱਚ ਮੌਜੂਦ ਹੈ, ਤੂੰ

ਉਸ ਨੂੰ ਆਪਣੇ ਚੇਤਿਓਂ ਕਦੀ ਨਾ ਭੁਲਾ॥

3. ਪ੍ਰਭੂ ਦੀਨ-ਦੁਖੀਆਂ ਦੇ ਦੁੱਖ ਦੂਰ ਕਰਕੇ ਉਨ੍ਹਾਂ ਨੂੰ ਮੁਸੀਬਤਾਂ ਤੋਂ ਛੁਟਕਾਰਾ ਦਿਵਾਉਂਦਾ ਹੈ। ਜਿਹੜਾ ਵੀ ਜੀਵ ਪ੍ਰਭੂ ਨੂੰ ਸਿਮਰਦਾ ਰਹਿੰਦਾ ਹੈ, ਪ੍ਰਭੂ ਉਸ ਦਾ ਹਮੇਸ਼ਾ ਲਈ ਮਦਦਗਾਰ ਬਣਿਆ ਰਹਿੰਦਾ ਹੈ॥

4. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਹੰਕਾਰੀ ਜੀਵ ਹਮੇਸ਼ਾ ਨਿੰਦਿਆ ਹੀ ਕਰਦਾ ਰਹਿੰਦਾ ਹੈ ਜਦਕਿ ਪ੍ਰਭੂ ਦਾ ਭਗਤ ਹਮੇਸ਼ਾ ਪ੍ਰਭੂ ਦਾ ਨਾਮ ਸਿਮਰਦਾ ਰਹਿੰਦਾ ਹੈ। ਇਸ ਸਿਮਰਨ ਦੀ ਬਰਕਤਿ ਨਾਲ ਉਹ (ਜਨਮ-ਮਰਨ ਦੇ ਗੇੜ ਤੋਂ) ਮੁਕਤੀ ਪਾ ਲੈਂਦਾ ਹੈ॥

**ਅਠਮੀ ਆਠੋ ਆਮ ਜੋ ਸਿਮਰਨ ਕਰ ਹਰਿਨਾਮ॥ ਸੁਧ ਤੇਰਾ ਪ੍ਰਲੋਕ ਜੋ ਹੋਵੈ ਅੰਤ ਕਲਿਆਣ॥ ੧॥ ਹੋਵੈ ਗਿਆਨ ਕੀ ਰੌਸ਼ਨੀ ਗੁਰੂ ਗਿਆਨ ਕਾ ਮੂਲ॥ ਗੁਰੂ ਸੇਵਾ ਬਹਿ ਸੰਤ ਕੀ ਕਰਮ ਕਮਾਇ ਅਸੂਲੂ॥ ੨॥ ਭੂਲਨ ਅੰਦਰ ਸਭ ਕੋ ਅਭੁੱਲ ਪ੍ਰਭੂ ਹੈ ਆਪ॥ ਭੁੱਲਾ ਰਹੇ ਜੋ ਪਾਪ ਸੇ ਮਿਟਤ ਸਕਲ ਸੰਤਾਪ॥ ੩॥ ਅਠਮੀ ਅਟਕ ਨਾ ਹੋਵਸੀ ਜਿਸ ਕਾ ਰਿਦਾ ਸੁਫਾਇ॥ ਰਵਿਦਾਸ ਅਟਕ ਹੈ ਉਸਕੋ ਪਾਪ ਪੋਟਰੀ ਉਠਾਇ॥ ੪॥ ੯॥ ਟੇਕ॥**

**ਸ਼ਬਦ ਅਰਥ :** **ਸੁਧ**- ਸੁਧਰਣਾ, ਪਵਿੱਤਰ। **ਗਿਆਨ**- ਆਤਮਿਕ ਜੀਵਨ ਦੀ ਸੂਝ-ਬੂਝ। **ਰੌਸ਼ਨੀ**- ਚਾਨਣਾ। **ਮੂਲ**- ਸਰੋਤ, ਜੜ, ਮੁੱਢ। **ਬਹਿ**- ਬੈਠ ਕੇ, ਟਿਕ ਕੇ। **ਕਰਮ**- ਕੰਮ, ਕਾਰ। **ਅਸੂਲੂ**- ਅਸਲੀਅਤ, ਮੁੱਢ। **ਸਕਲ ਸੰਤਾਪ**- ਸਾਰੇ ਦੁੱਖ ਕਲੇਸ਼। **ਅਟਕ**- ਵਿਘਨ। **ਰਿਦਾ**- ਹਿਰਦਾ। **ਸੁਫਾਇ**- ਸਾਫ਼, ਪਵਿੱਤਰ। **ਪੋਟਰੀ**- ਪੰਡ।

**ਪਦ ਅਰਥ**- ਅਸਟਮੀ ਭਾਵ ਮੱਸਿਆ ਤੋਂ ਅੱਠਵੀਂ ਤਿੱਥੀ। ਹੇ ਭਾਈ! ਜਿਹੜਾ ਵੀ ਜੀਵ ਪ੍ਰਭੂ ਦੇ ਨਾਮ ਨੂੰ ਅੱਠੋ ਪਹਿਰ ਸਿਮਰਦਾ ਰਹਿੰਦਾ ਹੈ ਉਸ ਦਾ ਲੋਕ-ਪ੍ਰਲੋਕ ਸੁਧਰ ਜਾਂਦਾ ਹੈ ਤੇ ਅੰਤ ਨੂੰ ਉਸ ਦਾ ਉੱਧਾਰ ਹੋ ਜਾਂਦਾ ਹੈ ਭਾਵ ਉਹ ਜੀਵਨ-ਮੁਕਤ ਹੋ ਜਾਂਦਾ ਹੈ॥

2. ਗੁਰੂ, ਜੀਵ ਨੂੰ ਆਤਮਿਕ ਜੀਵਨ ਦੀ ਸੋਝੀ ਦੇਣ ਵਾਲਾ ਸਰੋਤ ਹੈ, ਸੋਮਾ ਹੈ। ਗੁਰੂ ਦੇ 'ਸ਼ਬਦ' ਦੀ ਬਰਕਤਿ ਨਾਲ ਜੀਵ ਅੰਦਰ ਆਤਮਿਕ ਜੀਵਨ ਦੀ ਸੂਝ ਦਾ ਚਾਨਣਾ ਹੋ ਜਾਂਦਾ ਹੈ। ਜਦੋਂ ਜੀਵ (ਅਡੋਲਤਾ 'ਚ) ਟਿਕ ਕੇ ਗੁਰੂ-ਰੂਪ ਸੰਤ ਦੀ ਸੇਵਾ ਨਾਲ ਜੁੜਦਾ ਹੈ, ਭਾਵ ਗੁਰੂ ਦੇ 'ਸ਼ਬਦ' ਨਾਲ ਜੁੜਦਾ ਹੈ ਤਾਂ ਅਸਲ ਵਿੱਚ ਉਦੋਂ ਉਹ ਪ੍ਰਭੂ ਦੇ ਸਿਮਰਨ ਦੀ ਹੀ ਕਾਰ ਕਮਾ ਰਿਹਾ ਹੁੰਦਾ ਹੈ॥

3. ਹੇ ਭਾਈ! (ਮਾਇਆ ਦੇ ਪ੍ਰਭਾਵ ਕਾਰਨ) ਸਾਰੇ ਜੀਵ ਕੋਈ ਨਾ ਕੋਈ ਭੁੱਲ-ਗ਼ਲਤੀ ਕਰ ਬੈਠਦੇ ਹਨ ਪਰ ਇਕ ਪ੍ਰਭੂ ਹੀ ਹੈ ਜੋ ਸਭ ਤਰ੍ਹਾਂ ਦੀਆਂ ਭੁੱਲਾਂ-ਗ਼ਲਤੀਆਂ ਤੋਂ ਪਰ੍ਹੇ ਹੈ। ਜਿਹੜਾ ਜੀਵ ਪਾਪਾਂ ਵੱਲੋਂ ਭੁੱਲਾ ਰਹਿੰਦਾ ਹੈ ਭਾਵ ਕੋਈ ਪਾਪ ਕਰਮ ਨਹੀਂ ਕਰਦਾ, ਉਸ ਦੇ ਸਾਰੇ ਦੁੱਖ-ਕਲੇਸ ਮਿਟ ਜਾਂਦੇ ਹਨ॥

4. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਜਿਨ੍ਹਾਂ ਜੀਵਾਂ ਦਾ ਹਿਰਦੇ ਪਾਕ ਤੇ ਪਵਿੱਤਰ ਹੁੰਦਾ ਹੈ ਉਨ੍ਹਾਂ ਦੇ (ਜੀਵਨ-ਸਫ਼ਰ) ਵਿੱਚ ਕੋਈ

ਵਿਘਨ ਨਹੀਂ ਪੈਂਦਾ ਪਰ ਜਿਨ੍ਹਾਂ ਜੀਵਾਂ ਨੇ ਪਾਪਾਂ ਦੀ ਪੰਡ ਸਿਰ 'ਤੇ ਉਠਾਈ ਹੁੰਦੀ ਹੈ ਉਨ੍ਹਾਂ ਦੇ (ਜੀਵਨ-ਸਫ਼ਰ) ਵਿੱਚ ਵਿਘਨ ਹੀ ਵਿਘਨ ਪੈਂਦੇ ਹਨ॥

**ਨੌਮੀ ਨੌਧ ਭਗਤ ਜੋ ਹੈ ਭਗਤਾ ਮਨਜ਼ੂਰ ॥ ਪੁਰਸ਼ ਭਲਾ ਜੋ ਕਰੇਗੇ ਸਭਨਾ ਪੂਰਨ ਪੂਰ ॥ ੧ ॥ ਪਦ ਸੇਵਨ ਕੀਰਤਨ ਜਸ ਚੌਥੈ ਅਰਪਣ ਜਾਨ ॥ ਦਾਸ ਸਖਾ ਨੇ ਅਰਚਨਾ ਆਠੋ ਬੰਦਨਾ ਮਾਨ ॥ ੨ ॥ ਨੌਮੀ ਡੰਡਾਉਤ ਕਹੀ ਜੋ ਕਹੇ ਕਰਾਏ ਜਾਇ ॥ ਰਵਿਦਾਸ ਭਜਨ ਅਮੋਲ ਹੈ ਬਿਰਲਾ ਪਾਏ ਕੋਇ ॥ ੩ ॥ ੧੦ ॥ ਟੇਕ ॥**

**ਪਦ ਅਰਥ**- ਨੌਮੀ ਭਾਵ ਮੱਸਿਆ ਤੋਂ ਨੌਵੀਂ ਤਿੱਥੀ। ਪ੍ਰਭੂ ਦੇ ਭਗਤ ਪ੍ਰਭੂ ਦੀ ਨੌ ਪ੍ਰਕਾਰ ਦੀ ਪ੍ਰਚੱਲਿਤ ਭਗਤੀ ਨੂੰ ਮੰਨਦੇ ਹਨ। ਜਿਹੜਾ ਵੀ ਨੇਕ ਦਿਲ ਵਾਲਾ ਜੀਵ ਪ੍ਰਭੂ ਦੀ ਭਗਤੀ ਕਰਦਾ ਹੈ ਉਹ ਰੱਬੀ ਗੁਣਾਂ ਨਾਲ ਪੂਰੀ ਤਰ੍ਹਾਂ ਭਰਪੂਰ ਹੋ ਜਾਂਦਾ ਹੈ॥

2. ਨਵੱਧਾ ਭਗਤੀ ਭਾਵ ਨੌ ਪ੍ਰਕਾਰ ਦੀ ਭਗਤੀ ਜੋ ਕਿ ਇਸ ਤਰ੍ਹਾਂ ਹੈ : ਪਹਿਲੀ ਪਦ ਸੇਵਨ- ਚਰਨਾਂ ਦੀ ਸੇਵਾ, ਦੂਜੀ ਕੀਰਤਨ-ਪ੍ਰਭੂ ਦੇ ਗੁਣਾਂ ਦਾ ਕੀਰਤਨ ਕਰਨਾ, ਤੀਜੀ ਜਸ- ਪ੍ਰਭੂ ਦੀ ਉਸਤਤਿ ਗਾਉਣਾ ਤੇ ਸੁਣਨਾ, ਚੌਥੀ ਅਰਪਣ- ਆਪਣਾ ਆਪ ਪ੍ਰਭੂ ਨੂੰ ਸਮਰਪਨ ਕਰਨਾ, ਪੰਜਵੀਂ ਦਾਸ- ਸੇਵਕ ਭਾਵ ਵਾਲੀ ਭਗਤੀ ਕਰਨਾ, ਛੇਵੀਂ ਸਖਾ-ਪ੍ਰਭੂ ਨਾਲ ਮਿੱਤਰ ਵਾਲਾ ਭਾਵ ਰੱਖਣਾ, ਸੱਤਵੀਂ ਅਰਚਨਾ-ਪ੍ਰਭੂ ਨੂੰ ਫੁੱਲ ਆਦਿਕ ਸਮਗਰੀ ਨਾਲ ਪੂਜਣਾ, ਅੱਠਵੀਂ ਵੰਦਨਾ-ਨਮਸਕਾਰ ਕਰਨਾ ਹੈ॥

3. ਪ੍ਰਭੂ ਦੀ ਨੌਵੀਂ ਭਗਤੀ ਡੰਡਉਤ- ਲੰਮੇ ਪੈ ਕੇ ਪ੍ਰਣਾਮ ਕਰਨਾ ਹੈ।(ਪੰਡਿਤਾਂ ਦੁਆਰਾ ਇਨ੍ਹਾਂ ਵਿਧੀਆਂ ਰਾਹੀਂ) ਭਗਤੀ ਕਰਨ ਤੇ ਕਰਾਉਣ ਨੂੰ ਕਿਹਾ ਜਾਂਦਾ ਹੈ। ਪਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਪ੍ਰੇਮਾ-ਭਾਵ ਨਾਲ ਪ੍ਰਭੂ ਦਾ 'ਭਜਨ' ਕਰਨਾ, 'ਸਿਮਰਨ' ਕਰਨਾ ਪ੍ਰਭੂ-ਭਗਤੀ ਦੇ ਸਾਰਿਆਂ ਤਰੀਕਿਆਂ ਨਾਲੋਂ ਅਨਮੋਲ ਤਰੀਕਾ ਹੈ। ਕੋਈ ਭਾਗਾਂ ਵਾਲਾ ਵਿਰਲਾ ਜੀਵ ਹੀ ਇਸ ਭਗਤੀ ਨੂੰ ਪ੍ਰਾਪਤ ਕਰਦਾ ਹੈ॥

**ਦਸਮੀ ਦਰਦ ਨਿਵਾਰ ਲੈ ਸਚੇ ਸਤਿਗੁਰ ਸੰਗ ॥ ਸਮਾਂ ਵਿਅਰਥ ਜਾਇਗਾ ਹੰਕਾਰੀ ਦੁਸ਼ਟ ਭੁਜੰਗ ॥ ੧ ॥ ਮੈਂ ਮੇਰੀ ਨੂੰ ਮਾਰ ਲੈ ਮਨ ਮਹਿ ਸ਼ਾਂਤ ਹੋਵੈ ॥ ਕ੍ਰੋਧ ਬੁਰਾ ਹੈ ਕਾਲ ਸੇ ਇਸਕੋ ਲੇਉ ਸਮਾਵੈ ॥ ੨ ॥ ਸ੍ਰਿਸ਼ਟ ਮੁਨੀ ਸਭ ਸਮਝਤੇ ਕਰਦੇ ਨਾਮ ਅਧਾਰ ॥ ਸਰਬ ਠੋਰ ਮੇਂ ਬਸ ਰਹਾ ਸੱਚਾ ਸਿਰਜਣਹਾਰ ॥ ੩ ॥ ਦਸਮੀ ਦਿਸ਼ੋ ਦਿਸ਼ ਬਸ ਰਹਾ ਸਾਰੇ ਹੈ ਕਰਤਾਰ ॥ ਹਰਿ ਹਰਿ ਤੁਲ ਨਾ ਪ੍ਰਾਨੀਆਂ ਕਹਿ ਰਵਿਦਾਸ ਬਿਚਾਰ ॥ ੪ ॥ ੧੧ ॥ ਟੇਕ ॥**

**ਸ਼ਬਦ ਅਰਥ** : **ਨਿਵਾਰ ਲੈ**- ਦੂਰ ਕਰ ਲੈ, ਖ਼ਤਮ ਕਰ ਲੈ। **ਭੁਜੰਗ**- ਅੱਤਿਆਚਾਰੀ। **ਸਮਾਵੈ**- ਲਯ ਕਰਨਾ। **ਕਾਲ**- ਮੌਤ। **ਅਧਾਰ**- ਆਸਰਾ। **ਠੋਰ**- ਥਾਂ। **ਸੱਚਾ**- ਸਦਾ ਥਿਰ ਰਹਿਣ ਵਾਲਾ। **ਤੁਲ**- ਬਰਾਬਰ, ਸਮਾਨ।

**<u>ਪਦ ਅਰਥ</u>**- ਦਸਮੀ ਭਾਵ ਮੱਸਿਆ ਤੋਂ ਦਸਵੀਂ ਤਿੱਥੀ। ਹੇ ਭਾਈ! ਤੂੰ ਸੱਚੇ ਸਤਿਗੁਰੂ ਦੀ ਸੰਗਤ ਕਰਕੇ ਆਪਣੇ ਸਾਰੇ ਦੁੱਖ-ਦਰਦ ਦੂਰ ਕਰ ਲੈ। ਯਾਦ ਰੱਖ ਹੰਕਾਰੀ, ਦੁਸ਼ਟ-ਜਨਾਂ ਤੇ ਅੱਤਿਆਚਾਰੀ ਜੀਵਾਂ ਦੀ ਸੰਗਤ ਕਰਨ ਨਾਲ ਸਮਾਂ ਵਿਅਰਥ ਹੀ ਜਾਂਦਾ ਹੈ॥

2. ਹੇ ਭਾਈ! ਤੂੰ ਮੈਂ-ਮੇਰੀ ਦੇ ਹੰਕਾਰ ਨੂੰ ਆਪਣੇ ਅੰਦਰੋਂ ਖ਼ਤਮ ਕਰ ਦੇ, ਜਿਸ ਨਾਲ ਤੇਰੇ ਮਨ ਨੂੰ ਸਦੀਵੀ ਆਤਮਿਕ-ਸ਼ਾਂਤੀ ਮਿਲੇਗੀ। ਯਾਦ ਰੱਖ, ਗੁੱਸਾ ਮੌਤ ਤੋਂ ਵੀ ਅਧਿਕ ਖ਼ਤਰਨਾਕ ਹੈ। ਇਸ ਨੂੰ ਹਮੇਸ਼ਾ ਆਪਣੇ ਅੰਦਰ ਹੀ ਲੈਅ ਕਰਨਾ ਚਾਹੀਦਾ ਹੈ, ਖ਼ਤਮ ਕਰਨਾ ਚਾਹੀਦਾ ਹੈ॥

3. ਪੁੱਗੇ ਹੋਏ ਮੁਨੀ-ਜਨ ਵੀ ਇਸ ਤੱਥ ਨੂੰ (ਭਾਵ ਵਿਕਾਰਾਂ ਜਿਵੇਂ ਕਿ ਗੁੱਸਾ ਆਦਿਕ ਨੂੰ) ਚੰਗੀ ਤਰ੍ਹਾਂ ਸਮਝਦੇ ਹਨ ਤੇ (ਮਨ ਦੀ ਸ਼ਾਂਤ ਅਵਸਥਾ ਪਾਉਣ ਲਈ) ਉਸ ਪ੍ਰਭੂ ਦੇ ਨਾਮ ਦਾ ਆਸਰਾ ਲੈਂਦੇ ਹਨ ਜੋ ਸਭ ਥਾਂ ’ਤੇ ਵਿਆਪਕ ਹੈ, ਸਦਾ ਥਿਰ ਰਹਿਣ ਵਾਲਾ ਹੈ ਤੇ ਸ੍ਰਿਸ਼ਟੀ ਦਾ ਰਚਨਹਾਰ ਹੈ॥

4. ਸਤਿਗੁਰੂ ਮਹਾਰਾਜ ਜੀ ਦਸਵੀਂ ਤਿੱਥੀ ਰਾਹੀਂ ਇਹ ਗੱਲ ਵਿਚਾਰ ਕੇ ਫ਼ਰਮਾਉਂਦੇ ਹਨ ਕਿ ਹੇ ਪ੍ਰਾਣੀ! ਕਰਤਾ-ਪੁਰਖ ਪਰਮੇਸ਼ਰ ਦਸੇ ਦਿਸ਼ਾਵਾਂ ਤੇ ਹਰ ਥਾਂ ਵਿਆਪਕ ਹੈ। ਦੁਨੀਆਂ ਵਿੱਚ ਉਸ ਦੇ ਬਰਾਬਰ ਦਾ ਕੋਈ ਹੋਰ ਦੂਸਰਾ ਨਹੀਂ ਹੈ, ਇਸ ਲਈ ਤੂੰ ਵੀ ਉਸ ਅਤੁਲ ਪ੍ਰਭੂ ਦੇ ਨਾਮ ਦਾ ਆਸਰਾ ਲੈ॥

**ਏਕਾਦਸੀ ਏਕ ਦਾ ਦਾਸ ਰਹੁ ਫੂਰਨੇ ਤਜੋ ਅਨੇਕ॥ ਭਗਤ ਹੋਤ ਤਰ ਜਾਵਗੇ ਸਦਾ ਮਾਨੀਏ ਟੇਕ॥ ੧॥ ਅੰਬਾ ਗੁਵਾਹੀ ਨਿੰਦਾ ਬਾਸ ਇਹ ਜਾਨ॥ ਇਹ ਸਭ ਜੋਹਰ ਸੁਮਨ ਹੈ ਛਾਡੋ ਇਨਕਾ ਧਿਆਨ॥ ੨॥ ਜੂਆ ਮਾਸ ਮਧਰ ਬੇਸ਼ਿਆ ਹਿੰਸਾ ਚੋਰੀ ਕਾਰ॥ ਜਿਹ ਖੋਟੇ ਕਰਮ ਹੈ ਡੋਬਨ ਨਰਕ ਮਝਾਰ॥ ੩॥ ਮਨੁੱਖ ਜੂਨ ਸੁਲੱਖਣੀ ਗਤ ਕਰਮਾਂ ਅਨੁਸਾਰ॥ ਬਿਨਾ ਭਜਨ ਬਿਰਥਾ ਜਨਮ ਜਾਇ ਕਹਿ ਰਵਿਦਾਸ ਬਿਚਾਰ॥ ੪॥ ੧੨॥ ਟੇਕ॥**

**<u>ਸ਼ਬਦ ਅਰਥ</u>** : **ਦਾਸ**- ਸੇਵਕ, ਭਗਤ। **ਫੂਰਨੇ**- ਮਨ ਦੇ ਸੰਕਲਪ-ਵਿਕਲਪ। **ਟੇਕ**- ਆਸਰਾ। **ਅੰਬਾ**= ਅੰਧਾ ਭਾਵ ਝੂਠੀ। **ਬਾਸ**- ਇੰਦਰੀਆਂ ਦੀਆਂ ਵਾਸਨਾਵਾਂ। **ਜੋਹਰ**= ਜ਼ਹਿਰ। **ਸੁਮਨ**= ਸਮਾਨ। **ਜੋਹਰ ਸੁਮਨ**- ਜ਼ਹਿਰ ਸਮਾਨ। **ਧਿਆਨ**- ਖ਼ਿਆਲ। **ਮਝਾਰ**- ਵਿਚਕਾਰ। **ਸੁਲੱਖਣੀ**- ਭਾਗਾਂ ਵਾਲੀ, ਚੰਗੇ ਲੱਛਣਾ ਵਾਲੀ। **ਗਤ**- ਪ੍ਰਾਪਤ ਹੋਣਾ, ਮਿਲਣਾ।

**<u>ਪਦ ਅਰਥ</u>**- ਏਕਾਦਸੀ ਭਾਵ ਮੱਸਿਆ ਤੋਂ ਗਿਆਰਵੀਂ ਤਿੱਥੀ। ਹੇ ਭਾਈ! ਮਨ ਦੇ ਸਾਰੇ ਸੰਕਲਪ-ਵਿਕਲਪ ਤਿਆਗ ਕੇ ‘ਇਕ’ ਪ੍ਰਭੂ ਦਾ ਭਗਤ ਬਣਿਆ ਰਹਿ। ‘ਇਕ’ ਪ੍ਰਭੂ ਦਾ ਹਮੇਸ਼ਾ ਆਸਰਾ ਲੈ ਕੇ ਭਗਤੀ ਕਰਨ ਵਾਲਾ ਜੀਵ ਮਾਇਆ ਦੇ ਮੋਹ-ਰੂਪ ਭਵਸਾਗਰ ਤੋਂ ਸਹਿਜੇ ਹੀ ਪਾਰ ਤਰ ਜਾਂਦਾ ਹੈ॥

2. ਹੇ ਭਾਈ! ਤੂੰ ਇਹ ਗੱਲ ਚੰਗੀ ਤਰ੍ਹਾਂ ਜਾਣ ਲੈ ਕਿ ਝੂਠੀ ਗਵਾਹੀ, ਪਰਾਈ ਨਿੰਦਿਆ ਤੇ ਇੰਦਰੀਆਂ ਦੇ ਭੋਗਾਂ ਦੀਆਂ ਵਾਸ਼ਨਾਵਾਂ ਸਭ ਜ਼ਹਿਰ ਸਮਾਨ ਹਨ

(ਜਿਹੜੀਆਂ ਕਿ ਜੀਵ ਦੇ ਆਤਮਿਕ ਜੀਵਨ ਨੂੰ ਮਾਰ-ਮੁਕਾ ਦਿੰਦੀਆਂ ਹਨ)। ਤੂੰ ਇਨ੍ਹਾਂ ਦਾ ਹਮੇਸ਼ਾ ਲਈ ਆਪਣੇ ਮਨੋਂ ਖ਼ਿਆਲ ਕੱਢ ਦੇ॥

3. ਹੇ ਭਾਈ! ਜੂਆ ਖੇਡਣਾ, ਮਾਸ ਖਾਣਾ, ਸ਼ਰਾਬ ਪੀਣਾ, ਵੈਸ਼ਿਯਾ ਦਾ ਸੰਗ ਕਰਨਾ, ਹਿੰਸਾ ਕਰਨਾ ਤੇ ਚੋਰੀ ਕਰਨਾ, ਇਹ ਸਭ ਅਜਿਹੇ ਖੋਟੇ ਕਰਮ ਹਨ ਜਿਹੜੇ ਕਿ ਜੀਵ ਨੂੰ ਨਰਕਾਂ ਵਿਚਕਾਰ ਡੋਬਦੇ ਹਨ॥

4. ਸਤਿਗੁਰੂ ਰਵਿਦਾਸ ਮਹਾਰਾਜ ਜੀ ਵਿਚਾਰ ਕੇ ਫ਼ਰਮਾਉਂਦੇ ਹਨ ਕਿ ਮਨੁੱਖਾ ਜੂਨ ਬੜੇ ਹੀ ਭਾਗਾਂ ਵਾਲੀ ਜੂਨ ਹੈ, ਸਰਬ-ਸ੍ਰੇਸ਼ਟ ਜੂਨ ਹੈ ਜਿਹੜੀ ਕਿ ਜੀਵ ਨੂੰ (ਪੁਰਬਲੇ ਜਨਮਾਂ ਵਿੱਚ ਕੀਤੇ ਹੋਏ) ਚੰਗੇ ਕਰਮਾਂ ਦੇ ਸੰਸਕਾਰਾਂ ਅਨੁਸਾਰ ਹੀ ਮਿਲਦੀ ਹੈ ਪਰ ਪ੍ਰਭੂ ਦੇ ਭਜਨ ਤੋਂ ਬਿਨਾਂ ਇਹ ਮਨੁੱਖਾ ਜੂਨ (ਜਨਮ) ਵਿਅਰਥ ਹੀ ਚਲੇ ਜਾਂਦੀ ਹੈ॥

**ਦੁਰਾਦਸੀ ਦੇ ਦਰਬਾਰ ਡਿਠਾ ਅਜਬ ਅੰਧ॥ ਬੜੇ ਕ੍ਰੋਧ ਸੇ ਪਾਪ ਹੈ ਬਾਸ ਖਿਮਾ ਮੁਕੰਦ॥ ੧॥ ਸਤਿ ਸੰਗਤਿ ਮਹਿ ਧਰਮ ਹੈ ਚੜੇ ਨਾਮ ਕਾ ਰੰਗ॥ ਬੈਕੁੰਠ ਭੀ ਉਸੇ ਆਖਦੇ ਜਹਾ ਹੋਤੇ ਸੰਤ ਸੰਗ॥ ੨॥ ਧਨ ਕੇ ਭਾਗੀ ਚਾਰ ਹੈ ਧਰਮ ਚੋਰ ਨਰਪ ਆਗ॥ ਧਰਮ ਹੇਤ ਜੋ ਲਾਏਗਾ ਤਿਨ ਕਹੇ ਬਡਭਾਗ॥ ੩॥ ਧਰਮ ਹੇਤ ਨਾ ਲਾਮਦੇ ਲੈਂਦੇ ਤੀਨੋ ਨਾਇ॥ ਚੋਰ ਨਰਪ ਓਰ ਆਗ ਜੋ ਕਹਿ ਰਵਿਦਾਸ ਬਤਾਇ॥ ੪॥ ੧੩॥ ਟੇਕ॥**

<u>**ਸ਼ਬਦ ਅਰਥ**</u> : **ਅੰਧ= ਅੰਦ**- ਕੌਤਕ, ਨਜ਼ਾਰਾ। **ਅਜਬ**- ਅਨੋਖਾ, ਅਦਭੁੱਤ। **ਮੁਕੰਦ**- ਮੁਕਤੀ ਦੇਣ ਵਾਲਾ ਦਾਤਾ-ਪ੍ਰਭੂ। **ਧਨ**- ਕਾਇਆ, ਦੇਹ। **ਭਾਗੀ**- ਹਿੱਸੇਦਾਰ। **ਧਰਮ**- ਉਹ ਪਵਿੱਤਰ ਨਿਯਮ ਜਿਨ੍ਹਾਂ ਦੇ ਆਧਾਰ 'ਤੇ ਜਗਤ ਖੜ੍ਹਾ ਹੈ, ਸ਼ੁੱਭ ਕਰਮ, ਨੇਕੀ। **ਚੋਰ**- ਕਾਮਾਦਿਕ ਚੋਰ; ਭਾਵ ਵਿਕਾਰ। **ਨਰਪ**- ਰਾਜਾ। **ਨਾਇ**- ਨਾਮ।

<u>**ਪਦ ਅਰਥ**</u>- ਦੁਆਦਸੀ ਭਾਵ ਮੱਸਿਆ ਤੋਂ ਬਾਰਵੀਂ ਤਿੱਥੀ। ਹੇ ਭਾਈ! ਪ੍ਰਭੂ-ਪਾਤਿਸ਼ਾਹ ਦੇ ਦਰਬਾਰ ਦਾ ਇਹ ਇਕ ਅਨੋਖਾ ਹੀ ਕੌਤਕ ਦੇਖਿਆ ਕਿ ਕ੍ਰੋਧ ਕਰਨ ਨਾਲ ਜੀਵ ਅੰਦਰ ਪਾਪ ਵ੍ਰਿਤੀ ਵਧਦੀ ਹੈ ਤੇ ਖਿਮਾ ਕਰਨ ਨਾਲ ਉਸ ਅੰਦਰ ਮੁਕਤੀ ਦਾ ਦਾਤਾ-ਪ੍ਰਭੂ ਆਪ ਆ ਵਸਦਾ ਹੈ॥

2. ਸਤਿਸੰਗਤ ਵਿੱਚ ਹਮੇਸ਼ਾ ਸੱਚਾ ਧਰਮ ਵਾਪਰਦਾ ਹੈ (ਭਾਵ ਸਤਿਸੰਗ 'ਚ ਸੱਚ, ਨੇਕੀ, ਦਇਆ ਆਦਿਕ ਵਰਗੇ ਰੱਬੀ ਗੁਣ ਹਮੇਸ਼ਾ ਵਿਆਪਕ ਰਹਿੰਦੇ ਹਨ।) ਤਾਹੀਂ ਤਾਂ ਸਤਿਸੰਗਤ ਵਿੱਚ ਜਾਇਆਂ ਜੀਵ ਨੂੰ ਪ੍ਰਭੂ ਦੇ ਨਾਮ ਦਾ ਪ੍ਰੇਮ-ਰੰਗ ਚੜ੍ਹਦਾ ਹੈ। ਜਿੱਥੇ ਵੀ ਜੀਵ ਨੂੰ ਸੰਤ-ਜਨਾਂ ਦਾ ਸੰਗ ਪ੍ਰਾਪਤ ਹੁੰਦਾ ਹੈ ਉਸੇ ਥਾਂ ਨੂੰ ਬੈਕੁੰਠ ਕਿਹਾ ਜਾਂਦਾ ਹੈ। (ਭਾਵ ਸਤਿਸੰਗਤ ਹੀ ਬੇਕੁੰਠ ਹੈ।)॥

3. ਹੇ ਭਾਈ! ਜੀਵ ਦੀ ਦੇਹ (ਸਰੀਰ) ਦੇ ਚਾਰ ਭਾਗੀਦਾਰ ਮੰਨੇ ਗਏ ਹਨ-ਧਰਮ, ਚੋਰ, ਰਾਜਾ ਤੇ ਅੱਗ। ਜਿਹੜਾ ਜੀਵ ਆਪਣੀ ਦੇਹ (ਸਰੀਰ) ਨੂੰ ਧਰਮ ਭਾਵ ਨੇਕੀ ਤੇ ਸ਼ੁੱਭ ਕਰਮਾਂ ਦੇ ਰਾਹ 'ਤੇ ਲਗਾਉਂਦਾ ਹੈ, ਉਸ ਨੂੰ ਵੱਡੇ ਭਾਗਾਂ ਵਾਲਾ ਕਿਹਾ ਜਾਂਦਾ ਹੈ॥

4. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਜਿਹੜਾ ਜੀਵ ਆਪਣੀ ਦੇਹ (ਸਰੀਰ) ਨੂੰ ਧਰਮ ਦੇ ਰਾਹ ਉੱਤੇ ਨਹੀਂ ਲਗਾਉਂਦਾ, ਉਹ ਦੇਹ (ਸਰੀਰ) ਕਾਮਾਦਿਕ ਚੋਰਾਂ ਦੇ ਹਿੱਸੇ ਆਉਂਦੀ ਹੈ ਭਾਵ ਕਾਮਾਦਿਕ ਚੋਰ (ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ) ਉਸ 'ਤੇ ਹਰ-ਦਮ ਆਪਣਾ ਪ੍ਰਭਾਵ ਪਾਈ ਰੱਖਦੇ ਹਨ ਜਾਂ ਫਿਰ ਇਹ ਦੇਹ (ਸਰੀਰ) ਰਾਜੇ ਦੇ ਹਿੱਸੇ ਆਉਂਦੀ ਹੈ ਭਾਵ ਰਾਜਾ ਜਿਵੇਂ ਚਾਹੇ ਤਿਵੇਂ ਹੀ ਉਸ ਦੇਹ (ਮਨੁੱਖ) ਨੂੰ ਵਰਤਦਾ ਹੈ ਤੇ ਅੰਤ ਨੂੰ ਇਹ ਦੇਹ (ਸਰੀਰ) ਅੱਗ ਦੇ ਹਿੱਸੇ ਆਉਂਦੀ ਹੈ ਭਾਵ ਦੇਹ (ਸਰੀਰ) ਦਾ ਅੰਤਿਮ ਸੰਸਕਾਰ ਕਰਨ ਲਈ ਇਸ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ॥

**ਤਰੈਦਸੀ ਤਾਰਨ ਹਾਰ ਹੈ ਸਦਾ ਸਦਾ ਤੂੰ ਧਿਆਇ॥ ਲੱਖ ਚੁਰਾਸੀ ਜੂਨ ਸੇ ਉਤਮ ਦੀਆਂ ਬਨਾਇ॥ ੧॥ ਬੰਦੇ ਬੁਰਜ ਬਨਾ ਦੀਆਂ ਐਸਾ ਅਜਬ ਬਨਾਇ॥ ਐਸਾ ਬਨੇ ਨਾ ਓਰ ਸੇ ਮਨ ਤਨ ਸੀਸ ਲਗਾਇ॥ ੨॥ ਉਸ ਕੋ ਨਾ ਤੂੰ ਭੂਲਣਾ ਪਿਆ ਪਟ ਕੇ ਭਾਇ॥ ਤੂਝੇ ਅਹਾਰ ਪਹੁੰਚਾਵਤਾ ਉਦਰ ਮਾਤ ਕੇ ਜਾਇ॥ ੩॥ ਤੇਰਸ ਤੇਰਾ ਕਲਪਨਾ ਝੂਠਾ ਦਿਖਤਾ ਭਾਸ॥ ਝੂਠਾ ਸੱਚੇ ਪੇਟ ਕਾ ਸਚ ਕਹੇ ਰਵਿਦਾਸ॥ ੪॥ ੧੪॥ ਟੇਕ॥**

**ਸ਼ਬਦ ਅਰਥ** : **ਬੁਰਜ**- ਗੋਲ ਆਕਾਰ ਮੰਡਪ, ਕਿਲ੍ਹਾ। **ਅਜਬ**- ਅਜੀਬ, ਅਦਭੁੱਤ। **ਪਟ**- ਪੜਦਾ। **ਭਾਇ**- ਪ੍ਰੇਮ, ਮੋਹ। **ਪਟ ਕੇ ਭਾਇ**- ਮੋਹ ਰੂਪੀ ਪੜਦਾ। **ਉਦਰ**- ਗਰਭ। **ਕਲਪਨਾ**- ਰਚਣਾ, ਸਿਰਜਣਾ। **ਝੂਠਾ**- ਨਾਸ਼ਵੰਤ। **ਭਾਸ**- ਅਨੁਭਵ ਹੋਣਾ, ਮਹਿਸੂਸ ਹੋਣਾ, ਲੱਗਣਾ। **ਪੇਟ**- ਢਿੱਡ ਭਾਵ ਸਰੀਰ।

**ਪਦ ਅਰਥ**- ਤਰੈਦਸੀ ਭਾਵ ਮੱਸਿਆ ਤੋਂ ਤੇਰਵੀਂ ਤਿੱਥੀ। ਹੇ ਭਾਈ! ਤੂੰ ਭਵ-ਸਾਗਰ ਤੋਂ ਤਾਰਨਹਾਰ ਪ੍ਰਭੂ ਨੂੰ ਹਮੇਸ਼ਾ-ਹਮੇਸ਼ਾ ਲਈ ਸਿਮਰਦਾ ਰਹਿ। ਪ੍ਰਭੂ ਨੇ ਮਨੁੱਖਾ-ਜੀਵ ਨੂੰ ਚੁਰਾਸੀ ਲੱਖ ਜੂਨਾਂ ਵਿੱਚੋਂ ਸਭ ਤੋਂ ਸ੍ਰੇਸ਼ਟ ਬਣਾਇਆ ਹੈ॥

2. ਪ੍ਰਭੂ ਨੇ ਮਨੁੱਖ ਦਾ ਸਰੀਰ ਇਕ ਅਜਿਹਾ ਅਦਭੁੱਤ ਕਿਲ੍ਹਾ ਬਣਾਇਆ ਹੈ ਜੋ ਕਿਸੇ ਹੋਰ ਤੋਂ ਇਸ ਤਰ੍ਹਾਂ ਦਾ ਬਣ ਨਹੀਂ ਸਕਦਾ। ਉਸ ਨੇ ਇਸ ਸਰੀਰ-ਰੂਪੀ ਕਿਲ੍ਹੇ ਨੂੰ ਮਨ (ਭਾਵ ਚੇਤਨ ਸ਼ਕਤੀ, ਆਤਮਾ), ਤਨ (ਭਾਵ ਹੱਡ, ਮਾਸ ਤੇ ਨਾੜੀਆਂ ਆਦਿਕ) ਤੇ ਸੀਸ (ਭਾਵ ਦਿਮਾਗ਼, ਬੁੱਧੀ) ਲਗਾ ਕੇ ਸਿਰਜਿਆ ਹੈ॥

3. ਹੇ ਭਾਈ! ਤੂੰ ਇਸ ਸਰੀਰ ਦੇ ਮੋਹ-ਰੂਪੀ ਪਰਦੇ ਵਿੱਚ ਫਸ ਕੇ ਉਸ ਪ੍ਰਭੂ ਨੂੰ ਕਦੇ ਵੀ ਨਾ ਭੁਲਾਈਂ, ਉਹ ਤਾਂ ਤੈਨੂੰ ਗਰਭ ਸਮੇਂ ਮਾਤਾ ਦੇ ਪੇਟ ਵਿੱਚ ਵੀ ਆਹਾਰ ਪਹੁੰਚਾਉਂਦਾ ਰਿਹਾ ਹੈ॥

4. ਹੇ ਭਾਈ! ਤੇਰੇ ਇਸ ਸਰੀਰ ਦੀ ਰਚਨਾ (ਬਣਤਰ, ਸਿਰਜਣਾ) ਝੂਠੀ ਦਿਖਾਈ ਦਿੰਦੀ ਹੋਈ ਲਗਦੀ ਹੈ ਭਾਵ ਇਹ ਸਰੀਰ ਨਾਸ਼ਵੰਤ ਹੈ, ਫ਼ਨਾ ਹੋ ਜਾਣ ਵਾਲਾ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਂਦੇ ਹਨ ਕਿ ਮੈਂ (ਮਨੁੱਖਾ-ਸਰੀਰ ਵਾਰੇ) ਸੱਚ ਕਹਿੰਦਾ ਹਾਂ ਕਿ ਇਹ ਝੂਠਾ ਹੈ (ਭਾਵ ਇਹ ਨਾਸ਼ਵੰਤ ਹੈ) ਪਰ ਇਹ ਵੀ ਸੱਚ ਹੈ (ਕਿ ਪ੍ਰਭੂ ਨੇ ਇਸ ਨੂੰ ਚੁਰਾਸੀ ਲੱਖ ਜੂਨਾਂ ਵਿੱਚੋਂ ਸਰਬ-ਸ੍ਰੇਸ਼ਟ

ਬਣਾਇਆ ਹੈ।)॥

**ਚਾਂਦ ਚੌਦਾ ਭਏ ਜਬ ਦਿਖਤਾ ਸਰਬ ਅਕਾਰ॥ ਸਰਬ ਬਿਆਪੀ ਪ੍ਰਭੂ ਹੈ ਸੂਰਜ ਚੰਦ ਅਤੇ ਤਾਰ॥ ੧॥ ਹਰਿ ਸੇ ਪ੍ਰੀਤ ਕਰੋ ਮਨ ਮੇਰੇ ਜੈਸੇ ਚੰਦ ਚਕੋਰ॥ ਬਾਲਕ ਪ੍ਰੀਤਿ ਖੀਰ ਸੇ ਬਾਦਲ ਘਟਾ ਸੇ ਮੋਰ॥ ੨॥ ਛਿਛ ਬਿਨ ਸੂਨੀ ਰੈਨ ਜੋ ਹਿਰਦੈ ਗਿਆਨ ਬਿਨ ਮਾਨ॥ ਗੁਰੂ ਗਿਆਨ ਅਮੁਲ ਹੈ ਉਤਮ ਭਗਤ ਹਰਿ ਜਾਨ॥ ੩॥ ਚੌਦਾ ਚੌਦਾ ਰਤਨ ਸਮ ਇਛਾ ਪੂਰਨ ਹੋਵੈ॥ ਰਵਿਦਾਸ ਸੰਸੈ ਸਭ ਮਿਟੈ ਪ੍ਰਭੂ ਪ੍ਰੇਮ ਬਸ ਹੋਵੈ॥ ੪॥ ੧੫॥ ਟੇਕ॥**

**<u>ਸ਼ਬਦ ਅਰਥ</u>** : **ਖੀਰ**- ਦੁੱਧ। **ਬਾਦਲ ਘਟਾ**- ਘਣੇ ਬੱਦਲ। **ਛਿਛ**- ਚੰਦਰਮਾ। **ਸੂਨੀ**- ਅਧੂਰੀ। **ਉਤਮ**- ਸ੍ਰੇਸ਼ਟ। **ਅਮੁਲ**- ਅਨਮੋਲ। **ਚੌਦਾ ਰਤਨ**- ਪੁਰਾਣਿਕ ਕਥਾਵਾਂ ਅਨੁਸਾਰ ਖੀਰ ਸਮੁੰਦਰ ਨੂੰ ਰਿੜਕਣ ਸਮੇਂ ਕੱਢੇ ਗਏ 14 ਅਦਭੁੱਤ ਪਦਾਰਥ (ਦੇਖੋ ਸ਼ਬਦ-ਅਰਥ ਪਦੇ ਨੰ : 31 ਦੇ)। **ਸਮ**- ਸਮਾਨ, ਬਰਾਬਰ।

**<u>ਪਦ ਅਰਥ</u>**- ਚਉਦਸੀ ਭਾਵ ਮੱਸਿਆ ਤੋਂ ਚੌਦਵੀਂ ਤਿੱਥੀ। ਹੇ ਭਾਈ! ਚੌਦਵੀਂ ਤਿੱਥੀ ਨੂੰ ਚੰਦਰਮਾ ਦਾ ਪੂਰਾ ਆਕਾਰ ਦਿਖਾਈ ਦਿੰਦਾ ਹੈ। ਪ੍ਰਭੂ ਸਰਬ-ਵਿਆਪਕ ਹੈ। ਸੂਰਜ, ਚੰਦ ਤੇ ਤਾਰੇ ਵੀ ਸਭਨਾਂ ਨੂੰ ਵਿਆਪਕ ਦਿਖਾਈ ਦਿੰਦੇ ਹਨ॥

2. ਹੇ ਮੇਰੇ ਮਨ! ਤੂੰ ਪ੍ਰਭੂ ਨਾਲ ਉਸ ਤਰ੍ਹਾਂ ਹੀ ਪ੍ਰੀਤ ਕਰ ਜਿਸ ਤਰ੍ਹਾਂ ਕਿ ਚਕੋਰ ਚੰਦਰਮਾ ਨਾਲ, ਬਾਲਕ ਦੁੱਧ ਨਾਲ ਤੇ ਮੋਰ ਘਣੇ ਬੱਦਲਾਂ (ਦੀ ਘਟਾ) ਨਾਲ ਕਰਦਾ ਹੈ॥

3. ਜਿਵੇਂ ਚੰਦਰਮਾ ਤੋਂ ਬਿਨਾਂ ਰਾਤ ਅਧੂਰੀ ਹੁੰਦੀ ਹੈ ਉਸੇ ਤਰ੍ਹਾਂ ਸਤਿਗੁਰੂ ਦੇ ਆਤਮਿਕ ਗਿਆਨ ਤੋਂ ਬਿਨਾਂ ਜੀਵ ਦੇ ਹਿਰਦੇ ਨੂੰ ਵੀ ਆਤਮਿਕ ਸੂਝ ਤੋਂ ਸੱਖਣਾ ਹੀ ਸਮਝਣਾ ਚਾਹੀਦਾ ਹੈ। ਯਾਦ ਰੱਖ, ਪ੍ਰਭੂ ਦਾ ਸ੍ਰੇਸ਼ਟ ਭਗਤ ਹੀ ਇਹ ਜਾਣਦਾ ਹੁੰਦਾ ਹੈ ਕਿ ਗੁਰੂ ਦਾ ਆਤਮਿਕ ਗਿਆਨ ਸਭ ਤੋਂ ਅਨਮੋਲ ਹੈ॥

4. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਪ੍ਰਭੂ ਨਾਲ ਪ੍ਰੇਮ ਕੀਤਿਆਂ ਪ੍ਰਭੂ ਆਪਣੇ ਭਗਤਾਂ ਦੇ ਵੱਸ ਵਿੱਚ ਆ ਜਾਂਦਾ ਹੈ ਤੇ ਜਿਸ ਦੀ ਬਰਕਤਿ ਨਾਲ ਉਨ੍ਹਾਂ ਭਗਤਾਂ ਦੇ ਸਾਰੇ ਸ਼ੰਕੇ ਮਿਟ ਜਾਂਦੇ ਹਨ ਅਤੇ ਚੌਦਾਂ ਰਤਨ ਸਮਾਨ ਉਨ੍ਹਾਂ ਦੀਆਂ ਸਾਰੀਆਂ ਇੱਛਾਵਾਂ ਵੀ ਪੂਰੀਆਂ ਹੋ ਜਾਂਦੀਆਂ ਹਨ॥

**ਪੁੰਨਿਆ ਪੂਰਨ ਚੰਦਰਮਾ ਸਾਰੇ ਹਾ ਪਰਕਾਸ॥ ਲੋਚਨ ਗਿਆਨੀ ਤਰੈਗੇ ਹਿਰਦੈ ਨਾਮ ਪਰਕਾਸ਼॥ ੧॥ ਗੁਰਮੁੱਖ ਅੰਮ੍ਰਿਤ ਪੀਵਗੇ ਮਨਮੁੱਖ ਅੰਧ ਗਵਾਰ॥ ਪ੍ਰੇਮ ਲਾਈ ਲੜ ਫੜੈਗੇ ਮਿਲਤ ਪਦਾਰਥ ਚਾਰ॥ ੨॥ ਰਵਿਦਾਸ ਜਿਹ ਗ੍ਰੰਥ ਹੈ ਪੜੈ ਸੁਣੈ ਮਨ ਲਾਇ॥ ਸਭਹੀ ਪਦਾਰਥ ਮਿਲੇਗੇ ਇਸਸੇ ਸਭ ਬਰ ਪਾਇ॥ ੩॥ ਪੰਦਰਾਂ ਤਿਥੀ ਸੰਪੂਰਨ ਹੈ ਪੂਰਨ ਪਾਠ ਕਰਾਇ॥ ਸਰਬ ਇਛਿਆ ਸੰਪੂਰਨ ਹੈ ਸਭਨਾ ਰਵਿਦਾਸ ਸਹਾਇ॥ ੪॥ ੧੬॥ ਟੇਕ॥**

**<u>ਸ਼ਬਦ ਅਰਥ</u>** : **ਲੋਚਨ**- ਅੱਖਾਂ ਦਾ ਸੁਰਮਾ। **ਗਿਆਨੀ**- ਆਤਮਿਕ ਗਿਆਨ ਦੀ ਸੂਝ ਵਾਲਾ। **ਗੁਰਮੁੱਖ** - ਗੁਰੂ ਵੱਲ ਹੈ ਜਿਸਦਾ ਮੁੱਖ, ਗੁਰੂ ਦੇ ਸਨਮੁੱਖ ਹੋਣ ਵਾਲਾ।

**ਮਨਮੁੱਖ**- ਮਨ ਦੇ ਪਿੱਛੇ ਤੁਰਨ ਵਾਲਾ। **ਅੰਮ੍ਰਿਤ**- ਆਤਮਿਕ ਜੀਵਨ ਦੇਣ ਵਾਲਾ ਨਾਮ-ਰਸ। **ਅੰਧ**- ਅੰਨ੍ਹਾਂ। **ਗਵਾਰ**-ਮੂਰਖ। **ਪੂਰਨ ਪਾਠ**- ਆਤਮਿਕ ਅਡੋਲਤਾ ਵਿੱਚ ਟਿਕ ਕੇ ਸਿਮਰਨ ਕਰਨਾ। **ਸਹਾਇ**- ਮਦਦਗਾਰ ਹੋਣਾ।

**ਪਦ ਅਰਥ**- ਪੁੰਨਿਆਂ ਭਾਵ ਮੱਸਿਆ ਤੋਂ ਪੰਦਰਵੀਂ ਤਿੱਥੀ। ਪੁੰਨਿਆਂ ਤਿੱਥੀ ਰਾਹੀਂ ਸਤਿਗੁਰੂ ਮਹਾਰਾਜ ਜੀ ਸਮਝਾਂਦੇ ਹਨ ਕਿ ਜਿਸ ਤਰ੍ਹਾਂ ਪੁੰਨਿਆਂ ਵਾਲੀ ਰਾਤ ਨੂੰ ਪੂਰਨ ਚੰਦਰਮਾ ਦਾ ਪ੍ਰਕਾਸ਼ ਸਭ ਪਾਸੇ ਹੁੰਦਾ ਹੈ ਉਸੇ ਤਰ੍ਹਾਂ ਗੁਰੂ ਦੇ 'ਸ਼ਬਦ' ਰਾਹੀਂ ਮਨ-ਅੱਖਾਂ ਵਿੱਚ ਆਤਮਿਕ ਗਿਆਨ ਦਾ ਸੁਰਮਾ ਪਾਉਣ ਨਾਲ ਜੀਵ ਦੇ ਹਿਰਦੇ ਵਿੱਚ ਵੀ ਸਰਬ-ਵਿਆਪਕ ਪ੍ਰਭੂ ਦੇ ਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ ਭਾਵ ਜੀਵ ਨੂੰ ਆਤਮਿਕ ਜੀਵਨ ਜਿਊਣ ਦੀ ਸਾਰੀ ਸੋਝੀ ਆ ਜਾਂਦੀ ਹੈ ਤੇ ਜਿਸ ਦੀ ਬਰਕਤਿ ਨਾਲ ਉਹ ਮਾਇਆ ਦੇ ਮੋਹ-ਰੂਪ ਸੰਸਾਰ-ਸਮੁੰਦਰ ਨੂੰ ਸਹਿਜੇ ਹੀ ਤਰ ਜਾਂਦਾ ਹੈ॥

2. ਗੁਰੂ ਦੇ ਸਨਮੁੱਖ ਰਹਿਣ ਵਾਲਾ ਜੀਵ (ਗੁਰੂ ਦੀ ਕਿਰਪਾ ਨਾਲ) ਆਤਮਿਕ ਜੀਵਨ ਦੇਣ ਵਾਲਾ ਨਾਮ-ਰਸ ਪੀਂਦਾ ਹੈ ਜਦਕਿ ਮਨ ਦੇ ਪਿੱਛੇ ਤੁਰਨ ਵਾਲਾ ਜੀਵ (ਮਾਇਆ ਦੇ ਮੋਹ ਵਿੱਚ) ਅੰਨ੍ਹਾ ਹੋਇਆ ਭਟਕਦਾ ਰਹਿੰਦਾ ਹੈ ਤੇ ਮੂਰਖ ਬਣਿਆ ਰਹਿੰਦਾ ਹੈ। ਜਿਹੜਾ ਜੀਵ ਸ਼ਰਧਾ ਪੂਰਵਕ ਗੁਰੂ ਦਾ ਲੜ ਫੜਦਾ ਹੈ ਉਹ ਚਾਰੇ ਪਦਾਰਥ (ਕਾਮ, ਅਰਥ, ਧਰਮ ਤੇ ਮੋਕਸ਼) ਪ੍ਰਾਪਤ ਕਰ ਲੈਂਦਾ ਹੈ॥

3. ਸਤਿਗੁਰੂ ਮਹਾਰਾਜ ਜੀ ਸਮਝਾਉਂਦੇ ਹਨ ਕਿ ਗੁਰੂ ਦੀ 'ਬਾਣੀ' 'ਇਕ ਗ੍ਰੰਥ' ਹੈ, ਜੋ ਵੀ ਜੀਵ ਇਸ ਨੂੰ ਪੜ੍ਹ ਕੇ ਤੇ ਸੁਣ ਕੇ ਇਸ ਦੀ ਸਿੱਖਿਆ ਨੂੰ ਆਪਣੇ ਮਨ ਵਿੱਚ ਵਸਾਉਂਦਾ ਹੈ ਭਾਵ ਇਸ ਸਿੱਖਿਆ ਨੂੰ ਆਪਣੇ ਨਿਤਾ-ਪ੍ਰਤੀ ਦੇ ਆਚਰਣ ਵਿੱਚ ਅਪਣਾਉਂਦਾ ਹੈ ਤਾਂ ਉਸ ਨੂੰ ਸਾਰੇ ਪਦਾਰਥ ਮਿਲਦੇ ਹਨ ਤੇ ਉਸ ਨੂੰ ਸਾਰੇ ਵਰ ਵੀ ਪ੍ਰਾਪਤ ਹੁੰਦੇ ਹਨ॥

4. ਸਤਿਗੁਰੂ ਰਵਿਦਾਸ ਮਹਾਰਾਜ ਜੀ ਇਨ੍ਹਾਂ ਪੰਦਰਾਂ ਤਿੱਥੀਆਂ ਰਾਹੀਂ ਜੀਵਾਂ ਨੂੰ ਉਪਦੇਸ਼ ਦਿੰਦੇ ਹਨ ਕਿ (ਆਤਮਿਕ ਅਡੋਲਤਾ ਵਿੱਚ ਟਿਕ ਕੇ) ਪ੍ਰਭੂ ਦਾ ਪਾਠ ਕਰਨ ਨਾਲ ਭਾਵ ਪ੍ਰਭੂ ਦਾ ਸਿਮਰਨ ਕਰਨ ਨਾਲ ਜੀਵਾਂ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੁੰਦੀਆਂ ਹਨ ਤੇ ਪ੍ਰਭੂ ਹਰ ਵੇਲੇ ਉਨ੍ਹਾਂ ਸਭਨਾਂ ਦਾ ਮਦਦਗਾਰ ਬਣਿਆ ਰਹਿੰਦਾ ਹੈ॥

* * * * *

## ''ਬਾਰਾਂ ਮਾਸ'' ਉਪਦੇਸ਼

## 'ਚੇਤ'

**ਚੜ੍ਹਿਆ ਚੇਤ ਸੁਲੱਖਣਾ, ਕਰ ਸੰਤਨ ਸੰਗ ਪ੍ਰੀਤ॥ ਗੁਰ ਚਰਨਨ ਚਿਤੁ ਲਾਇ ਕਰ, ਰਾਮ ਨਾਮ ਜੱਪ ਨੀਤ॥ [1] ਗੁਰ ਗੋਬਿੰਦ ਜਹਿ ਗਾਈਏ, ਕਰ ਸਰਵਣ ਨਿੱਤ ਨੀਤ॥ ਗੁਰ ਕੇ ਚਰਨਨ ਪ੍ਰੇਮ ਕਰ, ਹਿਰਦੇ ਧਰੋ ਗੁਰ ਮੀਤ॥[2] ਬਚਨ ਗੁਰ ਕੇ ਸੁਨਤ ਹੀ, ਮਿਟਤ ਭਰਮ ਸਭ ਭੀਤ॥ ਮਨਮੁੱਖ ਸੰਗ ਨਾ ਕੀਜੀਏ, ਗੁਰਮੁੱਖ ਸੰਗਤ ਯਾਰ॥ [3] ਮਨਮੁੱਖ ਸੰਗਤ ਬਿਘਨ ਹੈ, ਗੁਰਮੁੱਖ ਸੰਗਤ ਸਾਰ॥ ਮਨਮੁੱਖ ਸੰਗਤ ਡੂਬਣੋ, ਗੁਰਮੁੱਖ ਸੰਗਤ ਪਾਰ॥ [4] ਗੁਰਮੁੱਖ ਰਿਦੈ ਪ੍ਰਗਾਸ ਹੈ, ਮਨਮੁੱਖ ਅੰਧ ਗੁਵਾਰ॥ ਗੁਰ ਕੇ ਅੰਮ੍ਰਿਤ ਵਚਨ ਸੁਣ, ਸ਼ਰਧਾ ਹਿਰਦੇ ਧਾਰ॥ [5] ਰਵਿਦਾਸ ਭਗਤੀ ਇਹੀ ਹੈ, ਹਿਰਦੇ ਖ਼ੂਬ ਵਿਚਾਰ॥ ਚੇਤ ਸੁਹਾਣਾ ਤਿਨ੍ਹਾਂ ਨੂੰ, ਜਿਨ੍ਹਾਂ ਸੋਹੰ ਨਾਮ ਪਿਆਰ॥ [6]**

**ਸ਼ਬਦ ਅਰਥ** : **ਸੁਲੱਖਣਾ**- ਚੰਗੇ ਲੱਛਣਾ ਵਾਲਾ, ਭਾਗਾਂ ਵਾਲਾ। **ਚਿਤੁ**- ਮਨ, ਧਿਆਨ। **ਨੀਤ**- ਸਦੈਵ, ਹਮੇਸ਼ਾ। **ਨਿੱਤ**- ਪ੍ਰਤਿਦਿਨ, ਸਦਾ। **ਮੀਤ**- ਮਿੱਤਰ। **ਭੀਤ**- ਪਰਦਾ। **ਯਾਰ**- ਮਿੱਤਰ, ਪਿਆਰਾ। **ਮਨਮੁੱਖ**- ਮਨ ਦੇ ਪਿੱਛੇ ਤੁਰਨ ਵਾਲਾ। **ਗੁਰਮੁੱਖ**- ਗੁਰੂ ਦੇ ਸਨਮੁੱਖ ਰਹਿਣ ਵਾਲਾ। **ਸਾਰ**- ਸੰਭਾਲ। **ਅੰਧ ਗੁਵਾਰ**- ਘੁੱਪ ਹਨ੍ਹੇਰਾ। **ਅੰਮ੍ਰਿਤ ਵਚਨ**- ਆਤਮਿਕ ਜੀਵਨ ਦੇਣ ਵਾਲੇ ਬਚਨ।

**ਨੋਟ** : 'ਬਾਰਾਂ ਮਾਸ ਉਪਦੇਸ਼' ਦੇ ਸਾਰੇ ਸ਼ਬਦਾਂ ਨੂੰ ਰਾਗੁ ਮਾਝ/ਗਾਉੜੀ ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਹੇ ਭਾਈ! ਚੇਤ ਦਾ ਭਾਗਾਂ ਵਾਲਾ ਮਹੀਨਾ ਚੜ੍ਹ ਗਿਆ ਹੈ ਭਾਵ ਤੇਰੇ ਅਨਮੋਲ ਮਨੁੱਖਾ ਜਨਮ ਦਾ ਸਮਾਂ ਸ਼ੁਰੂ ਹੋ ਗਿਆ ਹੈ। ਤੂੰ ਸੰਤਾਂ ਨਾਲ ਪ੍ਰੀਤ ਕਰ ਤੇ ਗੁਰੂ ਦੇ ਚਰਨ-ਕੰਵਲਾਂ ਵਿੱਚ ਮਨ ਲਗਾ ਕੇ (ਭਾਵ ਗੁਰੂ ਦੇ 'ਸ਼ਬਦ' ਵਿੱਚ ਸੁਰਤਿ ਜੋੜ ਕੇ) ਪ੍ਰਭੂ ਦੇ ਨਾਮ ਦਾ ਹਮੇਸ਼ਾ ਸਿਮਰਨ ਕਰਦਾ ਰਹਿ॥

2. ਹੇ ਮਿੱਤਰ! ਜਿੱਥੇ ਕਿਤੇ ਵੀ ਗੁਰੂ ਅਤੇ ਗੋਬਿੰਦ-ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਬਾਣੀ ਗਾਈ ਜਾਏ ਤੂੰ ਉਸ ਨੂੰ ਹਮੇਸ਼ਾ ਸਰਵਣ ਕਰ ਤੇ ਗੁਰੂ ਨੂੰ ਹਿਰਦੇ ਵਿੱਚ ਵਸਾ ਕੇ (ਭਾਵ ਗੁਰੂ ਦੇ 'ਸ਼ਬਦ' ਨੂੰ ਮਨ ਵਿੱਚ ਵਸਾ ਕੇ) ਗੁਰੂ ਦੇ ਚਰਨ-ਕੰਵਲਾਂ ਨਾਲ ਪ੍ਰੀਤ ਕਰ॥

3. ਹੇ ਭਾਈ! ਗੁਰੂ ਦੇ ਉਪਦੇਸ਼ਾਂ ਨੂੰ ਸੁਣਦੇ ਸਾਰ ਹੀ ਮਨ ਵਿੱਚੋਂ ਭਰਮਾਂ ਦੇ ਸਾਰੇ ਪਰਦੇ ਮਿਟ ਜਾਂਦੇ ਹਨ ਭਾਵ ਭਰਮ ਖ਼ਤਮ ਹੋ ਜਾਂਦੇ ਹਨ। ਇਸ ਲਈ ਤੂੰ ਮਨ ਦੇ ਪਿੱਛੇ ਤੁਰਨ ਵਾਲਿਆਂ ਦੀ ਸੰਗਤ ਨਾ ਕਰ ਤੇ ਗੁਰੂ ਦੇ ਸਨਮੁੱਖ ਰਹਿਣ ਵਾਲੇ ਪਿਆਰਿਆਂ ਦੀ ਸੰਗਤ ਕਰ॥

4. ਮਨ ਦੇ ਪਿੱਛੇ ਤੁਰਨ ਵਾਲਿਆਂ ਦੀ ਸੰਗਤ ਹਮੇਸ਼ਾ (ਸਹੀ ਜੀਵਨ-ਰਾਹ 'ਚ) ਰੁਕਾਵਟਾਂ ਪਾਉਂਦੀ ਹੈ ਤੇ ਜੀਵ ਨੂੰ (ਵਿਕਾਰਾਂ) ਵਿੱਚ ਡੋਬਦੀ ਹੈ ਜਦਕਿ ਗੁਰੂ ਦੇ ਸਨਮੁੱਖ ਰਹਿਣ ਵਾਲਿਆਂ ਦੀ ਸੰਗਤ (ਜੀਵ ਨੂੰ ਕੁਰਾਹੇ ਪੈਣ ਤੋਂ) ਹਮੇਸ਼ਾ ਸੰਭਾਲਦੀ ਹੈ ਤੇ ਮਾਇਆ-ਵੇੜ੍ਹੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾਉਂਦੀ ਹੈ॥

5. ਗੁਰੂ ਦੇ ਸਨਮੁੱਖ ਰਹਿਣ ਵਾਲੇ ਜੀਵ ਦੇ ਹਿਰਦੇ ਵਿੱਚ ਹਮੇਸ਼ਾ ਆਤਮਿਕ ਗਿਆਨ ਦਾ ਚਾਨਣਾ ਹੁੰਦਾ ਹੈ, ਜਦਕਿ ਮਨ ਦੇ ਪਿੱਛੇ ਤੁਰਨ ਵਾਲਾ ਜੀਵ ਆਤਮਿਕ ਜੀਵਨ ਵੱਲੋਂ ਬੇਸਮਝੀ ਦੇ ਘੁੱਪ ਹਨ੍ਹੇਰੇ ਵਿੱਚ ਹੀ ਡੁੱਬਿਆ ਰਹਿੰਦਾ ਹੈ। ਇਸ ਲਈ ਤੂੰ ਗੁਰੂ ਦੇ ਆਤਮਿਕ ਜੀਵਨ ਦੇਣ ਵਾਲੇ ਬਚਨਾਂ ਨੂੰ ਸੁਣ ਤੇ ਸ਼ਰਧਾ-ਪੂਰਵਕ ਉਨ੍ਹਾਂ ਨੂੰ ਮਨ ਵਿੱਚ ਵਸਾ (ਤੇ ਆਚਰਣ ਵਿੱਚ ਅਪਣਾ।)॥

6. ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਇਹੋ ਹੀ ਪ੍ਰਭੂ-ਭਗਤੀ ਹੈ। ਤੂੰ ਮਨ ਵਿੱਚ ਇਸ ਦਾ ਚੰਗੀ ਤਰ੍ਹਾਂ ਵਿਚਾਰ ਕਰ। ਹੇ ਭਾਈ! ਚੇਤ ਦਾ ਮਹੀਨਾ ਉਨ੍ਹਾਂ ਜੀਵਾਂ ਲਈ ਹੀ ਭਾਗਾਂ ਵਾਲਾ ਹੈ ਜਿਹੜੇ ਪ੍ਰਭੂ ਦੇ ਸੋਹੰ ਨਾਮ ਨਾਲ ਹਰ ਵੇਲੇ ਪ੍ਰੀਤ ਕਰਦੇ ਰਹਿੰਦੇ ਹਨ॥

## 'ਵੈਸਾਖਿ'

**ਵੈਸਾਖਿ ਸੁਹਾਵਾ ਸਰਵ ਸੁੱਖ, ਗੁਰ ਕੇ ਵਚਨ ਵਿਚਾਰ॥ ਅੰਤਰ ਧਿਆਨ ਲਗਾਇ ਕਰ, ਸਮਝੇ ਸਾਰ ਆਸਾਰ॥ 1 ਗੁਰਦੇਵ ਕੋ ਗ੍ਰਹਨ ਕਰ, ਤਜ ਸਭ ਝੂਠ ਬਿਕਾਰ॥ ਹਿਰਦੇ ਹਰਿ ਹਰਿ ਹਰੀ ਕੋ, ਸਿਮਰੋ ਵਾਰੰ ਵਾਰ॥ 2 ਦੁਸ਼ਟਾ ਸੰਗ ਤਿਆਗ ਕਰ, ਸੰਤਾਂ ਸੰਗ ਪਿਆਰ॥ ਦ੍ਰਿੜ ਕਰ ਰਾਮ ਧਿਆਏ ਤੂੰ, ਭਵ ਨਿਧਿ ਉੱਤਰੇ ਪਾਰ॥ 3 ਹਰਿ ਹਰਿ ਨਾਮ ਜਪੰਦਿਆਂ, ਕਦੀ ਨਾ ਆਵੇ ਹਾਰ॥ ਭਗਤ ਬਿਨ੍ਹਾਂ ਗੁਰਦੇਵ ਕੀ, ਹੋਵਤ ਨਹੀਂ ਕਲਿਆਨ॥ 4 ਗੁਰ ਬਿਨਾਂ ਜਨਮ ਵਿਅਰਥ ਇਹ, ਜਾਵਤ ਸਾਚੀ ਮਾਨ॥ ਗੁਰ ਹਰਿ ਭਗਤ ਕਹੰਦਿਆਂ, ਨਿਹਚਲ ਮਿਲ ਹੈ ਗਿਆਨ॥ 5 ਕਹੇ ਰਵਿਦਾਸ ਲਗ ਚਰਨ ਗੁਰ, ਮਨ ਕਾ ਹਰ ਅਭਿਮਾਨ॥ ਵੈਸਾਖਿ ਸੁਹਾਵਾ ਤਿਨ੍ਹਾਂ ਹੈ, ਹਰਿ ਹਰਿ ਜਪੇ ਸੁਜਾਨ॥ 6**

**ਸ਼ਬਦ ਅਰਥ** : **ਸਾਰ ਆਸਾਰ**- ਸਤਿ ਅਸਤਿ (ਭਾਵ ਸਦਾ ਥਿਰ ਰਹਿਣ ਵਾਲੇ ਪ੍ਰਭੂ ਤੇ ਇਹ ਨਾਸ਼ਵੰਤ ਜਗਤ)। **ਨਿਹਚਲ**- ਅਟੱਲ, ਸਦਾ ਰਹਿਣ ਵਾਲਾ। **ਹਰ**- ਹਰਨਾ, ਤਿਆਗਣਾ। **ਸੁਜਾਨ**- ਸੁਜਾਖੇ, ਉੱਤਮ ਗਿਆਨ ਵਾਲੇ।

**ਪਦ ਅਰਥ**- ਹੇ ਭਾਈ! ਜਿਹੜਾ ਜੀਵ ਸਤਿਗੁਰੂ ਦੇ ਬਚਨਾਂ ਨੂੰ ਆਪਣੀ ਸੋਚ-ਮੰਡਲ ਵਿੱਚ ਵਿਚਾਰਦਾ ਹੈ ਤੇ ਅੰਤਰ-ਧਿਆਨ ਹੋ ਕੇ ਸਤਿ-ਅਸਤਿ (ਭਾਵ ਸਦਾ-ਥਿਰ ਰਹਿਣ ਵਾਲੇ ਪ੍ਰਭੂ ਤੇ ਇਸ ਨਾਸ਼ਵੰਤ ਜਗਤ) ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ਉਸ ਲਈ ਵੈਸਾਖ ਦਾ ਮਹੀਨਾ ਸੁਹਾਵਣਾ ਤੇ ਸਾਰੇ ਸੁੱਖ ਦੇਣ ਵਾਲਾ ਹੁੰਦਾ ਹੈ॥

2. ਇਸ ਲਈ ਤੂੰ ਗੁਰੂ ਦੀ ਸਿੱਖਿਆ ਨੂੰ ਗ੍ਰਹਿਣ ਕਰ ਅਤੇ ਆਤਮਿਕ ਜੀਵਨ ਨੂੰ ਮਾਰ ਮੁਕਾਉਣ ਵਾਲੇ ਸਾਰੇ ਝੂਠੇ ਵਿਕਾਰਾਂ ਨੂੰ ਤਿਆਗ ਦੇ ਅਤੇ ਹਿਰਦੇ ਵਿੱਚ ਹਰਿ-ਪ੍ਰਭੂ ਦੇ ਨਾਮ ਨੂੰ ਹਰ ਵੇਲੇ ਵਾਰ-ਵਾਰ ਸਿਮਰਦਾ ਰਹਿ॥

3. ਹੇ ਭਾਈ! ਤੂੰ ਦੁਸ਼ਟ-ਜਨਾਂ ਦੀ ਸੰਗਤ ਤਿਆਗ ਕੇ ਸੰਤ-ਜਨਾਂ ਨਾਲ ਪਿਆਰ ਕਰ। ਸੰਤ-ਜਨਾਂ ਦੀ ਸੰਗਤ ਵਿੱਚ ਰਹਿ ਕੇ ਪੂਰਨ ਵਿਸ਼ਵਾਸ ਤੇ ਸ਼ਰਧਾ ਨਾਲ ਪ੍ਰਭੂ ਦਾ ਨਾਮ ਸਿਮਰਿਆਂ ਜੀਵ ਮਾਇਆ ਦੇ ਮੋਹ-ਰੂਪ ਸੰਸਾਰ-

ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ॥

4. ਹੇ ਭਾਈ! ਹਰਿ-ਪ੍ਰਭੂ ਦਾ ਹਰ ਵੇਲੇ ਨਾਮ ਜੱਪਣ ਨਾਲ ਜੀਵਨ 'ਚ ਕਦੇ ਵੀ ਹਾਰ ਨਹੀਂ ਆਉਂਦੀ ਤੇ ਗੁਰੂਦੇਵ ਦੇ 'ਸ਼ਬਦ' ਰਾਹੀਂ ਪ੍ਰਭੂ ਦੀ ਭਗਤੀ ਕੀਤੇ ਬਿਨਾਂ ਜੀਵ ਦਾ ਕਦੇ ਵੀ ਕਲਿਆਣ ਨਹੀਂ ਹੁੰਦਾ॥

5. ਤੂੰ ਇਹ ਗੱਲ ਸੱਚ ਕਰਕੇ ਮੰਨ ਕਿ ਗੁਰੂ ਦੇ 'ਸ਼ਬਦ' ਤੋਂ ਬਿਨਾਂ ਜੀਵ ਦਾ ਜੀਵਨ ਵਿਅਰਥ ਹੀ ਚਲੇ ਜਾਂਦਾ ਹੈ ਜਦਕਿ ਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ ਦੀ ਭਗਤੀ ਕੀਤਿਆਂ ਜੀਵ ਨੂੰ ਸਦਾ ਥਿਰ ਰਹਿਣ ਵਾਲੇ ਆਤਮਿਕ ਗਿਆਨ ਦੀ ਸੋਝੀ ਆਉਂਦੀ ਹੈ॥

6. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਉਨ੍ਹਾਂ ਜੀਵਾਂ ਲਈ ਹੀ ਵੈਸਾਖ ਦਾ ਮਹੀਨਾ ਸੁਹਾਵਣਾ ਹੈ ਜਿਹੜੇ ਕਿ ਆਪਣੇ ਮਨ ਦੇ ਹੰਕਾਰ ਨੂੰ ਤਿਆਗ ਕੇ ਗੁਰੂ ਦੇ ਚਰਨਾਂ ਨਾਲ ਜੁੜੇ ਹੋਏ ਹਨ ਤੇ (ਗੁਰੂ ਦੇ 'ਸ਼ਬਦ' ਰਾਹੀਂ) ਪ੍ਰਭੂ ਦਾ ਨਾਮ ਜੱਪ ਕੇ ਆਤਮਿਕ ਗਿਆਨ ਨਾਲ ਸੁਜਾਖ਼ੇ ਹੋ ਗਏ ਹਨ॥

## 'ਜੇਠ'

**ਜੇਠ ਤਪਤ ਬਹੁ ਘਾਮ ਕਰ, ਸ਼ਾਂਤ ਨਾ ਹੋਵਤ ਮੀਤ॥ ਕਰੋਧ ਅਗਨਿ ਕਰ ਤਪਤ, ਮਨ ਲੋਭੀ ਲੋਭ ਪਰੀਤ॥ 1 ਸੋਹੰ ਨਾਮ ਮੁੱਖ ਜਪਤ, ਜਨ ਕੀਰਤ ਕਰੈਹ ਨੀਤ॥ ਸੰਤਾਂ ਸੰਗ ਨਿਵਾਸ ਕਰ, ਸ਼ਾਂਤ ਭਯੋ ਤਿਨ ਚੀਤ॥ 2 ਉਤਪਤ ਕਰੇ ਆਪ ਸਭਿ, ਕਰੇ ਪਾਲਣਾ ਨੀਤ॥ ਪ੍ਰਭੂ ਬਿਨ ਦੂਜਾ ਨਾਂਹਿ ਕੋ, ਕਰ ਨਿਹਚੇ ਪਰਤੀਤ॥ 3 ਤਿਸ ਪ੍ਰਭੂ ਕੋ ਤੂੰ ਜਪ ਸਦਾ, ਹੋਕਰ ਮਨੋ ਨਾਚੀਤ॥ ਪ੍ਰਭੂ ਸਿਮਰਨ ਗੁਰ ਦਯਾ ਤੇ, ਨਸ਼ਟ ਹੋਤ ਜਮ ਭੀਤ॥ 4 ਸਤਿਗੁਰ ਕੇ ਪ੍ਰਤਾਪ ਤੇ, ਗਾਵਹੁ ਪ੍ਰਭੂ ਗੁਣ ਵਾਦ॥ ਸੋ ਕਿਰਪਾ ਨੇਤਰ ਰਸਨਾ ਨਾਮ ਕਾ, ਕਰਣ ਦੀਏ ਸੁਣਿ ਨਾਦ॥ 5 ਸੁੰਦਰ ਸਾਜਿਆ ਜਾਹਿ ਪ੍ਰਭ, ਰਾਖ ਸਦਾ ਤਿਸ ਯਾਦ॥ ਜੋ ਜਨ ਭਗਤ ਬਿਹੀਨ ਹੈ, ਜਨਮ ਜਾਏ ਤਿਸ ਬਾਦ॥ 6 ਗੁਰ ਚਰਨੀ ਲਗ ਭਗਤ ਕਰ, ਮਿਟਹ ਪਾਪ ਅਗਾਦ॥ ਕੀਰਤਨ ਭਗਤੀ ਤੀਸਰੀ, ਰੱਖੋ ਇਨ ਕੋ ਯਾਦ॥ 7 ਜਨ ਰਵਿਦਾਸ ਗੁਰੂ ਸਿਮਰਿਆ, ਜੋ ਜਨ ਸਦਾ ਆਨਾਦ॥ ਜੇਠ ਤਾਪੰਦਾ ਨਾ ਲੱਗੇ, ਜਿਨ ਚਾਖਿਆ ਨਾਮ ਸੁਆਦ॥ 8**

**ਸ਼ਬਦ ਅਰਥ** : **ਘਾਮ**- ਧੁੱਪ, ਤਪਸ, ਗਰਮੀ। **ਜਨ**- ਸੇਵਕ, ਦਾਸ, **ਚੀਤ**- ਮਨ। **ਉਤਪਤ**- ਸਿਰਜਣਾ। **ਨਿਹਚੇ**- ਨਿਸਚੇ, ਬਿਨਾਂ ਸੰਸੇ, ਬਿਨਾਂ ਕਿਸੇ ਸ਼ੱਕ-ਸੰਦੇਹ। **ਪਰਤੀਤ**- ਯਕੀਨ। **ਨਾਚੀਤ**- ਨਿਸ਼ਚਿੰਤ, ਬੇਫ਼ਿਕਰ। **ਭੀਤ**- ਡਰ। **ਵਾਦ**- ਚਰਚਾ, ਬਹਿਸ। **ਨੇਤਰ**- ਅੱਖਾਂ। **ਰਸਨਾ**- ਜੀਭ। **ਕਰਣ**-ਕੰਨ। **ਨਾਦ**- ਧੁਨਿ, ਸ਼ਬਦ, ਵਾਣੀ। **ਜਾਹਿ**- ਜਗਤ, ਸੰਸਾਰ। **ਬਿਹੀਨ**- ਸੱਖਣਾ, ਬਿਹੂਣਾ। **ਬਾਦ**- ਬੇਅਰਥ, ਫ਼ਜ਼ੂਲ, ਅਜਾਈਂ। **ਅਗਾਦ**- ਜਿਸ ਦਾ ਥਾਹ ਨਾ ਪਾਇਆ ਜਾ ਸਕੇ, ਵੱਡੇ ਤੋਂ ਵੱਡੇ। **ਆਨਾਦ**- ਆਨਦ, ਆਨੰਦ।

**ਪਦ ਅਰਥ**- ਹੇ ਮਿੱਤਰ! ਜਿਵੇਂ ਜੇਠ ਦਾ ਮਹੀਨਾ ਗਰਮੀ ਦੀ ਸੜਦੀ ਧੁੱਪ ਨਾਲ ਤੱਪਦਾ ਹੈ ਤਿਵੇਂ ਹੀ ਜੀਵ ਦਾ ਕ੍ਰੋਧੀ ਮਨ ਕ੍ਰੋਧ ਦੀ ਅਗਨੀ ਵਿੱਚ ਤੱਪਦਾ ਹੈ ਤੇ

ਲਾਲਚੀ ਮਨ ਲੋਭ ਦੀ ਪ੍ਰੀਤ ਵਿੱਚ ਫਸਦਾ ਹੈ, ਉਸ ਨੂੰ (ਇਨ੍ਹਾਂ ਕਾਮਾਦਿਕ ਵਿਕਾਰਾਂ ਦੀ ਤਪਸ਼ ਤੋਂ) ਕਿਤੇ ਵੀ ਸ਼ਾਂਤੀ ਨਹੀਂ ਮਿਲਦੀ॥

2. ਪਰ ਜਿਹੜਾ ਵੀ ਜੀਵ ਸੰਤਾਂ ਦੀ ਸੰਗਤ ਵਿੱਚ ਰਹਿ ਕੇ ਆਪਣੇ ਮੂੰਹੋਂ 'ਸੋਹੰ-ਪ੍ਰਭੂ' ਦਾ ਨਾਮ ਜੱਪਦਾ ਰਹਿੰਦਾ ਹੈ ਤੇ ਪ੍ਰਭੂ ਦਾ ਦਾਸ ਬਣ ਕੇ ਹਮੇਸ਼ਾ ਉਸ ਦੀ ਸਿਫ਼ਤਿ-ਸਾਲਾਹ ਦਾ ਕੀਰਤਨ ਕਰਦਾ ਰਹਿੰਦਾ ਹੈ ਤਾਂ ਉਸ ਦਾ ਮਨ ਸ਼ਾਂਤ ਤੇ ਸਥਿਰ ਹੋ ਜਾਂਦਾ ਹੈ॥

3. ਪ੍ਰਭੂ ਆਪ ਹੀ ਸਭਨਾਂ ਦੀ ਸਿਰਜਣਾ ਕਰਦਾ ਹੈ ਤੇ ਆਪ ਹੀ ਉਨ੍ਹਾਂ ਦੀ ਹਮੇਸ਼ਾ ਪ੍ਰਤਿਪਾਲਣਾ ਕਰਦਾ ਹੈ। ਹੇ ਭਾਈ! ਤੂੰ ਨਿਰਸੰਦੇਹ ਇਸ ਗੱਲ ਉੱਤੇ ਯਕੀਨ ਕਰ ਕਿ ਪਭੂ ਤੋਂ ਬਿਨਾਂ ਕੋਈ ਹੋਰ ਦੂਸਰਾ ਹੈ ਹੀ ਨਹੀਂ (ਜੋ ਅਜਿਹਾ ਕਰਦਾ ਹੋਵੇ।)॥

4. ਇਸ ਲਈ ਤੂੰ ਮਨੋਂ ਨਿਸ਼ਚਿੰਤ ਹੋ ਕੇ ਉਸ ਪ੍ਰਭੂ ਨੂੰ ਹਮੇਸ਼ਾ ਸਿਮਰਦਾ ਰਹਿ। ਗੁਰੂ ਦੀ ਮਿਹਰ ਨਾਲ ਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ ਨੂੰ ਸਿਮਰਿਆਂ ਜੀਵ ਦੇ ਮਨ ਅੰਦਰੋਂ ਜਮਾਂ ਦਾ ਡਰ ਸਦਾ ਲਈ ਖ਼ਤਮ ਹੋ ਜਾਂਦਾ ਹੈ, ਆਤਮਿਕ ਮੌਤ ਦਾ ਸਹਿਮ ਸਦਾ ਲਈ ਮੁੱਕ ਜਾਂਦਾ ਹੈ॥

5. ਹੇ ਭਾਈ! ਸਤਿਗੁਰੂ ਦੀ ਕ੍ਰਿਪਾ ਨਾਲ ਹੀ ਜੀਵ ਪ੍ਰਭੂ ਦੇ ਗੁਣ ਗਾਉਂਦਾ ਹੈ ਅਤੇ ਉਸ ਦੇ ਗੁਣਾਂ ਦੀ ਚਰਚਾ ਕਰਦਾ ਹੈ। ਸਤਿਗੁਰੂ ਦੀ ਕ੍ਰਿਪਾ ਨਾਲ ਹੀ ਜੀਵ ਦੀਆਂ ਸੂਖ਼ਮ ਅੱਖਾਂ ਪ੍ਰਭੂ ਦੇ ਦਰਸ਼ਨ ਕਰਦੀਆਂ ਹਨ, ਜੀਭਾ ਪ੍ਰਭੂ ਦਾ ਨਾਮ ਸਿਮਰਦੀ ਹੈ ਤੇ ਕੰਨ (ਇਕ-ਰਸ ਹੋ ਰਹੀ ਪ੍ਰਭੂ ਦੀ) 'ਸ਼ਬਦ-ਧੁਨਿ' ਨੂੰ ਸਰਵਣ ਕਰਦੇ ਹਨ॥

6. ਹੇ ਭਾਈ! ਜਿਸ ਪ੍ਰਭੂ ਨੇ ਇਹ ਸੋਹਣਾ ਸੰਸਾਰ ਰਚਿਆ ਹੈ, ਤੂੰ ਉਸ ਦਾ ਸਦਾ ਸਮਰਣ ਕਰ, ਉਸ ਦੀ ਭਗਤੀ ਕਰ। ਯਾਦ ਰੱਖ, ਜਿਹੜੇ ਜੀਵ ਪ੍ਰਭੂ ਦੀ ਭਗਤੀ ਤੋਂ ਸੱਖਣੇ ਹਨ, ਉਨ੍ਹਾਂ ਦਾ ਜੀਵਨ ਹਮੇਸ਼ਾ ਅਜਾਈਂ ਹੀ ਜਾਂਦਾ ਹੈ॥

7. ਗੁਰੂ ਦੇ ਚਰਨ-ਕੰਵਲਾਂ ਨਾਲ ਜੁੜ ਕੇ (ਭਾਵ ਗੁਰੂ ਦੇ 'ਸ਼ਬਦ' ਨਾਲ ਜੁੜ ਕੇ) ਪ੍ਰਭੂ ਦੀ ਭਗਤੀ ਕੀਤਿਆਂ ਵੱਡੇ ਤੋਂ ਵੱਡੇ ਘੋਰ ਪਾਪ ਵੀ ਨਸ਼ਟ ਹੋ ਜਾਂਦੇ ਹਨ। ਹੇ ਭਾਈ! ਤੂੰ ਹਮੇਸ਼ਾ ਇਹ ਯਾਦ ਰੱਖ ਕਿ ਪ੍ਰਭੂ ਦੇ ਨਾਮ ਦਾ ਕੀਰਤਨ ਕਰਨਾ ਵੀ ਪ੍ਰਭੂ-ਭਗਤੀ ਹੀ ਹੈ॥

8. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਜਿਨ੍ਹਾਂ ਜੀਵਾਂ ਨੇ ਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ ਦੇ ਨਾਮ ਨੂੰ ਸਿਮਰਿਆ ਹੈ ਉਹ ਹਮੇਸ਼ਾ ਆਤਮਿਕ ਆਨੰਦ ਵਿੱਚ ਰਹਿੰਦੇ ਹਨ। ਪ੍ਰਭੂ ਦੇ ਨਾਮ-ਰਸ ਦਾ ਸੁਆਦ ਚੱਖਣ ਵਾਲੇ ਇਨ੍ਹਾਂ ਜੀਵਾਂ ਨੂੰ ਜੇਠ ਦੇ ਮਹੀਨੇ ਦੀ ਭੀਸ਼ਣ ਗਰਮੀ ਵੀ ਕਦੇ ਤੱਪਦੀ ਨਹੀਂ ਲੱਗਦੀ॥

**'ਹਾੜ'**

**ਹਾੜ ਅਵਧ ਹੈ ਘਾਮ ਕੀ, ਸ਼ਾਂਤ ਅਵਧ ਸੁੱਖ ਜਾਨ॥ ਲੋਭ ਅਵਧ ਹੈ ਪਾਪ ਕੀ,**

**ਕਰ ਭਗਤ ਮਿਲੈ ਹਰਿ ਧਾਮ ॥ [1] ਗੁਰ ਕੇ ਚਰਨ ਸੁ ਕੰਵਲ ਕੀ, ਕਰਹਿ ਸੇਵ ਸੁਜਾਨ ॥ ਸਗਲ ਸ੍ਰਿਸ਼ਟ ਜੈਸੇ ਮਲਤ, ਚਰਨ ਕੰਵਲ ਭਗਵਾਨ ॥[2] ਆਠ ਪਹਿਰ ਗੁਰ ਚਰਨ ਮਲ, ਦ੍ਰਿੜ ਕਰ ਨਿਹਚੇ ਧਿਆਨ ॥ ਅੰਤਸ਼ ਕਰਣ ਕਰ ਸ਼ੁਧ, ਤਬ ਹੋਤ ਪਾਪ ਕੀ ਹਾਨ ॥[3] ਪਾਪ ਨਸ਼ਟ ਗੁਰ ਭਗਤ ਤੇ, ਦਰਸ਼ਨ ਕਰਹੋ ਨੀਤ ॥ ਕਾਰਣ ਭਗਤ ਹੈ ਮੁਕਤ ਕਾ, ਕਰ ਨਿਹਚੇ ਪ੍ਰਤੀਤ ॥ [4] ਚਰਨ ਭਗਤ ਕਰ ਲਛਮੀ, ਸ਼ਕਤੀ ਭਈ ਸੁ ਮੀਤ ॥ ਜਗਤ ਚਰਨ ਕੀ ਸ਼ਕਤ ਤਿਸ, ਭਈ ਸੁ ਜਾਨੋ ਮੀਤ ॥ [5] ਭਗਤਿ ਸੁ ਗੁਰ ਕੇ ਚਰਨ ਕੀ, ਕਰ ਨਿਹਚੇ ਧਰ ਚੀਤ ॥ ਗੁਰ ਬਿਨ ਔਰ ਨਾ ਧਿਆਨ ਧਰ, ਇਹ ਰਵਿਦਾਸ ਕੀ ਰੀਤ ॥ ਹਾੜ ਸ਼ਾਂਤ ਸੁੱਖ ਤਿਨ ਜਨਾਂ, ਜਿਨ ਗੁਰ ਭਗਤ ਪਰੀਤ ॥ [6]**

**ਸ਼ਬਦ ਅਰਥ** : **ਅਵਧ**- ਅਖ਼ੀਰਲੀ ਹੱਦ, ਸੀਮਾ, ਮਿਆਦ। **ਘਾਮ**- ਗਰਮੀ, ਧੁੱਪ। **ਧਾਮ**- ਨਿਵਾਸ ਅਸਥਾਨ। **ਸੁਜਾਨ**- ਗਿਆਨੀ-ਜਨ, ਸ੍ਰੇਸ਼ਟ ਗਿਆਨ ਵਾਲਾ। **ਸ੍ਰਿਸ਼ਟ**- ਸ੍ਰਿਸ਼ਟੀ, ਕੁਦਰਤ। **ਮਲਤ**- ਧੋਣਾ, ਮਲਣਾ, ਸੇਵਾ ਕਰਨਾ। **ਨਿਹਚੇ**- ਬਿਨਾਂ ਸੰਸੇ, ਪੱਕੀ ਤਰ੍ਹਾਂ। **ਧਿਆਨ**- ਸੁਰਤਿ ਨੂੰ ਪ੍ਰਭੂ ਨਾਲ ਜੋੜਨਾ, ਮਨ ਦੀ ਇਕਾਗਰਤਾ। **ਅੰਤਸ਼ਕਰਣ**- ਮਨ। **ਹਾਨ**- ਨਸ਼ਟ ਹੋਣਾ। **ਕਾਰਣ**- ਸਬੱਬ, ਜਰੀਆ। **ਪ੍ਰਤੀਤ**- ਯਕੀਨ, ਵਿਸ਼ਵਾਸ। **ਰੀਤ**- ਜੁਗਤੀ, ਤਰੀਕਾ।

**ਪਦ ਅਰਥ**-ਹੇ ਭਾਈ! ਤੱਪਦੀ ਗਰਮੀ ਦੀ ਮਿਆਦ ਹਾੜ ਮਹੀਨੇ ਦੇ ਅਖ਼ੀਰ ਤੱਕ ਦੀ ਹੈ, ਸੁਖੀ ਰਹਿਣ ਦੀ ਮਿਆਦ ਮਨ ਦੀ ਸ਼ਾਂਤ ਅਵਸਥਾ ਰਹਿਣ ਤੱਕ ਦੀ ਹੈ, ਪਾਪ ਕਰਨ ਦੀ ਮਿਆਦ ਮਨ ਦੇ ਲੋਭੀ ਹੋਣ ਤੱਕ ਦੀ ਹੈ। ਪਰ ਪ੍ਰਭੂ ਦੀ ਭਗਤੀ ਕੀਤਿਆਂ ਜੀਵ ਨੂੰ ਉਸ ਬੇਅੰਤ-ਪ੍ਰਭੂ (ਦੇ ਚਰਨਾਂ ਵਿੱਚ ਰਹਿਣ) ਦੀ ਥਾਂ ਮਿਲ ਜਾਂਦੀ ਹੈ (ਜੋ ਸਭ ਤਰ੍ਹਾਂ ਦੀਆਂ ਹੱਦਾਂ ਤੇ ਮਿਆਦਾਂ ਤੋਂ ਪਰ੍ਹੇ ਹੈ।)॥

2. ਸ੍ਰੇਸ਼ਟ ਗਿਆਨੀ-ਜਨ ਆਪਣੇ ਗੁਰੂ ਦੇ ਚਰਨ-ਕੰਵਲਾਂ ਦੀ ਇਉਂ ਸੇਵਾ ਕਰਦੇ ਹਨ, ਮਾਨੋਂ, ਜਿਵੇਂ ਸਾਰੀ ਸ੍ਰਿਸ਼ਟੀ ਹੀ ਪ੍ਰਭੂ ਦੇ ਚਰਨ-ਕੰਵਲਾਂ ਨੂੰ ਧੋ ਰਹੀ ਹੋਵੇ॥

3. ਹੇ ਭਾਈ! ਤੂੰ ਵੀ ਆਪਣੇ ਧਿਆਨ ਨੂੰ ਪੱਕੀ ਤਰ੍ਹਾਂ ਦ੍ਰਿੜ ਕਰਕੇ ਅੱਠੋ-ਪਹਿਰ ਗੁਰੂ ਦੇ ਚਰਨ-ਕੰਵਲਾਂ ਦੀ ਸੇਵਾ ਕਰ (ਭਾਵ ਸੁਰਤਿ ਨੂੰ ਅਡੋਲਤਾ 'ਚ ਟਿਕਾ ਕੇ ਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ ਦਾ ਸਿਮਰਨ ਕਰ) ਜਿਸ ਦੀ ਬਰਕਤਿ ਨਾਲ ਤੇਰਾ ਮਨ ਪਵਿੱਤਰ ਹੋ ਜਾਵੇਗਾ ਤੇ ਪਾਪਾਂ ਦਾ ਵੀ ਨਾਸ਼ ਹੋ ਜਾਵੇਗਾ॥

4. ਹੇ ਭਾਈ! ਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ ਦੀ ਭਗਤੀ ਕੀਤਿਆਂ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ ਤੇ ਪ੍ਰਭੂ ਦੇ ਹਮੇਸ਼ਾ ਦਰਸ਼ਨ ਹੁੰਦੇ ਹਨ। ਤੂੰ ਇਸ ਗੱਲ 'ਤੇ ਪੱਕੀ ਤਰ੍ਹਾਂ ਯਕੀਨ ਕਰ ਕਿ ਪ੍ਰਭੂ ਦੀ ਭਗਤੀ ਹੀ ਜੀਵ ਨੂੰ (ਜਨਮ-ਮਰਨ ਦੇ ਗੇੜ ਤੋਂ) ਮੁਕਤੀ ਦਿਵਾਉਣ ਦਾ ਕਾਰਨ (ਸਬੱਬ) ਬਣਦੀ ਹੈ॥

5. ਹੇ ਮਿੱਤਰ! ਪ੍ਰਭੂ ਦੇ ਚਰਨਾਂ ਦੀ ਭਗਤੀ ਕਰਕੇ ਤਾਂ ਤ੍ਰਿਗੁਣੀ ਮਾਇਆ ਵੀ (ਜੀਵ 'ਤੇ ਆਪਣਾ ਪ੍ਰਭਾਵ ਪਾਉਣ ਵਿੱਚ) ਹੋਰ ਜ਼ੋਰਾਵਰ ਹੋ ਜਾਂਦੀ ਹੈ। ਤੂੰ

ਇਹ ਚੰਗੀ ਤਰ੍ਹਾਂ ਜਾਣ ਲੈ ਕਿ ਜਗਤ ਦੇ ਮਾਲਿਕ-ਪ੍ਰਭੂ ਦੇ ਚਰਨਾਂ ਨਾਲ ਜੁੜਿਆਂ ਹੀ ਉਸ (ਮਾਇਆ) ਵਿੱਚ ਇਹ ਸ਼ਕਤੀ ਆਉਂਦੀ ਹੈ॥

6. ਸਤਿਗੁਰੂ ਰਵਿਦਾਸ ਮਹਾਰਾਜ ਜੀ ਭਗਤੀ ਦੀ ਜੁਗਤੀ ਬਾਰੇ ਸਮਝਾਉਂਦੇ ਹਨ ਕਿ ਜੀਵ ਨੂੰ ਮਨ 'ਚ ਦ੍ਰਿੜ ਨਿਸ਼ਚੇ ਧਾਰ ਕੇ ਗੁਰੂ ਦੇ ਚਰਨ-ਕੰਵਲਾਂ ਦੀ ਸੇਵਾ-ਭਗਤੀ ਕਰਨੀ ਚਾਹੀਦੀ ਹੈ ਭਾਵ ਆਤਮਿਕ ਆਡੋਲਤਾ ਵਿੱਚ ਟਿਕ ਕੇ ਹੀ ਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ ਦੀ ਭਗਤੀ ਕਰਨੀ ਚਾਹੀਦੀ ਹੈ ਅਤੇ ਗੁਰੂ ਦੇ 'ਸ਼ਬਦ' ਤੋਂ ਬਿਨਾਂ ਕਿਸੇ ਹੋਰ ਦਾ ਧਿਆਨ ਨਹੀਂ ਧਰਨਾ ਚਾਹੀਦਾ। ਹਾੜ ਦਾ ਤੱਪਦਾ ਮਹੀਨਾ ਉਨ੍ਹਾਂ ਜੀਵਾਂ ਲਈ ਹੀ ਸੁੱਖ-ਸਾਂਦ ਤੇ ਆਤਮਿਕ ਆਨੰਦ ਦੇਣ ਵਾਲਾ ਹੁੰਦਾ ਹੈ ਜਿਨ੍ਹਾਂ ਨੇ ਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ ਦੀ ਭਗਤੀ ਨਾਲ ਪ੍ਰੀਤ ਪਾ ਲਈ ਹੋਵੇ॥

## 'ਸਾਵਣ'

**ਸਾਵਣ ਸ਼ਾਂਤ ਭਈ ਜਗਤ ਮੇਂ, ਬਾਰਛ ਹੋਇ ਬਸ਼ੇਸ॥ ਘਰ ਘਰ ਮੰਗਲਾਚਾਰ ਹੈ, ਨਾਸੇ ਸਭੀ ਕਲੇਸ਼॥ [1] ਅੰਨ ਧੰਨ ਬਹੁਤਾ ਉਪਜਿਆ, ਗਊਆਂ ਘਾਸ ਹਮੇਸ਼॥ ਸੁਹਾਗਣਿ ਸਦਾ ਆਨੰਦ ਹੈ, ਦੁਹਾਗਣਿ ਮੈਲਾ ਭੇਸ॥ [2] ਕਰ ਪੂਜਨ ਗੁਰ ਚਰਨ ਕੀ, ਸ਼ਰਧਾ ਸਾਥ ਹਮੇਸ਼॥ ਪਾਨ ਸੁਪਾਰੀ ਪੁਸ਼ਪਕਰ, ਪੂਜਨ ਕਰੋ ਹਮੇਸ਼॥ [3] ਅਰਚਨਾ ਭਗਤੀ ਪੰਚਮੀ, ਗੁਰ ਪੂਜਾ ਮੇਂ ਧਿਆਨ॥ ਬਿਨਾ ਇਸ਼ਟ ਗੁਰਦੇਵ ਤੇ, ਪੂਜੋ ਦੇਵ ਨਾ ਆਨ॥ [4] ਗੁਰੂ ਹਰਿ ਮੇਂ ਨਾ ਭੇਦ ਕੁਝ, ਕਹਿਓ ਆਪ ਸੁਜਾਨ॥ ਨਿਹਚੇ ਕਰ ਗੁਰ ਚਰਨ ਭਜ, ਹੋਵਤ ਹੈ ਕਲਿਆਨ॥ [5] ਗੁਰ ਸਮਾਨ ਨਹੀਂ ਔਰ ਜੱਗ, ਜਾਨਤ ਸੰਤ ਸੁਜਾਨ॥ ਕਹਿ ਰਵਿਦਾਸ ਗੁਰ ਚਰਨ ਕੋ, ਕਰਤ ਸਦਾ ਹੀ ਧਿਆਨ॥ [6]**

**ਸ਼ਬਦ ਅਰਥ** : **ਬਸ਼ੇਸ**- ਖ਼ਾਸ ਕਰਕੇ। **ਮੰਗਲਾਚਾਰ**- ਆਨੰਦ ਦਾਇਕ ਗੀਤ। **ਭੇਸ**- ਲਿਬਾਸ, ਵੇਸ। **ਪੁਸ਼ਪਕਰ**- ਫੁੱਲ। **ਅਰਚਨਾ**- ਪ੍ਰਭੂ ਨੂੰ ਫੁੱਲ ਆਦਿਕ ਸਮਗਰੀ ਨਾਲ ਪੂਜਣਾ। **ਇਸ਼ਟ**- ਪੂਜਯ ਦੇਵ, ਪਿਆਰਾ।

**ਪਦ ਅਰਥ**- ਹਾੜ ਦੀ ਅੱਤ ਤਪਦੀ ਗਰਮੀ ਤੋਂ ਬਾਅਦ ਸਾਵਣ ਦੇ ਮਹੀਨੇ ਖ਼ਾਸ ਕਰ ਕੇ ਮੀਂਹ ਦੀ ਵਰਖਾ ਹੁੰਦੀ ਹੈ ਜਿਸ ਨਾਲ ਜਗਤ ਵਿੱਚ ਠੰਢ ਪੈ ਜਾਂਦੀ ਹੈ ਤੇ ਸਭ ਪਾਸੇ ਸੁੱਖ-ਸਾਂਦ ਵਰਤਦੀ ਹੈ। (ਰੁੱਤ ਦੇ ਫਿਰਨ ਨਾਲ) ਘਰ-ਘਰ ਵਿੱਚ ਖੁਸ਼ੀ ਦੇ ਗੀਤ ਗਾਏ ਜਾਂਦੇ ਹਨ ਤੇ ਸਾਰੇ ਦੁੱਖ-ਕਲੇਸ਼ ਦੂਰ ਹੋ ਜਾਂਦੇ ਹਨ॥

2. (ਵਰਖਾ ਨਾਲ ਧਰਤੀ ਉੱਤੇ ਸਭ ਪਾਸੇ ਹਰਿਆਲੀ ਹੀ ਹਰਿਆਲੀ ਹੋ ਜਾਂਦੀ ਹੈ) ਤੇ ਢੇਰਾਂ ਦੇ ਢੇਰ ਅੰਨ ਪੈਦਾ ਹੁੰਦੇ ਹਨ ਤੇ ਜਿਸ ਨਾਲ ਧਨ ਵੀ ਬਹੁਤ ਆਉਂਦਾ ਹੈ ਅਤੇ ਗਊਆਂ ਆਦਿਕ ਪਸ਼ੂਆਂ ਨੂੰ (ਹਰਿਆ-ਭਰਿਆ) ਘਾਸ ਵੀ ਪ੍ਰਾਪਤ ਹੁੰਦਾ ਹੈ। (ਸਾਵਣ ਦੀ ਇਸ ਸੁਹਾਣੀ ਰੁੱਤ ਵਿੱਚ) ਸੁਹਾਗਣ ਇਸਤਰੀ ਸਦਾ ਆਨੰਦ ਵਿੱਚ ਰਹਿੰਦੀ ਹੈ ਜਦਕਿ ਦੁਹਾਗਣ ਇਸਤ੍ਰੀ (ਵਿਕਾਰਾਂ-ਰੂਪ) ਮਲੀਨ ਵੇਸ (ਤੇ ਸ਼ਿੰਗਾਰ ਦੇ ਅਭਾਵ) ਕਾਰਨ ਦੁਖੀ ਹੁੰਦੀ ਹੈ॥

3. ਹੇ ਭਾਈ! ਤੂੰ ਹਮੇਸ਼ਾ ਸ਼ਰਧਾ-ਪੂਰਵਕ ਗੁਰੂ ਦੇ ਚਰਨਾਂ ਦੀ ਪੂਜਾ ਕਰ। ਗੁਰੂ ਦੇ ਚਰਨਾਂ ਦੀ ਹਮੇਸ਼ਾ ਪੂਜਾ ਕਰਦੇ ਰਹਿਣਾ ਹੀ, ਮਾਨੋਂ ਤੇਰੇ ਲਈ ਪਾਨ, ਸੁਪਾਰੀ ਤੇ ਫੁੱਲ ਆਦਿਕ ਹਨ (ਜੋ ਪੰਡਿਤ ਲੋਕ ਮੂਰਤੀ ਦੀ ਪੂਜਾ ਕਰਨ ਸਮੇਂ ਮੂਰਤੀ ਨੂੰ ਅਰਪਿਤ ਕਰਦੇ ਹਨ।)॥

4. ਇਸ ਲਈ ਹੇ ਭਾਈ! ਤੂੰ ਗੁਰੂ ਦੀ ਪੂਜਾ 'ਚ ਧਿਆਨ ਧਰ ਕੇ ਭਾਵ ਗੁਰੂ ਦੇ 'ਸ਼ਬਦ' ਵਿੱਚ ਸੁਰਤਿ ਨੂੰ ਜੋੜ ਕੇ ਪ੍ਰਭੂ ਦੀ ਪੂਜਾ ਕਰ, ਇਹੋ ਹੀ ਪ੍ਰਭੂ ਦੀ ਅਰਚਨਾ-ਭਗਤੀ ਹੈ। ਆਪਣੇ ਪੂਜਯ ਪਿਆਰੇ ਪ੍ਰਭੂ ਤੇ ਆਪਣੇ ਗੁਰੂਦੇਵ ਤੋਂ ਬਿਨਾਂ ਕਿਸੇ ਹੋਰ ਇਸ਼ਟ (ਭਾਵ ਦੇਵੀ-ਦੇਵਤੇ) ਦੀ ਪੂਜਾ ਨਾ ਕਰ॥

5. ਗਿਆਨੀ-ਜਨ ਆਪ ਆਖਦੇ ਹਨ ਕਿ ਗੁਰੂ ਤੇ ਪ੍ਰਭੂ ਵਿੱਚ ਕੋਈ ਅੰਤਰ ਨਹੀਂ ਹੈ। ਜਿਹੜਾ ਵੀ ਜੀਵ ਦ੍ਰਿੜ ਵਿਸ਼ਵਾਸ ਨਾਲ ਗੁਰੂ ਦੇ ਚਰਨਾਂ ਦੀ ਸੇਵਾ-ਭਗਤੀ ਕਰਦਾ ਹੈ (ਭਾਵ ਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ ਦੀ ਭਗਤੀ ਕਰਦਾ ਹੈ), ਉਸ ਦਾ ਕਲਿਆਣ ਹੋ ਜਾਂਦਾ ਹੈ॥

6. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਸ੍ਰੇਸ਼ਟ ਸੰਤ-ਜਨ ਇਹ ਜਾਣਦੇ ਹਨ ਕਿ ਜਗਤ ਵਿੱਚ ਗੁਰੂ ਦੇ ਬਰਾਬਰ ਦਾ ਹੋਰ ਕੋਈ ਨਹੀਂ ਹੈ। ਇਸ ਲਈ ਤੂੰ ਹਮੇਸ਼ਾ ਗੁਰੂ ਦੇ ਚਰਨਾਂ ਦਾ ਧਿਆਨ ਧਰ ਭਾਵ ਗੁਰੂ ਦੇ 'ਸ਼ਬਦ' ਵਿੱਚ ਹਮੇਸ਼ਾ ਆਪਣੀ ਸੁਰਤਿ ਜੋੜੀ ਰੱਖ॥

## 'ਭਾਦਰੋਂ'

**ਭਾਦਰੋਂ ਭਰਮ ਭੁਲਾਇਆ, ਮਾਇਆ ਸੰਗ ਪਿਆਰ॥ ਗੁਰ ਬਿਨ ਸ਼ਾਂਤ ਨਾ ਪਾਇ ਹੈ, ਜਨਮ ਮਰਨ ਮੇਂ ਬਾਰੰਬਾਰ॥** [1] **ਜਿਨ੍ਹਾਂ ਵਿਸਾਰਿਆ ਰਾਮ ਨਾਮ, ਗੁਰ ਚਰਨੀ ਨਹੀਂ ਪਿਆਰ॥ ਧ੍ਰਿਗ ਤਿਨਾ ਕਾ ਜੀਵਣਾ, ਕਾਂਹੂ ਆਏ ਸੰਸਾਰ॥** [2] **ਭਵਿ ਜਲ ਮਾਂਹਿ ਭਵੰਦਿਆਂ, ਨਾ ਉਰਵਾਰ ਨਾ ਪਾਰ॥ ਗੁਰ ਚਰਨਨ ਕਾ ਆਸਰਾ, ਜਿਨ ਮਨ ਲੀਨਾ ਧਾਰ॥** [3] **ਕਰ ਡੰਡੋਤ ਗੁਰ ਚਰਨ ਮੇਂ, ਭਵਨਿਧ ਉਤਰੇ ਪਾਰ॥ ਗੁਰੂਦੇਵ ਗੁਰੂ ਸਮਝ ਕੇ, ਕਰੀਂ ਸ਼ੁਕਰ ਵਿਚਾਰ॥** [4] **ਬੰਦਨਾ ਭਗਤੀ ਛਠੀ ਏਹ, ਕਰੇ ਸ਼ਿਸ਼ ਵੱਡਭਾਗ॥ ਅਵਰ ਕਰਮ ਸਭ ਤਿਆਗ ਕਰ, ਗੁਰ ਕੀ ਚਰਨੀ ਲਾਗ॥** [5] **ਗੁਰ ਕੇ ਚਰਨ ਬਹੁ ਪ੍ਰੇਮ ਕਰ, ਮਾਇਆ ਮੋਹ ਤਿਆਗ॥ ਬਿਨ ਗੁਰ ਭਗਤ ਨ ਥਿਰ ਕਛੂ ਜਗਤ ਪਸਾਰਾ ਬਾਗ॥** [6] **ਪੂਰਨ ਪੁੰਨ ਪ੍ਰਤਾਪ ਤੇ, ਜਾਗਿਓ ਇਸੋ ਬੈਰਾਗ॥ ਸੋਇਉ ਮੋਹ ਕੀ ਨੀਂਦ ਮੇਂ, ਗੁਰ ਕਿਰਪਾ ਭਯੋ ਸੁਜਾਗ॥ ਰਵਿਦਾਸ ਗੁਰੂ ਚਰਨ ਕੋ, ਤੂੰ ਕਭੀ ਨਹੀਂ ਤਿਆਗ॥** [7]

**ਸ਼ਬਦ ਅਰਥ** : **ਭਰਮ**- ਭਟਕਣਾ। **ਵਿਸਾਰਿਆ**- ਭੁਲਾ ਦੇਣਾ। **ਧ੍ਰਿਗ**- ਫਿਟਕਾਰਯੋਗ, ਧਿੱਕਾਰਯੋਗ। **ਉਰਵਾਰ**- ਉਰਲਾ ਕਿਨਾਰਾ, ਭਾਵ ਮਾਤ ਲੋਕ। **ਪਾਰ**-ਪਾਰਲਾ ਕਿਨਾਰਾ ਭਾਵ ਪ੍ਰਲੋਕ। **ਭਵਨਿਧ**- ਸੰਸਾਰ ਸਮੁੰਦਰ। **ਬੰਦਨਾ**- ਨਮਸਕਾਰ। **ਜਾਗਿਓ**- ਜਾਗਣਾ, ਪੈਦਾ ਹੋਣਾ। **ਬੈਰਾਗ**- ਉਪਰਾਮਤਾ ਦਾ ਭਾਵ। **ਸੁਜਾਗ**- ਜਾਗਣਾ, ਸੁਚੇਤ ਹੋਣਾ।

**ਪਦ ਅਰਥ**- ਭਾਦਰੋਂ ਦੇ ਮਹੀਨੇ ਰਾਹੀਂ ਸਤਿਗੁਰੂ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਜੀਵ (ਸਹੀ ਜੀਵਨ-ਰਾਹ ਤੋਂ ਖੁੰਝ ਕੇ) ਭਟਕਣਾ ਵਿੱਚ ਪਿਆ ਹੋਇਆ ਪ੍ਰਭੂ ਨੂੰ ਭੁਲਾ ਕੇ ਮਾਇਆ ਨਾਲ ਪਿਆਰ ਪਾ ਲੈਂਦਾ ਹੈ। ਗੁਰੂ ਤੋਂ ਬਿਨਾਂ ਉਸ ਨੂੰ ਇਸ ਭਟਕਣ ਤੋਂ ਸ਼ਾਂਤੀ ਨਹੀਂ ਮਿਲਦੀ ਤੇ ਉਹ ਵਾਰ-ਵਾਰ ਜਨਮ-ਮਰਨ ਦੇ ਗੇੜ ਵਿੱਚ ਪਿਆ ਰਹਿੰਦਾ ਹੈ॥

2. ਹੇ ਭਾਈ! ਜਿਨ੍ਹਾਂ ਜੀਵਾਂ ਨੇ ਪ੍ਰਭੂ ਦੇ ਨਾਮ ਨੂੰ ਭੁਲਾ ਦਿੱਤਾ ਹੈ ਤੇ ਜਿਨ੍ਹਾਂ ਦਾ ਗੁਰੂ-ਚਰਨਾਂ ਨਾਲ ਪਿਆਰ ਨਹੀਂ ਹੈ, ਉਨ੍ਹਾਂ ਦਾ ਜਿਊਣਾ ਧਿੱਕਾਰਯੋਗ ਹੈ ਤੇ ਉਨ੍ਹਾਂ ਦਾ ਜਗਤ ਵਿੱਚ ਆਉਣ ਵੀ ਬੇਕਾਰ ਹੈ॥

3. ਪਰਮਾਤਮਾ ਨੂੰ ਭੁੱਲੇ ਹੋਏ ਅਜਿਹੇ ਜੀਵ ਸੰਸਾਰ-ਸਮੁੰਦਰ ਦੀ ਘੁੰਮਣ-ਘੇਰੀ ਵਿੱਚ ਫਸੇ ਹੋਏ ਨਾ ਤਾਂ ਉਰਲੇ ਕਿਨਾਰੇ ਜੋਗੇ ਰਹਿੰਦੇ ਹਨ ਤੇ ਨਾ ਹੀ ਪਾਰਲੇ ਕਿਨਾਰੇ ਜੋਗੇ ਰਹਿੰਦੇ ਹਨ। ਪਰ ਜਿਹੜੇ ਜੀਵ ਮਨ ਵਿੱਚ ਗੁਰੂ ਦੇ ਚਰਨਾਂ ਦਾ ਆਸਰਾ ਧਾਰ ਲੈਂਦੇ ਹਨ (ਭਾਵ ਗੁਰੂ ਦੇ 'ਸ਼ਬਦ' ਨੂੰ ਆਪਣੇ ਮਨ ਵਿੱਚ ਵਸਾ ਲੈਂਦੇ ਹਨ), ਉਹ ਇਸ ਘੁੰਮਣ-ਘੇਰੀ ਵਿੱਚ ਨਹੀਂ ਭਟਕਦੇ॥

4. ਅਜਿਹੇ ਜੀਵ ਗੁਰੂ ਦੇ ਚਰਨਾਂ ਵਿੱਚ ਡੰਡਵਤ ਪ੍ਰਣਾਮ ਕਰ ਕੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ। ਇਸ ਲਈ ਹੇ ਭਾਈ! ਤੂੰ ਗੁਰੂਦੇਵ ਨੂੰ ਗੁਰੂ ਸਮਝ ਕੇ ਉਸ ਦਾ ਵਾਰ-ਵਾਰ ਸ਼ੁਕਰਾਨਾ ਕਰ॥

5. ਹੇ ਭਾਈ! ਪ੍ਰਭੂ ਨੂੰ ਡੰਡਵਤ ਨਮਸਕਾਰ ਕਰਨਾ ਵੀ ਪ੍ਰਭੂ-ਭਗਤੀ ਹੀ ਹੈ ਜਿਸ ਨੂੰ ਕਿ ਵੱਡੇ ਭਾਗਾਂ ਵਾਲੇ ਸੇਵਕ ਹੀ ਕਰਦੇ ਹਨ। ਤੂੰ ਵੀ ਹੁਣ ਸਾਰੇ ਦੁਨਿਆਵੀ ਧੰਦੇ ਛੱਡ ਕੇ ਗੁਰੂ ਦੇ ਚਰਨ-ਕੰਵਲਾਂ ਦੀ ਸੇਵਾ ਵਿੱਚ ਜੁੜ ਜਾ ਭਾਵ ਗੁਰੂ ਦੇ 'ਸ਼ਬਦ' ਰਾਹੀਂ ਸੁਰਤਿ ਨੂੰ ਪ੍ਰਭੂ ਸਿਮਰਨ ਵਿੱਚ ਜੋੜ ਲੈ॥

6. ਤੂੰ ਗੁਰੂ ਦੇ ਚਰਨਾਂ ਨਾਲ ਡੂੰਘੀ ਪ੍ਰੀਤ ਕਰ ਤੇ ਮੋਹ-ਮਾਇਆ ਨੂੰ ਤਿਆਗ ਦੇ। ਯਾਦ ਰੱਖ, ਗੁਰੂ ਦੀ ਭਗਤੀ ਤੋਂ ਬਿਨਾਂ ਹੋਰ ਕੁਝ ਵੀ ਸਦਾ ਰਹਿਣ ਵਾਲਾ ਨਹੀਂ ਹੈ। ਇਹ ਜਗਤ ਖ਼ਿਲਾਰਾ ਤਾਂ ਝੂਠਾ ਬਾਗ਼ ਹੈ ਭਾਵ ਨਾਸ਼ਵੰਤ ਹੈ॥

7. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਹੇ ਭਾਈ! ਪਿਛਲੇ ਜਨਮਾਂ ਵਿੱਚ ਕੀਤੇ ਹੋਏ ਸਾਰੇ ਪੁੰਨ ਕਰਮਾਂ ਦੇ ਪ੍ਰਤਾਪ ਕਾਰਨ ਹੀ ਜੀਵ ਅੰਦਰ ਵੈਰਾਗ਼ ਪੈਦਾ ਹੁੰਦਾ ਹੈ ਅਤੇ ਮੋਹ ਦੀ ਨੀਂਦ ਵਿੱਚ ਸੁੱਤਾ ਹੋਇਆ ਜੀਵ ਗੁਰੂ-ਕਿਰਪਾ ਨਾਲ ਹੀ ਜਾਗਦਾ ਹੈ (ਭਾਵ ਮੋਹ ਵਰਗੇ ਘਨਿਸ਼ਟ ਵਿਕਾਰਾਂ ਵੱਲੋਂ ਸਚੇਤ ਹੁੰਦਾ ਹੈ)। ਇਸ ਲਈ ਹੇ ਭਾਈ! ਤੂੰ ਗੁਰੂ ਦੇ ਚਰਨ-ਕੰਵਲਾਂ ਨੂੰ ਕਦੀ ਵੀ ਨਾ ਤਿਆਗ॥

## 'ਅੱਸੂ'

**ਅੱਸੂ ਆਸਾਂ ਪੂਰੀਆਂ, ਜਬ ਗੁਰ ਭਏ ਦਿਆਲ॥ ਚਰਨੀ ਲਾਵੋ ਦਾਸ ਕੋ, ਕਰੋ ਪ੍ਰਭੂ ਪ੍ਰਿਤਪਾਲ॥ 1 ਪ੍ਰੇਮ ਤਾਰ ਗੁਰ ਨਾਮ ਮਨ, ਗਲ ਪਾਵੋ ਮਾਲ॥ ਦਰਸ਼ਨ ਕਰ ਗੁਰ ਚਰਨ ਕੋ, ਤਬ ਹੀ ਭਏ ਨਿਹਾਲ॥ 2 ਗੁਰ ਚਰਨੀ ਲਗ ਭਗਤ**

**ਕਰ, ਤਿਆਗ ਮੋਹ ਕਾ ਜਾਲ ॥ ਗੁਰ ਭਗਤੀ ਤਬ ਪਾਈਏ, ਜੇ ਹੋਵੇ ਲਿਖਿਆ ਭਾਗ ॥ [3] ਦਾਸਾ ਭਗਤੀ ਇਹੀ ਹੈ, ਸਪਤਮ ਜਾਨੋ ਲਾਲ ॥ ਕਰੋ ਅਬੀ ਪਛਤਾਉਗੇ, ਫਿਰ ਹਾਥ ਨਾ ਆਵੈ ਕਾਲ ॥ [4] ਇਹ ਦਾਸਾ ਭਗਤੀ ਕੀਨੀ, ਵਿਰਲੇ ਵੀਰ ॥ ਸਵਾਸ ਸਵਾਸ ਆਗਿਆ ਰਾਖਿਓ ਧੀਰ ॥ [5] ਰਹੇ ਸਦਾ ਵਿਚ ਆਗਿਆ, ਇਹੋ ਭਗਤ ਮਹਾਨ ॥ ਦਾਸਾ ਭਗਤੀ ਇਹੀ ਹੈ, ਦਾਸਨ ਦਾਸ ਬਿਖਾਨ ॥ [6] ਬੁੱਧ ਸੁੱਧ ਤੱਬ ਹੋਇ ਹੈ, ਪਾਵੈ ਨਿਰਮਲ ਗਿਆਨ ॥ ਅੱਸੂ ਪੂਰਨ ਆਸ ਸਭ, ਗੁਰੂਦੇਵ ਵਿਖਿਆਨ ॥ ਰਵਿਦਾਸ ਗੁਰੂ ਚਰਨਨ ਕਾ, ਸਦਾ ਕਰਤ ਹੈ ਧਿਆਨ ॥ [7]**

**ਸ਼ਬਦ ਅਰਥ** : **ਆਸਾਂ**- ਮਨੋਂ ਕਾਮਨਾ। **ਪ੍ਰਿਤਪਾਲ**- ਪਾਲਣ ਪੋਸ਼ਣ ਕਰਤਾ, ਰੱਖਿਆ ਕਰਨ ਵਾਲਾ। **ਤਾਰ**- ਡੋਰ, ਧਾਗਾ। **ਗੁਰ ਨਾਮ**- ਗੁਰੂ ਦਾ 'ਨਾਮ-ਸ਼ਬਦ'। **ਮਾਲ**- ਮਾਲਾ। **ਨਿਹਾਲ**- ਪ੍ਰਸੰਨਚਿੱਤ ਹੋਣਾ, ਖਿੜੇ ਜੀਵਨ ਵਾਲਾ ਹੋਣਾ। **ਸਪਤਮ**- ਸਤਮੀ। **ਲਾਲ**- ਹੇ ਪਿਆਰੇ ਮਿੱਤਰ!। **ਕਾਲ**- ਵਕਤ, ਸਮਾਂ, (ਮਨੁੱਖਾ ਜੀਵਨ ਦਾ ਸਮਾਂ)। **ਧੀਰ**- ਧੀਰਜ, ਦ੍ਰਿੜਤਾ। **ਆਗਿਆ**- ਹੁਕਮ, ਰਜ਼ਾ। **ਨਿਰਮਲ**- ਪਵਿੱਤਰ, ਸਵੱਛ। **ਗਿਆਨ**- ਆਤਮਿਕ ਜੀਵਨ ਦੀ ਸੂਝ। **ਧਿਆਨ**- ਸੁਰਤਿ ਨੂੰ ਪ੍ਰਭੂ ਨਾਲ ਜੋੜਨਾ।

**ਪਦ ਅਰਥ**- (ਭਾਦਰੋਂ ਦੇ ਘੁੰਮੇ ਤੇ ਮੀਂਹ ਦੇ ਤ੍ਰਾਟਕੇ ਲੰਘਣ ਪਿੱਛੋਂ ਅੱਸੂ ਮਹੀਨੇ ਦੀ ਮਿੱਠੀ ਰੁੱਤ ਰਾਹੀਂ) ਸਤਿਗੁਰੂ ਮਹਾਰਾਜ ਜੀ ਜੀਵਾਂ ਨੂੰ ਸਮਝਾਂਦੇ ਹਨ ਕਿ ਜਦੋਂ ਗੁਰੂ ਜੀਵ 'ਤੇ ਮਿਹਰਵਾਨ ਹੁੰਦਾ ਹੈ ਤਾਂ ਉਹ ਜੀਵ ਦੀਆਂ ਸਾਰੀਆਂ ਮਨੋ-ਕਾਮਨਾਂ ਪੂਰੀਆਂ ਕਰਦਾ ਹੈ। ਹੇ ਪਾਲਣਹਾਰ ਪ੍ਰਭੂ ਜੀ! ਮੈਨੂੰ, ਦਾਸ ਨੂੰ, ਵੀ ਅਜਿਹੇ ਗੁਰੂ ਦੀ ਚਰਨੀ ਲਗਾਉ ਜੀ ਤੇ ਮੇਰੀ ਪ੍ਰਤਿਪਾਲਣਾ ਕਰੋ ਜੀ॥

2. ਹੇ ਭਾਈ! ਤੂੰ ਮਨ ਨੂੰ ਪ੍ਰੇਮ ਦੀ ਡੋਰੀ (ਧਾਗਾ) ਬਣ ਕੇ ਤੇ ਉਸ ਵਿੱਚ ਗੁਰੂ ਦੇ 'ਨਾਮ-ਸ਼ਬਦ' ਨੂੰ ਪਰੋ ਕੇ ਮਾਲਾ ਬਣਾ ਲੈ ਅਤੇ ਇਸ ਮਾਲਾ ਨੂੰ ਗਲ ਵਿੱਚ ਪਾ ਲੈ। ਯਾਦ ਰੱਖ, ਗੁਰੂ ਦੇ ਚਰਨ-ਕੰਵਲਾਂ ਦੇ ਦਰਸ਼ਨ ਕਰਕੇ ਜੀਵ ਖਿੜੇ ਜੀਵਨ ਵਾਲਾ ਹੋ ਜਾਂਦਾ ਹੈ॥

3. ਤੂੰ ਵੀ ਗੁਰੂ ਦੀ ਚਰਨੀ ਲੱਗ ਕੇ, ਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ ਦੀ ਭਗਤੀ ਕਰ ਤੇ ਮੋਹ-ਮਾਇਆ ਦੇ ਜੰਜਾਲ ਨੂੰ ਤਿਆਗ ਦੇ। ਪਰ ਗੁਰੂ ਪਾਸੋਂ ਪ੍ਰਭੂ-ਭਗਤੀ ਦੀ ਦਾਤ ਵੀ ਉਦੋਂ ਹੀ ਮਿਲ ਸਕਦੀ ਹੈ ਜਦੋਂ (ਪਿਛਲੇ ਕੀਤੇ ਕਰਮਾਂ ਅਨੁਸਾਰ ਧੁਰ ਦਰਗਾਹ ਤੋਂ ਹੀ) ਭਾਗਾਂ ਵਿੱਚ ਲਿਖਿਆ ਹੋਵੇ॥

4. ਹੇ ਪਿਆਰੇ ਮਿੱਤਰ! ਤੂੰ ਪ੍ਰਭੂ ਦਾ ਦਾਸ ਬਣਕੇ ਪ੍ਰਭੂ ਦੀ ਭਗਤੀ ਕਰ। ਇਸੇ ਨੂੰ ਹੀ ਦਾਸ-ਭਾਵ ਵਾਲੀ ਭਗਤੀ ਕਹਿੰਦੇ ਹਨ। ਤੂੰ ਹੁਣ ਹੀ (ਭਾਵ ਇਸ ਮਨੁੱਖਾ ਜੀਵਨ ਦੇ ਸਮੇਂ ਵਿੱਚ ਹੀ) ਪ੍ਰਭੂ ਦੀ ਭਗਤੀ ਕਰ, ਨਹੀਂ ਤਾਂ ਬਾਅਦ ਵਿੱਚ ਪਛਤਾਵੇਂਗਾ। ਇਕ ਵਾਰ ਮਨੁੱਖਾ ਜੀਵਨ ਦਾ ਸਮਾਂ ਨਿਕਲ ਗਿਆ ਤਾਂ ਫਿਰ ਇਹ ਦੁਬਾਰਾ ਹੱਥ ਨਹੀਂ ਆਵੇਗਾ॥

5. ਇਹ ਦਾਸ-ਭਾਵ ਵਾਲੀ ਭਗਤੀ ਕੋਈ ਵਿਰਲਾ ਜੀਵ ਹੀ ਕਰਦਾ ਹੈ। ਉਹ

ਸਵਾਸ-ਸਵਾਸ ਪ੍ਰਭੂ ਦਾ ਸਿਮਰਨ ਕਰਦਾ ਹੋਇਆ ਵੱਡੀ ਦ੍ਰਿੜਤਾ ਨਾਲ ਪ੍ਰਭੂ ਦੇ ਹੁਕਮ (ਰਜਾ) ਵਿੱਚ ਟਿਕਿਆ ਰਹਿੰਦਾ ਹੈ॥

6. ਸਤਿਗੁਰੂ ਮਹਾਰਾਜ ਜੀ ਵਿਖਿਆਨ ਕਰਦੇ ਹਨ ਕਿ ਪ੍ਰਭੂ ਦੀ ਰਜ਼ਾ ਵਿੱਚ ਹਮੇਸ਼ਾ ਟਿਕੇ ਰਹਿਣਾ ਅਤੇ ਪ੍ਰਭੂ ਦੇ ਦਾਸਾਂ ਦਾ ਦਾਸ ਬਣ ਕੇ ਭਗਤੀ ਕਰਨਾ ਹੀ ਦਾਸ-ਭਾਵ ਵਾਲੀ ਭਗਤੀ ਹੈ ਤੇ ਇਹੋ ਭਗਤੀ ਹੀ ਮਹਾਨ ਭਗਤੀ ਹੈ॥

7. ਇਸ ਭਗਤੀ ਦੀ ਬਰਕਤਿ ਨਾਲ ਜੀਵ ਦੀ ਬੁੱਧਿ-ਵਿਵੇਕ ਸਵੱਛ ਹੋ ਜਾਂਦੀ ਹੈ ਤੇ ਉਹ ਪਵਿੱਤਰ ਆਤਮਿਕ ਜੀਵਨ ਜਿਊਣ ਦੀ ਸੋਝੀ ਪਾ ਲੈਂਦਾ ਹੈ। ਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਂਦੇ ਹਨ ਕਿ ਅੱਸੂ (ਦੀ ਸੁਹਾਵਣੀ ਰੁੱਤ) ਵਿੱਚ ਉਨ੍ਹਾਂ ਜੀਵਾਂ ਦੀਆਂ ਹੀ ਸਾਰੀਆਂ ਇੱਛਾਵਾਂ ਪੂਰੀਆਂ ਹੁੰਦੀਆਂ ਹਨ ਜਿਹੜੇ ਕਿ ਆਪਣੇ ਗੁਰੂ ਦੇ ਚਰਨਾਂ ਦਾ ਹਮੇਸ਼ਾ ਧਿਆਨ ਧਰੀ ਰੱਖਦੇ ਹਨ ਭਾਵ ਜਿਹੜੇ ਜੀਵ ਆਪਣੇ ਗੁਰੂ ਦੇ 'ਸ਼ਬਦ' ਰਾਹੀਂ ਸੁਰਤਿ ਨੂੰ ਹਰ ਵੇਲੇ ਪ੍ਰਭੂ ਨਾਲ ਜੋੜੀ ਰੱਖਦੇ ਹਨ॥

## 'ਕੱਤਕ'

**ਕੱਤਕ ਕਰਮ ਤਿਆ.ਗ ਕਰ, ਭਗਤ ਕਰੋ ਗੁਰਦੇਵ॥ ਸੋਹੰ ਸੋਹੰ ਜਪੰਦਿਆਂ, ਕਰ ਸੰਤਨ ਕੀ ਸੇਵ॥ [1] ਮਾਤ ਤਾਤ ਔਰ ਭ੍ਰਾਤ ਤੇ, ਪ੍ਰਿਯ ਜਾਨ ਗੁਰਦੇਵ॥ ਔਰ ਸਖਾ ਨਹਿ ਜਗਤ ਮੇਂ, ਜੈਸੇ ਹੈ ਗੁਰਦੇਵ॥ [2] ਸਖਾ ਭਗਤ ਇਹ ਅਸ਼ਟਮੀ, ਕੀਤੀ ਅਰਜਨ ਦੇਵ॥ ਸਖਾ ਜਾਨ ਗੁਰ ਭਗਤ ਕਰ, ਤਿਆਗ ਕਰੋ ਅਹੰਮੇਵ॥ [3] ਕਾਮ ਕਰੋਧ ਹੰਕਾਰ ਤਜ, ਤੱਬ ਕਛੂ ਪਾਵੈ ਭੇਵ॥ ਸਖਾ ਭਗਤ ਸੁਭਾਵ ਯਹ, ਜਿਮ ਜੱਲ ਦੂੱਧ ਮਲੇਵ॥ [4] ਸਰਬ ਕਰਮ ਕੋ ਤਿਆਗ ਕਰ, ਹਰਿ ਗੁਰ ਜਪ ਦਿਨ ਰੈਨ॥ ਬਾਝੂ ਨੀਰ ਜਿਮ ਮੀਨ ਕੋ, ਆਵਤ ਨਾਂਹੀ ਚੈਨ॥ [5] ਚੱਕਵੀ ਕਰੇ ਵਿਲਾਮ ਜਿਮ, ਕਬ ਇਹ ਜਾਵੇ ਰੈਨ॥ ਚੰਦ ਚਕੋਰ ਕੀ ਪ੍ਰੀਤ ਜਿਮ, ਮੋਰ ਮੁਗਧ ਘਨ ਬੈਨ॥ [6] ਸਵਾਸ ਸਵਾਸ ਨਹੀਂ ਬਿਸਰੇ, ਜਿਉਂ ਬੱਛਰੇ ਕੋ ਥੈਨ॥ ਜਿਮ ਕਾਮਣਿ ਪ੍ਰਸੰਨ ਅਤਿ, ਪਤੀ ਕੋ ਦੇਖਤ ਨੈਨ॥ [7] ਕੱਤਕ ਸਵਰੇ ਕਾਮ ਸਭ, ਜਬ ਗੁਰ ਕਰਨਾ ਐਨ॥ ਰਵਿਦਾਸ ਗੁਰੂਦੇਵ ਚਰਨ ਕੋ, ਧੋਇ ਧੋਇ ਕਰ ਪੈਨ॥ [8]**

**ਸ਼ਬਦ ਅਰਥ** : **ਸਖਾ ਭਗਤ**- ਮਿੱਤਰ ਭਾਵ ਨਾਲ ਕੀਤੀ ਭਗਤੀ। **ਅਹੰਮੇਵ**- ਹੰਕਾਰ। **ਭੇਵ**- ਭੇਦ, ਭੇਤ। **ਸੁਭਾਵ**- ਸੁਭਾਉ। **ਮਲੇਵ**- ਮਿਲਣਾ, ਮਿਲ ਕੇ। **ਨੀਰ**- ਪਾਣੀ। **ਵਿਲਾਮ**- ਵਿਰਲਾਪ। **ਮੁਗਧ**- ਮੋਹਿਤ। **ਘਨ**- ਬੱਦਲ। **ਬੈਨ**- ਵਾਣੀ, ਆਵਾਜ਼ ਕਰਨਾ, ਗਰਜਣਾ। **ਥੈਨ**- ਥਨ ਭਾਵ ਦੁੱਧ। **ਕਾਮਣਿ**- ਇਸਤਰੀ। **ਸਵਰੇ**- ਸਵਰਣਾ, ਸਫ਼ਲ ਹੋਣਾ। **ਐਨ**- ਨਿਗ੍ਹਾ, ਨਜ਼ਰ। **ਪੈਨ**- ਪੀਣਾ।

**ਪਦ ਅਰਥ**- ਸਤਿਗੁਰੂ ਮਹਾਰਾਜ ਜੀ ਕੱਤਕ ਦੇ ਮਹੀਨੇ (ਦੀ ਸੁਹਾਵਣੀ ਰੁੱਤ) ਰਾਹੀਂ ਸਮਝਾਉਂਦੇ ਹਨ ਕਿ ਹੇ ਜੀਵ! ਤੂੰ (ਦੁਨਿਆਵੀ) ਧੰਦੇ ਛੱਡ ਕੇ ਗੁਰੂਦੇਵ ਦੇ 'ਸ਼ਬਦ' ਰਾਹੀਂ ਪ੍ਰਭੂ ਦੀ ਭਗਤੀ ਕਰ ਤੇ ਪ੍ਰਭੂ ਦਾ ਸੋਹੰ-ਨਾਮ ਜੱਪਦਿਆਂ-

ਜੱਪਦਿਆਂ ਸੰਤਾਂ ਦੀ ਸੇਵਾ ਕਰ॥

2. ਤੂੰ ਮਾਤਾ, ਪਿਤਾ ਤੇ ਭਰਾ ਆਦਿਕ ਤੋਂ ਪਿਆਰਾ ਗੁਰੂਦੇਵ ਨੂੰ ਸਮਝ। ਦੁਨੀਆਂ ਵਿੱਚ ਗੁਰੂਦੇਵ ਵਰਗਾ ਹੋਰ ਕੋਈ ਪਿਆਰਾ ਮਿੱਤਰ ਨਹੀਂ ਹੈ॥

3. ਤੂੰ ਗੁਰੂ ਨੂੰ ਸਖਾ ਸਮਝ ਕੇ ਉਸ ਦੇ ਬਖ਼ਸ਼ੇ ਹੋਏ 'ਸ਼ਬਦ' ਰਾਹੀਂ ਪ੍ਰਭੂ ਦੀ ਭਗਤੀ ਕਰ ਤੇ ਮਨ ਦੇ ਹੰਕਾਰ ਨੂੰ ਤਿਆਗ਼ ਦੇ। ਇਸੇ ਤਰ੍ਹਾਂ ਦੀ ਸਖਾ-ਭਗਤੀ ਅਰਜਨ ਨੇ ਕੀਤੀ ਸੀ॥

4. ਹੇ ਭਾਈ! ਕਾਮ, ਕ੍ਰੋਧ ਤੇ ਹੰਕਾਰ ਨੂੰ ਤਿਆਗ਼ ਕੇ ਹੀ ਸਖਾ-ਭਗਤੀ ਦੇ ਭੇਦਾਂ ਨੂੰ ਪਾਇਆ ਜਾ ਸਕਦਾ ਹੈ। ਸਖਾ-ਭਗਤੀ ਦਾ ਇਹ ਸੁਭਾਉ ਹੈ ਕਿ ਜਿਵੇਂ ਪਾਣੀ ਤੇ ਦੁੱਧ ਮਿਲ ਕੇ ਇੱਕਮਿਕ ਹੋ ਜਾਂਦੇ ਹਨ ਇਵੇਂ ਹੀ ਭਗਤ ਤੇ ਭਗਵੰਤ ਵੀ ਦੋਨੋਂ ਮਿਲ ਕੇ ਇੱਕਮਿਕ ਹੋ ਜਾਂਦੇ ਹਨ॥

5. ਪ੍ਰਭੂ ਦਾ ਭਗਤ ਸਾਰੇ (ਦੁਨਿਆਵੀ) ਧੰਦਿਆਂ ਨੂੰ ਤਿਆਗ਼ ਕੇ ਗੁਰੂ ਦੇ 'ਸ਼ਬਦ' ਰਾਹੀਂ ਦਿਨ-ਰਾਤ ਪ੍ਰਭੂ ਦਾ ਨਾਮ ਸਿਮਰਦਾ ਰਹਿੰਦਾ ਹੈ। ਜਿਸ ਤਰ੍ਹਾਂ ਪਾਣੀ ਤੋਂ ਬਿਨਾਂ ਮੱਛੀ ਨੂੰ ਚੈਨ ਨਹੀਂ ਆਉਂਦੀ, ਉਸੇ ਤਰ੍ਹਾਂ ਪ੍ਰਭੂ-ਪ੍ਰੇਮੀ ਨੂੰ ਵੀ ਪ੍ਰਭੂ ਤੋਂ ਬਿਨਾਂ ਚੈਨ ਨਹੀਂ ਆਉਂਦੀ॥

6. ਜਿਸ ਤਰ੍ਹਾਂ ਚਕਵੀ (ਆਪਣੇ ਪ੍ਰੇਮੀ ਦੇ ਵਿਛੋੜੇ ਦੀ ਬਿਰਹਾ 'ਚ) ਵਿਰਲਾਪ ਕਰਦੀ ਹੈ ਕਿ ਕਦੋਂ ਇਹ ਰਾਤ ਮੁੱਕੇ ਤਾਂ ਕਿ ਉਹ ਆਪਣੇ ਪ੍ਰੇਮੀ ਨੂੰ ਜਾ ਮਿਲੇ, ਜਿਸ ਤਰ੍ਹਾਂ (ਪ੍ਰੇਮ ਵਿੱਚ ਮੋਹਿਆ ਹੋਇਆ) ਮੋਰ ਗਰਜਦੇ ਹੋਏ ਬੱਦਲਾਂ 'ਤੇ ਮੋਹਿਤ ਹੋ ਜਾਂਦਾ ਹੈ ਅਤੇ ਜਿਸ ਤਰ੍ਹਾਂ ਚਕੋਰ ਦੀ ਚੰਦ ਨਾਲ ਪ੍ਰੀਤ ਹੁੰਦੀ ਹੈ ਉਸੇ ਤਰ੍ਹਾਂ ਦੀ ਪ੍ਰੀਤ ਜੀਵ ਨੂੰ ਵੀ ਪ੍ਰਭੂ ਨਾਲ ਕਰਨੀਂ ਚਾਹੀਦੀ ਹੈ॥

7. ਜਿਸ ਤਰ੍ਹਾਂ ਵੱਛੜਾ ਦੁੱਧ ਨੂੰ ਇਕ ਸਵਾਸ ਲਈ ਵੀ ਨਹੀਂ ਭੁੱਲਦਾ, ਜਿਸ ਤਰ੍ਹਾਂ ਇਸਤਰੀ ਆਪਣੇ ਪਤੀ ਨੂੰ ਦੇਖਦੇ ਸਾਰ ਹੀ ਬਹੁਤ ਪ੍ਰਸੰਨ ਹੋ ਜਾਂਦੀ ਹੈ ਉਸੇ ਤਰ੍ਹਾਂ ਜੀਵ ਵੀ ਪ੍ਰਭੂ ਦੇ ਦਰਸ਼ਨ ਕਰਕੇ ਪ੍ਰਸੰਨਚਿੱਤ ਹੋ ਉੱਠਦਾ ਹੈ॥

8. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ (ਕੱਤਕ ਦੀ ਠੰਢੀ-ਮਿੱਠੀ ਰੁੱਤ ਵਿੱਚ) ਜਦੋਂ ਗੁਰੂਦੇਵ ਆਪਣੀ ਕ੍ਰਿਪਾ-ਦ੍ਰਿਸ਼ਟੀ ਕਰਦੇ ਹਨ ਤਾਂ ਜੀਵ ਦੇ ਸਾਰੇ ਕਾਰਜ ਸਵਰ ਜਾਂਦੇ ਹਨ। ਇਸ ਲਈ ਹੇ ਭਾਈ! ਤੂੰ ਗੁਰੂਦੇਵ ਦੇ ਚਰਨ-ਕੰਵਲਾਂ ਨੂੰ ਧੋ-ਧੋ ਕੇ ਪੀ॥

## 'ਮੱਘਰ'

**ਚੜਿਆ ਮੱਘਰ ਹੇ ਸਖੀ, ਗਾਵੋ ਪ੍ਰਭ ਕੇ ਗੀਤ॥ ਸੰਤਾਂ ਸੰਗਤ ਪਾਇ ਕਰ, ਗੁਰੂਦੇਵ ਸਿਮਰੋ ਨੀਤ॥ [1] ਤਨ ਮਨ ਧੰਨ ਸਭ ਅਰਪ ਕਰ, ਐਸੀ ਕਰੋ ਪਰੀਤ॥ ਤਿਆਗ ਲੋਭ ਮੋਹ ਅਹੰਕਾਰ ਸਭ, ਗੁਰੂਦੇਵ ਕੀ ਕਰੋ ਪ੍ਰੀਤ॥ [2] ਗੌਣ ਵਾਕ ਸਭ ਤਿਆਗ ਕਰ, ਸੰਤ ਵਚਨ ਧਰ ਚੀਤ॥ ਤਨ ਮਨ ਧੰਨ ਇਹ ਹੰਕਾਰ, ਆਪਣੇ ਕਛਹੁ ਨਾ ਮਾਨ॥ [3] ਗਰਭ ਕਰਤ ਜੋ ਇਨਸੇ, ਸੋ ਨਰ ਹੈ ਅਨਜਾਣ॥ ਆਪ ਕਛਹੂ ਨਾ ਹੋਤ ਹੈ, ਦੇਣਹਾਰ ਹਰਿ ਧਾਮ॥ [4] ਮੈਂ ਕੀਆ ਮੈਂ**

**ਕਰਤ ਹੂੰ, ਕੂੜਾ ਕਰਹਿ ਮਾਣ॥ ਹਰਿ ਕਾ ਦੀਆ ਸੋ ਗੁਰ ਦੀਆ, ਤੈਂ ਕੀ ਦੀਆ ਆਨ॥** [5] **ਤੇਰਾ ਇੱਕ ਹੰਕਾਰ ਹੈ, ਅਰਪਣ ਤਿਸ ਕੋ ਮਾਨ॥ ਨਵ ਪ੍ਰਕਾਰ ਦੀ ਭਗਤ ਇਹ, ਸਤਿ ਗੁਰਦੇਵ ਬਿਖਾਨ॥ ਜਨ ਰਵਿਦਾਸ ਕਰੇ ਭਗਤ ਜੋ, ਸ਼ੁੱਧ ਭਯੋ ਤਿਸ ਮਾਨ॥** [6]

**ਸ਼ਬਦ ਅਰਥ** : **ਗੌਣ**- ਛੋਟਾ, ਫ਼ਜ਼ੂਲ। **ਵਾਕ**- ਬਚਨ, ਗੱਲ। **ਚੀਤ**- ਚਿਤ, ਮਨ। **ਅਨਜਾਣ**- ਮੂਰਖ਼। **ਹਰਿ ਧਾਮ**- ਪ੍ਰਭੂ ਦਾ ਨਿਵਾਸ ਅਸਥਾਨ, ਧੁਰ ਦਰਗਾਹ। **ਕੂੜਾ**- ਝੂਠ। **ਨਵ**- ਨੌ। **ਸ਼ੁੱਧ**- ਪਵਿੱਤਰ।

**ਪਦ ਅਰਥ**- ਹੇ ਮੇਰੀ ਸਤਿਸੰਗੀ ਸਹੇਲੀਏ! ਮੱਘਰ ਦਾ (ਠੰਢਾ-ਮਿੱਠਾ) ਮਹੀਨਾ ਚੜ੍ਹਿਆ ਹੈ, ਤੂੰ ਪ੍ਰਭੂ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾ ਤੇ ਸੰਤਾਂ ਦੀ ਸੰਗਤ ਵਿੱਚ ਰਹਿ ਕੇ ਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ ਦਾ ਹਮੇਸ਼ਾ ਸਿਮਰਨ ਕਰ॥

2. ਹੇ ਸਹੇਲੀਏ! ਤੂੰ ਆਪਣਾ ਤਨ, ਮਨ ਤੇ ਧਨ ਆਦਿਕ ਸਭ ਕੁਝ ਪ੍ਰਭੂ ਨੂੰ ਅਰਪਣ ਕਰਕੇ ਉਸ ਨਾਲ ਅਜਿਹੀ ਪ੍ਰੀਤ ਕਰ ਕਿ ਤੇਰੇ ਅੰਦਰ ਕਿਸੇ ਤਰ੍ਹਾਂ ਦੀ ਵੀ ਕੋਈ ਅਪਣੱਤ ਨਾ ਰਹਿ ਜਾਏ। ਤੂੰ ਲੋਭ, ਮੋਹ ਤੇ ਹੰਕਾਰ ਨੂੰ ਤਿਆਗ਼ ਕੇ ਗੁਰੂਦੇਵ ਨਾਲ ਪ੍ਰੀਤ ਕਰ॥

3. ਹੇ ਸਖੀਏ! ਤੂੰ ਫ਼ਜ਼ੂਲ ਦੀਆਂ ਗੱਲਾਂ ਛੱਡ ਕੇ ਸੰਤ-ਜਨਾਂ ਦੇ ਬਚਨਾਂ ਨੂੰ ਆਪਣੇ ਮਨ ਵਿੱਚ ਵਸਾ। ਤੂੰ ਤਨ, ਮਨ ਤੇ ਧਨ ਦਾ ਹੰਕਾਰ ਛੱਡ ਦੇ ਅਤੇ ਇਨ੍ਹਾਂ ਨੂੰ ਆਪਣਾ ਨਾ ਸਮਝ॥

4. ਜਿਹੜੇ ਜੀਵ ਇਨ੍ਹਾਂ (ਭਾਵ ਤਨ, ਮਨ ਤੇ ਧਨ) ਦਾ ਹੰਕਾਰ ਕਰਦੇ ਹਨ ਉਹ ਮੂਰਖ਼ ਹਨ। ਉਨ੍ਹਾਂ ਤੋਂ ਆਪ ਤਾਂ ਕੁਝ ਹੋ ਨਹੀਂ ਸਕਦਾ, ਕਰਣ-ਕਰਾਵਣਹਾਰ ਤਾਂ ਧੁਰ ਦਰਗਾਹੋਂ 'ਹਰਿ-ਪ੍ਰਭੂ' ਇਕ ਆਪ ਹੀ ਹੈ॥

5. ਜੀਵ ਆਪਣੇ ਝੂਠੇ ਹੰਕਾਰ ਕਾਰਨ ਕਹਿੰਦਾ ਹੈ ਕਿ ਮੈਂ ਇਹ ਕੀਤਾ ਹੈ ਮੈਂ ਉਹ ਕਰਦਾ ਹਾਂ। ਯਾਦ ਰੱਖ, ਜੋ ਕੁਝ ਵੀ ਪ੍ਰਭੂ ਦਿੰਦਾ ਹੈ ਉਹ ਉਸ ਦੀ 'ਬਖ਼ਸ਼ਿਸ਼' ਹੁੰਦੀ ਹੈ ਤੇ ਗੁਰੂ ਦੀ 'ਬਖ਼ਸ਼ਿਸ਼' ਹੁੰਦੀ ਹੈ, ਜੀਵ ਤਾਂ ਆਪ ਕੁਝ ਵੀ ਦੇਣ ਦੇ ਸਮਰੱਥ ਨਹੀਂ ਹੈ॥

6. ਹੇ ਭਾਈ! ਗੁਰੂਦੇਵ ਜੀ ਸੱਚ ਵਿਖਿਆਨ ਕਰਦੇ ਹਨ ਕਿ ਆਪਣੀ ਸਭ ਤਰ੍ਹਾਂ ਦੀ ਹਉਮੈ ਤੇ ਹੰਕਾਰ ਨੂੰ ਪ੍ਰਭੂ ਅੱਗੇ ਅਰਪਣ ਕਰਨਾ ਵੀ ਇਕ ਤਰ੍ਹਾਂ ਦੀ ਪ੍ਰਭੂ-ਭਗਤੀ ਹੀ ਹੈ। ਇਸ ਨੂੰ ਹੀ ਨਵਯਾ ਭਗਤੀ ਕਹਿੰਦੇ ਹਨ। ਗੁਰੂ ਰਵਿਦਾਸ ਮਹਾਰਾਜ ਜੀ ਉਚਾਰਨ ਕਰਦੇ ਹਨ ਕਿ ਜੋ ਵੀ ਜੀਵ ਪ੍ਰਭੂ ਦੀ ਭਗਤੀ ਕਰਦਾ ਹੈ ਉਸ ਨੂੰ ਪਵਿੱਤਰ ਜੀਵਨ ਵਾਲਾ ਹੋ ਗਿਆ ਮੰਨਣਾ ਚਾਹੀਦਾ ਹੈ॥

## 'ਪੋਹ'

**ਮੱਘਰ ਪੂਰਾ ਭਇਆ ਜਬ, ਤੱਬ ਚੜ੍ਹਿਆ ਪੋਹ ਮਾਸ॥ ਸੋਹੰ ਨਾਮ ਤੂੰ ਸਿਮਰ ਨਿੱਤ, ਜੱਗ ਤੇ ਹੋਏ ਉਦਾਸ॥** [1] **ਅਵਰ ਕਾਮਨਾ ਸਰਬ ਤੱਜ, ਸਤਿਗੁਰੂ ਕੀ ਕਰ ਆਸ॥ ਸਤਿਗੁਰ ਸ਼ਰਨੀ ਲੱਗਿਆਂ, ਪਾਪ ਹੋਤ ਸਭ**

**ਨਾਸ॥ [2] ਸਰਵਣ ਕਰਤ ਗੁਰਾਂ ਤੇ, ਸਾਧਨ ਗਿਆਨ ਬਿਲਾਸ॥ ਵਚਨ ਧਾਰ ਗੁਰਦੇਵ ਉਰ, ਸਭ ਸੰਸੇ ਹੋਵਨ ਨਾਸ॥ [3] ਸਤਿਨਾਮ ਉਪਦੇਸ਼ ਗੁਰ, ਕਰ ਤੂੰ ਦ੍ਰਿੜ ਅਭਿਆਸ॥ ਵਚਨ ਗੁਰੂ ਪਰਕਾਸ਼ ਕਰ, ਹੋਤ ਭਰਮ ਸਭ ਨਾਸ॥ [4] ਸਰਵਣ ਇਸ ਕਾ ਨਾਮ ਹੈ, ਸੁਣ ਸਤਿਨਾਮ ਵਿਚਾਰ॥ ਸਤਿ ਸਰੂਪ ਪਰਮਾਤਮਾ, ਮਿਥਿਆ ਜਗਤ ਪਾਸਾਰ॥ [5] ਤਿਸ ਪ੍ਰਭ ਕੋ ਤੂੰ ਸਿਮਰ ਮਨ, ਜੋ ਹੈ ਸਰਬ ਆਧਾਰ॥ ਸਤਿਗੁਰ ਸ਼ਰਨੀ ਲਗ ਕਰ, ਸਮਝੋ ਸਾਰ ਆਸਾਰ॥ [6] ਪ੍ਰਭੂ ਬਿੰਨ ਅਵਰ ਨਾ ਜਾਣ ਕਛਹੂ, ਸਭ ਇੱਕ ਬ੍ਰਹਮ ਪਸਾਰ॥ ਅਸਥਾਵਰ ਜੰਗਮ ਆਦਿ ਸਭ, ਜੀਆ ਜੰਤ ਨਿਰਧਾਰ॥ [7] ਜੰਨ ਰਵਿਦਾਸ ਪੋਹ ਬੀਤਿਆ, ਅਬ ਸੁਣ ਮਾਘ ਵਿਚਾਰ॥ ਜੰਨ ਗੁਰਦੇਵ ਹਰਿ ਭੇਟਿਆ, ਭਵਜਲ ਉਤਰੇ ਪਾਰ॥ [8]**

**ਸ਼ਬਦ ਅਰਥ** : **ਕਾਮਨਾ**- ਚਾਹ, ਆਸਾ। **ਉਦਾਸ**- ਮੋਹ ਰਹਿਤ ਹੋਣਾ, ਵੈਰਾਗਵਾਨ, ਉਪਰਾਮ। **ਸਾਧਨ**- ਨਿਮਿੱਤ, ਕਾਰਣ। **ਗਿਆਨ**- ਆਤਮਿਕ ਜੀਵਨ ਦੀ ਸੂਝ-ਬੂਝ। **ਬਿਲਾਸ**- ਆਨੰਦ, ਮੌਜ। **ਉਰ**- ਹਿਰਦਾ। **ਧਾਰ**- ਧਾਰਨਾ, ਵਸਾਉਣਾ। **ਸੰਸੇ**- ਸ਼ੱਕ ਸੰਦੇਹ। **ਸਤਿ**- ਸਦਾ ਥਿਰ ਰਹਿਣ ਵਾਲਾ। **ਸਰੂਪ**- ਨਿਜ ਰੂਪ, ਆਪਣਾ ਆਪ, ਹੋਂਦ। **ਜਗਤ ਆਸਾਰ**- ਜਗਤ ਖ਼ਿਲਾਰਾ। **ਆਧਾਰ**- ਆਸਰਾ। **ਅਸਥਾਵਰ**- ਅਚੱਲ ਜਿਵੇਂ ਬ੍ਰਿੱਛ, ਪਰਬਤ ਆਦਿਕ। **ਜੰਗਮ**- ਚੱਲ, ਗਮਨ ਕਰਤਾ, ਜੋ ਇੱਕ ਥਾਂ ਨਾ ਟਿਕੇ। **ਨਿਰਧਾਰ**- ਨਿਰ+ਆਧਾਰ, ਬਿਨਾਂ ਆਧਾਰ।

**ਪਦ ਅਰਥ**- ਜਦੋਂ ਮੱਘਰ ਦਾ ਮਹੀਨਾ ਪੂਰਾ ਹੋ ਜਾਂਦਾ ਹੈ ਤਾਂ ਪੋਹ ਮਹੀਨਾ ਚੜ੍ਹਦਾ ਹੈ। ਹੇ ਭਾਈ! ਤੂੰ ਪ੍ਰਭੂ ਦੇ ਸੋਹੰ ਨਾਮ ਦਾ ਹਰ ਵੇਲੇ ਸਿਮਰਨ ਕਰਿਆ ਕਰ ਜਿਸਦੀ ਬਰਕਤਿ ਨਾਲ ਤੂੰ ਸੰਸਾਰ ਤੋਂ ਉਪਰਾਮ ਹੋ ਜਾਵੇਂਗਾ॥

2. ਤੂੰ ਸੰਸਾਰ ਦੀਆਂ ਹੋਰ ਸਾਰੀਆਂ ਆਸਾਵਾਂ ਛੱਡ ਕੇ ਸਿਰਫ਼ ਸਤਿਗੁਰੂ 'ਤੇ ਆਸ ਰੱਖ ਕਿਉਂਕਿ ਸਤਿਗੁਰੂ ਦੀ ਸ਼ਰਨ ਵਿੱਚ ਜਾਇਆਂ ਭਾਵ ਸਤਿਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ ਦਾ ਧਿਆਨ ਧਰਿਆਂ ਹੀ ਸਾਰੇ ਪਾਪਾਂ ਦਾ ਨਾਸ਼ ਹੁੰਦਾ ਹੈ॥

3. ਹੇ ਭਾਈ! ਗੁਰੂ ਦੇ ਬਚਨਾਂ ਨੂੰ ਸਰਵਣ ਕਰਨ ਨਾਲ ਜੀਵ ਨੂੰ ਆਤਮਿਕ ਜੀਵਨ ਜਿਊਣ ਦੀ ਸੋਝੀ ਆ ਜਾਂਦੀ ਹੈ ਤੇ ਜਿਸ ਦੇ ਸਦਕੇ ਉਹ ਸਦੀਵੀ ਆਨੰਦ ਭੋਗਦਾ ਹੈ। ਤੂੰ ਵੀ ਸਤਿਗੁਰੂ ਦੇ ਬਚਨਾਂ ਨੂੰ ਆਪਣੇ ਹਿਰਦੇ ਵਿੱਚ ਵਸਾ ਲੈ ਜਿਸ ਦੀ ਬਰਕਤਿ ਨਾਲ ਤੇਰੇ ਵੀ ਸਾਰੇ ਸ਼ੱਕ-ਸੰਦੇਹ ਖ਼ਤਮ ਹੋ ਜਾਣਗੇ॥

4. ਤੂੰ ਗੁਰੂ ਦੇ 'ਸਤਿਨਾਮ' ਉਪਦੇਸ਼ ਦਾ ਦ੍ਰਿੜ ਵਿਸ਼ਵਾਸ ਨਾਲ ਮਨ ਵਿੱਚ ਅਭਿਆਸ ਕਰ। ਯਾਦ ਰੱਖ, ਗੁਰੂ ਦੇ ਬਚਨਾਂ ਉੱਤੇ ਚੱਲਿਆਂ ਜੀਵ ਅੰਦਰ ਆਤਮਿਕ ਗਿਆਨ ਦਾ ਚਾਨਣਾ ਹੋ ਜਾਂਦਾ ਹੈ ਜਿਸ ਨਾਲ ਸਾਰੇ ਭਰਮਾਂ ਦਾ ਨਾਸ਼ ਹੁੰਦਾ ਹੈ॥

5. ਇਸ ਲਈ ਹੇ ਜੀਵ! ਤੂੰ ਗੁਰੂ ਦੇ 'ਸਤਿਨਾਮ' ਸ਼ਬਦ ਨੂੰ ਸਰਵਣ ਕਰ ਤੇ ਮਨ ਵਿੱਚ ਇਸ ਦੀ ਵਿਚਾਰ ਕਰ। ਕੇਵਲ ਪ੍ਰਭੂ ਦਾ ਨਿੱਜਰੂਪ (ਭਾਵ ਆਪਣਾ-

ਆਪ) ਹੀ ਸਦਾ ਥਿਰ ਰਹਿਣ ਵਾਲਾ ਹੈ, ਬਾਕੀ ਸਭ ਜਗਤ-ਪਾਸਾਰਾ ਝੂਠਾ ਹੈ॥
6. ਹੇ ਮਨ! ਤੂੰ ਉਸ ਪ੍ਰਭੂ ਦਾ ਸਿਮਰਨ ਕਰ ਜੋ ਸਭਨਾਂ ਦੀ ਜ਼ਿੰਦ ਦਾ ਆਧਾਰ ਹੈ। ਤੂੰ ਸਤਿਗੁਰੂ ਦੀ ਸ਼ਰਨ ਵਿੱਚ ਜਾ ਕੇ ਉਹਨਾਂ ਤੋਂ ਸਤਿ-ਅਸਤਿ (ਭਾਵ ਸਦਾ-ਥਿਰ ਰਹਿਣ ਵਾਲੇ ਪ੍ਰਭੂ ਤੇ ਇਸ ਨਾਸ਼ਵੰਤ ਜਗਤ) ਨੂੰ ਸਮਝ॥
7. ਪ੍ਰਭੂ ਤੋਂ ਬਿਨਾਂ ਸ੍ਰਿਸ਼ਟੀ ਵਿੱਚ ਹੋਰ ਕੁਝ ਵੀ ਨਹੀਂ ਹੈ, ਸਭ ਪਾਸੇ ਪ੍ਰਭੂ ਦਾ ਆਪਣਾ ਹੀ ਪਾਸਾਰਾ ਪਸਰਿਆ ਹੋਇਆ ਹੈ (ਭਾਵ ਸਾਰੀ ਸ੍ਰਿਸ਼ਟੀ ਪ੍ਰਭੂ ਦੀ ਜੀਵਨ-ਰੌ ਨਾਲ ਭਰਪੂਰ ਹੈ)। ਸਾਰੇ ਚੱਲ-ਅਚੱਲ ਅਰਥਾਤ ਸਾਰੇ ਗਮਨ ਕਰਤਾ ਤੇ ਸਾਰੇ ਇਕ ਥਾਂ ਟਿਕੇ ਰਹਿਣ ਵਾਲੇ ਅਤੇ ਸਾਰੇ ਜੀਵ-ਜੰਤੂ ਪ੍ਰਭੂ ਤੋਂ ਬਿਨਾਂ ਆਧਾਰ-ਰਹਿਤ ਹਨ, ਕੁਝ ਵੀ ਨਹੀਂ ਹਨ॥
8. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਹੇ ਭਾਈ! ਪੋਹ ਦਾ ਮਹੀਨਾ ਬੀਤ ਗਿਆ ਹੈ, ਹੁਣ ਤੂੰ ਮਾਘ ਦੇ ਮਹੀਨੇ ਦੀ ਵਿਚਾਰ ਕਰ (ਭਾਵ ਤੂੰ ਹੁਣ ਦੇ ਸਮੇਂ ਦੀ ਵਿਚਾਰ ਕਰ। ਇਸ ਸਮੇਂ ਨੂੰ ਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ-ਸਿਮਰਨ ਤੋਂ ਬਿਨਾਂ ਖਾਲੀ ਨਾ ਜਾਣ ਦੇ।) ਯਾਦ ਰੱਖ, ਜਿਹੜੇ ਜੀਵ ਗੁਰੂ ਦੀ ਕਿਰਪਾ ਰਾਹੀਂ ਪ੍ਰਭੂ ਨਾਲ ਭੇਟ ਕਰ ਲੈਂਦੇ ਹਨ ਉਹ ਮਾਇਆ ਦੇ ਮੋਹ-ਰੂਪ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ॥

## 'ਮਾਘ'

**ਮਾਘ ਮਹੀਨਾ ਧਰਮ ਕਾ, ਦ੍ਰਿੜ ਕਰ ਤੂੰ ਸਤਿਸੰਗ॥ ਸੰਤਾਂ ਸੰਗ ਪ੍ਰੀਤ ਕਰ, ਕਦੀ ਨਾ ਹੋਵੇ ਭੰਗ॥ [1] ਧੂੜ ਸੰਤ ਕੇ ਚਰਨ ਕੀ, ਸੋਈ ਸ਼੍ਰੇਸ਼ਟ ਹੈ ਗੰਗ॥ ਪਾਪਾਂ ਕੀ ਮੱਲ ਉੱਤਰੇ, ਚੜ੍ਹੇ ਨਾਮ ਕਾ ਰੰਗ॥ [2] ਮਨਮੁੱਖ ਸੰਗ ਨਾ ਕੀਜੀਏ, ਪੜਤ ਭਜਨ ਮੇਂ ਭੰਗ॥ ਦੁੱਖ ਬਿਨਸੇ ਸੁੱਖ ਲਾਭ ਹੋਵੇ, ਗੁਰਮੁੱਖ ਜਿਨ ਕੇ ਸੰਗ॥ [3] ਨਾਮ ਜਪੋ ਮਿਲ ਗੁਰਮੁੱਖਾਂ, ਜੋ ਹੈ ਸਦਾ ਆਸੰਗ॥ ਤੂੰ ਵੀ ਪ੍ਰਭ ਤੇ ਭਿੰਨ ਨਹੀਂ, ਜਿਉਂ ਜੱਲ ਮਾਂਹਿ ਤਾਰੰਗ॥ [4] ਸੋਹੰ ਨਾਮ ਰਗ ਰਗ ਰਚੇ, ਨਾਮ ਕਾ ਚੜੇ ਜਬ ਰੰਗ॥ ਪੰਚੋ ਵੈਰੀ ਤਿਆਗ ਕਰ, ਤਬ ਹੋਏ ਨਿਸੰਗ॥ [5] ਗੁਰੂ ਪ੍ਰੇਮੀ ਗੁਰ ਕੀ ਸ਼ਰਨ ਗਹਿ, ਕਰਤ ਖੂਬ ਵਿਚਾਰ॥ ਗੁਰੂਦੇਵ ਕੇ ਪ੍ਰਤਾਪ ਬਿਨ, ਸਮਝੇ ਨਾ ਸਾਰ ਆਸਾਰ॥ [6] ਕਰਕੇ ਦ੍ਰਿੜ ਉਪਦੇਸ਼ ਗੁਰ, ਭਵਨਿਧਿ ਉਤਰੇ ਪਾਰ॥ ਮੰਦ ਭਾਗ ਬਿਨ ਸਤਿਗੁਰਾਂ, ਡੁੱਬਣ ਭਵ ਨਿਧ ਧਾਰ॥ [7] ਸਤਿਗੁਰ ਕੇ ਪ੍ਰਸਾਦਿ ਹਮ, ਜਾਨਿਆ ਆਤਮ ਰਾਮ॥ ਜਾਨਣ ਜੋਗ ਸੁ ਜਾਨਿਆ, ਜੋ ਆਤਮ ਨਿਜ ਧਾਮ॥ [8] ਮਿਟਿਆ ਗੁਮਾਨ ਗੁਰ ਦਯਾ ਤੇ, ਪਾਇਆ ਅਬ ਵਿਸਰਾਮ॥ ਪੁੰਨੇ ਸਗਲ ਮਨੋਰਥਾਂ, ਰਹਿਓ ਨਾ ਬਾਕੀ ਕਾਮ॥ [9] ਅਨੇਕ ਜਨਮ ਦੁੱਖ ਪਾਇ ਕਰ, ਆਏ ਗੁਰ ਕੀ ਸਾਮ॥ ਜਿਹੜੇ ਬਿਛੜੇ ਤਿਹ ਮਿਲੇ, ਭਏ ਅਭ ਆਤਮ ਰਾਮ॥ [10] ਸਤਿਗੁਰ ਕੇ ਭਜਨ ਬਿਨ, ਨਹੀਂ ਅਵਰ ਕੁਛ ਕਾਮ॥ ਇਕੋ ਸੋਹੰ ਸਤਿਨਾਮ ਜੀਓ,**

**ਸਿਮਰੋ ਆਠੋ ਜਾਮ॥ [11] ਸਰਵਣ ਕਰ ਗੁਰ ਵਚਨ ਕੋ, ਨਿਸਚੇ ਕਰ ਉਪਦੇਸ਼॥ ਨਿਸਵਾਸਰ ਅਭਿਆਸ ਕਰ, ਤੱਜ ਕਰ ਸਗਲ ਕਲੇਸ਼॥ [12] ਬੁੱਦਬੁਦਾ ਫੇਨ ਤਰੰਗ ਕਾ, ਜੱਲ ਤੇ ਭਿੰਨ ਨਾ ਲੇਸ॥ ਸਭ ਭੂਖਣ ਜਿੰਨ ਕਨਕ ਕੇ, ਕੰਚਨ ਬਿਨ ਨਾ ਸ਼ੇਸ਼॥ [13] ਘਟਿ ਮਿਟ ਮਾਟੀ ਰੂਪ ਸਭ, ਔਰ ਨਾ ਕਛਹੂ ਵਿਸ਼ੇਸ਼॥ ਅਨਿਕ ਭਾਂਤਿ ਪਟ ਜੋ ਭਏ, ਸੂਤਰ ਤਿਸ ਕਾ ਵੇਸ॥ ਰਵਿਦਾਸ ਗੁਰੂ ਚਰਨ ਕੇ, ਕਰਹੂੰ ਸਦਾ ਆਦੇਸ਼॥ [14]**

**ਸ਼ਬਦ ਅਰਥ** : **ਭੰਗ**- ਵਿਘਨ। **ਮੱਲ**- ਮੈਲ। **ਸੁੱਖ**- ਆਤਮਿਕ ਆਨੰਦ। **ਰਗ ਰਗ**- ਨਸ ਨਸ। **ਰੰਗ**- ਪ੍ਰੇਮ। **ਨਿਸੰਗ**- ਸੰਗ ਲਾਹੁਣਾ, ਝਾਕਾ ਲਾਹੁਣਾ, ਨਿਡਰ ਹੋਣਾ। **ਸਾਰ ਅਸਾਰ**-ਸਤਿ ਅਸਤਿ (ਭਾਵ ਸਦਾ ਥਿਰ ਰਹਿਣ ਵਾਲਾ ਪ੍ਰਭੂ ਤੇ ਇਹ ਨਾਸ਼ਵੰਤ ਜਗਤ)। **ਆਤਮ ਰਾਮ**- ਆਤਮਾ ਵਿੱਚ ਰਮਨ ਕਰਨ ਵਾਲਾ ਪ੍ਰਭੂ। **ਪੰਨੇ**- ਪੂਰਣ ਹੋਏ। **ਮਨੋਰਥਾਂ**- ਸੰਕਲਪ, ਪ੍ਰਯੋਜਨ, ਮਨੋਕਾਮਨਾ। **ਜਾਮ**- ਪਹਿਰ, ਤਿੰਨ ਘੰਟੇ ਦਾ ਸਮਾਂ। **ਨਿਸਚੇ**- ਦ੍ਰਿੜ ਸੰਕਲਪ, ਯਕੀਨ। **ਕਲੇਸ**- ਝਗੜਾ। **ਨਿਸਵਾਸਰ**- ਦਿਨ ਰਾਤ। **ਫੇਨ**- ਝੱਗ। **ਲੇਸ**- ਥੋੜ੍ਹਾ ਮਾਤਰ, ਅਲਪ। **ਭੂਖਣ**- ਗਹਿਣਾ, ਜੇਵਰ। **ਕੰਚਨ**- ਸੋਨਾ। **ਘਟਿ**- ਸਰੀਰ। **ਪਟ**- ਕੱਪੜਾ। **ਸੂਤਰ**- ਤਾਗਾ। **ਵੇਸ**- ਸ਼ਕਲ, ਰੂਪ। **ਆਦੇਸ਼**- ਨਮਸਕਾਰ।

**ਪਦ ਅਰਥ**- (ਮਾਘ ਮਹੀਨੇ ਵਿੱਚ ਲੋਕ ਧਾਰਮਿਕ ਅਸਥਾਨਾਂ ’ਤੇ ਜਾਂ ਤੀਰਥਾਂ ’ਤੇ ਇਸ਼ਨਾਨ ਕਰਨਾ ਪੁੰਨ ਕਰਮ ਸਮਝਦੇ ਹਨ ਪਰ ਸਤਿਗੁਰੂ ਮਹਾਰਾਜ ਜੀ ਸਮਝਾਉਂਦੇ ਹਨ ਕਿ ਸਤਿ-ਸੰਗਤ ਕਰਨਾ ਹੀ ਸਭ ਤੋਂ ਵੱਡਾ ਪੁੰਨ ਕਰਮ ਹੈ।) ਆਪ ਜੀ ਉਚਾਰਨ ਕਰਦੇ ਹਨ ਕਿ ਹੇ ਭਾਈ! ਤੂੰ ਪੂਰਨ ਸ਼ਰਧਾ ਨਾਲ ਸਤਿਸੰਗ ਕਰ ਤੇ ਸੰਤ-ਜਨਾਂ ਨਾਲ ਪ੍ਰੀਤ ਕਰ ਤਾਂ ਕਿ ਤੇਰੇ (ਆਤਮਿਕ ਜੀਵਨ ਵਿੱਚ) ਕਦੇ ਵੀ ਕੋਈ ਵਿਘਨ ਨਾ ਪਵੇ॥

2. ਯਾਦ ਰੱਖ, ਸੰਤ-ਜਨਾਂ ਦੇ ਚਰਨਾਂ ਦੀ ਧੂੜ ਗੰਗਾ ਵਾਂਗ ਪਵਿੱਤਰ ਹੁੰਦੀ ਹੈ ਜਿਸ ਨਾਲ ਪਾਪਾਂ ਦੀ ਮੈਲ ਉਤਰਦੀ ਹੈ ਤੇ ਪ੍ਰਭੂ ਦੇ ਨਾਮ ਦਾ ਪ੍ਰੇਮ-ਰੰਗ ਚੜ੍ਹਦਾ ਹੈ॥

3. ਮਨ ਦੇ ਪਿੱਛੇ ਤੁਰਨ ਵਾਲਿਆਂ ਦੀ ਕਦੇ ਵੀ ਸੰਗਤ ਨਹੀਂ ਕਰਨੀਂ ਚਾਹੀਦੀ ਕਿਉਂਕਿ ਉਨ੍ਹਾਂ ਦੀ ਸੰਗਤ ਕਰਨ ਨਾਲ ਭਜਨ ਵਿੱਚ ਵਿਘਨ ਪੈਂਦਾ ਹੈ। ਪਰ ਗੁਰੂ ਦੇ ਸਨਮੁੱਖ ਰਹਿਣ ਵਾਲਿਆਂ ਦੀ ਸੰਗਤ ਕਰਨ ਨਾਲ ਦੁੱਖਾਂ ਦਾ ਨਾਸ਼ ਹੁੰਦਾ ਹੈ ਤੇ ਜੀਵ ਨੂੰ ਆਤਮਿਕ ਆਨੰਦ ਦਾ ਲਾਭ ਪ੍ਰਾਪਤ ਹੁੰਦਾ ਹੈ॥

4. ਹੇ ਭਾਈ! ਗੁਰੂ ਦੇ ਸਨਮੁੱਖ ਰਹਿਣ ਵਾਲਿਆਂ ਨਾਲ ਮਿਲ ਕੇ ਉਸ ਪ੍ਰਭੂ ਦਾ ਸਿਮਰਨ ਕਰੋ ਜੋ ਹਮੇਸ਼ਾ ਅੰਗ-ਸੰਗ ਰਹਿੰਦਾ ਹੈ, ਕਦੇ ਵੀ ਅ-ਸੰਗ ਨਹੀਂ ਹੁੰਦਾ, ਦੂਰ ਨਹੀਂ ਹੁੰਦਾ। ਜਿਵੇਂ ਪਾਣੀ ਦੀ ਲਹਿਰ ਪਾਣੀ ਤੋਂ ਅਲੱਗ ਨਹੀਂ ਹੁੰਦੀ ਤਿਵੇਂ ਹੀ ਤੂੰ ਵੀ ਪ੍ਰਭੂ ਤੋਂ ਅਲੱਗ ਨਹੀਂ ਹੈਂ॥

5. ਜਦੋਂ ਜੀਵ ਨੂੰ ਪ੍ਰਭੂ ਦੇ ਨਾਮ ਦਾ ਪ੍ਰੇਮ-ਰੰਗ ਚੜ੍ਹਦਾ ਹੈ ਤਾਂ ਉਹ ਜੀਵ ਦੀ ਨਸ-ਨਸ ਵਿੱਚ ਰਚ ਜਾਂਦਾ ਹੈ। ਫਿਰ ਜੀਵ ਪੰਜੇ ਕਾਮਾਦਿਕ ਵੈਰੀਆਂ (ਕਾਮ,

ਕ੍ਰੋਧ ਆਦਿਕ) ਨੂੰ ਤਿਆਗ ਕੇ ਇਨ੍ਹਾਂ ਤੋਂ ਨਿਰਲੇਪ ਤੇ ਨਿਡਰ ਹੋ ਜਾਂਦਾ ਹੈ॥
6. ਗੁਰੂ ਨੂੰ ਪਿਆਰ ਕਰਨ ਵਾਲੇ ਜੀਵ ਆਪਣੇ ਗੁਰੂ ਦੀ ਸ਼ਰਨ ਹੀ ਹਮੇਸ਼ਾਂ ਗ੍ਰਹਿਣ ਕਰਦੇ ਹਨ ਤੇ (ਆਤਮਿਕ ਗਿਆਨ) ਦੀਆਂ ਡੂੰਘੀਆਂ ਵਿਚਾਰਾਂ ਨੂੰ ਆਪਸ ਵਿੱਚ ਸਾਂਝੀਆਂ ਕਰਦੇ ਹਨ। ਸਤਿਗੁਰੂ ਦੀ ਕਿਰਪਾ ਦ੍ਰਿਸ਼ਟੀ ਤੋਂ ਬਿਨਾਂ ਇਨ੍ਹਾਂ ਡੂੰਘੀਆਂ ਵਿਚਾਰਾਂ ਦੇ ਸਤਿ-ਅਸਤਿ (ਭਾਵ ਸਦਾ-ਥਿਰ ਰਹਿਣ ਵਾਲੇ ਪ੍ਰਭੂ ਤੇ ਇਸ ਨਾਸ਼ਵੰਤ ਜਗਤ) ਨੂੰ ਨਹੀਂ ਸਮਝਿਆ ਜਾ ਸਕਦਾ॥
7. ਸਤਿਗੁਰੂ ਦੇ ਉਪਦੇਸ਼ਾਂ 'ਤੇ ਦ੍ਰਿੜ ਵਿਸ਼ਵਾਸ ਨਾਲ ਚੱਲਣ ਵਾਲੇ ਜੀਵ ਮਾਇਆ-ਵੇੜ੍ਹੇ ਸੰਸਾਰ-ਸਮੁੰਦਰ ਤੋਂ ਸਹਿਜੇ ਹੀ ਪਾਰ ਲੰਘ ਜਾਂਦੇ ਹਨ ਜਦਕਿ ਮੰਦਭਾਗੀ ਜੀਵ ਸਤਿਗੁਰ (ਦੇ 'ਸ਼ਬਦ') ਤੋਂ ਬਿਨਾਂ (ਕੁਰਾਹੇ ਪਏ ਹੋਏ) ਇਸ ਡੂੰਘੇ ਮਾਇਆਵੀ ਸੰਸਾਰ-ਸਮੁੰਦਰ ਵਿਚਕਾਰ ਡੁੱਬ ਜਾਂਦੇ ਹਨ॥
8. ਹੇ ਭਾਈ! ਸਤਿਗੁਰੂ ਦੀ ਕਿਰਪਾ ਨਾਲ (ਸਤਿਗੁਰੂ ਦੇ 'ਸ਼ਬਦ' ਰਾਹੀਂ) ਮੈਂ ਪ੍ਰਭੂ ਨੂੰ ਆਪਣੇ ਅੰਦਰੋਂ ਹੀ ਜਾਣ ਲਿਆ ਹੈ। (ਜਗਤ ਦਾ ਉਹ ਮੂਲ-ਪ੍ਰਭੂ) ਜੋ ਜਾਨਣ ਯੋਗ ਹੈ (ਭਾਵ ਜਿਸ ਨਾਲ ਡੂੰਘੀ ਜਾਣ-ਪਛਾਣ ਪਾਈ ਜਾਣੀ ਚਾਹੀਦੀ ਹੈ) ਅਤੇ ਜੋ ਸਭਨਾਂ ਜੀਵ-ਆਤਮਾ ਦੇ ਰਹਿਣ ਦਾ ਆਪਣਾ ਅਸਲੀ ਘਰ ਹੈ, ਉਸਨੂੰ ਸਤਿਗੁਰੂ ਦੀ ਰਹਿਮਤ ਸਦਕਾ ਹੀ ਜਾਣਿਆ ਜਾ ਸਕਦਾ ਹੈ॥
9. ਸਤਿਗੁਰੂ ਦੀ ਕਿਰਪਾ ਨਾਲ (ਸਤਿਗੁਰੂ ਦੇ ਬਖਸ਼ੇ ਹੋਏ 'ਸ਼ਬਦ' ਦਾ ਸਿਮਰਨ ਕੀਤਿਆਂ) ਜੀਵ ਅੰਦਰੋਂ ਮੈਂ-ਮੇਰੀ ਦਾ ਹੰਕਾਰ ਖਤਮ ਹੋ ਜਾਂਦਾ ਹੈ ਅਤੇ ਉਹ ਸ਼ਾਂਤ ਤੇ ਅਡੋਲ ਅਵਸਥਾ ਵਿੱਚ ਟਿਕ ਜਾਂਦਾ ਹੈ। ਫਿਰ ਉਸਦੇ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ ਤੇ ਕੋਈ ਵੀ ਮਨੋ-ਕਾਮਨਾ ਬਾਕੀ ਨਹੀਂ ਰਹਿ ਜਾਂਦੀ ਭਾਵ 'ਨਿਹਕਾਮ' ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ॥
10. ਜੀਵ ਅਨੇਕਾਂ ਜਨਮਾਂ ਵਿੱਚ ਭਟਕਦਾ ਹੋਇਆ ਤੇ ਦੁੱਖਾਂ ਨੂੰ ਭੋਗਦਾ ਹੋਇਆ ਬੜੇ ਭਾਗਾਂ ਨਾਲ ਮਨੁੱਖਾ ਜਨਮ ਵਿੱਚ ਆ ਕੇ ਗੁਰੂ ਦੀ ਸ਼ਰਣ ਗ੍ਰਹਿਣ ਕਰਦਾ ਹੈ। ਜਿਸ ਪ੍ਰਭੂ ਤੋਂ ਜੀਵ ਵਿਛੜਿਆ ਰਹਿੰਦਾ ਸੀ (ਗੁਰੂ-ਕਿਰਪਾ) ਨਾਲ ਹੀ ਉਸ ਜੀਵ ਦਾ ਪ੍ਰਭੂ ਨਾਲ ਮੇਲ ਹੁੰਦਾ ਹੈ। ਫਿਰ ਉਹ ਆਤਮਾ ਵਿੱਚ ਰਮਣ ਕਰਨ ਵਾਲੇ ਪ੍ਰਭੂ ਨਾਲ ਇਕ-ਮਿਕ ਹੋ ਜਾਂਦਾ ਹੈ॥
11. ਇਸ ਅਵਸਥਾ ਵਿੱਚ ਟਿਕੇ ਹੋਏ ਜੀਵ ਕੋਲ ਸਤਿਗੁਰ ਦੇ 'ਸ਼ਬਦ' ਰਾਹੀਂ ਪ੍ਰਭੂ ਦਾ ਭਜਨ ਕਰਨ ਤੋਂ ਇਲਾਵਾ ਫਿਰ ਹੋਰ ਕੋਈ ਕੰਮ ਨਹੀਂ ਰਹਿ ਜਾਂਦਾ। ਉਹ ਅੱਠੋ ਪਹਿਰ 'ਸੋਹੰ-ਸਤਿਨਾਮ' ਦਾ ਹੀ ਭਜਨ-ਸਿਮਰਨ ਕਰਦਾ ਰਹਿੰਦਾ ਹੈ॥
12. ਇਸ ਲਈ ਤੂੰ ਵੀ ਸਾਰੇ ਦੁਨਿਆਵੀ ਝਗੜੇ-ਝਮੇਲੇ ਛੱਡ ਕੇ ਗੁਰੂ ਦੇ ਬਚਨਾਂ ਨੂੰ ਸਰਵਣ ਕਰ ਤੇ ਦ੍ਰਿੜ ਸੰਕਲਪ ਨਾਲ ਉਨ੍ਹਾਂ ਬਚਨਾਂ/ ਉਪਦੇਸ਼ਾਂ ਦਾ ਦਿਨ-ਰਾਤ ਅਭਿਆਸ ਕਰ, (ਭਾਵ ਉਨ੍ਹਾਂ ਨੂੰ ਆਪਣੇ ਆਚਰਣ ਵਿੱਚ ਅਪਣਾ।)॥
13. ਜਿਸ ਤਰ੍ਹਾਂ ਪਾਣੀ ਦੀ ਲਹਿਰ ਤੋਂ ਉਤਪੰਨ ਹੋਇਆ ਝੱਗ ਦਾ ਬੁਲਬੁਲਾ ਪਾਣੀ ਤੋਂ ਥੋੜ੍ਹਾ ਮਾਤਰ ਵੀ ਭਿੰਨ ਨਹੀਂ ਹੁੰਦਾ, ਜਿਸ ਤਰ੍ਹਾਂ ਸੋਨੇ ਦੇ ਸਾਰੇ

ਗਹਿਣੇ ਸੋਨੇ ਤੋਂ ਇਲਾਵਾ ਕੁਝ ਹੋਰ ਨਹੀਂ ਹੁੰਦੇ (ਉਸੇ ਤਰ੍ਹਾਂ ਜੀਵ ਵੀ ਪ੍ਰਭੂ ਤੋਂ ਭਿੰਨ ਨਹੀਂ ਹੈ।)॥

14. ਹੇ ਭਾਈ! ਪ੍ਰਭੂ ਨੇ ਸਾਰੇ ਜੀਵਾਂ ਦੇ ਸਰੀਰ (ਰੂਪ) ਇੱਕੋ ਮਿੱਟੀ ਨਾਲ (ਭਾਵ ਪੰਜ ਤੱਤਾਂ ਨਾਲ) ਬਣਾਏ ਹਨ, ਕਿਸੇ ਇਕ ਵਿੱਚ ਵੀ ਕੋਈ ਹੋਰ ਖ਼ਾਸ ਤੱਤ ਨਹੀਂ ਹੈ। ਇਹ ਉਵੇਂ ਹੀ ਹੈ ਜਿਵੇਂ ਕਿ ਕੱਪੜੇ ਭਾਵੇਂ ਅਨੇਕਾਂ ਪ੍ਰਕਾਰ ਦੇ ਹੋਣ ਪਰ ਉਨ੍ਹਾਂ ਦਾ ਅਸਲ ਰੂਪ (ਆਧਾਰ) ਤਾਂ ਧਾਗਾ ਹੀ ਹੁੰਦਾ ਹੈ। ਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ (ਪ੍ਰਭੂ ਦੇ ਅਜਿਹੇ ਭੇਦਾਂ ਨੂੰ ਜਾਣਨ ਲਈ) ਜੀਵ ਨੂੰ ਹਮੇਸ਼ਾ ਗੁਰੂ ਦੇ ਚਰਨਾਂ ਵਿੱਚ ਨਮਸਕਾਰ ਕਰਨੀ ਚਾਹੀਦੀ ਹੈ॥

## 'ਫੱਗਣ'

**ਚੜਿਆ ਫਾਗਣ ਮਾਸ ਜਬ, ਫੂਲੀ ਸਭ ਗੁਲਜਾਰ॥ ਧਰਤੀ ਸਭ ਹਰਿਆਵਲੀ, ਸੁੰਦਰ ਬਾਗ ਬਹਾਰ॥ [1] ਬੁੱਲਬੁੱਲ ਮਸਤ ਬਹਾਰ ਪਰ, ਭੰਵਰਾ ਭਈ ਗੁਲਜਾਰ॥ ਨਿਵਣ ਫੱਲ ਬਹੁ ਬਾਗ ਮੇਂ, ਗਲਗਲ ਆਮ ਅਨਾਰ॥ [2] ਗੁਰਮੁੱਖ ਗੁਰ ਕੀ ਸ਼ਰਨ ਗਹਿ, ਕਰਤੇ ਖ਼ੂਬ ਵਿਚਾਰ॥ ਸਤਿਗੁਰ ਕੇ ਪਰਤਾਪ ਕਰ, ਸਮਝੇ ਸਾਰ ਆਸਾਰ॥ [3] ਕਰ ਕੇ ਦ੍ਰਿੜ ਉਪਦੇਸ਼ ਗੁਰ, ਭਵ ਨਿੱਧ ਉੱਤਰੇ ਪਾਰ॥ ਮੰਦ ਭਾਗ ਬਿਨ ਸਤਿਗੁਰਾਂ, ਡੁੱਬਣ ਭਵ ਨਿੱਧ ਧਾਰ॥ [4] ਸਤਿਗੁਰ ਕੇ ਪ੍ਰਸਾਦਿ ਹਮ, ਜਾਨਿਆਂ ਆਤਮ ਰਾਮ॥ ਜਾਨਣ ਯੋਗ ਸੋ ਜਾਨਿਆ, ਜੋ ਆਤਮ ਨਿੱਜ ਧਾਮ॥ [5] ਮਿਟਿਆ ਗਮਨ ਗੁਰ ਦਯਾ ਤੇ, ਪਾਇਆ ਅਬ ਬਿਸਰਾਮ॥ ਆਨੇਕ ਜਨਮ ਦੁੱਖ ਪਾਇ ਕਰ, ਆਏ ਗੁਰ ਕੀ ਸ਼ਾਮ॥ [6] ਜਿਹੜੇ ਵਿੱਛੜੇ ਤਿਹ ਮਿਲੇ, ਭਏ ਸੋ ਆਤਮ ਰਾਮ॥ ਜਨ ਰਵਿਦਾਸ ਗੁਰ ਭਜਨ ਬਿੰਨ, ਨਹੀਂ ਅਵਰ ਕਛਹੁ ਕਾਮ॥ [7] ਗੁਰੂ ਚਰਨੋਂ ਕਾ ਧਿਆਨ ਕਰ, ਸੁਣ ਬਾਰਾਂ ਮਾਸਕ ਉਪਦੇਸ਼॥ ਪੜੇ ਸੁਣੇ ਜੋ ਪ੍ਰੇਮ ਕਰ, ਹੋਵੇ ਕਲਿਆਣ ਹਮੇਸ਼॥ [8]**

**<u>ਸ਼ਬਦ ਅਰਥ</u> :** **ਗੁਲਜਾਰ**- ਫੁਲਵਾੜੀ। **ਬਹਾਰ**- ਮੌਸਮ। **ਨਿਵਣ**- ਝੁਕਣਾ। **ਗਹਿ**- ਗ੍ਰਹਿਣ ਕਰਨਾ, ਪ੍ਰਾਪਤ ਕਰਨਾ। **ਸਾਰ ਆਸਾਰ**- ਸਤਿ ਅਸਤਿ। **ਧਾਰ**- ਗਹਿਰਾ, ਡੂੰਘਾ। **ਆਤਮ ਰਾਮ**- ਪਾਰਬ੍ਰਹਮ ਪਰਮੇਸ਼ਰ, ਪ੍ਰਭੂ। **ਨਿੱਜ ਧਾਮ**- ਆਪਣਾ ਘਰ। **ਗਮਨ**- ਸਫ਼ਰ (ਜਨਮ-ਮਰਨ ਦਾ ਗੇੜ)। **ਬਿਸਰਾਮ**- ਸਥਿਤੀ, ਸ਼ਾਂਤ। **ਸ਼ਾਮ**- ਸ਼ਰਨ।

**<u>ਪਦ ਅਰਥ</u>**- (ਸਿਆਲੀ ਰੁੱਤ ਦੀ ਕੜਕਦੀ ਸਰਦੀ ਪਿੱਛੋਂ) ਫੱਗਣ ਦੇ ਮਹੀਨੇ ਹਰਿਆਲੀ ਰੁੱਤ ਆਉਣ ਨਾਲ ਸਾਰੀਆਂ ਫੁੱਲਵਾੜੀਆਂ ਤੇ ਸਾਰੇ ਬਾਗ-ਬਗੀਚੇ ਸੋਹਣੇ ਫੁੱਲਾਂ ਨਾਲ ਭਰਪੂਰ ਖਿੜ ਉੱਠਦੇ ਹਨ ਤੇ ਸਾਰੀ ਧਰਤੀ ਹਰਿਆਲੀ ਨਾਲ ਭਰ ਜਾਂਦੀ ਹੈ॥

2. ਬੁਲਬੁਲ ਬਹਾਰਾਂ 'ਤੇ ਅਤੇ ਭੰਵਰੇ ਫੁੱਲਾਂ ਦੀਆਂ ਫੁੱਲਵਾੜੀਆਂ 'ਤੇ ਮਸਤ ਹੋਏ ਰਹਿੰਦੇ ਹਨ। ਅਨੇਕਾਂ ਬਾਗਾਂ ਵਿੱਚ ਗਲਗਲਾਂ, ਅੰਬਾਂ ਤੇ ਅਨਾਰਾਂ ਦੇ ਬ੍ਰਿੱਛ ਫ਼ਲਾਂ ਨਾਲ ਭਰੇ ਹੋਣ ਕਾਰਨ ਝੁਕ ਜਾਂਦੇ ਹਨ॥

3. (ਅਜਿਹੀ ਸੁਹਾਵਣੀ ਰੁੱਤ ਵਿੱਚ) ਗੁਰੂਮੁੱਖ ਸਤਿਗੁਰੂ ਦੀ ਸ਼ਰਨੀਂ ਪੈ ਕੇ

(ਆਤਮਿਕ ਗਿਆਨ) ਦੀ ਡੂੰਘੀ ਵਿਚਾਰ ਕਰਦੇ ਹਨ ਤੇ ਸਤਿਗੁਰੂ ਦੀ ਕਿਰਪਾ ਨਾਲ ਸਤਿ-ਅਸਤਿ (ਭਾਵ ਸਦਾ-ਥਿਰ ਰਹਿਣ ਵਾਲੇ ਪ੍ਰਭੂ ਤੇ ਇਸ ਨਾਸ਼ਵੰਤ ਜਗਤ) ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਨ॥

4. ਸਤਿਗੁਰੂ ਦੇ ਉਪਦੇਸ਼ਾਂ 'ਤੇ ਦ੍ਰਿੜ ਵਿਸ਼ਵਾਸ ਨਾਲ ਚੱਲਣ ਵਾਲੇ ਜੀਵ ਮਾਇਆ-ਵੇੜ੍ਹੇ ਸੰਸਾਰ-ਸਮੁੰਦਰ ਤੋਂ ਸਹਿਜੇ ਹੀ ਪਾਰ ਲੰਘ ਜਾਂਦੇ ਹਨ ਜਦਕਿ ਮੰਦ ਭਾਗੀ ਜੀਵ ਸਤਿਗੁਰੂ (ਦੇ 'ਸ਼ਬਦ') ਤੋਂ ਬਿਨਾਂ (ਕੁਰਾਹੇ ਪਏ ਹੋਏ) ਇਸ ਡੂੰਘੇ ਮਾਇਆਵੀ ਸੰਸਾਰ-ਸਮੁੰਦਰ ਵਿਚਕਾਰ ਡੁੱਬ ਜਾਂਦੇ ਹਨ॥

5. ਹੇ ਭਾਈ! ਸਤਿਗੁਰੂ ਦੀ ਕਿਰਪਾ ਨਾਲ (ਸਤਿਗੁਰੂ ਦੇ 'ਸ਼ਬਦ' ਰਾਹੀਂ) ਮੈਂ ਪ੍ਰਭੂ ਨੂੰ ਆਪਣੇ ਅੰਦਰੋਂ ਹੀ ਜਾਣ ਲਿਆ ਹੈ (ਜਗਤ ਦਾ ਉਹ ਮੂਲ-ਪ੍ਰਭੂ) ਜੋ ਜਾਨਣ ਯੋਗ ਹੈ (ਭਾਵ ਜਿਸ ਨਾਲ ਡੂੰਘੀ ਜਾਣ-ਪਛਾਣ ਪਾਈ ਜਾਣੀ ਚਾਹੀਦੀ ਹੈ) ਅਤੇ ਜੋ ਸਭਨਾਂ ਜੀਵ-ਆਤਮਾਵਾਂ ਦੇ ਰਹਿਣ ਦਾ ਆਪਣਾ ਅਸਲੀ ਘਰ ਹੈ, ਉਸਨੂੰ ਸਤਿਗੁਰੂ ਦੀ ਰਹਿਮਤ ਸਦਕਾ ਹੀ ਜਾਣਿਆ ਜਾ ਸਕਦਾ ਹੈ॥

6. ਗੁਰੂ ਦੀ ਕਿਰਪਾ ਨਾਲ ਹੀ ਜੀਵ ਦਾ ਆਉਣ-ਜਾਣ ਦਾ ਸਫ਼ਰ (ਭਾਵ ਜਨਮ-ਮਰਨ ਦਾ ਗੇੜ) ਖ਼ਤਮ ਹੁੰਦਾ ਹੈ ਤੇ ਉਹ ਸਥਿਰ ਤੇ ਸ਼ਾਂਤ ਅਵਸਥਾ ਨੂੰ ਪ੍ਰਾਪਤ ਕਰਦਾ ਹੈ। ਜੀਵ ਅਨੇਕਾਂ ਜਨਮਾਂ 'ਚ ਭਟਕਦਾ ਹੋਇਆ ਦੁੱਖਾਂ ਨੂੰ ਭੋਗਣ ਤੋਂ ਬਾਅਦ ਮਨੁੱਖਾ ਜਨਮ ਵਿੱਚ ਆ ਕੇ ਗੁਰੂ ਦੀ ਸ਼ਰਨ ਪ੍ਰਾਪਤ ਕਰਦਾ ਹੈ॥

7. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਂਦੇ ਹਨ ਕਿ ਜਿਹੜੇ ਜੀਵ ਪ੍ਰਭੂ ਨਾਲੋਂ (ਕਈ ਜਨਮਾਂ) ਤੋਂ ਵਿੱਛੜੇ ਰਹਿੰਦੇ ਹਨ ਉਹ (ਗੁਰੂ-ਕਿਰਪਾ) ਨਾਲ ਹੀ ਪ੍ਰਭੂ ਦਾ ਮਿਲਾਪ ਹਾਸਲ ਕਰਦੇ ਹਨ ਤੇ ਉਸ ਨਾਲ ਇਕ-ਮਿਕ ਹੋ ਜਾਂਦੇ ਹਨ। ਫਿਰ ਉਨ੍ਹਾਂ ਜੀਵਾਂ ਕੋਲ ਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ ਦਾ ਭਜਨ ਕਰਨ ਤੋਂ ਇਲਾਵਾ ਕੋਈ ਹੋਰ ਕੰਮ ਨਹੀਂ ਰਹਿ ਜਾਂਦਾ॥

8. ਹੇ ਭਾਈ! ਆਪਣੇ ਗੁਰੂ ਦੇ ਚਰਨਾਂ ਦਾ ਧਿਆਨ ਕਰ ਕੇ ਭਾਵ ਗੁਰੂ ਦੇ 'ਸ਼ਬਦ' ਰਾਹੀਂ ਸੁਰਤਿ ਨੂੰ ਪ੍ਰਭੂ ਨਾਲ ਜੋੜ ਕੇ ਬਾਰਾਂ ਮਾਸਿਕ ਉਪਦੇਸ਼ ਸੁਣਨਾ ਚਾਹੀਦਾ ਹੈ। ਜੋ ਵੀ ਜੀਵ ਇਨ੍ਹਾਂ ਉਪਦੇਸ਼ਾਂ ਨੂੰ ਪ੍ਰੇਮ-ਪੂਰਵਕ ਪੜ੍ਹ-ਸੁਣ ਕੇ (ਆਪਣੇ ਆਚਰਣ ਵਿੱਚ ਅਪਣਾਵੇਗਾ) ਉਸ ਦਾ ਹਮੇਸ਼ਾ ਕਲਿਆਣ ਹੋਵੇਗਾ॥

* * * * *

### "ਦੋਹਰਾ"

**ਧਰਤ ਅਕਾਸ਼ ਕੋ ਥਾਪਿਆ, ਰੈਨ ਦਿਵਸ ਨਿੱਤ ਪਾਲ॥ ਸਰਵ ਜੀਵ ਕੇ ਕਰਮ ਜੋ, ਸਾਹਿਬ ਕਰੇ ਖਿਆਲ॥ 1 ਆਪ ਅਪਨਾ ਸਭ ਪਾਵਤੇ, ਕਿਰਤ ਧੁਰ ਪਰਵਾਨ॥ ਪਵਨ ਪਾਣੀ ਬੈਸੰਤਰ, ਰਖਸ਼ਕ ਭਯ ਭਗਵਾਨ॥2**

**ਰਵਿਦਾਸ ਕਹੇ ਭਜ ਨਾਮ ਕੋ, ਨਿਰਭੈ ਪਾਵੈ ਵਾਸ॥ ਤੇਰਾ ਫਲ ਤੁਝ ਕੋ ਮਿਲੇ, ਹੋਵੇ ਬੰਦ ਖਲਾਸ॥**[3]

**ਸ਼ਬਦ ਅਰਥ : ਥਾਪਿਆ**- ਸਥਾਪਤ ਕੀਤਾ, ਰਚਨਾ ਕੀਤੀ। **ਨਿੱਤ**- ਹਮੇਸ਼ਾ। **ਪਾਲ**- ਪਾਲਣ ਕਰਨਾ। **ਕਰਮ**-ਕੰਮ। **ਕਿਰਤ**-ਕਰਮਾਂ ਦੀ ਕਮਾਈ। ਪਰਵਾਨ-ਕਬੂਲ। **ਬੈਸੰਤਰ**- ਅੱਗ। **ਨਿਰਭੈ**- ਡਰ ਰਹਿਤ। **ਬੰਦ**- ਬੰਧਨ। **ਖਲਾਸ**-ਮੁਕਤ।

**ਨੋਟ** : ਇਹ ਸ਼ਬਦ ਰਾਗੁ 'ਗਉੜੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- 1. ਸਿਰਜਣਹਾਰ-ਪ੍ਰਭੂ ਨੇ ਆਪ ਹੀ ਧਰਤੀ ਤੇ ਆਕਾਸ਼ (ਭਾਵ ਸਾਰੇ ਸੰਸਾਰ) ਦੀ ਸਥਾਪਨਾ ਕੀਤੀ ਹੈ ਅਤੇ ਆਪ ਹੀ ਦਿਨ-ਰਾਤ ਇਸ ਦੀ ਹਮੇਸ਼ਾ ਪਾਲਣਾ ਕਰਦਾ ਹੈ। ਉਹ ਮਾਲਿਕ-ਪ੍ਰਭੂ ਸਾਰੇ ਜੀਵਾਂ ਦੇ ਕੀਤੇ ਹੋਏ ਕਰਮਾਂ ਦਾ ਪੂਰਾ-ਪੂਰਾ ਖ਼ਿਆਲ ਰੱਖਦਾ ਹੈ (ਭਾਵ ਜੀਵ ਦੇ ਕਰਮਾਂ ਦਾ ਪੂਰਾ-ਪੂਰਾ ਹਿਸਾਬ-ਕਿਤਾਬ ਰੱਖਦਾ ਹੈ।)॥

2. ਸਾਰੇ ਜੀਵ ਆਪੋ-ਆਪਣੇ ਕੀਤੇ ਹੋਏ ਕਰਮਾਂ ਅਨੁਸਾਰ ਫਲ ਪਾਉਂਦੇ ਹਨ ਪਰ ਕੇਵਲ (ਪ੍ਰਭੂ ਦੇ ਨਾਮ-ਸਿਮਰਨ) ਦੇ ਕਰਮਾਂ ਦੀ ਕਮਾਈ ਹੀ ਪ੍ਰਭੂ ਦੀ ਧੁਰ ਦਰਗਾਹ ਵਿੱਚ ਕਬੂਲ ਹੁੰਦੀ ਹੈ। (ਜੀਵ ਤਾਂ ਕਿਤੇ ਰਹੇ) ਉਹ ਪ੍ਰਭੂ ਤਾਂ ਹਵਾ, ਪਾਣੀ ਤੇ ਅੱਗ ਆਦਿਕ (ਨਿਰਜੀਵ) ਤੱਤਾਂ ਦੀ ਵੀ ਰੱਖਿਆ ਕਰਦਾ ਹੈ॥

3. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਹੇ ਭਾਈ! ਤੂੰ ਪ੍ਰਭੂ ਦੇ ਨਾਮ ਦਾ ਭਜਨ ਕਰ, ਸਿਮਰਨ ਕਰ ਜਿਸ ਦੀ ਬਰਕਤਿ ਨਾਲ ਤੂੰ ਉਸ ਅਵਸਥਾ ਵਿੱਚ ਵਾਸਾ ਪਾਵੇਂਗਾ (ਭਾਵ ਟਿਕਿਆ ਰਹੇਂਗਾ) ਜਿੱਥੇ ਕੋਈ ਵੀ ਡਰ ਤੈਨੂੰ ਪੋਹ ਨਾ ਸਕੇ। (ਯਾਦ ਰੱਖ ਸਿਰਜਣਹਾਰ-ਪ੍ਰਭੂ ਦੀ ਰਜ਼ਾ ਦਾ ਇਹ ਨਿਯਮ ਹੈ) ਕਿ ਜੀਵ ਨੂੰ ਉਸ ਵੱਲੋਂ ਕੀਤੇ ਹੋਏ ਕਰਮਾਂ ਦਾ ਫਲ ਜ਼ਰੂਰ ਮਿਲਦਾ ਹੈ ਪਰ ਪ੍ਰਭੂ ਦਾ ਨਾਮ-ਭਜਨ ਕੀਤਿਆਂ ਜੀਵ ਕਰਮ-ਫਲ ਦੇ ਸਾਰੇ ਬੰਧਨਾਂ ਤੋਂ ਸਦਾ ਲਈ ਮੁਕਤ ਹੋ ਜਾਂਦਾ ਹੈ॥

* * * * *

## "ਸ਼ਾਂਦ ਬਾਣੀ"

**ਸੋਹੰ ਸਾਂਦ ਸੋਲੱਖਿਆ, ਸਰਬ ਘਟਿ।**
**ਮਿਲ ਗੁਰ ਨਾਮ ਲਗਾਇਉ ਰੱਟ॥**

(**ਸੋਲੱਖਿਆ**- ਚੰਗੇ ਲੱਛਣਾ ਵਾਲਾ, ਚੰਗੇ ਭਾਗਾਂ ਵਾਲਾ।)

**ਨੋਟ** : ਇਹ ਸ਼ਬਦ ਰਾਗੁ 'ਗਉੜੀ' ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਪ੍ਰਭੂ ਨਾਲ ਇਕ ਰੂਪ ਹੋ ਜਾਣ ਵਾਲਾ ਸ਼ਬਦ 'ਸੋਹੰ' ਚੰਗੇ ਭਾਗਾਂ ਵਾਲਾ ਛੰਦ ਹੈ ਤੇ ਸਭਨਾਂ ਦੇ ਹਿਰਦੇ-ਘਰ ਵਿਚ ਇਕ-ਰਸ ਵਿਆਪਕ ਰਹਿੰਦਾ ਹੈ। ਤੂੰ ਗੁਰੂ ਨੂੰ ਮਿਲ ਕੇ (ਗੁਰੂ ਦੇ 'ਸ਼ਬਦ' ਰਾਹੀਂ) ਇਸ ਨਾਮ ਦੀ ਰਟ ਹਰ ਵੇਲੇ ਲਗਾਉਂਦਾ ਰਹਿ॥

**ਚੌਂਕ ਚਤਰ ਜੱਗ ਜਾਣ ਮਹਾਨ।**
**ਪੂਰਨ ਹਾਰ ਜਗਤ ਸੋ ਪ੍ਰਾਣ॥**

(**ਚੌਂਕ**- ਬਾਜ਼ਾਰ ਦਾ ਉਹ ਥਾਂ ਜਿੱਥੇ ਚਾਰੇ ਕੂਚੇ ਆ ਕੇ ਮਿਲਦੇ ਹਨ। **ਚਤਰ**- ਚਾਰ। **ਪ੍ਰਾਣ**-ਆਧਾਰ, ਜਿੰਦ ਦਾ ਆਸਰਾ।)

**ਪਦ ਅਰਥ**- ਇਹ ਸਾਰਾ ਜਗਤ-ਪਸਾਰਾ, ਮਾਨੋਂ, ਪ੍ਰਭੂ ਦਾ ਰਚਿਆ ਹੋਇਆ ਇਕ ਵਿਸ਼ਾਲ ਚੌਂਕ ਹੈ ਤੇ ਇਸ ਜਗਤ-ਰੂਪ ਚੌਂਕ ਦੇ ਚਾਰੇ ਕੂਚੇ, ਮਾਨੋਂ, ਜਗਤ-ਪਸਾਰੇ ਦੀਆਂ ਚਾਰੇ ਦਿਸ਼ਾਵਾਂ ਹਨ। ਇਸ ਜਗਤ ਨੂੰ ਮੁਕੰਮਲ ਕਰਨ ਵਾਲਾ ਪ੍ਰਭੂ ਜਗਤ ਦਾ ਆਧਾਰ ਹੈ ਤੇ (ਸਭਨਾਂ ਜੀਵਾਂ ਦੀ ਜਿੰਦ ਦਾ ਆਸਰਾ ਹੈ।)॥

**ਨਾਨਕੇ, ਮਾਪੇ, ਸਾਕ ਸੋਹੇਲੇ।**
**ਕਰ ਕਿਰਪਾ ਸਤਿਗੁਰ ਪ੍ਰਭ ਮੇਲੇ॥**

**ਪਦ ਅਰਥ**- ਹੇ ਭਾਈ! ਸਤਿਗੁਰੂ ਆਪਣੀ ਮਿਹਰ ਨਾਲ (ਆਪਣੇ 'ਸ਼ਬਦ' ਰਾਹੀਂ) ਜੀਵ ਨੂੰ ਪ੍ਰਭੂ ਨਾਲ ਮਿਲਾ ਦਿੰਦਾ ਹੈ। ਫਿਰ ਨਾਨਕੇ, ਮਾਪੇ (ਭਾਵ ਦਾਦਕੇ) ਤੇ ਸਾਕ-ਸੰਬੰਧੀ ਆਦਿਕ ਸਭ (ਸਤਿਸੰਗੀ ਸਹੇਲੜਿਆਂ ਵਾਂਗ) ਜੀਵ ਦੇ ਮਿੱਤਰ ਬਣ ਜਾਂਦੇ ਹਨ॥

**ਹੱਥ ਗਾਨਾ, ਗਣਿਉ ਸੋ ਮਾਲ।**
**ਕਿਆ ਪੁੰਨ, ਦਾਨ ਰਚਨ ਆਕਾਲ॥**

(**ਗਾਨਾ**- ਮੰਤ੍ਰ ਵਿਧੀ ਨਾਲ ਵਿਆਹ, ਯੁੱਧ ਆਦਿਕ ਦੇ ਸਮੇਂ ਹੱਥ ਬੱਧਾ ਡੋਰਾ। **ਗਣਿਉ**- ਮਿੱਥਣਾ, ਸਮਝਣਾ। **ਮਾਲ**-ਧਨ, ਖ਼ਜ਼ਾਨਾ। **ਪੁੰਨ-ਦਾਨ**- ਪਵਿੱਤਰ ਦਾਨ, ਉੱਤਮ ਦਾਨ। **ਆਕਾਲ**-ਉਹ ਪ੍ਰਭੂ ਜਿਸ ਦਾ ਸਰੂਪ ਕਾਲ ਤੋਂ ਪਰ੍ਹੇ ਹੈ, ਜੋ ਨਾਸ਼-ਰਹਿਤ ਹੈ।)

**ਪਦ ਅਰਥ**- ਹੇ ਭਾਈ! ਜੀਵ ਦੇ ਹੱਥ ਉੱਤੇ ਬੱਧੇ ਹੋਏ ਪ੍ਰਭੂ ਦੇ (ਨਾਮ-ਰੂਪੀ) ਗਾਨੇ ਨੂੰ ਸਭ ਤੋਂ ਵੱਡਾ ਧਨ-ਖਜ਼ਾਨਾ ਸਮਝਣਾ ਚਾਹੀਦਾ ਹੈ। ਉਹ ਪ੍ਰਭੂ ਜੋ ਕਾਲ ਤੋਂ ਪਰ੍ਹੇ ਹੈ (ਭਾਵ ਜੋ ਨਾਸ਼-ਰਹਿਤ ਹੈ) ਅਤੇ ਜੋ ਜਗਤ ਦਾ ਰਚਨਹਾਰ ਹੈ, ਉਸ ਦੇ ਨਾਮ-ਧਨ ਅੱਗੇ ਦੁਨੀਆਂ ਦੇ ਕਿਸੇ ਵੀ ਦਾਨ-ਪੁੰਨ ਦੀ ਕੁਝ ਵੀ ਪਾਂਇਆਂ ਨਹੀਂ ਹੈ (ਭਾਵ ਪ੍ਰਭੂ ਦਾ ਨਾਮ-ਧਨ ਹੀ ਸਭ ਤਰ੍ਹਾਂ ਦੇ ਧਨ-ਪਦਾਰਥਾਂ ਤੋਂ ਉੱਚਾ ਤੇ ਸੁੱਚਾ ਹੈ।)॥

**ਕੁੰਭ ਕਮਾਲ ਜਨਮ, ਜਨ ਪਾਇਉ।**
**ਸੁਰਤ ਸ਼ਬਦ ਆਨਾਜ ਮਿਲਾਇਉ॥**

(**ਕਮਾਲ**- ਬੇ-ਮਿਸਾਲ, ਅਦੁੱਤੀ। **ਕੁੰਭ**-ਘੜਾ, ਸਰੀਰ-ਰੂਪੀ ਘੜਾ।)

**ਪਦ ਅਰਥ**- ਮਨੁੱਖਾ-ਜਨਮ ਵਿੱਚ ਆ ਕੇ ਜੀਵ ਨੇ, ਇਕ ਬੇ-ਮਿਸਾਲ ਕੁੰਭ-ਰੂਪੀ ਸਰੀਰ ਪਾਇਆ ਹੈ ਤੇ ਇਸ ਸਰੀਰ ਵਿੱਚ ਪ੍ਰਭੂ ਨੇ 'ਸੁਰਤਿ-ਸ਼ਬਦ' ਦਾ ਅਨਾਜ ਮਿਲਾਇਆ ਹੈ [ਭਾਵ ਸੁਰਤਿ ਨੂੰ (ਜੀਵਾਤਮਾ ਨੂੰ) ਸ਼ਬਦ-ਰੂਪ ਪ੍ਰਭੂ ਨੂੰ ਮਿਲਣ ਲਈ (ਚੇਤਨਾ-ਰੂਪੀ) ਅਨਾਜ (ਬੀਜ਼) ਪਾਇਆ ਹੈ।]॥

**ਭਰ ਜੱਲ, ਕੁੰਭ ਕਾਰਜ ਮੇਂ ਧਰਿਉ।**

**ਤਿਵ ਕਾਰਜ ਸੋਪੂਰਨ ਕਰਿਉ ॥**

**ਪਦ ਅਰਥ**- ('ਸੁਰਤਿ-ਸ਼ਬਦ' ਦੇ ਮਿਲਾਪ ਦੇ) ਕਾਰਜ ਲਈ ਪ੍ਰਭੂ ਨੇ ਕੁੰਭ-ਰੂਪੀ ਸਰੀਰ ਵਿੱਚ ਆਤਮਿਕ ਜੀਵਨ ਦੇਣ ਵਾਲਾ ਨਾਮ-ਜਲ ਭਰਿਆ ਹੈ (ਜੋ ਕਿ ਗੁਰੂ ਰਾਹੀਂ ਪ੍ਰਾਪਤ ਹੁੰਦਾ ਹੈ)। ਇਸ ਨਾਮ-ਜਲ ਦੀ ਬਰਕਤਿ ਨਾਲ ਹੀ ਜੀਵ ਦੇ ਸਾਰੇ ਆਤਮਿਕ ਕਾਰਜ ਸੰਪੂਰਨ ਹੁੰਦੇ ਹਨ ॥

**ਦੀਪਕ ਦਿੱਲ ਸੰਗ ਤੇਲ ਬਿਠਾਈ।**
**ਸੁਰਤ ਮਿਲਾ, ਉੱਤੇ ਜੋਤ ਜਗਾਈ॥**

(**ਜੋਤ**- ਰੱਬੀ ਰੌਸ਼ਨੀ, ਆਤਮਿਕ ਚਾਨਣਾ।)

**ਪਦ ਅਰਥ**- ਹੇ ਭਾਈ! ਦਿਲ-ਰੂਪੀ ਦੀਪਕ ਵਿੱਚ (ਗੁਰੂ ਦੇ 'ਸ਼ਬਦ' ਰਾਹੀਂ) ਨਾਮ-ਰੂਪੀ ਤੇਲ ਪਾਇਆਂ ਜੀਵ ਦੀ ਸੁਰਤਿ ਪ੍ਰਭੂ ਨਾਲ ਜੁੜ ਜਾਂਦੀ ਹੈ ਤੇ ਜਿਸ ਦੀ ਬਰਕਤਿ ਨਾਲ ਉਸ ਅੰਦਰ ਰੱਬੀ ਜੋਤਿ ਜਗ ਪੈਂਦੀ ਹੈ (ਭਾਵ ਜੀਵ ਨੂੰ ਆਤਮਿਕ ਗਿਆਨ ਦਾ ਚਾਨਣਾ ਹੋ ਜਾਂਦਾ ਹੈ।)॥

**ਗੁਰ ਭਰਵਾਸੇ, ਸੋ ਸੰਧੂਰ।**
**ਨੌ ਦਰ ਤੋਂ, ਨੌ ਗ੍ਰਹਿ ਸਭ ਦੂਰ॥**

(**ਭਰਵਾਸੇ**-ਵਿਸ਼ਵਾਸ, ਭਰੋਸਾ। **ਨੌ ਦਰ**- ਨੌ ਦਰਵਾਜੇ, ਸਰੀਰ ਦੀਆਂ ਨੌ ਗੋਲਕਾਂ (ਦੋ ਕੰਨ, ਦੋ ਅੱਖਾਂ, ਦੋ ਨਾਸ਼ਾਂ, ਮੂੰਹ, ਗੁਦਾ ਤੇ ਲਿੰਗ।)। **ਨੌ ਗ੍ਰਹਿ**-ਆਕਾਸ਼ ਮੰਡਲ ਦੇ ਨੌ ਗ੍ਰਹਿ (ਸੂਰਜ, ਚੰਦਰਮਾ, ਮੰਗਲ, ਬੁੱਧ, ਵ੍ਰਿਹਸਪਤਿ, ਸ਼ੁਕ੍ਰ ਸਨੰਸੂਰ ਆਦਿਕ)।)

**ਪਦ ਅਰਥ**- ਹੇ ਭਾਈ! ਜਿਹੜੀ ਜੀਵ ਇਸਤਰੀ ਗੁਰੂ 'ਤੇ ਦ੍ਰਿੜ ਵਿਸ਼ਵਾਸ ਕਰਕੇ (ਗੁਰੂ ਦੇ ਬਖ਼ਸ਼ੇ ਹੋਏ 'ਸ਼ਬਦ' ਨੂੰ ਹਰ ਵੇਲੇ ਸਿਮਰਦੀ ਰਹਿੰਦੀ ਹੈ) ਉਹ, ਮਾਨੋਂ, ਪ੍ਰਭੂ-ਪਤੀ ਦਾ ਸੰਧੂਰ ਹੀ ਪਾ ਰਹੀ ਹੁੰਦੀ ਹੈ ਤੇ ਜਿਸ ਦੀ ਬਰਕਤਿ ਨਾਲ ਉਸ ਦੇ ਸਰੀਰ ਦੀਆਂ ਨੌ ਗੋਲਕਾਂ (ਦਰਵਾਜੇ) ਤੇ ਸ੍ਰਿਸ਼ਟੀ ਦੇ ਨੌ ਗ੍ਰਹਿ ਦੂਰ ਹੋ ਜਾਂਦੇ ਹਨ ਭਾਵ ਉਹ ਸਰੀਰ ਦੇ ਮੋਹ ਤੋਂ ਉੱਪਰ ਉੱਠ ਜਾਂਦੀ ਹੈ ਅਤੇ ਸੰਸਾਰਿਕ ਵਿਕਾਰਾਂ-ਰੂਪੀ (ਨੌ ਗ੍ਰਹਿਆਂ) ਦੇ ਦੂੱਸ਼ ਪ੍ਰਭਾਵਾਂ ਹੇਠ ਵੀ ਨਹੀਂ ਆਉਂਦੀ ਹੈ॥

**ਗੁਰਮੁੱਖ ਸਾਂਦ, ਸਮਝ ਸੱਚ ਸੋਈ।**
**ਸਭ ਕਾਰਜ, ਪ੍ਰਭ ਓਟ ਲੈ ਹੋਈ॥**

(**ਗੁਰਮੁੱਖ**- ਗੁਰੁ+ਮੁੱਖ ਭਾਵ ਗੁਰੂ ਦਾ ਚਿਹਰਾ ਭਾਵ ਗੁਰੂ। **ਸਾਂਦ**- ਛੰਦ, ਵਾਕ, ਸ਼ਬਦ। **ਸੱਚ**-ਸਦਾ-ਥਿਰ ਰਹਿਣ ਵਾਲਾ॥ **ਓਟ**- ਆਸਰਾ।)

**ਪਦ ਅਰਥ**- ਗੁਰੂ ਦੇ ਮੁੱਖ ਦੀ ਸਾਂਦ (ਛੰਦ) ਭਾਵ 'ਸ਼ਬਦ' ਨੂੰ ਹੀ ਸਦਾ ਕਾਇਮ ਰਹਿਣ ਵਾਲਾ ਸਮਝਣਾ ਚਾਹੀਦਾ ਹੈ। ਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ ਦੇ ਨਾਮ ਦਾ ਆਸਰਾ ਲਿਆ ਜੀਵ ਦੇ ਸਾਰੇ ਆਤਮਿਕ ਕਾਰਜ ਪੂਰੇ ਹੋ ਜਾਂਦੇ ਹਨ, ਸਫ਼ਲ ਹੋ ਜਾਂਦੇ ਹਨ॥

**ਖੋਪਾ ਕਾਰਜ, ਸਮੱਗਰੀ ਘਿਉ।**
**ਇਕ ਦਰ ਖਤਮ ਸੋਗੰਦੀ ਭਇਉ॥**

(**ਦਰ**– ਦਰਬਾਰ। **ਸੋਗੰਦੀ**– ਸੋਹਣੀ ਸੁੰਗਧ।)

**<u>ਪਦ ਅਰਥ</u>**- ਹੇ ਭਾਈ! ਕਿਸੇ ਕਾਰਜ (ਸਿਧੀ) ਲਈ ਧੋਪਾ ਤੇ ਘਿਉ ਆਦਿਕ ਦੀ ਵਰਤੀ ਗਈ ਸਮਗਰੀ ਦੀ ਸੁਗੰਧ ਤਾਂ ਕਾਰਜ ਦੇ ਸਮਾਪੰਨ ਹੋਣ ਦੇ ਨਾਲ ਹੀ ਖ਼ਤਮ ਹੋ ਜਾਂਦੀ ਹੈ ਜਦਕਿ ਪ੍ਰਭੂ ਦੇ ਨਾਮ ਦੀ ਸੋਹਣੀ ਮਿੱਠੀ ਸੁਗੰਧ ਪ੍ਰਭੂ–ਦਰ 'ਤੇ ਹਰ ਵੇਲੇ ਆਉਂਦੀ ਰਹਿੰਦੀ ਹੈ॥

**ਅਬ ਅੰਬ, ਪੱਤ ਜਗਨ ਜੱਗ ਜਾਗ।**
**ਸੁਰਤ ਸ਼ਬਦ ਮਿਲ ਮੰਗਲ ਰਾਗ॥**

(**ਜਗਨ**–ਹਵਨ, ਪੂਜਨ। **ਜੱਗ**- ਯੱਗ। **ਜਾਗ**- ਅਗਨਿ। **ਮੰਗਲ ਰਾਗ**- ਆਤਮਿਕ ਆਨੰਦ ਦੇਣ ਵਾਲਾ ਗੀਤ।)

**<u>ਪਦ ਅਰਥ</u>**- ਹੇ ਭਾਈ! ਯੱਗ ਵਿੱਚ ਅਗਨੀ ਦਾ ਹਵਨ ਕਰਨ ਲਈ ਅੰਬ ਤੇ ਪੱਤੇ ਆਦਿਕ ਦੀ ਵਰਤੀ ਗਈ ਸਮਗਰੀ, ਮਾਨੋਂ, ਇਸ ਤਰ੍ਹਾਂ ਹਨ ਜਿਵੇਂ ਕਿ ਸੁਰਤਿ, ਸ਼ਬਦ ਨਾਲ ਮਿਲ ਕੇ ਆਤਮਿਕ ਆਨੰਦ ਦੇ ਹੁਲਾਰੇ ਦੇਣ ਵਾਲੇ ਗੀਤ ਗਾ ਰਹੀ ਹੋਵੇ॥

**ਸਭ ਮਿਲ ਪ੍ਰਣ, ਪ੍ਰਾਣ ਬਿਠਾਉ।**
**ਸੰਗ ਗੁਰ ਸਤਿ ਵਿਸ਼ਵਾਸ ਜਮਾਉ॥**

(**ਪ੍ਰਾਣ**– ਮਨ, ਚਿਤ। **ਸਤਿ**– ਸਦਾ ਥਿਰ ਰਹਿਣ ਵਾਲਾ ਪ੍ਰਭੂ। **ਜਮਾਉ**– ਦ੍ਰਿੜ ਕਰਕੇ ਬਣਾਉਂ (ਟਿਕਾਉਂ)।)

**<u>ਪਦ ਅਰਥ</u>**- ਹੇ ਸਤਿਸੰਗੀ ਸਹੇਲੀਓ! ਆਪਾਂ ਸਾਰੇ ਮਿਲ ਕੇ ਆਪਣੇ ਮਨ ਵਿੱਚ ਦ੍ਰਿੜ ਪ੍ਰਤਿਗਿਆ ਕਰੀਏ ਕਿ ਗੁਰੂ ਦੀ ਸੰਗਤ ਵਿੱਚ ਰਹਿ ਕੇ (ਗੁਰੂ ਦੇ 'ਸ਼ਬਦ' ਰਾਹੀਂ) ਸਦਾ–ਥਿਰ ਰਹਿਣ ਵਾਲੇ ਪ੍ਰਭੂ 'ਤੇ ਹਮੇਸ਼ਾ ਆਪਣਾ ਯਕੀਨ ਬਣਾਈ ਰੱਖੀਏ॥

**ਕਹੇ ਰਵਿਦਾਸ ਭਜ ਹਰਿ ਨਾਮ।**
**ਪ੍ਰਭ ਸੋ ਧਿਆਨ, ਸਫਲ ਸਭ ਕਾਮ॥**

(**ਧਿਆਨ**– ਸੁਰਤਿ ਨੂੰ ਪ੍ਰਭੂ ਨਾਲ ਜੋੜਨਾ॥)

**<u>ਪਦ ਅਰਥ</u>**- ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ੁਰਮਾਉਂਦੇ ਹਨ ਕਿ ਹੇ ਜੀਵ! ਤੂੰ ਹਰਿ–ਪ੍ਰਭੂ ਦਾ ਨਾਮ–ਸਿਮਰਨ ਹਰ ਵੇਲੇ ਕਰਦਾ ਰਹਿ। ਜਿਹੜੇ ਵੀ ਜੀਵ ਆਪਣੀ ਸੁਰਤਿ ਨੂੰ ਪ੍ਰਭੂ ਦੇ ਨਾਮ–ਸਿਮਰਨ ਨਾਲ ਹਰ ਵੇਲੇ ਜੋੜੀ ਰੱਖਦੇ ਹਨ, ਉਨ੍ਹਾਂ ਦੇ ਸਾਰੇ ਕਾਰਜ ਸਫ਼ਲ ਹੋ ਜਾਂਦੇ ਹਨ॥

* * * * *

## "ਸ਼ਾਦੀ ਉਪਦੇਸ਼"

## ॥ ੧ੳ ਸੋਹੰ ਸਤਿਨਾਮ ਜੀਓ ॥

## ਪਹਿਲੜੀ ਲਾਂਵ

**ਪਹਿਲੜੀ ਲਾਂਵ ਹਰਿ ਦਰਸ਼ਨ ਗੁਰਾਂ ਦਾ, ਜਾਵੇ ਦੂਰ ਬੁਲਾਈ ॥ ਦੀਆ ਮੇਲ ਹਰਿ ਦਇਆ ਧਾਰ ਕੇ, ਗੁੱਝੀ ਰੰਮਜ ਚਲਾਈ ॥[1] ਅਨਹਦ ਸ਼ਬਦ ਸੁਣੇ ਮਨ ਥਿਰ ਕਰ, ਮਿਟ ਗਏ ਸਰਬ ਅੰਧੇਸੇ ॥ ਕਿਰਪਾ ਸਿੰਧ ਗੁਰ ਮਿਲਿਆ ਪੂਰਾ, ਲਿਵ ਲਾਗੀ ਹਰਿ ਭੇਸੇ ॥ [2] ਪੂਰੇ ਗੁਰ ਤੇ ਸ਼ਬਦ ਸੱਚ ਪਾਇਆ, ਰਤਨ ਅਮੋਲਕ ਮੀਤਾ ॥ ਸੁਣਦਿਆਂ ਹੀ ਮਨ ਮਸਤ ਦੀਵਾਨਾ, ਸ਼ਬਦ ਗੁਰਾਂ ਨੇ ਕੀਤਾ ॥ [3] ਮਹਾਂਵਾਕ ਸੁਣ ਸੁਣ ਕੇ ਗੁਰੂ ਦੇ, ਸ਼ਰਧਾ ਪ੍ਰੀਤ ਮਨ ਆਵੈ ॥ ਕਹਿ ਰਵਿਦਾਸ ਇਹ ਹੈ ਲਾਂਵ ਪਹਿਲੜੀ, ਚੌਂਸੱਠ ਤੀਰਥ ਨ੍ਹਾਵੇ ॥ [4]**

<u>**ਸ਼ਬਦ ਅਰਥ**</u> : **ਬੁਲਾਈ**- ਦੁੱਖ, ਰੋਗ। **ਗੁੱਝੀ ਰੰਮਜ**- ਗੂੜ੍ਹ ਰਹੱਸ, ਗੁਪਤ ਭੇਦ। **ਅਨਹਦ**- ਇਕ ਰਸ, ਲਗਾਤਾਰ। **ਅੰਧੇਸੇ**- ਦੁਬਿਧਾ, ਸ਼ੰਕਾ, ਚਿੰਤਾ, ਫ਼ਿਕਰ। **ਕਿਰਪਾ ਸਿੰਧ**- ਕਿਰਪਾ ਦੇ ਸਮੁੰਦਰ-ਪ੍ਰਭੂ। **ਭੇਸੇ**- ਭੇਸ, ਰੂਪ। **ਸੱਚ**- ਸਦਾ ਥਿਰ ਰਹਿਣ ਵਾਲਾ ਪ੍ਰਭੂ। **ਮੀਤਾ**- ਮਿੱਤਰ, ਸਤਿਸੰਗੀ ਸਹੇਲੀ। **ਮਸਤ**- ਪ੍ਰੇਮ ਵਿੱਚ ਮਤਵਾਲਾ। **ਦੀਵਾਨਾ**- ਸਿਕੜਾ, ਪਾਗ਼ਲ। **ਮਹਾਂਵਾਕ**- ਉੱਤਮ ਬਚਨ।

**ਨੋਟ** : 'ਸ਼ਾਦੀ ਉਪਦੇਸ਼' ਦੇ 4 ਸ਼ਬਦਾਂ ਨੂੰ ਰਾਗ਼ੁ ਸੂਹੀ ਵਿੱਚ ਗਾਇਆ ਜਾ ਸਕਦਾ ਹੈ।

<u>**ਪਦ ਅਰਥ**</u>- ਪ੍ਰਭੂ-ਪਤੀ ਨਾਲ ਜੀਵ-ਇਸਤਰੀ ਦੇ ਵਿਆਹ ਦੀ ਪਹਿਲੀ ਲਾਂਵ ਵਿੱਚ ਪ੍ਰਭੂ-ਰੂਪ ਗੁਰੂ ਦੇ ਦਰਸ਼ਨ ਕਰਨ ਨਾਲ ਸਾਰੇ ਆਤਮਿਕ ਰੋਗ ਕੱਟੇ ਜਾਂਦੇ ਹਨ। ਪ੍ਰਭੂ ਆਪਣੀ ਦਇਆ-ਦ੍ਰਿਸ਼ਟੀ ਨਾਲ ਜੀਵ-ਇਸਤਰੀ ਨੂੰ ਸਤਿਗੁਰੂ-(ਵਿਚੋਲੇ) ਨਾਲ ਮਿਲਾ ਦਿੰਦਾ ਹੈ ਤੇ ਸਤਿਗੁਰੂ ਜੀਵ-ਇਸਤਰੀ ਨੂੰ ਆਤਮਿਕ ਗਿਆਨ ਦਾ ਗੂੜ੍ਹ ਰਹੱਸ ਖੋਲ੍ਹ ਦਿੰਦਾ ਹੈ॥

2. ਹੇ ਭਾਈ! ਇਸ ਆਤਮਿਕ ਗਿਆਨ ਦੀ ਬਰਕਤਿ ਨਾਲ ਮਨ ਨੂੰ ਅਡੋਲਤਾ ਵਿੱਚ ਟਿਕਾਇਆਂ ਜੀਵ-ਇਸਤਰੀ ਨੂੰ ਇਕ-ਰਸ ਹੋ ਰਹੀ 'ਅਨਹਦ-ਸ਼ਬਦ' ਦੀ ਧੁਨਿ (ਭਾਵ 'ਸ਼ਬਦ-ਧੁਨਿ') ਸੁਣਾਈ ਦਿੰਦੀ ਹੈ, ਜਿਸ ਨਾਲ ਉਸ ਅੰਦਰੋਂ ਸਭ ਤਰ੍ਹਾਂ ਦੀਆਂ ਦੁਬਿਧਾਵਾਂ ਤੇ ਸ਼ੰਕੇ ਮਿਟ ਜਾਂਦੇ ਹਨ। ਕਿਰਪਾ ਦੇ ਸਾਗਰ-ਪ੍ਰਭੂ ਦੀ ਮਿਹਰ ਨਾਲ ਜੀਵ ਨੂੰ ਪੂਰਨ ਗੁਰੂ ਦਾ ਮਿਲਾਪ ਹਾਸਲ ਹੁੰਦਾ ਹੈ ਤੇ ਗੁਰੂ ਦੀ ਬਖ਼ਸ਼ਿਸ਼ ਨਾਲ ਹੀ ਜੀਵ ਦੀ ਲਿਵ ਹਰਿ-ਪ੍ਰਭੂ (ਦੇ 'ਸ਼ਬਦ-ਸਰੂਪ') ਨਾਲ ਜੁੜਦੀ ਹੈ॥

3. ਹੇ ਸਤਿਸੰਗੀ ਸਹੇਲੀਏ! ਸੁਣ, ਪੂਰਨ ਸਤਿਗੁਰੂ ਦੇ 'ਸ਼ਬਦ' ਰਾਹੀਂ ਹੀ ਸਦਾ-ਥਿਰ ਰਹਿਣ ਵਾਲਾ ਪ੍ਰਭੂ-ਰੂਪੀ ਅਨਮੋਲ ਰਤਨ ਪ੍ਰਾਪਤ ਹੁੰਦਾ ਹੈ ਤੇ ਅਨਹਦ-ਸ਼ਬਦ (ਧੁਨਿ) ਸੁਣਾਈ ਦਿੰਦਾ ਹੈ। ਗੁਰੂ ਦੇ 'ਸ਼ਬਦ' ਰਾਹੀਂ ਇਸ ਅਨਹਦ-ਸ਼ਬਦ ਨੂੰ ਸੁਣਦਿਆਂ ਸਾਰ ਹੀ ਜੀਵ-ਇਸਤਰੀ ਦਾ ਮਨ ਪ੍ਰਭੂ-ਪਤੀ ਦੇ ਪ੍ਰੇਮ ਵਿੱਚ

ਦੀਵਾਨਾ ਹੋਇਆ ਮਦਮਸਤ ਹੋ ਉੱਠਦਾ ਹੈ॥

4. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਗੁਰੂ ਦੇ ਉੱਤਮ ਉਪਦੇਸ਼ਾਂ ਨੂੰ ਸੁਣ-ਸੁਣ ਕੇ ਜੀਵ-ਇਸਤਰੀ ਦੇ ਮਨ ਵਿੱਚ ਪ੍ਰਭੂ-ਪਤੀ ਲਈ ਪ੍ਰੇਮ, ਪ੍ਰੀਤ ਤੇ ਸ਼ਰਧਾ ਆਉਣਾ ਹੀ ਜੀਵ-ਇਸਤਰੀ ਦੇ ਵਿਆਹ ਦੀ ਪਹਿਲੀ ਲਾਂਵ ਹੈ। ਪ੍ਰਭੂ ਲਈ ਮਨ ਵਿੱਚ ਪ੍ਰੇਮ, ਪ੍ਰੀਤ ਤੇ ਸ਼ਰਧਾ ਆਉਣਾ, ਮਾਨੋਂ, ਚੌਂਸਟ ਤੀਰਥਾਂ ਦਾ ਇਸ਼ਨਾਨ ਕਰਨਾ ਹੀ ਹੈ॥

## ਦੂਜੜੀ ਲਾਂਵ

**ਦੂਜੜੀ ਲਾਂਵ ਪ੍ਰੇਮ ਪਰੀਤੀ, ਸੁਰਤ ਸ਼ਬਦ ਮਿਲਾਈ॥ ਸਤਿਗੁਰ ਕੀਤੀ ਪਰਮ ਪਰੀਤੀ, ਦਰਗਾਹ ਮੇਂ ਸੁੱਖ ਪਾਈ॥** [1] **ਸਰਬ ਮਨੋਰਥ ਤਿਸ ਦਰ ਤੇ ਪਾਉ, ਸ਼ਰਨ ਪਰੈ ਕੋ ਤਾਰੈ॥ ਹੁਕਮ ਅੰਦਰ ਹੈ ਚਾਰ ਪਦਾਰਥ, ਤਨ ਮਨ ਜੇਕਰ ਵਾਰੇ॥** [2] **ਸਤਿਗੁਰ ਸ਼ਰਨ ਰਹਿ ਵਡਭਾਗੀ, ਸਹਿੰਸੇ ਸਗਲ ਗੁਆਏ॥ ਸਤਿਗੁਰੂ ਦਾਤਾ ਪ੍ਰਭੂ ਸੰਗ ਰਾਤਾ, ਨਿਸ ਦਿਨ ਹਰਿ ਲਿਵ ਲਾਏ॥** [3] **ਭਰਮ ਭੁਲਾਵਾ, ਮਿਟਿਆ ਦਾਵਾ, ਚਾਲ ਗੁਰਾਂ ਦੀ ਚਾਲੀ॥ ਕਹਿ ਰਵਿਦਾਸ ਇਹ ਲਾਂਵ ਦੂਜੜੀ, ਬਚਨ ਗੁਰਾਂ ਦੇ ਪਾਲੀ॥** [4]

**ਸ਼ਬਦ ਅਰਥ** : **ਪਰਮ ਪਰੀਤੀ**- ਡੂੰਘੀ ਪ੍ਰੀਤ। **ਸੁੱਖ**- ਆਨੰਦ। **ਮਨੋਰਥ**- ਮਨ ਦੀ ਚਾਹ, ਮਨੋਕਾਮਨਾ। **ਵਾਰੇ**- ਕੁਰਬਾਨ ਕਰਨਾ, ਹਵਾਲੇ ਕਰਨਾ। **ਸਹਿੰਸੇ**- ਸ਼ੱਕ ਸੰਦੇਹ, ਭ੍ਰਮ। **ਰਾਤਾ**- ਰਤਿਆ ਹੋਇਆ, ਇੱਕਮਿਕ ਹੋਣਾ, ਪ੍ਰੀਤ ਵਾਲਾ ਹੋਣਾ। **ਭੁਲਾਵਾ**- ਭੁਲਾਣਾ, ਮਿਟਾਉਣਾ, ਦੂਰ ਕਰਨਾ। **ਚਾਲ**- ਰੀਤਿ, ਜੁਗਤੀ। **ਪਾਲੀ**- ਪਾਲਣਾ ਕਰਨਾ।

**ਪਦ ਅਰਥ**- ਪ੍ਰਭੂ-ਪਤੀ ਨਾਲ ਜੀਵ-ਇਸਤਰੀ ਦੇ ਵਿਆਹ ਦੀ ਦੂਸਰੀ ਲਾਂਵ ਵਿੱਚ ਪ੍ਰਭੂ ਨਾਲ ਪ੍ਰੇਮ ਕੀਤਿਆਂ ਜੀਵ-ਇਸਤਰੀ ਦੀ ਸੁਰਤਿ 'ਸ਼ਬਦ-ਧੁਨਿ' ਵਿੱਚ ਲੈਅ ਹੋ ਜਾਂਦੀ ਹੈ। ਸਤਿਗੁਰੂ ਨਾਲ ਡੂੰਘੀ ਪ੍ਰੀਤ ਪਾਉਣ 'ਤੇ ਭਾਵ ਸਤਿਗੁਰ ਦੇ 'ਸ਼ਬਦ' ਰਾਹੀਂ ਪ੍ਰਭੂ ਦਾ ਵਾਰ-ਵਾਰ ਸਿਮਰਨ ਕਰਨ 'ਤੇ ਜੀਵ-ਇਸਤਰੀ ਨੂੰ ਪ੍ਰਭੂ ਦੀ ਦਰਗਾਹ 'ਚ ਸਦੀਵੀ ਆਤਮਿਕ ਆਨੰਦ ਪ੍ਰਾਪਤ ਹੁੰਦਾ ਹੈ॥

2. ਹੇ ਭਾਈ! ਪ੍ਰਭੂ ਦੇ ਦਰ 'ਤੇ ਜਾਂਇਆਂ ਜੀਵ ਦੇ ਮਨ ਦੀਆਂ ਸਾਰੀਆਂ ਮਨੋ-ਕਾਮਨਾਂ ਪੂਰੀਆਂ ਹੁੰਦੀਆਂ ਹਨ। ਜੋ ਵੀ ਜੀਵ ਪ੍ਰਭੂ ਦੀ ਸ਼ਰਨ ਪੈਂਦਾ ਹੈ, ਪ੍ਰਭੂ ਆਪਣੀ ਕ੍ਰਿਪਾ-ਦ੍ਰਿਸ਼ਟੀ ਨਾਲ ਉਸ ਨੂੰ ਮਾਇਆ ਦੇ ਮੋਹ-ਰੂਪ ਸੰਸਾਰ-ਸਮੁੰਦਰ ਤੋਂ ਪਾਰ ਉਤਾਰ ਦਿੰਦਾ ਹੈ। ਪ੍ਰਭੂ ਦੇ ਹੁਕਮ ਵਿੱਚ ਚਾਰੇ ਪਦਾਰਥ (ਕਾਮ, ਅਰਥ, ਧਰਮ ਤੇ ਮੋਕਸ਼) ਹਨ। ਜਿਹੜਾ ਵੀ ਜੀਵ ਆਪਣੇ ਮਨ ਤੇ ਤਨ ਨੂੰ ਪ੍ਰਭੂ ਦੇ ਹਵਾਲੇ ਕਰਦਾ ਹੈ (ਭਾਵ ਆਪਣੇ ਮਨ ਦੇ ਪਿੱਛੇ ਤੁਰਨਾ ਬੰਦ ਕਰਕੇ ਤੇ ਆਪਣੀਆਂ ਗਿਆਨ ਇੰਦਰੀਆਂ ਨੂੰ ਮਾਇਆ ਦੀ ਭਟਕਣਾ ਵੱਲੋਂ ਹਟਾ ਕੇ ਪ੍ਰਭੂ ਨਾਲ ਜੁੜਦਾ ਹੈ) ਉਹ ਚਾਰੇ ਪਦਾਰਥ ਪਾ ਲੈਂਦਾ ਹੈ॥

3. ਸਤਿਗੁਰੂ ਸਭ ਦਾਤਾਂ ਦਾ ਮਾਲਿਕ ਹੈ ਤੇ ਪ੍ਰਭੂ ਨਾਲ ਇੱਕਮਿਕ ਹੋਇਆ ਆਪਣੀ ਲਿਵ ਨੂੰ ਦਿਨ-ਰਾਤ ਪ੍ਰਭੂ ਨਾਲ ਜੋੜੀ ਰੱਖਦਾ ਹੈ। ਵੱਡੇ ਭਾਗਾਂ ਵਾਲਾ

ਜੀਵ ਅਜਿਹੇ ਸਤਿਗੁਰੂ ਦੀ ਸ਼ਰਨ ਵਿੱਚ ਰਹਿ ਕੇ ਆਪਣੇ ਅੰਦਰੋਂ ਸਾਰੇ ਸ਼ੱਕ-ਸੰਦੇਹ ਦੂਰ ਕਰ ਲੈਂਦਾ ਹੈ॥

4. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਂਦੇ ਹਨ ਕਿ ਆਪਣੇ ਅੰਦਰੋਂ ਸਾਰੇ ਭਰਮ ਦੂਰ ਕਰਕੇ ਤੇ ਆਪਣੀ ਅਪਣੱਤ ਦਾ ਦਾਅਵਾ ਮਿਟਾ ਕੇ ਗੁਰੂ ਦੀ ਬਖ਼ਸ਼ੀ ਹੋਈ ਜੀਵਨ-ਜੁਗਤੀ 'ਤੇ ਚੱਲਣਾ ਅਤੇ ਗੁਰੂ ਦੇ ਉਪਦੇਸ਼ਾਂ ਦੀ ਪਾਲਣਾ ਕਰਨਾ ਹੀ ਜੀਵ-ਇਸਤਰੀ ਦੇ ਵਿਆਹ ਦੀ ਦੂਸਰੀ ਲਾਂਵ ਹੈ॥

## ਤੀਜੜੀ ਲਾਂਵ

**ਤੀਜੜੀ ਲਾਂਵ ਅਵਰਨ ਦੋਸ਼ ਤੇ, ਰਹਿਤ ਭਇਆ ਮਨ ਮੇਰਾ॥ ਹਰ ਘਟਿ ਦੇ ਵਿਚ ਏਕ ਸਮਾਨਾ, ਸੋ ਘਰਿ ਪਾਇਆ ਡੇਰਾ॥ [1] ਪਰਮ ਪ੍ਰਭੂ ਪਰਮੇਸ਼ਵਰ ਜਾਨਾ, ਤਾਂ ਸੁੱਖ ਮਿਲੇ ਉਪਾਰੈ॥ ਮਨ ਮੇਂ ਸੱਚ ਮੰਗਲ ਸੁੱਖ ਹੋਇ, ਜੋ ਲੋਚਾ ਮਨ ਧਾਰੈ॥ [2] ਮੰਗਲ ਦੇ ਮੰਗਲ ਨਿਤ ਗਾਵਾਂ, ਇਹੋ ਅੰਮ੍ਰਿਤ ਧਾਰਾ॥ ਹਰਿ ਹਰਿ ਸੰਗ ਲਿਵ ਜੁੜੀ ਜੁੜੰਦੀ, ਸਾਚਾ ਇਹ ਸਹਾਰਾ॥ [3] ਸੁੰਦਰ ਸ਼ਬਦ ਅਮੋਲਕ ਦਰਸ਼ਨ, ਜੋ ਸਤਿਗੁਰ ਦਰ ਆਵੈ॥ ਕਹਿ ਰਵਿਦਾਸ ਸੋ ਲਾਂਵ ਤੀਸਰੀ, ਸੁਰਤ ਗਗਨ ਚੜ ਜਾਵੈ॥ [4]**

**ਸ਼ਬਦ ਅਰਥ** : **ਅਵਰਨ ਦੋਸ਼**-ਅਗਿਆਨਤਾ ਦਾ ਦੋਸ਼, ਆਤਮਿਕ ਜੀਵਨ ਵੱਲੋਂ ਬੇਸਮਝੀ ਦਾ ਦੋਸ਼। **ਰਹਿਤ**- ਬਿਨਾਂ, ਤਿਆਗਣਾ, ਮੁਕਤ ਹੋਣਾ। **ਘਟਿ**- ਸਰੀਰ, ਦੇਹ। **ਘਰਿ**- (ਹਿਰਦੇ) ਘਰ। **ਡੇਰਾ**- ਟਿਕੇ ਰਹਿਣ ਲਈ ਥਾਂ, ਵਸਣ ਲਈ ਅਸਥਾਨ। **ਉਪਾਰੈ**- ਬੇਅੰਤ। **ਸੱਚ**- ਸਦਾ ਰਹਿਣ ਵਾਲਾ। **ਮੰਗਲ**- ਚੰਗਾ ਹੋਣਾ, ਖੜਾਉ ਹੀ ਖੜਾਉ ਹੋਣਾ। **ਸੁੱਖ**- ਆਨੰਦ। **ਲੋਚਾ**- ਇੱਛਾ ਕਰਨਾ। **ਮੰਗਲ ਦੇ ਮੰਗਲ**- ਕਲਿਆਣਕਾਰੀ ਤੇ ਸੁੱਖਦਾਈ। **ਧਾਰਾ**- ਪ੍ਰਵਾਹ, ਰੌ। **ਗਗਨ**- ਆਕਾਸ਼, ਚਿੱਤ ਦੀ ਆਕਾਸ਼ ਵਾਂਗ ਉੱਚੀ ਅਵਸਥਾ।

**ਪਦ ਅਰਥ**- ਦੂਸਰੀ ਲਾਂਵ ਰਾਹੀਂ ਗੁਰੂ ਦੇ ਬਚਨਾਂ ਦੀ ਪਾਲਣਾ ਕਰਦੇ ਹੋਏ ਤੀਸਰੀ ਲਾਂਵ ਸਮੇਂ ਜੀਵ-ਇਸਤਰੀ ਦਾ ਮਨ ਆਤਮਿਕ ਜੀਵਨ ਵੱਲੋਂ ਬੇ-ਸਮਝੀ ਦੇ ਦੋਸ਼ ਤੋਂ ਮੁਕਤ ਹੋ ਜਾਂਦਾ ਹੈ। ਫਿਰ ਜੀਵ-ਇਸਤਰੀ ਆਪਣੇ ਹਿਰਦੇ-ਘਰ ਵਿੱਚ ਵਸਦੇ ਹੋਏ ਉਸ ਪ੍ਰਭੂ ਨੂੰ ਪਾ ਲੈਂਦੀ ਹੈ ਜੋ ਸਭਨਾਂ ਦੇ ਸਰੀਰ (ਭਾਵ ਹਿਰਦੇ-ਘਰ) ਵਿੱਚ ਇਕ-ਸਮਾਨ ਰੂਪ ਵਿੱਚ ਸਮਾਇਆ ਹੋਇਆ ਹੈ॥

2. ਪਰਮ-ਪਰਮੇਸ਼ਰ ਪ੍ਰਭੂ ਨਾਲ ਜਾਣ-ਪਛਾਣ ਪਾ ਕੇ ਜੀਵ-ਇਸਤਰੀ ਨੂੰ ਬਹੁਤ ਅਧਿਕ ਸੁੱਖ ਮਿਲਦਾ ਹੈ ਤੇ ਉਸ ਦੇ ਮਨ ਵਿੱਚ ਸਦਾ ਕਾਇਮ ਰਹਿਣ ਵਾਲਾ ਆਤਮਿਕ ਖੜਾਉ ਤੇ ਆਤਮਿਕ ਆਨੰਦ ਬਣਿਆ ਰਹਿੰਦਾ ਹੈ ਅਤੇ ਮਨ-ਇੱਛਿਤ ਸਾਰੀਆਂ ਇੱਛਾਵਾਂ ਵੀ ਪੂਰੀਆਂ ਹੁੰਦੀਆਂ ਹਨ॥

3. ਹੇ ਭਾਈ! ਪ੍ਰਭੂ ਦੀ ਸਿਫ਼ਤਿ-ਸਾਲਾਹ ਦੇ ਹਰ ਵੇਲੇ ਆਨੰਦਮਈ ਤੇ ਮੰਗਲ-ਮਈ ਗੀਤ ਗਾਉਣਾ ਹੀ, ਮਾਨੋਂ, ਜੀਵ ਲਈ ਆਤਮਿਕ ਜੀਵਨ ਦੇਣ ਵਾਲੇ ਨਾਮ-ਰਸ ਦੀ ਧਾਰ ਹੈ, ਰੌ ਹੈ। ਨਾਮ-ਰਸ ਦੀ ਇਸ ਰੌ ਰਾਹੀਂ ਹਰਿ-ਪ੍ਰਭੂ ਨਾਲ ਹਮੇਸ਼ਾ ਲਿਵ ਜੋੜੀ ਰੱਖਣਾ ਹੀ ਜੀਵ ਲਈ ਪ੍ਰਭੂ ਦਾ ਸੱਚਾ ਸਹਾਰਾ ਹੈ॥

4. ਸਤਿਗੁਰੂ ਦੇ ਦਰ ’ਤੇ ਆਇਆ ਭਾਵ ਸਤਿਗੁਰੂ ਦੀ ਸ਼ਰਨ ਪਿਆ ਜੀਵ ਨੂੰ ਸਤਿਗੁਰੂ ਪਾਸੋਂ ਸੁੰਦਰ ‘ਨਾਮ/ਸ਼ਬਦ’ ਦੀ ਪ੍ਰਾਪਤੀ ਹੁੰਦੀ ਹੈ ਜਿਸ ਨੂੰ ਸਿਮਰਿਆਂ ਪ੍ਰਭੂ ਦੇ ਅਮੋਲਕ ਦਰਸ਼ਨ-ਦੀਦਾਰੇ ਹੁੰਦੇ ਹਨ। ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਇਸ ‘ਨਾਮ/ਸ਼ਬਦ’ ਦੀ ਬਰਕਤਿ ਨਾਲ ਸੁਰਤਿ ਨੂੰ ਚਿੱਤ-ਆਕਾਸ ਦੀ ਉੱਚੀ ਆਤਮਿਕ ਅਡੋਲ ਅਵਸਥਾ ’ਤੇ ਟਿਕਾਉਣਾ ਭਾਵ ਤ੍ਰਿਕੁਟੀ ’ਤੇ ਟਿਕਾਉਣਾ ਹੀ ਜੀਵ-ਇਸਤ੍ਰੀ ਦੇ ਵਿਆਹ ਦੀ ਤੀਸਰੀ ਲਾਂਵ ਹੈ॥

## ਚੌਥੜੀ ਲਾਂਵ

**ਚੌਥੜੀ ਲਾਂਵ ਰਤਨ ਹਰਿ ਜਾਨਾ, ਸੁੱਖ ਸੰਪਤਿ ਘਰ ਆਏ ॥ ਆਸਾ ਮਨਸਾ ਸਤਿਗੁਰ ਪੂਰੇ, ਜੈ ਜੈ ਸ਼ਬਦ ਅਲਾਇ ॥ 1 ਧੀਰੇ ਧੀਰੇ ਗਈ ਪਹੁੰਚ ਹੁਣ, ਹੋ ਸਤਿਗੁਰ ਦੀ ਦਾਸੀ ॥ ਨਾ ਆਵੇ ਨਾ ਜਾਵੇ ਕਿਤ ਵੱਲ, ਮਿਲਿਆ ਪੁਰਖ ਅਵਿਨਾਸ਼ੀ ॥ 2 ਸਤਿ ਸੰਤੋਖ ਭਇਆ ਮਨ ਮੇਰੇ, ਸਤਿਗੁਰੂ ਬਚਨ ਸੁਨਾਵੈ ॥ ਆਇਆ ਬੇਰਾ.ਗ ਮਿਲਿਆ ਅਵਿਨਾਸ਼ੀ, ਜੋੜੀ ਜੂੜੀ ਸੁਹਾਵੈ ॥ 3 ਮਨ ਮੰਦਰ ਮਾਂਹੈ ਚੌਂ ਉਪਜਿਆ, ਪ੍ਰੀਤ ਪ੍ਰਭੂ ਸੰਗ ਲਾਈ ॥ ਕਹਿ ਰਵਿਦਾਸ ਸਤਿ ਲਾਂਵ ਚੌਥੜੀ, ਪੁਰਖੇ ਪੁਰਖ ਮਿਲਾਈ ॥ 4**

**ਸ਼ਬਦ ਅਰਥ** : **ਮਨਸਾ**- ਮਨ ਦੀ। **ਸੰਪਤਿ**- ਸੰਪਦਾ। **ਅਲਾਇ**- ਕਹਿਣਾ, ਕਥਨ ਕਰਨਾ। **ਧੀਰੇ ਧੀਰੇ**- ਸਹਿਜੇ ਸਹਿਜੇ। **ਬੇਰਾ.ਗ**- ਉਪਰਾਮਤਾ ਦਾ ਭਾਵ, ਵੈਰਾਗ਼ਵਾਨ ਹੋਣਾ। **ਸੁਹਾਵੈ**- ਸ਼ੋਭਨਾ, ਸੋਹਣਾ ਲੱਗਣਾ। **ਚੌਂ**- ਚਾਉ, ਉਮੰਗ, ਤਾਂਘ। **ਸਤਿ**- ਸੱਚ।

**ਪਦ ਅਰਥ**- ਪ੍ਰਭੂ-ਪਤੀ ਨਾਲ ਜੀਵ-ਇਸਤਰੀ ਦੇ ਵਿਆਹ ਦੀ ਚੌਥੀ ਲਾਂਵ ਸਮੇਂ ਜਦੋਂ ਜੀਵ-ਇਸਤਰੀ ਰਤਨ-ਰੂਪ ਪ੍ਰਭੂ-ਪਤੀ ਨੂੰ ਜਾਣ ਲੈਂਦੀ ਹੈ ਤਾਂ ਉਸ ਦੇ ਹਿਰਦੇ-ਘਰ ਵਿੱਚ ਦੁਨੀਆਂ ਦੀ ਸਾਰੀ ਸੁੱਖ-ਸੰਪਦਾ ਆ ਵਸਦੀ ਹੈ। ਫਿਰ ਗੁਰੂ ਦੀ ਕਿਰਪਾ ਨਾਲ ਉਸ ਦੇ ਮਨ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ ਤੇ ਉਹ ‘ਸ਼ਬਦ-ਰੂਪ’ ਪ੍ਰਭੂ ਦੀ ‘ਜੈ-ਜੈ ਕਾਰ’ ਕਹਿ ਉੱਠਦੀ ਹੈ॥

2. ਜੀਵ-ਇਸਤਰੀ ਸਤਿਗੁਰੂ ਦੀ ਦਾਸੀ ਬਣ ਕੇ ਸਤਿਗੁਰੂ ਦੇ ਬਖ਼ਸ਼ੇ ਹੋਏ ‘ਸ਼ਬਦ’ ਦਾ ਸਿਮਰਨ ਕਰਦੇ ਹੋਏ ਸਹਿਜੇ-ਸਹਿਜੇ ਆਤਮਿਕ ਅਡੋਲਤਾ ਵਿੱਚ ਪਹੁੰਚ ਕੇ ਉਸ ਅਵਿਨਾਸੀ ਪ੍ਰਭੂ-ਪੁਰਖ ਨੂੰ ਪ੍ਰਾਪਤ ਕਰ ਲੈਂਦੀ ਹੈ ਜੋ ਨਾ ਕਦੇ ਜੰਮਦਾ ਹੈ ਤੇ ਨਾ ਹੀ ਕਦੇ ਮਰਦਾ ਹੈ॥

3. ਸਤਿਗੁਰੂ ਦੇ ਬਚਨਾਂ ਨੂੰ ਸੁਣ ਕੇ ਜੀਵ-ਇਸਤਰੀ ਦੇ ਮਨ ਨੂੰ ਸਬਰ-ਸੰਤੋਖ ਆ ਜਾਂਦਾ ਹੈ ਤੇ ਉਹ ਵੈਰਾਗ਼ਵਾਨ ਹੋਈ ਅਵਿਨਾਸੀ ਪ੍ਰਭੂ ਨੂੰ ਪਾ ਕੇ ਉਸ ਨਾਲ ਸੋਹਣੇ ਸੁਹਾਗ ਭਾਗ ਵਾਲੀ ਜੋੜੀ ਬਣਾ ਲੈਂਦੀ ਹੈ॥

4. ਸਤਿਗੁਰੂ ਮਹਾਰਾਜ ਜੀ ਸੱਚ ਫ਼ਰਮਾਂਦੇ ਹਨ ਕਿ ਜਦੋਂ ਜੀਵ-ਇਸਤਰੀ ਦੇ ਮਨ-ਮੰਦਰ ’ਚ ਪ੍ਰਭੂ ਦੇ ਮਿਲਣ ਦੀ ਤਾਂਘ ਪੈਦਾ ਹੁੰਦੀ ਹੈ ਤਾਂ ਉਹ ਪ੍ਰਭੂ ਨਾਲ ਪ੍ਰੀਤ ਪਾਉਂਦੀ ਹੈ, ਫਿਰ ਗੁਰੂ-ਪੁਰਖ ਆਪਣੀ ਕਿਰਪਾ ਨਾਲ ਉਸ ਜੀਵ-ਇਸਤ੍ਰੀ

ਨੂੰ ਪ੍ਰਭੂ-ਪੁਰਖ ਨਾਲ ਮਿਲਾ ਦਿੰਦਾ ਹੈ। ਪ੍ਰਭੂ-ਪੁਰਖ ਨੂੰ ਮਿਲ ਕੇ ਉਸ ਨਾਲ ਇੱਕਮਿਕ ਹੋ ਜਾਣਾ ਹੀ ਜੀਵ-ਇਸਤਰੀ ਦੇ ਵਿਆਹ ਦੀ ਚੌਥੀ ਲਾਂਵ ਹੈ॥

## "ਸੁਹਾਗ ਉਸਤਤ"

**॥ ੧ੴ ਸੋਹੰ ਸਤਿਨਾਮ ਜੀਓ ॥**

**ਸੁਰਤ ਸੁਹਾਗਣ ਗੁਰੂ ਦੇਵ ਪਿਆਰੀ, ਸੋਹੰ ਨਾਮ ਸੰਗ ਖੇਲੀ॥ ਬਹੁਤਿ ਜਨਮ ਦੇ ਵਿੱਛੜਿਆਂ ਨੂੰ, ਆਣ ਗੁਰਾਂ ਨੇ ਮੇਲੀ॥** [1] **ਝੂਠੀ ਖੇਡ ਬਿਸਰ ਗਈ ਤਨ ਤੇ, ਬਾਜੀਗਰ ਸਿਉਂ ਮੇਲੀ॥ ਸੱਚਾ ਪੁਰਖ ਮਿਲਾਇਆ ਪਰਮੇਸ਼ਵਰ, ਤਿਸ ਸੰਗ ਲਾਡ ਲਡੇਲੀ॥** [2] **ਆਪ ਸਮਾਨ ਆਪਣੇ ਕੀਤੀ, ਆਗਿਆਨ ਨੀਂਦ ਤੇ ਜਾਗੀ॥ ਭੁੱਲੀ ਚੁੱਕੀ ਰਸਤੇ ਪੈ ਗਈ, ਆਤਮ ਸਿਉਂ ਲਿਵ ਲਾਗੀ॥** [3] **ਸਰਬ ਵਿਆਪੀ ਸਤਿਗੁਰ ਮੇਰਾ, ਸਭ ਦਾ ਕਰੇ ਸੁਧਾਰ॥ ਕਹੇ ਰਵਿਦਾਸ ਮਨ ਭਇਆ ਦੀਵਾਨਾ, ਮਿਲਿਆ ਅੰਮ੍ਰਿਤ ਧਾਰ॥** [4]

**ਨੋਟ** : ਇਹ ਸ਼ਬਦ ਰਾਗੁ ਸੂਹੀ ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਜਦੋਂ ਸੁਰਤਿ ਗੁਰੂਦੇਵ ਦੇ 'ਨਾਮ-ਸ਼ਬਦ' ਦੀ ਪਿਆਰੀ ਹੋਈ ਪ੍ਰਭੂ ਦੇ 'ਸੋਹੰ' ਨਾਮ ਨਾਲ ਖੇਲਦੀ ਹੈ ਭਾਵ ਸਿਮਰਨ ਕਰਦੀ ਹੋਈ ਉਸ ਨਾਲ ਇੱਕਮਿਕ ਹੋ ਜਾਂਦੀ ਹੈ ਤਦੋਂ ਉਹ ਸੁਹਾਗਣ ਹੋ ਜਾਂਦੀ ਹੈ। ਇਹ ਸਤਿਗੁਰੂ ਹੀ ਹੈ ਜੋ ਕਈ ਜਨਮਾਂ ਤੋਂ ਵਿਛੜੀ ਹੋਈ ਜੀਵ-ਇਸਤਰੀ ਨੂੰ ਪ੍ਰਭੂ-ਪਤੀ ਨਾਲ ਮਿਲਾਉਂਦਾ ਹੈ॥

2. ਜਦੋਂ ਸਤਿਗੁਰੂ ਜੀਵ-ਇਸਤਰੀ ਨੂੰ ਬਾਜ਼ੀਗਰ-ਪ੍ਰਭੂ ਨਾਲ ਮਿਲਾ ਦਿੰਦਾ ਹੈ ਤਾਂ ਉਸ ਜੀਵ-ਇਸਤਰੀ ਦੇ ਤਨ-ਮਨ ਵਿੱਚੋਂ ਸੰਸਾਰ ਦੀ ਝੂਠੀ ਖੇਲ ਖ਼ਤਮ ਹੋ ਜਾਂਦੀ ਹੈ (ਭਾਵ ਸੰਸਾਰ ਦੀ ਮੋਹ-ਮਾਇਆ ਦਾ ਲਗਾਵ ਉਸ ਅੰਦਰੋਂ ਖ਼ਤਮ ਹੋ ਜਾਂਦਾ ਹੈ)। ਫਿਰ ਉਹ ਸੱਚੇ ਪੁਰਖ-ਪਰਮੇਸ਼ਰ ਨੂੰ ਪਾ ਕੇ ਤੇ ਉਸ ਨਾਲ ਪ੍ਰੇਮ ਕਰਕੇ ਉਸ ਦੀ ਪਿਆਰੀ (ਲਾਡਲੀ) ਬਣ ਜਾਂਦੀ ਹੈ॥

3. ਫਿਰ ਪ੍ਰਭੂ (ਆਪਣੀ ਕ੍ਰਿਪਾ-ਦ੍ਰਿਸ਼ਟੀ ਨਾਲ) ਜੀਵ-ਇਸਤਰੀ ਨੂੰ ਗ਼ਫ਼ਲਤ ਦੀ ਨੀਂਦ 'ਚੋਂ ਜਗਾ ਕੇ (ਭਾਵ ਆਤਮਿਕ ਜੀਵਨ ਵੱਲੋਂ ਬੇਸਮਝੀ ਦੀ ਨੀਂਦ 'ਚੋਂ ਜਗਾ ਕੇ) ਉਸ ਨੂੰ ਆਪਣੇ ਸਮਾਨ ਕਰ ਲੈਂਦਾ ਹੈ। ਪ੍ਰਭੂ ਨੂੰ ਭੁਲਾ ਕੇ (ਕੁਰਾਹੇ ਪਈ ਹੋਈ ਇਹ) ਜੀਵ-ਇਸਤਰੀ ਫਿਰ ਸਹੀ ਜੀਵਨ-ਰਾਹ 'ਤੇ ਪੈ ਕੇ ਪ੍ਰਭੂ ਨਾਲ ਆਪਣੀ ਲਿਵ ਜੋੜ ਲੈਂਦੀ ਹੈ॥

4. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਹੇ ਭਾਈ! ਮੇਰਾ ਪ੍ਰਭੂ-ਰੂਪ ਸਤਿਗੁਰੂ ਸਰਬ-ਵਿਆਪਕ ਹੈ ਅਤੇ ਸਭਨਾਂ ਦਾ ਕਲਿਆਣ ਕਰਨ ਵਾਲਾ ਹੈ। ਉਸ ਦੇ ਨਾਮ-ਰਸ ਦੀ ਅੰਮ੍ਰਿਤ ਧਾਰਾ ਨੂੰ ਪਾ ਕੇ ਮੇਰਾ ਮਨ ਦੀਵਾਨਾ ਹੋ ਗਿਆ ਹੈ॥

* * * * *

# “ ਮੰਗਲਾਚਾਰ ”

## ਮੰਗਲਾਚਾਰ ਪਹਿਲਾ

**ਹਰਿ ਹਰਿ ਨਾਮ ਧਿਆਉ ਸਦਾ ਮਨ ਪ੍ਰੇਮ ਕਰ ॥ ਲੋਭ, ਮੋਹ, ਹੰਕਾਰ, ਦੂਤ, ਜੰਮ ਦੂਰ ਹਰ ॥ [1] ਸੱਚ, ਸ਼ੀਲ, ਸੰਤੋਖ, ਸਦਾ ਦ੍ਰਿੜ੍ਹ ਕੀਜੀਏ ॥ ਅੰਮ੍ਰਿਤ ਹਰਿ ਕਾ ਨਾਮ, ਪ੍ਰੇਮ ਕਰ ਪੀਜੀਏ ॥ [2] ਸੰਤਾਂ ਸੰਗ ਨਿਵਾਸ, ਸਦਾ ਚਿੱਤ ਲੋੜੀਏ ॥ ਮਨਮੁੱਖ ਦੁਸ਼ਟਾ ਸੰਗਤ, ਤੋਂ ਮਨ ਮੋੜੀਏ ॥ [3] ਮਨਮੁੱਖ ਚਿੱਤ ਕਠੋਰ, ਪੱਥਰ ਸਮ ਜਾਨੀਏ ॥ ਭੀਜਤ ਨਾਹਨ ਕਬੀ, ਰਹੇ ਵਿਚ ਪਾਨੀਏ ॥[4] ਤਜਿ ਕਠੋਰ ਕਾ ਸੰਗ, ਸਦਾ ਗੁਰ ਸ਼ਰਣ ਗਹੁ ॥ ਗੁਰ ਚਰਨਨ ਮੇਂ ਧਿਆਨ, ਸਦਾ ਮੁੱਖ ਰਾਮ ਕਹੁ ॥ [5] ਨੱਤ ਪਤੀ ਸਾਥ ਪ੍ਰੀਤ, ਸਦਾ ਮਨ ਕੀਜੀਏ ॥ ਤਨ, ਮਨ ਅਰਪੇ ਤਾਂਹ, ਸਦਾ ਸੁੱਖ ਲੀਜੀਏ ॥ [6] ਨਿੱਜ ਪਤੀ ਸਾਥ ਪ੍ਰੀਤ, ਸਾਈ ਸੋਹਾਗਣੀ ॥ ਪਤੀ ਬਿਨ ਆਨ ਨ ਹੇਰੇ ਸਾ ਬਡਿਭਾਗਣੀ ॥ [7] ਜਿੰਨ ਧਨ ਪਤੀ ਪ੍ਰਮੇਸ਼ਵਰ, ਜਾਨਯੋ, ਹੈ ਸਹੀ ॥ ਸਦਾ ਸੁਹਾਗਣ ਨਾਰ, ਪਾਇ ਦੁੱਖ ਨਾ ਕਹੀ ॥ [8] ਕਹਿ ਰਵਿਦਾਸ ਪੁਕਾਰੇ, ਜਪਯੋ ਨਾਮ ਦੇਇ ॥ ਹਰਿ ਕਾਰਜ ਸੋ ਏਕ, ਸਦਾ ਸੁੱਖ ਮਾਣੋ ਸੋਇ ॥ [9]**

**ਸ਼ਬਦ ਅਰਥ** : **ਮੰਗਲਾਚਾਰ**- ਆਤਮਿਕ ਆਨੰਦ ਦੇ ਹੁਲਾਰੇ ਦੇਣ ਵਾਲਾ ਗੀਤ। **ਹਰ**- ਲੈ ਜਾਣਾ, ਭੱਜਣਾ। **ਸ਼ੀਲ**- ਸ਼ਾਂਤ ਸੁਭਾਉ ਵਾਲਾ। **ਅੰਮ੍ਰਿਤ**- ਆਤਮਿਕ ਜੀਵਨ ਦੇਣ ਵਾਲਾ ਨਾਮ ਰਸ। **ਲੋੜੀਏ**- ਲੋਚਣਾ, ਤਾਂਘ ਰੱਖਣਾ। **ਗਹੁ**- ਗ੍ਰਹਿਣ ਕਰਨਾ। **ਨੱਤ**- ਨਮਰ, ਝੁਕਿਆ ਹੋਇਆ, ਨਿਵਿਆ ਹੋਇਆ, ਹਲੀਮੀ ਮਨ ਵਾਲਾ। **ਸਾਈ**- ਉਹੀ। **ਆਨ**- ਦੂਜਾ, ਬੇਗ਼ਾਨਾ, ਪਰਾਇਆ। **ਹੇਰੇ**- ਦੇਖਣਾ, ਤੱਕਣਾ, ਝਾਕਣਾ। **ਧਨ**- ਇਸਤਰੀ। **ਸਹੀ**- ਠੀਕ, ਸਲਾਹੁਣਯੋਗ।

**ਨੋਟ** : ਬਾਣੀ ਮੰਗਲਾਚਾਰ ਦੇ ਚਾਰੇ ਸ਼ਬਦਾਂ ਨੂੰ ਰਾਗੁ ਸੂਹੀ ਵਿੱਚ ਗਾਇਆ ਜਾ ਸਕਦਾ ਹੈ।

**ਪਦ ਅਰਥ**- ਜੀਵ ਨੂੰ ਮਨ ਵਿੱਚ ਹਮੇਸ਼ਾ ਹਰਿ-ਪ੍ਰਭੂ ਨਾਲ ਪ੍ਰੀਤ ਕਰਦੇ ਹੋਏ ਉਸ ਦਾ ਨਾਮ ਸਿਮਰਨਾ ਚਾਹੀਦਾ ਹੈ। ਇਸ ਨਾਮ-ਸਿਮਰਨ ਦੀ ਬਰਕਤਿ ਨਾਲ ਆਤਮਿਕ-ਜੀਵਨ ਨੂੰ ਮਾਰ ਮੁਕਾਉਣ ਵਾਲੇ ਜਮਦੂਤ ਜਿਵੇਂ ਕਿ ਲੋਭ, ਮੋਹ, ਹੰਕਾਰ ਆਦਿਕ ਸਭ ਦੂਰ ਭੱਜ ਜਾਂਦੇ ਹਨ ॥

2. ਜੀਵ ਨੂੰ ਆਪਣੇ ਮਨ ਵਿੱਚ ਸੱਚ, ਸ਼ਾਂਤ ਸੁਭਾਉ ਤੇ ਸਬਰ-ਸੰਤੋਖ ਨੂੰ ਚੰਗੀ ਤਰ੍ਹਾ ਦ੍ਰਿੜ੍ਹ ਕਰਕੇ ਵਸਾਉਣਾ ਚਾਹੀਦਾ ਹੈ ਤੇ ਆਤਮਿਕ ਜੀਵਨ ਦੇਣ ਵਾਲਾ ਪ੍ਰਭੂ ਦਾ ਨਾਮ-ਰਸ ਪ੍ਰੇਮ-ਸਹਿਤ ਪੀਣਾ ਚਾਹੀਦਾ ਹੈ ॥

3. ਮਨ ਵਿੱਚ ਹਮੇਸ਼ਾ ਸੰਤ-ਜਨਾਂ ਦੀ ਸੰਗਤ ਵਿੱਚ ਰਹਿਣ ਦੀ ਹੀ ਤਾਂਘ ਰੱਖਣੀ ਚਾਹੀਦੀ ਹੈ ਤੇ ਮਨ ਦੇ ਪਿੱਛੇ ਤੁਰਨ ਵਾਲੇ ਦੁਸ਼ਟ-ਜਨਾਂ ਦੀ ਸੰਗਤ ਤੋਂ ਮਨ ਨੂੰ ਹਟਾਉਣਾ ਚਾਹੀਦਾ ਹੈ ॥

4. ਮਨ ਦੇ ਪਿੱਛੇ ਤੁਰਨ ਵਾਲੇ ਜੀਵਾਂ ਦਾ ਹਿਰਦਾ ਪੱਥਰ ਵਾਂਗ ਕਠੋਰ ਹੁੰਦਾ ਹੈ, ਜਿਵੇਂ ਪੱਥਰ ਪਾਣੀ ਵਿੱਚ ਰਹਿੰਦਾ ਹੋਇਆ ਵੀ ਪਾਣੀ ਨਾਲ ਨਹੀਂ ਭਿੱਜਦਾ

ਤਿਵੇਂ ਹੀ ਇਨ੍ਹਾਂ ਜੀਵਾਂ ਦਾ ਹਿਰਦਾ ਵੀ ਸੰਤ-ਜਨਾਂ ਦੀ ਸੰਗਤ ਵਿੱਚ ਨਹੀਂ ਪਤੀਜਦਾ॥

5. ਹੇ ਭਾਈ! ਕਠੋਰ ਹਿਰਦੇ ਵਾਲੇ ਨਿਰਦਈ ਜੀਵਾਂ ਦੀ ਸੰਗਤ ਨੂੰ ਛੱਡ ਕੇ ਹਮੇਸ਼ਾ ਸੱਚੇ ਗੁਰੂ ਦੀ ਸ਼ਰਨ ਹੀ ਗ੍ਰਹਿਣ ਕਰਨੀ ਚਾਹੀਦੀ ਹੈ ਤੇ ਗੁਰੂ ਦੇ ਚਰਨਾਂ ਦਾ ਧਿਆਨ ਧਰ ਕੇ ਭਾਵ ਗੁਰੂ ਦੇ 'ਸ਼ਬਦ' ਰਾਹੀਂ ਸੁਰਤਿ ਨੂੰ ਪ੍ਰਭੂ ਨਾਲ ਜੋੜ ਕੇ ਮੂੰਹੋਂ ਹਮੇਸ਼ਾ ਰਾਮ-ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ॥

6. ਜਿਹੜੀ ਜੀਵ-ਇਸਤਰੀ ਹਲੀਮੀ ਮਨ ਵਾਲੀ ਹੋ ਕੇ ਪ੍ਰਭੂ-ਪਤੀ ਨਾਲ ਹਮੇਸ਼ਾ ਮਨੋਂ ਪਿਆਰ ਕਰਦੀ ਹੈ ਉਹ ਆਪਣਾ ਤਨ ਤੇ ਮਨ (ਭਾਵ ਆਪਣੀਆਂ ਗਿਆਨ-ਇੰਦਰੀਆਂ ਨੂੰ ਕਾਬੂ ਕਰਕੇ ਤੇ ਆਪਣੇ ਮਨ ਦੇ ਪਿੱਛੇ ਤੁਰਨਾ ਬੰਦ ਕਰਕੇ) ਉਨ੍ਹਾਂ ਨੂੰ ਪ੍ਰਭੂ ਅੱਗੇ ਪੂਰੀ ਤਰ੍ਹਾਂ ਸਮਰਪਿਤ ਕਰ ਦਿੰਦੀ ਹੈ ਤੇ ਹਮੇਸ਼ਾ ਆਤਮਿਕ ਆਨੰਦ ਮਾਣਦੀ ਰਹਿੰਦੀ ਹੈ॥

7. ਜਿਹੜੀ ਜੀਵ-ਇਸਤਰੀ ਆਪਣੇ ਪ੍ਰਭੂ-ਪਤੀ ਨਾਲ ਹਮੇਸ਼ਾ ਪ੍ਰੀਤ ਕਰਦੀ ਰਹਿੰਦੀ ਹੈ ਉਹ ਸੁਹਾਗਣ ਹੈ। ਪ੍ਰਭੂ-ਪਤੀ ਤੋਂ ਬਿਨਾਂ ਕਿਸੇ ਦੂਸਰੇ ਦੀ ਝਾਕ ਨਾ ਰੱਖਣ ਵਾਲੀ ਜੀਵ-ਇਸਤਰੀ ਹੀ ਵੱਡੇ ਭਾਗਾਂ ਵਾਲੀ ਹੁੰਦੀ ਹੈ॥

8. ਜਿਨ੍ਹਾਂ ਜੀਵ-ਇਸਤਰੀਆਂ ਨੇ ਪ੍ਰਭੂ-ਪਤੀ ਨਾਲ ਜਾਣ-ਪਛਾਣ ਬਣਾ ਲਈ ਹੈ, ਉਹ ਠੀਕ ਹਨ, ਸਲਾਹੁਣਯੋਗ ਹਨ। ਉਹ ਹਮੇਸ਼ਾ ਸੁਹਾਗ-ਭਾਗ ਵਾਲੀਆਂ ਬਣੀਆਂ ਰਹਿੰਦੀਆਂ ਹਨ ਤੇ ਕੋਈ ਵੀ ਦੁੱਖ ਉਨ੍ਹਾਂ ਨੂੰ ਪੋਹ ਨਹੀਂ ਸਕਦਾ॥

9. ਸਤਿਗੁਰੂ ਰਵਿਦਾਸ ਮਹਾਰਾਜ ਜੀ ਜ਼ੋਰ ਦੇ ਕੇ ਫ਼ਰਮਾਉਂਦੇ ਹਨ ਕਿ ਗੁਰੂ ਦੇ ਬਖ਼ਸ਼ੇ ਹੋਏ 'ਨਾਮ-ਸ਼ਬਦ' ਨੂੰ ਹਮੇਸ਼ਾ ਆਪਣੇ ਹਿਰਦੇ ਵਿੱਚ ਜੱਪਦੇ ਰਹਿਣਾ ਚਾਹੀਦਾ ਹੈ। ਜਿਹੜਾ ਜੀਵ ਪ੍ਰਭੂ ਦੇ ਨਾਮ ਜੱਪਣ ਦਾ ਇੱਕੋ ਕਾਰਜ ਹਰ ਵੇਲੇ ਕਰਦਾ ਰਹਿੰਦਾ ਹੈ ਉਹ ਹਮੇਸ਼ਾ ਆਤਮਿਕ ਆਨੰਦ ਮਾਣਦਾ ਹੈ॥

## ਮੰਗਲਾਚਾਰ ਦੂਜਾ

**ਦੂਜਾ ਭਾਓ ਮਿਟਾਓ, ਮੰਗਲਾ ਦੂਸਰਾ॥ ਬਣ, ਤ੍ਰਿਣ ਪਰਬਤ, ਪੂਰ ਰਹਯੋ, ਪ੍ਰਭ ਹੂੰਸਰਾ॥ [1] ਘਟਿ, ਘਟਿ ਏਕੋ, ਅਲਖ, ਪਸਾਰਾ ਪਸਰਿਆ॥ ਗੁਰਮੁੱਖ ਜਾਨੇ ਗਯਾਨ, ਨਾ ਜਾਨੇ ਅਸਰਿਆ॥ [2] ਸਭ ਘਟਿ ਪੂਰਨ ਬ੍ਰਹਮ, ਜਾਨ ਗੁਰ ਪਾਇਕੇ॥ ਰਹੇ ਸਦਾ ਆਨੰਦ, ਤਾਸ ਗੁਣ ਗਾਇਕੇ॥ [3] ਜੋ ਹਰਿ ਤੇ ਬੇਮੁੱਖ, ਸਦਾ ਦੁੱਖ ਪਾਇ ਹੈ॥ ਮਾਨਸ ਜਨਮ ਆਮੋਲ, ਬਿਅਰਥ ਗੁਆਇ ਹੈ॥ [4] ਗੁਰ ਬਿਨ ਲਹੇ ਨਾ ਧੀਰ, ਪੀਰ ਬਹੁ ਪਾਇ ਹੈ॥ ਲਹੇ ਅਨਾਦਰ ਸਰਬ, ਠਉਰ ਜਹਾ ਜਾਇ ਹੈ॥ [5] ਜਬ ਗੁਰ ਭਇ ਦਿਆਲ, ਸੋ ਚਰਨੀ ਲਾਇਆ॥ ਸਤਿਗੁਰ ਕਾਟੇ ਬੰਧਨ, ਨਾਮ ਜਪਾਇਆ॥ [6] ਸਾਧ ਸੰਗ ਪ੍ਰਤਾਪ, ਸਦਾ ਸੁੱਖ ਪਾਈਏ॥ ਸੰਤਨ ਕੇ ਪ੍ਰਤਾਪ, ਨਾਮ ਹਰਿ ਧਿਆਈਏ॥ [7] ਸੰਤਨ ਕੇ ਪ੍ਰਤਾਪ, ਪਤੀ ਪ੍ਰਭ ਪਾਈਏ॥ ਮਿਲਿਆ ਅਟੱਲ ਸੁਹਾਗ, ਵਿਯੋਗ**

**ਗਵਾਈਏ ॥ ੮ ਸੰਗਤ ਤੋਂ ਆਸ਼ੀਰਵਾਦ ਇਸ ਜੋੜੀਏ ॥ ਕਹਿ ਰਵਿਦਾਸ ਇਨ ਸੰਗ, ਸਦਾ ਸੁੱਖ ਲੋੜੀਏ ॥ ੯**

**ਸ਼ਬਦ ਅਰਥ** : **ਦੂਜਾ ਭਾਓ**- (ਪ੍ਰਭੂ ਨੂੰ ਛੱਡ ਕੇ) ਮਾਇਆ ਨਾਲ ਪਿਆਰ। **ਭਾਓ**- ਪ੍ਰੇਮ, ਪਿਆਰ। **ਹੂੰਸਰਾ**=ਹੁੰਮਰਾ- ਅਸਾਡਾ, ਮੇਰਾ। **ਤ੍ਰਿਣ**- ਤਿਨਕਾ ਮਾਤ੍ਰ। **ਅਲਖ**- ਆਦ੍ਰਿਸ਼ਟ। **ਅਸਰਿਆ**- ਅਸਰ ਹੇਠ ਆਉਣਾ, ਪ੍ਰਭਾਵ ਹੇਠ ਆਉਣਾ। **ਤਾਸ**- ਉਸ ਦਾ। **ਬੇਮੁੱਖ**- ਦੂਜੇ ਪਾਸੇ ਹੈ ਜਿਸ ਦਾ ਮੁੱਖ। **ਆਮੋਲ**- ਜਿਸ ਦੀ ਕੋਈ ਕੀਮਤ ਨਾ ਹੋਵੇ, ਅਨਮੋਲ। **ਧੀਰ**- ਧੀਰਜ, ਸੁੱਖ ਸ਼ਾਂਤ। **ਪੀਰ**- ਦੁੱਖ ਤਕਲੀਫ਼। **ਠਉਰ**- ਥਾਂ, ਜਗ੍ਹਾ। **ਅਟੱਲ**- ਸਦਾ ਰਹਿਣ ਵਾਲਾ। **ਵਿਯੋਗ**- ਵਿਛੋੜਾ। **ਸੁੱਖ**- ਆਤਮਿਕ ਆਨੰਦ। **ਲੋੜੀਏ**- ਚਾਹੁਣਾ, ਲੋਚਣਾ।

**ਪਦ ਅਰਥ**- ਹੇ ਭਾਈ! ਆਪਣੇ ਅੰਦਰੋਂ ਮਾਇਆ ਦਾ ਪਿਆਰ ਮਿਟਾਉਣਾ ਹੀ ਜੀਵ ਲਈ, ਮਾਨੋਂ, ਆਤਮਿਕ ਆਨੰਦ ਦੇ ਹੁਲਾਰੇ ਦੇਣ ਵਾਲਾ ਦੂਸਰਾ ਗੀਤ ਹੈ। ਮੇਰਾ ਪ੍ਰਭੂ ਤਾਂ ਜੰਗਲਾਂ, ਪਹਾੜਾਂ ਤੇ ਤਿਨਕਾ ਮਾਤ੍ਰ ਜਗ੍ਹਾ 'ਤੇ ਵੀ (ਭਾਵ ਸ੍ਰਿਸ਼ਟੀ ਦੇ ਹਰ ਥਾਂ 'ਤੇ) ਪੂਰੀ ਤਰ੍ਹਾਂ ਰਮਿਆ ਹੋਇਆ ਹੈ॥

2. ਉਹ ਆਦ੍ਰਿਸ਼ਟ ਪ੍ਰਭੂ ਘਟ-ਘਟ ਵਿੱਚ ਵਿਆਪਕ ਹੈ ਤੇ ਸ੍ਰਿਸ਼ਟੀ ਦੇ ਸਭ ਪਾਸੇ ਉਸੇ 'ਇਕ' ਪ੍ਰਭੂ ਦਾ ਹੀ ਪਾਸਾਰਾ ਪਸਰਿਆ ਹੋਇਆ ਹੈ। ਗੁਰੂ ਦੇ ਸਨਮੁੱਖ ਰਹਿਣ ਵਾਲਾ ਜੀਵ ਇਸ ਗਿਆਨ (ਭਾਵ ਇਸ ਤੱਥ ਨੂੰ ਕਿ ਪ੍ਰਭੂ ਹਰ ਜਗ੍ਹਾ ਤੇ ਹਰ ਘਟ ਵਿੱਚ ਵਿਆਪਕ ਹੈ) ਨੂੰ ਜਾਣਦਾ ਹੁੰਦਾ ਹੈ ਤੇ ਕਿਸੇ ਹੋਰ ਗਿਆਨ ਦੇ ਅਸਰ ਹੇਠ ਨਹੀਂ ਆਉਂਦਾ॥

3. ਪੂਰਨ ਤੇ ਸਮਰੱਥ ਗੁਰੂ ਨੂੰ ਪਾ ਕੇ ਹੀ ਜੀਵ ਇਹ ਜਾਣ ਪਾਉਂਦਾ ਹੈ ਕਿ ਪੂਰਨ ਪਾਰਬ੍ਰਹਮ-ਪਰਮੇਸ਼ਰ ਸਭਨਾਂ ਘਟਾਂ 'ਚ ਪੂਰੀ ਤਰ੍ਹਾਂ ਵਿਆਪਕ ਹੈ ਤੇ ਉਸੇ ਪ੍ਰਭੂ ਦੇ ਗੁਣ ਗਾਇਆਂ ਜੀਵ ਹਮੇਸ਼ਾ ਆਤਮਿਕ ਆਨੰਦ ਵਿੱਚ ਰਹਿੰਦਾ ਹੈ॥

4. ਹੇ ਭਾਈ! ਜਿਹੜਾ ਜੀਵ ਪ੍ਰਭੂ ਤੋਂ ਮੁੱਖ ਮੋੜ ਲੈਂਦਾ ਹੈ (ਭਾਵ ਕੁਰਾਹੇ ਪਿਆ ਹੋਇਆ) ਪ੍ਰਭੂ ਨੂੰ ਭੁਲਾ ਦਿੰਦਾ ਹੈ ਉਹ ਹਮੇਸ਼ਾ ਦੁੱਖ ਹੀ ਪਾਉਂਦਾ ਹੈ ਤੇ ਇੰਝ ਉਹ ਆਪਣਾ ਅਨਮੋਲ ਮਨੁੱਖਾ ਜਨਮ ਵਿਅਰਥ ਹੀ ਗਵਾ ਲੈਂਦਾ ਹੈ॥

5. ਗੁਰੂ ਤੋਂ ਬਿਨਾਂ ਜੀਵ ਦੇ ਮਨ ਨੂੰ ਹੋਰ ਕਿਤੇ ਵੀ ਸੁੱਖ-ਸਾਂਦ ਨਹੀਂ ਮਿਲਦੀ ਤੇ ਉਹ ਅਨੇਕਾਂ ਹੀ ਦੁੱਖ-ਤਕਲੀਫ਼ਾਂ ਪਾਉਂਦਾ ਹੈ। ਉਹ ਜਿਸ ਕਿਸੇ ਥਾਂ 'ਤੇ ਵੀ ਜਾਂਦਾ ਹੈ ਉੱਥੇ ਹੀ ਉਸ ਦਾ ਹਮੇਸ਼ਾ ਨਿਰਾਦਰ ਹੁੰਦਾ ਹੈ॥

6. ਪਰ ਜਦੋਂ ਗੁਰੂ ਜੀਵ 'ਤੇ ਮਿਹਰਵਾਨ ਹੁੰਦਾ ਹੈ ਤਾਂ ਉਹ ਉਸ ਨੂੰ ਆਪਣੀ ਚਰਨੀਂ ਲਗਾਉਂਦਾ ਹੈ। ਫਿਰ ਉਹ ਉਸ ਜੀਵ ਦੇ ਸਭ ਤਰ੍ਹਾਂ ਦੇ ਬੰਧਨਾਂ ਨੂੰ ਕੱਟ ਕੇ ਉਸ ਤੋਂ ਪ੍ਰਭੂ ਦਾ ਨਾਮ ਜਪਾਉਂਦਾ ਹੈ॥

7. ਹੇ ਭਾਈ! ਸੰਤਾਂ ਦੀ ਸੰਗਤ ਦੇ ਪ੍ਰਤਾਪ ਸਦਕੇ ਹੀ ਜੀਵ ਹਮੇਸ਼ਾ ਆਤਮਿਕ ਸੁੱਖ ਪਾਉਂਦਾ ਹੈ ਤੇ ਸੰਤ-ਜਨਾਂ ਦੀ ਕਿਰਪਾ ਨਾਲ ਹੀ ਉਹ ਪ੍ਰਭੂ ਦਾ ਨਾਮ ਧਿਆਉਂਦਾ ਹੈ॥

8. ਸੰਤ-ਜਨਾਂ ਦੀ ਰਹਿਮਤ ਸਦਕਾ ਹੀ ਜੀਵ-ਇਸਤਰੀ ਸਦਾ-ਥਿਰ ਰਹਿਣ ਵਾਲੇ ਪ੍ਰਭੂ-ਸੁਹਾਗ ਨੂੰ ਮਿਲ ਪਾਉਂਦੀ ਹੈ, ਜਿਸ ਨਾਲ ਉਸ ਦਾ (ਕਈ ਜਨਮਾਂ

ਦਾ) ਪ੍ਰਭੂ-ਪ੍ਰੀਤਮ ਨਾਲੋਂ ਪਿਆ ਹੋਇਆ ਵਿਛੋੜਾ ਖ਼ਤਮ ਹੋ ਜਾਂਦਾ ਹੈ॥

9. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਂਦੇ ਹਨ ਕਿ ਜਿਹੜਾ ਜੀਵ ਸੰਤਾਂ ਦੀ ਸੰਗਤ ਦਾ ਆਸੀਰਵਾਦ ਲੈ ਕੇ (ਭਾਵ ਸਤਿਸੰਗਤ ਵਿੱਚ ਰਹਿੰਦਿਆਂ ਗੁਰੂ ਦੇ 'ਸ਼ਬਦ' ਦਾ ਆਸੀਰਵਾਦ ਲੈ ਕੇ) ਪ੍ਰਭੂ ਨਾਲ ਜੁੜਦਾ ਹੈ, ਉਹ ਪ੍ਰਭੂ ਨਾਲ ਇੱਕ-ਮਿਕ ਹੋਇਆ ਹਮੇਸ਼ਾ ਆਤਮਿਕ ਆਨੰਦ ਲੋਚਦਾ ਹੈ ਤੇ ਮਾਣਦਾ ਹੈ॥

## ਮੰਗਲਾਚਾਰ ਤੀਜਾ

**ਰਲਿ ਮਿਲ ਸਖੀਆਂ, ਮੰਗਲ ਗਾਇਆ ਤੀਸਰਾ॥ ਸਦਾ ਜਪੋ ਹਰਿ ਨਾਮ, ਨਾ ਕਬਹੂ ਬੀਸਰਾ॥ [1] ਸਤਿਗੁਰ ਕੇ ਲਗ ਚਰਨ, ਸਦਾ ਹਰਿ ਗਾਈਐ॥ ਰਿੱਧ, ਸਿੱਧ, ਨੌ ਨਿੱਧ, ਸਭੀ ਕਛਹੂ ਪਾਈਐ॥ [2] ਸਤਿਗੁਰ ਕੇ ਪ੍ਰਸਾਦ, ਅਟੱਲ ਸੁਹਾਗ ਹੈ॥ ਸਤਿਗੁਰ ਭਏ ਦਿਆਲ, ਤਾਂ ਜਾਗਿਯੋ ਭਾਗ ਹੈ॥ [3] ਸਤਿਗੁਰ ਦਰਸ਼ਨ ਪਾਇ, ਮਿਟੇ ਅੱਘ ਸਰਬ ਹੀ॥ ਪਾਇਓ ਸ਼ੀਲ ਨਿਧਾਨ, ਮਿਟਾਇ ਗਰਬ ਹੀ॥ [4] ਰਹਿਆ ਨਾ ਸੰਸਾ ਮੂਲ, ਜਿੰਨ੍ਹੀ ਗੁਰ ਪਾਇਆ॥ ਹਿਰਦੇ ਭਇਆ ਪ੍ਰਕਾਸ਼ ਅਗਯਾਨ ਮਿਟਾਇਆ॥ [5] ਬਿਨ ਹਰਿ ਨਾਮ ਨਾ ਸਾਰ, ਕਛਹੂ ਸੰਸਾਰ ਹੈ॥ ਹਰਿ ਕਾ ਨਾਮ ਧਿਆਵੈ, ਭਵਿ ਨਿੱਧ ਪਾਰ ਹੈ॥ [6] ਮੰਗਲ ਮਹਾਂ ਸੋ ਮੰਗਲ, ਹਰਿ, ਹਰਿ ਨਾਮ ਹੈ॥ ਆਠ ਪਹਿਰ ਮੁੱਖ ਜਪੋ, ਇਹੀ ਸ਼ੁੱਭ ਕਾਮ ਹੈ॥ [7] ਸੱਚ ਰਵਿਦਾਸ ਬਤਾਵੇ, ਨਾਮ ਨਾ ਛੋਡੀਏ॥ ਗੁਰ ਚਰਨਨ ਮੇਂ ਧਿਆਨ, ਸਦਾ ਮਨ ਜੋੜੀਏ॥ [8]**

**ਸ਼ਬਦ ਅਰਥ** : **ਬੀਸਰਾ**- ਵਿਸਰਨਾ, ਭੁੱਲਣਾ। **ਰਿੱਧ ਸਿੱਧ**- ਰਿੱਧੀਆਂ ਸਿੱਧੀਆਂ, ਚਮਤਕਾਰੀ ਸ਼ਕਤੀਆਂ। **ਨੌ ਨਿੱਧ**- ਨੌ ਖ਼ਜ਼ਾਨੇ (ਦੇਖੋ ਸ਼ਬਦ ਅਰਥ ਸ਼ਬਦ ਨੰ : 24 ਦੇ)। **ਪ੍ਰਸਾਦ**-ਕ੍ਰਿਪਾ, ਮਿਹਰਬਾਨੀ। **ਅੱਘ**- ਪਾਪ। **ਸ਼ੀਲ**-ਸ਼ਾਂਤ ਸੁਭਾਉ, ਸਿਸਟਾਚਾਰ। **ਨਿਧਾਨ**- ਖ਼ਜ਼ਾਨਾ। **ਸੰਸਾ**-ਸੰਦੇਹ, ਭਰਮ। **ਮੂਲ**- ਬਿਲਕੁਲ, ਕੋਈ ਵੀ। **ਅਗਯਾਨ**- ਆਤਮਿਕ ਜੀਵਨ ਵੱਲੋਂ ਬੇਸਮਝੀ। **ਸਾਰ**- ਸੰਭਾਲ। **ਭਵਿ ਨਿੱਧ**- ਭਵਸਾਗਰ, ਸੰਸਾਰ ਸਮੁੰਦਰ। **ਮਨ**- ਸੁਰਤਿ, ਧਿਆਨ।

**ਪਦ ਅਰਥ**- ਸਤਿਸੰਗੀ ਸਹੇਲੀਆਂ ਨੇ ਰਲ-ਮਿਲ ਕੇ ਆਤਮਿਕ ਆਨੰਦ ਦੇ ਹੁਲਾਰੇ ਦੇਣ ਵਾਲਾ ਤੀਸਰਾ ਗੀਤ ਇਹ ਗਾਇਆ ਹੈ ਕਿ ਪ੍ਰਭੂ ਦਾ ਹਰ ਵੇਲੇ ਨਾਮ ਜੱਪਿਆਂ ਪ੍ਰਭੂ ਕਦੇ ਵੀ ਮਨੋਂ ਨਹੀਂ ਵਿਸਰਦਾ॥

2. ਸਤਿਗੁਰ ਦੀ ਚਰਨੀਂ ਪੈ ਕੇ, ਸਤਿਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ ਦੇ ਹਮੇਸ਼ਾ ਗੁਣ ਗਾਇਆਂ ਜੀਵ ਨੂੰ ਰਿੱਧੀਆਂ, ਸਿੱਧੀਆਂ ਤੇ ਨੌ ਨਿੱਧੀਆਂ ਆਦਿਕ ਸਭ ਪ੍ਰਾਪਤ ਹੋ ਜਾਂਦੀਆਂ ਹਨ॥

3. ਸਤਿਗੁਰੂ ਦੀ ਕਿਰਪਾ ਨਾਲ ਹੀ ਸਦਾ-ਥਿਰ ਰਹਿਣ ਵਾਲਾ ਪ੍ਰਭੂ-ਸੁਹਾਗ ਮਿਲਦਾ ਹੈ। ਜਦੋਂ ਸਤਿਗੁਰੂ ਜੀਵ 'ਤੇ ਦਿਆਲ ਹੁੰਦਾ ਹੈ ਤਾਂ ਉਸ ਜੀਵ ਦੇ ਚੰਗੇ ਸੰਸਕਾਰਾਂ ਦੇ ਭਾਗ ਆਪਣੇ-ਆਪ ਹੀ ਜਾਗ ਪੈਂਦੇ ਹਨ॥

4. ਸਤਿਗੁਰੂ ਦੇ ਦਰਸ਼ਨ ਕੀਤਿਆਂ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ ਤੇ ਜੀਵ ਅੰਦਰ ਸਿਸਟਾਚਾਰ ਤੇ ਸ਼ਾਂਤ ਸੁਭਾਉ ਦਾ ਖ਼ਜ਼ਾਨਾ ਆ ਵਸਦਾ ਹੈ ਜਿਸ ਨਾਲ ਉਸ ਅੰਦਰੋਂ ਹੰਕਾਰ ਦਾ ਨਾਸ਼ ਹੋ ਜਾਂਦਾ ਹੈ॥

5. ਜਿਨ੍ਹਾਂ ਜੀਵਾਂ ਨੇ ਸਤਿਗੁਰੂ ਨੂੰ ਪਾ ਲਿਆ ਹੈ ਉਨ੍ਹਾਂ ਦੇ ਮਨ ਵਿੱਚ ਬਿਲਕੁਲ ਵੀ ਕੋਈ ਭਰਮ ਨਹੀਂ ਰਹਿੰਦਾ। ਉਨ੍ਹਾਂ ਦੇ ਹਿਰਦੇ ਵਿੱਚ ਆਤਮਿਕ ਜੀਵਨ ਦੀ ਸੂਝ ਦਾ ਚਾਨਣਾ ਹੋ ਜਾਂਦਾ ਹੈ ਜਿਸ ਨਾਲ ਆਤਮਿਕ ਜੀਵਨ ਵੱਲੋਂ ਬੇਸਮਝੀ ਦਾ ਹਨ੍ਹੇਰਾ ਮਿਟ ਜਾਂਦਾ ਹੈ॥

6. ਹੇ ਭਾਈ! ਪ੍ਰਭੂ ਦੇ ਨਾਮ ਤੋਂ ਬਿਨਾਂ ਸੰਸਾਰ ਵਿੱਚ ਜੀਵ ਦੀ ਹੋਰ ਕੋਈ ਵੀ ਸੰਭਾਲ ਕਰਨ ਵਾਲਾ ਨਹੀਂ ਹੈ। ਗੁਰੂ ਦੇ 'ਸ਼ਬਦ' ਰਾਹੀਂ ਪ੍ਰਭੂ ਦਾ ਨਾਮ ਜੱਪਿਆਂ ਜੀਵ ਮਾਇਆ ਦੇ ਮੋਹ-ਰੂਪ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ॥

7. ਹੇ ਭਾਈ! ਪ੍ਰਭੂ ਦਾ ਨਾਮ ਜੱਪਣਾ ਹੀ ਸਭ ਤੋਂ ਵੱਡਾ ਕਲਿਆਣਕਾਰੀ ਤੇ ਸੁੱਖ-ਦਾਈ ਕਰਮ ਹੈ। ਇਸ ਲਈ ਜੀਵ ਨੂੰ ਆਪਣੇ ਮੂੰਹੋਂ ਪ੍ਰਭੂ ਦੇ ਨਾਮ ਨੂੰ ਜੱਪਣ ਦਾ ਸ਼ੁੱਭ ਕਰਮ ਅੱਠੋ-ਪਹਿਰ ਕਰਦੇ ਰਹਿਣਾ ਚਾਹੀਦਾ ਹੈ॥

8. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਮੈਂ ਸੱਚ ਕਹਿੰਦਾ ਹਾਂ ਕਿ ਪ੍ਰਭੂ ਦੇ ਨਾਮ ਨੂੰ ਕਦੇ ਵੀ ਵਿਸਾਰਨਾ ਨਹੀਂ ਚਾਹੀਦਾ। ਗੁਰੂ ਦੇ ਚਰਨਾਂ ਦਾ ਧਿਆਨ ਧਰ ਕੇ ਭਾਵ ਗੁਰੂ ਦੇ 'ਸ਼ਬਦ' ਦਾ ਧਿਆਨ ਧਰ ਕੇ ਸੁਰਤਿ ਨੂੰ ਹਮੇਸ਼ਾ ਪ੍ਰਭੂ ਦੇ ਨਾਮ ਨਾਲ ਜੋੜੀ ਰੱਖਣਾ ਚਾਹੀਦਾ ਹੈ॥

## ਮੰਗਲਾਚਾਰ ਚੌਥਾ

**ਮੰਗਲ ਚਾਰ ਆਨੰਦ, ਸਖੀ ਮੁੱਖ ਗਾਇਆ॥ ਕਾਰਜ ਭਇਆ ਸੁਹੇਲਾ, ਹਰਿ ਹਰਿ ਧਿਆਇਆ॥ [1] ਧਨ ਔਰ ਪਿਰ ਕੀ, ਪ੍ਰੀਤ ਬਣੀ ਇੱਕ ਸਾਰ ਹੈ॥ ਘਟਾ ਛਟਾ ਸਮ ਮਿਲੀ, ਮੀਨ ਜਿਮ ਵਾਰ ਹੈ॥ [2] ਪਿਰ ਸੰਗ ਪਾਇ ਆਨੰਦ, ਨਾ ਦੁੱਖ ਕੀ ਲੇਸ ਹੈ॥ ਪਤੀ ਕੀ ਆਗਯਾ ਮੇਂ, ਜੋ ਰਹੇ ਹਮੇਸ਼ ਹੈ॥ [3] ਪਤੀ ਪਰਮੇਸ਼ਵਰ ਕਰਕੇ, ਜਿਨ ਧਨ ਜਾਣਿਆ॥ ਸਦਾ ਸੁਖੀ ਬਹੁ ਨਾਰ, ਸਰਬ ਸੁੱਖ ਮਾਣਿਆ॥ [4] ਜਿਨ ਪਰ ਸਤਿਗੁਰ ਦਿਆਲ, ਸੁਖੀ ਬਹੁ ਗਾਈਏ॥ ਮਹਿਮਾ ਅਪਰ ਅਪਾਰ, ਨਾ ਕੀਮਤ ਪਾਈਏ॥ [5] ਸਤਿਗੁਰ ਕੇ ਸੰਗ, ਤੇਰੇ ਅਵਰ ਕੀ ਕੇਤੜੇ॥ ਕਰ ਕੇ ਦ੍ਰਿੜ੍ਹ ਪ੍ਰੀਤ, ਪ੍ਰੇਮ ਕਰੋ ਜੇਤੜੇ॥ [6] ਕਾਰਜ ਸਭ ਹੀ ਪੂਰੇ, ਸਤਿਗੁਰੂ ਕਰਿ ਦੀਏ॥ ਪੂਰਬ ਪੁੰਨ ਅਨੇਕ ਫੱਲ ਤਿਸ ਅਬ ਲੀਏ॥ [7] ਜਨ ਰਵਿਦਾਸ ਪਿਆਸ, ਸਦਾ ਗੁਰ ਨਾਮ ਕੀ॥ ਹਰਿ ਸੰਗ ਰਹੇ ਪ੍ਰੀਤ ਓਟ ਇੱਕ ਨਾਮ ਕੀ॥ [8]**

**ਸ਼ਬਦ ਅਰਥ** : **ਸੁਹੇਲਾ**- ਸਫ਼ਲ। **ਧਨ**- ਇਸਤਰੀ। **ਪਿਰ**- ਪਤੀ। **ਇੱਕ ਸਾਰ**- ਇਕ ਸਮਾਨ। **ਘਟਾ ਛਟਾ**- ਬੱਦਲ ਦੀ ਛਿੱਟ, ਬੱਦਲ ਦੀ ਬੂੰਦ ਭਾਵ ਪਾਣੀ। **ਇੱਕ ਸਾਰ**- ਇਕ ਸਮਾਨ। **ਸਮ**- ਸਮਾਨ, ਤੁੱਲ। **ਜਿਮ ਵਾਰ**- ਜਿਸ ਤਰ੍ਹਾਂ। **ਲੇਸ**- ਤਿਨਕਾ ਮਾਤ੍ਰ। **ਆਗਯਾ**- ਹੁਕਮ, ਰਜਾ। **ਕੇਤੜੇ**- ਕਿਤਨੇ, ਅਨੇਕਾਂ, ਸਾਰੇ। **ਜੇਤੜੇ**- ਜਿਤਨੇ।

**ਪਦ ਅਰਥ**- ਸਤਿਸੰਗੀ ਸਹੇਲੀ ਨੇ ਆਤਮਿਕ ਆਨੰਦ ਦੇ ਹੁਲਾਰੇ ਦੇਣ ਵਾਲਾ ਚੌਥਾ ਗੀਤ ਆਪਣੇ ਮੂੰਹੋਂ ਇਹ ਗਾਇਆ ਹੈ ਕਿ ਪ੍ਰਭੂ ਦਾ ਨਾਮ ਧਿਆਇਆਂ ਸਾਰੇ ਕਾਰਜ ਸਫ਼ਲ ਹੋ ਜਾਂਦੇ ਹਨ॥

2. ਹੇ ਸਖੀਏ! (ਨਾਮ ਧਿਆਉਣ ਦੀ ਬਰਕਤਿ ਨਾਲ) ਜੀਵ-ਇਸਤਰੀ ਦੀ ਪ੍ਰਭੂ-ਪਤੀ ਨਾਲ ਉਸ ਤਰ੍ਹਾਂ ਦੀ ਇਕ-ਸਮਾਨ ਪ੍ਰੀਤ ਬਣ ਜਾਂਦੀ ਹੈ ਕਿ ਜਿਸ ਤਰ੍ਹਾਂ ਦੀ ਪ੍ਰੀਤ ਮੱਛੀ ਨੂੰ ਪਾਣੀ ਨਾਲ ਹੁੰਦੀ ਹੈ॥

3. ਜਿਹੜੀ ਜੀਵ-ਇਸਤਰੀ ਹਮੇਸ਼ਾ ਪ੍ਰਭੂ-ਪਤੀ ਦੀ ਰਜ਼ਾ ਵਿੱਚ ਰਹਿੰਦੀ ਹੈ ਉਹ ਪ੍ਰਭੂ-ਪਤੀ ਦੇ ਮਿਲਾਪ ਦਾ ਆਨੰਦ ਮਾਣਦੀ ਹੈ ਤੇ ਤਿਨਕਾ-ਮਾਤ੍ਰ ਦੁੱਖ ਵੀ ਉਸ ਦੇ ਨੇੜੇ ਨਹੀਂ ਢੁੱਕਦਾ॥

4. ਜਿਹੜੀ ਜੀਵ-ਇਸਤਰੀ ਪ੍ਰਭੂ ਨੂੰ ਪਤੀ-ਪਰਮੇਸ਼ਰ ਸਮਝ ਕੇ ਉਸ ਨਾਲ ਸਾਂਝ ਪਾਉਂਦੀ ਹੈ ਉਹ ਹਮੇਸ਼ਾ ਸੁਖੀ ਰਹਿੰਦੀ ਹੈ ਤੇ ਸਾਰੇ ਆਤਮਿਕ ਆਨੰਦ ਮਾਣਦੀ ਹੈ॥

5. ਹੇ ਭਾਈ! ਜਿਸ ਜੀਵ 'ਤੇ ਵੀ ਸਤਿਗੁਰੂ ਦਿਆਲ ਹੁੰਦਾ ਹੈ ਉਹ ਸੁਖੀ ਹੋਇਆ ਪ੍ਰਭੂ ਦੇ ਹੀ ਗੁਣ ਗਾਉਂਦਾ ਰਹਿੰਦਾ ਹੈ। ਪ੍ਰਭੂ ਦੀ ਮਹਿਮਾ ਬੇਅੰਤ ਹੈ, ਪਰ੍ਹੇ ਤੋਂ ਪਰ੍ਹੇ ਹੈ। ਕਿਸੇ ਦੀ ਕੀ ਮਜ਼ਾਲ ਕਿ ਇਸ ਦੀ ਕੀਮਤ ਪਾ ਸਕੇ ? ਇਸ ਦਾ ਪਾਰਾਵਾਰ ਪਾ ਸਕੇ ?॥

6. ਹੇ ਭਾਈ! ਸਤਿਗੁਰੂ ਦੀ ਸੰਗਤ ਕਰਨ ਨਾਲ ਤੇਰੇ ਸਾਰੇ ਦੂਸਰੇ ਵੀ ਆਪਣੇ ਬਣ ਜਾਂਦੇ ਹਨ, ਇਸ ਲਈ ਤੂੰ ਸਤਿਗੁਰੂ ਨਾਲ ਦ੍ਰਿੜ ਪ੍ਰੀਤ ਕਰ ਤੇ ਦੂਸਰਿਆਂ ਨਾਲ ਵੀ ਪ੍ਰੇਮ ਕਰ॥

7. ਸਤਿਗੁਰੂ ਆਪਣੀ ਮਿਹਰ ਦੀ ਨਿਗ੍ਹਾ ਨਾਲ ਜੀਵ ਦੇ ਸਾਰੇ ਕਾਰਜ ਪੂਰੇ ਕਰ ਦਿੰਦਾ ਹੈ ਤੇ ਫਿਰ ਜੀਵ ਨੂੰ ਪੂਰਬਲੇ ਜਨਮਾਂ ਦੇ ਅਨੇਕਾਂ ਪੁੰਨ-ਫਲ ਵੀ ਇਸੇ ਜੀਵਨ ਵਿੱਚ ਹੀ ਪ੍ਰਾਪਤ ਹੋ ਜਾਂਦੇ ਹਨ॥

8. ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਂਦੇ ਹਨ ਕਿ ਜੀਵ ਨੂੰ ਹਮੇਸ਼ਾ ਆਪਣੇ ਮਨ ਵਿੱਚ ਗੁਰੂ ਦੇ 'ਨਾਮ-ਸ਼ਬਦ' ਦੀ ਚਾਹਤ ਰੱਖਣੀ ਚਾਹੀਦੀ ਹੈ ਤੇ ਪ੍ਰਭੂ ਨਾਲ ਹਮੇਸ਼ਾ ਪ੍ਰੇਮ ਕਰਦੇ ਹੋਏ ਉਸ ਦੇ ਨਾਮ ਦਾ ਹੀ ਆਸਰਾ ਲੈਣਾ ਚਾਹੀਦਾ ਹੈ॥

* * * * *

## "ਅਨਮੋਲ ਵਚਨ"

**ਪ੍ਰਣਵੰਤੇ ਪ੍ਰਣ ਘੜੀ, ਸੋਹਾਈ ਜੀਓ॥**
**ਪ੍ਰਭ ਕਿਰਪਾ ਤੇ ਆਣ, ਮਿਲਾਈ ਜੀਓ॥**

**ਨੋਟ** : ਇਹ ਸ਼ਬਦ ਰਾਗੁ 'ਗਉੜੀ' ਵਿੱਚ ਗਾਇਆ ਜਾ ਸਕਦਾ ਹੈ।

ਸ਼ਬਦ-ਅਰਥ:- ਹੇ ਪ੍ਰਣ ਕਰਤਾ! ਪ੍ਰਭੂ ਨੇ ਆਪਣੀ ਰਹਿਮਤ ਬਖ਼ਸ਼ ਕੇ ਤੈਨੂੰ ਹੁਣ ਪ੍ਰਣ ਕਰਨ ਦਾ ਸ਼ੁਭ ਅਵਸਰ ਮਿਲਾ ਦਿੱਤਾ ਹੈ (ਭਾਵ ਮਨੁੱਖਾ ਜਨਮ ਬਖ਼ਸ਼ ਦਿੱਤਾ ਹੈ।)॥

**ਪ੍ਰਣ ਪ੍ਰਣਵੰਤੇ ਪ੍ਰਣ, ਧਾਰਨ ਕੀ ਜੀਓ॥**
**ਪ੍ਰਣ ਮੈਂ ਏਕ ਨਾਮ, ਸੋ ਲੀ ਜੀਓ॥**

ਸ਼ਬਦ-ਅਰਥ:- ਹੇ ਪ੍ਰਣ ਕਰਤੇ! ਤੂੰ ਹੁਣ ਆਪਣੇ ਮਨ 'ਚ ਇਸ ਪ੍ਰਣ ਨੂੰ ਦ੍ਰਿੜ

ਕਰ ਕੇ ਵਸਾ ਲੈ ਕਿ ਤੂੰ ਹਰ ਵੇਲੇ ਉਸ 'ਇਕ' ਪ੍ਰਭੂ ਦਾ ਨਾਮ ਹੀ ਸਿਮਰੇਗਾ॥

**ਪਤੀ ਘਰ ਪਤਨੀ, ਏਕ ਰਸਾਇਣ ਜੀਓ॥**
**ਮਾਤ ਬੜੀ ਛੋਟੀ ਸਮ, ਭੈਣ ਜੀਓ॥**

(**ਘਰ**-ਹਿਰਦੈ ਘਰ। **ਰਸਾਇਣ**=ਰਸ+ਆਇਣ–ਆਨੰਦ ਦਾ ਘਰ, ਸੁੱਖਾਂ ਦਾ ਭੰਡਾਰ। **ਸਮ**-ਸਮਾਨ।)

ਸ਼ਬਦ–ਅਰਥ:– ਜਦੋਂ ਜੀਵ–ਇਸਤਰੀ (ਪਤਨੀ) ਦੇ ਹਿਰਦੇ ਘਰ ਵਿੱਚ ਪ੍ਰਭੂ–ਪਤਿ ਆ ਵਸਦੇ ਹਨ ਤਦੋਂ, ਮਾਨੋ, ਉਹ ਸਾਰੇ ਸੁੱਖਾਂ ਦਾ ਭੰਡਾਰ ਹੋ ਨਿੱਬੜਦੀ ਹੈ। ਫਿਰ ਉਸਨੂੰ ਬੜੇ, ਛੋਟੇ, ਮਾਂ–ਭੈਣ ਸਭ ਇਕ ਸਮਾਨ ਦਿਸਦੇ ਹਨ॥

**ਪਤੀ ਪਰਮੇਸ਼ਵਰ, ਸਮ ਨਹੀਂ ਦੇਵ ਜੀਓ॥**
**ਪੂਜਨ, ਸੇਵਨ ਸਮ, ਨਹੀਂ ਮੇਵ ਜੀਓ॥**

ਸ਼ਬਦ–ਅਰਥ:- ਯਾਦ ਰੱਖ, ਪਤੀ ਪਰਮੇਸ਼ਰ ਦੇ ਬਰਾਬਰ ਦਾ ਹੋਰ ਕੋਈ ਦੇਵਤਾ ਨਹੀਂ ਹੈ। ਉਸ ਦੀ ਪੂਜਾ ਕਰਨ ਤੇ ਉਸ ਦੀ ਸੇਵਾ–ਭਗਤੀ ਕਰਨ ਦੇ ਫਲ ਵਰਗਾ ਹੋਰ ਕੋਈ ਫਲ ਵੀ ਨਹੀਂ ਹੈ॥

**ਪਵਨ, ਅਗਨ, ਜੱਲ ਜੰਨ ਹਮਰਾਈ ਜੀਓ॥**
**ਸੂਰਜ, ਧਰਤ, ਸੰਗਤ, ਚੰਨ ਅਗਵਾਈ ਜੀਓ॥**

ਸ਼ਬਦ–ਅਰਥ:- ਉਹ ਪ੍ਰਭੂ ਹਵਾ, ਅੱਗ ਤੇ ਪਾਣੀ-(ਰੂਪ ਹੋ ਕੇ) ਜੀਵ ਦਾ ਸਹਾਇਕ ਤੇ ਮਿੱਤਰ ਹੈ ਅਤੇ ਸੂਰਜ, ਧਰਤੀ, ਚੰਦਰਮਾ ਤੇ ਸੰਗਤਿ–(ਰੂਪ ਹੋ ਕੇ) ਜੀਵ ਦੀ ਅਗਵਾਈ ਕਰ ਰਿਹਾ ਹੈ॥

**ਬਹੁਤ ਜਨਮ ਵਿਛੜਤ, ਵਿਯੋਗ ਜੀਓ॥**
**ਸੁਰਤ ਸ਼ਬਦ ਵਿਯੋਗ, ਸੰਜੋਗ ਜੀਓ॥**

ਸ਼ਬਦ–ਅਰਥ:- ਹੇ ਭਾਈ! (ਜਿਨ੍ਹਾਂ ਦੇ ਭਾਗਾਂ ਵਿੱਚ) ਵਿਛੋੜੇ ਦਾ (ਲੇਖ) ਹੈ ਉਹ ਕਈ ਜਨਮ ਲੈ ਕੇ ਵੀ ਪ੍ਰਭੂ ਤੋਂ ਵਿਛੜੇ ਰਹਿੰਦੇ ਹਨ ਪਰ (ਜਿਨ੍ਹਾਂ ਦੇ ਭਾਗਾਂ ਵਿੱਚ) ਮਿਲਾਪ ਦਾ (ਲੇਖ) ਹੈ ਉਨ੍ਹਾਂ ਦੀ 'ਸੁਰਤਿ' ਦਾ, 'ਸ਼ਬਦ'–(ਰੂਪ ਪ੍ਰਭੂ) ਤੋਂ ਕਦੇ ਵਿਛੋੜਾ ਪੈਂਦਾ ਹੀ ਨਹੀਂ॥

**ਪ੍ਰਣ ਕਰਤੇ, ਪ੍ਰਣ ਤੋੜ, ਨਿਭਾਉ ਜੀਓ॥**
**ਲੋਕ ਕੁਸੰਗ ਫਰਕ, ਨਹੀਂ ਪਾਉ ਜੀਓ॥**

ਸ਼ਬਦ–ਅਰਥ:- ਹੇ ਪ੍ਰਣ ਕਰਤਾ! ਤੂੰ ਆਪਣੇ ਕੀਤੇ ਹੋਏ ਪ੍ਰਣ ਨੂੰ ਤੋੜ ਤੱਕ ਪੂਰਾ ਕਰ ਤੇ (ਕੁਰਾਹੇ ਪਿਆ ਹੋਇਆ) ਦੁਸ਼ਟ–ਜਨਾਂ ਦੀ ਸੰਗਤ ਵਿੱਚ ਪੈ ਕੇ ਆਪਣੇ ਪ੍ਰਣ ਵਿੱਚ ਕੋਈ ਵਾਧ–ਘਾਟ ਨਾ ਕਰ, ਕੋਈ ਵਿਘਨ ਨਾ ਪਾ॥

**ਜਨ ਰਵਿਦਾਸ ਨਿਭਉ ਸੰਗਿ, ਸੋਈ ਜੀਓ॥**
**ਗੁਰ ਕਿਰਪਾ ਤੇ, ਪ੍ਰਾਪਤ ਹੋਇ ਜੀਓ॥**

ਸ਼ਬਦ–ਅਰਥ:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ੁਰਮਾਉਂਦੇ ਹਨ ਕਿ ਜੋ ਜੀਵ (ਗੁਰੂ ਦੇ 'ਸ਼ਬਦ' ਰਾਹੀਂ) ਨਿਰੰਤਰ ਪ੍ਰਭੂ ਦੇ ਨਾਮ ਨਾਲ ਜੁੜਿਆ ਰਹਿੰਦਾ ਹੈ, ਉਹ ਗੁਰੂ ਦੀ ਕਿਰਪਾ ਨਾਲ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ॥

## ਸ਼ਲੋਕ (ਦੋਹੇ)

**ਹਰਿ ਸੋ ਹੀਰਾ ਛਾਡਿ ਕੈ, ਕਰਹਿ ਆਨ ਕੀ ਆਸ।**
**ਤੇ ਨਰ ਦੋਜਕ ਜਾਹਿਗੇ, ਸਤਿ ਭਾਖੈ ਰਵਿਦਾਸ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ ਨੂੰ ਛੱਡ ਕੇ ਦੂਸਰਿਆਂ ਦਾ ਆਸਰਾ ਲੈਣ ਵਾਲੇ ਜੀਵਾਂ ਨੂੰ ਸੁਚੇਤ ਕਰਦੇ ਹੋਏ ਫ਼ਰਮਾਂਦੇ ਹਨ ਕਿ ਮੈਂ ਸੱਚ ਕਹਿੰਦਾ ਹਾਂ ਕਿ ਪ੍ਰਭੂ-ਰੂਪੀ ਅਨਮੋਲ ਹੀਰੇ ਨੂੰ ਛੱਡ ਕੇ ਕਿਸੇ ਦੂਸਰੇ (ਨਿਗੁਣੇ ਪਦਾਰਥ) ਦੇ ਪਿੱਛੇ ਜਾਣ ਵਾਲਾ ਜੀਵ ਅਰਥਾਤ ਕਿਸੇ ਦੂਸਰੇ (ਦੇਵੀ-ਦੇਵਤੇ) ਦੀ ਭਗਤੀ ਦਾ ਆਸਰਾ ਲੈਣ ਵਾਲਾ ਜੀਵ ਅੰਤ ਨੂੰ ਨਰਕਾਂ 'ਚ ਹੀ ਜਾਂਦਾ ਹੈ॥

1. **ਰਵਿਦਾਸ ਹਮਾਰੋ ਰਾਮ ਜੀ, ਦਸਰਥ ਕਰਿ ਸੁਤ ਨਾਂਹਿ।**
**ਰਾਮ ਹੰਮਿ ਮਹਿ ਰਮਿ ਰਹਿਓ, ਬਿਸਬ ਕੁਟੰਬਹ ਮਾਂਹਿ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਸਪੱਸ਼ਟ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਮੈਂ ਅਯੁੱਧਿਆ ਦੇ ਰਾਜਾ ਦਸਰਥ ਦੇ ਪੁੱਤਰ ਰਾਮ ਦਾ ਪੁਜਾਰੀ ਨਹੀਂ ਹਾਂ। ਮੈਂ ਉਸ ਰਾਮ ਦਾ ਪੁਜਾਰੀ ਹਾਂ ਜੋ ਕੇਵਲ ਮੇਰੇ ਅੰਦਰ ਹੀ ਨਹੀਂ ਬਲਕਿ ਸਾਰੇ ਸੰਸਾਰ ਵਿੱਚ ਵੀ ਰਮਿਆ ਹੋਇਆ ਹੈ। ਸਾਰਾ ਸੰਸਾਰ ਉਸ ਦਾ ਪਰਿਵਾਰ ਹੈ ਤੇ ਉਹ ਪਰਿਵਾਰ ਦੇ ਹਰੇਕ ਜੀਵ ਅੰਦਰ ਸਮਾਇਆ ਹੋਇਆ ਹੈ॥

2 **ਰਵਿਦਾਸ ਹਮਾਰੋ ਰਾਮ ਤੌਂ, ਸਕਲ ਰਹਿਓ ਭਰਪੂਰਿ।**
**ਰੋਮ ਰੋਮ ਮਹਿੰ ਰਮਿ ਰਹਿਓ, ਰਾਮ ਮਸੂਕ ਨ ਦੂਰਿ॥**

(**ਸਕਲ**-ਸਾਰਾ, ਸਾਰੀ ਸ੍ਰਿਸ਼ਟੀ। **ਰਮਿ**-ਰਮਿਆ ਹੋਇਆ। **ਮਸੂਕ**-ਪ੍ਰੀਤਮ, ਪ੍ਰੇਮਿਕਾ।)

**ਅਰਥ**:- ਸਤਿਗੁਰੂ ਮਹਾਰਾਜ ਜੀ ਪ੍ਰਭੂ ਨੂੰ ਰਾਮ ਕਹਿ ਕੇ ਉਸ ਦੇ ਸਰਵ-ਵਿਆਪਕ ਸਰੂਪ ਬਾਰੇ ਫ਼ਰਮਾਂਦੇ ਹਨ ਕਿ ਮੇਰਾ ਪ੍ਰੀਤਮ-ਪ੍ਰਭੂ ਸਾਰੀ ਸ੍ਰਿਸ਼ਟੀ ਦੇ ਕਣ-ਕਣ 'ਚ ਭਰਪੂਰ ਵਿਆਪਕ ਹੈ ਤੇ ਉਹ ਮੇਰੀ ਨਸ-ਨਸ ਵਿੱਚ ਵੀ ਰਮਿਆ ਹੋਇਆ ਹੈ। ਉਹ ਮੇਰਾ ਪ੍ਰੀਤਮ-ਪ੍ਰਭੂ ਹੈ, ਮੇਰਾ ਪਤੀ-ਪਰਮੇਸ਼ਰ ਹੈ। ਉਹ ਪ੍ਰਭੂ ਮੇਰੇ ਕੋਲੋਂ ਕਦੇ ਵੀ ਦੂਰ ਨਹੀਂ ਹੁੰਦਾ, ਹਮੇਸ਼ਾ ਮੇਰੇ ਅੰਗ-ਸੰਗ ਰਹਿੰਦਾ ਹੈ॥

3. **ਸਰਬ ਵਿਆਪਕ ਰਾਮ ਹੈ, ਨਾਂਹ ਕੋਊ ਇਕ ਠਾਂਮ।**
**ਸਤਿਗੁਰੂ ਸਾਹਿਬ ਸਖਾ ਭਇਓ, ਰਵਿਦਾਸ ਹਮਾਰੋ ਰਾਮ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਪ੍ਰਭੂ ਦੇ ਰਹਿਣ ਦਾ ਕੋਈ ਇਕ ਖ਼ਾਸ ਥਾਂ-ਟਿਕਾਣਾ ਨਹੀਂ ਹੈ, ਉਹ ਤਾਂ ਹਰ ਥਾਂ ਉੱਤੇ ਬਿਰਾਜਮਾਨ ਹੈ, ਹਰ ਥਾਂ ਅਡੋਲ ਬੈਠਾ ਹੋਇਆ ਹੈ। ਸਤਿਗੁਰੂ ਦੀ ਕਿਰਪਾ ਨਾਲ ਉਸ ਸਰਵ-ਵਿਆਪਕ ਪ੍ਰਭੂ ਨਾਲ ਮੇਰਾ ਮਿਲਾਪ ਹੋ ਗਿਆ ਹੈ ਤੇ ਹੁਣ ਉਹ ਸਾਹਿਬ-ਪ੍ਰਭੂ ਮੇਰਾ ਸੱਚਾ ਮਿੱਤਰ ਬਣ ਗਿਆ ਹੈ॥

4. **ਸਰਬ ਨਿਵਾਸੀ ਰਾਮ ਜੂ, ਸਬ ਘਟ ਰਹਿਓ ਸਮਾਇ।**
**ਰਵਿਦਾਸ ਨਾਮ ਚਕਮਕ ਬਿਨਾ, ਹਕ ਨੂਰ ਅਦ੍ਰਿਸਟਾਇ॥**

(**ਚਕਮਕ**–ਇਕ ਪ੍ਰਕਾਰ ਦਾ ਪੱਥਰ ਜੋ ਲੋਹੇ ਆਦਿਕ ਨਾਲ ਘਿਸ ਕੇ ਅੱਗ ਦਿੰਦਾ ਹੈ। **ਹਕ**–ਸੱਚਾ, ਸਤਿ, ਪਰਮਾਤਮਾ। **ਅਦ੍ਰਿਸਟਾਇ**–ਦਿਖਾਈ ਨ ਦੇਣਾ।)

**ਅਰਥ**:– ਸਤਿਗੁਰੂ ਮਹਾਰਾਜ ਜੀ ਨਾਮ–ਸਿਮਰਨ ਦੀ ਮਹੱਤਤਾ ਦੱਸਦੇ ਹੋਏ ਉਪਦੇਸ਼ ਦਿੰਦੇ ਹਨ ਕਿ 'ਸਰਬ–ਨਿਵਾਸੀ' ਪਰਮਾਤਮਾ ਸੰਸਾਰ ਦੇ ਕਣ–ਕਣ ਵਿੱਚ ਵਿਆਪਕ ਹੈ ਤੇ ਘਟ–ਘਟ ਵਿੱਚ ਬਿਰਾਜਮਾਨ ਹੈ। ਜਦੋਂ ਤੱਕ ਜੀਵ ਨਾਮ–ਰੂਪੀ ਚਕਮਕ (ਪੱਥਰ) ਨੂੰ ਆਪਣੇ ਹਿਰਦੇ ਨਾਲ ਨਹੀਂ ਰਗੜਦਾ ਭਾਵ ਪ੍ਰਭੂ ਦਾ ਹਰ ਵੇਲੇ ਨਾਮ–ਸਿਮਰਨ ਨਹੀਂ ਕਰਦਾ ਉਦੋਂ ਤੱਕ ਉਸ ਨੂੰ ਆਪਣੇ ਅੰਦਰ ਸਮਾਇਆ ਹੋਇਆ ਸੱਚਾ ਨੂਰ ਦਿਖਾਈ ਨਹੀਂ ਦਿੰਦਾ ਭਾਵ ਸਤਿ–ਸਰੂਪ ਪ੍ਰਭੂ ਦੇ ਦਰਸ਼ਨ ਨਹੀਂ ਹੁੰਦੇ॥

**5. ਸਬ ਘਟ ਮੇਰਾ ਸਾਂਈਆਂ, ਜਲਵਾ ਰਹਿਓ ਦਿਖਾਇ।**
**ਰਵਿਦਾਸ ਨਗਰ ਮੰਹਿ ਰਮਿ ਰਹਿਓ, ਕਬਹੁ ਨ ਇਤ ਉਤ ਜਾਇ॥**

(**ਸਾਂਈਆਂ**–ਮਾਲਿਕ। **ਜਲਵਾ**–ਕੌਤਕ। **ਨਗਰ**–ਸਰੀਰ ਰੂਪੀ ਨਗਰ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਮੇਰਾ ਮਾਲਿਕ–ਪ੍ਰਭੂ ਹਰ ਘਟ 'ਚ ਵਸਦਾ ਹੋਇਆ ਆਪਣੇ ਕੌਤਕ ਦਿਖਾ ਰਿਹਾ ਹੈ। ਉਹ ਮੇਰੇ ਸਰੀਰ–ਰੂਪੀ ਨਗਰ ਵਿੱਚ ਵੀ ਰਮਿਆ ਹੋਇਆ ਹੈ ਤੇ ਮੈਨੂੰ ਇਕ ਪਲ ਲਈ ਵੀ ਛੱਡ ਕੇ ਕਦੇ ਇੱਧਰ–ਉੱਧਰ ਨਹੀਂ ਜਾਂਦਾ॥

**6. ਸਬ ਘਟ ਮਾਹਿ ਰਮਿ ਰਹਿਓ, ਰਵਿਦਾਸ ਹਮਾਰੋ ਰਾਮ।**
**ਸੋਈ ਬੁਝਇ ਰਾਮ ਕੂੰ, ਜੋ ਹੋਇ ਰਾਮ ਗੁਲਾਮ॥**

(**ਬੁਝਇ**–ਜਾਨਣਾ। **ਗੁਲਾਮ**–ਦਾਸ, ਸੇਵਕ।)

**ਅਰਥ**:– ਸਤਿਗੁਰੂ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਮੇਰਾ ਪ੍ਰਭੂ ਤਾਂ ਸਾਰੇ ਜੀਵਾਂ ਦੇ ਘਟਾਂ 'ਚ ਬਿਰਾਜਮਾਨ ਹੈ ਪਰ ਉਸ ਨੂੰ ਕੇਵਲ ਉਹੀ ਜੀਵ ਜਾਣ ਸਕਦਾ ਹੈ ਜੋ (ਮੋਹ–ਮਾਇਆ ਤੇ ਹਉਮੈ ਨੂੰ ਛੱਡ ਕੇ ਸੱਚੇ ਦਿਲੋਂ) ਉਸਦਾ ਸੇਵਕ ਬਣ ਜਾਵੇ ਤੇ (ਉਸ ਦੀ ਰਜ਼ਾ ਵਿੱਚ ਰਹਿ ਕੇ) ਦਾਸ–ਭਾਵਨਾ ਨਾਲ ਉਸ ਦੀ ਸੇਵਾ–ਭਗਤੀ ਕਰੇ॥

**7. ਘਟ ਘਟ ਵਿਆਪਕ ਰਾਮ ਹੈ, ਰਾਮਹਿੰ ਬੂਝੈ ਕੋਇ।**
**ਰਵਿਦਾਸ ਬੂਝੈ ਸੋਈ ਰਾਮ ਕੂੰ, ਜਉ ਰਾਮ ਸਨੇਹੀ ਹੋਇ॥**

(**ਵਿਆਪਕ**–ਮੌਜੂਦ ਹੋਣਾ। **ਬੂਝੈ**–ਪਹਿਚਾਨਣਾ, ਜਾਨਣਾ। **ਸਨੇਹੀ**–ਪ੍ਰੇਮੀ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਰਾਮ ਪ੍ਰਭੂ ਤਾਂ ਸਰਬ–ਵਿਆਪਕ ਹੈ। ਉਹ ਜੀਵ ਦੇ ਘਟ–ਘਟ ਤੇ ਸ੍ਰਿਸ਼ਟੀ ਦੇ ਕਣ–ਕਣ ਦਾ ਵਾਸੀ ਹੈ ਪਰ ਇਸ ਦੇ ਬਾਵਜੂਦ ਵੀ ਉਸ ਨੂੰ ਕੋਈ ਸਮਝ ਨਹੀਂ ਸਕਦਾ, ਕੋਈ ਬੁੱਝ ਨਹੀਂ ਸਕਦਾ। ਉਸ ਨੂੰ ਤਾਂ ਕੇਵਲ ਉਹੀ ਸਮਝ ਸਕਦਾ ਹੈ ਜੋ ਉਸ ਦਾ ਸਦਾ ਲਈ ਪ੍ਰੇਮੀ ਹੋ ਗਿਆ ਹੋਵੇ॥

**8.　ਰਵਿਦਾਸ ਹੌ ਖਾਲਿਕ ਦੇਖਿਆ, ਸਕਲ ਰਹਉ ਭਰਪੂਰ।**
**ਸਭ ਦਿਸਿ ਦੇਖਹੁੰ ਵਿਆਪਿਆ, ਖਾਲਿਕ ਕਾ ਹੀ ਨੂਰ॥**

(**ਖਾਲਿਕ**–ਪੈਦਾ ਕਰਨ ਵਾਲਾ, ਪਰਮਾਤਮਾ। **ਦਿਸਿ**–ਦਿਸਾ। **ਨੂਰ**–ਪ੍ਰਕਾਸ਼।)

**ਅਰਥ**:– ਸਤਿਗੁਰੂ ਰਵਿਦਾਸ ਮਹਾਰਾਜ ਜੀ ਪ੍ਰਭੂ ਦੀ ਸਰਵ–ਵਿਆਪਕਤਾ ਬਾਰੇ ਫ਼ਰਮਾਉਂਦੇ ਹਨ ਕਿ ਮੈਨੂੰ ਸ੍ਰਿਸ਼ਟੀ ਦੇ ਸਿਰਜਣਹਾਰ–ਪ੍ਰਭੂ ਦੇ ਦਰਸ਼ਨ ਹੋ ਗਏ ਹਨ, ਉਹ ਸਾਰੇ ਸੰਸਾਰ ਵਿੱਚ ਪੂਰੀ ਤਰ੍ਹਾਂ ਸਮਾਇਆ ਹੋਇਆ ਹੈ, ਸਭ ਥਾਂ ਪੂਰਨ ਤੌਰ 'ਤੇ ਰਮਿਆ ਹੋਇਆ ਹੈ। ਸਾਰੀਆਂ ਦਿਸ਼ਾਵਾਂ ਭਾਵ ਚਾਰੇ ਪਾਸੇ ਮੈਂ ਜਿੱਧਰ ਵੀ ਦੇਖਦਾ ਹਾਂ ਉੱਧਰ ਹੀ ਮੈਨੂੰ ਸਿਰਜਣਹਾਰ–ਪ੍ਰਭੂ ਦਾ ਨੂਰ ਫ਼ੈਲਿਆ ਹੋਇਆ ਨਜ਼ਰ ਆਉਂਦਾ ਹੈ॥

**9.　ਮੁਕੁਰ ਮਾਂਹ ਪਰਛਾਂਈ ਜਿਉਂ, ਪੁਹੁਪ ਮਧੇ ਜਿਉਂ ਬਾਸ।**
**ਤੈਸਉ ਹੀ ਸ੍ਰੀਹਰਿ ਬਸੈ, ਹਿਰਦੇ ਮਧੇ ਰਵਿਦਾਸ॥**

(**ਮੁਕੁਰ**–ਦਰਪਣ। **ਪਰਛਾਂਈ**–ਅਕਸ਼। **ਪੁਹੁਪ**–ਫੁੱਲ। **ਮਧੇ**–ਅੰਦਰ, ਵਿੱਚ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਅੰਤਰਮੁਖੀ ਭਗਤੀ ਦੀ ਪ੍ਰੇਰਨਾ ਦਿੰਦੇ ਹੋਏ ਫ਼ੁਰਮਾਂਦੇ ਹਨ ਕਿ ਜਿਸ ਤਰ੍ਹਾਂ ਦਰਪਣ ਵਿੱਚ ਅਕਸ਼ ਰਹਿੰਦਾ ਹੈ ਤੇ ਫੁੱਲਾਂ ਵਿੱਚ ਸੁਗੰਧ ਵਸੀ ਹੁੰਦੀ ਹੈ, ਉਸੇ ਤਰ੍ਹਾਂ ਪਰਮਾਤਮਾ ਵੀ ਸਭਨਾਂ ਜੀਵਾਂ ਦੇ ਹਿਰਦੇ 'ਚ ਵਸਿਆ ਹੋਇਆ ਹੈ। ਜੇਕਰ ਉਸ ਪਰਮਾਤਮਾ ਨੂੰ ਪਾਉਣਾ ਚਾਹੁੰਦੇ ਹੋ ਤਾਂ ਉਸ ਨੂੰ ਆਪਣੇ ਅੰਦਰੋਂ ਹੀ ਖੋਜੋ॥

**10.　ਰਵਿਦਾਸ ਪੀਵ ਇਕ ਸਕਲ ਘਟ, ਬਾਹਰ ਭੀਤਰ ਸੋਇ।**
**ਸਭ ਦਿਸਿ ਦੇਖਉ ਪੀਵ ਪੀਵ, ਦੂਸਰ ਨਾਂਹਿ ਕੋਇ॥**

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਮੇਰਾ ਪ੍ਰੀਤਮ–ਪ੍ਰਭੂ ਸਾਰੇ ਜੀਵਾਂ ਦੀਆਂ ਘਟਾਂ ਵਿੱਚ ਸਮਾਇਆ ਹੋਇਆ ਹੈ। ਉਹ ਜੀਵਾਂ ਦੇ ਅੰਦਰ ਤੇ ਬਾਹਰ ਹਰ ਥਾਂ ਵਿਆਪਕ ਹੈ। ਮੈਨੂੰ ਸਾਰੇ ਪਾਸੇ ਉਹੀ ਪ੍ਰੀਤਮ–ਪ੍ਰਭੂ ਨਜ਼ਰ ਆਉਂਦਾ ਹੈ ਤੇ ਉਸ ਤੋਂ ਇਲਾਵਾ ਦੂਸਰਾ ਕੋਈ ਹੋਰ ਨਜ਼ਰ ਨਹੀਂ ਆਉਂਦਾ॥

**11.　ਏਕੈ ਬ੍ਰਹਮ ਹੈ ਸਕਲ ਮੰਹਿ, ਅਰ ਸਕਲ ਬ੍ਰਹਮਹ ਮਾਂਹਿ।**
**ਰਵਿਦਾਸ ਬ੍ਰਹਮ ਸਬ ਭੇਸ ਮੰਹਿ, ਬ੍ਰਹਮ ਬਿਨਾ ਕਛੁ ਨਾਂਹਿ॥**

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਬ੍ਰਹਮ ਦੀ ਸਰਬ–ਵਿਆਪਕਤਾ ਬਾਰੇ ਫ਼ਰਮਾਂਦੇ ਹਨ ਕਿ ਸਾਰੀ ਸ੍ਰਿਸ਼ਟੀ ਵਿੱਚ ਇਕੋ ਹੀ ਪਾਰਬ੍ਰਹਮ ਪਰਮੇਸ਼ਰ ਵਿਆਪਕ ਹੋ ਰਿਹਾ ਹੈ ਤੇ ਸਾਰੀ ਸ੍ਰਿਸ਼ਟੀ ਉਸ ਪਾਰਬ੍ਰਹਮ ਪਰਮੇਸ਼ਰ ਵਿੱਚ ਸਮਾਈ ਹੋਈ ਹੈ। ਉਹ ਪਾਰਬ੍ਰਹਮ ਪਰਮੇਸ਼ਰ ਸ੍ਰਿਸ਼ਟੀ ਦੇ ਸਭਨਾਂ ਰੂਪਾਂ ਵਿੱਚ ਰਮ ਰਿਹਾ ਹੈ ਤੇ ਉਸ ਤੋਂ ਬਿਨਾਂ ਇਸ ਸ੍ਰਿਸ਼ਟੀ ਵਿੱਚ ਹੋਰ ਕੁਝ ਵੀ ਨਹੀਂ ਹੈ॥

12. **ਗਗਨ ਮੰਡਲ ਪਿਆ ਰੂਪ ਸੌਂ, ਕੋਟ ਭਾਨ ਉਜਿਆਰ।**
**ਰਵਿਦਾਸ ਮਗਨ ਮਨੂਆ ਭਇਆ, ਪਿਆ ਨਿਹਾਰ ਨਿਹਾਰ॥**

(**ਗਗਨ ਮੰਡਲ**– ਆਕਾਸ਼ ਮੰਡਲ। **ਪਿਆ**–ਪ੍ਰੀਤਮ। **ਕੋਟ**–ਕਰੋੜ। **ਭਾਨ**–ਸੂਰਜ। **ਉਜਿਆਰ**–ਪ੍ਰਕਾਸ਼। **ਮਗਨ**–ਮਸਤ, ਮੋਹਿਆ ਜਾਣਾ। **ਨਿਹਾਰ**–ਦੇਖਣਾ।)

**ਅਰਥ**:–ਸਤਿਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ ਦੇ ਪ੍ਰਕਾਸ਼ਮਈ–ਸਰੂਪ ਦੀ ਮਹਿਮਾ ਦਾ ਗੁਣਗਾਨ ਕਰਦੇ ਹੋਏ ਫ਼ਰਮਾਂਦੇ ਹਨ ਕਿ ਸਾਰਾ ਆਕਾਸ਼ ਮੰਡਲ ਭਾਵ ਸਾਰਾ ਬ੍ਰਹਿਮੰਡ ਮੇਰੇ ਪ੍ਰੀਤਮ–ਪ੍ਰਭੂ ਦੇ ਦਿਵਯਾ–ਸਰੂਪ ਦੇ ਪ੍ਰਕਾਸ਼ ਨਾਲ ਜਗਮਗਾ ਰਿਹਾ ਹੈ। ਉਸ ਦਾ ਇਹ ਤੇਜ ਕਰੋੜਾਂ ਸੂਰਜਾਂ ਦੇ ਪ੍ਰਕਾਸ਼ ਵਾਂਗ ਚਮਕ ਰਿਹਾ ਹੈ। ਪ੍ਰੀਤਮ–ਪ੍ਰਭੂ ਦੇ ਇਸ ਦਿਵਯਾ–ਸਰੂਪ ਨੂੰ ਦੇਖ ਕੇ ਮੇਰਾ ਮਨ ਮਦਮਸਤ ਹੋ ਗਿਆ ਹੈ॥

13. **ਰਵਿਦਾਸ ਪੀਆ ਬਿਨੁ ਜਗਤ ਮਹਿੰ, ਸੂਨੀ ਸੇਜ ਨ ਕੋਇ।**
**ਜਿਤ ਦੇਖੂੰ ਤਿਤ ਪੀਆ ਕਰ, ਪ੍ਰਗਟ ਮੋਜਰਾ ਹੋਇ॥**

(**ਪੀਆ**–ਪ੍ਰੀਤਮ। **ਸੂਨੀ**–ਖਾਲ਼ੀ। **ਸੇਜ**–ਸੌਣ ਦਾ ਬਿਸਤਰ ਭਾਵ ਥਾਂ। **ਪ੍ਰਗਟ**–ਪ੍ਰਤੱਖ ਹੋਣਾ। **ਮੋਜਰਾ**–ਬੈਠ ਕੇ ਗਾਉਣਾ ਜਾਂ ਸੰਗੀਤ ਸੁਣਨਾ, ਮੌਜੂਦ ਹੋਣ ਦਾ ਭਾਵ।)

**ਅਰਥ**:– ਸਤਿਗੁਰੂ ਰਵਿਦਾਸ ਮਹਾਰਾਜ ਜੀ ਪ੍ਰਭੂ ਦੇ ਜਗਤ–ਵਿਆਪਕ ਸਰੂਪ ਬਾਰੇ ਫ਼ਰਮਾਉਂਦੇ ਹਨ ਕਿ ਮੇਰੇ ਪ੍ਰੀਤਮ–ਪ੍ਰਭੂ ਤੋਂ ਬਿਨਾਂ ਦੁਨੀਆਂ ਵਿੱਚ ਕੋਈ ਵੀ ਥਾਂ ਖਾਲ਼ੀ ਨਹੀਂ ਹੈ। ਉਹ ਘਟ–ਘਟ ਤੇ ਕਣ–ਕਣ ਵਿੱਚ ਬਿਰਾਜਮਾਨ ਹੈ। ਮੈਂ ਜਿੱਧਰ ਵੀ ਦੇਖਦਾ ਹਾਂ ਉੱਧਰ ਹੀ ਮੈਨੂੰ ਉਸ ਪ੍ਰੀਤਮ–ਪ੍ਰਭੂ ਦਾ ਦੀਦਾਰ–ਰੂਪੀ ਮੁਜਰਾ ਪ੍ਰਤੱਖ ਨਜ਼ਰ ਆਉਂਦਾ ਹੈ (ਭਾਵ ਉਹ ਪ੍ਰੀਤਮ–ਪ੍ਰਭੂ ਕਾਇਨਾਤ ਦੇ ਰੂਪ ਵਿੱਚ ਹਰ ਥਾਂ ਪ੍ਰਗਟ ਹੈ।)॥

14. **ਸਭ ਨੂਰਨ ਕਰ ਨੂਰ ਜਉਂ, ਸਭ ਤੇਜਨ ਮੰਹ ਤੇਜ।**
**ਰਵਿਦਾਸ ਹਮਾਰੇ ਪੀਵ ਕਰਿ, ਸਭ ਸੌਂ ਅਦਭੁਤ ਸੇਜ॥**

(**ਨੂਰ**–ਪ੍ਰਕਾਸ਼, ਤੇਜ। **ਪੀਵ**–ਪ੍ਰੀਤਮ। **ਸੇਜ**-ਸੌਣ ਦਾ ਬਿਸਤਰਾ।)

**ਅਰਥ**:– ਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ–ਉਸਤਤਿ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਮੇਰਾ ਪ੍ਰੀਤਮ–ਪ੍ਰਭੂ ਨੂਰਾਂ ਦਾ ਨੂਰ ਤੇ ਜੋਤੀਆਂ ਦੀ ਜੋਤਿ ਹੈ। ਉਸ ਦਾ ਤੇਜ ਸਭ ਤੇਜਾਂ ਵਿੱਚੋਂ ਅੱਵਲ ਹੈ। ਉਹ ਸਰਵ–ਸ੍ਰੇਸ਼ਟ ਤੇਜੱਸਵੀ ਹੈ। ਉਸ ਪ੍ਰੀਤਮ–ਪ੍ਰਭੂ ਨੂੰ ਮਿਲਣ ਦੀ ਥਾਂ ਵੀ ਸਭ ਤੋਂ ਅਨੋਖੀ ਤੇ ਬਚਿੱਤਰ ਹੈ। ਭਾਵ ਜੀਵ ਆਪਣੇ ਹਿਰਦੇ–ਰੂਪੀ ਸੇਜ ’ਤੇ ਹੀ ਪ੍ਰਭੂ ਨਾਲ ਮਿਲਾਪ ਕਰ ਸਕਦਾ ਹੈ॥

15. **ਰਵਿਦਾਸ ਜਗਤ ਮਹਿ ਰਾਮ ਸਮ, ਕੋਉ ਨਾਂਹਿ ਉਦਾਰ।**
**ਗਨੀ ਗਰੀਬ ਨਿਵਾਜ ਪ੍ਰਭ, ਦੀਨਨ ਕੋ ਰਖਵਾਰ॥**

(**ਉਦਾਰ**–ਦਾਨੀ। **ਗਨੀ**–ਧਨੀ। **ਦੀਨਨ**–ਗ਼ਰੀਬ, ਕਮਜ਼ੋਰ, ਅਨਾਥ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ ਦੀ ਮਹਿਮਾ ਦਾ ਕਥਨ ਕਰਦੇ ਹੋਏ ਫ਼ਰਮਾਂਦੇ ਹਨ ਕਿ ਸੰਸਾਰ ਵਿੱਚ ਪਰਮਾਤਮਾ ਵਰਗਾ ਦੂਸਰਾ ਕੋਈ ਹੋਰ ਵੱਡਾ ਦਾਨੀ ਹੈ ਹੀ ਨਹੀਂ। ਉਹ ਪ੍ਰਭੂ ਸਭ ਤੋਂ ਵੱਡਾ ਧਨੀ, ਗ਼ਰੀਬਾਂ ਨੂੰ ਮਾਣ ਦੇਣ ਵਾਲਾ ਅਤੇ ਕਮਜ਼ੋਰਾਂ ਤੇ ਅਨਾਥਾਂ ਦੀ ਰੱਖਿਆ ਕਰਨ ਵਾਲਾ ਹੈ॥

16. **ਕਾਬੇ ਅਰੁ ਕੈਲਾਸ ਮੰਹਿ, ਜਿਹ ਕੂੰ ਢੂਢਣ ਜਾਂਹ।**
**ਰਵਿਦਾਸ ਪਿਆਰਾ ਰਾਮ ਤਉ, ਬੈਠ ਰਹਾ ਮਨ ਮਾਂਹ॥**

(**ਕਾਬੇ**–ਮੱਕੇ ਸ਼ਹਿਰ ਵਿੱਚ ਪ੍ਰਸਿੱਧ ਥਾਂ ਜਿੱਥੇ ਮੁਸਲਮਾਨ ਹੱਜ ਕਰਦੇ ਹਨ ਕਿਹਾ ਜਾਂਦਾ ਹੈ ਕਿ ਪੈਗੰਬਰ ਮੁਹੰਮਦ ਸਾਹਿਬ ਇੱਥੇ ਨਿਵਾਸ ਕਰਦੇ ਸਨ। **ਕੈਲਾਸ**–ਹਿਮਾਲਿਆ ਪਰਬਤ ਦੀ ਇਕ ਚੋਟੀ ਜਿੱਥੇ ਹਿੰਦੂ ਤੀਰਥ ਯਾਤਰਾ ਕਰਦੇ ਹਨ ਇਹ ਚੋਟੀ ਸ਼ਿਵ ਜੀ ਦਾ ਨਿਵਾਸ ਅਸਥਾਨ ਮੰਨਿਆ ਜਾਂਦਾ ਹੈ।)

**ਅਰਥ**:– ਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ ਪ੍ਰਾਪਤੀ ਲਈ ਅੰਤਰਮੁਖੀ ਭਗਤੀ ਦਾ ਉਪਦੇਸ਼ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਪ੍ਰਭੂ ਦੀ ਖੋਜ ਵਿੱਚ ਮੁਸਲਮਾਨ ਕਾਬੇ ਤੇ ਹਿੰਦੂ ਕੈਲਾਸ਼ ਪਰਬਤ 'ਤੇ ਜਾਂਦੇ ਹਨ। ਪਰ ਉਹ ਪ੍ਰੀਤਮ–ਪ੍ਰਭੂ ਤਾਂ ਜੀਵ ਦੇ ਆਪਣੇ ਅੰਦਰ ਹੀ ਬੈਠਾ ਹੋਇਆ ਹੈ ਇਸ ਲਈ ਉਸ ਨੂੰ ਨਾ ਕਾਬੇ ਤੇ ਨਾ ਹੀ ਕੈਲਾਸ਼ ਵਿੱਚ ਖੋਜਣਾ ਚਾਹੀਦਾ ਹੈ ਬਲਕਿ ਅੰਤਰ ਧਿਆਨ ਹੋ ਕੇ ਆਪਣੇ ਅੰਦਰ ਹੀ ਖੋਜਣਾ ਚਾਹੀਦਾ ਹੈ॥

17. **ਬਾਹਰ ਖੋਜਤ ਕਾ ਫਿਰਹਿ, ਘਟ ਭੀਤਰ ਹੀ ਖੋਜ।**
**ਰਵਿਦਾਸ ਉਨਮਨਿ ਸਾਧਿਕਰ, ਦੇਖਹੁ ਪਿਆ ਕੂੰ ਓਜ॥**

(**ਉਨਮਨਿ**–ਪੂਰਨ ਖਿੜਾਓ ਦੀ ਅਵਸਥਾ, ਉਹ ਮਨ ਜੋ ਪ੍ਰਭੂ ਨੂੰ ਮਿਲਣ ਲਈ ਬੇਤਾਬ ਰਹਿੰਦਾ ਹੈ। **ਸਾਧਿਕਰ**– ਸਾਧਨਾ ਕਰਕੇ, ਇਕਾਗਰ ਕਰਕੇ। **ਓਜ**–ਰੋਸ਼ਨੀ, ਤੇਜ, ਜੋਤਿ।)

**ਅਰਥ**:–ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਹੇ ਜੀਵ! ਤੂੰ ਪਰਮਾਤਮਾ ਨੂੰ ਬਾਹਰ ਕਿਉਂ ਖੋਜਦਾ ਫਿਰਦਾ ਹੈਂ, ਉਸ ਦੀ ਖੋਜ ਆਪਣੇ ਅੰਦਰੋਂ ਹੀ ਕਰ। ਜਦੋਂ ਤੂੰ ਸਾਧਨਾ ਰਾਹੀਂ ਅੰਤਰਮੁਖੀ ਹੋਇਆ ਆਪਣੇ ਧਿਆਨ ਨੂੰ ਪੂਰਨ ਖਿੜਾਓ ਦੀ ਅਵਸਥਾ ਭਾਵ ਆਤਮਿਕ ਅਡੋਲ ਅਵਸਥਾ ਵਿੱਚ ਇਕਾਗਰ ਕਰੇਗਾ ਤਾਂ ਤੈਨੂੰ ਪ੍ਰਭੂ–ਪ੍ਰੀਤਮ ਦੀ ਰੂਹਾਨੀ ਜੋਤਿ ਦੇ ਦਰਸ਼ਨ ਹੋਣਗੇ ਭਾਵ ਪਰਮਾਤਮਾ ਦੇ ਪ੍ਰਤੱਖ ਦਰਸ਼ਨ ਹੋਣਗੇ॥

18. **ਬਨ ਖੋਜਇ ਪਿਆ ਨ ਮਿਲਹਿਂ, ਬਨ ਮੇਂ ਪ੍ਰੀਤਮ ਨਾਂਹਿ।**
**ਰਵਿਦਾਸ ਪਿਆ ਹੈ ਬਸਿ ਰਹਿਓ, ਮਾਨਵ ਪ੍ਰੇਮਹਿ ਮਾਂਹਿ॥**

**ਅਰਥ**:–ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਜੰਗਲਾਂ ਵਿੱਚ ਖੋਜਣ ਨਾਲ ਪ੍ਰੀਤਮ–ਪ੍ਰਭੂ ਨਹੀਂ ਮਿਲਣਾ ਕਿਉਂਕਿ ਉਹ ਜੰਗਲਾਂ ਵਿੱਚ ਰਹਿੰਦਾ ਹੀ ਨਹੀਂ। ਉਹ ਤਾਂ ਹਰ ਜੀਵ ਦੇ ਅੰਦਰ ਬਿਰਾਜਮਾਨ ਹੈ। ਇਸ ਲਈ ਉਸ ਪ੍ਰੀਤਮ–ਪ੍ਰਭੂ ਨੂੰ ਪਾਉਣ ਲਈ ਮਨੁੱਖ ਨਾਲ ਪ੍ਰੇਮ ਕਰਨਾ ਚਾਹੀਦਾ ਹੈ। ਨਰ ਹੀ ਨਾਰਾਇਣ ਹੈ॥

19. **ਬਨ ਖੋਜਨ ਕਾ ਜਾਇ ਰੇ, ਰਾਮ ਤਉ ਅਲੋਪਾ ਨਾਂਹਿ।**
**ਸਰਵ ਬਿਆਪੀ ਰਾਮ ਤੋ, ਰਵਿਦਾਸ ਸਭਨ ਕੈ ਮਾਂਹਿ॥**

(**ਅਲੋਪਾ**–ਅਦ੍ਰਿਸ਼ਯ, ਗੁਪਤ।)

**ਅਰਥ**:– ਗੁਰੂ ਰਵਿਦਾਸ ਜੀ ਮਹਾਰਾਜ ਬਾਹਰਮੁਖੀ ਅਰਾਧਨਾ ਦਾ ਖੰਡਨ ਕਰਦੇ

ਹੋਏ ਉਪਦੇਸ਼ ਦਿੰਦੇ ਹਨ ਕਿ ਹੇ ਜੀਵ! ਤੂੰ ਪ੍ਰਭੂ ਦੀ ਖੋਜ ਲਈ ਜੰਗਲਾਂ ਵਿੱਚ ਕਿਉਂ ਜਾਂਦਾ ਹੈਂ? ਪ੍ਰਭੂ ਕੋਈ ਜੰਗਲਾਂ ਵਿੱਚ ਤਾਂ ਛੁਪਿਆ ਹੋਇਆ ਹੈ ਨਹੀਂ। ਉਹ ਤਾਂ ਹਰ ਥਾਂ 'ਤੇ ਮੌਜੂਦ ਹੈ ਤੇ ਹਰ ਜੀਵ ਅੰਦਰ ਬਿਰਾਜਮਾਨ ਹੈ। ਇਸ ਲਈ ਅੰਤਰਮੁਖੀ ਭਗਤੀ ਰਾਹੀਂ ਉਸ ਨੂੰ ਆਪਣੇ ਅੰਦਰੋਂ ਹੀ ਖੋਜ॥

**20. ਰਾਘੋ ਕ੍ਰਿਸਨ ਕਰੀਮ ਹਰਿ, ਰਾਮ ਰਹੀਮ ਖੁਦਾਏ।**
**ਰਵਿਦਾਸ ਮੋਰੇ ਮਨ ਬਸਹਿੰ, ਕਾਹੁੰ ਖੋਜਹੁ ਬਨ ਜਾਏ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਰਾਘਵ, ਕ੍ਰਿਸ਼ਨ, ਕਰੀਮ, ਰਾਮ, ਰਹੀਮ ਆਦਿਕ ਉਸ 'ਇਕ' ਪਰਮਾਤਮਾ ਦੇ ਹੀ ਵਿਭਿੰਨ-ਵਿਭਿੰਨ ਨਾਮ ਹਨ। ਉਹ ਪਰਮਾਤਮਾ ਤਾਂ ਮੇਰੇ ਹਿਰਦੇ-ਘਰ ਵਿੱਚ ਵਸਦਾ ਹੈ ਫਿਰ ਉਸ ਨੂੰ ਲੱਭਣ ਲਈ ਮੈਂ ਜੰਗਲਾਂ ਵਿੱਚ ਕਿਉਂ ਜਾਵਾਂ?॥

**21. ਉਂਕਾਰ ਹੈ ਸਤਿਨਾਮ, ਆਦਿ ਜੁਗਾਦਿ ਸਭ ਸਤਿ।**
**ਰਵਿਦਾਸ ਸਤਿ ਕਹਿ ਸਾਮੁੰਹੇ, ਟਿਕਵੈ ਨਾਂਹਿ ਅਸਤਿ॥**

(**ਉਂਕਾਰ**-ਉਅੰ+ਕਾਰ, ਇਕ-ਰਸ ਵਿਆਪਕ ਪ੍ਰਭੂ। **ਸਤਿਨਾਮ**-'ਸਤਯ' ਹੈ ਜਿਸ ਦਾ ਨਾਮ, ਭਾਵ ਜਿਸ ਦਾ ਆਪਣਾ ਵਜੂਦ ਹੈ ਤੇ ਜੋ ਹਮੇਸ਼ਾ ਸਥਿਰ ਰਹਿੰਦਾ ਹੈ, ਸਦਾ-ਥਿਰ ਰਹਿਣ ਵਾਲਾ ਪ੍ਰਭੂ। **ਆਦਿ**-ਜਿਸ ਦਾ ਕੋਈ ਮੁੱਢ ਨਹੀਂ। **ਜੁਗਾਦਿ**-ਯੁੱਗ ਦੇ ਆਦਿ, ਯੁੱਗ ਤੋਂ ਪਹਿਲਾਂ। **ਸਾਮੁੰਹੇ**-ਸਾਹਮਣੇ। **ਅਸਤਿ**-ਮਾਇਆ, ਝੂਠ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਤਿੰਨ ਕਾਲਾਂ ਵਿੱਚ ਇਕ-ਰਸ ਵਿਆਪਕ ਰਹਿਣ ਵਾਲਾ ਅਤੇ ਜਿਸ ਦਾ ਕੋਈ ਮੁੱਢ ਨਹੀਂ ਤੇ ਜੋ ਯੁੱਗਾਂ ਤੋਂ ਵੀ ਪਹਿਲਾਂ ਦਾ ਮੌਜੂਦ ਹੈ ਉਹੀ ਸਤਿਨਾਮ ਹੈ, ਸਦਾ-ਥਿਰ ਰਹਿਣ ਵਾਲਾ ਪਰਮੇਸ਼ਰ ਹੈ। ਉਸ ਸਤਿ-ਸਰੂਪ ਪਰਮੇਸ਼ਰ ਦੇ ਸਾਹਮਣੇ ਕੋਈ ਵੀ ਅਸਤਿ ਟਿੱਕ ਨਹੀਂ ਸਕਦਾ ਭਾਵ ਮਾਇਆ ਜੋ ਝੂਠ ਹੈ ਤੇ ਸ੍ਰਿਸ਼ਟੀ ਦਾ ਪਾਸਾਰ ਹੈ, ਉਹ ਪਰਮੇਸ਼ਰ ਦੇ ਸਾਹਮਣੇ ਟਿੱਕ ਨਹੀਂ ਸਕਦੀ॥

**22. ਜੌ ਲੌਂ ਘਟ ਮਹਿੰ ਪਰਾਨ ਹੈਂ, ਤੌ ਲੌਂ ਜਪਓ ਸਤਿਨਾਮ।**
**ਰਵਿਦਾਸ ਪਰਮਪਦ ਪਾਇਹਿੰ, ਜਿਨ੍ਹ ਘਟਿ ਬਸਿਓ ਰਾਮ॥**

(**ਪਰਾਨ**-ਸਵਾਸ। **ਪਰਮ ਪਦ**-ਸ੍ਰੇਸ਼ਟ ਪਦਵੀ, ਉੱਚੀ ਆਤਮਿਕ ਅਵਸਥਾ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਨਾਮ-ਸਿਮਰਨ ਕਰਨ ਦਾ ਉਪਦੇਸ਼ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਜਦੋਂ ਤੱਕ ਸਰੀਰ ਵਿੱਚ ਸਵਾਸ ਹਨ ਉਦੋਂ ਤੱਕ ਜੀਵ ਨੂੰ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੇ ਨਾਮ ਦਾ ਜਾਪ ਕਰਦੇ ਰਹਿਣਾ ਚਾਹੀਦਾ ਹੈ। ਜਿਨ੍ਹਾਂ ਦੇ ਹਿਰਦੇ 'ਚ ਜਾਪ ਦੇ ਰਾਹੀਂ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦਾ ਵਾਸ ਹੋ ਜਾਂਦਾ ਹੈ ਕੇਵਲ ਉਹੀ ਜੀਵ ਸਭਨਾਂ ਤੋਂ ਉੱਚੀ ਆਤਮਿਕ ਅਵਸਥਾ ਨੂੰ ਪ੍ਰਾਪਤ ਕਰਦੇ ਹਨ॥

23. **ਸਤਿ ਈਸ ਕਹੁੰ ਰੂਪ ਹੈ, ਸਤਿ ਸਕਤਿ ਅਤਿ ਅਪਾਰ।**
**ਰਵਿਦਾਸ ਸਤਿ ਕੂੰ ਧਾਰਣਾ, ਦੇਇਹੰ ਪਾਪ ਨਿਵਾਰ॥**

(**ਈਸ**-ਪਰਮਾਤਮਾ, ਈਸ਼ਵਰ। **ਅਤਿ**-ਬਹੁਤ। **ਅਪਾਰ**-ਅਨੰਤ, ਬੇਅੰਤ। **ਧਾਰਣਾ**-ਅਪਨਾਉਣਾ। **ਨਿਵਾਰ**-ਦੂਰ ਕਰਨਾ, ਨਾਸ਼ ਕਰਨਾ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ 'ਨਾਮ-ਸ਼ਬਦ' ਦੀ ਮਹਿਮਾ ਦੱਸਦੇ ਹੋਏ ਫ਼ਰਮਾਉਂਦੇ ਹਨ ਕਿ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦਾ 'ਨਾਮ-ਸ਼ਬਦ' ਹੀ ਈਸ਼ਵਰ ਦਾ ਨਿੱਜਰੂਪ ਹੈ ਤੇ ਇਹ 'ਨਾਮ-ਸ਼ਬਦ' ਬੇਅੰਤ ਸ਼ਕਤੀ ਨਾਲ ਭਰਪੂਰ ਹੈ। ਜੋ ਵੀ ਜੀਵ ਸਦਾ-ਥਿਰ ਰਹਿਣ ਵਾਲੇ ਪ੍ਰਭੂ ਜੀ ਦੇ 'ਨਾਮ-ਸ਼ਬਦ' ਨੂੰ ਅਪ-ਨਾਉਂਦਾ ਹੈ ਭਾਵ ਪ੍ਰਭੂ ਦੇ ਨਾਮ ਨੂੰ ਹਰ ਵੇਲੇ ਸਿਮਰਦਾ ਰਹਿੰਦਾ ਹੈ ਉਸ ਦੇ ਸਾਰੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ॥

24. **ਸਤਿ ਸਕਤਿ ਸੋਂ ਹੋਤ ਹੈ, ਸਭ ਪਾਪਨ ਕਰ ਨਾਸ।**
**ਬਧਿਰਾ ਸਤਿ ਸੋਂ ਬੋਧ ਲੋਇ, ਸਤ ਭਾਖੈ ਰਵਿਦਾਸ॥**

(**ਸਤਿ**-ਸਦਾ ਥਿਰ ਰਹਿਣ ਵਾਲਾ ਪ੍ਰਭੂ। **ਸਕਤਿ**-ਸ਼ਕਤੀ। **ਪਾਪਨ**-ਪਾਪਾਂ। **ਬਧਿਰਾ**-ਬਹਿਰਾ। **ਬੋਧ**-ਗਿਆਨ, ਪਹਿਚਾਣ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਭਾਈ! ਮੈਂ ਸੱਚ ਕਹਿੰਦਾ ਹਾਂ ਕਿ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੇ 'ਨਾਮ-ਸ਼ਬਦ' ਦੀ ਸ਼ਕਤੀ ਨਾਲ ਸਾਰੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਕੰਨਾਂ ਤੋਂ ਬਹਿਰਾ ਜੀਵ ਵੀ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੇ 'ਨਾਮ-ਸ਼ਬਦ' ਦੀ ਪਹਿਚਾਣ ਕਰਕੇ (ਅਨਹਦ ਨਾਦ) ਸੁਣਨ ਲੱਗ ਪੈਂਦਾ ਹੈ। (ਸੋ ਪਰਮ ਆਨੰਦ ਦੀ ਪ੍ਰਾਪਤੀ ਲਈ ਜੀਵ ਨੂੰ ਪ੍ਰਭੂ ਦੇ 'ਨਾਮ-ਸ਼ਬਦ' ਦਾ ਹੀ ਆਸਰਾ ਲੈਣਾ ਚਾਹੀਦਾ ਹੈ।)॥

25. **ਰਵਿਦਾਸ ਸਤਿ ਇਕ ਨਾਮ ਹੈ, ਆਦਿ ਅੰਤ ਸਚੁ ਨਾਮ।**
**ਹਨਨ ਕਰੇਈ ਸਭ ਪਾਪ ਤਾਪ, ਸਭ ਸੁਖਨ ਕਰਿ ਖਾਨ॥**

(**ਸਤਿ**-ਸੱਚ, ਸਤਿਨਾਮ। **ਸਚੁ**-ਸਦਾ-ਥਿਰ ਰਹਿਣ ਵਾਲਾ ਪ੍ਰਭੂ। **ਹਨਨ**-ਨਾਸ਼ ਕਰਨਾ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ-ਸਿਮਰਨ ਦੀ ਮਹਿਮਾ ਦੱਸਦੇ ਹੋਏ ਫ਼ਰਮਾਉਂਦੇ ਹਨ ਕਿ 'ਸਤਿਨਾਮ' ਪਰਮਾਤਮਾ ਦਾ ਸੱਚਾ ਨਾਮ ਹੈ ਤੇ ਜਗਤ ਦੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਭਾਵ ਤਿੰਨਾਂ ਕਾਲਾਂ ਵਿੱਚ ਸਦਾ ਕਾਇਮ ਰਹਿਣ ਵਾਲਾ ਹੈ। ਸਤਿਨਾਮ ਦੇ ਸਿਮਰਨ ਨਾਲ ਜੀਵ ਦੇ ਸਾਰੇ ਪਾਪਾਂ ਤੇ ਕਸ਼ਟਾਂ ਦਾ ਨਾਸ਼ ਹੋ ਜਾਂਦਾ ਹੈ। ਸਤਿਨਾਮ ਦਾ ਸਿਮਰਨ ਹੀ ਸਾਰੇ ਆਤਮਿਕ ਸੁੱਖਾਂ ਦਾ ਖ਼ਜ਼ਾਨਾ ਹੈ॥

26. **ਜਿਨ੍ਹ ਨਰ ਸਤਿ ਤਿਆਗਿਆ, ਤਿਨ੍ਹ ਜੀਵਨ ਮਿਰਤ ਸਮਾਨ।**
**ਰਵਿਦਾਸ ਸੋਈ ਜੀਵਨ ਭਲਾ, ਜਹੰ ਸਭ ਸਤਿ ਪਰਧਾਨ॥**

(**ਸਤਿ**-ਸੱਚ। **ਭਲਾ**-ਨੇਕ, ਸ੍ਰੇਸ਼ਟ। **ਪਰਧਾਨ**-ਪ੍ਰਮੁੱਖ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਉਪਦੇਸ਼ ਦਿੰਦੇ ਹਨ

ਕਿ ਜਿਸ ਜੀਵ ਨੇ ਸੱਚ ਨੂੰ ਮਨੋਂ ਵਿਸਾਰ ਦਿੱਤਾ ਹੈ ਉਹ ਜਿਊਂਦੇ-ਜੀਅ ਹੀ ਮਰੇ ਹੋਏ ਦੇ ਸਮਾਨ ਹੈ। ਪਰ ਇਸ ਤੋਂ ਉਲਟ ਉਸ ਜੀਵ ਦਾ ਜਨਮ ਧੰਨਤਾ-ਯੋਗ ਤੇ ਨੇਕ ਹੈ ਜੋ ਹਰੇਕ ਕਰਮ ਕਰਦਿਆਂ ਸੱਚ ਨੂੰ ਹੀ ਹਮੇਸ਼ਾ ਪ੍ਰਮੁੱਖ ਰੱਖਦਾ ਹੈ॥

**27. ਰਵਿਦਾਸ ਸਤਿ ਮਤਿ ਤਿਆਗੀਏ, ਜੌ ਲੌ ਘਟ ਮਹਿੰ ਪ੍ਰਾਨ।**
**ਸਤਿ ਭ੍ਰਿਸਟ ਕਰਿ ਜਗਤ ਮਹਿੰ, ਸਦਾ ਹੋਤ ਅਪਮਾਨ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਸੱਚ ਨੂੰ ਅਪਨਾਉਣ ਦਾ ਉਪਦੇਸ਼ ਦਿੰਦੇ ਹੋਏ ਫ਼ਰਮਾਂਦੇ ਹਨ ਕਿ ਜਦੋਂ ਤੱਕ ਸਰੀਰ 'ਚ ਪ੍ਰਾਣ ਹਨ ਉਦੋਂ ਤੱਕ ਜੀਵ ਨੂੰ ਸੱਚ ਨਹੀਂ ਤਿਆਗਣਾ ਚਾਹੀਦਾ। ਸੱਚ ਨੂੰ ਛੱਡਣ ਵਾਲੇ ਜੀਵ ਦਾ ਸੰਸਾਰ ਵਿੱਚ ਸਦਾ ਅਪਮਾਨ ਹੁੰਦਾ ਹੈ ਤੇ ਉਹ ਸਦਾ ਲਈ ਘ੍ਰਿਣਿਤ ਜੀਵਨ ਜਿਊਂਦਾ ਹੈ॥

**28. ਕਾਇਮ ਦਾਇਮ ਰਾਮ ਇਕ, ਦੋਇਮ ਸਤਿ ਇਮਾਨ।**
**ਰਵਿਦਾਸ ਰਾਮ ਅਰੁ ਸਤਿ ਬਿਨ, ਬਿਰਥਾ ਸਭ ਕਛੁ ਜਾਨ॥**

(**ਕਾਇਮ ਦਾਇਮ**-ਸਦਾ ਕਾਇਮ ਰਹਿਣ ਵਾਲਾ। **ਦੋਇਮ**-ਦੂਸਰਾ। **ਸਤਿ**-ਸੱਚ। **ਇਮਾਨ**-ਧਰਮ, ਉਹ ਪਵਿੱਤਰ ਨਿਯਮ ਜਿਸ ਦੇ ਆਧਾਰ ਤੇ ਵਿਸ਼ਵ ਖੜ੍ਹਾ ਹੈ।)

**ਅਰਥ**:- ਸਤਿਗੁਰੂ ਮਹਾਰਾਜ ਜੀ ਪ੍ਰਭੂ ਅਤੇ ਸੱਚ ਈਮਾਨ ਬਾਰੇ ਫ਼ਰਮਾਉਂਦੇ ਹਨ ਕਿ ਇਸ ਸ੍ਰਿਸ਼ਟੀ ਵਿੱਚ ਜੋ ਸਦਾ ਕਾਇਮ ਰਹਿਣ ਵਾਲਾ ਹੈ, ਉਸ ਵਿੱਚ ਸਭ ਤੋਂ ਪਹਿਲਾ ਸਥਾਨ ਪਰਮਾਤਮਾ ਦਾ ਹੈ ਤੇ ਦੂਸਰਾ ਸਥਾਨ ਸੱਚ-ਧਰਮ ਦਾ ਹੈ। ਸੰਸਾਰ ਵਿੱਚ ਪਰਮਾਤਮਾ ਤੇ ਸੱਚ-ਧਰਮ ਤੋਂ ਇਲਾਵਾ ਜੋ ਕੁਝ ਵੀ ਬਾਕੀ ਹੈ ਉਸ ਨੂੰ ਝੂਠ ਤੇ ਨਿਰਾਰਥਕ ਹੀ ਸਮਝਣਾ ਚਾਹੀਦਾ ਹੈ॥

**29. ਰਵਿਦਾਸ ਸਤਿ ਕਰਿ ਆਸਰੇ, ਸਦਾ ਸਤਿ ਸੁਖ ਪਾਇ।**
**ਸਤਿ ਇਮਾਨ ਨਹਿੰ ਛਾੜਿਏ, ਜਗ ਜਾਇ ਤਉ ਜਾਇ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਕਰਦੇ ਹਨ ਕਿ ਜਿਹੜੇ ਜੀਵ 'ਸਤਿਨਾਮ-ਪ੍ਰਭੂ' 'ਤੇ ਭਰੋਸਾ ਕਰਕੇ ਉਸ ਦਾ ਆਸਰਾ ਲੈਂਦੇ ਹਨ ਉਹ ਹਮੇਸ਼ਾ ਸਦਾ-ਥਿਰ ਰਹਿਣ ਵਾਲਾ ਆਤਮਿਕ ਆਨੰਦ ਪਾਉਂਦੇ ਹਨ। ਇਸ ਲਈ 'ਸਤਿਨਾਮ-ਪ੍ਰਭੂ' ਵਿੱਚ ਆਪਣੇ ਭਰੋਸੇ ਨੂੰ ਕਦੇ ਵੀ ਛੱਡਣਾ ਨਹੀਂ ਚਾਹੀਦਾ ਭਾਵੇਂ ਇਸ ਦੇ ਬਦਲੇ ਸੰਸਾਰ ਛੱਡਣਾ ਪਵੇ ਤਾਂ ਕੋਈ ਝਿੱਜਕ ਵੀ ਨਹੀਂ ਕਰਨੀ ਚਾਹੀਦੀ॥

**30. ਰਵਿਦਾਸ ਸਤਿ ਮਤਿ ਛਾਡਿਏ, ਜੋ ਲੌਂ ਘਟ ਮੰਹਿ ਪ੍ਰਾਨ।**
**ਦੂਸਰ ਕੋਉ ਧਰਮ ਨਾਂਹਿ, ਜਗ ਮੇਂ ਸਤਿ ਸਮਾਨ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਆਪਣੇ ਆਚਰਨ ਵਿੱਚ ਸੱਚ ਨੂੰ ਅਪਨਾਉਣ ਦੀ ਸਿੱਖਿਆ ਦਿੰਦੇ ਹੋਏ ਫ਼ਰਮਾਂਦੇ ਹਨ ਕਿ ਜਦੋਂ ਤੱਕ ਸਰੀਰ ਵਿੱਚ ਜਾਨ ਹੈ ਉਦੋਂ ਤੱਕ ਸੱਚ ਦਾ ਤਿਆਗ ਨਹੀਂ ਕਰਨਾ

ਚਾਹੀਦਾ ਬਲਕਿ ਉਸ 'ਤੇ ਟਿਕੇ ਰਹਿਣਾ ਚਾਹੀਦਾ ਹੈ। ਸੰਸਾਰ ਵਿੱਚ ਸੱਚ ਦੇ ਸਮਾਨ ਹੋਰ ਕੋਈ ਦੂਸਰਾ ਧਰਮ ਹੈ ਹੀ ਨਹੀਂ ਜਿਸ 'ਤੇ ਟਿਕਿਆ ਜਾ ਸਕੇ॥

**31. ਅੰਤਹਕਰਨ ਅਨਭਉ ਕਰਹਿ, ਤਉ ਮਾਨਹੁ ਸਭ ਸਤਿ।**
**ਰਵਿਦਾਸ ਨਿਜ ਅਨੁਭਉ ਮੰਹਿ, ਸਤ ਮੰਹਿ ਜਾਨਿਹਿੰ ਸਤਿ॥**

(**ਅੰਤਹਕਰਨ**–ਹਿਰਦਾ, ਮਨ। **ਅਨਭਉ**–ਅਨੁਭਵ। **ਨਿਜ**–ਆਪਣਾ। **ਸਤਿ**–ਸੱਚ। **ਸਤ**–ਸਦਾ ਥਿਰ ਰਹਿਣ ਵਾਲਾ ਪ੍ਰਭੂ।)

**ਅਰਥ**:– ਸਤਿਗੁਰੂ ਮਹਾਰਾਜ ਜੀ ਜੀਵਾਂ ਨੂੰ ਸਿੱਖਿਆ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਜਦੋਂ ਜੀਵ ਆਪਣੇ ਮਨ ਅੰਦਰ ਪਰਮਾਤਮਾ ਦਾ ਅਨੁਭਵ ਕਰਦਾ ਹੈ ਤਦੋਂ ਹੀ ਉਸ ਨੂੰ ਪਰਮਾਤਮਾ ਦੇ ਹੋਣ ਦਾ ਸੱਚ ਮੰਨਣਾ ਚਾਹੀਦਾ ਹੈ। ਮਨ ਵਿੱਚ ਹੋਣ ਵਾਲੇ ਆਪਣੇ ਅਨੁਭਵ ਰਾਹੀਂ ਹੀ ਸਦਾ–ਥਿਰ ਰਹਿਣ ਵਾਲੇ ਪਰਮਾਤਮਾ ਦੇ ਸੱਚ ਨੂੰ ਜਾਣਿਆ ਜਾ ਸਕਦਾ ਹੈ॥

**32. ਜਹੰ ਅੰਧ ਬਿਸਵਾਸ ਹੈ, ਸਤਿ ਪਰਖ ਤਹੰ ਨਾਂਹਿ।**
**ਰਵਿਦਾਸ ਸਤਿ ਸੋਈ ਜਾਨਿਹੈ, ਜੌ ਅਨਭਉ ਹੋਇ ਮਨ ਮਾਂਹਿ॥**

(**ਅੰਧ ਬਿਸਵਾਸ**–ਬਿਨਾਂ ਸੋਚੇ ਵਿਚਾਰੇ ਕਿਸੇ ਗੱਲ ਉੱਪਰ ਭਰੋਸਾ ਕਰਨਾ। **ਸਤਿ**–ਸੱਚ। **ਪਰਖ**–ਪਹਿਚਾਣ। **ਅਨਭਉ**–ਅਨੁਭਵ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਸਿੱਖਿਆ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਜਿੱਥੇ ਜੀਵ ਬਿਨਾਂ ਸੋਚੇ–ਵਿਚਾਰੇ ਨਿਸ਼ਚਾ ਕਰਦਾ ਹੈ ਉੱਥੇ ਕਦੇ ਵੀ ਸੱਚ ਦੀ ਪਹਿਚਾਣ ਨਹੀਂ ਹੋ ਸਕਦੀ। ਅੰਧ–ਵਿਸ਼ਵਾਸੀ ਜੀਵ ਸੱਚ ਦੀ ਪਰਖ ਨਹੀਂ ਕਰ ਸਕਦਾ। ਸੱਚ ਦੀ ਪਰਖ ਤਾਂ ਕੇਵਲ ਆਪਣੇ ਮਨ ਦੇ ਅਨੁਭਵ ਦੁਆਰਾ ਹੀ ਹੋ ਸਕਦੀ ਹੈ ਅਰਥਾਤ ਉਸ ਨੂੰ ਹੀ ਸੱਚ ਮੰਨਣਾ ਚਾਹੀਦਾ ਹੈ ਜੋ ਮਨ ਵਿੱਚ ਆਪਣਾ ਅਹਿਸਾਸ ਕਰਵਾ ਦੇਵੇ॥

**33. ਜੋ ਨਰ ਸਤਿ ਨ ਭਾਖਹਿੰ, ਅਰੁ ਕਰਹਿੰ ਵਿਸਵਾਸਘਾਤ।**
**ਤਿਨਹੂੰ ਸੋ ਕਬਹੂੰ ਭੁਲਿਹਿੰ, ਰਵਿਦਾਸ ਨ ਕੀਜਹਿੰ ਬਾਤ॥**

(**ਭਾਖਹਿੰ**–ਬੋਲਣਾ। **ਵਿਸਵਾਸਘਾਤ**–ਧੋਖਾ ਦੇਣਾ, ਦਗ਼ੇਬਾਜ਼।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਵਿਸ਼ਵਾਸਘਾਤੀ ਜੀਵ ਦੀ ਸੰਗਤ ਤੋਂ ਦੂਰ ਰਹਿਣ ਦਾ ਉਪਦੇਸ਼ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਜਿਹੜੇ ਜੀਵ ਕਦੇ ਵੀ ਸੱਚ ਨਹੀਂ ਬੋਲਦੇ ਤੇ ਦੂਸਰਿਆਂ ਨੂੰ ਧੋਖਾ ਦਿੰਦੇ ਹਨ, ਉਨ੍ਹਾਂ ਨਾਲ ਕਦੇ ਭੁੱਲ ਕੇ ਵੀ ਗੱਲਬਾਤ ਨਹੀਂ ਕਰਨੀ ਚਾਹੀਦੀ॥

**34. ਜਉ ਨਾਹੀਂ ਥਾ ਸਰਿਸਟਿ ਮੰਹਿ, ਸੋਉ ਹੋਇਹਿ ਨਾਂਹ।**
**ਰਵਿਦਾਸ ਇਸਟ ਸਰਵੱਤ ਹੈ, ਰਹਇ ਸਰਿਸਟਿਹਿੰ ਮਾਂਹ॥**

(**ਇਸਟ**–ਪੂਜਯ ਦੇਵ ਭਾਵ ਪਰਮਾਤਮਾ। **ਸਰਵੱਤ**–ਸਾਰੇ ਕਾਲਾਂ ਤੇ ਸਭ ਥਾਂ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਅਟੱਲ ਸੱਚਾਈ ਦਾ ਬਿਆਨ ਕਰਦੇ ਹੋਏ ਉਪਦੇਸ਼ ਦਿੰਦੇ ਹਨ ਕਿ ਜੋ ਸ੍ਰਿਸ਼ਟੀ ਦੇ ਆਰੰਭ ਵਿੱਚ ਨਹੀਂ ਸੀ ਉਹ

ਹੁਣ ਵੀ ਨਹੀਂ ਹੈ। ਪਰ ਪੂਜਯ ਦੇਵ ਭਾਵ ਪਰਮਾਤਮਾ ਸਭ ਥਾਂ ਸੀ ਤੇ ਹੁਣ ਵੀ ਹੈ ਅਤੇ ਸ੍ਰਿਸ਼ਟੀ ਵਿੱਚ ਅਨੰਤ ਕਾਲ ਤੱਕ ਵੀ ਰਹੇਗਾ॥

**35. ਰਵਿਦਾਸ ਮਦੁਰਾ ਕਾ ਪੀਜਿਏ, ਜੋ ਚੜੈ ਚੜੈ ਉਤਰਾਇ।**
**ਨਾਮ ਮਹਾਰਸ ਪੀਜਿਏ, ਜੋ ਚੜੌਂ ਨਹੀ ਉਤਰਾਇ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਨਾਮ-ਰਸ ਪੀਣ ਦਾ ਉਪਦੇਸ਼ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਸ਼ਰਾਬ ਦਾ ਕੀ ਪੀਣਾ, ਜਿਸ ਨੂੰ ਪੀਣ ਨਾਲ ਨਸ਼ਾ ਚੜ੍ਹ ਜਾਂਦਾ ਹੈ ਤੇ ਫਿਰ ਉਤਰ ਵੀ ਜਾਂਦਾ ਹੈ। ਜੀਵ ਨੂੰ ਆਤਮਿਕ ਜੀਵਨ ਦੇਣ ਵਾਲਾ ਨਾਮ-ਰੂਪੀ ਮਹਾਂਰਸ ਪੀਣਾ ਚਾਹੀਦਾ ਹੈ, ਜਿਸ ਦੀ ਖ਼ੁਮਾਰੀ ਇਕ ਵਾਰ ਚੜ੍ਹ ਜਾਏ ਤਾਂ ਫਿਰ ਕਦੇ ਉਤਰਦੀ ਹੀ ਨਹੀਂ॥

**36. ਅੰਤਰਮੁਖੀ ਭਈ ਜਉ ਕਰਹਿੰ, ਸਤਿਨਾਮ ਕਰਿ ਜਾਪ।**
**ਰਵਿਦਾਸ ਤਿਨਹ ਸੌ ਭਜੁਹਿੰ, ਜਗਤਹ ਤੀਨ੍ਹੁ ਤਾਪ॥**

(**ਅੰਤਰਮੁਖੀ**-ਧਿਆਨ ਨੂੰ ਅੰਦਰ ਇਕਾਗਰ ਕਰਨਾ। **ਭਈ**-ਹੋਣਾ, ਕਰਨਾ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਸੱਚੇ ਨਾਮ-ਸਿਮਰਨ ਦੀ ਮਹਿਮਾ ਦੱਸਦੇ ਹੋਏ ਫ਼ਰਮਾਉਂਦੇ ਹਨ ਕਿ ਜੋ ਜੀਵ ਆਪਣੇ ਧਿਆਨ ਨੂੰ ਸੰਸਾਰ ਵੱਲੋਂ ਉਲਟਾ ਕੇ ਅੰਤਰਮੁਖੀ ਹੋਇਆ ਪ੍ਰਭੂ ਦੇ 'ਸਤਿਨਾਮ' ਦਾ ਜਾਪ ਕਰਦਾ ਹੈ ਤਾਂ ਉਸ ਕੋਲੋਂ ਸੰਸਾਰ ਦੇ ਤਿੰਨੋਂ ਤਾਪ (ਆਧ, ਬਿਆਧ ਤੇ ਉਪਾਧ) ਸਦਾ ਲਈ ਭੱਜ ਜਾਂਦੇ ਹਨ ਭਾਵ ਉਹ ਜੀਵ ਤਾਪ ਮੁਕਤ ਹੋ ਜਾਂਦਾ ਹੈ॥

**37. ਇੜਾ ਪਿੰਗਲਾ ਸੁਖਮਨਾ, ਬਿਧ ਚਕਰ ਪ੍ਰਾਣਾਯਾਮ।**
**ਰਵਿਦਾਸ ਹੌ ਸਬਹਿ ਛਾਂਡਿਓ, ਜਬਹਿ ਪਾਇਹੁ ਸਤਿਨਾਮ॥**

(**ਇੜਾ ਪਿੰਗਲ ਸੁਖਮਨਾ**-ਦੇਖੋ ਸ਼ਬਦ ਨੰ: 53 ਦਾ ਸ਼ਬਦ-ਅਰਥ। **ਬਿਧ**-ਸਾਧਨਾ, ਵਿਧੀ। **ਚਕਰ**-ਯੋਗੀਆਂ ਦੇ ਮੰਨੇ ਹੋਏ ਦੇਹ ਦੇ ਛੇ ਚੱਕਰ। **ਪ੍ਰਾਣਾਯਾਮ**-ਸਵਾਸਾਂ ਦੇ ਅੰਦਰ ਬਾਹਰ ਆਉਣ ਦੀ ਚਾਲ ਨੂੰ ਆਪਣੇ ਵੱਸ ਵਿੱਚ ਕਰਨਾ। **ਸਤਿਨਾਮ**-ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦਾ ਨਾਮ। (ਦੇਖੋ ਸ਼ਬਦ-ਅਰਥ ਲਈ ਦੋਹਾ ਨੰ: 21))

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਜਦੋਂ ਤੋਂ ਮੇਰਾ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਨਾਲ ਮਿਲਾਪ ਹੋਇਆ ਹੈ ਉਦੋਂ ਤੋਂ ਮੈਂ ਇੜਾ, ਪਿੰਗਲਾ ਤੇ ਸੁਖਮਨਾ ਵਾਲੀ ਭਗਤੀ ਸਾਧਨਾ, ਦੇਹ ਦੇ ਛੇ ਚੱਕਰਾਂ ਦੀ ਸਾਧਨਾ ਤੇ ਸਵਾਸਾਂ ਦੀ ਚਾਲ ਨੂੰ ਆਪਣੇ ਵੱਸ ਵਿੱਚ ਕਰਨ ਦੀ ਸਾਧਨਾ ਆਦਿਕ ਸਭ ਨੂੰ ਛੱਡ ਦਿੱਤਾ ਹੈ। (ਭਾਵ ਪ੍ਰਭੂ ਦਾ ਨਾਮ-ਸਿਮਰਨ ਹੀ ਪ੍ਰਭੂ ਦੀ ਸ੍ਰੇਸ਼ਟ ਭਗਤੀ ਹੈ, ਭਗਤੀ ਦੇ ਬਾਕੀ ਸਾਰੇ ਤਰੀਕੇ ਤੁੱਛ ਹਨ।)॥

**38. ਇਕ ਚਿੰਤਾ ਸਤਿਨਾਮ ਕੀ, ਦਰਸਾਇਹੁ ਪਰਮ ਤੱਤ।**
**ਸਹਜ ਪਰਮ ਭਗਤੀ ਭਈ, ਰਵਿਦਾਸ ਪਾਇਹਿ ਬ੍ਰਹਮ ਸਤਿ॥**

(**ਦਰਸਾਇਹੁ**-ਦਰਸ਼ਨ ਹੋ ਗਏ। **ਪਰਮ ਤੱਤ**-ਸਭ ਤੋਂ ਵੱਡੀ ਅਸਲੀਅਤ, ਜਗਤ ਦਾ ਮੂਲ ਪ੍ਰਭੂ। **ਪਰਮ ਭਗਤੀ**-ਸ੍ਰੇਸ਼ਟ ਭਗਤੀ। **ਸਤਿ**-ਸਦਾ ਥਿਰ ਰਹਿਣ ਵਾਲਾ ਪ੍ਰਭੂ। )

**<u>ਅਰਥ</u>**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਨਾਮ–ਸਿਮਰਨ ਦੀ ਮਹੱਤਤਾ ਦੱਸਦੇ ਹੋਏ ਫ਼ਰਮਾਂਦੇ ਹਨ ਕਿ ਮੈਨੂੰ ਕੇਵਲ ਸਤਿਨਾਮ ਦੇ ਸਿਮਰਨ ਕਰਨ ਦੀ ਚਿੰਤਾ ਰਹਿੰਦੀ ਹੈ ਕਿਉਂਕਿ ਸਤਿਨਾਮ ਦਾ ਸਿਮਰਨ ਕਰਨਾ ਉਹ ਸ੍ਰੇਸ਼ਟ ਭਗਤੀ ਹੈ ਜਿਸ ਨਾਲ ਜਗਤ ਦੇ ਮੂਲ–ਪ੍ਰਭੂ ਦੇ ਦਰਸ਼ਨ ਹੁੰਦੇ ਹਨ। ਨਾਮ–ਸਿਮਰਨ ਨਾਲ ਜੁੜਣ 'ਤੇ ਮੈਨੂੰ ਸਭ ਤੋਂ ਸ੍ਰੇਸ਼ਟ ਭਗਤੀ 'ਸਹਿਜ ਭਗਤੀ' (ਆਤਮਿਕ ਅਡੋਲ ਅਵਸਥਾ ਵਾਲੀ ਭਗਤੀ) ਕਰਨ ਦੀ ਜਾਂਚ ਆ ਗਈ ਹੈ ਜਿਸ ਦੇ ਸਦਕੇ ਮੈਨੂੰ ਸਦਾ–ਥਿਰ ਰਹਿਣ ਵਾਲੇ ਪਾਰਬ੍ਰਹਮ ਪਰਮੇਸ਼ਰ ਦੀ ਪ੍ਰਾਪਤੀ ਹੋਈ ਹੈ॥

**39. ਰਵਿਦਾਸ ਅਰਾਧਹੁ ਦੇਵ ਕੂੰ, ਇਕ ਮਨ ਹੋਇ ਧਰਿ ਧਿਆਨ।**
**ਅਜਪਾ ਜਾਪ ਜਪਤ ਰਹਹੁ, ਸਤਿਨਾਮ ਸਤਿਨਾਮ॥**

(**ਇਕਮਨ**-ਮਨ ਨੂੰ ਇਕਾਗਰ ਕਰਕੇ। **ਅਜਪਾ ਜਾਪ**-ਰਸਨਾਂ ਤੇ ਸਵਾਸਾਂ ਦੀ ਸਹਾਇਤਾ ਬਿਨਾਂ ਕੇਵਲ ਚਿੱਤ ਬਿਰਤੀ ਦੁਆਰਾ ਕੀਤਾ ਜਾਪ।)

**<u>ਅਰਥ</u>**:- ਸਤਿਗੁਰੂ ਰਵਿਦਾਸ ਮਹਾਰਾਜ ਜੀ ਜੀਵਾਂ ਨੂੰ ਇਕਚਿੱਤ ਹੋ ਕੇ ਭਗਤੀ ਕਰਨ ਦਾ ਉਪਦੇਸ਼ ਦਿੰਦੇ ਹੋਏ ਫ਼ਰਮਾਂਦੇ ਹਨ ਕਿ (ਆਤਮਿਕ ਅਡੋਲ ਅਵਸਥਾ ਵਿੱਚ) ਮਨ ਦੇ ਧਿਆਨ ਨੂੰ ਇਕਾਗਰ ਕਰਕੇ ਪਰਮਾਤਮਾ ਦੀ ਅਰਾਧਨਾ ਕਰਨੀ ਚਾਹੀਦੀ ਹੈ। ਅਜਿਹਾ ਕਰਨ ਨਾਲ ਜੀਵ ਦੀ ਲਿਵ ਪਰਮਾਤਮਾ ਨਾਲ ਜੁੜ ਜਾਂਦੀ ਹੈ ਤੇ ਮਨ–ਬਿਰਤੀ ਆਪਣੇ ਆਪ ਹੀ ਸਤਿਨਾਮ ਦਾ ਅਜਪਾ–ਜਾਪ ਸ਼ੁਰੂ ਕਰ ਦਿੰਦੀ ਹੈ॥

**40. ਜਾ ਦੇਖਿਆ ਘਿਨ ਉਪਜੈ, ਨਰਕ ਕੁੰਡ ਮੰਹਿ ਬਾਸ।**
**ਪ੍ਰਭ ਭਗਤਿ ਸੋਂ ਉਧਰੈ, ਪ੍ਰਗਟਤ ਜਨ ਰਵਿਦਾਸ॥**

(**ਘਿਨ**–ਘ੍ਰਿਣਾ। **ਉਪਜੈ**–ਪੈਦਾ ਹੋਣਾ। **ਕੁੰਡ**–ਟੋਆ, ਖੱਢਾ। **ਉਧਰੈ**–ਉੱਧਾਰ ਹੋਣਾ, ਪਾਰ ਉਤਾਰਾ ਹੋਣਾ। **ਪ੍ਰਗਟਤ**–ਪ੍ਰਤੱਖ ਹੋਣਾ, ਉਜਾਗਰ ਹੋਣਾ।)

**<u>ਅਰਥ</u>**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ–ਭਗਤੀ ਦੀ ਮਹਿਮਾ ਦਾ ਗੁਣ–ਗਾਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਜਿਨ੍ਹਾਂ ਪਾਪੀ ਜੀਵਾਂ ਨੂੰ ਦੇਖ ਕੇ ਮਨ ਵਿੱਚ ਘ੍ਰਿਣਾ ਦੀ ਭਾਵਨਾ ਪੈਦਾ ਹੁੰਦੀ ਹੈ ਉਨ੍ਹਾਂ ਪਾਪੀ ਜੀਵਾਂ ਦਾ ਘੋਰ ਨਰਕਾਂ ਦੇ ਟੋਇਆਂ ਵਿੱਚ ਵਾਸ ਹੁੰਦਾ ਹੈ ਪਰ ਜੇਕਰ ਅਜਿਹੇ ਨੀਚ ਤੇ ਪਤਿਤ ਜੀਵ ਵੀ ਪ੍ਰਭੂ ਦੀ ਭਗਤੀ ਕਰਦੇ ਹਨ ਤਾਂ ਉਹ ਘ੍ਰਿਣਿਤ ਨਹੀਂ ਰਹਿ ਜਾਂਦੇ। ਉਨ੍ਹਾਂ ਦਾ ਉੱਧਾਰ ਹੋ ਜਾਂਦਾ ਹੈ ਤੇ ਉਹ ਸੰਸਾਰ ਵਿੱਚ ਉਜਾਗਰ (ਪ੍ਰਸਿੱਧ) ਹੋ ਜਾਂਦੇ ਹਨ॥

**41. ਹਰਿ ਸੋ ਹੀਰਾ ਛਾਂਡਿ ਕੈ, ਕਰੈ ਆਨ ਕੀ ਆਸ।**
**ਤੇ ਨਰ ਜਮਪੁਰੀ ਜਾਂਹਿਗੇ, ਸਤ ਭਾਖੈ ਰਵਿਦਾਸ॥**

**<u>ਅਰਥ</u>**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ ਨੂੰ ਛੱਡ ਕੇ ਦੂਸਰਿਆਂ ਦਾ ਆਸਰਾ ਲੈਣ ਵਾਲੇ ਜੀਵਾਂ ਨੂੰ ਸੁਚੇਤ ਕਰਦੇ ਹੋਏ ਫ਼ਰਮਾਂਦੇ ਹਨ ਕਿ ਮੈਂ ਸੱਚ ਕਹਿੰਦਾ ਹਾਂ ਕਿ ਪ੍ਰਭੂ–ਰੂਪੀ ਅਨਮੋਲ ਹੀਰੇ ਨੂੰ ਛੱਡ ਕੇ ਕਿਸੇ ਦੂਸਰੇ (ਨਿਗੁਣੇ

ਪਦਾਰਥ) ਦੇ ਪਿੱਛੇ ਜਾਣ ਵਾਲਾ ਜੀਵ ਅਰਥਾਤ ਕਿਸੇ ਦੂਸਰੇ (ਦੇਵੀ-ਦੇਵਤੇ) ਦੀ ਭਗਤੀ ਦਾ ਆਸਰਾ ਲੈਣ ਵਾਲਾ ਜੀਵ ਅੰਤ ਨੂੰ ਨਰਕਾਂ ਵਿੱਚ ਹੀ ਜਾਂਦਾ ਹੈ॥

**42. ਰਵਿਦਾਸ ਮਨੁੱਖ ਜਨਮ ਮਹਿੰ, ਹੌ ਚਿੰਤਉ ਗੁਰੂ ਏਕ।**
**ਆਦਿ ਅੰਤ ਮੇਰੋ ਸਤਿਗੁਰੁ, ਰਾਖੈ ਸਭਨ ਕੀ ਟੇਕ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਸਮਝਾਉਂਦੇ ਹੋਏ ਕਹਿੰਦੇ ਹਨ ਕਿ ਮਨੁੱਖਾ ਜਨਮ ਲੈ ਕੇ ਮੈਂ ਕੇਵਲ ਪਰਮਾਤਮਾ-ਰੂਪੀ ਸਤਿਗੁਰੂ ਦਾ ਹੀ ਆਪਣੇ ਹਿਰਦੇ ਅੰਦਰ ਧਿਆਨ ਧਰਦਾ ਹਾਂ, ਉਸ ਦਾ ਨਾਮ-ਸਿਮਰਨ ਕਰਦਾ ਹਾਂ। ਮੇਰਾ ਸਤਿਗੁਰੂ-ਪ੍ਰਭੂ ਜਗਤ ਦੇ ਸ਼ੁਰੂ ਤੋਂ ਲੈ ਕੇ ਜਗਤ ਦੇ ਅੰਤ ਤੱਕ ਰਹਿਣ ਵਾਲਾ ਹੈ ਤੇ ਸਭਨਾਂ ਦੀ ਸੰਭਾਲ ਕਰਨ ਵਾਲਾ ਵੀ ਉਹੀ ਹੈ॥

**43. ਰਵਿਦਾਸ ਲੋਰੈ ਜਿਸ ਬੂੰਦ ਕੂੰ, ਸੋ ਬੂੰਦ ਸੰਮੁਦ ਸਮਾਨ।**
**ਅੰਤਰ ਖੋਜੀ ਕੂੰ ਮਿਲਇ, ਬ੍ਰਹਮ ਬੂੰਦ ਕੋ ਗਿਆਨ॥**

**ਅਰਥ**:- ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਂਦੇ ਹਨ ਕਿ ਜਿਸ ਬੂੰਦ ਦੀ ਪ੍ਰਾਪਤੀ ਲਈ ਤੇਰੇ ਮਨ ਅੰਦਰ ਚਾਹ ਹੈ ਉਹ ਬੂੰਦ ਸਮੁੰਦਰ ਵਾਂਗ ਅਥਾਹ ਤੇ ਵਿਸ਼ਾਲ ਹੈ। ਇਸ ਬ੍ਰਹਮ-ਬੂੰਦ ਦਾ ਗਿਆਨ ਉਸ ਜੀਵ ਨੂੰ ਹੀ ਹੁੰਦਾ ਹੈ ਜੋ (ਸੰਸਾਰ ਵਿੱਚ ਇੱਧਰ-ਉੱਧਰ ਭਟਕਣ ਦੀ ਬਜਾਏ) ਇਸ ਨੂੰ ਆਪਣੇ ਅੰਦਰੋਂ ਹੀ ਖੋਜਦਾ ਹੈ ਭਾਵ ਅੰਤਰਮੁਖੀ ਭਗਤੀ ਰਾਹੀਂ ਹੀ ਜੀਵ ਨੂੰ ਬ੍ਰਹਮ-ਰੂਪੀ ਅੰਮ੍ਰਿਤ-ਰਸ ਦੀ ਬੂੰਦ ਦਾ ਗਿਆਨ ਹੁੰਦਾ ਹੈ॥

**44. ਇਕ ਬੂੰਦ ਸੌਂ ਬੁਝਿ ਗਈ, ਜਨਮ ਜਨਮ ਦੀ ਪਿਆਸ।**
**ਜਨਮ ਮਰਨ ਬੰਧਨ ਟੂਟਈ, ਭਏ ਰਵਿਦਾਸ ਖਲਾਸ॥**

(**ਟੂਟਈ**-ਟੁੱਟ ਜਾਣਾ, ਕੱਟ ਦੇਣਾ। **ਖਲਾਸ**-ਮੁਕਤੀ ਹੋਣਾ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਪ੍ਰਭੂ ਦੇ ਨਾਮ-ਰਸ ਦੀ ਇਕ ਬੂੰਦ ਨੇ ਹੀ ਮੇਰੀ ਜਨਮ-ਜਨਮਾਂਤਰਾਂ ਤੋਂ ਪ੍ਰਭੂ-ਮਿਲਣ ਦੀ ਪਿਆਸ ਬੁਝਾ ਦਿੱਤੀ ਹੈ। ਇਸ ਨਾਮ-ਰਸ ਦੀ ਇਕ ਬੂੰਦ ਨੂੰ ਪੀ ਕੇ ਮੇਰੇ ਜਨਮ-ਮਰਨ ਦੇ ਸਾਰੇ ਬੰਧਨ ਕੱਟ ਗਏ ਹਨ ਤੇ ਜੀਵਨ-ਮੁਕਤੀ ਦੀ ਪ੍ਰਾਪਤੀ ਹੋ ਗਈ ਹੈ॥

**45. ਅਮਰਿਤ ਰਸ ਕੀ ਬੂੰਦ ਕੂੰ, ਤਲਫਤ ਹੌ ਦਿਨ ਰੈਨ।**
**ਰਵਿਦਾਸ ਅਮੀਰਸ ਬਿਨ ਪੀਐ, ਜੀਅਰਾ ਨ ਪਾਵੈ ਚੈਨ॥**

(**ਤਲਫਤ**-ਤੜਫ਼, ਬੇਚੈਨੀ। **ਅਮੀਰਸ**-ਅੰਮ੍ਰਿਤ ਰਸ, ਆਤਮਿਕ ਜੀਵਨ ਦੇਣ ਵਾਲਾ ਨਾਮ-ਰਸ।)

**ਅਰਥ**:- ਗੁਰੂ ਰਵਿਦਾਸ ਜੀ ਮਹਾਰਾਜ ਆਤਮਿਕ ਜੀਵਨ ਦੇਣ ਵਾਲੇ ਨਾਮ-ਰਸ ਨੂੰ ਪਾਉਣ ਦੀ ਆਪਣੀ ਚਾਹਤ ਬਾਰੇ ਫ਼ਰਮਾਉਂਦੇ ਹਨ ਕਿ ਮੈਂ ਆਤਮਿਕ ਜੀਵਨ ਦੇਣ ਵਾਲੇ ਨਾਮ-ਰਸ ਦੀ ਇਕ ਬੂੰਦ ਨੂੰ ਪਾਉਣ ਲਈ ਦਿਨ-ਰਾਤ ਤੜਫ਼ ਰਿਹਾ ਹਾਂ। ਜਦੋਂ ਤੱਕ ਮੈਂ ਇਹ ਨਾਮ-ਰਸ ਪੀ ਨਹੀਂ ਲੈਂਦਾ ਉਦੋਂ ਤੱਕ ਮੇਰੇ ਮਨ ਨੂੰ ਚੈਨ ਨਹੀਂ ਆਉਣੀ, ਸੁੱਖ-ਸ਼ਾਂਤੀ ਨਹੀਂ ਮਿਲਣੀ॥

**46. ਏਕੈ ਮਾਟੀ ਕੇ ਸਭ ਭਾਂਡੇ, ਸਭ ਕਾ ਏਕੌ ਸਿਰਜਨਹਾਰਾ।**
**ਰਵਿਦਾਸ ਬਿਆਪੈ ਏਕੌ ਘਟ ਭੀਤਰ, ਸਭ ਕੌ ਏਕੈ ਘੜੇ ਕੁਮਹਾਰਾ॥**

(**ਭਾਂਡੇ**–ਬਰਤਨ। **ਬਿਆਪੈ**–ਮੌਜੂਦ ਹੋਣਾ, ਵਸਣਾ।)

**ਅਰਥ**:– ਸਤਿਗੁਰੂ ਮਹਾਰਾਜ ਜੀ ਸਮਤਾ ਦਾ ਉਪਦੇਸ਼ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਜਿਸ ਤਰ੍ਹਾਂ ਘੁਮਿਆਰ ਇਕ ਮਿੱਟੀ ਤੋਂ ਕਈ ਤਰ੍ਹਾਂ ਦੇ ਬਰਤਨ ਬਣਾਉਂਦਾ ਹੈ, ਉਸੇ ਤਰ੍ਹਾਂ ਉਸ 'ਇਕ' ਸਿਰਜਣਹਾਰ–ਪਰਮਾਤਮਾ ਨੇ ਵੀ ਸਭ ਜੀਵਾਂ ਨੂੰ ਇੱਕੋ ਮਿੱਟੀ ਨਾਲ ਸਿਰਜਿਆ ਹੈ ਭਾਵ ਸਭ ਨੂੰ ਪੰਜ ਤੱਤਾਂ ਨਾਲ ਹੀ ਬਣਾਇਆ ਹੈ। ਉਹੀ ਸਿਰਜਣਹਾਰ–ਪ੍ਰਭੂ ਸਭ ਜੀਵਾਂ ਦੇ ਘਟਾਂ ਵਿੱਚ ਸਮਾਨ ਰੂਪ 'ਚ ਵਿਆਪਕ ਹੈ, ਇਸ ਲਈ ਹੇ ਭਾਈ! ਸਭ ਜੀਵ ਬਰਾਬਰ ਹਨ॥

**47. ਰਵਿਦਾਸ ਉਪਜਇ ਇਕ ਬੂੰਦ ਤੇ, ਕਾ ਬਾਹਮਨ ਕਾ ਸੂਦ।**
**ਮੂਰਖ ਜਨ ਨ ਜਾਨਈ, ਸਭ ਮੰਹਿ ਰਾਮ ਮਜੂਦ॥**

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਕਰਦੇ ਹਨ ਕਿ ਸੰਸਾਰ ਦੇ ਸਾਰੇ ਜੀਵ 'ਇਕ' ਬ੍ਰਹਮ–ਬੂੰਦ ਤੋਂ ਹੀ ਪੈਦਾ ਹੋਏ ਹਨ ਉਹ ਭਾਵੇਂ ਬ੍ਰਾਹਮਣ ਹੋਵੇ ਜਾਂ ਸ਼ੂਦਰ। ਪਰ ਮੂਰਖ਼ ਜੀਵ ਇਸ ਸੱਚਾਈ ਨੂੰ ਨਹੀਂ ਮੰਨਦੇ ਕਿ ਸਭ ਅੰਦਰ ਉਹੀ 'ਇਕ' ਪਰਮਾਤਮਾ ਮੌਜੂਦ ਹੈ, (ਇਸ ਲਈ ਉਹ ਮਨੁੱਖ–ਮਨੁੱਖ ਵਿੱਚ ਅੰਤਰ ਕਰਦੇ ਹਨ।)॥

**48. ਰਵਿਦਾਸ ਇਕਹੀ ਬੂੰਦ ਸੋਂ, ਸਭ ਹੀ ਭਇਓ ਵਿੱਥਾਰ।**
**ਮੂਰਖ ਹੈਂ ਜੋ ਕਰਤ ਹੈਂ, ਬਰਨ ਅਬਰਨ ਬਿਚਾਰ॥**

**ਅਰਥ**:– ਸਤਿਗੁਰੂ ਰਵਿਦਾਸ ਮਹਾਰਾਜ ਜੀ ਜਾਤ–ਪਾਤ ਦਾ ਖੰਡਨ ਕਰਦੇ ਹੋਏ ਫ਼ਰਮਾਂਦੇ ਹਨ ਕਿ ਸੰਪਰੂਨ ਬ੍ਰਹਿਮੰਡ ਦਾ ਫ਼ੈਲਾਓ (ਉਤਪਤੀ) ਇੱਕੋ ਬ੍ਰਹਮ–ਬੂੰਦ ਤੋਂ ਹੋਇਆ ਹੈ। ਇਸ ਤਰ੍ਹਾਂ ਸਾਰੇ ਜੀਵ ਵੀ ਉਸੇ ਇਕ ਬ੍ਰਹਮ–ਬੂੰਦ ਤੋਂ ਪੈਦਾ ਹੋਏ ਹਨ, ਇਸ ਲਈ ਸਭ ਜੀਵ ਬਰਾਬਰ ਹਨ। ਪਰ ਜਿਹੜੇ ਮਨੁੱਖ ਜੀਵਾਂ ਵਿੱਚ ਊਚ–ਨੀਚ, ਜਾਤ–ਪਾਤ ਆਦਿਕ ਦਾ ਵਿਚਾਰ ਕਰਦੇ ਹਨ ਉਹ ਮੂਰਖ਼ ਹਨ॥

**49. ਇਕ ਜੋਤਿ ਤੇ ਜਉ ਸਭ ਉਪਜੈ, ਤਉ ਊਂਚ ਨੀਚ ਕਿਸ ਮਾਨ।**
**ਰਵਿਦਾਸ ਨਾਮ ਕਤ ਧਰੈਂ ਕਹੁੰ ਕੋ, ਨਾਦ ਬਿੰਦ ਹੈ ਸਮਾਨ॥**

(**ਜੋਤਿ**–ਪਰਮ ਜੋਤਿ ਪਰਮਾਤਮਾ। **ਉਪਜੈ**–ਪੈਦਾ ਹੋਏ। **ਨਾਮ ਕਤ ਧਰੈਂ ਕਹੂੰ ਕੋ**–ਉਨ੍ਹਾਂ ਦੇ ਨਾਮ (ਮਨੁੱਖ ਦੀ ਜਾਤੀ ਦੇ ਨਾਮ) ਕਿਉਂ ਰੱਖੇ ਹਨ। **ਨਾਦ ਬਿੰਦ**–ਅੰਗ–ਇੰਦਰੀਆਂ।)

**ਅਰਥ**:– ਗੁਰੂ ਰਵਿਦਾਸ ਜੀ ਮਹਾਰਾਜ ਊਚ–ਨੀਚ ਦਾ ਭੇਦ–ਭਾਵ ਮਿਟਾਉਣ ਦੀ ਸਿੱਖਿਆ ਦਿੰਦੇ ਹੋਏ ਫ਼ਰਮਾਂਦੇ ਹਨ ਕਿ ਇਕ ਪਰਮ ਜੋਤਿ ਪਰਮਾਤਮਾ ਤੋਂ ਹੀ ਸੰਸਾਰ ਦੇ ਸਾਰੇ ਜੀਵਾਂ ਦੀ ਉਤਪਤੀ ਹੋਈ ਹੈ ਤਾਂ ਫਿਰ ਕਿਸੇ ਨੂੰ ਨੀਵਾਂ ਤੇ ਕਿਸੇ ਨੂੰ ਉੱਚਾ ਕਿਵੇਂ ਮੰਨਿਆ ਜਾ ਸਕਦਾ ਹੈ ? ਜਦੋਂ ਸਾਰੇ ਜੀਵ ਇਕ ਬੀਜਰੂਪ–

ਬ੍ਰਹਮ ਤੋਂ ਪੈਦਾ ਹੋਏ ਹਨ ਤੇ ਉਨ੍ਹਾਂ ਦਾ ਇਕ ਇਕ ਅੰਗ ਵੀ ਇੱਕੋ ਜਿਹਾ ਹੈ ਤਾਂ ਫਿਰ ਕਿਸੇ ਦਾ ਵੀ ਅਜਿਹਾ ਨਾਮ ਕਿਉਂ ਰੱਖੀਏ ਜਿਸ ਨਾਲ ਇਹ ਮਨ ਲਿਆ ਜਾਵੇ ਕਿ ਇਹ ਨੀਵਾਂ ਹੈ ਤੇ ਉਹ ਉੱਚਾ ਹੈ। ਜਦੋਂ ਸਾਰਾ ਜਗਤ ਹੀ ਬ੍ਰਹਮ-ਉਤਪਤੀ ਹੈ ਤਾਂ ਫਿਰ ਊਚ-ਨੀਚ ਦਾ ਭੇਦ-ਭਾਵ ਕਿਉਂ ?॥

50. **ਰਵਿਦਾਸ ਏਕੈ ਬ੍ਰਹਮ ਕਾ, ਹੋਇ ਰਹਿਓ ਸਗਲ ਪਸਾਰ।**
**ਏਕੈ ਮਾਟੀ ਸਬ ਘਟ ਸਿਰਜੈ, ਏਕੈ ਸਬ ਕੂੰ ਸਿਰਜਨਹਾਰ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਸਾਰੀ ਸ੍ਰਿਸ਼ਟੀ ਦਾ ਵਿਸਥਾਰ ਇਕ ਬ੍ਰਹਮ ਤੋਂ ਹੋਇਆ ਹੈ। ਸਭ ਜੀਵਾਂ ਦਾ ਘਟ (ਸਰੀਰ) ਇੱਕੋ ਮਿੱਟੀ (ਭਾਵ ਪੰਜ ਤੱਤਾਂ) ਨਾਲ ਬਣਿਆ ਹੋਇਆ ਹੈ ਤੇ ਇਨ੍ਹਾਂ ਨੂੰ ਬਣਾਉਣ ਵਾਲਾ ਪਰਮਾਤਮਾ ਵੀ ਇੱਕ ਹੀ ਹੈ, ਇਸ ਲਈ ਸਭ ਜੀਵ ਬਰਾਬਰ ਹਨ॥

51. **ਰਵਿਦਾਸ ਇਕ ਹੀ ਨੂਰ ਤੇ, ਜਿਮਿ ਉਪਜਿਓ ਸੰਸਾਰ।**
**ਊਂਚ ਨੀਚ ਕਿਹ ਬਿਧ ਭਏ, ਬਾਹਮਨ ਅਰੁ ਚਮਾਰ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਊਚ-ਨੀਚ ਦਾ ਖੰਡਨ ਕਰਦੇ ਹੋਏ ਫ਼ਰਮਾਂਦੇ ਹਨ ਕਿ ਸਾਰੇ ਸੰਸਾਰ ਦੀ ਉਤਪਤੀ ਇੱਕੋ ਪਰਮ-ਪਿਤਾ ਪਰਮਾਤਮਾ ਦੇ ਨੂਰ ਤੋਂ ਹੋਈ ਹੈ, ਇਸ ਲਈ ਸਾਰੇ ਜੀਵ ਇਕ ਸਮਾਨ ਹਨ। ਫਿਰ ਬ੍ਰਾਹਮਣ ਉੱਚਾ ਤੇ ਚਮਾਰ ਨੀਵਾਂ ਕਿਸ ਤਰ੍ਹਾਂ ਹੋ ਸਕਦਾ ਹੈ ?॥

52. **ਰਵਿਦਾਸ ਏਕ ਬ੍ਰਹਮ ਬੂੰਦ ਸੌਂ, ਸਗਲ ਪਸਾਰਾ ਜਾਨ।**
**ਸਭ ਉਪਜਿਓ ਇਕ ਬੂੰਦ ਸੌਂ, ਸਭ ਹੀ ਏਕ ਸਮਾਨ॥**

**ਅਰਥ**:- ਸਤਿਗੁਰੂ ਰਵਿਦਾਸ ਮਹਾਰਾਜ ਜੀ ਸਮਤਾ ਦਾ ਉਪਦੇਸ਼ ਦਿੰਦੇ ਹੋਏ ਸਮਝਾਉਂਦੇ ਹਨ ਕਿ ਸਾਰੀ ਸ੍ਰਿਸ਼ਟੀ ਦਾ ਪਸਾਰਾ ਪਾਰਬ੍ਰਹਮ ਪਰਮੇਸ਼ਰ ਦੀ ਇਕ ਬੂੰਦ ਤੋਂ ਹੀ ਹੋਇਆ ਹੈ। ਜਦੋਂ ਸਾਰੇ ਜੀਵ ਇਕ ਬ੍ਰਹਮ-ਬੂੰਦ ਤੋਂ ਪੈਦਾ ਹੋਏ ਹਨ ਤਾਂ ਫਿਰ ਉਹ ਸਾਰੇ ਜੀਵ ਇਕ ਸਮਾਨ ਹਨ, ਸਭ ਬਰਾਬਰ ਹਨ॥

53. **ਬਾਹਮਨ ਅਰੁ ਚੰਡਾਲ ਮੰਹਿ, ਰਵਿਦਾਸ ਨਹਿੰ ਅੰਤਰ ਜਾਨ।**
**ਸਭ ਮੰਹਿ ਏਕ ਹੀ ਜੋਤਿ ਹੈ, ਸਭ ਘਟ ਏਕ ਭਗਵਾਨ॥**

(**ਚੰਡਾਲ**- ਨੀਚ ਜਾਤ, ਹਿੰਦੂ ਸ਼ਾਸਤ੍ਰਾਂ ਅਨੁਸਾਰ ਬ੍ਰਾਹਮਣੀ ਦੇ ਉਦਰ ਤੋਂ ਸ਼ੂਦਰ ਦੀ ਔਲਾਦ।)

**ਅਰਥ**:- ਸਤਿਗੁਰੂ ਰਵਿਦਾਸ ਮਹਾਰਾਜ ਜੀ ਊਚ-ਨੀਚ ਦੇ ਵਿਤਕਰੇ ਨੂੰ ਖ਼ਤਮ ਕਰਨ ਦਾ ਉਪਦੇਸ਼ ਦਿੰਦੇ ਹੋਏ ਜੀਵਾਂ ਨੂੰ ਸਮਝਾਉਂਦੇ ਹਨ ਕਿ ਬ੍ਰਾਹਮਣ ਤੇ ਚੰਡਾਲ ਵਿੱਚ ਕੋਈ ਵੀ ਫ਼ਰਕ ਨਹੀਂ ਸਮਝਣਾ ਚਾਹੀਦਾ ਕਿਉਂਕਿ ਉਸ 'ਇਕ' ਪ੍ਰਭੂ ਦੀ ਜੋਤਿ ਹੀ ਸਾਰੇ ਜੀਵਾਂ ਅੰਦਰ ਇਕ-ਸਮਾਨ ਰੂਪ 'ਚ ਸਮਾਈ ਹੋਈ ਹੈ। ਇਸ ਤਰ੍ਹਾਂ ਸਭਨਾਂ ਘਟਾਂ ਵਿੱਚ ਉਸ 'ਇਕ' ਪ੍ਰਭੂ ਦਾ ਹੀ ਵਾਸ ਹੈ। (ਇਸ ਲਈ ਸਾਰੇ ਜੀਵ ਇਕ-ਸਮਾਨ ਹਨ।)॥

**54. ਇਕ ਨਜਿਰ ਸੋਂ ਸਭ ਕੂੰ ਦੇਖੇ, ਸਰਿਸਿਟ ਕਾ ਸਿਰਜਨਹਾਰਾ।**
**ਸਭ ਘਟ ਵਿਆਪਕ ਅਲਖ ਨਿਰੰਜਨ, ਕਹਿ ਰਵਿਦਾਸ ਚਮਾਰਾ॥**

(**ਅਲਖ**–ਜੋ ਦਿਖਾਈ ਨਾ ਦੇਵੇ। **ਨਿਰੰਜਨ**–ਮਾਇਆ ਤੋਂ ਨਿਰਲੇਪ ਪ੍ਰਭੂ।)

**ਅਰਥ**:–ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਪਰਮਾਤਮਾ ਕਿਸੇ ਨਾਲ ਕੋਈ ਭੇਦ–ਭਾਵ ਨਹੀਂ ਕਰਦਾ। ਉਹ ਸਭ ਨੂੰ ਇਕ ਸਮਾਨ ਦੇਖਦਾ ਹੈ, ਉਸ ਦੀ ਨਜ਼ਰ ਵਿੱਚ ਸਭ ਬਰਾਬਰ ਹਨ। ਉਹ ਅਦ੍ਰਿਸ਼ਟ ਤੇ ਮਾਇਆ ਤੋਂ ਨਿਰਲੇਪ ਪ੍ਰਭੂ ਸਾਰੇ ਜੀਵਾਂ ਦੇ ਘਟ–ਘਟ ਵਿੱਚ ਹਮੇਸ਼ਾ ਇਕ–ਸਮਾਨ ਵਿਆਪਕ ਰਹਿੰਦਾ ਹੈ॥

**55. ਸਭ ਮੰਹਿ ਏਕੁ ਰਾਮਹਿ ਜੋਤਿ, ਸਭਨ੍ਹਾਂ ਏਕਉ ਸਿਰਜਨਹਾਰਾ।**
**ਰਵਿਦਾਸ ਰਾਮਹਿ ਸਭਨ ਮੇ, ਬ੍ਰਾਹਮਣ ਹੁਈ ਕ ਚਮਾਰਾ॥**

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਸਭ ਜੀਵਾਂ ਅੰਦਰ ਇਕ ਪਰਮਾਤਮਾ ਦੀ ਜੋਤਿ ਦਾ ਪ੍ਰਕਾਸ਼ ਹੈ ਤੇ ਸਭ ਦਾ ਸਿਰਜਣਹਾਰ ਵੀ ਉਹੀ ਇਕ ਪਰਮਾਤਮਾ ਹੈ। ਉਹੀ ਪਰਮਾਤਮਾ ਸਭ ਜੀਵਾਂ ਅੰਦਰ ਰਮਨ ਕਰ ਰਿਹਾ ਹੈ, ਉਹ ਜੀਵ ਭਾਵੇਂ ਬ੍ਰਾਹਮਣ ਹੋਵੇ ਜਾਂ ਚਮਾਰ॥

**56. ਰਵਿਦਾਸ ਜੋ ਕਰਤਾ ਸਰਿਸਿਟ ਕਾ, ਵਹ ਤੋ ਕਰਤਾ ਏਕ।**
**ਸਭ ਮੰਹਿ ਜੋਤਿ ਸਰੂਪ ਇਕ, ਕਾਹੇ ਕਹੂੰ ਅਨੇਕ॥**

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਕਰਦੇ ਹਨ ਕਿ ਸਾਰੀ ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਪਰਮਾਤਮਾ ਇਕ ਹੈ ਤੇ ਉਸੇ ਦੀ ਹੀ ਜੋਤਿ ਦਾ ਸਰੂਪ ਸਾਰੇ ਜੀਵਾਂ ਅੰਦਰ ਬਿਰਾਜਮਾਨ ਹੈ। ਜਦੋਂ ਉਹ ਪਰਮਾਤਮਾ ਇਕ ਹੈ ਤੇ ਸਭ ਜੀਵ ਉਸ ਦੇ ਜੋਤਿ–ਸਰੂਪ ਹਨ ਤਾਂ ਫਿਰ ਉਸ ਨੂੰ ਅਨੇਕ ਕਿਵੇਂ ਕਿਹਾ ਜਾ ਸਕਦਾ ਹੈ ?॥

**57. ਰਵਿਦਾਸ ਹੌ ਦੇਖਿਆ ਸੋਧਿ ਕਰਿ, ਸਾਹਿਬ ਭੇਖ ਅਨੰਤ।**
**ਏਕੈ ਆਤਮ ਘਟ ਘਟ ਰਮੈ, ਸਭ ਦਿਸਿ ਏਕਉ ਭਗਵੰਤ॥**

(**ਸੋਧਿ ਕਰ**-ਚੰਗੀ ਤਰ੍ਹਾਂ ਪਰਖ ਕੇ। **ਅਨੰਤ**-ਬੇਅੰਤ। **ਭੇਖ**- ਸਰੂਪ। **ਦਿਸਿ**– ਦਿਸਦਾ ਹੈ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਮੈਂ ਚੰਗੀ ਤਰ੍ਹਾਂ ਪਰਖ ਕੇ ਦੇਖ ਲਿਆ ਹੈ ਕਿ ਪ੍ਰਭੂ ਦੇ ਬੇਅੰਤ ਸਰੂਪ ਹਨ। ਜੀਵਾਤਮਾ, ਜੋ ਉਸ ਪ੍ਰਭੂ ਦੀ ਅੰਸ਼ ਹੈ ਉਹ ਹਰੇਕ ਜੀਵ ਦੇ ਘਟ ਵਿੱਚ ਸਮਾਈ ਹੋਈ ਹੈ। ਇਸ ਲਈ ਮੈਨੂੰ ਸਭ ਜੀਵਾਂ ਅੰਦਰ ਉਹੀ ਇਕ ਪ੍ਰਭੂ ਨਜ਼ਰ ਆਉਂਦਾ ਹੈ॥

**58. ਆਦਿ ਅੰਤ ਜਿਹ ਕਰ ਨਹੀਂ, ਜਿਹ ਕਰ ਨਾਮ ਅਨੰਤ।**
**ਸਭ ਕਰਿ ਪਾਲਨਹਾਰ ਹੈ, ਰਵਿਦਾਸ ਅਬਿਗਤ ਭਗਵੰਤ॥**

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਸਮਝਾਉਂਦੇ ਹਨ ਕਿ ਜਿਸ ਪ੍ਰਭੂ ਦਾ ਕੋਈ ਮੁੱਢ ਨਹੀਂ ਹੈ ਤੇ ਨਾ ਹੀ ਕੋਈ ਅੰਤ ਹੈ ਅਤੇ ਜਿਸ ਦੇ

ਬੇਅੰਤ ਨਾਮ ਹਨ, ਉਹੀ ਪ੍ਰਭੂ ਸਭ ਦਾ ਪਾਲਣਹਾਰ ਹੈ। ਉਹ ਪ੍ਰਭੂ ਅਬਿਨਾਸੀ ਹੈ ਤੇ ਸਭਨਾਂ ਨੂੰ ਸਭ ਕੁਝ ਦੇਣ ਦੀ ਸਮਰੱਥਾ ਵਾਲਾ ਹੈ॥

**59. ਰਵਿਦਾਸ ਏਕ ਜਗਦੀਸ ਕਰ, ਧਰੈ ਅੰਨਤਹ ਨਾਮ।**
**ਮੋਰੇ ਮਨ ਮੰਹਿ ਬਸ ਰਹਿਓ, ਅਧਿਮਨ ਪਾਵਨ ਰਾਮ॥**

(**ਜਗਦੀਸ**–ਜਗਤ ਸਵਾਮੀ। **ਅਧਿਮਨ ਪਾਵਨ**–ਪਾਪੀਆਂ ਨੂੰ ਪਵਿੱਤਰ ਕਰਨ ਵਾਲਾ)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਜਗਤ ਦੇ 'ਪ੍ਰਭੂ–ਪਾਤਿਸ਼ਾਹ' ਨੂੰ ਅਨੇਕਾਂ ਨਾਮਾਂ ਨਾਲ ਪੁਕਾਰਿਆ ਜਾਂਦਾ ਹੈ। ਮੇਰੇ ਹਿਰਦੇ ਅੰਦਰ ਉਸ ਪ੍ਰਭੂ ਦਾ ਨਾਮ 'ਰਾਮ' ਵਸ ਗਿਆ ਹੈ, ਜੋ ਪਤਿਤਾਂ ਦਾ ਉੱਧਾਰ ਕਰਨ ਵਾਲਾ ਤੇ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਹੈ॥

**60. ਰਵਿਦਾਸ ਹਮਾਰੋ ਸਾਂਈਆਂ, ਰਾਘਵ ਰਾਮ ਰਹੀਮ।**
**ਸਭ ਹੀ ਰਾਮ ਕੋ ਰੂਪ ਹੈ, ਕੇਸੌ ਕ੍ਰਿਸਨ ਕਰੀਮ॥**

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਮੇਰਾ ਮਾਲਿਕ ਪ੍ਰਭੂ ਸਭ 'ਤੇ ਰਹਿਮ ਕਰਨ ਵਾਲਾ ਦਿਆਲੂ ਰਾਮ ਹੈ। ਰਾਘਵ, ਰਹੀਮ, ਕ੍ਰਿਸ਼ਨ, ਕਰੀਮ ਆਦਿਕ ਸਭ ਉਸ ਦਿਆਲੂ ਰਾਮ–ਪ੍ਰਭੂ ਦੇ ਹੀ ਵਿਭਿੰਨ–ਵਿਭਿੰਨ ਰੂਪ ਹਨ ਤੇ ਵਿਭਿੰਨ–ਵਿਭਿੰਨ ਨਾਮ ਹਨ॥

**61. ਰਵਿਦਾਸ ਕੋਉ ਅੱਲ੍ਹਾ ਕਹਇ, ਕੋਉ ਪੁਕਾਰਇ ਰਾਮ।**
**ਕੇਸਵ ਕ੍ਰਿਸਨ ਕਰੀਮ ਸਭ, ਮਾਧਉ ਮੁਕੰਦਹੁ ਨਾਮ॥**

(**ਅੱਲ੍ਹਾ**-ਜੋ ਦਿਖਾਈ ਨਾ ਦੇਵੇ, ਖ਼ੁਦਾ। **ਕਰੀਮ**–ਕਿਰਪਾਲੂ, ਕਿਰਪਾ ਕਰਨ ਵਾਲਾ। **ਮਾਧਉ**–ਮਾਇਆ ਦਾ ਪਤੀ ਭਾਵ ਪਰਮਾਤਮਾ। **ਮੁਕੰਦਹੁ**–ਮੁਕਤੀ ਦੇਣ ਵਾਲਾ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਉਸ ਪ੍ਰਭੂ ਨੂੰ ਕੋਈ ਅੱਲ੍ਹਾ ਤੇ ਕੋਈ ਰਾਮ ਕਹਿ ਕੇ ਪੁਕਾਰਦਾ ਹੈ। ਕੇਸਵ, ਕ੍ਰਿਸ਼ਨ ਕਰੀਮ, ਮਾਧੋ ਤੇ ਮੁਕੰਦ ਆਦਿਕ ਵੀ ਉਸੇ ਪ੍ਰਭੂ ਦੇ ਹੀ ਵਿਭਿੰਨ–ਵਿਭਿੰਨ ਨਾਮ ਹਨ॥

**62. ਸਾਮੀ ਸਿਰਜਨਹਾਰ ਹੈ, ਰਾਮ ਰਹੀਮ ਖੁਦਾਇ।**
**ਰਵਿਦਾਸ ਹਮਾਰੋ ਮੋਹਨਾ, ਪਾਵਨ ਕੇਸੋ ਰਾਇ॥**

(**ਸਾਮੀ**–ਉਹੀ। **ਮੋਹਨਾ**–ਮੋਹ ਲੈਣ ਵਾਲਾ। **ਪਾਵਨ**–ਪਵਿੱਤਰ। **ਰਾਇ**–ਰਾਜਾ, ਸੁਆਮੀ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਉਪਦੇਸ਼ ਦਿੰਦੇ ਹਨ ਕਿ ਉਹੀ ਪ੍ਰਭੂ ਸੰਸਾਰ ਦੀ ਰਚਨਾ ਕਰਨ ਵਾਲਾ ਹੈ ਜਿਸ ਨੂੰ ਅਸੀਂ ਰਾਮ, ਰਹੀਮ, ਖ਼ੁਦਾ, ਕ੍ਰਿਸ਼ਨ ਆਦਿਕ ਕਈ ਨਾਮਾਂ ਨਾਲ ਪੁਕਾਰਦੇ ਹਾਂ। ਉਹ ਸਾਨੂੰ ਪਵਿੱਤਰ ਕਰਨ ਵਾਲਾ ਤੇ ਸਾਡੇ ਮਨ ਨੂੰ ਮੋਹ ਲੈਣ ਵਾਲਾ ਸਾਡਾ ਸੁਆਮੀ–ਪ੍ਰਭੂ ਹੈ॥

**63. ਅਲਖ ਅਲਹ ਖਾਲਿਕ ਖੁਦਾ, ਕ੍ਰਿਸਨ ਕਰੀਮ ਕਰਤਾਰ।**
**ਰਾਮਹ ਨਾਂਉ ਅਨੇਕ ਹੈ, ਕਹੈ ਰਵਿਦਾਸ ਬਿਚਾਰ॥**

(**ਅਲਖ**–ਜੋ ਦਿਖਾਈ ਨਾ ਦੇਵੇ। **ਖਾਲਿਕ**–ਪੈਦਾ ਕਰਨ ਵਾਲਾ, ਪਰਮਾਤਮਾ।)

**ਅਰਥ**:- ਸਤਿਗੁਰੂ ਮਹਾਰਾਜ ਜੀ ਜੀਵਾਂ ਨੂੰ ਉਪਦੇਸ਼ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਮੈਂ ਚੰਗੀ ਤਰ੍ਹਾਂ ਵਿਚਾਰ ਕੀਤਾ ਹੈ ਕਿ ਉਸ ਨਾ ਦਿਖਾਈ ਦੇਣ ਵਾਲੇ ਤੇ ਸਾਰੀ ਖਲਕਤ ਦੀ ਰਚਨਾ ਕਰਨ ਵਾਲੇ ਪਰਮਾਤਮਾ ਨੂੰ ਅੱਲ੍ਹਾ, ਖ਼ੁਦਾ, ਕ੍ਰਿਸ਼ਨ, ਕਰੀਮ, ਰਾਮ ਆਦਿਕ ਅਨੇਕ ਨਾਮਾਂ ਨਾਲ ਪੁਕਾਰਿਆ ਜਾਂਦਾ ਹੈ। ਇਹ ਸਾਰੇ ਵਿਭਿੰਨ ਨਾਮ ਉਸੇ 'ਇਕ' ਪਰਮਾਤਮਾ ਦੇ ਹੀ ਹਨ॥

**64. ਜਬ ਜਬ ਫੈਲੇਈ ਜਗਤ ਮੰਹਿ, ਕੂੜ ਪਾਪ ਅੰਧਆਰ।**
**ਤਬ ਤਬ ਰਾਖੈ ਹੱਥ ਦੇਈ, ਰਵਿਦਾਸ ਇਕ ਰਾਮ ਹਮਾਰ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਕਰਦੇ ਹਨ ਕਿ ਜਦੋਂ-ਜਦੋਂ ਵੀ ਸੰਸਾਰ ਵਿੱਚ ਝੂਠ, ਪਾਪ ਤੇ ਅਗਿਆਨਤਾ ਦਾ ਹਨ੍ਹੇਰਾ ਫ਼ੈਲਦਾ ਹੈ ਉਦੋਂ-ਉਦੋਂ ਪ੍ਰਭੂ ਆਪਣਾ ਹੱਥ ਦੇ ਕੇ ਜੀਵਾਂ ਦੀ ਇਨ੍ਹਾਂ ਤੋਂ ਰੱਖਿਆ ਕਰਦਾ ਹੈ॥

**65. ਰਵਿਦਾਸ ਆਸ ਇਕ ਰਾਮ ਕੀ, ਅਰੁ ਨ ਕਰਹੁ ਕੋਉ ਆਸ।**
**ਰਾਮ ਛਾਡਿ ਔਰਨ ਰਮਿਹੰਇ, ਰਹੰਇ ਸਦਾ ਨਿਰਾਸ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ ਵਿੱਚ ਆਪਣੇ ਭਰੋਸੇ ਨੂੰ ਵਿਅਕਤ ਕਰਦੇ ਹੋਏ ਫ਼ਰਮਾਂਦੇ ਹਨ ਕਿ ਮੈਨੂੰ ਇਕ ਪ੍ਰਭੂ ਤੋਂ ਸਿਵਾਏ ਕਿਸੇ ਹੋਰ ਦਾ ਭਰੋਸਾ ਨਹੀਂ ਹੈ। ਜਿਹੜੇ ਜੀਵ ਪ੍ਰਭੂ ਦਾ ਭਰੋਸਾ ਛੱਡ ਕੇ ਕਿਸੇ ਦੂਸਰੇ (ਦੇਵੀ-ਦੇਵਤੇ ਆਦਿਕ ਦੀ ਉਪਾਸਨਾ) ਵਿੱਚ ਰਮਦੇ ਹਨ, ਉਨ੍ਹਾਂ ਦੇ ਹੱਥ ਸਦਾ ਨਿਰਾਸ਼ਾ ਹੀ ਲੱਗਦੀ ਹੈ॥

**66. ਮਾਥੈ ਤਿਲਕ ਹਾਥ ਜਪ ਮਾਲਾ, ਜਗ ਠਗਨੇ ਕੂੰ ਸਵਾਂਗ ਬਨਾਇਆ।**
**ਮਾਰਗ ਛਾਂਡਿ ਕੁਮਾਰਗ ਡਹਕੈ, ਸਾਂਚੀ ਪ੍ਰੀਤ ਬਿਨੁ ਰਾਮ ਨ ਪਾਇਆ॥**

(**ਸਵਾਂਗ**-ਢੌਂਗ। **ਕੁਮਾਰਗ**-ਬੁਰਾ ਰਸਤਾ। **ਡਹਕੈ**-ਭਟਕਣਾ, ਧੋਖਾ ਦੇਣਾ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ-ਭਗਤੀ ਤੋਂ ਸੱਖਣੇ ਪਾਖੰਡੀ ਜੀਵਾਂ ਬਾਰੇ ਫ਼ਰਮਾਂਦੇ ਹਨ ਕਿ ਕਈ ਜੀਵ ਮੱਥੇ 'ਤੇ ਤਿਲਕ ਲਗਾ ਕੇ ਤੇ ਹੱਥ ਵਿੱਚ ਜੱਪ-ਮਾਲਾ ਫੜ੍ਹ ਕੇ ਸਾਧੂ ਹੋਣ ਦਾ ਢੌਂਗ ਕਰਦੇ ਹਨ ਅਤੇ ਦੁਨੀਆਂ ਨੂੰ ਠੱਗਦੇ ਫਿਰਦੇ ਹਨ। ਉਹ ਸੱਚੇ ਰਾਹ ਨੂੰ ਛੱਡ ਕੇ ਕੁਰਾਹੇ ਪਏ ਹੋਏ ਭਟਕਦੇ ਰਹਿੰਦੇ ਹਨ ਤੇ ਭੁੱਲ ਜਾਂਦੇ ਹਨ ਕਿ ਸੱਚੀ ਪ੍ਰੀਤ ਤੋਂ ਬਿਨਾਂ ਪ੍ਰਭੂ ਨੂੰ ਪਾਇਆ ਨਹੀਂ ਜਾ ਸਕਦਾ॥

**67. ਦੇਹਰਾ ਅਰੁ ਮਸੀਤ ਮੰਹਿ, ਰਵਿਦਾਸ ਨ ਸੀਸ ਨਵਾਇੰ।**
**ਜਿਹ ਲੌਂ ਸੀਸ ਨਿਵਾਵਨਾ, ਸੋ ਠਾਕੁਰ ਸਭ ਥਾਇੰ॥**

(**ਦੇਹਰਾ**-ਸਮਾਧ 'ਤੇ ਬਣਿਆ ਹੋਇਆ ਮੰਦਰ। **ਨਵਾਇੰ**-ਝੁਕਾਉਣਾ।)

**ਅਰਥ**:- ਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਮੈਂ ਮੰਦਰ ਜਾਂ ਮਸਜਿਦ ਵਿੱਚ ਜਾ ਕੇ ਪ੍ਰਭੂ ਜਾਂ ਅੱਲ੍ਹਾ ਦੀ ਪੂਜਾ ਲਈ ਸੀਸ ਨਹੀਂ ਝੁਕਾਉਂਦਾ ਹਾਂ। ਜਿਸ ਪ੍ਰਭੂ ਜਾਂ ਅੱਲ੍ਹਾ ਲਈ ਮੰਦਰ ਜਾਂ ਮਸਜਿਦ ਵਿੱਚ ਜਾ ਕੇ ਸੀਸ

ਝੁਕਾਉਣਾ ਹੈ ਉਹ ਪ੍ਰਭੂ ਜਾਂ ਅੱਲ੍ਹਾ ਤਾਂ ਸਭ ਥਾਂ 'ਤੇ ਮੌਜੂਦ ਹੈ, ਇਸ ਲਈ ਉਸ ਦੀ ਪੂਜਾ ਤਾਂ ਕਿਸੇ ਵੀ ਥਾਂ 'ਤੇ ਕੀਤੀ ਜਾ ਸਕਦੀ ਹੈ॥

**68. ਰਵਿਦਾਸ ਨ ਪੂਜਇ ਦੇਹਰਾ, ਅਰੁ ਨ ਮਸਜਿਦ ਜਾਇ।**
**ਜਹਿੰ ਤਹਿੰ ਈਸ ਕਾ ਬਾਸ ਹੈ, ਤਹਿੰ ਤਹਿੰ ਸੀਸ ਨਵਾਇ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਉਪਦੇਸ਼ ਦਿੰਦੇ ਹਨ ਕਿ ਪ੍ਰਭੂ-ਭਗਤ ਨੂੰ ਆਪਣੇ ਇਸ਼ਟ-ਦੇਵ ਦੀ ਅਰਾਧਨਾ ਲਈ ਕਿਸੇ ਖ਼ਾਸ ਪੂਜਾ-ਅਸਥਾਨ ਦੀ ਲੋੜ ਨਹੀਂ ਹੁੰਦੀ। ਆਪ ਜੀ ਫ਼ਰਮਾਉਂਦੇ ਹਨ ਕਿ ਪ੍ਰਭੂ-ਭਗਤੀ ਲਈ ਮੈਂ ਨਾ ਤਾਂ ਮੰਦਰ ਵਿੱਚ ਜਾ ਕੇ ਪੂਜਾ ਕਰਦਾ ਹਾਂ ਤੇ ਨਾ ਹੀ ਮਸਜਿਦ ਵਿੱਚ ਜਾ ਕੇ ਨਮਾਜ਼ ਪੜ੍ਹਦਾ ਹਾਂ। ਮੇਰਾ ਸਿਰ ਤਾਂ ਕੇਵਲ ਉੱਥੇ ਝੁਕਦਾ ਹੈ ਜਿੱਥੇ-ਕਿੱਥੇ ਵੀ ਪ੍ਰਭੂ ਦਾ ਵਾਸ ਹੈ ਤੇ ਉਸ ਪ੍ਰਭੂ ਦਾ ਵਾਸ ਤਾਂ ਹਰ ਥਾਂ 'ਤੇ ਹੈ॥

**69. ਹਿੰਦੂ ਪੂਜਈ ਦੇਹਰਾ, ਮੁਸਲਮਾਨ ਮਸੀਤਿ।**
**ਰਵਿਦਾਸ ਪੂਜਈ ਉਸ ਰਾਮ ਕੂੰ, ਜਿਹ ਨਿਰੰਤਰ ਪ੍ਰੀਤਿ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਹਿੰਦੂ ਮੰਦਰ ਵਿੱਚ ਪੂਜਾ ਕਰਦੇ ਹਨ ਤੇ ਮੁਸਲਮਾਨ ਮਸਿਜਦ ਵਿੱਚ ਨਮਾਜ਼ ਪੜ੍ਹਦੇ ਹਨ ਪਰ ਮੈਂ ਉਸ ਪਰਮਾਤਮਾ ਦੀ ਅਰਾਧਨਾ ਕਰਦਾ ਹਾਂ ਜੋ ਮੇਰੇ ਅੰਦਰ ਬਿਰਾਜਮਾਨ ਹੈ ਤੇ ਜਿਸ ਨਾਲ ਮੇਰੀ ਲਗਾਤਾਰ ਪ੍ਰੀਤ ਬਣੀ ਹੋਈ ਹੈ॥

**70. ਪ੍ਰੇਮ ਪੰਥ ਕੀ ਪਾਲਕੀ, ਰਵਿਦਾਸ ਬੈਠਿਓ ਆਇ।**
**ਸਾਚੇ ਸਾਮੀ ਮਿਲਨ ਕੂੰ, ਆਨੰਦ ਕਹਿਓ ਨ ਜਾਇ॥**

(**ਸਾਮੀ**-ਸੁਆਮੀ। **ਕਹਿਓ ਨ ਜਾਇ**-ਬਿਆਨ ਨਹੀਂ ਕੀਤਾ ਜਾ ਸਕਦਾ।)

**ਅਰਥ**:-ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਮੈਂ ਪ੍ਰੇਮ-ਪ੍ਰੀਤ ਦੇ ਰਸਤੇ 'ਤੇ ਜਾਣ ਵਾਲੀ ਭਗਤੀ-ਰੂਪੀ ਪਾਲਕੀ ਵਿੱਚ ਬੈਠ ਕੇ ਆਪਣੇ ਸਵਾਮੀ-ਪ੍ਰਭੂ ਕੋਲ ਪਹੁੰਚ ਗਿਆ ਹਾਂ ਤੇ ਉਸ ਨੂੰ ਮਿਲ ਕੇ ਆਨੰਦ ਭਰਪੂਰ ਹੋ ਗਿਆ ਹਾਂ। ਹੇ ਭਾਈ! ਪ੍ਰਭੂ-ਮਿਲਾਪ ਦੇ ਇਸ ਅਦਭੁੱਤ ਆਨੰਦ ਨੂੰ ਸ਼ਬਦਾਂ ਵਿੱਚ ਹੂ-ਬ-ਹੂ ਬਿਆਨ ਨਹੀਂ ਕੀਤਾ ਜਾ ਸਕਦਾ॥

**71. ਰਵਿਦਾਸ ਮੋਰੇ ਮਨ ਲਾਗਿਓ, ਰਾਮ ਪ੍ਰੇਮ ਕੋ ਤੀਰ।**
**ਰਾਮ ਰਸਾਇਨ ਜਉ ਮਿਲਹਿੰ, ਤਉ ਹਰੈ ਹਮਾਰੋ ਪੀਰ॥**

(**ਰਾਮ ਰਸਾਇਨ**-ਗੁਰਮਤਿ ਅਨੁਸਾਰ ਪਰਮਾਤਮਾ ਦਾ ਨਾਮ ਜੋ ਸਾਰੇ ਰਸਾਂ ਦਾ ਘਰ ਹੈ, ਰਾਮ ਨਾਮ ਰੂਪੀ ਦਵਾਈ। **ਹਰੈ**-ਖ਼ਤਮ ਹੋਣਾ। **ਪੀਰ**-ਪੀੜ, ਦੁੱਖ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ-ਬਿਰਹਾ ਦੀ ਆਪਣੀ ਪੀੜਾ ਨੂੰ ਵਿਅਕਤ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਪਰਮਾਤਮਾ ਦਾ ਪ੍ਰੇਮ-ਰੂਪੀ ਤੀਰ ਮੇਰੇ ਕਲੇਜੇ ਵਿੱਚ ਲੱਗ ਗਿਆ ਹੈ ਜਿਸ ਨਾਲ ਪ੍ਰਭੂ ਨੂੰ ਮਿਲਣ ਦੀ ਮੇਰੀ ਤੜਫ਼ ਹੋਰ ਵਧ ਗਈ ਹੈ। ਜਦੋਂ ਤੱਕ ਮੈਨੂੰ ਪ੍ਰਭੂ ਦੀ ਨਾਮ-ਰੂਪੀ ਦਵਾਈ

ਨਹੀਂ ਮਿਲ ਜਾਂਦੀ ਉਦੋਂ ਤੱਕ ਮੇਰੀ ਬਿਰਹਾ ਦੀ ਇਹ ਪੀੜਾ ਖ਼ਤਮ ਨਹੀਂ ਹੋਣੀ ਹੈ। ਰਾਮ ਰਸਾਇਣ ਹੀ ਮੇਰੀ ਪੀੜਾ ਨੂੰ ਦੂਰ ਕਰ ਸਕਦੀ ਹੈ॥

72. **ਕਾ ਮਥੁਰਾ ਕਾ ਦਵਾਰਿਕਾ, ਕਾ ਕਾਸ਼ੀ ਹਰਿਦਵਾਰ।**
**ਰਵਿਦਾਸ ਖੋਜਾ ਦਿਲ ਆਪਨਾ, ਤਉ ਮਿਲਿਆ ਦਿਲਦਾਰ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ ਨੂੰ ਆਪਣੇ ਮਨ ਅੰਦਰ ਹੀ ਖੋਜਣ ਦਾ ਉਪਦੇਸ਼ ਦਿੰਦੇ ਹੋਏ ਫ਼ਰਮਾਂਦੇ ਹਨ ਕਿ ਪ੍ਰਭੂ-ਪ੍ਰੀਤਮ ਦੀ ਖੋਜ ਵਿੱਚ ਮਥੁਰਾ, ਦਵਾਰਿਕਾ, ਕਾਂਸ਼ੀ ਤੇ ਹਰਿਦਵਾਰ ਆਦਿਕ ਤੀਰਥਾਂ ਦਾ ਭ੍ਰਮਣ ਕਰਨ ਦਾ ਕੋਈ ਲਾਭ ਨਹੀਂ ਹੈ। ਜਿਹੜੇ ਜੀਵ ਬਾਹਰਮੁਖੀ ਆਡੰਬਰਾਂ ਨੂੰ ਤਿਆਗ ਕੇ ਪ੍ਰਭੂ-ਪ੍ਰੀਤਮ ਨੂੰ ਆਪਣੇ ਹਿਰਦੇ-ਰੂਪੀ ਤੀਰਥ ਅੰਦਰ ਖੋਜਦੇ ਹਨ ਉਹ ਉਸ ਨੂੰ ਪਾ ਲੈਂਦੇ ਹਨ॥

73. **ਤੁਰਕ ਮਸੀਤਿ ਅੱਲਾ ਢੂੰਡਈ, ਹਿੰਦੂ ਦੇਹਰੇ ਰਾਮ ਗੁਸਾਂਈ।**
**ਰਵਿਦਾਸ ਢੂੰਡਿਆ ਰਾਮ ਰਹੀਮ ਕੂੰ, ਜਹਂ ਮਸੀਤ ਦੇਹਰਾ ਨਾਂਹੀ॥**

(**ਤੁਰਕ**-ਮੁਸਲਮਾਨ। **ਮਸੀਤ**-ਮਸਜਿਦ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਮੁਸਲਮਾਨ ਪਰਮਾਤਮਾ ਨੂੰ ਅੱਲ੍ਹਾ ਕਹਿੰਦੇ ਹਨ ਤੇ ਉਸ ਨੂੰ ਮਸਜਿਦਾਂ ਵਿੱਚ ਲੱਭਦੇ ਹਨ। ਹਿੰਦੂ ਪਰਮਾਤਮਾ ਨੂੰ ਰਾਮ-ਗੁਸਾਂਈ ਕਹਿੰਦੇ ਹਨ ਤੇ ਉਸ ਨੂੰ ਮੰਦਰਾਂ ਵਿੱਚ ਲੱਭਦੇ ਹਨ। ਪਰ ਮੈਂ ਉਸ ਪਰਮਾਤਮਾ ਨੂੰ (ਆਪਣੇ ਅੰਦਰੋਂ ਹੀ) ਲੱਭ ਲਿਆ ਹੈ, ਜਿੱਥੇ ਮੰਦਰ ਤੇ ਮਸਜਿਦ ਦੋਨੋਂ ਹੀ ਨਹੀਂ ਹਨ॥

74. **ਦੇਤਾ ਰਹੇ ਹਜਾਰ ਬਰਸ, ਮੁੱਲਾ ਚਾਹੇ ਅਜਾਨ।**
**ਰਵਿਦਾਸ ਖੁਦਾ ਨਹ ਮਿਲ ਸਕਈ, ਜੌ ਲੌਂ ਮਨ ਸੈਤਾਨ॥**

(**ਮੁੱਲਾ**-ਵਿਦਵਾਨ, ਜੋ ਵਿੱਦਿਆ ਨਾਲ ਪੂਰਣ ਹੈ। **ਅਜਾਨ**-ਮਸਜਿਦ ਦੀ ਮੁਨਾਰ 'ਤੇ ਖੜ੍ਹ ਕੇ ਉੱਚੀ ਆਵਾਜ਼ ਵਿੱਚ ਅੱਲ੍ਹਾ ਨੂੰ ਪੁਕਾਰਨਾ। **ਸੈਤਾਨ**-ਅਜਿਹੀ ਸ਼ਕਤੀ ਜੋ ਆਦਮੀ ਨੂੰ ਬਦੀ ਵੱਲ ਪ੍ਰੇਰਦੀ ਹੈ।)

**ਅਰਥ**:- ਸਤਿਗੁਰੂ ਜੀ ਮਹਾਰਾਜ ਜੀਵਾਂ ਨੂੰ ਆਗਾਹ ਕਰਦੇ ਹੋਏ ਉਪਦੇਸ਼ ਦਿੰਦੇ ਹਨ ਕਿ ਅੱਲ੍ਹਾ ਦੀ ਪ੍ਰਾਪਤੀ ਲਈ ਮੁੱਲਾ ਮਸਜਿਦ ਦੀ ਮੁਨਾਰ 'ਤੇ ਖੜ੍ਹ ਕੇ ਭਾਂਵੇਂ ਹਜ਼ਾਰਾਂ ਸਾਲ ਉੱਚੀ-ਉੱਚੀ ਬਾਂਗਾਂ ਦਿੰਦਾ ਰਹੇ ਪਰ ਜਦੋਂ ਤੱਕ ਉਸ ਦੇ ਮਨ ਵਿੱਚ ਸ਼ੈਤਾਨ ਹੈ ਉਦੋਂ ਤੱਕ ਉਸ ਦਾ ਖ਼ੁਦਾ ਨਾਲ ਮਿਲਾਪ ਨਹੀਂ ਹੋਣਾ ਹੈ। ਖ਼ੁਦਾ ਨੂੰ ਮਿਲਣ ਲਈ ਮਨ ਦਾ ਨਿਰਵਿਕਾਰੀ ਹੋਣਾ ਜ਼ਰੂਰੀ ਹੈ॥

75. **ਜਉ ਅੱਲਾਹ ਬਸਹਿੰ ਮਸੀਤ ਮੰਹ, ਮੰਦਿਰ ਮੰਹ ਭਗਵਾਨ।**
**ਰਵਿਦਾਸ ਖੋਜਿਓ ਦਿਲ ਆਪਨੋ, ਤਿਨਹ ਪਾਇਓ ਰਹਿਮਾਨ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਤਰਕ ਸਹਿਤ ਜੀਵਾਂ ਨੂੰ ਸਮਝਾਂਦੇ

ਹਨ ਕਿ ਜੇ ਖ਼ੁਦਾ ਮਸਜਿਦ ਵਿੱਚ ਵਸਦਾ ਹੈ ਤਾਂ ਫਿਰ ਮੰਦਰ ਵਿੱਚ ਭਗਵਾਨ ਕਿਉਂ ਨਹੀਂ ਵਸ ਸਕਦਾ? ਅਸਲ ਵਿੱਚ ਉਹ ਨਾ ਮੰਦਰ ਤੇ ਨਾ ਹੀ ਮਸਜਿਦ ਵਿੱਚ ਵਸਦਾ ਹੈ। ਉਹ ਦਿਆਲੂ ਪ੍ਰਭੂ ਤਾਂ ਹਰ ਜੀਵ ਦੇ ਅੰਦਰ ਵਸਦਾ ਹੈ। ਜੋ ਵੀ ਜੀਵ ਉਸ ਨੂੰ ਆਪਣੇ ਹਿਰਦੇ ਅੰਦਰ ਖੋਜਦਾ ਹੈ ਉਹ ਉਸ ਦਿਆਲੂ ਪ੍ਰਭੂ ਨੂੰ ਪਾ ਲੈਂਦਾ ਹੈ॥

**76. ਜੋ ਖੁਦਾ ਪੱਛਮ ਬਸੈ, ਤੌ ਪੂਰਬ ਬਸਤ ਹੈ ਰਾਮ।**
**ਰਵਿਦਾਸ ਸੇਵੋਂ ਜਿਹ ਠਾਕਰੋਂ, ਤਿਹ ਕਾ ਠਾਂਵ ਨ ਨਾਮ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਮੁਸਲਮਾਨ ਕਹਿੰਦੇ ਹਨ ਕਿ ਖ਼ੁਦਾ ਪੱਛਮ ਵਿੱਚ ਵਸਦਾ ਹੈ ਤੇ ਹਿੰਦੂ ਕਹਿੰਦੇ ਹਨ ਕਿ ਪਰਮਾਤਮਾ ਪੂਰਬ ਵਿੱਚ ਵਸਦਾ ਹੈ। ਪਰ ਮੈਂ ਤਾਂ ਉਸ ਪਰਮਾਤਮਾ ਦੀ ਅਰਾਧਨਾ ਕਰਦਾ ਹਾਂ ਜਿਸ ਦੇ ਵਸਣ ਦਾ ਕੋਈ ਖ਼ਾਸ ਥਾਂ ਠਿਕਾਣਾ ਨਹੀਂ ਹੈ ਤੇ ਨਾ ਹੀ ਉਸਦਾ ਕੋਈ ਖ਼ਾਸ ਨਾਮ ਹੈ। (ਉਹ ਪ੍ਰਭੂ ਤਾਂ ਕਣ-ਕਣ ਤੇ ਘਟ-ਘਟ ਵਿੱਚ ਵਸ ਰਿਹਾ ਹੈ ਤੇ ਦੁਨੀਆਂ ਦੇ ਸਾਰੇ ਨਾਮ ਉਸੇ ਦੇ ਹੀ ਨਾਮ ਹਨ।)॥

**77. ਸੁਰਤ ਸ਼ਬਦ ਜਉ ਏਕ ਹੋਂ, ਤਉ ਪਾਇਹਿੰ ਪਰਮ ਅਨੰਦ।**
**ਰਵਿਦਾਸ ਅੰਤਰ ਦੀਪਕ ਜਰਈ, ਘਟ ਉਪਜਇ ਬ੍ਰਹਮ ਅਨੰਦ॥**

(**ਪਰਮ**-ਸਰਬ ਸ੍ਰੇਸ਼ਟ। **ਜਰਈ**-ਜਗ ਪੈਣਾ। **ਉਪਜਇ**-ਪੈਦਾ ਹੋਣਾ, ਅਨੁਭੂਤੀ ਹੋਣਾ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਸ਼ਬਦ-ਸੁਰਤਿ ਦਾ ਮਾਰਗ ਦ੍ਰਿੜ੍ਹ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਜਦੋਂ ਆਤਮਿਕ ਅਡੋਲਤਾ ਵਿੱਚ ਟਿਕ ਕੇ ਪ੍ਰਭੂ ਸਿਮਰਨ ਕਰਦੇ ਹੋਏ ਜੀਵ ਦੀ ਸੁਰਤਿ ਪ੍ਰਭੂ ਦੇ 'ਸ਼ਬਦ-ਰੂਪ' ਨਾਲ ਇੱਕਮਿਕ ਹੋ ਜਾਂਦੀ ਹੈ ਭਾਵ 'ਸੁਰਤਿ-ਸ਼ਬਦ' ਦਾ ਮੇਲ ਹੋ ਜਾਂਦਾ ਹੈ ਤਾਂ ਉਸ ਸਮੇਂ ਜੀਵ ਨੂੰ ਸਭ ਤੋਂ ਉੱਚੇ ਆਤਮਿਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਉਸ ਸਮੇਂ ਜੀਵ ਦੇ ਹਿਰਦੇ ਅੰਦਰ ਆਤਮਿਕ ਜੀਵਨ ਦੀ ਸੂਝ ਦਾ ਦੀਪਕ ਜਗ ਪੈਂਦਾ ਹੈ ਜਿਸ ਨਾਲ ਬ੍ਰਹਮ-ਆਨੰਦ ਦੀ ਅਨੁਭੂਤੀ ਹੁੰਦੀ ਹੈ॥

**78. ਰਵਿਦਾਸ ਸਬਦਹ ਸਹ ਜਬਹਿ, ਸੁਖਹੁ ਇਕਮਿਕ ਹੋਇ।**
**ਅਨੁਭੂਤਿ ਸਤਿਨਾਮਹ, ਸਵਯੰ ਦੇਤਹਿੰ ਲੋਇ॥**

(**ਸਬਦਹ**-ਸ਼ਬਦ, ਪ੍ਰਭੂ ਦਾ ਸ਼ਬਦ। **ਸਹ**-ਸਾਥ, ਨਾਲ। **ਸੁਖਹੁ**-ਸੁੱਖ ਪੂਰਵਕ। **ਅਨੁਭੂਤਿ**-ਅਨੁਭਵ। **ਸਤਿਨਾਮਹ**-'ਸਤਯ' ਹੈ ਜਿਸ ਦਾ ਨਾਮ, ਸਦਾ ਥਿਰ ਰਹਿਣ ਵਾਲਾ ਨਾਮ। **ਸਵਯੰ**-ਆਪਣੇ ਆਪ। **ਲੋਇ**-ਪ੍ਰਕਾਸ਼।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਕਰਦੇ ਹਨ ਕਿ ਜਦੋਂ ਪ੍ਰਭੂ ਸਿਮਰਨ ਕਰਦੇ ਹੋਏ ਜੀਵ ਦੀ ਸੁਰਤਿ 'ਸ਼ਬਦ-ਬ੍ਰਹਮ' ਨਾਲ ਸੁੱਖ-ਪੂਰਵਕ ਇੱਕ-ਮਿਕ ਹੋ ਜਾਂਦੀ ਹੈ ਭਾਵ 'ਸੁਰਤਿ-ਸ਼ਬਦ' ਦਾ ਮੇਲ ਹੋ ਜਾਂਦਾ ਹੈ ਤਾਂ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦਾ ਅਨੁਭਵ ਹੁੰਦਾ ਹੈ। ਫਿਰ ਜੀਵ ਅੰਦਰ

ਪ੍ਰਭੂ ਦੀ ਜੋਤਿ ਦਾ ਪ੍ਰਕਾਸ਼ ਆਪਣੇ-ਆਪ ਹੀ ਹੋ ਜਾਂਦਾ ਹੈ ਭਾਵ ਜੀਵ ਨੂੰ ਆਤਮਿਕ ਜੀਵਨ ਜਿਊਣ ਦੀ ਸੋਝੀ ਆਪਣੇ-ਆਪ ਹੀ ਆ ਜਾਂਦੀ ਹੈ॥

**79. ਉਂਕਾਰ ਕੋ ਧਿਆਨ ਮੰਹਿ, ਜੌ ਲੌ ਸੁਰਤ ਨ ਹੋਇ।**
**ਤੌ ਲੌ ਸਾਂਚੇ ਬ੍ਰਹਮ ਕੂੰ, ਰਵਿਦਾਸ ਨ ਬੂਝਇ ਕੋਇ॥**

(**ਉਂਕਾਰ**-ਇਕ ਰਸ ਵਿਆਪਕ ਪ੍ਰਭੂ। **ਧਿਆਨ**-ਮਨ ਦੀ ਇਕਾਗਰਤਾ। **ਸਾਂਚੇ ਬ੍ਰਹਮ**-ਸਤਿਸਰੂਪ ਪਰਮਾਤਮਾ। **ਬੂਝਇ**-ਜਾਣਨਾ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਕਰਦੇ ਹਨ ਕਿ ਜਦੋਂ ਤੱਕ ਜੀਵ ਦੀ ਸੁਰਤਿ ਇਕ-ਰਸ ਵਿਆਪਕ ਪ੍ਰਭੂ ਦੇ ਧਿਆਨ ਵਿੱਚ ਨਹੀਂ ਜੁੜਦੀ ਅਰਥਾਤ ਜਦੋਂ ਤੱਕ ਸੁਰਤਿ 'ਸ਼ਬਦ' ਵਿੱਚ ਲੈਅ ਨਹੀਂ ਹੋ ਜਾਂਦੀ, ਉਦੋਂ ਤੱਕ ਸਤਿ-ਸਰੂਪ ਪਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ। ਸ਼ਬਦ-ਸੁਰਤਿ ਦਾ ਮੇਲ ਹੀ ਪਾਰਬ੍ਰਹਮ ਦੀ ਪ੍ਰਾਪਤੀ ਕਰਵਾਉਂਦਾ ਹੈ। (ਸੋ ਪਾਰਬ੍ਰਹਮ ਪਰਮੇਸ਼ਰ ਦੀ ਪ੍ਰਾਪਤੀ ਲਈ ਮਨ ਦੀ ਇਕਾਗਰਤਾ ਅਤਿ ਜ਼ਰੂਰੀ ਹੈ।)॥

**80. ਰਵਿਦਾਸ ਦੀਯਾ ਜਗਮਗ ਜਰਏ, ਬਿਨ ਬਾਤੀ ਬਿਨ ਤੇਲ।**
**ਸੁਰਤ ਸਾਧਿਕਰ ਹੀਯਾ ਮੰਹਿ, ਦੇਖ ਪਿਆ ਕੇ ਖੇਲ॥**

(**ਸੁਰਤ**-ਧਿਆਨ। **ਸਾਧਿਕਰ**-ਇਕਾਗਰ ਕਰਕੇ, ਟਿਕਾ ਕੇ। **ਹੀਯੇ**-ਹਿਰਦੇ, ਸੰਤਾਂ ਨੇ ਹਿਰਦੇ ਨੂੰ ਤ੍ਰਿਕੁਟੀ ਵੀ ਕਿਹਾ ਹੈ। **ਪਿਆ**-ਪ੍ਰੀਤਮ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਇਹ ਇਕ ਅਦਭੁੱਤ ਖੇਲ੍ਹ ਹੈ ਕਿ ਪ੍ਰਭੂ ਦੇ ਨਾਮ ਦਾ ਦੀਪਕ ਬਿਨਾਂ ਤੇਲ ਤੇ ਬਿਨਾਂ ਬੱਤੀ ਦੇ ਹਮੇਸ਼ਾ ਜਗਮਗਾਉਂਦਾ ਰਹਿੰਦਾ ਹੈ। ਜੇਕਰ ਕਿਸੇ ਜੀਵ ਨੇ ਇਸ ਅਦਭੁੱਤ ਖੇਲ੍ਹ ਨੂੰ ਦੇਖਣਾ ਹੈ ਤਾਂ ਉਹ ਸੁਰਤਿ ਨੂੰ ਆਪਣੇ ਹਿਰਦੇ (ਭਾਵ ਤ੍ਰਿਕੁਟੀ) 'ਤੇ ਟਿਕਾ ਕੇ ਪ੍ਰਭੂ-ਪ੍ਰੀਤਮ ਦੇ ਇਸ ਖੇਲ੍ਹ ਨੂੰ ਦੇਖ ਸਕਦਾ ਹੈ॥

**81. ਰਵਿਦਾਸ ਸੁਰਤ ਕੂੰ ਸਾਧਿਕਰ, ਮੋਹਨ ਸੌ ਕਰ ਪਿਆਰ।**
**ਭੌ-ਜਲ ਕਰ ਸੰਕਟ ਕਟਹਿੰ, ਛੁਟਹਿੰ ਬਿਘਨ ਬਿਕਾਰ॥**

(**ਸੁਰਤ**-ਧਿਆਨ। **ਸਾਧਿਕਰ**-ਇਕਾਗਰ ਕਰਕੇ। **ਮੋਹਨ**-ਮੋਹਿਤ ਕਰਨ ਵਾਲਾ, ਪਰਮਾਤਮਾ। **ਭੌਜਲ**-ਸੰਸਾਰ ਰੂਪੀ ਭਵਸਾਗਰ। **ਬਿਘਨ**-ਰੁਕਾਵਟ, ਬੰਧਨ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਉਪਦੇਸ਼ ਦਿੰਦੇ ਹਨ ਕਿ ਹੇ ਜੀਵ! ਤੂੰ ਸੁਰਤਿ ਨੂੰ ਇਕਾਗਰ ਕਰਕੇ ਸਭ ਨੂੰ ਮੋਹ ਲੈਣ ਵਾਲੇ ਪ੍ਰਭੂ ਨਾਲ ਸੱਚੀ ਪ੍ਰੀਤ ਕਰ, ਉਸ ਦਾ ਨਾਮ-ਸਿਮਰਨ ਕਰ। ਇਸ ਤਰ੍ਹਾਂ ਕਰਨ ਨਾਲ ਮਾਇਆ ਦੇ ਮੋਹ-ਰੂਪ ਸੰਸਾਰ-ਸਮੁੰਦਰ ਨੂੰ ਪਾਰ ਕਰਨ ਦੇ ਤੇਰੇ ਸਾਰੇ ਦੁੱਖ ਕੱਟੇ ਜਾਣਗੇ, (ਆਤਮਿਕ ਮੌਤ ਲਿਆਉਣ ਵਾਲੇ) ਵਿਕਾਰਾਂ ਦਾ ਨਾਸ਼ ਹੋ ਜਾਵੇਗਾ ਤੇ ਸੰਸਾਰਿਕ ਬੰਧਨਾਂ ਤੋਂ ਵੀ ਮੁਕਤੀ ਮਿਲ ਜਾਵੇਗੀ॥

**82. ਜੀਵਨ ਜੋਤ ਕੈਸੇ ਜਗਿ, ਕੈਸੇ ਹੋਇ ਅੰਤ।**
**ਰਵਿਦਾਸ ਮਨੁਖ ਨ ਜਾਨੰਹਿ, ਜਾਨਤ ਹੈਂ ਭਗਵੰਤ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਕੋਈ ਵੀ

ਜੀਵ ਇਹ ਨਹੀਂ ਜਾਣਦਾ ਕਿ ਜੀਵਨ ਦੀ ਜੋਤਿ ਕਿਵੇਂ ਜਗੀ ਤੇ ਕਿਵੇਂ ਬੁਝੇਗੀ। ਕੋਈ ਵੀ ਜੀਵ ਇਹ ਨਹੀਂ ਜਾਣਦਾ ਕਿ ਉਸ ਦਾ ਕਦੋਂ ਤੇ ਕਿਵੇਂ ਜਨਮ ਹੋਇਆ ਤੇ ਕਦੋਂ ਤੇ ਕਿਵੇਂ ਅੰਤ ਹੋਵੇਗਾ। ਜੀਵ ਦੇ ਜਨਮ-ਮਰਨ ਦਾ ਭੇਦ ਕੇਵਲ ਪਰਮਾਤਮਾ ਹੀ ਜਾਣਦਾ ਹੈ॥

**83. ਰਵਿਦਾਸ ਜਨਮੇ ਕਉ ਹਰਸ ਕਾ, ਮਰਨੇ ਕਉ ਕਾ ਸ਼ੋਕ।**
**ਬਾਜੀਗਰ ਕੇ ਖੇਲ ਕੂੰ, ਸਮਝਤ ਨਾਂਹੀ ਲੋਕ॥**

(**ਹਰਸ**-ਖੁਸ਼ੀ। **ਸ਼ੋਕ**-ਗ਼ਮੀ, ਦੁੱਖ। **ਬਾਜੀਗਰ**-ਖੇਡ ਰਚਾਉਣ ਵਾਲਾ, ਪਰਮਾਤਮਾ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਪਰਮਾਤਮਾ ਦੀ ਰਜ਼ਾ 'ਚ ਰਾਜ਼ੀ ਰਹਿਣ ਦਾ ਉਪਦੇਸ਼ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਕਿਸੇ ਦੇ ਜਨਮ ਦੀ ਖੁਸ਼ੀ ਤੇ ਕਿਸੇ ਦੇ ਮਰਨ 'ਤੇ ਦੁਖੀ ਹੋਣ ਦੀ ਕੀ ਲੋੜ ਹੈ? ਜਨਮ-ਮਰਨ ਤਾਂ ਉਸ ਬਾਜੀਗਰ-ਪ੍ਰਭੂ ਦਾ ਇਕ ਖੇਲ੍ਹ ਹੈ, ਪਰ ਆਤਮਿਕ ਜੀਵਨ ਤੋਂ ਸੱਖਣੇ ਜੀਵ ਇਸ ਖੇਲ੍ਹ ਦੇ ਭੇਦਾਂ ਨੂੰ ਨਹੀਂ ਸਮਝ ਸਕਦੇ॥

**ਨੋਟ**:- ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਸਲੋਕ ਨੰਬਰ 84 ਤੋਂ ਲੈ ਕੇ ਸਲੋਕ ਨੰਬਰ 97 ਤੱਕ ਸੱਚੇ ਸਾਧੂ-ਸੰਤ ਦੇ ਗੁਣਾਂ 'ਤੇ ਚਾਨਣਾ ਪਾਇਆ ਹੈ। ਆਪ ਜੀ ਅਨੁਸਾਰ ਭਗਤ (ਸੱਚੇ ਸਾਧੂ-ਸੰਤ) ਭਗਵਾਨ ਦੇ ਬਰਾਬਰ ਹੁੰਦੇ ਹਨ। ਭਗਵਾਨ ਵਾਂਗ ਉਨ੍ਹਾਂ ਦੇ ਗੁਣ ਵੀ ਅਕੱਥਨੀਯ ਹਨ। ਕੁਝ ਹੱਦ ਤੱਕ ਹੀ ਉਨ੍ਹਾਂ ਦੇ ਗੁਣਾਂ ਨੂੰ ਵਿਸ਼ੇਸ਼ਣਾਂ ਰਾਹੀਂ ਵਿਅਕਤ ਕੀਤਾ ਜਾ ਸਕਦਾ ਹੈ। ਇਨ੍ਹਾਂ ਸਲੋਕਾਂ ਰਾਹੀਂ ਜਿੱਥੇ ਗੁਰੂ ਜੀ ਨੇ ਸੱਚੇ ਸਾਧੂ-ਸੰਤ ਦੀ ਮਹਿਮਾ ਦਾ ਗੁਣਗਾਨ ਕੀਤਾ ਹੈ ਉੱਥੇ ਨਾਲ ਹੀ ਸਮਾਜ ਦੇ ਭੋਲੇ-ਭਾਲੇ ਲੋਕਾਂ ਨੂੰ ਢੋਂਗੀ, ਪਾਖੰਡੀ, ਆਡੰਬਰੀ ਤੇ ਕਰਮਕਾਂਡੀ ਸਾਧੂ-ਸੰਤਾਂ ਤੋਂ ਬਚਣ ਲਈ ਕਈ ਤਰ੍ਹਾਂ ਦੇ ਸੰਕੇਤ ਦੇ ਕੇ ਸੁਚੇਤ ਵੀ ਕੀਤਾ ਹੈ।

**84. ਰਵਿਦਾਸ ਸੋਇ ਸਾਧੂ ਭਲੋ, ਜਉ ਜਗ ਮਹਿੰ ਲਿਪਤ ਨ ਹੋਇ।**
**ਗੋਬਿੰਦ ਸੋਂ ਰਾਂਚਾ ਰਹਇ, ਅਰੁ ਜਾਨਹਿੰ ਨਹਿੰ ਕੋਇ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹੋਏ ਸਮਝਾਉਂਦੇ ਹਨ ਕਿ ਉਹ ਸਾਧੂ ਉੱਤਮ ਹੈ ਜੋ ਸੰਸਾਰ 'ਚ ਰਹਿੰਦਾ ਹੋਇਆ ਵੀ ਸੰਸਾਰ ਦੀ ਮੋਹ-ਮਾਇਆ ਤੇ ਵਿਸ਼ੇ-ਵਿਕਾਰਾਂ ਵਿੱਚ ਲਿਪਤ ਨਹੀਂ ਹੁੰਦਾ। ਉਹ ਸੰਸਾਰ ਦੇ ਵਸਤ-ਪਦਾਰਥਾਂ ਤੋਂ ਹਮੇਸ਼ਾ ਨਿਰਲੇਪ ਰਹਿੰਦਾ ਹੈ। ਉਸ ਦਾ ਧਿਆਨ ਹਮੇਸ਼ਾ ਦਿਲਾਂ ਦੇ ਜਾਣਨਹਾਰ-ਪ੍ਰਭੂ ਦੀ ਭਗਤੀ ਵਿੱਚ ਮਗ਼ਨ ਰਹਿੰਦਾ ਹੈ ਤੇ ਕਿਸੇ ਹੋਰ (ਦੇਵੀ-ਦੇਵਤੇ) ਦੀ ਪੂਜਾ ਕਰਨ ਵੱਲ ਨਹੀਂ ਜਾਂਦਾ॥

**85. ਰਵਿਦਾਸ ਸੋਇ ਸਾਧੂ ਭਲੋ, ਜਉ ਮਨ ਅਭਿਮਾਨ ਨ ਲਾਇ।**
**ਔਗੁਣ ਛਾਂਡਹਿ ਗੁਨ ਗਹਇ, ਸਿਮਰਇ ਗੋਬਿੰਦ ਰਾਇ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਕਰਦੇ ਹਨ ਕਿ ਉਹ ਸਾਧੂ

ਨੇਕ ਹੈ ਜੋ ਆਪਣੇ ਮਨ ਅੰਦਰ ਕਦੀ ਵੀ ਹੰਕਾਰ ਨਹੀਂ ਲਿਆਉਂਦਾ। ਉਹ ਔਗੁਣਾਂ ਨੂੰ ਤਿਆਗ ਦਿੰਦਾ ਹੈ ਅਤੇ ਸਦਗੁਣਾਂ ਨੂੰ ਗ੍ਰਹਿਣ ਕਰਦਾ ਹੋਇਆ ਦਿਲਾਂ ਦੇ ਜਾਣਨਹਾਰ ਪ੍ਰਭੂ-ਪਾਤਿਸ਼ਾਹ ਦਾ ਸਦਾ ਸਿਮਰਨ ਕਰਦਾ ਰਹਿੰਦਾ ਹੈ॥

**86. ਰਵਿਦਾਸ ਸੋਇ ਸਾਧੂ ਭਲੋ, ਜਉ ਰਹਇ ਸਦਾ ਨਿਰਵੈਰ।**
**ਸੁਖਦਾਈ ਸਮਤਾ ਗਹਇ, ਸਭਨਹਿ ਮਾਂਗਹਿ ਖੈਰ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇਕ ਸਾਧੂ ਦੇ ਨਿਰਮਲ ਸੁਭਾਉ ਦਾ ਗੁਣਗਾਨ ਕਰਦੇ ਹੋਏ ਫ਼ਰਮਾਂਦੇ ਹਨ ਕਿ ਨੇਕ ਸਾਧੂ ਹਮੇਸ਼ਾ ਵੈਰ-ਰਹਿਤ ਰਹਿੰਦਾ ਹੈ। ਉਹ ਸਭ ਨੂੰ ਇਕ ਬਰਾਬਰ ਸਮਝਦਾ ਹੋਇਆ ਸਭ ਨੂੰ ਸੁੱਖ ਦਿੰਦਾ ਹੈ ਤੇ ਪਰਮਾਤਮਾ ਕੋਲੋਂ ਸਭ ਦੀ ਭਲਾਈ ਮੰਗਦਾ ਹੈ॥

**87. ਰਵਿਦਾਸ ਸੋਈ ਸਾਧੂ ਭਲੋ, ਜਉ ਅਪਨ ਨ ਜਤਾਇ।**
**ਸਤਿਵਾਦੀ ਸਾਚਾ ਰਹਇ, ਮਨ ਹਰਿ ਚਰਨਨ ਮਹਂ ਲਾਇ॥**

(**ਸਤਿਵਾਦੀ**-ਸੱਚ ਬੋਲਣ ਵਾਲਾ। **ਸਾਚਾ**-ਸੱਚਾ, ਸਦਾ ਥਿਰ ਰਹਿਣ ਵਾਲਾ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਉਹ ਜੀਵ ਸੱਚਾ ਸਾਧੂ ਹੈ ਜੋ ਆਪਣੇ ਆਪ ਨੂੰ ਛੁਪਾ ਕੇ ਰੱਖਦਾ ਹੈ ਤੇ ਕਿਸੇ ਨੂੰ ਇਹ ਵੀ ਜ਼ਾਹਰ ਨਹੀਂ ਹੋਣ ਦਿੰਦਾ ਕਿ ਉਹ ਸੰਤ ਹੈ ਜਾਂ ਸਾਧਾਰਨ ਮਨੁੱਖ। ਉਹ ਆਪਣੇ ਆਪ ਦੀ ਵਡਿਆਈ ਕਦੇ ਨਹੀਂ ਜਤਾਉਂਦਾ। ਉਸ ਸੱਚ ਬੋਲਣ ਵਾਲੇ ਸਾਧੂ ਦੇ ਅੰਦਰ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦਾ ਵਾਸ ਹੁੰਦਾ ਹੈ ਤੇ ਉਸ ਦਾ ਮਨ ਹਮੇਸ਼ਾ ਪ੍ਰਭੂ ਦੇ ਚਰਨ-ਕੰਵਲਾਂ ਵਿੱਚ ਲੱਗਾ ਰਹਿੰਦਾ ਹੈ ਭਾਵ ਉਸ ਦੀ ਸੁਰਤਿ ਹਰ ਵੇਲੇ ਪ੍ਰਭੂ ਦੇ ਨਾਮ-ਸਿਮਰਨ ਨਾਲ ਜੁੜੀ ਰਹਿੰਦੀ ਹੈ॥

**88. ਰਵਿਦਾਸ ਸੋਇ ਸਾਧੂ ਭਲੋ, ਜਿਹ ਮਨ ਨਿਰਮਲ ਹੋਇ।**
**ਰਾਮ ਭਜਹਿ ਵਿਸ਼ਯਾ ਤਜਹਿ, ਮਿਥ ਭਾਸ਼ੀ ਨ ਹੋਇ॥**

(**ਵਿਸ਼ਯਾ**-ਇੰਦਰੀਆਂ ਦੁਆਰਾ ਭੋਗੇ ਜਾਣ ਵਾਲੇ ਰਸ। **ਮਿਥ**-ਮਿਥਿਆ, ਝੂਠ। **ਭਾਸ਼ੀ**-ਬੋਲਣ ਵਾਲਾ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਸੱਚੇ ਸਾਧੂ ਦੇ ਗੁਣਾਂ ਦਾ ਵਰਣਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਉਹ ਸਾਧੂ ਨੇਕ ਤੇ ਭਲਾ ਹੈ ਜਿਸ ਦਾ ਮਨ ਸ਼ੁੱਧ ਤੇ ਮੈਲ਼ ਰਹਿਤ ਹੈ। ਉਹ ਇੰਦਰੀਆਂ ਦੁਆਰਾ ਭੋਗੇ ਜਾਣ ਵਾਲੇ ਰਸਾਂ ਨੂੰ ਤਿਆਗ ਕੇ ਪ੍ਰਭੂ ਦੇ ਨਾਮ-ਸਿਮਰਨ ਵਿੱਚ ਸਦਾ ਲੀਨ ਰਹਿੰਦਾ ਹੈ ਤੇ ਕਦੇ ਵੀ ਝੂਠ ਨਹੀਂ ਬੋਲਦਾ॥

**89. ਰਵਿਦਾਸ ਸੋਇ ਸਾਧੂ ਭਲੋ, ਜਉ ਜਾਨਹਿ ਪਰ ਪੀਰ।**
**ਪਰ ਪੀਰਾ ਕਹੁੰ ਪੇਖਿ ਕੇ, ਰਹਵੇ ਸਦਹਿ ਅਧੀਰ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਉਹ ਸਾਧੂ ਸ੍ਰੇਸ਼ਟ ਹੈ ਜੋ ਦੂਸਰਿਆਂ ਦੇ ਦੁੱਖਾਂ ਨੂੰ ਆਪਣਾ ਦੁੱਖ ਸਮਝਦਾ ਹੈ। ਉਹ ਉਨ੍ਹਾਂ ਦੇ

ਦੁੱਖਾਂ ਨੂੰ ਦੇਖ ਕੇ ਬੇਚੈਨ ਹੋ ਜਾਂਦਾ ਹੈ ਤੇ (ਇਨ੍ਹਾਂ ਦੁੱਖਾਂ ਦੇ ਨਿਵਾਰਨ ਲਈ ਸਦਾ ਤਤਪਰ ਰਹਿੰਦਾ ਹੈ।)॥

**90. ਰਵਿਦਾਸ ਸੋਇ ਸਾਧੂ ਭਲੋ, ਜੋ ਪਰਉਪਕਾਰ ਕਮਾਇ।**
**ਜੋਇ ਜੋਇ ਕਹਹਿ ਵਹਿ ਸੋਈ ਕਰਹਿ, ਆਪਾ ਨਾਂਹਿ ਜਤਾਇ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਸੱਚਾ ਸਾਧੂ ਹਮੇਸ਼ਾ ਸਾਰਿਆਂ ਦੇ ਭਲੇ ਦੇ ਕੰਮ ਆਉਂਦਾ ਹੈ ਭਾਵ ਉਹ ਪਰਉਪਕਾਰੀ ਹੁੰਦਾ ਹੈ। ਉਹ ਜੋ ਕਹਿੰਦਾ ਹੈ ਉਹੀ ਕਰਦਾ ਹੈ। ਉਸਦੀ ਕਥਨੀ ਤੇ ਕਰਨੀ ਇਕ ਸਮਾਨ ਹੁੰਦੀ ਹੈ ਤੇ ਕਦੀ ਵੀ ਖ਼ੁਦ ਨੂੰ ਜ਼ਾਹਰ ਨਹੀਂ ਕਰਦਾ ਕਿ ਉਹ ਸਾਧੂ ਹੈ॥

**91. ਰਵਿਦਾਸ ਸੋਇ ਸਾਧੂ ਭਲੋ, ਜੋ ਨਿਹਕਪਟ ਨਿਰਪੱਛ।**
**ਛਮਾਸੀਲ ਅਰੁ ਸਰਲ ਮਨਹ, ਬਾਹਰ ਭੀਤਰ ਸਵੱਛ॥**

(**ਨਿਹਕਪਟ**-ਕਪਟ ਰਹਿਤ। **ਨਿਰਪੱਛ**-ਪੱਖਪਾਤ ਰਹਿਤ। **ਸਵੱਛ**-ਨਿਰਮਲ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਸੱਚਾ ਸਾਧੂ ਉਹ ਹੈ ਜਿਸਦਾ ਮਨ ਸਦਾ ਕਪਟ ਰਹਿਤ ਤੇ ਪੱਖ-ਪਾਤ ਰਹਿਤ ਰਹਿੰਦਾ ਹੈ। ਉਸ ਦਾ ਮਨ ਸਦਾ ਖਿਮਾ ਕਰਨ ਵਾਲਾ ਤੇ ਸਰਲ ਸੁਭਾਅ ਦਾ ਹੁੰਦਾ ਹੈ। ਉਹ ਅੰਦਰੋਂ-ਬਾਹਰੋਂ ਨਿਰਮਲ ਹੁੰਦਾ ਹੈ ਅਤੇ ਉਸ ਦੀ ਅੰਤਰ-ਆਤਮਾ ਸ਼ੁੱਧ ਤੇ ਪਵਿੱਤਰ ਹੁੰਦੀ ਹੈ॥

**92. ਰਵਿਦਾਸ ਸੋਇ ਸਾਧੂ ਭਲੋ, ਨਿਰਮਲ ਜਾਕੇ ਬੈਨ।**
**ਜਿਹ ਕਰਿ ਦਰਸ ਅੰ ਪਰਸ ਸੋਂ, ਮਨ ਉਪਜਹਿ ਸੁਖ ਚੈਨ॥**

(**ਨਿਰਮਲ**-ਸਾਫ਼। **ਬੈਨ**-ਵਾਣੀ, ਬਚਨ। **ਦਰਸ**-ਦਰਸ਼ਨ। **ਪਰਸ**-ਛੋਹ, ਸਪਰਸ਼।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਸੱਚੇ ਸਾਧੂ ਦੀ ਵਾਣੀ ਸਦਾ ਮਿੱਠੀ, ਸੱਚੀ-ਸੁੱਚੀ ਤੇ ਸਪੱਸ਼ਟ ਹੁੰਦੀ ਹੈ। ਉਸਦੇ ਦਰਸ਼ਨ ਕਰਕੇ ਤੇ ਉਸਦੇ ਚਰਨਾਂ ਨੂੰ ਸਪਰਸ਼ ਕਰਕੇ ਮਨ ਵਿੱਚ ਹਮੇਸ਼ਾ ਸੁੱਖ-ਸ਼ਾਂਤੀ ਤੇ ਆਤਮਿਕ ਆਨੰਦ ਪੈਦਾ ਹੁੰਦਾ ਹੈ॥

**93. ਰਵਿਦਾਸ ਸੋਇ ਸਾਧੂ ਭਲੋ, ਜਉ ਹੰਸਾ ਗਤਿ ਹੋਇ।**
**ਕਾਮ ਕਰਮ ਸਭ ਛਾਂਡਿ ਕਰਿ, ਰਾਮ ਭਜਨ ਮੰਹਿ ਖੋਇ॥**

(**ਗਤਿ**-ਹਾਲਤ, ਵਾਂਗ। **ਕਾਮ ਕਰਮ**-ਕਾਮ-ਵਾਸਨਾ ਤੇ ਵਿਸ਼ੇ ਵਿਕਾਰਾਂ ਦੇ ਕਰਮ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਸੱਚਾ ਸਾਧੂ ਹੰਸ ਵਾਂਗ ਹੁੰਦਾ ਹੈ। ਜਿਵੇਂ ਹੰਸ ਦੁੱਧ ਤੇ ਪਾਣੀ ਨੂੰ ਅਲੱਗ-ਅਲੱਗ ਕਰਕੇ ਸਿਰਫ਼ ਦੁੱਧ ਪੀਂਦਾ ਹੈ, ਤਿਵੇਂ ਹੀ ਸੱਚਾ ਸਾਧੂ ਸਤਿ ਤੇ ਅਸਤਿ ਨੂੰ ਅਲੱਗ-ਅਲੱਗ ਕਰਕੇ ਸਤਿ ਨੂੰ ਗ੍ਰਹਿਣ ਕਰਦਾ ਹੈ। ਉਹ ਕਾਮ-ਵਾਸਨਾ ਤੇ ਵਿਸ਼ੇ-ਵਿਕਾਰਾਂ ਆਦਿਕ ਦੇ ਕਰਮਾਂ (ਕੰਮਾਂ) ਨੂੰ ਤਿਆਗ ਕੇ ਪਰਮਾਤਮਾ ਦੇ ਨਾਮ-ਸਿਮਰਨ ਵਿੱਚ ਹੀ ਸਦਾ ਲੀਨ ਰਹਿੰਦਾ ਹੈ॥

94. **ਰਵਿਦਾਸ ਸੋਇ ਸਾਧੂ ਭਲੋ, ਜਿਹ ਮਨ ਬਸਇ ਜਗਦੀਸ।**
**ਰਹਇ ਓਟ ਉੰਕਾਰ ਕੀ, ਬੁਰੌ ਭਲੌ ਸਹਇ ਸੀਸ॥**

(**ਓਟ**–ਆਸਰਾ। **ਬੁਰੌ ਭਲੌ**–ਬੁਰਾਈ ਤੇ ਭਲਾਈ। **ਸਹਇ**–ਸਹਿਣਾ। **ਸੀਸ**–ਸਿਰ, ਮੱਥਾ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਉਸੇ ਜੀਵ ਨੂੰ ਹੀ ਸੱਚਾ ਸਾਧੂ ਸਮਝਣਾ ਚਾਹੀਦਾ ਹੈ ਜਿਸ ਦੇ ਹਿਰਦੇ–ਘਰ ਵਿੱਚ ਹਮੇਸ਼ਾ ਜਗਤ ਦੇ ਮਾਲਿਕ–ਪ੍ਰਭੂ ਦਾ ਵਾਸ ਰਹਿੰਦਾ ਹੈ। ਉਹ ਇਕ–ਰਸ ਵਿਆਪਕ ਪ੍ਰਭੂ ਨੂੰ ਹੀ ਆਪਣਾ ਆਸਰਾ ਮੰਨਦਾ ਹੈ ਤੇ ਹਮੇਸ਼ਾ ਉਸਦੀ ਸ਼ਰਨ 'ਚ ਰਹਿੰਦਾ ਹੈ। ਉਹ ਸੰਸਾਰ ਦੀ ਹਰ ਬੁਰਾਈ ਤੇ ਭਲਾਈ ਨੂੰ (ਪ੍ਰਭੂ ਦੀ ਰਜ਼ਾ ਮੰਨ ਕੇ ਉਸ ਨੂੰ) ਖਿੜੇ ਮੱਥੇ ਸਹਿਣ ਕਰਦਾ ਹੈ ਤੇ (ਪ੍ਰਭੂ ਦੇ ਨਾਮ–ਸਿਮਰਨ ਵਿੱਚ ਹੀ ਸਦਾ ਮਗ਼ਨ ਰਹਿੰਦਾ ਹੈ।)॥

95. **ਰਵਿਦਾਸ ਸੋਇ ਸਾਧੂ ਭਲੋ, ਜੋ ਮਨਹ ਦੋਸ਼ ਮਿਟਾਇ।**
**ਉਰ ਮਹੰ ਆਪ ਨ ਥਾਪਇ, ਤ੍ਰਿਸ਼ਨਾ ਆਸ ਜਲਾਇ॥**

(**ਦੋਸ਼**–ਔਗੁਣ। **ਆਪ**–ਹਉਮੈ। **ਨ ਥਾਪਇ**–ਸਥਾਪਿਤ ਨਾ ਕਰਨਾ, ਨਾ ਟਿਕਣ ਦੇਣਾ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਸੱਚਾ ਸਾਧੂ ਉਹ ਹੈ ਜਿਸ ਨੇ ਆਪਣੇ ਮਨ ਵਿੱਚੋਂ ਸਭ ਤਰ੍ਹਾਂ ਦੇ ਔਗੁਣਾਂ ਨੂੰ ਮਿਟਾ ਦਿੱਤਾ ਹੈ, ਉਹ ਆਪਣੇ ਹਿਰਦੇ ਵਿੱਚ ਮੈਂ–ਮੇਰੀ ਦੇ ਹੰਕਾਰ ਨੂੰ ਟਿਕਣ ਨਹੀਂ ਦਿੰਦਾ ਤੇ ਸਭ ਤਰ੍ਹਾਂ ਦੀਆਂ ਇੱਛਾਵਾਂ ਤੇ ਤ੍ਰਿਸ਼ਨਾਂਵਾਂ ਨੂੰ ਮਨੋਂ ਜਲਾ ਦਿੰਦਾ ਹੈ॥

96. **ਰਵਿਦਾਸ ਸੋਇ ਸਾਧੂ ਭਲੋ, ਜੋ ਸਾਹਿਬ ਹਾਥ ਬਿਕਾਇ।**
**ਸਾਹਿਬ ਭੇਂਟ ਚੜ੍ਹਾਨ ਕਉ, ਅਪਨਹ ਸੀਸ ਕਟਾਇ॥**

(**ਸਾਹਿਬ ਹੱਥ ਬਿਕਾਇ**–ਪਰਮਾਤਮਾ ਦੇ ਹੱਥੋਂ ਖ਼ਰੀਦ ਹੋਣਾ ਜਾਂ ਉਸ ਦੇ ਹੱਥੋਂ ਵਿਕਣਾ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਉਹ ਜੀਵ ਸੱਚਾ ਸਾਧੂ ਹੈ ਜਿਸ ਨੇ ਆਪਣੇ ਆਪ ਨੂੰ ਮਾਲਿਕ–ਪ੍ਰਭੂ ਦੇ ਹੱਥ ਵੇਚ ਦਿੱਤਾ ਹੈ ਭਾਵ ਜਿਸ ਨੇ ਆਪਣਾ ਸਭ ਕੁਝ ਪ੍ਰਭੂ ਨੂੰ ਸੌਂਪ ਦਿੱਤਾ ਹੈ ਤੇ (ਉਸ ਦੀ ਰਜ਼ਾ ਵਿੱਚ ਰਾਜ਼ੀ ਰਹਿੰਦਾ ਹੈ)। ਪ੍ਰਭੂ ਨੂੰ ਭੇਟਾ ਚੜ੍ਹਾਉਣ ਲਈ ਉਹ ਆਪਣਾ ਸਿਰ ਵੀ ਕਟਵਾ ਲੈਂਦਾ ਹੈ ਭਾਵ ਉਹ ਸਾਧੂ ਆਪਣੇ ਅੰਦਰੋਂ ਆਪਾ–ਭਾਵ ਤੇ ਹਉਮੈ ਨੂੰ ਬਿਲਕੁਲ ਖ਼ਤਮ ਕਰਕੇ ਪ੍ਰਭੂ ਅੱਗੇ ਪੂਰੀ ਤਰ੍ਹਾਂ ਸਮਰਪਿਤ ਹੋ ਚੁੱਕਾ ਹੁੰਦਾ ਹੈ॥

97. **ਰਵਿਦਾਸ ਸੋਇ ਸਾਧੂ ਭਲੋ, ਜਿਹ ਮਨ ਨਾਂਹਿ ਅਭਿਮਾਨ।**
**ਹਰਸ ਸੋਕ ਜਾਨਇ ਨਾਹਿੰ, ਸੁਖ ਦੁਖ ਏਕ ਸਮਾਨ॥**

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਉਹ ਸਾਧੂ ਉੱਤਮ ਤੇ ਨੇਕ ਹੈ ਜਿਸ ਦੇ ਮਨ ਅੰਦਰ ਹੰਕਾਰ ਦਾ ਨਾਸ਼ ਹੋ ਚੁੱਕਾ ਹੈ। ਉਹ ਖੁਸ਼ੀ–ਗ਼ਮੀ ਤੇ ਸੁੱਖ–ਦੁੱਖ ਨੂੰ ਪ੍ਰਭੂ ਦੀ ਰਜ਼ਾ ਜਾਣ ਕੇ ਉਸ ਨੂੰ ਇਕ ਸਮਾਨ ਅਨੁਭਵ ਕਰਦਾ ਹੈ। (ਉਹ ਆਤਮਿਕ ਅਡੋਲਤਾ ਵਿੱਚ ਟਿਕਿਆ ਹੋਇਆ

ਹਰ ਪ੍ਰਸਥਿਤੀ ਵਿੱਚ ਇਕ ਸਮਾਨ ਵਿਵਹਾਰ ਕਰਦਾ ਹੈ।)॥

**98. ਰਵਿਦਾਸ ਕਹੈ ਜਾਕੇ ਰਿਦੈ, ਰਹੈ ਰੈਨ ਦਿਨ ਰਾਮ।**
**ਸੋ ਭਗਤਾ ਭਗਵੰਤ ਸਮ, ਕ੍ਰੋਧ ਨ ਬਿਆਪੈ ਕਾਮ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਅੱਠੋ-ਪਹਿਰ ਪ੍ਰਭੂ-ਭਗਤੀ ਵਿੱਚ ਲੀਨ ਰਹਿਣ ਵਾਲੇ ਭਗਤ ਬਾਰੇ ਫ਼ਰਮਾਂਦੇ ਹਨ ਕਿ ਜਿਸ ਭਗਤ ਦੇ ਹਿਰਦੇ ਅੰਦਰ ਪਰਮਾਤਮਾ ਦੇ ਨਾਮ ਦਾ ਸਿਮਰਨ ਦਿਨ-ਰਾਤ ਚੱਲਦਾ ਰਹਿੰਦਾ ਹੈ, ਉਹ ਭਗਤ ਭਗਵਾਨ ਦੇ ਬਰਾਬਰ ਹੋ ਜਾਂਦਾ ਹੈ। (ਆਤਮਿਕ ਜੀਵਨ ਨੂੰ ਮਾਰ ਮੁਕਾਉਣ ਵਾਲੇ ਵਿਕਾਰਾਂ) ਜਿਵੇਂ ਕਿ ਕਾਮ ਤੇ ਕ੍ਰੋਧ ਆਦਿਕ ਦਾ ਉਸ 'ਤੇ ਕੋਈ ਵੀ ਪ੍ਰਭਾਵ ਨਹੀਂ ਪੈਂਦਾ। (ਉਹ ਸਦਾ ਨਿਸ਼ਕਾਮ ਰਹਿ ਕੇ ਆਨੰਦਮਈ ਜੀਵਨ ਬਿਤਾਉਂਦਾ ਹੈ।)॥

**99. ਜੀਹਵਾ ਸੋਂ ਉਂਕਾਰ ਜਪ, ਹੱਥਨ ਸੋਂ ਕਰ ਕਾਰ।**
**ਰਾਮ ਮਿਲਹਿਂ ਘਰ ਆਇ ਕਰ, ਕਹਿ ਰਵਿਦਾਸ ਬਿਚਾਰ॥**

**ਅਰਥ**:-ਸਤਿਗੁਰੂ ਰਵਿਦਾਸ ਜੀ ਮਹਾਰਾਜ 'ਹੱਥ ਕਾਰ ਵੱਲ, ਮਨ ਯਾਰ ਵੱਲ' ਦਾ ਉਪਦੇਸ਼ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਜਿਹੜੇ ਜੀਵ ਆਪਣੇ ਹੱਥਾਂ ਨਾਲ ਸੱਚੀ ਕਿਰਤ ਕਰਦੇ ਹੋਏ ਰਸਨਾ ਨਾਲ ਹਮੇਸ਼ਾ ਇਕ-ਰਸ ਵਿਆਪਕ ਪ੍ਰਭੂ ਦਾ ਜਾਪ ਕਰਦੇ ਰਹਿੰਦੇ ਹਨ ਉਨ੍ਹਾਂ ਜੀਵਾਂ ਨੂੰ ਹੀ ਘਰ ਬੈਠੇ ਪ੍ਰਭੂ ਖ਼ੁਦ ਆਣ ਕੇ ਦਰਸ਼ਨ ਦਿੰਦੇ ਹਨ॥

**100. ਨੇਕ ਕਮਾਈ ਜਉ ਕਰਹਿ, ਗ੍ਰਹ ਤਜਿ ਬਨ ਨਹਿ ਜਾਏ।**
**ਰਵਿਦਾਸ ਹਮਾਰੋ ਰਾਮ ਰਾਇ, ਗ੍ਰਹ ਮੰਹਿ ਮਿਲਿਹਿ ਆਏ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਜੋ ਜੀਵ ਪ੍ਰਭੂ ਦੀ ਖੋਜ ਲਈ ਆਪਣਾ ਘਰ-ਬਾਰ ਛੱਡ ਕੇ ਜੰਗਲਾਂ ਵਿੱਚ ਨਹੀਂ ਜਾਂਦਾ ਤੇ ਘਰ ਬੈਠਾ ਹੀ ਪ੍ਰਭੂ-ਸਿਮਰਨ ਕਰਦਾ ਹੋਇਆ ਸੱਚੀ ਕਿਰਤ-ਕਮਾਈ ਕਰਕੇ ਆਪਣੇ ਜੀਵਨ ਦਾ ਨਿਰਵਾਹ ਕਰਦਾ ਹੈ ਤਾਂ ਯਕੀਨਨ ਮਾਲਿਕ-ਪ੍ਰਭੂ ਉਸ ਭਗਤ ਨੂੰ ਘਰ ਬੈਠੇ ਹੀ ਮਿਲਣ ਆਉਂਦਾ ਹੈ ਤੇ ਦਰਸ਼ਨ-ਦੀਦਾਰੇ ਦਿੰਦਾ ਹੈ॥

**101. ਗ੍ਰਹਹਿਂ ਰਹਹੁ ਸਤਿ ਕਰਮ ਕਰਹੁ, ਹਰਦਮ ਚਿੰਤਹੁ ਉਂਕਾਰ।**
**ਰਵਿਦਾਸ ਹਮਾਰੋ ਬਾਂਧਲਾ, ਹੋਇ ਕੇਵਲ ਨਾਮ ਅਧਾਰ॥**

(**ਗ੍ਰਹਹਿਂ**-ਘਰ। **ਸਤਿ**-ਨੇਕ। **ਚਿੰਤਹੁ**-ਸਿਮਰਨ ਕਰਨਾ। **ਉਂਕਾਰ**-ਇਕ-ਰਸ ਵਿਆਪਕ ਪ੍ਰਭੂ। **ਬਾਂਧਲਾ**-ਬੰਨ੍ਹਣ ਵਾਲਾ, ਜੋੜਣ ਦਾ ਸਾਧਨ। **ਅਧਾਰ**-ਆਸਰਾ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਜੀਵ ਨੂੰ ਘਰ ਵਿੱਚ ਰਹਿੰਦੇ ਹੋਏ ਭਾਵ ਗ੍ਰਹਿਸਥੀ ਜੀਵਨ ਬਤੀਤ ਕਰਦੇ ਹੋਏ ਨੇਕ ਕਰਮ ਕਰਨੇ ਚਾਹੀਦੇ ਹਨ ਤੇ ਮਨ ਵਿੱਚ ਸਦਾ ਇਕ-ਰਸ ਵਿਆਪਕ ਪ੍ਰਭੂ ਦਾ ਨਾਮ-ਸਿਮਰਨ ਕਰਨਾ ਚਾਹੀਦਾ ਹੈ। ਪ੍ਰਭੂ ਦਾ ਨਾਮ-ਸਿਮਰਨ ਹੀ ਸਾਡੇ ਜੀਵਨ

ਦਾ ਆਧਾਰ ਹੈ ਤੇ ਸਾਨੂੰ ਪ੍ਰਭੂ ਨਾਲ ਜੋੜਣ ਦਾ ਇੱਕੋ–ਇਕ ਸਾਧਨ ਹੈ॥

**102. ਏਕ ਭਰੋਸੋ ਰਾਮ ਕੋ, ਅਰੁ ਭਰੋਸੇ ਸਤਿ ਕਾਰ।**
**ਸਫਲ ਹੋਇਹੁ ਜੀਵਨਾ, ਕਹਿ ਰਵਿਦਾਸ ਬਿਚਾਰ॥**

(**ਸਤਿ**–ਸੱਚ, ਸ਼ੁੱਭ। **ਕਾਰ**–ਕਰਮ, ਕਰਨੀ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਮੈਂ ਇਸ ਗੱਲ ’ਤੇ ਚੰਗੀ ਤਰ੍ਹਾਂ ਵਿਚਾਰ ਕਰਨ ਤੋਂ ਬਾਅਦ ਹੀ ਕਹਿ ਰਿਹਾ ਹਾਂ ਕਿ ਮੈਨੂੰ ਸਿਰਫ਼ ਪਰਮ–ਪਿਤਾ ਪਰਮਾਤਮਾ ’ਤੇ ਅਤੇ ਆਪਣੀ ਸੱਚੀ ਕਰਨੀ ’ਤੇ ਭਰੋਸਾ ਹੈ। ਇਨ੍ਹਾਂ ਦੋਨਾਂ ਭਰੋਸਿਆਂ ਦਾ ਆਸਰਾ ਲੈ ਕੇ ਹੀ ਮੈਂ ਆਪਣਾ ਜੀਵਨ ਸਫ਼ਲ ਕੀਤਾ ਹੈ॥

**103. ਕਰਮ ਬੰਧਨ ਮੰਹ ਰਮਿ ਰਹਿਓ, ਫਲ ਕੀ ਤਜਿਓ ਨ ਆਸ।**
**ਕਰਮ ਮਨੁੱਖ ਕੌ ਧਰਮ ਹੈ, ਸਤਿ ਭਾਖੈ ਰਵਿਦਾਸ॥**

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਮੈਂ ਸੱਚ ਕਹਿੰਦਾ ਹਾਂ ਕਿ ਜੋ ਜੀਵ ਫਲ ਦੀ ਇੱਛਾ ਰੱਖ ਕੇ ਕਰਮ ਕਰਦਾ ਹੈ ਉਹ ਕਰਮ–ਫਲ ਦੇ ਬੰਧਨਾਂ ਵਿੱਚ ਹੀ ਫਸਿਆ ਰਹਿੰਦਾ ਹੈ। ਜੀਵ ਨੂੰ ਇੱਛਾ ਰਹਿਤ ਹੋ ਕੇ ਕਰਮ ਕਰਨਾ ਚਾਹੀਦਾ ਹੈ। ਜੀਵ ਦਾ ਅਸਲੀ ਧਰਮ ਤਾਂ ਕਰਮ ਕਰਨਾ ਹੈ ਫਲ ਦੀ ਆਸ ਰੱਖਣਾ ਨਹੀਂ। (ਕਰਮ–ਫਲ ਨੂੰ ਪ੍ਰਭੂ ਦੀ ਰਜ਼ਾ ਉੱਪਰ ਛੱਡ ਦੇਣਾ ਚਾਹੀਦਾ ਹੈ।)॥

**104. ਸੌ ਬਰਸ ਲੌ ਜਗਤ ਮੰਹਿ, ਜੀਵਤ ਰਹਿ ਕਰੁ ਕਾਮ।**
**ਰਵਿਦਾਸ ਕਰਮ ਹੀ ਧਰਮ ਹੈ, ਕਰਮ ਕਰਹੁ ਨਿਹਕਾਮ॥**

(**ਕਾਮ**–ਕਿਰਤ। **ਨਿਹਕਾਮ**–ਨਿਸ਼ਕਾਮ, ਫਲ ਦੀ ਇੱਛਾ ਤਿਆਗ ਕੇ।)

**ਅਰਥ**:– ਸਤਿਗੁਰੂ ਮਹਾਰਾਜ ਜੀ ਨਿਸ਼ਕਾਮ ਕਿਰਤ ਕਰਨ ਦਾ ਉਪਦੇਸ਼ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਜੇਕਰ ਜੀਵ ਨੂੰ ਜਿਊਣ ਲਈ ਸੌ ਸਾਲ ਦੀ ਲੰਬੀ ਉਮਰ ਮਿਲ ਜਾਏ ਤਾਂ ਵੀ ਉਸ ਨੂੰ ਸਦਾ ਕਿਰਤ (ਕਰਮ) ਕਰਦੇ ਰਹਿਣਾ ਚਾਹੀਦਾ ਹੈ। ਕਰਮ ਕਰਨਾ ਜੀਵ ਦਾ ਧਰਮ ਹੈ ਪਰ ਇਹ ਕਰਮ ਨਿਸ਼ਕਾਮ ਭਾਵਨਾ ਨਾਲ ਕਰਨਾ ਚਾਹੀਦਾ ਹੈ॥

**105. ਧਰਮ ਹੇਤਹਿੰ ਕੀਜਿਏ, ਸੌ ਬਰਸ ਲੌ ਕਾਰ।**
**ਰਵਿਦਾਸ ਕਰਮਹਿ ਧਰਮ ਹੈ, ਫਲ ਮੰਹਿ ਨੰਹਿ ਅਧਿਕਾਰ॥**

(**ਹੇਤਹਿੰ**–ਲਈ, ਨਮਿਤ। **ਲੌ**–ਤੱਕ। **ਕਾਰ**–ਕਰਮ, ਕਿਰਤ। **ਅਧਿਕਾਰ**–ਹੱਕ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਨਿਸ਼ਕਾਮ ਭਾਵਨਾ ਨਾਲ ਕਰਮ ਕਰਨ ਦੀ ਸਿੱਖਿਆ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਧਰਮ ਦੇ ਨਮਿਤ ਸੌ ਸਾਲ ਦੀ ਲੰਮੀ ਉਮਰ ਤੱਕ ਵੀ ਕਰਮ ਕਰਦੇ ਰਹਿਣਾ ਚਾਹੀਦਾ ਹੈ। ਕਰਮ ਕਰਨਾ ਹੀ ਮਨੁੱਖ ਦਾ ਅਸਲ ਧਰਮ ਹੈ। ਕਰਮ ਦੇ ਫਲ ਦਾ ਹੱਕ ਮਨੁੱਖ ਕੋਲ ਨਹੀਂ ਹੈ, ਇਸ ਲਈ ਮਨੁੱਖ ਨੂੰ ਨਿਸ਼ਕਾਮ–ਭਾਵ ਨਾਲ ਕਰਮ ਕਰਨਾ ਚਾਹੀਦਾ ਹੈ॥

**106. ਧਰਮ ਸਮੁਝਿ ਜੋ ਕਾਰ ਹੋਇ, ਉਹ ਕਰ ਫਲ ਹੋਇ ਇਸਟ।**
**ਰਵਿਦਾਸ ਕੋਉ ਵੀ ਕਰਮ ਫਲ, ਹੋਹਿ ਨਾਂਹਿ ਅਨਿਸਟ॥**

(**ਇਸਟ**–ਨੇਕ, ਧਰਮ ਦੇ ਅਨੁਸਾਰ। **ਅਨਿਸਟ**–ਅਮੰਗਲ, ਹਾਨੀ ਵਾਲਾ, ਉਲਟ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਜੋ ਜੀਵ ਕਰਮ ਨੂੰ ਧਰਮ ਸਮਝ ਕੇ ਕਰਦਾ ਹੈ ਉਸ ਕਰਮ ਦਾ ਫਲ ਸਦਾ ਨੇਕ ਹੁੰਦਾ ਹੈ। ਕਰਮ–ਫਲ ਕੀਤੇ ਹੋਏ ਕਰਮਾਂ ਦੇ ਅਨੁਕੂਲ ਹੁੰਦਾ ਹੈ ਨਾ ਕਿ ਕਰਮਾਂ ਦੇ ਉਲਟ। ਕਿਉਂਕਿ ਨਿਸ਼ਕਾਮੀ ਜੀਵ ਹਮੇਸ਼ਾ ਕਰਮ–ਫਲ ਤੋਂ ਉਦਾਸੀਨ ਹੁੰਦਾ ਹੈ ਇਸ ਲਈ ਕੋਈ ਵੀ ਕਰਮ–ਫਲ ਉਸ ਲਈ ਅਨਿਸ਼ਟਕਾਰੀ ਹੋ ਹੀ ਨਹੀਂ ਸਕਦਾ॥

**107. ਰਵਿਦਾਸ ਮਨੁੱਖ ਕਰ ਧਰਮ ਹੈ, ਕਰਮ ਕਰਹਿ ਦਿਨ ਰਾਤ।**
**ਕਰਮਨਹਿ ਫਲ ਪਾਵਨਾ, ਨਹੀਂ ਕਾਹੂ ਕੇ ਹਾਥ॥**

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਕਰਮ ਕਰਨ ਦੀ ਸਿੱਖਿਆ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਮਨੁੱਖ ਦਾ ਧਰਮ, ਕਰਮ ਕਰਨਾ ਹੈ। ਇਸ ਲਈ ਉਸ ਨੂੰ ਦਿਨ–ਰਾਤ ਕਰਮ ਕਰਦੇ ਰਹਿਣਾ ਚਾਹੀਦਾ ਹੈ। ਕੀਤੇ ਹੋਏ ਕਰਮਾਂ ਦਾ ਫਲ ਪਾਉਣਾ ਉਸ ਦੇ ਵੱਸ ਵਿੱਚ ਨਹੀਂ ਹੈ। ਇਸ ਲਈ ਕਰਮ–ਫਲ ਦੀ ਆਸ ਕੀਤੇ ਬਿਨਾਂ ਹੀ 'ਨਿਸ਼ਕਾਮ–ਭਾਵ' ਨਾਲ ਕਰਮ ਕਰਨਾ ਚਾਹੀਦਾ ਹੈ॥

**108. ਪਰਕਿਰਤੀ ਪਰਭਾਉ ਬਸ, ਮਨੁੱਖ ਕਰਤ ਹੈ ਕਾਰ।**
**ਮਨੁੱਖ ਤਉ ਹੈ ਨਿਮਿਤ ਰੂਪ, ਕਹਿ ਰਵਿਦਾਸ ਬਿਚਾਰ॥**

(**ਪਰਕਿਰਤੀ**–ਕੁਦਰਤ। **ਪਰਭਾਉ**–ਅਸਰ। **ਕਾਰ**–ਕਰਮ, ਕਿਰਤ। **ਨਿਮਿਤ**–ਸਬੱਬ, ਸਾਧਨ। **ਰੂਪ**–ਸ਼ਕਲ, ਢਾਂਚਾ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਸੋਚ–ਵਿਚਾਰ ਕੇ ਉਚਾਰਨ ਕਰਦੇ ਹਨ ਕਿ ਜੀਵ ਆਪਣੇ ਕੁਦਰਤੀ ਸੁਭਾਅ ਦੇ ਅਸਰ ਕਾਰਨ ਕਰਮ ਕਰਦਾ ਹੈ ਭਾਵ ਜੀਵ ਜੋ ਵੀ ਕਰਮ ਕਰਦਾ ਹੈ ਉਹ ਸਾਰੇ ਕਰਮ ਕੁਦਰਤ ਖ਼ੁਦ ਉਸ ਤੋਂ ਕਰਵਾਉਂਦੀ ਹੈ। ਸੋ ਇਸ ਤਰ੍ਹਾਂ ਮਨੁੱਖ ਕਰਮ ਕਰਨ ਦਾ ਤਾਂ ਕੇਵਲ ਇਕ ਸਾਧਨ ਮਾਤਰ ਰੂਪ ਹੀ ਹੈ॥

**109. ਕਰਮਨ ਹੀ ਪਰਭਾਉ ਤਜਿ, ਨਿਹਕਰਮੀ ਹੋਇ ਕਰ ਕਾਮ।**
**ਰਵਿਦਾਸ ਨਿਹਕਰਮੀ ਕਰਮ ਹੀ, ਮੇਲ ਕਰਾਏ ਰਾਮ॥**

(**ਕਰਮਨ**–ਕਰਮ। **ਤਜਿ**–ਛੱਡ ਕੇ, ਨਿਰਲੇਪ ਹੋ ਕੇ। **ਨਿਹਕਰਮੀ**–ਨਿਸ਼ਕਾਮ ਭਾਵ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਨਿਸ਼ਕਾਮ ਕਰਮ ਕਰਨ ਦੀ ਸਿੱਖਿਆ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਜੀਵ ਨੂੰ ਕਰਮ ਦੇ ਪ੍ਰਭਾਵ ਤੋਂ ਨਿਰਲੇਪ ਹੋ ਕੇ (ਭਾਵ ਕਰਮ–ਫਲ ਦੀ ਆਸ ਛੱਡ ਕੇ) ਨਿਸ਼ਕਾਮ ਭਾਵਨਾ ਨਾਲ ਕਰਮ ਕਰਨਾ ਚਾਹੀਦਾ ਹੈ ਕਿਉਂਕਿ ਨਿਸ਼ਕਾਮ ਭਾਵਨਾ ਨਾਲ ਕੀਤਾ ਹੋਇਆ ਕਰਮ ਹੀ ਜੀਵ ਨੂੰ ਪ੍ਰਭੂ ਨਾਲ ਮਿਲਾ ਸਕਦਾ ਹੈ॥

110. **ਸੁਖ ਦੂਖ ਹਾਨਿ ਲਾਭ ਕਉ, ਜਉ ਸਮਝਹਿ ਇਕ ਸਮਾਨ।
ਰਵਿਦਾਸ ਤਿਨਹਿੰ ਜਾਨੀਏ, ਜੋਗੀ ਪੁਰਖ ਸੁਜਾਨ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਜੋ ਜੀਵ ਸੁੱਖ-ਦੁੱਖ, ਖੁਸ਼ੀ-ਗ਼ਮੀ ਤੇ ਲਾਭ-ਹਾਨੀ ਨੂੰ ਪ੍ਰਭੂ ਦੀ ਰਜ਼ਾ ਮੰਨ ਕੇ ਇਨ੍ਹਾਂ ਨੂੰ ਇਕ ਸਮਾਨ ਸਮਝਦਾ ਹੈ ਤੇ ਹਰ ਪ੍ਰਸਥਿਤੀ ਵਿੱਚ ਇੱਕੋ ਜਿਹਾ ਵਿਵਹਾਰ ਕਰਦਾ ਹੈ ਤਾਂ ਉਸ ਨੂੰ ਸੱਚਾ ਸੰਤ ਤੇ ਸੱਚਾ ਗਿਆਨੀ ਸਮਝਣਾ ਚਾਹੀਦਾ ਹੈ॥

111. **ਕਰਮਜੋਗ ਕੀ ਸਾਧ ਸੋਂ, ਆਤਮਰਾਮ ਸੁਧ ਹੋਇ।
ਰਵਿਦਾਸ ਬਿਜੇਤਾ ਸੋ ਭਇਆ, ਕਰਮ ਕਰੈ ਜਉ ਕੋਇ॥**

(**ਕਰਮਜੋਗ**- ਫ਼ਰਜ ਨਿਭਾਉਣ ਲਈ ਕਰਮ ਕਰਨ ਵਿੱਚ ਤਤਪਰ ਰਹਿਣਾ। **ਸਾਧ**- ਸਾਧਨਾ ਲਈ, ਪੂਰਣਤਾ ਲਈ। **ਆਤਮਰਾਮ**-ਉਹ ਆਤਮਾ ਜਿਸ ਵਿੱਚ ਗਿਆਨੀ-ਜਨ ਰਮਨ ਕਰਦੇ ਹਨ, ਆਤਮਾ। **ਸੁਧ**-ਪਵਿੱਤਰ, ਸ਼ੁੱਧ। **ਬਿਜੇਤਾ**-ਜੇਤੂ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਜੋ ਜੀਵ ਆਪਣਾ ਫ਼ਰਜ ਨਿਭਾਉਣ ਲਈ ਕਰਮ ਨੂੰ ਨਿਸ਼ਕਾਮ ਭਾਵਨਾ ਨਾਲ ਪੂਰਾ ਕਰਦਾ ਹੈ ਤਾਂ ਉਸ ਜੀਵ ਦੀ ਆਤਮਾ ਤੇ ਮਨ ਪਵਿੱਤਰ ਹੋ ਜਾਂਦੇ ਹਨ। ਨਿਸ਼ਕਾਮ ਭਾਵਨਾ ਨਾਲ ਕਰਮ ਕਰਨ ਵਾਲਾ ਅਜਿਹਾ ਜੀਵ ਹੀ ਸੰਸਾਰ ਵਿੱਚ ਜੇਤੂ ਬਣਦਾ ਹੈ॥

112. **ਸਾਧਕ ਭਾਂਤਿ ਜੋਗ ਜੁਗਤ, ਕਰਮ ਕਰਹੁ ਰਵਿਦਾਸ।
ਧਰਮ ਬੋਧਿ ਕੀਜਹੁ ਕਰਮ, ਫਲ ਕੀ ਤਿਆਗਹੁ ਆਸ॥**

(**ਸਾਧਕ**-ਸਾਧਨਾ ਕਰਨ ਵਾਲਾ, ਅਭਿਆਸੀ। **ਜੋਗ**- ਚਿੱਤ ਨੂੰ ਇਕਾਗਰ ਕਰਨ ਲਈ ਸਾਧਨਾ ਕਰਨਾ, ਗੁਰਮਤਿ ਅਨੁਸਾਰ ਪਰਮਾਤਮਾ ਵਿੱਚ ਲਿਵਲੀਨ ਹੋਣਾ। **ਜੁਗਤ**-ਢੰਗ, ਤਰੀਕਾ, ਜੁੜਨਾ। **ਬੋਧਿ**-ਸਮਝ, ਗਿਆਨ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਜੋਗ-ਪੂਰਵਕ ਕਰਮ ਕਰਨ ਦਾ ਉਪਦੇਸ਼ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਜਿਸ ਤਰ੍ਹਾਂ ਸਾਧਕ (ਵਿਸ਼ੇ-ਵਿਕਾਰਾਂ ਨੂੰ ਤਿਆਗ਼ਦਾ ਹੋਇਆ) ਚਿੱਤ-ਬਿਰਤੀ ਨੂੰ ਇਕਾਗਰ ਕਰ ਕੇ ਆਪਣੀ ਸੁਰਤਿ ਪ੍ਰਭੂ ਨਾਲ ਜੋੜਦਾ ਹੈ, ਉਸੇ ਤਰ੍ਹਾਂ ਜੀਵਾਂ ਨੂੰ ਵੀ ਇਕਾਗਰ-ਮਨ ਨਾਲ ਕਿਰਤ ਕਰਨੀ ਚਾਹੀਦੀ ਹੈ ਤੇ ਕਰਮ ਨੂੰ ਧਰਮ ਸਮਝ ਕੇ ਕਰਨਾ ਚਾਹੀਦਾ ਹੈ ਭਾਵ ਕਰਮ, ਧਰਮ ਦੇ ਅਨੁਕੂਲ ਹੋਣਾ ਚਾਹੀਦਾ ਹੈ ਪ੍ਰਤੀਕੂਲ ਨਹੀਂ ਤੇ ਕਰਮ ਕਰਦਿਆਂ ਜੀਵ ਨੂੰ ਫਲ ਦੀ ਆਸ ਵੀ ਤਿਆਗ਼ਣੀ ਚਾਹੀਦੀ ਹੈ॥

113. **ਰਾਗ ਦ੍ਵੇਸ਼ ਕੂੰ ਛਾਂਡਿ ਕਰ, ਨਿਹਕਰਮ ਕਰਹੁ ਰੇ ਮੀਤ।
ਸੁਖ ਦੂਖ ਸਭ ਮੰਹਿ ਥਿਰ ਰਹਿੰ, ਰਵਿਦਾਸ ਸਦਾ ਮਨ ਮੀਤ॥**

(**ਰਾਗ**-ਪ੍ਰੇਮ। **ਦ੍ਵੇਸ਼**-ਈਰਖ਼ਾ। **ਨਿਹਕਰਮ**-ਨਿਸ਼ਕਾਮ। **ਥਿਰ**-ਸਥਿਰ, ਅਡੋਲ, ਸ਼ਾਂਤ। )

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਮੇਰੇ ਮਿੱਤਰ ਮਨ! ਤੂੰ ਪ੍ਰੇਮ ਤੇ ਈਰਖ਼ਾ ਨੂੰ ਛੱਡ ਕੇ (ਭਾਵ ਇਨ੍ਹਾਂ ਤੋਂ ਉਪਰਾਮ ਹੋ ਕੇ) ਨਿਸ਼ਕਾਮ ਭਾਵਨਾ ਨਾਲ ਕਰਮ ਕਰਿਆ ਕਰ। ਤੂੰ ਸੁੱਖ-ਦੁੱਖ ਆਦਿਕ

ਸਭ ਅਵਸਥਾਵਾਂ ਵਿੱਚ ਸਦਾ ਸ਼ਾਂਤ ਤੇ ਸਥਿਰ ਰਿਹਾ ਕਰ। (ਭਾਵ ਜੀਵ ਨੂੰ ਸੰਸਾਰ ਤੋਂ ਨਿਰਲੇਪ ਰਹਿ ਕੇ ਹੀ ਕਰਮ ਕਰਨੇ ਚਾਹੀਦੇ ਹਨ।)॥

**114. ਜਿਹਵਾ ਭਜੈ ਹਰਿ ਨਾਮ ਨਿਤ, ਹੱਥ ਕਰਹਿੰ ਨਿਤ ਕਾਮ।**
**ਰਵਿਦਾਸ ਭਏ ਨਿਹਚਿੰਤ ਹਮ, ਮਮ ਚਿੰਤ ਕਰੈਂਗੇ ਰਾਮ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਮੇਰੀ ਜੀਭਾ ਸਦਾ ਪਰਮਾਤਮਾ ਦਾ ਸਿਮਰਨ ਕਰਦੀ ਰਹਿੰਦੀ ਹੈ ਤੇ ਹੱਥ ਸਦਾ ਕਿਰਤ ਕਰਦੇ ਰਹਿੰਦੇ ਹਨ। ਮੈਂ ਪੂਰੀ ਤਰ੍ਹਾਂ ਨਿਸਚਿੰਤ ਹੋ ਗਿਆ ਹਾਂ ਕਿਉਂਕਿ ਹੁਣ ਮੇਰੀ ਚਿੰਤਾ ਪਰਮਾਤਮਾ ਆਪ ਕਰਦੇ ਹਨ॥

**115. ਰਵਿਦਾਸ ਸ੍ਰਮ ਕਰਿ ਖਾਇਹਿ, ਜੌ ਲੌਂ ਪਾਰ ਬਸਾਇ।**
**ਨੇਕ ਕਮਾਈ ਜਉ ਕਰਇ, ਕਬਹੁੰ ਨ ਨਿਹਫਲ ਜਾਇ॥**

(**ਸ੍ਰਮ**-ਮਿਹਨਤ। **ਪਾਰ ਬਸਾਇ**-ਉਸ ਪਾਰ ਵਸਣਾ ਭਾਵ ਜੀਵਨ ਦਾ ਸਫ਼ਲ ਹੋਣਾ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਸਿੱਖਿਆ ਦਿੰਦੇ ਹੋਏ ਫ਼ਰਮਾਂਦੇ ਹਨ ਕਿ ਜੋ ਵੀ ਜੀਵ ਮਿਹਨਤ ਨਾਲ ਨੇਕ ਕਮਾਈ ਕਰਕੇ ਆਪਣੇ ਜੀਵਨ ਦਾ ਨਿਰਵਾਹ ਕਰਦਾ ਹੈ, ਉਸ ਦਾ ਜੀਵਨ ਸਫ਼ਲ ਹੋ ਜਾਂਦਾ ਹੈ ਭਾਵ ਉਸ ਦਾ ਪਾਰ ਉਤਾਰਾ ਹੋ ਜਾਂਦਾ ਹੈ। ਅਜਿਹੇ ਜੀਵ ਦੀ ਨੇਕ ਕਮਾਈ ਕਦੇ ਵੀ ਵਿਅਰਥ ਨਹੀਂ ਜਾਂਦੀ, ਇਹ ਜ਼ਰੂਰ ਫਲਦੀ-ਫੁਲਦੀ ਹੈ॥

**116. ਸ੍ਰਮ ਕਉ ਈਸਰ ਜਾਨਿ ਕੈ, ਜਉ ਪੂਜਹਿ ਦਿਨ ਰੈਨ।**
**ਰਵਿਦਾਸ ਤਿਨਹਿੰ ਸੰਸਾਰ ਮਹੰ, ਸਦਾ ਮਿਲਹਿ ਸੁਖ ਚੈਨ॥**

**ਅਰਥ**:-ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇਕ-ਕਿਰਤ ਦੇ ਫਲ ਬਾਰੇ ਫ਼ਰਮਾਂਦੇ ਹਨ ਕਿ ਜਿਹੜੇ ਜੀਵ ਕਿਰਤ ਨੂੰ ਪਰਮਾਤਮਾ ਦੀ ਪੂਜਾ ਮੰਨ ਕੇ ਦਿਨ-ਰਾਤ ਕੰਮ ਵਿੱਚ ਲੱਗੇ ਰਹਿੰਦੇ ਹਨ ਭਾਵ ਹਮੇਸ਼ਾ ਸੱਚੀ ਕਿਰਤ ਕਮਾਈ ਕਰਦੇ ਹਨ, ਉਨ੍ਹਾਂ ਜੀਵਾਂ ਨੂੰ ਹੀ ਸੰਸਾਰ ਵਿੱਚ ਸਦਾ ਸੁੱਖ-ਸ਼ਾਂਤੀ ਮਿਲਦੀ ਹੈ। ਕਿਰਤੀ ਜੀਵ ਸਦਾ ਸੁੱਖਮਈ ਤੇ ਸ਼ਾਂਤਮਈ ਜੀਵਨ ਜਿਊਂਦਾ ਹੈ ਤੇ (ਸਦਾ ਆਤਮਿਕ ਆਨੰਦ ਵਿੱਚ ਰਹਿੰਦਾ ਹੈ।)॥

**117. ਰਵਿਦਾਸ ਹੌਂ ਨਿਜ ਹਥਹਿੰ, ਰਾਖੋਂ ਰਾਂਬੀ ਆਰ।**
**ਸੁਕ੍ਰਿਤ ਹੀ ਮਮ ਧਰਮ ਹੈ, ਤਾਰੈਗਾ ਭਵ ਪਾਰ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇਕ ਕਿਰਤ-ਕਮਾਈ ਦੀ ਮਹਿਮਾ ਦੱਸਦੇ ਹੋਏ ਫ਼ਰਮਾਉਂਦੇ ਹਨ ਕਿ ਮੈਂ ਨੇਕ ਕਿਰਤ-ਕਮਾਈ ਕਰਨ ਲਈ ਆਪਣੇ ਹੱਥ ਵਿੱਚ ਸਦਾ ਰੰਬੀ ਤੇ ਆਰ ਰੱਖਦਾ ਹਾਂ। ਨੇਕ ਕਰਮ ਕਰਨਾ ਮੇਰਾ ਧਰਮ ਹੈ ਜੋ ਮੈਨੂੰ ਮਾਇਆ ਦੇ ਮੋਹ-ਰੂਪ ਸੰਸਾਰ-ਸਮੁੰਦਰ ਤੋਂ ਪਾਰ ਉਤਾਰੇਗਾ॥

**118. ਪ੍ਰਭੂ ਭਗਤਿ ਸ੍ਰਮ ਸਾਧਨਾ, ਜਗ ਮੰਹ ਜਿਨਹਿੰ ਪਾਸ।**
**ਤਿਨਹਿੰ ਜੀਵਨ ਸਫਲ ਭਇਓ, ਸਤਿ ਭਾਖੈ ਰਵਿਦਾਸ॥**

(**ਸ੍ਰਮ**–ਮਿਹਨਤ, ਕਿਰਤ। **ਸਾਧਨਾ**–ਅਭਿਆਸ ਕਰਨਾ, ਲ਼ਗਨ ਲੱਗਣਾ।)

**ਅਰਥ**:–ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਮੈਂ ਸੱਚ ਕਹਿੰਦਾ ਹਾਂ ਕਿ ਸੰਸਾਰ ਵਿੱਚ ਜਿਨ੍ਹਾਂ ਜੀਵਾਂ ਪਾਸ ਪ੍ਰਭੂ ਦੀ ਸੱਚੀ ਭਗਤੀ ਤੇ ਕਿਰਤ ਕਰਨ ਦੀ ਸੱਚੀ ਲਗ਼ਨ ਹੈ, ਉਨ੍ਹਾਂ ਜੀਵਾਂ ਦਾ ਜੀਵਨ ਹੀ ਸਫ਼ਲ ਹੁੰਦਾ ਹੈ॥

**119. ਧਰਮ ਕਰਮ ਦੁਇ ਏਕ ਹੈਂ, ਸਮਝਿ ਲੇਹੁ ਮਨ ਮਾਂਹਿ।**
**ਧਰਮ ਬਿਨਾ ਜੋ ਕਰਮ ਹੈ, ਰਵਿਦਾਸ ਨ ਸੁਖ ਤਿਸ ਮਾਂਹਿ॥**

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਸਿੱਖਿਆ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਜੀਵ ਨੂੰ ਮਨ ਵਿੱਚ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਧਰਮ ਤੇ ਕਰਮ ਦੋਨੋਂ ਇਕ ਸਮਾਨ ਹਨ। ਜੋ ਜੀਵ ਕਰਮ ਨੂੰ ਧਰਮ ਸਮਝ ਕੇ ਨਹੀਂ ਕਰਦਾ ਤੇ ਕਰਮ ਕਰਦੇ ਹੋਏ ਧਰਮ ਦੀਆਂ ਸਾਰੀਆਂ ਮਾਨਤਾਵਾਂ ਨੂੰ ਛੱਡ ਦਿੰਦਾ ਹੈ ਤਾਂ ਉਸ ਜੀਵ ਨੂੰ ਕੀਤੇ ਹੋਏ ਕਰਮਾਂ ਦਾ ਕਦੇ ਵੀ ਸੁੱਖ ਨਹੀਂ ਮਿਲਦਾ॥

**120. ਜਨਮ ਜਾਤ ਮਤ ਪੂਛੀਏ, ਕਾ ਜਾਤ ਅਰੁ ਪਾਤ।**
**ਰਵਿਦਾਸ ਪੂਤ ਸਭ ਪ੍ਰਭ ਕੇ, ਕੋਉ ਨਹਿੰ ਜਾਤ ਕੁਜਾਤ॥**

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਜਾਤ–ਪਾਤ ਦਾ ਖੰਡਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਜੀਵ ਨੂੰ ਉਸ ਦੀ ਜਨਮ–ਜਾਤ ਨਹੀਂ ਪੁੱਛਣੀ ਚਾਹੀਦੀ। ਇਹ ਜਾਤ–ਪਾਤ ਤਾਂ ਕੁਝ ਵੀ ਨਹੀਂ ਹੈ। ਸੰਸਾਰ ਦੇ ਸਾਰੇ ਜੀਵ ਇਕ ਪਿਤਾ–ਪਰਮੇਸ਼ਰ ਦੇ ਪੁੱਤਰ ਹਨ ਇਸ ਲਈ ਕਿਸੇ ਦੀ ਵੀ ਅਲੱਗ–ਅਲੱਗ ਜਾਤ ਨਹੀਂ ਹੋ ਸਕਦੀ। ਜਦੋਂ ਸਭ ਦੀ ਜਾਤ ਇਕ ਹੀ ਹੈ ਤਾਂ ਫਿਰ ਕੋਈ ਨੀਵੀਂ ਜਾਂ ਉੱਚੀ ਜਾਤ ਦਾ ਕਿਵੇਂ ਹੋ ਸਕਦਾ ਹੈ ?॥

**121. ਜਾਤ ਪਾਤ ਕੇ ਫੇਰ ਮੰਹਿ, ਉਰਝਿ ਰਹਇ ਸਭ ਲੋਗ।**
**ਮਨੁੱਖਤਾ ਕੂੰ ਖਾਤ ਹਇ, ਰਵਿਦਾਸ ਜਾਤ ਕਰ ਰੋਗ॥**

(**ਫੇਰ**–ਚੱਕਰ। **ਉਰਝਿ**–ਉੱਲਝਣਾ, ਫੱਸਣਾ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਜਾਤ–ਪਾਤ ਦੇ ਦੁੱਸ਼–ਪ੍ਰਭਾਵ ਬਾਰੇ ਜੀਵਾਂ ਨੂੰ ਸੁਚੇਤ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਸੰਸਾਰ ਦੇ ਸਾਰੇ ਲੋਕ ਜਾਤ–ਪਾਤ ਦੇ ਚੱਕਰ ਵਿੱਚ ਉਲਝੇ ਹੋਏ ਹਨ। ਇਹ ਜਾਤ–ਪਾਤ ਦਾ ਰੋਗ ਮਾਨਵਤਾ ਨੂੰ ਖਾਈ ਜਾ ਰਿਹਾ ਹੈ। ਭੇਦ–ਭਾਵ ਤੇ ਵਿਤਕਰਿਆਂ ਦੀ ਭਾਵਨਾ ਨਾਲ ਮਨੁੱਖਤਾ ਦਾ ਖ਼ਾਤਮਾ ਹੋ ਰਿਹਾ ਹੈ॥

**122. ਜਨਮ ਜਾਤ ਕੂੰ ਛਾਡਿ ਕਰਿ, ਕਰਨੀ ਜਾਤ ਪਰਧਾਨ।**
**ਇਹੀਓ ਸਾਚਾ ਧਰਮ ਹੈ, ਕਹੈ ਰਵਿਦਾਸ ਬਖਾਨ॥**

(**ਕਰਨੀ**–ਕਰਮ, ਕਿਰਤ। **ਪਰਧਾਨ**–ਮੁੱਖ, ਸਭ ਤੋਂ ਸ੍ਰੇਸ਼ਟ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਜਨਮ ਦੇ ਆਧਾਰ ਉੱਤੇ ਕਿਸੇ ਵੀ ਜੀਵ ਦੀ ਜਾਤ ਨਿਸਚਿਤ ਕਰਨੀ ਛੱਡ ਦੇਣੀ

ਚਾਹੀਦੀ ਹੈ ਤੇ ਇਸ ਦੀ ਥਾਂ ਜੀਵ ਦੇ ਕਰਮ ਨੂੰ ਹੀ ਜਾਤ ਦਾ ਮੁੱਖ ਆਧਾਰ ਮੰਨਣਾ ਚਾਹੀਦਾ ਹੈ। ਸੱਚਾ ਧਰਮ ਵੀ ਇਹੋ ਹੀ ਹੈ ਕਿ ਜੀਵ ਦੀ ਪਹਿਚਾਣ ਜਨਮ-ਜਾਤ ਤੋਂ ਨਹੀਂ ਬਲਕਿ ਉਸ ਦੇ ਕਰਮ ਤੋਂ ਹੀ ਹੋਵੇ॥

**123. ਬਾਹਮਨ ਖੱਤਰੀ ਬੈਸ ਸੂਦ, ਰਵਿਦਾਸ ਜਨਮ ਤੇ ਨਾਹਿੰ।**
**ਜੋ ਚਹਇ ਸੁਬਰਨ ਕਉ, ਪਾਵਈ ਕਰਮਨ ਮਾਹਿੰ॥**

**ਅਰਥ**:-ਸਤਿਗੁਰੂ ਮਹਾਰਾਜ ਜੀ ਜੀਵਾਂ ਨੂੰ ਉਪਦੇਸ਼ ਦਿੰਦੇ ਹੋਏ ਫ਼ਰਮਾਂਦੇ ਹਨ ਕਿ ਜਨਮ ਦੇ ਆਧਾਰ 'ਤੇ ਕੋਈ ਵੀ ਜੀਵ ਬ੍ਰਾਹਮਣ, ਖੱਤਰੀ, ਵੈਸ਼ ਜਾਂ ਸ਼ੂਦਰ ਨਹੀਂ ਹੁੰਦਾ। ਮਨੁੱਖੀ ਵੰਡ ਦੇ ਆਧਾਰ 'ਤੇ ਕੋਈ ਵੀ ਜੀਵ ਉੱਚਾ ਨਹੀਂ ਹੁੰਦਾ। ਉੱਚਾ ਤੇ ਸ੍ਰੇਸ਼ਟ ਹੋਣ ਲਈ ਉਸ ਨੂੰ ਚੰਗੇ ਤੇ ਨੇਕ ਕਰਮ ਕਰਨੇ ਚਾਹੀਦੇ ਹਨ॥

**124. ਬੇਦ ਪੜ੍ਹਈ ਪੰਡਿਤ ਬਨਿਓ, ਗਾਂਠਿ ਪਨਹੀਂ ਤਉ ਚਮਾਰ।**
**ਰਵਿਦਾਸ ਮਨੁੱਖ ਏਕ ਹੋਇ, ਨਾਮ ਧਰੈ ਹਇੰ ਚਾਰ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਵੇਦ ਪੜ੍ਹਣ ਵਾਲੇ ਨੂੰ ਬ੍ਰਾਹਮਣ ਤੇ ਜੁੱਤੀਆਂ ਗੰਢਣ ਵਾਲੇ ਨੂੰ ਚਮਾਰ ਕਿਹਾ ਜਾਂਦਾ ਹੈ। ਸਿਰਜਨਹਾਰ ਪਰਮਾਤਮਾ ਨੇ ਤਾਂ ਸਭ ਨੂੰ ਇੱਕ ਸਮਾਨ ਬਣਾਇਆ ਪਰ ਕਪਟੀ ਮਨੁੱਖ ਦੀ ਚਤੁਰ ਸੋਚ ਨੇ ਮਨੁੱਖਤਾ ਨੂੰ ਹੀ ਚਾਰ ਹਿੱਸਿਆਂ ਵਿੱਚ ਵੰਡ ਦਿੱਤਾ ਤੇ ਉਸ ਦੇ ਨਾਮ ਰੱਖੇ-ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ॥

**125. ਨੀਚ ਨੀਚ ਕਹਿ ਮਾਰਹਿੰ, ਜਾਨਤ ਨਾਂਹਿ ਨਦਾਨ।**
**ਸਭ ਕਾ ਸਿਰਜਨਹਾਰ ਹੈ, ਰਵਿਦਾਸ ਏਕੈ ਭਗਵਾਨ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਸਿੱਖਿਆ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਉੱਚੀ ਕਹੀ ਜਾਣ ਵਾਲੀ ਜਾਤ ਦੇ ਲੋਕ ਛੋਟੀ ਕਹੀ ਜਾਣ ਵਾਲੀ ਜਾਤ ਦੇ ਲੋਕਾਂ ਨੂੰ ਨੀਚ-ਨੀਚ ਕਹਿ ਕੇ ਮਾਰਨ ਤੱਕ ਜਾਂਦੇ ਹਨ, ਪਰ ਉਹ ਮੂਰਖ਼ ਲੋਕ ਇਹ ਨਹੀਂ ਸਮਝਦੇ ਕਿ ਸਭ ਦਾ ਸਿਰਜਣਹਾਰ-ਪ੍ਰਭੂ ਤਾਂ ਇਕ ਹੈ। ਜਦੋਂ ਸਭ ਦਾ ਕਰਤਾ ਇਕ ਹੀ ਹੈ ਤਾਂ ਫਿਰ ਜੀਵਾਂ ਵਿੱਚ ਊਚ-ਨੀਚ ਦਾ ਭੇਦ-ਭਾਵ ਕਿਉਂ ?॥

**126. ਰਵਿਦਾਸ ਜਨਮ ਕੇ ਕਾਰਨੈ, ਹੋਤ ਨ ਕੋਉ ਨੀਚ।**
**ਨਰ ਕੂੰ ਨੀਚ ਕਰਿ ਡਾਰਿ ਹੈ, ਓਛੇ ਕਰਮ ਕੀ ਕੀਚ॥**

(**ਓਛੇ**-ਮਾੜੇ। **ਕੀਚ**-ਚਿੱਕੜ। **ਕਰਿ ਡਾਰਿ**-ਕਰ ਦੇਣਾ, ਹੋ ਜਾਣਾ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਕਰਮਾਂ ਦੀ ਮਹੱਤਤਾ ਦੱਸਦੇ ਹੋਏ ਫ਼ਰਮਾਂਦੇ ਹਨ ਕਿ ਕੋਈ ਵੀ ਜੀਵ ਜਨਮ ਦੇ ਕਾਰਨ ਨੀਚ ਨਹੀਂ ਹੁੰਦਾ ਬਲਕਿ ਉਸ ਦੇ ਕਰਮ ਹੀ ਉਸ ਨੂੰ ਨੀਚ ਬਣਾਉਂਦੇ ਹਨ। ਜਦੋਂ ਜੀਵ ਨੂੰ ਮਾੜੇ ਕਰਮਾਂ ਦਾ ਚਿੱਕੜ ਲੱਗਦਾ ਹੈ ਤਾਂ ਉਹ ਨੀਚ ਹੋ ਜਾਂਦਾ ਹੈ॥

127. **ਰਵਿਦਾਸ ਜਾਤਿ ਮਤ ਪੂਛਇ, ਕਾ ਜਾਤ ਕਾ ਪਾਤ।**
**ਬਾਹਮਨ ਖੱਤਰੀ ਬੈਸ ਸੂਦ, ਸਭਨ ਕੀ ਇਕ ਜਾਤ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਜਾਤ-ਪਾਤ ਦਾ ਖੰਡਨ ਕਰਦੇ ਹੋਏ ਫ਼ਰਮਾਂਦੇ ਹਨ ਕਿ ਕਿਸੇ ਨੂੰ ਕਿਸੇ ਦੀ ਵੀ ਜਾਤ ਨਹੀਂ ਪੁੱਛਣੀ ਚਾਹੀਦੀ। ਜਾਤ-ਪਾਤ ਕੁਝ ਵੀ ਨਹੀਂ ਹੈ। ਮਨੁੱਖ ਦੇ ਬਣਾਏ ਚਾਰ ਵਰਨ ਜਿਵੇਂ ਕਿ ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਇਨ੍ਹਾਂ ਸਭਨਾਂ ਦੀ ਇੱਕੋ ਹੀ ਜਾਤ ਹੈ (ਤੇ ਇਹ ਜਾਤ ਹੈ-ਮਨੁੱਖਤਾ।)॥

128. **ਜਾਤ ਜਾਤ ਮੇਂ ਜਾਤ ਹੈ, ਜਉਂ ਕੇਲਨ ਮੇਂ ਪਾਤ।**
**ਰਵਿਦਾਸ ਮਾਨਖ ਨ ਜੁੜ ਸਕੈਂ, ਜੌਂ ਲੌਂ ਜਾਤ ਨ ਜਾਤ॥**

**ਅਰਥ**:- ਸਤਿਗੁਰੂ ਮਹਾਰਾਜ ਜੀ ਜਾਤ-ਪਾਤ ਨੂੰ ਖ਼ਤਮ ਕਰਨ ਦਾ ਸੰਦੇਸ਼ ਦਿੰਦੇ ਹੋਏ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਕੇਲੇ ਦੇ ਪੱਤੇ ਦੇ ਅੰਦਰ ਹੋਰ ਪੱਤੇ ਹੁੰਦੇ ਹਨ ਉਸੇ ਤਰ੍ਹਾਂ ਹੀ ਇਕ ਜਾਤ ਵਿੱਚ ਵੀ ਕਈ ਹੋਰ ਜਾਤਾਂ ਮੌਜੂਦ ਹਨ। ਜਦੋਂ ਤੱਕ ਸਮਾਜ ਵਿੱਚੋਂ ਇਹ ਸਭ ਜਾਤਾਂ ਖ਼ਤਮ ਨਹੀਂ ਹੋ ਜਾਂਦੀਆਂ ਉਦੋਂ ਤੱਕ ਮਨੁੱਖ ਆਪਸ ਵਿੱਚ ਪ੍ਰੇਮ-ਪ੍ਰੀਤ ਨਾਲ ਇਕ ਹੋ ਕੇ ਨਹੀਂ ਜੁੜ ਸਕਦੇ ਭਾਵ ਮਨੁੱਖ-ਮਨੁੱਖ ਵਿੱਚ ਭਾਈਚਾਰਾ ਕਾਇਮ ਨਹੀਂ ਹੋ ਸਕਦਾ॥

129. **ਰਵਿਦਾਸ ਬਾਹਮਨ ਮਤਿ ਪੂਜਿਏ, ਜਉ ਹੋਵੈ ਗੁਨਹੀਨ।**
**ਪੂਜਿਹਿੰ ਚਰਨ ਚੰਡਾਲ ਕੇ, ਜਉ ਹੋਵੈ ਗੁਨ ਪਰਵੀਨ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਸਿੱਖਿਆ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਜੇਕਰ ਕੋਈ ਬ੍ਰਾਹਮਣ ਬਿਨਾਂ ਕਿਸੇ ਗੁਣਾਂ ਤੋਂ ਹੈ ਤਾਂ ਉਸ ਦੀ ਕਦੇ ਵੀ ਪੂਜਾ ਨਹੀਂ ਕਰਨੀ ਚਾਹੀਦੀ। ਪਰ ਜੇਕਰ ਕੋਈ ਚੰਡਾਲ ਸਦਗੁਣਾਂ ਨਾਲ ਪਰਿਪੱਕ ਹੈ ਤਾਂ ਉਸ ਦੇ ਚਰਨਾਂ ਦੀ ਹਮੇਸ਼ਾ ਪੂਜਾ ਕਰਨੀ ਚਾਹੀਦੀ ਹੈ। ਸ੍ਰੇਸ਼ਟ ਤੇ ਉੱਤਮ ਗੁਣ ਹੀ ਜੀਵ ਨੂੰ ਪੂਜਨੀਕ ਬਣਾਉਂਦੇ ਹਨ ਨਾ ਕਿ ਜਨਮ-ਜਾਤ॥

130. **ਰਵਿਦਾਸ ਸੁਕਰਮਨ ਕਰਨ ਸੌਂ, ਨੀਚ ਊਚ ਹੋ ਜਾਇ।**
**ਕਰਇ ਕੁਕਰਮ ਜੌਂ ਊਚ ਭੀ, ਤੌ ਮਹਾ ਨੀਚ ਕਹਿਲਾਇ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਜੀਵ ਜਨਮ ਕਰਕੇ ਨਹੀਂ ਸਗੋਂ ਕਰਮਾਂ ਕਰਕੇ ਉੱਚਾ ਜਾਂ ਨੀਵਾਂ ਹੁੰਦਾ ਹੈ। ਜੇ ਕੋਈ ਜੀਵ ਉੱਚੀ ਕਹੀ ਜਾਣ ਵਾਲੀ ਜਾਤ 'ਚ ਜਨਮ ਲੈ ਕੇ ਖੋਟੇ ਕਰਮ ਕਰਦਾ ਹੈ ਤਾਂ ਉਹ ਮਹਾਂ ਨੀਚ ਕਹਿਲਾਂਦਾ ਹੈ। ਪਰ ਜੇ ਕੋਈ ਜੀਵ ਨੀਵੀਂ ਕਹੀ ਜਾਣ ਵਾਲੀ ਜਾਤ ਵਿੱਚ ਜਨਮ ਲੈ ਕੇ ਸ਼ੁੱਭ ਕਰਮ ਕਰਦਾ ਹੈ ਤਾਂ ਉਹ ਉੱਚਾ ਹੋ ਜਾਂਦਾ ਹੈ॥

131. **ਦਇਆ ਧਰਮ ਜਿਨ ਮੇਂ ਨਹੀਂ, ਹਿਰਦੈ ਪਾਪ ਕੋ ਕੀਚ।**
**ਰਵਿਦਾਸ ਤਿਨਹਿਂ ਜਾਨਿ ਹੋ, ਮਹਾ ਪਾਤਕੀ ਨੀਚ॥**

(**ਕੀਚ**–ਚਿੱਕੜ। **ਪਾਤਕੀ**–ਪਾਪੀ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਕੁਕਰਮੀ ਜੀਵਾਂ ਬਾਰੇ ਫ਼ਰਮਾਉਂਦੇ ਹਨ ਕਿ ਜਿਨ੍ਹਾਂ ਜੀਵਾਂ ਦੇ ਮਨ ਵਿੱਚ ਦਇਆ–ਧਰਮ ਨਹੀਂ ਹੈ ਤੇ ਜਿਨ੍ਹਾਂ ਦਾ ਮਨ ਪਾਪ ਦੇ ਚਿੱਕੜ ਨਾਲ ਹਮੇਸ਼ਾ ਭਰਿਆ ਰਹਿੰਦਾ ਹੈ, ਉਨ੍ਹਾਂ ਨੂੰ ਹੀ ਮਹਾਂ–ਪਾਪੀ ਤੇ ਮਹਾਂ–ਨੀਚ ਜਾਨਿਆ ਜਾਂਦਾ ਹੈ॥

132. **ਜਿਨਹ ਕਰਿ ਹਿਰਦੈ ਸਤ ਬਸਈ, ਪੰਚ ਦੋਖ ਬਸਿ ਨਾਂਹਿ।**
**ਰਵਿਦਾਸ ਤੇ ਨਰ ਊਚ ਭਏ, ਸਮੁਝਿ ਲੇਹੁ ਮਨ ਮਾਂਹਿ॥**

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਇਹ ਗੱਲ ਮਨ 'ਚ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਜਿਨ੍ਹਾਂ ਜੀਵਾਂ ਦੇ ਹਿਰਦੇ–ਘਰ 'ਚ ਸਦਾ–ਥਿਰ ਰਹਿਣ ਵਾਲੇ ਪ੍ਰਭੂ ਦਾ ਵਾਸ ਹੋ ਗਿਆ ਹੈ ਤੇ ਜਿਨ੍ਹਾਂ ਜੀਵਾਂ ਦੇ ਅੰਦਰ ਪੰਜ ਕਾਮਾਦਿਕ ਵਿਕਾਰਾਂ ਦੇ ਦੋਸ਼ਾਂ ਦਾ ਵਾਸ ਨਹੀਂ ਰਿਹਾ, ਕੇਵਲ ਉਹੀ ਜੀਵ ਅਸਲ ਵਿੱਚ ਉੱਚੇ ਤੇ ਮਹਾਨ ਹਨ॥

133. **ਪੰਚ ਦੋਸ਼ ਤਜਿ ਜੋ ਰਹਿਇ, ਸੰਤ ਚਰਨ ਲਵ ਲੀਨ।**
**ਰਵਿਦਾਸ ਤੇ ਹੀ ਨਰ ਜਾਨਇ, ਊਂਚਹ ਅਰੁ ਕੁਲੀਨ॥**

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਸਿੱਖਿਆ ਦਿੰਦੇ ਹੋਏ ਫ਼ਰਮਾਂਦੇ ਹਨ ਕਿ ਜੋ ਜੀਵ ਪੰਜ ਵਿਕਾਰਾਂ (ਕਾਮ, ਕ੍ਰੋਧ, ਲੋਭ ਮੋਹ ਤੇ ਹੰਕਾਰ) ਨੂੰ ਤਿਆਗ ਕੇ ਸੰਤਾਂ ਦੇ ਚਰਨ–ਕੰਵਲਾਂ ਨਾਲ ਹਮੇਸ਼ਾ ਲਿਵ ਲਾਈ ਰੱਖਦਾ ਹੈ ਭਾਵ ਆਪਣੀ ਸੁਰਤਿ ਨੂੰ ਸੰਤਾਂ ਦੇ ਬਖ਼ਸ਼ੇ ਹੋਏ 'ਸ਼ਬਦ' ਨਾਲ ਹਮੇਸ਼ਾ ਜੋੜੀ ਰੱਖਦਾ ਹੈ, ਉਸੇ ਜੀਵ ਨੂੰ ਹੀ ਉੱਚੀ ਤੇ ਚੰਗੀ ਕੁਲ ਦਾ ਸਮਝਣਾ ਚਾਹੀਦਾ ਹੈ॥

134. **ਊਂਚੇ ਕੁਲ ਕੇ ਕਾਰਣੇ, ਬ੍ਰਾਹਮਣ ਕੋਏ ਨ ਹੋਏ।**
**ਜਉ ਜਾਨਹਿ ਬ੍ਰਹਮ ਆਤਮਾ, ਰਵਿਦਾਸ ਬ੍ਰਾਹਮਣ ਸੋਏ॥**

(**ਬ੍ਰਹਮ ਆਤਮਾ**–ਫ਼ੈਲੀ ਹੋਈ ਆਤਮਾ ਭਾਵ ਪਰਮਾਤਮਾ।)

**ਅਰਥ**:– ਗੁਰੂ ਰਵਿਦਾਸ ਮਹਾਰਾਜ ਜੀ ਜੀਵਾਂ ਨੂੰ ਸਮਝਾਂਦੇ ਹੋਏ ਸਪੱਸ਼ਟ ਕਰਦੇ ਹਨ ਕਿ ਉੱਚੀ ਕੁਲ ਵਿੱਚ ਜਨਮ ਲੈਣ ਨਾਲ ਕੋਈ ਵੀ ਜੀਵ ਬ੍ਰਾਹਮਣ ਨਹੀਂ ਬਣ ਜਾਂਦਾ। ਜੋ ਜੀਵ ਸਭਨਾਂ ਅੰਦਰ ਵਿਆਪਕ ਬ੍ਰਹਮ–ਆਤਮਾ ਭਾਵ ਪ੍ਰਭੂ ਨੂੰ ਜਾਣ ਲੈਂਦਾ ਹੈ, ਉਸ ਨੂੰ ਪਹਿਚਾਣ ਲੈਂਦਾ ਹੈ ਉਹੀ ਬ੍ਰਾਹਮਣ ਕਹਾਉਂਦਾ ਹੈ। ਸੋ ਜਨਮ ਤੇ ਜਾਤ ਦਾ ਬ੍ਰਾਹਮਣ ਹੋਣ ਨਾਲ ਕੋਈ ਸੰਬੰਧ ਨਹੀਂ ਹੈ॥

135. **ਕਾਮ ਕ੍ਰੋਧ ਮਦ ਲੋਭ ਤਜਿ, ਜਉ ਕਰਇ ਧਰਮ ਕਰ ਕਾਰ।**
**ਸੋਈ ਬਾਹਮਣ ਜਾਨਿਹਿ, ਕਹਿ ਰਵਿਦਾਸ ਬਿਚਾਰ॥**

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਵਿਚਾਰ ਕੇ ਕਥਨ ਕਰਦੇ ਹਨ ਕਿ

ਉਸ ਜੀਵ ਨੂੰ ਹੀ ਸੱਚਾ ਬ੍ਰਾਹਮਣ ਜਾਨਣਾ ਚਾਹੀਦਾ ਹੈ ਜੋ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਆਦਿਕ ਵਿਕਾਰਾਂ ਦਾ ਤਿਆਗ ਕਰਦਾ ਹੋਇਆ ਕਿਰਤ ਨੂੰ ਹੀ ਧਰਮ ਮੰਨ ਕੇ ਆਪਣੇ ਜੀਵਨ ਦਾ ਨਿਰਵਾਹ ਕਰੇ॥

**136. ਰਵਿਦਾਸ ਜੋ ਬੇਤਾ ਬ੍ਰਹਮ ਕਾ, ਸੋਇ ਬ੍ਰਾਹਮਨ ਜਾਨ।**
**ਬ੍ਰਹਮ ਨ ਜਉ ਜਾਨਿਹਿ, ਤਉ ਨ ਬ੍ਰਾਹਮਨ ਮਾਨ॥**

(ਬੇਤਾ-ਜਾਣਨ ਵਾਲਾ, ਗਿਆਤਾ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਉਸ ਜੀਵ ਨੂੰ ਹੀ ਬ੍ਰਾਹਮਣ ਜਾਨਣਾ ਚਾਹੀਦਾ ਹੈ ਜੋ ਪਾਰਬ੍ਰਹਮ-ਪਰਮੇਸ਼ਰ ਦੇ ਭੇਦਾਂ ਨੂੰ ਜਾਣ ਕੇ ਬ੍ਰਹਮ-ਗਿਆਨੀ ਹੋ ਗਿਆ ਹੋਵੇ। ਜਿਸ ਜੀਵ ਨੇ ਪਾਰਬ੍ਰਹਮ-ਪਰਮੇਸ਼ਰ ਦੇ ਭੇਦਾਂ ਨੂੰ ਜਾਣਿਆ ਹੀ ਨਹੀਂ ਉਸ ਨੂੰ ਬ੍ਰਾਹਮਣ ਨਹੀਂ ਮੰਨਣਾ ਚਾਹੀਦਾ। ਸੋ ਕੋਈ ਵੀ ਜੀਵ ਜਨਮ ਜਾਂ ਜਾਤ ਕਾਰਨ ਬ੍ਰਾਹਮਣ ਨਹੀਂ ਹੁੰਦਾ॥

**137. ਧਰਮ ਕਰਮ ਜਾਨੈ ਨਹੀਂ, ਮਨ ਮੰਹ ਜਾਤਿ ਅਭਿਮਾਨ।**
**ਐਸਉ ਬ੍ਰਾਹਮਨ ਸੋਂ ਭਲੋਂ, ਰਵਿਦਾਸ ਸ਼੍ਰਮਕੁ ਹੁ ਜਾਨ॥**

(**ਸ਼੍ਰਮਕੁ**-ਮਜ਼ਦੂਰ, ਕਿਰਤ ਕਰਨ ਵਾਲਾ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਉਪਦੇਸ਼ ਦਿੰਦੇ ਹਨ ਕਿ ਜੋ ਬ੍ਰਾਹਮਣ ਧਰਮ ਦੇ ਅਸੂਲਾਂ ਨੂੰ ਨਹੀਂ ਜਾਣਦਾ (ਭਾਵ ਮਾਨਵਤਾ ਦੇ ਅਸੂਲਾਂ ਨੂੰ ਨਹੀਂ ਜਾਣਦਾ) ਪਰ ਆਪਣੇ ਮਨ ਅੰਦਰ ਉੱਚੀ ਜਾਤ ਦੇ ਹੋਣ ਦਾ ਹੰਕਾਰ ਕਰਦਾ ਹੈ ਤਾਂ ਉਸ ਨੂੰ ਚੰਗਾ ਨਹੀਂ ਸਮਝਣਾ ਚਾਹੀਦਾ। ਅਜਿਹੇ ਬ੍ਰਾਹਮਣ ਨਾਲੋਂ ਤਾਂ ਦਸਾਂ ਨਹੁੰਆਂ ਦੀ ਨੇਕ ਕਿਰਤ-ਕਮਾਈ ਕਰਨ ਵਾਲੇ ਨਿਰ-ਅਭਿਮਾਨੀ ਮਜ਼ਦੂਰ ਨੂੰ ਹੀ ਚੰਗਾ ਸਮਝਣਾ ਚਾਹੀਦਾ ਹੈ॥

**138. ਦੀਨ ਦੁਖੀ ਕੇ ਹੇਤ ਜਉ, ਵਾਰੈ ਅਪਣੇ ਪ੍ਰਾਣ।**
**ਰਵਿਦਾਸ ਉਹ ਨਰ ਸੂਰ ਕੋਂ, ਸਾਂਚਾ ਸ਼ਤਰੀ ਜਾਨ॥**

**ਅਰਥ**:- ਗੁਰੂ ਰਵਿਦਾਸ ਜੀ ਮਹਾਰਾਜ 'ਕਸ਼ੱਤਰੀ ਪੁਰਸ਼' ਨੂੰ ਸਪੱਸ਼ਟ ਕਰਦਿਆਂ ਫ਼ਰਮਾਉਂਦੇ ਹਨ ਕਿ ਜੋ ਜੀਵ ਗ਼ਰੀਬਾਂ ਤੇ ਦੁਖੀਆਂ ਦੇ ਕਸ਼ਟ ਦੂਰ ਕਰਨ ਲਈ ਆਪਣੀ ਜਾਨ ਤੱਕ ਕੁਰਬਾਨ ਕਰ ਦਿੰਦਾ ਹੈ ਉਸੇ ਸੂਰਬੀਰ ਨੂੰ ਹੀ ਸੱਚਾ ਕਸ਼ੱਤਰੀ ਜਾਨਣਾ ਚਾਹੀਦਾ ਹੈ॥

**139. ਅੰਗ ਅੰਗ ਕਟਵਾਇਹਿ, ਜਉ ਦੀਨਨ ਕਰਿ ਹੇਤ।**
**ਰਵਿਦਾਸ ਸ਼ਤਰੀ ਸੋਈ ਜਾਨੀਏ, ਜੋ ਛਾਡੈ ਨਾਂਹਿ ਖੇਤ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਸੱਚੇ ਖੱਤਰੀ ਦੀ ਪਹਿਚਾਣ ਦਾ ਵਰਣਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਜੋ ਜੀਵ ਗ਼ਰੀਬਾਂ ਤੇ ਮਜ਼ਲੂਮਾਂ ਦੀ ਰੱਖਿਆ ਲਈ ਲੜਦਾ ਹੋਇਆ ਆਪਣਾ ਅੰਗ-ਅੰਗ ਕਟਵਾ ਲੈਂਦਾ ਹੈ ਪਰ

ਲੜਾਈ ਦੇ ਮੈਦਾਨ ਨੂੰ ਕਦੇ ਨਹੀਂ ਛੱਡਦਾ ਤਾਂ ਉਸੇ ਜੀਵ ਨੂੰ ਹੀ ਸੱਚਾ ਖੱਤਰੀ ਜਾਣਨਾ ਚਾਹੀਦਾ ਹੈ॥

**140. ਰਵਿਦਾਸ ਵੈਸ ਸੋਇ ਜਾਨੀਯੇ, ਜਉ ਸਤਿ ਕਾਰ ਕਮਾਏ।**
**ਪੁੰਨ ਕਮਾਈ ਸਦਾ ਲਹੈ, ਲੋਰੈ ਸਰਬੱਤ ਸੁਖਾਏ॥**

**ਅਰਥ**:– ਸਤਿਗੁਰੂ ਰਵਿਦਾਸ ਮਹਾਰਾਜ ਜੀ ਵੈਸ਼ ਪੁਰਸ਼ ਬਾਰੇ ਉਪਦੇਸ਼ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਕੋਈ ਵੀ ਜੀਵ ਜਨਮ ਜਾਂ ਜਾਤ ਕਾਰਨ ਵੈਸ਼ ਨਹੀਂ ਹੁੰਦਾ ਬਲਕਿ ਵੈਸ਼ ਉਸ ਜੀਵ ਨੂੰ ਜਾਣਨਾ ਚਾਹੀਦਾ ਹੈ ਜੋ ਸੱਚਾਈ ਤੇ ਇਮਾਨ–ਦਾਰੀ ਨਾਲ ਆਪਣਾ ਵਪਾਰ ਕਰਦਾ ਹੈ, ਸਦਾ ਨੇਕ ਕਮਾਈ ਕਰਦਾ ਹੈ ਤੇ ਸਭਨਾਂ ਦਾ ਹੀ ਭਲਾ ਚਾਹੁੰਦਾ ਹੈ॥

**141. ਸਾਂਚੀ ਹਾਟੀ ਬੈਠਿ ਕਰ, ਸੌਦਾ ਸਾਚਾ ਦੇਇ।**
**ਤਕੜੀ ਤੋਲੈ ਸਾਚ ਕੀ, ਰਵਿਦਾਸ ਵੈਸ ਹੈ ਸੋਇ॥**

**ਅਰਥ**:– ਗੁਰੂ ਰਵਿਦਾਸ ਜੀ ਮਹਾਰਾਜ ਸੱਚੇ ਵੈਸ਼ ਦੀ ਪਹਿਚਾਣ ਕਰਵਾਉਂਦੇ ਹੋਏ ਫ਼ਰਮਾਉਂਦੇ ਹਨ ਕਿ ਜੋ ਜੀਵ ਸੱਚ ਦੀ ਦੁਕਾਨ ’ਤੇ ਬੈਠ ਕੇ ਸੱਚ ਦੇ ਸੌਦੇ ਨੂੰ ਸੱਚ ਦੀ ਤੱਕੜੀ ਨਾਲ ਤੋਲ ਕੇ ਵੇਚਦਾ ਹੈ, ਉਹ ਜੀਵ ਹੀ ਅਸਲ ਵਿੱਚ ਸੱਚਾ ਵੈਸ਼ ਹੈ॥

**142. ਰਵਿਦਾਸ ਜਉ ਅਤਿ ਪਵਿੱਤ ਹੈ, ਸੋਈ ਸੂਦਰ ਜਾਨ।**
**ਜਉ ਕੁਕਰਮੀ ਅਸ਼ੁਧ ਜਨ, ਤਿੰਨਹੀ ਨ ਸੂਦਰ ਮਾਨ॥**

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਜੋ ਜੀਵ ਸਦਾ ਪਵਿੱਤਰ ਜੀਵਨ ਜਿਊਂਦਾ ਹੈ ਉਸ ਨੂੰ ਹੀ ਸੂਦਰ ਭਾਵ ਸ਼ੁੱਧ ਜਾਣਨਾ ਚਾਹੀਦਾ ਹੈ। ਇਸ ਤੋਂ ਉਲਟ ਖੋਟੇ ਕਰਮ ਕਰਨ ਵਾਲੇ ਤੇ ਅਪਵਿੱਤਰ ਜੀਵਨ ਜਿਊਣ ਵਾਲੇ ਪਾਪੀ ਨੂੰ ਕਦੇ ਵੀ ਸੂਦਰ ਭਾਵ ਸ਼ੁੱਧ ਨਹੀਂ ਮੰਨਣਾ ਚਾਹੀਦਾ॥

**143. ਹਰਿਜਨਨ ਕਰਿ ਸੇਵਾ ਲਾਗੈ, ਮਨ ਅਹੰਕਾਰ ਨਾ ਰਾਖੈ।**
**ਰਵਿਦਾਸ ਸੂਦ ਸੋਇ ਧੰਨ ਹੈ, ਜਉ ਅਸਤਿ ਬਚਨ ਨਾ ਭਾਖੈ॥**

(**ਹਰਿਜਨਨ**–ਪਰਮਾਤਮਾ ਦਾ ਸੇਵਕ ਭਾਵ ਮਾਨਵਤਾ ਦਾ ਸੇਵਕ। **ਅਹੰਕਾਰ**–ਹੰਕਾਰ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਸੱਚੇ ਸੂਦਰ ਦੇ ਗੁਣਾਂ ਦਾ ਵਰਣਨ ਕਰਦੇ ਹੋਏ ਫ਼ਰਮਾਂਦੇ ਹਨ ਕਿ ਜੋ ਸੂਦਰ ਸਦਾ ਮਾਨਵਤਾ ਦੀ ਸੇਵਾ ਵਿੱਚ ਲੱਗਾ ਰਹਿੰਦਾ ਹੈ ਤੇ ਸੇਵਾ ਧਰਮ ਨਿਭਾਉਂਦਾ ਹੋਇਆ ਆਪਣੇ ਮਨ ਵਿੱਚ ਕਦੇ ਵੀ ‘ਵੱਡਾ ਸੇਵਕ’ ਹੋਣ ਦਾ ਹੰਕਾਰ ਨਹੀਂ ਲਿਆਉਂਦਾ ਤੇ ਨਾ ਹੀ ਕਦੇ ਝੂਠੇ ਬਚਨ ਬੋਲਦਾ ਹੈ ਤਾਂ ਉਹ ਸੂਦਰ ਧੰਨ ਹੈ ਤੇ ਉਸ ਦਾ ਜੀਵਨ ਧੰਨਤਾਯੋਗ ਹੈ॥

**144. ਮੰਦਰ ਮਸਜਿਦ ਦੋਉ ਏਕ ਹੈ, ਇਨ ਮੰਹ ਅੰਤਰ ਨਾਂਹਿ।**
**ਰਵਿਦਾਸ ਰਾਮ ਰਹਮਾਨ ਕਾ, ਝਗੜਾ ਕੋਉ ਨਾਂਹਿ॥**

**ਅਰਥ**:–ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਮੰਦਰ ਤੇ

ਮਸਜਿਦ ਦੋਨੋਂ ਇਕ ਸਮਾਨ ਹਨ। ਇਨ੍ਹਾਂ ਵਿੱਚ ਕੋਈ ਅੰਤਰ ਨਹੀਂ ਹੈ, ਅੰਤਰ ਹੈ ਤਾਂ ਕੇਵਲ ਨਾਮ ਦਾ। ਦੋਨੋਂ ਇਕੋ ਪਰਮਾਤਮਾ ਦੇ ਹੀ ਪੂਜਣ ਦੇ ਵੱਖ-ਵੱਖ ਸਥਾਨ ਹਨ। ਇਸੇ ਤਰ੍ਹਾਂ ਰਾਮ ਤੇ ਰਹਿਮਾਨ ਦਾ ਵੀ ਕੋਈ ਝਗੜਾ ਨਹੀਂ ਕਿਉਂਕਿ ਦੋਨੋਂ ਇੱਕੋ ਪਰਮਾਤਮਾ ਦੇ ਹੀ ਵੱਖੋ-ਵੱਖਰੇ ਨਾਮ ਹਨ॥

**145. ਰਵਿਦਾਸ ਹਮਾਰੋ ਰਾਮ ਜੋਈ, ਸੋਈ ਹੈ ਰਹਮਾਨ।**
**ਕਾਬਾ ਕਾਸ਼ੀ ਜਾਨੀਯਹਿ, ਦੋਉ ਏਕ ਸਮਾਨ॥**

**ਅਰਥ**:- ਸਤਿਗੁਰੂ ਰਵਿਦਾਸ ਮਹਾਰਾਜ ਜੀ ਜੀਵਾਂ ਨੂੰ ਉਪਦੇਸ਼ ਦਿੰਦੇ ਹੋਏ ਫ਼ਰਮਾਂਦੇ ਹਨ ਕਿ ਜੋ ਮੇਰਾ ਸਰਬ-ਵਿਆਪਕ ਰਾਮ ਹੈ ਉਹੀ ਦਿਆਲੂ ਰਹਿਮਾਨ ਹੈ। ਜੇਕਰ ਰਾਮ ਤੇ ਰਹਿਮਾਨ ਦੋਨੋਂ ਇਕ ਹਨ ਤਾਂ ਫਿਰ ਮੁਸਲਮਾਨਾਂ ਲਈ ਕਾਬਾ ਤੇ ਹਿੰਦੂਆਂ ਲਈ ਕਾਸ਼ੀ ਦੋਵੇਂ ਇਕ ਸਮਾਨ ਕਿਉਂ ਨਹੀਂ ਹੋ ਸਕਦੇ ?॥

**146. ਮਸਜਿਦ ਸੋਂ ਕਛੁ ਘਿਨ ਨਹੀਂ, ਮੰਦਰ ਸੋਂ ਨਹੀਂ ਪਿਆਰ।**
**ਦੋਉ ਮੰਹ ਅੱਲ੍ਹਾ ਰਾਮ ਨਹੀਂ, ਕਹਿ ਰਵਿਦਾਸ ਚਮਾਰ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਉਪਦੇਸ਼ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਮਸਜਿਦ ਨਾਲ ਮੈਨੂੰ ਕੋਈ ਨਫ਼ਰਤ ਨਹੀਂ ਤੇ ਨਾ ਹੀ ਮੰਦਰ ਨਾਲ ਪਿਆਰ ਹੈ। ਮੇਰੇ ਲਈ ਦੋਵੇਂ ਇਕ ਸਮਾਨ ਹਨ। ਮਸਜਿਦ ਵਿੱਚ ਅੱਲ੍ਹਾ ਤੇ ਮੰਦਰ ਵਿੱਚ ਰਾਮ ਨਹੀਂ ਵਸਦਾ। (ਉਹ ਪ੍ਰਭੂ ਤਾਂ ਕਣ-ਕਣ ਤੇ ਘਟ-ਘਟ ਵਿੱਚ ਵਸਦਾ ਹੈ, ਉਸ ਦੀ ਅਰਾਧਨਾ ਤਾਂ ਕਿਸੇ ਵੀ ਥਾਂ 'ਤੇ ਕੀਤੀ ਜਾ ਸਕਦੀ ਹੈ॥)

**147. ਮੁਸਲਮਾਨ ਸੋਂ ਦੋਸਤੀ, ਹਿੰਦੂਅਨ ਸੋਂ ਕਰ ਪ੍ਰੀਤ।**
**ਰਵਿਦਾਸ ਜੋਤਿ ਸਭ ਰਾਮ ਕੀ, ਸਭ ਹੈਂ ਅਪਨੇ ਮੀਤ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਸਾਰੇ ਧਰਮਾਂ ਦਾ ਸਤਿਕਾਰ ਕਰਨ ਦੀ ਸਿੱਖਿਆ ਦਿੰਦੇ ਹੋਏ ਫ਼ਰਮਾਂਦੇ ਹਨ ਕਿ ਮੁਸਲਮਾਨਾਂ ਨਾਲ ਦੋਸਤੀ ਤੇ ਹਿੰਦੂਆਂ ਨਾਲ ਪਿਆਰ ਕਰਨਾ ਚਾਹੀਦਾ ਹੈ। ਭਾਵ ਸਭ ਧਰਮਾਂ ਦੇ ਲੋਕਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਕਿਉਂਕਿ ਸਭਨਾਂ ਵਿੱਚ ਇੱਕੋ ਹੀ ਬ੍ਰਹਮ ਦੀ ਜੋਤਿ ਜਗ ਰਹੀ ਹੈ ਇਸ ਲਈ ਅਸੀਂ ਸਭ ਮਿੱਤਰ ਹਾਂ॥

**148. ਜਬ ਸਭ ਕਰਿ ਦੋਉ ਹਾਥ ਪਗ, ਦੋਉ ਨੈਨ ਦੋਉ ਕਾਨ।**
**ਰਵਿਦਾਸ ਪ੍ਰਥਕ ਕੈਸੇ ਭਇਓ, ਹਿੰਦੂ ਮੁਸਲਮਾਨ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਬੜੇ ਸਰਲ ਢੰਗ ਨਾਲ ਸਮਝਾਉਂਦੇ ਹਨ ਕਿ ਸਭ ਜੀਵ ਬਰਾਬਰ ਹਨ ਕਿਉਂਕਿ ਸਭਨਾਂ ਨੂੰ ਪਰਮਾਤਮਾ ਨੇ ਸਮਾਨ ਅੰਗ ਪ੍ਰਦਾਨ ਕੀਤੇ ਹਨ। ਸਭਨਾਂ ਦੇ ਦੋ ਹੱਥ, ਦੋ ਪੈਰ, ਦੋ ਅੱਖਾਂ ਤੇ ਦੋ ਕੰਨ ਹਨ। ਫਿਰ ਸਭ ਸਮਾਨ ਅੰਗਾਂ ਵਾਲੇ ਜੀਵ ਭਿੰਨ-ਭਿੰਨ ਕਿਵੇਂ ਹੋ ਸਕਦੇ ਹਨ? ਭਾਵ ਹਿੰਦੂ ਤੇ ਮੁਸਲਮਾਨ ਕਿਵੇਂ ਹੋ ਸਕਦੇ ਹਨ? ਅਸਲ ਵਿੱਚ ਇਹ ਦੋਨੋਂ ਇਕ ਰੂਪ ਤੇ ਇਕ ਸਮਾਨ ਹਨ॥

**149. ਰਵਿਦਾਸ ਪੇਖਿਆ ਸੋਧ ਕਰਿ, ਆਦਮ ਸਭੀ ਸਮਾਨ।**
**ਹਿੰਦੂ ਮੁਸਲਮਾਨ ਕਉ, ਸ਼੍ਰਿਸ਼ਟਾ ਇਕ ਭਗਵਾਨ॥**

(**ਸੋਧ ਕਰਿ**–ਪਰਖ ਕੇ। **ਆਦਮ**–ਜੀਵ, ਇਨਸਾਨ। **ਸ਼੍ਰਿਸ਼ਟਾ**–ਰਚਨਾ ਕਰਨ ਵਾਲਾ।)

**ਅਰਥ**:– ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਮੈਂ ਚੰਗੀ ਤਰ੍ਹਾਂ ਪਰਖ ਕੇ ਦੇਖ ਲਿਆ ਹੈ ਕਿ ਸਾਰੇ ਜੀਵ ਬਰਾਬਰ ਹਨ। ਹਿੰਦੂ ਤੇ ਮੁਸਲਮਾਨ ਦੀ ਰਚਨਾ ਕਰਨ ਵਾਲਾ ਪਰਮਾਤਮਾ ਇੱਕੋ ਹੀ ਹੈ, ਇਸ ਲਈ ਇਹ ਦੋਨੋਂ ਇਕ ਸਮਾਨ ਹਨ॥

**150. ਕਹਨ ਸੁਨਨ ਕੂੰ ਦੁਇ ਕਰਿ ਥਾਪੇ, ਖਾਲਿਕ ਕੀਓ ਤਮਾਸ਼ਾ।**
**ਹਿੰਦੂ ਤੁਰਕ ਦੋਉ ਏਕ ਹੈ ਭਾਈ, ਸਤਿ ਭਾਖੈ ਰਵਿਦਾਸਾ॥**

(**ਥਾਪੇ**–ਬਣਾਉਣਾ, ਕਾਇਮ ਕਰਨਾ। **ਖਾਲਿਕ**–ਪੈਦਾ ਕਰਨ ਵਾਲਾ, ਪਰਮਾਤਮਾ। **ਅਜਬ**–ਅਦਭੁੱਤ, ਅਨੋਖਾ। **ਤਮਾਸ਼ਾ**–ਖ਼ੇਲ੍ਹ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਸੱਚ ਫ਼ਰਮਾਉਂਦੇ ਹਨ ਕਿ ਇਹ ਤਾਂ ਸਿਰਫ਼ ਕਹਿਣ–ਸੁਣਨ ਦੀ ਗੱਲ ਹੈ ਭਾਵ ਇਹ ਤਾਂ ਲੋਕਾਂ ਦੇ ਬਣੇ–ਬਣਾਏ ਵਿਚਾਰ ਹਨ ਕਿ ਪਰਮਾਤਮਾ ਨੇ ਹਿੰਦੂ ਤੇ ਮੁਸਲਮਾਨ ਦੀ ਅਲੱਗ–ਅਲੱਗ ਜਾਤ ਬਣਾਈ ਹੈ। ਇਹ ਸੰਸਾਰ ਤਾਂ ਸਿਰਜਣਹਾਰ ਪ੍ਰਭੂ ਦੀ ਇਕ ਅਦਭੁੱਤ ਲੀਲਾ ਹੈ (ਜੋ ਸਾਨੂੰ ਸਮਝ ਨਹੀਂ ਆਉਂਦੀ)। ਇਸ ਲਈ ਹੇ ਭਾਈ, ਸੱਚੀ ਗੱਲ ਤਾਂ ਇਹ ਹੈ ਕਿ ਹਿੰਦੂ ਤੇ ਮੁਸਲਮਾਨ ਦੋਨੋਂ ਇਕ ਸਮਾਨ ਇਨਸਾਨ ਹਨ, ਇਨ੍ਹਾਂ ਵਿੱਚ ਕੋਈ ਵੀ ਅੰਤਰ ਨਹੀਂ ਹੈ॥

**151. ਰਵਿਦਾਸ ਕੰਗਨੁ ਕਨਕ ਮੰਹਿ, ਜਿਮਿ ਅੰਤਰ ਕਿਛੁ ਨਾਂਹਿ।**
**ਤੈਸਉਂ ਹੀ ਅੰਤਰ ਨਹੀਂ, ਹਿੰਦੂਅਨ ਤੁਰਕਨ ਮਾਂਹਿ॥**

(**ਕਨਕ**–ਸੋਨਾ। **ਤੁਰਕਨ**–ਮੁਸਲਮਾਨ)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਸੋਨਾ ਤੇ ਸੋਨੇ ਤੋਂ ਬਣੇ ਹੋਏ ਕੰਗਣ ਵਿੱਚ ਕੋਈ ਅੰਤਰ ਨਹੀਂ ਹੁੰਦਾ ਭਾਵ ਦੋਨੋਂ ਸੋਨਾ ਹੀ ਹੁੰਦੇ ਹਨ, ਉਸੇ ਤਰ੍ਹਾਂ ਹਿੰਦੂ ਤੇ ਮੁਸਲਮਾਨ ਵਿੱਚ ਵੀ ਕੋਈ ਅੰਤਰ ਨਹੀਂ ਹੈ। (ਦੋਨਾਂ ਦੀ ਉਤਪਤੀ ਇਕ ਬ੍ਰਹਮ ਤੋਂ ਹੋਈ ਹੈ ਤੇ ਦੋਨੋਂ ਸਮਾਨ ਪੰਜ ਤੱਤਾਂ ਨਾਲ ਬਣੇ ਹਨ, ਇਸ ਲਈ ਦੋਨੋਂ ਇਕ ਸਮਾਨ, ਇਕ ਬਰਾਬਰ ਇਨਸਾਨ ਹਨ।)॥

**152. ਹਿੰਦੂ ਤੁਰਕ ਮੰਹਿ ਨਹੀਂ ਕਛੁ ਭੇਦਾ, ਸਭ ਮੰਹ ਏਕ ਰੱਤ ਅਰੁ ਮਾਸਾ।**
**ਦੋਉ ਏਕਹ ਦੂਜਾ ਕੋਉ ਨਾਂਹੀ, ਪੇਖਿਓ ਸੋਧ ਰਵਿਦਾਸਾ॥**

(**ਤੁਰਕ**- ਮੁਸਲਮਾਨ। **ਭੇਦਾ**–ਅੰਤਰ। **ਸੋਧ**–ਪਰਖ ਕੇ।)

**ਅਰਥ**:– ਸਤਿਗੁਰੂ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਮੈਂ ਚੰਗੀ ਤਰ੍ਹਾਂ ਪਰਖ ਕੇ ਦੇਖ ਲਿਆ ਹੈ ਕਿ ਹਿੰਦੂ ਤੇ ਮੁਸਲਮਾਨ ਵਿੱਚ ਕੋਈ ਅੰਤਰ ਨਹੀਂ ਹੈ। ਜਿਸ ਤਰ੍ਹਾਂ ਦਾ ਖ਼ੂਨ ਤੇ ਮਾਸ ਹਿੰਦੂ ਵਿੱਚ ਹੈ, ਉਸੇ ਤਰ੍ਹਾਂ ਦਾ ਖ਼ੂਨ ਤੇ ਮਾਸ ਮੁਸਲਮਾਨ

ਵਿੱਚ ਹੈ। ਜਦੋਂ ਦੋਨਾਂ ਵਿੱਚ ਖ਼ੂਨ ਤੇ ਮਾਸ ਇੱਕੋ ਜਿਹਾ ਹੈ ਤਾਂ ਫਿਰ ਦੋਨੋਂ ਇਕ ਸਮਾਨ ਹੀ ਹਨ। ਉਨ੍ਹਾਂ ਵਿੱਚ ਕੋਈ ਭਿੰਨਤਾ ਨਹੀਂ ਹੈ॥

**153. ਹਿੰਦੂ ਤੁਰਕ ਮੰਹਿ ਨਹੀਂ ਭੇਦਾ, ਦੁਇ ਆਇਹੁ ਇਕ ਦਵਾਰ।**
**ਪ੍ਰਾਨ ਪਿੰਡ ਲੋਹੁ ਮਾਂਸ ਏਕਇ, ਕਹਿ ਰਵਿਦਾਸ ਵਿਚਾਰ॥**

(**ਤੁਰਕ**–ਮੁਸਲਮਾਨ। **ਪਿੰਡ**–ਸਰੀਰ। **ਪ੍ਰਾਣ**–ਆਤਮਾ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਮੈਂ ਚੰਗੀ ਤਰ੍ਹਾਂ ਵਿਚਾਰ ਕੇ ਦੇਖ ਲਿਆ ਹੈ ਕਿ ਹਿੰਦੂ ਤੇ ਮੁਸਲਮਾਨ 'ਚ ਕੋਈ ਫ਼ਰਕ ਨਹੀਂ ਹੈ। ਦੋਨੋਂ ਦਾ ਜਨਮ ਮਾਰਗ ਇਕ ਹੀ ਹੈ, ਦੋਨੋਂ ਇੱਕੋ ਰਸਤੇ ਜਨਮ ਲੈ ਕੇ ਸੰਸਾਰ ਵਿੱਚ ਆਏ ਹਨ। ਦੋਨਾਂ ਦੀ ਆਤਮਾ, ਸਰੀਰ, ਲਹੂ ਤੇ ਮਾਸ ਵੀ ਇੱਕੋ ਜਿਹਾ ਹੈ। ਇਸ ਤਰ੍ਹਾਂ ਇਹ ਦੋਨੋਂ ਇਕ ਸਮਾਨ ਹਨ, ਇਕ ਬਰਾਬਰ ਹਨ॥

**154. ਰਵਿਦਾਸ ਉਪਜਇ ਸਭ ਇਕ ਨੂਰ ਤੇ, ਬਾਹਮਨ ਮੁੱਲਾ ਸ਼ੇਖ।**
**ਸਭ ਕੋ ਕਰਤਾ ਏਕ ਹੈ, ਸਭ ਕੂੰ ਏਕ ਹੀ ਪੇਖ॥**

(**ਸ਼ੇਖ**-ਮੁਸਲਮਾਨਾਂ ਦੀਆਂ ਚਾਰ ਪ੍ਰਸਿੱਧ ਜਾਤੀਆਂ ਵਿੱਚੋਂ ਇਕ ਜਾਤ ਹੈ ਚਾਰ ਜਾਤੀਆਂ ਇਹ ਹਨ: ਸ਼ੇਖ, ਸੱਯਦ, ਮੁਗ਼ਲ, ਪਠਾਨ। **ਨੂਰ**-ਪ੍ਰਕਾਸ਼।)

**ਅਰਥ**:- ਸਤਿਗੁਰੂ ਮਹਾਰਾਜ ਜੀ ਜੀਵਾਂ ਨੂੰ ਉਪਦੇਸ਼ ਦਿੰਦੇ ਹਨ ਕਿ ਸੰਸਾਰ ਦੇ ਸਾਰੇ ਜੀਵ 'ਇਕ' ਪ੍ਰਭੂ ਦੇ ਨੂਰ ਤੋਂ ਹੀ ਪੈਦਾ ਹੋਏ ਹਨ ਉਹ ਭਾਵੇਂ ਬ੍ਰਾਹਮਣ ਹੋਵੇ, ਮੌਲਵੀ ਹੋਵੇ ਜਾਂ ਸ਼ੇਖ ਹੋਵੇ। ਸਭ ਦਾ ਸਿਰਜਣਹਾਰ–ਪ੍ਰਭੂ 'ਇਕ' ਹੈ, ਇਸ ਲਈ ਸਭ ਜੀਵਾਂ ਨੂੰ ਇਕ ਸਮਾਨ ਸਮਝਣਾ ਚਾਹੀਦਾ ਹੈ॥

**155. ਰਵਿਦਾਸ ਸੋਇ ਸੂਰਾ ਭਲਾ, ਜਉ ਲਰੈ ਧਰਮ ਕੇ ਹੇਤ।**
**ਅੰਗ ਅੰਗ ਕਟ ਭੁਇੰ ਗਿਰੈ, ਤਉ ਨ ਛਾਡੈ ਖੇਤ॥**

(**ਭਲਾ**–ਸੱਚਾ। ਹੇਤ–ਲਈ, ਵਾਸਤੇ। **ਭੁਇੰ**–ਜ਼ਮੀਨ। **ਖੇਤ**–ਲੜ੍ਹਾਈ ਦਾ ਮੈਦਾਨ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਸੱਚੇ ਸੂਰਮੇ ਬਾਰੇ ਫ਼ਰਮਾਉਂਦੇ ਹਨ ਕਿ ਸੱਚਾ ਸੂਰਮਾ ਉਹ ਜੀਵ ਹੈ ਜੋ ਧਰਮ ਦੀ ਰੱਖਿਆ ਲਈ ਲੜਦਾ ਹੈ ਭਾਵ ਮਨੁੱਖਤਾ ਦੇ ਪਵਿੱਤਰ ਨਿਯਮਾਂ ਦੀ ਮਰਿਯਾਦਾ ਕਾਇਮ ਰੱਖਣ ਲਈ ਲੜਦਾ ਹੈ। ਭਾਵੇਂ ਲੜਦੇ–ਲੜਦੇ ਉਸ ਦਾ ਅੰਗ–ਅੰਗ ਕੱਟ ਕੇ ਜ਼ਮੀਨ 'ਤੇ ਡਿੱਗ ਪਏ ਪਰ ਉਹ ਲੜ੍ਹਾਈ ਦਾ ਮੈਦਾਨ ਕਦੀ ਨਹੀਂ ਛੱਡਦਾ ਤੇ ਅੰਤ ਸਮੇਂ ਤੱਕ ਲੜਦਾ ਰਹਿੰਦਾ ਹੈ॥

**156. ਧਰਮ ਹੇਤ ਸੰਗ੍ਰਾਮ ਮੰਹ, ਜੌ ਕਊ ਕਟਾਏ ਸੀਸ।**
**ਸੋ ਜੀਵਨ ਸਫਲ ਭਓ, ਰਵਿਦਾਸ ਮਿਲਹਿੰ ਜਗਦੀਸ॥**

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਜੋ ਜੀਵ ਧਰਮ ਦੀ ਰੱਖਿਆ ਖ਼ਾਤਰ (ਭਾਵ ਮਾਨਵਤਾ ਦੇ ਅਸੂਲਾਂ ਦੀ ਰੱਖਿਆ ਖ਼ਾਤਰ) ਲੜ੍ਹਾਈ ਦੇ ਮੈਦਾਨ ਵਿੱਚ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਾ ਹੋਇਆ ਸੀਸ ਤੱਕ ਵੀ ਕਟਵਾ ਲੈਂਦਾ ਹੈ, ਉਸੇ ਦਾ ਹੀ ਜੀਵਨ ਸਫ਼ਲ ਹੁੰਦਾ ਹੈ। ਅਜਿਹੇ ਜੀਵ ਨੂੰ

ਹੀ ਜਗਤ ਦੇ ਮਾਲਿਕ-ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ॥

**157. ਬਚਨ ਗਇਓ ਨਹ ਆਤ ਹੈ, ਸੀਸ ਕਟਾ ਫਿਰ ਆਏ।**
**ਰਵਿਦਾਸ ਬਚਨ ਕੂੰ ਰਾਖਿਏ, ਸਿਰ ਜਾਇਹਿ ਤਉ ਜਾਏ॥**

**ਅਰਥ**:- ਗੁਰੂ ਰਵਿਦਾਸ ਜੀ ਮਹਾਰਾਜ ਬਚਨਾਂ ਦੀ ਮਹੱਤਤਾ ਸਮਝਾਉਂਦੇ ਹੋਏ ਫ਼ਰਮਾਉਂਦੇ ਹਨ ਕਿ ਜੀਵ ਦਾ ਕੱਟਿਆ ਹੋਇਆ ਸਿਰ ਤਾਂ ਦੁਬਾਰਾ ਜੁੜ ਸਕਦਾ ਹੈ ਪਰ ਮੂੰਹੋਂ ਨਿਕਲਿਆ ਹੋਇਆ ਬਚਨ ਦੁਬਾਰਾ ਵਾਪਸ ਨਹੀਂ ਆ ਸਕਦਾ। ਇਸ ਲਈ ਜੀਵ ਨੂੰ ਆਪਣੇ ਦਿੱਤੇ ਹੋਏ ਬਚਨਾਂ ਨੂੰ ਜ਼ਰੂਰ ਨਿਭਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਨਿਭਾਉਣ ਲਈ ਭਾਵੇਂ ਆਪਣਾ ਸਿਰ ਵੀ ਕਟਵਾਉਣਾ ਪਵੇ ਤਾਂ ਕੋਈ ਝਿਜਕ ਨਹੀਂ ਕਰਨੀ ਚਾਹੀਦੀ॥

**158. ਰਵਿਦਾਸ ਬਚਨ ਜੌ ਦੇ ਦਿਓ, ਵਹ ਨ ਜਾਨੇ ਪਾਏ।**
**ਬਚਨ ਹਰੈ ਕੋ ਜਗਤ ਮੰਹਿ, ਕਛੁ ਨ ਸੇਸ ਰਹਾਏ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ 'ਬਚਨਾਂ' ਦੀ ਮਹੱਤਤਾ ਬਾਰੇ ਆਪਣੇ ਵਿਚਾਰ ਵਿਅਕਤ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਇਕ ਵਾਰ ਜੋ ਬਚਨ ਦੇ ਦੇਈਏ ਤਾਂ ਉਸ ਦਾ ਹਰ ਹਾਲਤ ਵਿੱਚ ਪਾਲਣ ਕਰਨਾ ਚਾਹੀਦਾ ਹੈ, ਉਸ ਨੂੰ ਪੂਰੇ ਕੀਤੇ ਬਿਨਾਂ ਛੱਡਣਾ ਨਹੀਂ ਚਾਹੀਦਾ। ਪਰ ਜੋ ਜੀਵ ਆਪਣੇ ਬਚਨਾਂ ਤੋਂ ਹਾਰ ਜਾਂਦਾ ਹੈ ਭਾਵ ਦਿੱਤੇ ਹੋਏ ਆਪਣੇ ਬਚਨ ਪੂਰੇ ਨਹੀਂ ਕਰਦਾ ਤਾਂ ਉਸ ਦਾ ਕੁਝ ਵੀ ਨਹੀਂ ਬਚਦਾ। ਉਹ ਸੰਸਾਰ ਵਿੱਚ ਆਪਣਾ ਮਾਨ-ਸਨਮਾਨ ਸਭ ਕੁਝ ਗੁਆ ਬਹਿੰਦਾ ਹੈ॥

**159. ਸਤਿ ਸੰਤੋਖ ਅਰੁ ਸਦਾਚਾਰ, ਜੀਵਨ ਕੋ ਅਧਾਰ।**
**ਰਵਿਦਾਸ ਭਏ ਨਰ ਦੇਵਤੇ, ਜਿਨ ਤਿਆਗੇ ਪੰਚ ਵਿਕਾਰ॥**

(**ਸਤਿ**-ਸਚ। **ਸੰਤੋਖ**-ਸਬਰ। **ਸਦਾਚਾਰ**-ਨੇਕ ਚਲਨ ਤੇ ਭਲਾ ਵਿਉਹਾਰ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਸਦਗੁਣਾਂ ਨੂੰ ਅਪਨਾਉਣ ਦੀ ਪ੍ਰੇਰਨਾ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਜੀਵਾਂ ਨੂੰ ਸੱਚ ਬੋਲਣ, ਸਬਰ ਕਰਨ, ਨੇਕ ਚਲਨ ਤੇ ਭਲੇ ਵਿਉਹਾਰ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਣਾ ਚਹੀਦਾ ਹੈ। ਜਿਨ੍ਹਾਂ ਜੀਵਾਂ ਨੇ ਇਸ ਆਧਾਰ ਨੂੰ ਧਾਰ ਕੇ ਪੰਜ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ) ਦਾ ਤਿਆਗ਼ ਕਰ ਦਿੱਤਾ ਹੈ ਉਹ ਜੀਵ ਦੇਵਤਿਆਂ ਦੇ ਸਮਾਨ ਹੋ ਗਏ ਹਨ॥

**160. ਜੋ ਬਸ ਰਾਖੇ ਇੰਦਰੀਆਂ, ਸੁਖ ਦੁਖ ਸਮਝਿ ਸਮਾਨ।**
**ਸੋਊ ਅਮਰਤਿ ਪਦ ਪਾਇਗੇ, ਕਹਿ ਰਵਿਦਾਸ ਬਖਾਨ॥**

(**ਬਸ**-ਕਾਬੂ। **ਅਮਰਤਿ**-ਮਰਣ ਰਹਿਤ, ਅਟੱਲ ਆਤਮਿਕ ਜੀਵਨ ਵਾਲਾ। **ਪਦ**-ਪਦਵੀ, ਅਵਸਥਾ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਕਰਦੇ ਹਨ ਕਿ ਜਿਹੜੇ

ਜੀਵ ਆਪਣੀਆਂ ਦਸਾਂ ਇੰਦਰੀਆਂ ਨੂੰ ਆਪਣੇ ਕਾਬੂ ਵਿੱਚ ਰੱਖਦੇ ਹਨ ਤੇ ਖੁਸ਼ੀ-ਗ਼ਮੀ ਨੂੰ (ਪ੍ਰਭੂ ਦੀ ਰਜ਼ਾ ਮੰਨਦੇ ਹੋਇਆਂ) ਇਨ੍ਹਾਂ ਨੂੰ ਇਕ ਸਮਾਨ ਸਮਝਦੇ ਹਨ ਉਹੀ ਜੀਵ ਪ੍ਰਭੂ-ਸਿਮਰਨ ਦੀ ਬਰਕਤਿ ਨਾਲ ਉਹ ਅਟੱਲ ਆਤਮਿਕ-ਜੀਵਨ ਵਾਲੀ ਅਵਸਥਾ ਪ੍ਰਾਪਤ ਕਰ ਲੈਂਦੇ ਹਨ ਭਾਵ ਆਤਮਿਕ ਮੌਤ ਉਨ੍ਹਾਂ ਨੂੰ ਕਦੇ ਪੋਹ ਨਹੀਂ ਸਕਦੀ॥

**161. ਬੁਧਿ ਅਰੁ ਬਿਬੇਕਹਿਂ, ਜਉ ਰਾਖਨ ਚਾਹੋ ਪਾਸ।**
**ਇੰਦਰੀਆਂ ਸੰਗ ਨਿਰਤ ਕੋ, ਤਜਿ ਦੇਹੁ ਰਵਿਦਾਸ॥**

(**ਬੁਧਿ**-ਅਕਲ, ਸਮਝ। **ਬਿਬੇਕਹਿਂ**-ਵਿਚਾਰਨਾ, ਧਾਰਮਿਕ ਅਸੂਲਾਂ ਦੀ ਦ੍ਰਿੜ੍ਹ ਧਾਰਨਾ। **ਇੰਦਰੀਆਂ ਸੰਗ ਨਿਰਤ ਕੋ**-ਇੰਦਰੀਆਂ ਦੇ ਇਸ਼ਾਰੇ 'ਤੇ ਨੱਚਣਾ।)

**ਅਰਥ**:- ਗੁਰੂ ਰਵਿਦਾਸ ਜੀ ਮਹਾਰਾਜ ਸਿੱਖਿਆ ਦਿੰਦੇ ਹਨ ਕਿ ਜੇਕਰ ਕੋਈ ਜੀਵ ਬੁੱਧੀਮਾਨ ਤੇ ਵਿਵੇਕਸ਼ੀਲ ਬਣਨਾ ਚਾਹੁੰਦਾ ਹੈ ਤਾਂ ਉਸ ਨੂੰ ਆਪਣੀਆਂ ਇੰਦਰੀਆਂ 'ਤੇ ਕਾਬੂ ਰੱਖਣਾ ਚਾਹੀਦਾ ਹੈ ਨਾ ਕਿ ਉਨ੍ਹਾਂ ਦੇ ਇਸ਼ਾਰੇ 'ਤੇ ਨੱਚਣਾ ਚਾਹੀਦਾ ਹੈ। ਜੀਵ ਨੂੰ ਨਿਸ਼ਕਾਮੀ ਹੋ ਕੇ ਇੰਦਰੀਆਂ ਦੇ ਭੋਗਾਂ ਦਾ ਤਿਆਗ ਕਰਨਾ ਚਾਹੀਦਾ ਹੈ॥

**162. ਰਵਿਦਾਸ ਇਛਾਏਂ ਆਪੁਨੀ, ਭੋਗਨ ਸੇਂ ਰਖ ਦੂਰ।**
**ਮਨ ਬੁਧਿ ਰਹਿੰਹਿ ਸਾਂਤ ਨਿਤ, ਘਟ ਮੰਹਿ ਰਹਿਵੈ ਨੂਰ॥**

(**ਬੁਧਿ**-ਬੁੱਧੀ, ਚਿਤ। **ਨੂਰ**-ਤੇਜ, ਪ੍ਰਕਾਸ਼।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਉਪਦੇਸ਼ ਦਿੰਦੇ ਹਨ ਕਿ ਜਿਹੜੇ ਜੀਵ ਆਪਣੀਆਂ ਇੱਛਾਵਾਂ ਨੂੰ ਇੰਦਰੀਆਂ ਦੇ ਭੋਗਾਂ 'ਤੇ ਹਾਵੀ ਨਹੀਂ ਹੋਣ ਦਿੰਦੇ ਤੇ ਉਨ੍ਹਾਂ ਨੂੰ ਆਪਣੇ ਕਾਬੂ ਵਿੱਚ ਰੱਖਦੇ ਹਨ, ਉਨ੍ਹਾਂ ਦਾ ਮਨ ਤੇ ਬੁੱਧੀ ਸਦਾ ਸ਼ਾਂਤ ਰਹਿੰਦੇ ਹਨ ਤੇ ਸਰੀਰ ਵਿੱਚ ਤੇਜ ਵੀ ਬਣਿਆ ਰਹਿੰਦਾ ਹੈ॥

**163. ਕੁਰਮੇ ਭਾਂਤਿ ਜਉ ਰਹਹਿੰ, ਮਨ ਇੰਦਰੀਆਂ ਰਵਿਦਾਸ।**
**ਸਾਂਤ ਰਹਈ ਨਿਤ ਆਤਮਾ, ਬੜਹਿ ਆਤਮ ਵਿਸਾਸ॥**

(**ਕੁਰਮੇ**-ਕੱਛੂ ਕੁੰਮਾ। **ਨਿਤ**-ਸਦਾ। **ਵਿਸਾਸ**-ਵਿਸ਼ਵਾਸ, ਯਕੀਨ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਕਛੂਏ ਦੀ ਉਦਾਹਰਨ ਦੇ ਕੇ ਜੀਵਾਂ ਨੂੰ ਸਮਝਾਉਂਦੇ ਹਨ ਕਿ ਜੋ ਜੀਵ ਆਪਣੇ ਮਨ ਤੇ ਇੰਦਰੀਆਂ ਨੂੰ ਸੰਸਾਰ ਵੱਲੋਂ ਉਲਟਾ ਕੇ ਉਨ੍ਹਾਂ ਨੂੰ ਕੱਛੂ ਕੁੰਮੇ ਦੀ ਤਰ੍ਹਾਂ ਸਮੇਟਦਾ ਹੋਇਆ ਕਾਬੂ ਵਿੱਚ ਰੱਖ ਕੇ ਅੰਤਰਮੁਖੀ ਹੋ ਜਾਂਦਾ ਹੈ ਤਾਂ ਉਸ ਦੀ ਆਤਮਾ ਸਦਾ ਸ਼ਾਂਤ ਰਹਿੰਦੀ ਹੈ ਤੇ ਆਤਮ-ਵਿਸ਼ਵਾਸ ਵੀ ਵਧਦਾ ਰਹਿੰਦਾ ਹੈ॥

**164. ਜੋ ਕੋਉ ਲੋਰੈ ਪਰਮ ਸੁਖ, ਤਉ ਰਾਖੈ ਮਨ ਸੰਤਖ।**
**ਰਵਿਦਾਸ ਜਹਾਂ ਸੰਤੋਖ ਹੈ, ਤਹਾਂ ਨ ਲਾਗੈ ਦੋਖ॥**

(**ਪਰਮ ਸੁਖ**-ਸਭ ਤੋਂ ਉੱਚਾ ਆਨੰਦ। **ਸੰਤੋਸ਼**-ਸਬਰ। **ਦੋਖ**-ਦੋਸ਼, ਵਿਕਾਰ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਸਿੱਖਿਆ ਦਿੰਦੇ ਹਨ ਕਿ ਜੇਕਰ ਕੋਈ ਜੀਵ ਸਭ ਤੋਂ ਉੱਚੇ ਆਤਮਿਕ ਆਨੰਦ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਆਪਣੇ ਮਨ ਵਿੱਚ ਸਬਰ-ਸੰਤੋਖ ਰੱਖਣਾ ਪਵੇਗਾ। ਜਿਸ ਜੀਵ ਨੇ ਮਨ ਵਿੱਚ ਸਬਰ-ਸੰਤੋਖ ਧਾਰ ਲਿਆ ਹੈ ਉਸ ਦੇ ਅੰਦਰ ਕਦੇ ਵੀ ਕੋਈ ਵਿਕਾਰ ਨਹੀਂ ਟਿਕਦਾ। (ਸੰਤੋਖੀ ਤੇ ਨਿਰ-ਵਿਕਾਰੀ ਜੀਵ ਹੀ ਸਭ ਤੋਂ ਉੱਚੇ ਆਤਮਿਕ ਆਨੰਦ ਦੀ ਪ੍ਰਾਪਤੀ ਕਰ ਸਕਦਾ ਹੈ।)॥

**165. ਧਨ ਸੰਚਯ ਦੁਖ ਦੇਤ ਹੈ, ਧਨ ਤਿਆਗੇ ਸੁੱਖ ਹੋਇ।**
**ਰਵਿਦਾਸ ਸੀਖ ਗੁਰੂਦੇਵ ਕੀ, ਧਨ ਮਤਿ ਜੋਰੇ ਕੋਇ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਗੁਰੂਦੇਵ ਜੀ ਦੀ ਸਿੱਖਿਆ ਹੈ ਕਿ ਕੋਈ ਵੀ ਜੀਵ ਧਨ ਨਾ ਜੋੜੇ ਕਿਉਂਕਿ ਧਨ ਦਾ ਸੰਗ੍ਰਹਿ ਕਰਨਾ ਦੁੱਖਾਂ ਦਾ ਕਾਰਨ ਬਣਦਾ ਹੈ। ਧਨ ਦਾ ਮੋਹ ਮਾੜਾ ਹੈ। ਇਸ ਮੋਹ ਨੂੰ ਤਿਆਗ਼ਣ ਵਿੱਚ ਹੀ ਸੁੱਖ ਹੈ॥

**166. ਸੱਚਾ ਸੁਖ ਸਤਿ ਧਰਮ ਮੰਹਿ, ਧਨ ਸੰਚਯ ਸੁਖ ਨਾਂਹਿ।**
**ਧਨ ਸੰਚਯ ਦੁਖ ਖਾਨ ਹੈ, ਰਵਿਦਾਸ ਸਮਝਿ ਮਨ ਮਾਂਹਿ॥**

**ਅਰਥ**:- ਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਸੱਚਾ ਸੁੱਖ ਤਾਂ ਸਤਿ ਧਰਮ ਦਾ ਪਾਲਣ ਕਰਨ ਵਿੱਚ ਹੀ ਹੈ, ਸੱਚ ਦੀ ਰਾਹ 'ਤੇ ਚੱਲਣ ਵਿੱਚ ਹੈ ਨਾ ਕਿ ਧਨ ਇਕੱਠਾ ਕਰਨ ਵਿੱਚ। ਇਸ ਗੱਲ ਨੂੰ ਆਪਣੇ ਮਨ ਵਿੱਚ ਚੰਗੀ ਤਰ੍ਹਾਂ ਬਿਠਾ ਲੈਣਾ ਚਾਹੀਦਾ ਹੈ ਕਿ ਧਨ ਇਕੱਠਾ ਕਰਨਾ ਤਾਂ ਦੁੱਖਾਂ ਦੀ ਖਾਨ ਇਕੱਠਾ ਕਰਨ ਦੇ ਸਮਾਨ ਹੈ। ਹੇ ਭਾਈ! ਧਨ ਦਾ ਮੋਹ ਮਾੜਾ ਹੈ॥

**167. ਸੁਖ ਸਰਿਤਾ ਮਹੰ ਬੂੜਿ ਕਰਿ, ਸੂਝ ਬੂਝ ਮਤਿ ਖੋਇ।**
**ਦੂਖ ਕੀ ਬਦਰੀ ਪੇਖਿ ਕੈ, ਰਵਿਦਾਸ ਨੰਹ ਦੀਜਿਏ ਰੋਇ॥**

(**ਸਰਿਤਾ**-ਨਦੀ। **ਬੂੜਿ**-ਡੁੱਬਣਾ, ਡੁੱਬਕੀ ਲਾਉਣਾ। **ਸੂਝ ਬੂਝ**-ਸੋਚ ਸਮਝ, ਅਕਲ, ਵਿਵੇਕ। **ਮਤਿ**-ਨਹੀਂ, ਨਾ। **ਬਦਰੀ**-ਬੱਦਲ। **ਪੇਖਿ**-ਦੇਖ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਉਪਦੇਸ਼ ਦਿੰਦੇ ਹਨ ਕਿ ਸੁੱਖ ਦੀ ਨਦੀ ਵਿੱਚ ਡੁੱਬਕੀ ਲਗਾ ਕੇ ਏਨਾਂ ਵੀ ਮਸਤ ਨਹੀਂ ਹੋਣਾ ਚਾਹੀਦਾ ਕਿ ਆਪਣਾ ਵਿਵੇਕ ਖੋਹ ਜਾਏ, ਨੇਕ ਸੋਚ ਤੇ ਪ੍ਰਭੂ-ਬੰਦਗੀ ਭੁੱਲ ਜਾਏ ਤੇ ਨਾ ਹੀ ਦੁੱਖ ਦੇ ਬੱਦਲਾਂ ਨੂੰ ਮੰਡਰਾਉਂਦੇ ਦੇਖ ਕੇ ਰੋਣਾ ਚਾਹੀਦਾ ਹੈ। ਦੁੱਖ-ਸੁੱਖ ਜੀਵਨ ਦੇ ਸਾਥੀ ਹਨ, ਆਉਂਦੇ-ਜਾਂਦੇ ਰਹਿੰਦੇ ਹਨ। (ਜੀਵ ਨੂੰ ਦੋਹਾਂ ਪ੍ਰਸਥਿਤੀਆਂ ਵਿੱਚ ਅਡੋਲ ਰਹਿ ਕੇ ਇੱਕੋ ਜਿਹਾ ਵਿਵਹਾਰ ਕਰਨਾ ਚਾਹੀਦਾ ਹੈ।)॥

**168. ਸੁਖ ਦੁਖ ਸਮ ਕਰਿ ਜਾਨਹੁ, ਤਉ ਦੁਖਹ ਸੁਖ ਹੋਇ।**
**ਰਵਿਦਾਸ ਜੋ ਸੁਖਹਿੰ ਦੁਖ ਕਹੈ, ਤਉ ਸੁਖ ਭੀ ਦੁਖ ਹੋਇ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਜਿਹੜੇ

ਜੀਵ ਦੁੱਖ ਤੇ ਸੁੱਖ ਨੂੰ ਪ੍ਰਭੂ ਦੀ ਰਜ਼ਾ ਮੰਨ ਕੇ ਇਨ੍ਹਾਂ ਨੂੰ ਇਕ ਸਮਾਨ ਸਮਝਦੇ ਹਨ ਉਨ੍ਹਾਂ ਲਈ ਦੁੱਖ ਵੀ ਸੁੱਖ ਬਣ ਜਾਂਦੇ ਹਨ ਭਾਵ ਉਹ ਦੁੱਖ ਵਿੱਚ ਵੀ ਸੁੱਖ ਦਾ ਅਨੁਭਵ ਕਰਦੇ ਹਨ, ਪਰ ਇਸ ਤੋਂ ਉਲਟ ਜਿਹੜੇ ਜੀਵ ਸੁੱਖ ਵਿੱਚ ਵੀ ਸੰਤੁਸ਼ਟ ਨਹੀਂ ਹੁੰਦੇ, ਉਨ੍ਹਾਂ ਲਈ ਸੁੱਖ ਵੀ ਦੁੱਖ ਵਿੱਚ ਬਦਲ ਜਾਂਦੇ ਹਨ। ਅਜਿਹੇ ਜੀਵ ਜੀਵਨ ਵਿੱਚ ਕਦੇ ਵੀ ਸੁੱਖ ਦਾ ਅਨੁਭਵ ਨਹੀਂ ਕਰ ਸਕਦੇ॥

**169. ਰਵਿਦਾਸ ਪ੍ਰੇਮ ਨਹਿੰ ਛਿਪ ਸਕਇ, ਲਾਖ ਛਿਪਾਏ ਕੋਇ।**
**ਪ੍ਰੇਮ ਨ ਮੁਖ ਖੋਲੈ ਕਭਉਂ, ਨੈਨ ਦੇਤ ਹੈਂ ਰੋਇ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਸੱਚੇ ਪ੍ਰੇਮ ਬਾਰੇ ਕਥਨ ਕਰਦੇ ਹਨ ਕਿ ਸੱਚਾ ਪ੍ਰੇਮ ਕਦੇ ਲੁਕਾਇਆ ਲੁਕਦਾ ਨਹੀਂ ਚਾਹੇ ਉਸ ਨੂੰ ਲੁਕਾਉਣ ਲਈ ਲੱਖਾਂ ਹੀ ਕੋਸ਼ਿਸ਼ਾਂ ਕਿਉਂ ਨਾ ਕਰ ਲਈਏ ? ਸੱਚਾ ਪ੍ਰੇਮੀ ਕਦੀ ਮੂੰਹੋਂ ਬੋਲ ਕੇ ਆਪਣੇ ਪ੍ਰੇਮ ਨੂੰ ਜ਼ਾਹਰ ਨਹੀਂ ਕਰਦਾ ਪਰ ਉਸ ਦੀਆਂ ਰੋਂਦੀਆਂ ਅੱਖਾਂ ਉਸ ਅੰਦਰ ਲੁਕੇ ਹੋਏ ਪ੍ਰੇਮ ਨੂੰ ਪ੍ਰਗਟ ਕਰ ਦਿੰਦੀਆਂ ਹਨ॥

**170. ਰਵਿਦਾਸ ਸਦਾ ਹੀ ਰਾਖੀਏ, ਮਨ ਮੰਹਿ ਸਹਜ ਸੁਭਾਓ।**
**ਰਾਖੇ ਨਹੀਂ ਕੁਪੰਥ ਪਗ, ਜੋ ਲੋਰੌ ਸੁਖ ਚਾਓ॥**

(**ਸਹਜ ਸੁਭਾਓ**-ਸਾਂਤੀ ਵਾਲਾ ਸੁਭਾਅ। **ਕੁਪੰਥ**-ਬੁਰਾ ਰਸਤਾ। **ਪਗ**-ਪੈਰ। **ਲੋਰੌ**-ਚਾਹੁਣਾ। **ਚਾਓ**-ਆਨੰਦ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਨ ਵਿੱਚ 'ਸਹਿਜ-ਸੁਭਾਓ' ਅਪਨਾਉਣ ਦੀ ਸਿੱਖਿਆ ਦਿੰਦੇ ਹੋਏ ਫ਼ਰਮਾਂਦੇ ਹਨ ਕਿ ਜੇਕਰ ਕੋਈ ਜੀਵ ਆਪਣੇ ਜੀਵਨ ਵਿੱਚ ਸੁੱਖ, ਸ਼ਾਂਤੀ ਤੇ ਆਨੰਦ ਚਾਹੁੰਦਾ ਹੈ ਤਾਂ ਉਸ ਨੂੰ ਕਦੇ ਭੁੱਲ ਕੇ ਵੀ ਬੁਰੇ ਰਸਤੇ 'ਤੇ ਪੈਰ ਨਹੀਂ ਰੱਖਣਾ ਚਾਹੀਦਾ। ਉਸ ਨੂੰ ਨੇਕ ਮਾਰਗ 'ਤੇ ਚੱਲਦੇ ਹੋਏ ਆਪਣੇ ਮਨ ਦਾ ਸੁਭਾਓ ਹਮੇਸ਼ਾ ਸਹਿਜ ਰੱਖਣਾ ਚਾਹੀਦਾ ਹੈ॥

**171. ਜੋ ਜਨ ਦੁਸ਼ਟ ਕੁਮਾਰਗੀ, ਬਇਠਹਿ ਨਹੀਂ ਤਿੰਹ ਪਾਸ।**
**ਜੋ ਜਨ ਸੰਤ ਸੁਮਾਰਗੀ, ਤਿਨ ਪਾਂਏ ਲਾਗੋ ਰਵਿਦਾਸ॥**

(**ਦੁਸ਼ਟ**-ਦੁਰਜਨ, ਕਲੰਕੀ। **ਕੁਮਾਰਗੀ**-ਬੁਰੇ ਰਸਤੇ 'ਤੇ ਚੱਲਣ ਵਾਲਾ। **ਪਾਂਏ**-ਚਰਨ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਚੰਗੀ-ਮਾੜੀ ਸੰਗਤ ਬਾਰੇ ਸੁਚੇਤ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਬੁਰੇ ਰਸਤੇ 'ਤੇ ਚੱਲਣ ਵਾਲੇ ਦੁਸ਼ਟ-ਜਨ ਦੇ ਕਦੇ ਭੁੱਲ ਕੇ ਵੀ ਨੇੜੇ ਨਹੀਂ ਬੈਠਣਾ ਚਾਹੀਦਾ। ਪਰ ਸੱਚੇ ਰਸਤੇ ਉੱਤੇ ਚੱਲਣ ਵਾਲੇ ਸੰਤ-ਜਨਾਂ ਦੇ ਚਰਨਾਂ ਵਿੱਚ ਹਮੇਸ਼ਾ ਸੀਸ ਝੁਕਾਉਂਣਾ ਚਾਹੀਦਾ ਹੈ ਤੇ ਉਨ੍ਹਾਂ ਦੀ ਸ਼ਰਨ ਵਿੱਚ ਰਹਿਣਾ ਚਾਹੀਦਾ ਹੈ॥

**172. ਰਵਿਦਾਸ ਜੁ ਹੈ ਬੇਗਮਪੁਰਾ, ਉਹ ਪੂਰਨ ਸੁਖ ਧਾਂਮ।**
**ਦੁਖ ਅੰਦੋਹ ਅਰੁ ਦ੍ਵੈਸਭਾਵ, ਨਾਂਹਿ ਬਸਹਿੰ ਤਿਹਿੰ ਠਾਂਮ॥**

(**ਧਾਂਮ**-ਘਰ। **ਬੇਗਮਪੁਰਾ**-ਗ਼ਮ ਤੋਂ ਰਹਿਤ ਸ਼ਹਿਰ। **ਅੰਦੋਹ**-ਚਿੰਤਾ। **ਠਾਂਮ**-ਥਾਂ )

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ 'ਬੇਗਮਪੁਰਾ ਸ਼ਹਿਰ' ਬਾਰੇ ਫ਼ਰਮਾਂਦੇ ਹਨ ਕਿ ਪ੍ਰਭੂ ਦੇ ਬੇਕੁੰਠ ਧਾਮ ਨੂੰ 'ਬੇਗਮਪੁਰਾ' ਕਿਹਾ ਜਾਂਦਾ ਹੈ। ਉਹ ਧਾਮ ਗ਼ਮਾਂ ਤੋਂ ਰਹਿਤ ਸੱਚੇ ਸੁੱਖ ਦਾ ਘਰ ਹੈ। ਉਸ ਥਾਂ 'ਤੇ ਕਿਸੇ ਤਰ੍ਹਾਂ ਦਾ ਵੀ ਦੁੱਖ, ਸ਼ੋਕ, ਚਿੰਤਾ ਤੇ ਦ੍ਵੈਸ਼-ਭਾਵ ਆਦਿਕ ਨਹੀਂ ਰਹਿੰਦੇ॥

**173. ਰਵਿਦਾਸ ਮਨੁਖ ਕਰਿ ਬਸਨ ਕੂੰ, ਸੁਖ ਕਰ ਹੈ ਦੁਇ ਠਾਂਵ।**
**ਇਕ ਸੁਖ ਹੈ ਸਵਰਾਜ ਮੰਹਿ, ਦੂਸਰ ਮਰਘਟ ਗਾਂਵ॥**

(**ਸਵਰਾਜ**-ਜਿਸ ਰਾਜ 'ਚ ਪ੍ਰਾਧੀਨਤਾ ਨਾ ਹੋਵੇ। **ਮਰਘਟ**-ਸ਼ਮਸ਼ਾਨ ਘਾਟ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਜੇਕਰ ਜੀਵ ਨੇ ਸਦਾ ਸੁੱਖ ਭੋਗਣਾ ਹੈ ਤਾਂ ਉਸ ਦੇ ਰਹਿਣ ਲਈ ਕੇਵਲ ਦੋ ਹੀ ਸਥਾਨ ਹਨ, ਇਕ ਸਵਰਾਜ ਤੇ ਦੂਜਾ ਮਰਘਟ। (ਸਵਰਾਜ ਵਿੱਚ ਕੋਈ ਵੀ ਜੀਵ ਕਿਸੇ ਵੀ ਤਰ੍ਹਾਂ ਪ੍ਰਾਧੀਨ ਨਹੀਂ ਹੁੰਦਾ। ਉਹ ਸਤਿ-ਮਾਰਗੀ ਬਣ ਕੇ ਪ੍ਰਭੂ ਦਾ ਸਿਮਰਨ ਕਰਦਾ ਹੋਇਆ ਸਦਾ ਸੁਖੀ ਰਹਿੰਦਾ ਹੈ। ਦੂਸਰਾ ਜੀਵ ਨੂੰ ਮੌਤ ਤੋਂ ਬਾਅਦ ਸ਼ਮਸ਼ਾਨ ਘਾਟ 'ਚ ਜਾ ਕੇ ਸੰਸਾਰਿਕ ਦੁੱਖਾਂ ਤੋਂ ਸਦਾ ਲਈ ਛੁਟਕਾਰਾ ਮਿਲਦਾ ਹੈ।)॥

**174. ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੈ ਸਭਨ ਕੋ ਅੰਨ।**
**ਛੋਟ-ਬੜੇ ਸਭ ਸਮ ਬਸੈ, ਰਵਿਦਾਸ ਰਹੇ ਪ੍ਰਸੰਨ॥**

**ਅਰਥ**:- ਗੁਰੂ ਰਵਿਦਾਸ ਜੀ ਮਹਾਰਾਜ ਸਮਾਜ ਵਿੱਚ ਨਿਆਇਕ ਤੇ ਉੱਤਮ ਰਾਜ ਦੀ ਵਿਵਸਥਾ ਬਾਰੇ ਆਪਣੀ ਇੱਛਾ ਪ੍ਰਗਟ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਮੈਂ ਇਸ ਤਰ੍ਹਾਂ ਦਾ ਰਾਜ ਚਾਹੁੰਦਾ ਹਾਂ ਜਿੱਥੇ ਸਭ ਜੀਵਾਂ ਨੂੰ ਖਾਣ ਲਈ ਅੰਨ ਪ੍ਰਾਪਤ ਹੋਵੇ। ਜਿੱਥੇ ਛੋਟੇ-ਬੜੇ ਤੇ ਊਚ-ਨੀਚ ਦਾ ਕੋਈ ਭੇਦ-ਭਾਵ ਨਾ ਹੋਵੇ ਤੇ ਸਭ ਲੋਕ ਬਰਾਬਰ ਵਸਣ। ਮੈਂ ਇਸ ਤਰ੍ਹਾਂ ਦੇ ਰਾਜ ਨੂੰ ਦੇਖ ਕੇ ਪ੍ਰਸੰਨ ਹੋਵਾਂਗਾ॥

**175. ਮਨ ਮੰਹਿ ਸਤਿ ਸੰਤੋਖ ਰਖਹੁ, ਸਭ ਕਰਿ ਸੇਵਾ ਲਾਗ।**
**ਸੇਵਾ ਸਬ ਕਛੁ ਦੇਤ ਹੈ, ਰਵਿਦਾਸ ਸੇਵਹਿੰ ਮਤਿ ਤਿਆਗ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਸੇਵਾ ਦੀ ਮਹੱਤਤਾ ਦੱਸਦੇ ਹੋਏ ਫ਼ਰਮਾਉਂਦੇ ਹਨ ਕਿ ਜੀਵ ਨੂੰ ਮਨ ਵਿੱਚ ਸਤ ਸੰਤੋਖ ਰੱਖ ਕੇ ਸਭਨਾਂ ਦੀ ਸੇਵਾ ਕਰਨੀ ਚਾਹੀਦੀ ਹੈ। ਨਿਸ਼ਕਾਮ ਸੇਵਾ ਕਰਨ ਵਾਲਾ ਹੀ ਸਭ ਦਾਤਾਂ ਦੀ ਪ੍ਰਾਪਤੀ ਕਰ ਸਕਦਾ ਹੈ। ਨਿਸ਼ਕਾਮੀ ਸੇਵਕ ਜੋ ਕੁਝ ਵੀ ਪ੍ਰਭੂ ਤੋਂ ਮੰਗਦਾ ਹੈ ਉਹ ਉਸ ਨੂੰ ਮਿਲ ਜਾਂਦਾ ਹੈ। ਇਸ ਲਈ ਨਿਸ਼ਕਾਮ ਸੇਵਾ ਕਦੀ ਵੀ ਤਿਆਗ਼ਣੀ ਨਹੀਂ ਚਾਹੀਦੀ॥

**176. ਦੀਨ ਦੁਖੀ ਕਰਿ ਸੇਵ ਮੰਹਿ, ਲਾਗ ਰਹਿਓ ਰਵਿਦਾਸ।**
**ਨਿਸਿ ਬਾਸਰ ਕੀ ਸੇਵ ਸੌਂ, ਪ੍ਰਭੂ ਮਿਲਨ ਕੀ ਆਸ॥**

**ਅਰਥ**:-ਸਤਿਗੁਰੂ ਰਵਿਦਾਸ ਜੀ ਮਹਾਰਾਜ ਸੇਵਾ ਕਰਨ ਦੀ ਪ੍ਰੇਰਨਾ ਦਿੰਦੇ ਹੋਏ

ਫ਼ਰਮਾਉਂਦੇ ਹਨ ਕਿ ਜੋ ਲੋਕ ਦਿਨ-ਰਾਤ ਦੀਨ-ਦੁਖੀਆਂ ਦੀ ਸੇਵਾ ਵਿੱਚ ਲੱਗੇ ਰਹਿੰਦੇ ਹਨ, ਉਨ੍ਹਾਂ ਲੋਕਾਂ ਦੀ ਹੀ ਪ੍ਰਭੂ ਨੂੰ ਮਿਲਣ ਦੀ ਆਸ ਪੂਰੀ ਹੁੰਦੀ ਹੈ॥

**177. ਧੂਆਂ ਤਪਨ ਮੰਹਿ ਕਾ ਧਰਾ, ਧੂਮ ਤਪਨ ਹੀ ਤਿਆਗ।**
**ਰਵਿਦਾਸ ਮਿਲਿਹੈਂ ਮੋਖ ਧਾਮ, ਸੇਵਾ ਹੀ ਤਪ ਆਗ॥**

(**ਕਾ ਧਰਾ**-ਕੀ ਪਿਆ, ਕੀ ਲਾਭ। **ਧੂਮ**-ਧੂਣੀ। **ਮੋਸ਼ ਧਾਮ**-ਮੁਕਤੀ ਦਾ ਘਰ।)

**ਅਰਥ**:- ਸਤਿਗੁਰੂ ਰਵਿਦਾਸ ਮਹਾਰਾਜ ਜੀ ਜੀਵਾਂ ਨੂੰ ਸਿੱਖਿਆ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਧੂਣੀ ਤਪਾ ਕੇ ਤਪ ਕਰਨ ਦਾ ਕੋਈ ਲਾਭ ਨਹੀਂ ਹੋਣਾ। ਇਸ ਲਈ ਜੀਵ ਨੂੰ ਧੂਣੀ ਤਪਾ ਕੇ ਤੱਪ ਕਰਨਾ ਹੀ ਛੱਡ ਦੇਣਾ ਚਾਹੀਦਾ ਹੈ ਤੇ ਉਸ ਦੀ ਥਾਂ ਮਾਨਵ-ਸੇਵਾ ਦੀ ਅੱਗ ਵਿੱਚ ਆਪਣੇ ਆਪ ਨੂੰ ਤਪਾਉਣਾ ਚਾਹੀਦਾ ਹੈ। ਇਸ ਤਰ੍ਹਾਂ ਦੇ ਤਪ ਨਾਲ ਉਸ ਨੂੰ ਮੁਕਤੀ ਦਾ ਘਰ ਮਿਲੇਗਾ ਭਾਵ ਉਹ ਪ੍ਰਭੂ ਨਾਲ ਇਕ-ਰੂਪ ਹੋ ਜਾਵੇਗਾ॥

**178. ਰਵਿਦਾਸ ਰਾਤ ਨ ਸੋਇਏ, ਦਿਵਸ ਨ ਕਰਿਏ ਸਵਾਦ।**
**ਅਹਿ ਨਿਸਿ ਹਰਿ ਜੀ ਸੁਮਿਰਿਏ, ਛਾਂਡਿ ਸਕਲ ਪ੍ਰਤਿਵਾਦ॥**

**ਅਰਥ**:- ਸਤਿਗੁਰੂ ਮਹਾਰਾਜ ਜੀ ਜੀਵਾਂ ਨੂੰ ਉਪਦੇਸ਼ ਦਿੰਦੇ ਹਨ ਕਿ ਰਾਤ ਨੂੰ ਸੌਂ ਕੇ ਤੇ ਦਿਨ ਨੂੰ ਭੋਗ ਪਦਾਰਥਾਂ ਦਾ ਸੁਆਦ ਲੈਂਦੇ ਹੋਏ ਨਹੀਂ ਗੁਜ਼ਾਰ ਦੇਣਾ ਚਾਹੀਦਾ। ਜੀਵ ਨੂੰ ਚਾਹੀਦਾ ਹੈ ਕਿ ਉਹ ਸਾਰੇ ਝਗੜੇ-ਝਮੇਲੇ ਛੱਡ ਕੇ ਭਾਵ ਮਿੱਥੇ ਹੋਏ ਸਾਰੇ ਧਾਰਮਿਕ ਕਰਮਕਾਂਡਾਂ ਨੂੰ ਤਿਆਗ ਕੇ ਦਿਨ-ਰਾਤ ਪ੍ਰਭੂ ਦਾ ਸਿਮਰਨ ਕਰੇ (ਤਾਂ ਕਿ ਉਸਦਾ ਮਨੁੱਖਾ ਜੀਵਨ ਸਫ਼ਲ ਹੋ ਜਾਵੇ।)॥

**179. ਰਵਿਦਾਸ ਤੂੰ ਕਾਂਵਚ ਫਲੀ, ਤੁਝੇ ਨ ਛੀਵੈ ਕੋਇ।**
**ਤੈਂ ਨਿਜ ਨਾਮ ਨ ਜਾਨਿਆਂ, ਭਲਾ ਕਹਾਂ ਤੇ ਹੋਇ॥**

(**ਕਾਂਵਚ ਫਲੀ**-ਕੌਂਚੂ ਫਲੀ ਦੀ ਬੂਟੀ ਜਿਸ ਦੀ ਛੋਹ ਨਾਲ ਸਰੀਰ ਵਿੱਚ ਜਲਣ ਸ਼ੁਰੂ ਹੋ ਜਾਂਦੀ ਹੈ। **ਛੀਵੈ**-ਛੂਹਣਾ। **ਨਿਜ ਨਾਮ**-ਪਰਮਾਤਮਾ ਦਾ ਨਾਮ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਸੁਚੇਤ ਕਰਦੇ ਹੋਏ ਫ਼ਰਮਾਂਦੇ ਹਨ ਕਿ ਹੇ ਜੀਵ! ਤੂੰ ਪਰਮਾਤਮਾ ਦੇ ਨਾਮ-ਸਿਮਰਨ ਤੋਂ ਬਿਨਾਂ ਕੈਚੂ ਫਲੀ ਦੀ ਬੂਟੀ ਵਾਂਗ ਹੈਂ ਜਿਸ ਨੂੰ ਕੋਈ ਵੀ ਛੂਹਣਾ ਪਸੰਦ ਨਹੀਂ ਕਰਦਾ (ਕਿਉਂਕਿ ਉਸ ਦੀ ਛੋਹ ਨਾਲ ਸਰੀਰ 'ਤੇ ਧੱਫੜ ਪੈ ਜਾਂਦੇ ਹਨ ਤੇ ਅੰਦਰ ਜਲਣ ਲੱਗ ਜਾਂਦੀ ਹੈ। ਇਸੇ ਤਰ੍ਹਾਂ ਪਰਮਾਤਮਾ ਨੂੰ ਭੁੱਲੇ ਹੋਏ ਮਨੁੱਖ ਦੀ ਛੋਹ ਨਾਲ ਜੀਵ ਨੂੰ ਵੀ ਸੰਸਾਰ ਦੀ ਮੋਹ-ਮਾਇਆ ਤੇ ਵਿਸ਼ੇ-ਵਿਕਾਰਾਂ ਦੀ ਤਪਸ ਚੜ੍ਹ ਜਾਂਦੀ ਹੈ।) ਜਦੋਂ ਤੱਕ ਜੀਵ ਪਰਮਾਤਮਾ ਦੇ ਨਾਮ ਨੂੰ ਨਹੀਂ ਜਾਣਦਾ, ਉਸ ਦੇ ਸਰੂਪ ਨੂੰ ਨਹੀਂ ਪਹਿਚਾਣਦਾ ਉਦੋਂ ਤੱਕ ਉਸ ਦਾ ਭਲਾ ਕਿਵੇਂ ਹੋ ਸਕਦਾ ਹੈ? ਭਾਵ ਪਰਮਾਤਮਾ ਨੂੰ ਜਾਣੇ ਬਿਨਾਂ ਅਤੇ ਉਸ ਨਾਲ਼ ਡੂੰਘੀ ਸਾਂਝ ਪਾਏ ਬਿਨਾਂ ਜੀਵ ਦਾ ਕਦੇ ਵੀ ਕਲਿਆਣ ਨਹੀਂ ਹੋ ਸਕਦਾ॥

**180. ਅੰਤਰਗਤਿ ਰਾਂਚੈ ਨਹੀ, ਬਾਹਰ ਕਰੈ ਉਜਾਸ।**
**ਤੇ ਨਰ ਜਮਪੁਰ ਜਾਹਿੰਗੇ, ਸਤ ਭਾਖੈ ਰਵਿਦਾਸ॥**

(**ਅੰਤਰਗਤਿ**–ਅੰਦਰ ਦੀ ਹਾਲਤ ਭਾਵ ਹਿਰਦੇ ਅੰਦਰ। **ਰਾਂਚੈ**–ਰਚੇ ਹੋਣਾ, ਰੰਗ ਵਿੱਚ ਰੰਗ ਜਾਣਾ। **ਉਜਾਸ**–ਪ੍ਰਕਾਸ਼, ਦਿਖਾਵਾ ਕਰਨਾ। **ਜਮਪੁਰ**–ਨਰਕ। **ਭਾਖੈ**–ਕਹਿਣਾ।)

**ਅਰਥ**:– ਸਤਿਗੁਰੂ ਮਹਾਰਾਜ ਜੀ ਪਾਖੰਡੀ ਲੋਕਾਂ ਨੂੰ ਚੇਤੰਨ ਕਰਦੇ ਹੋਏ ਫ਼ਰਮਾਂਦੇ ਹਨ ਕਿ ਮੈਂ ਸੱਚ ਕਹਿੰਦਾ ਹਾਂ ਕਿ ਜਿਹੜੇ ਜੀਵ ਆਪਣੇ ਹਿਰਦੇ ਅੰਦਰ ਪ੍ਰਭੂ ਦੇ ਪ੍ਰੇਮ–ਰੰਗ ਵਿੱਚ ਨਹੀਂ ਰੰਗੇ ਹੁੰਦੇ ਪਰ ਬਾਹਰੋਂ ਪ੍ਰਭੂ ਦੇ ਵੱਡੇ ਭਗਤ ਹੋਣ ਦਾ ਦਿਖਾਵਾ ਕਰਦੇ ਹਨ ਉਹ ਯਕੀਨਨ ਨਰਕਾਂ ਵਿੱਚ ਹੀ ਜਾਂਦੇ ਹਨ॥

**181. ਸਬ ਸੁਖ ਪਾਵੈ ਜਾਸੁ ਤੇਂ, ਸੋ ਹਰਿ ਜੂ ਕੋ ਦਾਸ।**
**ਕਉ ਦੁਖ ਪਾਵੈ ਜਾਸੁ ਤੇ, ਸੋ ਨ ਦਾਸ ਰਵਿਦਾਸ॥**

**ਅਰਥ**:– ਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਜਿਹੜੇ ਸਾਰੇ ਸੁੱਖ ਪ੍ਰਭੂ–ਭਗਤ ਨੂੰ ਜੀਵਨ ਵਿੱਚ ਪ੍ਰਾਪਤ ਹੁੰਦੇ ਹਨ ਉਹ ਪ੍ਰਭੂ ਦੀਆਂ ਰਹਿਮਤਾਂ ਤੇ ਬਖ਼ਸ਼ਿਸ਼ਾਂ ਦਾ ਹੀ ਫਲ ਹੁੰਦੇ ਹਨ। ਪਰ ਜਿਸ ਜੀਵ ਨੂੰ ਜੀਵਨ ਵਿੱਚ ਦੁੱਖ ਪ੍ਰਾਪਤ ਹੋਣ ਤਾਂ ਉਹ ਨਿਰਸੰਦੇਹ ਪ੍ਰਭੂ–ਭਗਤ ਹੋ ਹੀ ਨਹੀਂ ਸਕਦਾ। (ਪ੍ਰਭੂ–ਭਗਤ ਨੂੰ ਤਾਂ ਕਦੇ ਦੁੱਖ ਆਉਂਦੇ ਹੀ ਨਹੀਂ, ਕਿਉਂਕਿ ਉਹ ਹਰ ਪ੍ਰਸਥਿਤੀ ਨੂੰ ਪ੍ਰਭੂ ਦੀ ਰਜ਼ਾ ਮੰਨਦਾ ਹੈ ਤੇ ਉਸ ਦੀ ਰਜ਼ਾ ਵਿੱਚ ਹਮੇਸ਼ਾ ਸੁਖੀ ਰਹਿੰਦਾ ਹੈ।)॥

**182. ਹਰਿ ਗੁਰ ਸਾਧ ਸਮਾਨ ਚਿਤ, ਨਿਤ ਆਗਮ ਤੱਤ ਮੂਲ।**
**ਇਨ ਬਿਚ ਅੰਤਰ ਜਿਨ ਪਰੌ, ਕਰਵਤ ਸਹਨ ਕਬੂਲ॥**

(**ਸਮਾਨ ਚਿਤ**–ਚਿੱਤ ਦੀ ਅਵਸਥਾ ਦਾ ਇਕ ਸਮਾਨ ਹੋਣਾ। **ਨਿਤ**–ਸਦਾ ਰਹਿਣ ਵਾਲੇ। **ਆਗਮ**–ਵੇਦ, ਸ਼ਾਸਤਰ, ਧਰਮ ਗ੍ਰੰਥ। ਤਤ–ਸਾਰ। **ਮੂਲ**–ਮੁੱਢਲਾ, ਅਸਲੀ ਮਜਮੂਨ। **ਅੰਤਰ**–ਫ਼ਰਕ। **ਕਰਵਤ**–ਆਰਾ। **ਕਬੂਲ**–ਮਨਜੂਰ, ਸਵੀਕਾਰ।)

**ਅਰਥ**:– ਸਤਿਗੁਰੂ ਮਹਾਰਾਜ ਜੀ ਜੀਵਾਂ ਨੂੰ ਉਪਦੇਸ਼ ਦਿੰਦੇ ਹਨ ਕਿ ਸਾਰੇ ਧਰਮ ਗ੍ਰੰਥਾਂ ਦਾ ਮੂਲ ਸਾਰ (ਨਿਚੋੜ) ਇਹ ਹੈ ਕਿ ਪਰਮਾਤਮਾ, ਸਤਿਗੁਰੂ ਤੇ ਸੰਤ–ਜਨ ਇਕ ਸਮਾਨ ਚਿੱਤ ਹੁੰਦੇ ਹਨ, ਇਕ ਆਤਮਿਕ ਰੂਪ ਹੁੰਦੇ ਹਨ। ਇਨ੍ਹਾਂ ਸਭਨਾਂ ਨੂੰ ਇਕ ਸਮਾਨ ਸਮਝਣਾ ਚਾਹੀਦਾ ਹੈ। ਆਰੇ ਨਾਲ ਚੀਰੇ ਜਾਣ ਵਾਲੇ ਕਸ਼ਟ ਨੂੰ ਸਹਿਣ ਕਰਨਾ ਸਵੀਕਾਰ ਕਰ ਲੈਣਾ ਚਾਹੀਦਾ ਹੈ ਪਰ ਪਰਮਾਤਮਾ, ਸਤਿਗੁਰੂ ਤੇ ਸੰਤ–ਜਨਾਂ ਵਿੱਚ ਕੋਈ ਭਿੰਨਤਾ ਸਵੀਕਾਰ ਨਹੀਂ ਕਰਨੀ ਚਾਹੀਦੀ॥

**183. ਰਵਿਦਾਸ ਜੀਵ ਕੂੰ ਮਾਰਿ ਕਰ, ਕੈਸੋ ਮਿਲਿਹਿ ਖੁਦਾਇ।**
**ਪੀਰ ਪੈਗੰਬਰ ਔਲੀਆ, ਕੋਉ ਨ ਕਹਇ ਸਮੁਝਾਇ॥**

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵ ਹੱਤਿਆ ਕਰਨ ਵਾਲੇ ਲੋਕਾਂ ਨੂੰ ਉਪਦੇਸ਼ ਕਰਦੇ ਹਨ ਕਿ ਜੀਵ ਹੱਤਿਆ ਕਰਕੇ ਪਰਮਾਤਮਾ ਨਾਲ ਕਿਵੇਂ ਮਿਲਾਪ ਕੀਤਾ ਜਾ ਸਕਦਾ ਹੈ ? ਕਿਸੇ ਵੀ ਪੀਰ, ਪੈਗੰਬਰ ਤੇ ਮਹਾਂਪੁਰਖ

ਨੇ ਇਹ ਉਪਦੇਸ਼ ਨਹੀਂ ਦਿੱਤਾ ਕਿ ਜੀਵ ਹੱਤਿਆ ਕਰਨ ਨਾਲ ਪ੍ਰਭੂ ਦੀ ਪ੍ਰਾਪਤੀ ਹੋ ਜਾਵੇਗੀ॥

**184. ਰਵਿਦਾਸ ਜੋ ਪੋਸਨ ਹੇਤ, ਗਊ ਬਕਰੀ ਨਿਤ ਖਾਇ।**
**ਪੜਈ ਨਮਾਜੈਂ ਰਾਤ ਦਿਨ, ਕਬਹੂੰ ਭਿਸਤ ਨਾ ਪਾਇ॥**

(**ਪੋਸਣ**–ਪਾਲਣ ਪੋਸ਼ਣ। **ਹੇਤ**–ਲਈ। **ਭਿਸਤ**–ਸਵਰਗ। **ਕਬਹੂੰ**–ਕਦੇ ਵੀ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਮਾਸਾਹਾਰੀ ਜੀਵਾਂ ਨੂੰ ਸਿੱਖਿਆ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਜਿਹੜੇ ਲੋਕ ਆਪਣੇ ਸਰੀਰ ਦਾ ਪਾਲਣ–ਪੋਸ਼ਣ ਕਰਨ ਲਈ ਹਰ ਦਿਨ ਬੇਜ਼ੁਬਾਨ ਗਊਆਂ ਤੇ ਬੱਕਰੀਆਂ ਆਦਿਕ ਦਾ ਮਾਸ ਖਾਂਦੇ ਹਨ ਉਹ ਭਾਵੇਂ ਦਿਨ–ਰਾਤ ਨਮਾਜ਼ਾਂ ਪੜ੍ਹਦੇ ਰਹਿਣ ਪਰ ਉਨ੍ਹਾਂ ਨੂੰ ਸਵਰਗਾਂ ਦੀ ਪ੍ਰਾਪਤੀ ਕਦੇ ਵੀ ਨਹੀਂ ਹੋਣੀ ਹੈ॥

**185. ਰਵਿਦਾਸ ਮੂੰਡਹਿ ਕਾਟਿ ਕਰਿ, ਮੂਰਖ ਕਹਤ ਹਲਾਲ।**
**ਗਲਾ ਕਟਾਵਹੁ ਅਪਨਾ, ਤਉ ਕਾ ਹੋਇਹਿ ਹਾਲ॥**

(**ਮੂੰਡਹਿ**–ਗਲਾ, ਸਿਰ। **ਹਲਾਲ**–ਇਸਲਾਮੀ ਨਿਯਮ ਅਨੁਸਾਰ ਕਲਮਾ ਪੜ੍ਹਦੇ ਹੋਏ ਹੌਲੀ ਹੌਲੀ ਛੁਰੀ ਨਾਲ ਪਸ਼ੂ ਦਾ ਬਧ ਕਰਨਾ, ਰੱਬ ਦੇ ਨਾਂ 'ਤੇ ਕੁਰਬਾਨੀ ਦੇਣਾ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵ ਹੱਤਿਆ ਦਾ ਖੰਡਨ ਕਰਦੇ ਹੋਏ ਸਮਝਾਂਦੇ ਹਨ ਕਿ ਜਿਹੜੇ ਮਨੁੱਖ ਖ਼ੁਦਾ ਦਾ ਕਲਮਾ ਪੜ੍ਹਦੇ ਹੋਏ ਜ਼ਾਨਵਰ ਦਾ ਗਲਾ ਕੱਟ ਕੇ ਇਸ ਗੱਲ ਦਾ ਦਾਅਵਾ ਕਰਦੇ ਹਨ ਕਿ ਇਹ ਹੱਤਿਆ ਹੁਣ ਹਲਾਲ ਹੈ ਭਾਵ 'ਜਾਇਜ਼' ਹੈ, ਉਹ ਮੂਰਖ਼ ਹਨ। ਉਨ੍ਹਾਂ ਨੂੰ ਆਪਣਾ ਗਲਾ ਵੀ ਉਸੇ ਤਰ੍ਹਾਂ ਕੱਟਵਾ ਕੇ ਦੇਖਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਆਪਣਾ ਕੀ ਹਾਲ ਹੁੰਦਾ ਹੈ ਤੇ ਕਿਸੇ ਦਾ ਗਲਾ ਕੱਟਣਾ ਕਿੱਥੋਂ ਤੱਕ 'ਹਲਾਲ/ਜਾਇਜ਼' ਹੈ ?॥

**186. ਰਵਿਦਾਸ ਜੋ ਆਪਨ ਹੇਤ ਹੀ, ਪਰ ਕੂੰ ਮਾਰਨ ਜਾਈ।**
**ਮਾਲਿਕ ਕੇ ਦਰ ਜਾਇ ਕਰਿ, ਭੋਗਹਿੰ ਕੜੀ ਸਜਾਇ॥**

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵ ਹੱਤਿਆ ਕਰਨ ਵਾਲੇ ਲੋਕਾਂ ਨੂੰ ਤਾੜਨਾ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਜਿਹੜੇ ਨਿਰਦਈ ਲੋਕ ਆਪਣੇ ਮਤਲਬ ਲਈ ਦੂਸਰਿਆਂ ਨੂੰ ਮਾਰਦੇ ਹਨ, ਉਨ੍ਹਾਂ ਨੂੰ ਆਪਣੇ ਅਜਿਹੇ ਕੁਕਰਮਾਂ ਦੇ ਫਲਸਰੂਪ ਪਰਮਾਤਮਾ ਦੇ ਦਰਬਾਰ ਵਿੱਚ ਸਖ਼ਤ ਸਜ਼ਾ ਭੋਗਣੀ ਪੈਂਦੀ ਹੈ॥

**187. ਪ੍ਰਾਨੀ ਬਧ ਨਹਿੰ ਕੀਜਿਹਿ, ਜੀਵਹ ਬ੍ਰਹਮ ਸਮਾਨ।**
**ਰਵਿਦਾਸ ਪਾਪ ਨਹੰ ਛੂਟਈ, ਕਰੋਰ ਗਊਅਨ ਕਰਿ ਦਾਨ॥**

**ਅਰਥ**:–ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵ ਹੱਤਿਆ ਕਰਨ ਵਾਲਿਆਂ ਨੂੰ ਚੇਤੰਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਸਾਰੇ ਜੀਵ ਪਾਰਬ੍ਰਹਮ–ਪਰਮੇਸ਼ਰ ਦਾ ਹੀ ਰੂਪ ਹਨ, ਉਸ ਦੇ ਹੀ ਸਮਾਨ ਹਨ। ਸੋ ਇਸ ਤਰ੍ਹਾਂ ਜੀਵ ਹੱਤਿਆ ਬ੍ਰਹਮ ਹੱਤਿਆ ਦੇ ਹੀ ਸਮਾਨ ਹੈ। ਇਸ ਲਈ ਜੀਵ ਦੀ ਹੱਤਿਆ ਨਹੀਂ ਕਰਨੀ

ਚਾਹੀਦੀ। ਜੀਵ ਹੱਤਿਆ ਕਰਨ ਵਾਲੇ ਮਨੁੱਖ ਭਾਵੇਂ ਕਰੋੜਾਂ ਗਊਆਂ ਦਾਨ ਕਰ ਦੇਣ ਪਰ ਉਨ੍ਹਾਂ ਨੂੰ ਜੀਵ ਹੱਤਿਆ ਦੇ ਪਾਪ ਤੋਂ ਕਦੇ ਵੀ ਛੁਟਕਾਰਾ ਨਹੀਂ ਮਿਲਣਾ॥

**188. ਰਵਿਦਾਸ ਜੀਭਾ ਸਵਾਦ ਬਸ, ਜਉ ਮਾਂਸ ਮਛਰੀਆਂ ਖਾਇ।**
**ਨਾਹਕ ਜੀਵ ਮਾਰਨ ਬਦਲੇ, ਆਪਨ ਸੀਸ ਕਟਾਇ॥**

(**ਨਾਹਕ**–ਨ ਹੱਕ, ਬਿਨਾਂ ਪ੍ਰਯੋਜਨ, ਬਿਨਾਂ ਮਤਲਬ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਆਗਾਹ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਜਿਹੜੇ ਜੀਵ ਆਪਣੀ ਜੀਭ ਦੇ ਸਵਾਦ ਖ਼ਾਤਰ ਮਾਸ, ਮੱਛੀ ਆਦਿਕ ਖਾਂਦੇ ਹਨ ਤੇ ਬਿਨਾਂ ਮਤਲਬ ਨਿਰਦੋਸ਼ ਤੇ ਲਾਚਾਰ ਜੀਵਾਂ ਨੂੰ ਮਾਰਦੇ ਹਨ ਉਨ੍ਹਾਂ ਨੂੰ ਇਨ੍ਹਾਂ ਹੱਤਿਆਵਾਂ ਦੇ ਬਦਲੇ ਇਕ ਦਿਨ ਆਪਣਾ ਸੀਸ ਕਟਾਉਣਾ ਪਵੇਗਾ॥

**189. ਰਵਿਦਾਸ ਜੀਵ ਮਤ ਮਾਰਹਿੰ, ਇਕ ਸਾਹਿਬ ਸਭ ਮਾਂਹਿ।**
**ਸਭ ਮਾਂਹਿ ਏਕਉ ਆਤਮਾ, ਦੂਸਰਹ ਕੋਉ ਨਾਂਹਿ॥**

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵ ਹੱਤਿਆ ਦੀ ਮਨਾਹੀ ਦਾ ਉਪਦੇਸ਼ ਦਿੰਦੇ ਹੋਏ ਫ਼ਰਮਾਂਦੇ ਹਨ ਕਿ ਜੀਵ ਹੱਤਿਆ ਕਦੇ ਵੀ ਨਹੀਂ ਕਰਨੀ ਚਾਹੀਦੀ ਕਿਉਂਕਿ ਸਭ ਜੀਵਾਂ ਵਿੱਚ ਇੱਕੋ ਹੀ ਬ੍ਰਹਮ ਦਾ ਵਾਸ ਹੈ। ਸਭ ਜੀਵਾਂ ਅੰਦਰ ਉਸ ਬ੍ਰਹਮ ਦੀ ਅੰਸ਼ 'ਆਤਮਾ' ਹੈ ਤੇ ਇਸ ਤੋਂ ਇਲਾਵਾ ਕੋਈ ਹੋਰ ਦੂਸਰੀ ਚੀਜ਼ ਨਹੀਂ ਹੈ। ਇਸ ਤਰ੍ਹਾਂ ਜੀਵ ਹੱਤਿਆ 'ਬ੍ਰਹਮ ਹੱਤਿਆ' ਦੇ ਸਮਾਨ ਹੀ ਹੈ॥

**190. ਅਪਨਹ ਗੀਵ ਕਟਾਇਹਿੰ, ਜੌ ਮਾਂਸ ਪਰਾਇਆ ਖਾਂਇ।**
**ਰਵਿਦਾਸ ਮਾਂਸ ਜੌ ਖਾਤ ਹੈਂ, ਤੇ ਨਰ ਨਰਕਹਿੰ ਜਾਂਇ॥**

(**ਗੀਵ**–ਗਲਾ। **ਕਟਾਇਹਿੰ**–ਕਟਵਾ ਕੇ। **ਪਰਾਇਆ**–ਦੂਸਰੇ ਦਾ। **ਨਰਕਹਿੰ**–ਨਰਕ ਵਿੱਚ)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਮਾਸਾਹਾਰੀ ਜੀਵਾਂ ਨੂੰ ਖ਼ਬਰਦਾਰ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਜਿਹੜੇ ਜੀਵ ਆਪਣਾ ਪੇਟ ਪਾਲਣ ਦੀ ਖ਼ਾਤਰ ਦੂਸਰਿਆਂ ਦਾ ਮਾਸ ਖਾਂਦੇ ਹਨ ਅਸਲ ਵਿੱਚ ਉਹ ਆਪਣਾ ਹੀ ਗਲਾ ਕਟਵਾ ਰਹੇ ਹੁੰਦੇ ਹਨ ਕਿਉਂਕਿ ਮਾਸ ਖਾਣ ਵਾਲੇ ਜੀਵ ਸਦਾ ਨਰਕਾਂ ਵਿੱਚ ਜਾਂਦੇ ਹਨ॥

**191. ਦਇਆ ਭਾਵ ਹਿਰਦੈ ਨਹੀ, ਭਖਹਿੰ ਪਰਾਇਆ ਮਾਸ।**
**ਤੇ ਨਰ ਨਰਕ ਮੰਹ ਜਾਇਹਿੰ, ਸਤਿ ਭਾਖੈ ਰਵਿਦਾਸ॥**

(**ਭਖਹਿੰ**–ਖਾਣਾ। **ਭਾਖੈ**–ਆਖਣਾ, ਕਹਿਣਾ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਮੈਂ ਸੱਚ ਕਹਿੰਦਾ ਹਾਂ ਕਿ ਜਿਨ੍ਹਾਂ ਜੀਵਾਂ ਦੇ ਹਿਰਦੇ ਅੰਦਰ ਦੂਜਿਆਂ ਦੇ ਪ੍ਰਤੀ ਦਇਆ ਦੀ ਭਾਵਨਾ ਨਹੀਂ ਹੁੰਦੀ ਉਹੀ ਲੋਕ ਪਰਾਇਆ ਮਾਸ ਖਾਂਦੇ ਹਨ। ਦੂਸਰਿਆਂ ਦਾ

ਮਾਸ ਖਾਣ ਵਾਲੇ ਜੀਵ ਹਮੇਸ਼ਾ ਨਰਕਾਂ ਵਿੱਚ ਹੀ ਜਾਂਦੇ ਹਨ॥

**192. ਜੀਵਤ ਕੂੰ ਮੁਰਦਾ ਕਰਿਹੰ, ਅਰੁ ਖਾਇਹੰ ਮੁਰਦਾਰ।**
**ਮੁਰਦਾ ਸਮ ਸਭ ਹੋਇਹਿੰ, ਕਹਿ ਰਵਿਦਾਸ ਬਿਚਾਰ॥**

(**ਮੁਰਦਾਰ**–ਲਾਸ਼, ਮਰੇ ਹੋਏ ਦਾ ਮਾਸ, ਲੋਥ, ਪ੍ਰਾਣ ਰਹਿਤ ਦੇਹ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਚੰਗੀ ਤਰ੍ਹਾਂ ਸੋਚ–ਵਿਚਾਰ ਕਰਨ ਤੋਂ ਬਾਅਦ ਉਪਦੇਸ਼ ਕਰਦੇ ਹਨ ਕਿ ਜਿਹੜੇ ਲੋਕ ਜਿਊਂਦੇ ਜ਼ਾਨਵਰਾਂ ਨੂੰ ਮਾਰ ਕੇ ਮੁਰਦਾ ਕਰਦੇ ਹਨ ਤੇ ਫਿਰ ਮੁਰਦਾ ਲਾਸ਼ ਦਾ ਮਾਸ ਖਾਂਦੇ ਹਨ ਉਹ ਸਾਰੇ ਲੋਕ ਮੁਰਦੇ ਸਮਾਨ ਹੋ ਜਾਂਦੇ ਹਨ। ਉਹ ਮੁਰਦੇ ਦਾ ਹੀ ਜੀਵਨ ਜੀਅ ਰਹੇ ਹੁੰਦੇ ਹਨ॥

**193. ਪਰਾਧੀਨਤਾ ਪਾਪ ਹੈ, ਜਾਨ ਲੇਹੁ ਰੇ ਮੀਤ।**
**ਰਵਿਦਾਸ ਦਾਸ ਪਰਾਧੀਨ ਸੌਂ, ਕੌਨ ਕਰੈ ਹੈ ਪ੍ਰੀਤ॥**

(**ਪਰਾਧੀਨਤਾ**–ਗ਼ੁਲਾਮੀ, ਦੂਸਰਿਆਂ ਦੇ ਅਧੀਨ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਪਰਾਧੀਨਤਾ ਦੇ ਖ਼ਿਲਾਫ਼ ਜੀਵਾਂ ਨੂੰ ਸੁਚੇਤ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਹੇ ਮੇਰੇ ਮਿੱਤਰੋ! ਇਹ ਚੰਗੀ ਤਰ੍ਹਾਂ ਸਮਝ ਲਵੋ ਕਿ ਦੂਸਰਿਆਂ ਦੇ ਅਧੀਨ ਰਹਿਣਾ ਪਾਪ ਹੈ। ਗ਼ੁਲਾਮੀ ਦਾ ਜੀਵਨ ਜਿਊਂਣਾ ਪਾਪ ਹੈ। ਗ਼ੁਲਾਮ ਨੂੰ ਕੋਈ ਵੀ ਪ੍ਰੇਮ ਨਹੀਂ ਕਰਦਾ ਕਿਉਂਕਿ ਉਸ ਦਾ ਆਪਣਾ ਕੋਈ ਅਸਤਿਤਵ ਹੀ ਨਹੀਂ ਹੁੰਦਾ॥

**194. ਪਰਾਧੀਨ ਕੋ ਦੀਨ ਕਿਆ, ਪਰਾਧੀਨ ਬੇਦੀਨ।**
**ਰਵਿਦਾਸ ਦਾਸ ਪਰਾਧੀਨ ਕੋ, ਸਭਹੀ ਸਮਝੈ ਹੀਨ॥**

(**ਦੀਨ**–ਧਰਮ, ਮਜ਼੍ਹੱਬ। **ਬੇਦੀਨ**–ਧਰਮ ਰਹਿਤ, ਅਧਰਮ। **ਹੀਨ**–ਨੀਚ, ਨਿੰਦਿਤ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਦੂਸਰਿਆਂ ਦੇ ਅਧੀਨ ਰਹਿਣ ਵਾਲੇ ਜੀਵ ਦਾ ਆਪਣਾ ਕੋਈ ਧਰਮ ਨਹੀਂ ਹੁੰਦਾ। ਗ਼ੁਲਾਮ ਹੋ ਕੇ ਉਹ ਧਰਮ ਰਹਿਤ ਹੋ ਜਾਂਦਾ ਹੈ ਤੇ ਅਧਰਮੀ ਕਹਿਲਾਉਂਦਾ ਹੈ। ਸਾਰੇ ਲੋਕ ਉਸ ਨੂੰ ਨੀਚ ਸਮਝ ਕੇ ਉਸ ਦਾ ਨਿਰਾਦਰ ਕਰਦੇ ਹਨ ਤੇ ਤ੍ਰਿਸਕਾਰ ਕਰਦੇ ਹਨ॥

**195. ਰਵਿਦਾਸ ਸੰਸਾ ਜੀਵ ਮਹਿੰ, ਸਾਖੀ ਸੌਂ ਬਿਲਗਾਏ।**
**ਜੀਵਨ ਮਰਨ ਰਹਿਸ ਕੂੰ, ਸਾਖੀ ਕਹੈ ਸਮੁਝਾਏ॥**

(**ਸਾਖੀ**–ਜੋ ਅੱਖੀਂ ਡਿੱਠੀ ਕਹਿੰਦਾ ਹੈ, ਗਵਾਹ। **ਬਿਲਗਾਏ**–ਅਲੱਗ ਅਲੱਗ ਕਰਨਾ। **ਸੰਸਾ**–ਭਰਮ। **ਰਹਿਸ**–ਭੇਦ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਜੀਵ ਦੇ ਅੰਦਰਲੇ ਭਰਮਾਂ ਨੂੰ ਅਲੱਗ ਅਲੱਗ ਕਰਕੇ ਭਾਵ ਇਕ ਇਕ ਕਰਕੇ ਸਾਖੀ–ਰੂਪੀ ਗੁਰੂ ਤੋਂ ਹੀ ਸਪੱਸ਼ਟ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਜਨਮ–ਮਰਨ ਦੇ ਰਹੱਸ ਨੂੰ ਵੀ ਸਾਖੀ–ਰੂਪੀ ਗੁਰੂ ਤੋਂ ਹੀ ਸਮਝਿਆ ਜਾ ਸਕਦਾ ਹੈ॥

**196. ਰਵਿਦਾਸ ਰਾਤਿ ਨ ਸੋਇਵਿਏ, ਦਿਵਸ ਨ ਕਰਿਏ ਸੁਆਦ।**
**ਅਹਿ ਨਿਸਿ ਹਰਿ ਜੀ ਸੁਮਰੀਏ, ਛਾਂਡਿ ਸਗਲ ਪ੍ਰਤਿਵਾਦ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਉਪਦੇਸ਼ ਦਿੰਦੇ ਹਨ ਕਿ ਰਾਤ ਨੂੰ ਸੌਂ ਕੇ ਤੇ ਦਿਨ ਨੂੰ ਭੋਗ ਪਦਾਰਥਾਂ ਦਾ ਸੁਆਦ ਲੈਂਦੇ ਹੋਏ ਨਹੀਂ ਗੁਜ਼ਾਰ ਦੇਣਾ ਚਾਹੀਦਾ। ਜੀਵ ਨੂੰ ਚਾਹੀਦਾ ਹੈ ਕਿ ਉਹ ਸਾਰੇ ਝਗੜੇ-ਝਮੇਲੇ ਛੱਡ ਕੇ ਭਾਵ ਮਿੱਥੇ ਹੋਏ ਸਾਰੇ ਧਾਰਮਿਕ ਕਰਮਕਾਂਡਾਂ ਨੂੰ ਤਿਆਗ ਕੇ ਦਿਨ-ਰਾਤ ਪ੍ਰਭੂ ਦਾ ਸਿਮਰਨ ਕਰੇ (ਤਾਂ ਕਿ ਉਸਦਾ ਮਨੁੱਖਾ ਜੀਵਨ ਸਫ਼ਲ ਹੋ ਜਾਵੇ।)॥

197. **ਸਾਧ ਸੰਗਤਿ ਪੂੰਜੀ ਭਇ, ਹੌ ਵਸਤ ਲਈ ਨਿਰਮੋਲ।**
**ਸਹਿਜ ਬਲਦਿਆ ਲਾਦਿ ਕਰਿ, ਚਲਿਓ ਲਹਿਨ ਪਿਵ ਮੋਲ॥**

(**ਨਿਰਮੋਲ**-ਅਨਮੋਲ। **ਸਹਿਜ**-ਸਹਿਜ ਅਵਸਥਾ, ਆਤਮਿਕ ਅਡੋਲ ਅਵਸਥਾ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਸਾਧ-ਸੰਗਤ ਦੀ ਬਖ਼ਸ਼ਿਸ਼ ਨਾਲ ਮੈਨੂੰ ਨਾਮ-ਰੂਪੀ ਅਨਮੋਲ ਪੂੰਜੀ ਪ੍ਰਾਪਤ ਹੋਈ ਹੈ, ਜਿਸ ਨੂੰ ਸਹਿਜ ਅਵਸਥਾ-ਰੂਪੀ ਬਲਦ 'ਤੇ ਲੱਦ ਕੇ ਮੈਂ ਪ੍ਰੀਤਮ-ਪ੍ਰਭੂ ਨੂੰ ਮੁੱਲ ਲੈਣ ਚਲ ਪਿਆ ਹਾਂ। ਭਾਵ ਆਤਮਿਕ ਆਡੋਲ ਅਵਸਥਾ ਵਿੱਚ ਟਿਕ ਕੇ ਨਾਮ-ਸਿਮਰਨ ਦੀ ਬਰਕਤਿ ਨਾਲ ਪ੍ਰਭੂ ਦੀ ਪ੍ਰਾਪਤੀ ਕਰਨੀ ਹੈ॥

198. **ਜੈਸਾ ਰੰਗ ਸੈਂਬਲ ਕਰਿ, ਹਵੈ ਤੈਸਾ ਇਹ ਸੰਸਾਰ।**
**ਹੌ ਰੰਗ ਰੰਗੋ ਰਾਮ ਮੰਹਿ, ਭਣੈ ਰਵਿਦਾਸ ਬਿਚਾਰ॥**

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਸੰਸਾਰ ਦੀ ਨਸ਼ਵਰਤਾ ਤੇ ਪ੍ਰਭੂ ਦੀ ਸਥਿਰਤਾ ਬਾਰੇ ਚੰਗੀ ਤਰ੍ਹਾਂ ਸੋਚ-ਵਿਚਾਰ ਕਰਨ ਤੋਂ ਬਾਅਦ ਉਪਦੇਸ਼ ਦਿੰਦੇ ਹਨ ਕਿ ਜਿਸ ਤਰ੍ਹਾਂ ਸੈਂਬਲ ਦਾ ਰੰਗ ਕੱਚਾ, ਨਾਸ਼ਵਾਨ ਤੇ ਥੁੜ-ਚਿਰਾ ਹੁੰਦਾ ਹੈ ਉਸੇ ਤਰ੍ਹਾਂ ਇਹ ਸੰਸਾਰ ਵੀ ਅਸਥਿਰ ਤੇ ਨਾਸ਼ਵਾਨ ਹੈ। ਪਰ ਮੈਂ ਉਸ ਪ੍ਰਭੂ ਦੇ ਰੰਗ ਵਿੱਚ ਰੰਗਿਆ ਗਿਆ ਹਾਂ ਜਿਸ ਦਾ ਰੰਗ ਪੱਕਾ ਤੇ ਸਦੀਵੀ ਹੈ॥

199. **ਭੌ ਸਾਗਰ ਰਾ ਤਰਨ ਕੂੰ, ਏਕੌ ਨਾਮ ਅਧਾਰ।**
**ਰਵਿਦਾਸ ਕਭਉਂ ਨਹਿੰ ਛਾਡੀਏ, ਰਾਮ ਨਾਮ ਪਤਵਾਰ॥**

(**ਭੌ ਸਾਗਰ**-ਸੰਸਾਰ-ਸਮੁੰਦਰ। **ਅਧਾਰ**-ਸਹਾਰਾ, ਸਾਧਨ, ਤਰੀਕਾ। **ਪਤਵਾਰ**-ਮੱਲਾਹ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਕਰਦੇ ਹਨ ਕਿ ਮਾਇਆ ਦੇ ਮੋਹ-ਰੂਪ ਸੰਸਾਰ-ਸਮੁੰਦਰ ਨੂੰ ਤਰਨ ਦਾ ਇੱਕੋ-ਇਕ ਤਰੀਕਾ ਪ੍ਰਭੂ ਦਾ ਨਾਮ-ਸਿਮਰਨ ਕਰਨਾ ਹੈ। ਸੰਸਾਰ-ਸਮੁੰਦਰ ਦੇ ਪਾਰ ਉਤਾਰੇ ਲਈ ਗੁਰੂ-ਰੂਪੀ ਮੱਲਾਹ ਦੇ ਬਖ਼ਸ਼ੇ ਹੋਏ ਸ਼ਬਦ 'ਰਾਮ-ਨਾਮ' ਨੂੰ ਕਦੇ ਵੀ ਛੱਡਣਾ ਨਹੀਂ ਚਾਹੀਦਾ॥

200. **ਸੁਮਿਰਨ ਕੋਟਿ ਅਘਨ ਕੋ, ਹਵੈਹਿ ਸਮਨ ਰਵਿਦਾਸ।**
**ਜਿਉਂ ਹੀ ਅਘ ਨਿਰਮੂਲੀਏ, ਪਰਮ ਜੋਤ ਪਰਗਾਸ॥**

(**ਕੋਟਿ**-ਕਰੋੜਾਂ। **ਅਘਨ**-ਪਾਪ। **ਸਮਨ**-ਦਬਾਉਂਣਾ, ਨਾਸ਼ ਕਰਨਾ। **ਅਘ**-ਪਾਪ। **ਨਿਰਮੂਲੀਏ**-ਜੜ੍ਹ ਤੋਂ ਪੁੱਟਣਾ, ਜੜ੍ਹ ਰਹਿਤ ਕਰਨਾ।)

**ਅਰਥ**:–ਸਤਿਗੁਰੂ ਰਵਿਦਾਸ ਜੀ ਮਹਾਰਾਜ ਨਾਮ–ਸਿਮਰਨ ਦੀ ਮਹਿਮਾ ਦੱਸਦੇ ਹੋਏ ਫ਼ਰਮਾਂਦੇ ਹਨ ਕਿ ਪ੍ਰਭੂ ਦਾ ਨਾਮ–ਸਿਮਰਨ ਕਰੋੜਾਂ ਪਾਪਾਂ ਦਾ ਨਾਸ਼ ਕਰਨ ਵਾਲਾ ਹੈ। ਜਿਉਂ–ਜਿਉਂ ਜੀਵ ਪ੍ਰਭੂ ਦਾ ਨਾਮ–ਸਿਮਰਨ ਕਰਦਾ ਹੈ ਤਿਉਂ–ਤਿਉਂ ਉਸ ਦੇ ਪਾਪ ਜੜ੍ਹੋਂ ਪੁੱਟੇ ਜਾਂਦੇ ਹਨ ਤੇ ਉਸ ਦੇ ਅੰਦਰ ਪਰਮ–ਪਿਤਾ ਪਰਮਾਤਮਾ ਦੀ ਜੋਤਿ ਦਾ ਪ੍ਰਕਾਸ਼ ਆਪਣੇ–ਆਪ ਭਰਦਾ ਜਾਂਦਾ ਹੈ ਭਾਵ ਜੀਵ ਨੂੰ ਆਤਮਿਕ ਜੀਵਨ ਜਿਊਣ ਦੀ ਸੂਝ ਆਪਣੇ–ਆਪ ਆ ਜਾਂਦੀ ਹੈ॥

**201. ਰਾਮ ਨਾਮ ਜਿਹ ਤਨ ਰਮਿਓ, ਸੋਈ ਤਨੁ ਆਪੁ ਉਜਾਸ।**
**ਅੰਤ ਛਾਰਿ ਹਵੈ ਜਾਇਏ, ਵੇਗਿ ਚੇਤਿ ਰਵਿਦਾਸ॥**

(**ਰਮਿਓ**–ਰਮ ਜਾਣਾ, ਸਮਾ ਜਾਣਾ। **ਉਜਾਸ**–ਉਜਾਲਾ, ਪ੍ਰਕਾਸ਼। **ਛਾਰਿ**–ਰਾਖ਼, ਭਸ਼ਮ। **ਵੇਗਿ**–ਛੇਤੀ ਛੇਤੀ, ਪਲ ਪਲ। **ਚੇਤਿ**–ਯਾਦ ਕਰਨਾ, ਜਾਪ ਕਰਨਾ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਕਰਦੇ ਹਨ ਕਿ ਜਿਸ ਜੀਵ ਦੇ ਤਨ–ਮਨ ਅੰਦਰ ਪ੍ਰਭੂ ਦਾ ਨਾਮ ਵਸ ਜਾਂਦਾ ਹੈ ਤਾਂ ਉਸ ਅੰਦਰ ਪ੍ਰਭੂ ਦੀ ਜੋਤਿ ਦਾ ਪ੍ਰਕਾਸ਼ ਆਪਣੇ ਆਪ ਹੀ ਹੋ ਜਾਂਦਾ ਹੈ ਭਾਵ ਉਹ ਪ੍ਰਭੂ ਉਸ ਜੀਵ 'ਚ ਆਪ ਆ ਵਸਦਾ ਹੈ। ਇਸ ਲਈ ਹੇ ਭਾਈ! ਇਸ ਤੋਂ ਪਹਿਲਾਂ ਕਿ ਤੇਰਾ ਸਰੀਰ ਸੜ ਕੇ ਸਵਾਹ ਹੋ ਜਾਵੇ ਤੂੰ ਪ੍ਰਭੂ ਨੂੰ ਪਾਉਣ ਲਈ ਛੇਤੀ–ਛੇਤੀ ਉਸ ਦੇ ਨਾਮ–ਸਿਮਰਨ ਦਾ ਲਾਹਾ ਖੱਟ ਲੈ॥

**202. ਗੁਰੂ ਗਿਆਨ ਦੀਪਕ ਦੀਆ, ਬਾਤੀ ਦਇ ਜਲਾਇ।**
**ਰਵਿਦਾਸ ਹਰਿ ਭਗਤਿ ਕਾਰਨੈ, ਜਨਮ ਮਰਨ ਵਿਲਮਾਇ॥**

(**ਵਿਲਮਾਇ**–ਮੁਕਾ ਦੇਣਾ, ਖ਼ਤਮ ਕਰਨਾ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਗੁਰੂ–ਗਿਆਨ ਦੀ ਮਹਿਮਾ ਦੱਸਦੇ ਹੋਏ ਫ਼ਰਮਾਉਂਦੇ ਹਨ ਕਿ ਸਤਿਗੁਰੂ ਜੀ ਨੇ ਆਤਮਿਕ ਗਿਆਨ ਦੀ ਸੂਝ ਦਾ ਅਜਿਹਾ ਦੀਵਾ ਬਖ਼ਸ਼ਿਆ ਜਿਸ ਨਾਲ ਮੇਰੇ ਮਨ ਦੀ ਬੱਤੀ ਜਗ ਗਈ ਹੈ। ਇਸ ਆਤਮਿਕ ਗਿਆਨ ਰਾਹੀਂ ਪ੍ਰਭੂ ਦੀ ਭਗਤੀ ਕਰਨ ਨਾਲ ਹੁਣ ਮੇਰਾ ਜਨਮ–ਮਰਨ ਦਾ ਚੱਕਰ ਸਦਾ ਲਈ ਖ਼ਤਮ ਹੋ ਗਿਆ ਹੈ॥

**203. ਅੰਧਲਾ ਜੋ ਗੁਰੂ ਪਾਇਹਿ, ਤੋ ਸਿਸ਼ ਭਇਓ ਨਿਰੰਖ।**
**ਰਵਿਦਾਸ ਗਿਆਨ ਚਾਸ਼ੂ ਬਿਨਾ, ਕਿਮਿ ਮਿਟਿਏ ਭ੍ਰਮ ਫੰਦ॥**

(**ਅੰਧਲਾ**–ਅੰਨਾ। **ਸਿਸ਼**–ਚੇਲਾ। **ਨਿਰੰਖ**– ਰਹਿਤ ਹੋਣਾ, ਖਾਲ੍ਹੀ, (ਅੰਨ੍ਹੇਪਨ) ਤੋਂ ਰਹਿਤ। **ਗਿਆਨ**-ਆਤਮਿਕ ਜੀਵਨ ਦੀ ਸੂਝ–ਬੂਝ। **ਚਾਸ਼ੂ**– ਅੱਖਾਂ। **ਭ੍ਰਮ**–ਭਰਮ। **ਫੰਦ**–ਜਾਲ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਗੁਰੂ–ਗਿਆਨ ਦੀ ਮਹਿਮਾ ਦਾ ਗੁਣਗਾਨ ਕਰਦੇ ਹੋਏ ਫ਼ਰਮਾਂਦੇ ਹਨ ਕਿ ਆਤਮਿਕ ਜੀਵਨ ਤੋਂ ਸੱਖਣੇ ਜੀਵ ਅੰਨ੍ਹੇ ਦੇ ਸਮਾਨ ਹੁੰਦੇ ਹਨ। ਜਦੋਂ ਕੋਈ ਅਜਿਹਾ ਜੀਵ ਪੂਰਨ ਸਤਿਗੁਰੂ ਦਾ ਸ਼ਿਸ਼ ਬਣ ਜਾਂਦਾ ਹੈ ਤਾਂ ਉਸ ਦਾ ਆਤਮਿਕ ਜੀਵਨ ਵੱਲੋਂ ਬੇਸਮਝੀ ਦਾ ਅੰਨ੍ਹਾਪਨ ਦੂਰ ਹੋ ਜਾਂਦਾ ਹੈ ਅਤੇ ਉਸ ਨੂੰ ਸਤਿ ਦਿਖਾਈ ਦੇਣ ਲੱਗ ਪੈਂਦਾ ਹੈ।

ਹੇ ਭਾਈ! ਸਤਿਗੁਰੂ ਜੀ ਤੋਂ ਪ੍ਰਾਪਤ ਆਤਮਿਕ ਗਿਆਨ-ਰੂਪੀ ਅੱਖਾਂ ਤੋਂ ਬਿਨਾਂ ਸੰਸਾਰ ਦੇ ਭਰਮ ਜਾਲ ਨੂੰ ਕੱਟਣਾ ਮੁਸ਼ਕਿਲ ਹੈ॥

**204. ਮਾਇਆ ਦੀਪਕ ਪੇਖਿ ਕਰਿ, ਨਰ ਪਤੰਗ ਅੰਧਿਆਇ।**
**ਰਵਿਦਾਸ ਗੁਰੂ ਰਾ ਗਿਆਨ ਬਿਨੁ, ਬਿਰਲਾ ਕੌ ਬਚਿ ਜਾਇ॥**

(**ਪੇਖਿ**-ਦੇਖ। **ਅੰਧਿਆਇ**-ਅੰਨ੍ਹਾ ਹੋਣਾ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਉਪਦੇਸ਼ ਦਿੰਦੇ ਹੋਏ ਫਰਮਾਉਂਦੇ ਹਨ ਕਿ ਮਾਇਆ-ਰੂਪੀ ਦੀਪਕ ਨੂੰ ਜਗਦਾ ਦੇਖ ਕੇ ਲਾਲਚ ਵਿੱਚ ਜੀਵ-ਰੂਪੀ ਪਤੰਗਾ ਅੰਨ੍ਹਾਂ ਹੋ ਜਾਂਦਾ ਹੈ ਤੇ ਸੰਤਾਪ ਭੋਗਦਾ ਹੈ। ਸਤਿਗੁਰੂ ਦੇ ਗਿਆਨ ਤੋਂ ਬਿਨਾਂ ਭਾਵ ਸਤਿਗੁਰੂ ਦੀ ਬਖ਼ਸ਼ੀ ਹੋਈ ਆਤਮਿਕ ਜੀਵਨ ਦੀ ਸੂਝ ਤੋਂ ਬਿਨਾਂ ਕੋਈ ਬਿਰਲਾ ਜੀਵ ਹੀ ਮਾਇਆ ਦੇ ਜ਼ੋਰਾਵਰ ਪ੍ਰਭਾਵ ਤੋਂ ਬਚਦਾ ਹੈ॥

**205. ਨਿਹਚਲ ਆਨੰਦ ਨਿਧਿ ਮਿਲਿ, ਵਿਲਗੌ ਆਧਿ ਅਪਾਰ।**
**ਰਵਿਦਾਸ ਸੁਮਿਰਣ ਸਾਰ ਸੌ, ਪਾਇਓ ਦਰਸ ਮੁਰਾਰ॥**

(**ਨਿਹਚਲ**-ਅਡੋਲ, ਅਚੱਲ, ਸਦਾ ਕਾਇਮ ਰਹਿਣ ਵਾਲਾ। **ਆਨੰਦ**-ਸੁੱਖ। **ਨਿਧਿ**-ਖ਼ਜ਼ਾਨਾ। **ਵਿਲਗੌ**-ਵੱਖਰਾ ਹੋਣਾ, ਦੂਰ ਹੋਣਾ। **ਆਧਿ**-ਮਨ ਦੇ ਦੁੱਖ, ਮਨ ਦਾ ਰੋਗ। **ਅਪਾਰ**-ਬੇਅੰਤ, ਸਾਰੇ। **ਸਾਰ**-ਨਿਚੋੜ। **ਦਰਸ**-ਦਰਸ਼ਨ)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਨਾਮ-ਸਿਮਰਨ ਦੀ ਮਹਿਮਾ ਦਾ ਗੁਣਗਾਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਪ੍ਰਭੂ ਦੇ ਨਾਮ-ਸਿਮਰਨ ਕਰਨ ਦਾ ਸਾਰ (ਨਤੀਜਾ) ਇਹ ਹੈ ਕਿ ਜੀਵ ਨੂੰ ਸਦਾ ਕਾਇਮ ਰਹਿਣ ਵਾਲੇ ਆਤਮਿਕ ਆਨੰਦ ਦਾ ਖ਼ਜ਼ਾਨਾ ਮਿਲ ਜਾਂਦਾ ਹੈ, ਉਸ ਦੇ ਸਾਰੇ ਮਾਨਸਿਕ ਕਸ਼ਟ ਦੂਰ ਹੋ ਜਾਂਦੇ ਹਨ ਤੇ ਉਸ ਨੂੰ 'ਅਗਿਆਨ-ਵਿਨਾਸ਼ਕ ਪ੍ਰਭੂ' ਦੇ ਦਰਸ਼ਨ ਪ੍ਰਾਪਤ ਹੁੰਦੇ ਹਨ॥

**206. ਪਲੁ ਪਲੁ ਛਿਨੁ ਛਿਨੁ ਸਿਮਰੀਏ, ਜੌ ਲੋਰੈ ਹਰਿ ਦੁਆਰ।**
**ਹਰਿ ਭਜਨੁ ਵਿਨ ਸਿਵ ਨਹੀਂ, ਭਣੈ ਰਵਿਦਾਸ ਚਮਾਰ॥**

(**ਪਲ ਪਲ ਛਿਨੁ ਛਿਨੁ**-ਸਵਾਸ ਸਵਾਸ। **ਲੋਰੈ**-ਲਾਲਸਾ, ਇੱਛਾ। **ਹਰਿ ਦੁਆਰ**-ਪਰਮਾਤਮਾ ਦਾ ਘਰ। **ਸਿਵ**-ਕਲਿਆਣ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਕਰਦੇ ਹਨ ਕਿ ਜੇਕਰ ਕੋਈ ਜੀਵ ਪਰਮਾਤਮਾ ਦੇ ਘਰ ਪਹੁੰਚਣ ਦੀ ਇੱਛਾ ਰੱਖਦਾ ਹੈ ਤਾਂ ਉਸ ਨੂੰ ਸਵਾਸ-ਸਵਾਸ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ। ਪਰਮਾਤਮਾ ਦੇ ਨਾਮ-ਸਿਮਰਨ ਤੋਂ ਬਿਨਾਂ ਜੀਵ ਦਾ ਹੋਰ ਕਿਸੇ ਵੀ ਤਰ੍ਹਾਂ ਕਦੇ ਕਲਿਆਣ ਨਹੀਂ ਹੋ ਸਕਦਾ॥

**207. ਭੌ ਸਾਗਰ ਦੁਤਰ ਅਤਿ, ਕਿਧੁੰ ਮੂਰਿਖ ਯਹੁ ਜਾਨ।**
**ਰਵਿਦਾਸ ਗੁਰੂ ਪਤਵਾਰ ਹੈ, ਨਾਮ ਨਾਵ ਕਰਿ ਜਾਨ॥**

(**ਦੁਤਰ**-ਜਿਸ ਨੂੰ ਤਰ ਕੇ ਪਾਰ ਕਰਨਾ ਕਠਿਨ ਹੋਵੇ। **ਅਤਿ**-ਬਹੁਤ। **ਕਿੰਧੁ**-ਕਿਉਂ। **ਪਤਵਾਰ**-ਮਲਾਹ। **ਨਾਵ**-ਕਿਸ਼ਤੀ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਸਿੱਖਿਆ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਹੇ ਮੂਰਖ਼ ਜੀਵ! ਤੂੰ ਇਹ ਕਿਉਂ ਨਹੀਂ ਜਾਣਦਾ ਕਿ ਮਾਇਆ ਦੇ ਮੋਹ-ਰੂਪ ਸੰਸਾਰ-ਸਮੁੰਦਰ ਨੂੰ ਪਾਰ ਕਰਨਾ ਬਹੁਤ ਕਠਿਨ ਹੈ। ਯਾਦ ਰੱਖ, ਇਸ ਨੂੰ ਗੁਰੂ ਦੀ ਨਾਮ-ਰੂਪੀ ਬੇੜੀ ਦੇ ਸਹਾਰੇ ਹੀ ਪਾਰ ਕੀਤਾ ਜਾ ਸਕਦਾ ਹੈ ਤੇ ਇਸ ਬੇੜੀ ਦੇ ਮਲਾਹ ਖ਼ੁਦ ਸਤਿਗੁਰੂ ਜੀ ਆਪ ਹਨ। (ਭਾਵ ਸਤਿਗੁਰੂ ਦੇ ਬਖ਼ਸ਼ੇ ਹੋਏ 'ਸ਼ਬਦ' ਦੇ ਸਿਮਰਨ ਰਾਹੀਂ ਹੀ ਸੰਸਾਰ-ਸਮੁੰਦਰ ਨੂੰ ਪਾਰ ਕੀਤਾ ਜਾ ਸਕਦਾ ਹੈ।)॥

**208. ਰਵਿਦਾਸ ਤਨ ਪਿਯਰੋ ਪਾਤਰਾ, ਝਰਤ ਨ ਲਾਗਇ ਬਾਰ।**
**ਜਰਾ ਮੀਚੁ ਜਿਉਂ ਆਵਇ, ਜਾਤ ਨ ਲਾਗਹਿੰ ਵਾਰ॥**

(**ਪਾਤਰਾ**-ਪਤਲਾ, ਕਮਜ਼ੋਰ। **ਬਾਰ**-ਵਾਰ, ਦੇਰ, ਚਿਰ। **ਜਰਾ**-ਬੁਢਾਪਾ। **ਮੀਚੁ**-ਮੌਤ।)

**ਅਰਥ**:- ਗੁਰੂ ਰਵਿਦਾਸ ਜੀ ਮਹਾਰਾਜ ਸਰੀਰ ਦੀ ਨਸ਼ਵਰਤਾ ਬਾਰੇ ਸਮਝਾਉਂਦੇ ਹਨ ਕਿ ਜਦੋਂ ਜੀਵ ਦਾ ਸਰੀਰ ਕਮਜ਼ੋਰ ਹੋ ਜਾਂਦਾ ਹੈ ਤਾਂ ਇਹ ਪੱਤਝੜ ਦੇ ਪੀਲੇ ਪੱਤੇ ਵਾਂਗ ਝੜਨ ਲੱਗਿਆਂ ਦੇਰ ਨਹੀਂ ਲਗਾਉਂਦਾ। ਇਸੇ ਤਰ੍ਹਾਂ ਬੁਢਾਪੇ ਸਮੇਂ ਮੌਤ ਆਉਂਦਿਆਂ ਜੀਵ ਦੇ ਚਲੇ ਜਾਣ ਵਿੱਚ ਵੀ ਦੇਰ ਨਹੀਂ ਲੱਗਦੀ॥

**209. ਸੋਇ ਤਨ ਕੰਚਨ ਜਾਨਇ, ਜਿਹ ਤਨ ਨਾਮ ਪਰਗਾਸ।**
**ਰਵਿਦਾਸ ਰਾਮ ਚਿੰਤਾਮਣੀ, ਚਹੁੰ ਦਿਸ ਔਜ ਉਜਾਸ॥**

(**ਕੰਚਨ**-ਸੋਨਾ। **ਪਰਗਾਸ**-ਪ੍ਰਗਟ ਹੋਣਾ। **ਚਿੰਤਾਮਣੀ**-ਮਨ ਇੱਛਿਤ ਫਲ ਦੇਣ ਵਾਲੀ ਮਣੀ। **ਔਜ**-ਤੇਜ, ਦਿਵਯਾ। **ਉਜਾਸ**-ਉਜਾਲਾ, ਪ੍ਰਕਾਸ਼।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਜਿਸ ਜੀਵ ਦੀ ਕਾਇਆ ਅੰਦਰ ਪ੍ਰਭੂ ਦਾ ਨਾਮ ਪ੍ਰਗਟ ਹੋ ਜਾਂਦਾ ਹੈ ਤਾਂ ਉਹ ਕਾਇਆ ਸ਼ੁੱਧ ਸੋਨੇ ਵਾਂਗ ਹੋ ਜਾਂਦੀ ਹੈ। ਉਸ ਅੰਦਰ ਮਨ-ਇੱਛਿਤ ਫਲ ਦੇਣ ਵਾਲੀ ਨਾਮ-ਰੂਪੀ ਚਿੰਤਾਮਣੀ ਦਾ ਵਾਸ ਹੋ ਜਾਂਦਾ ਹੈ ਤੇ ਉਸ ਨੂੰ ਚਾਰੇ ਦਿਸ਼ਾਵਾਂ ਭਾਵ ਸਾਰੇ ਸੰਸਾਰ ਵਿੱਚ ਪ੍ਰਭੂ ਦੇ ਤੇਜ ਦਾ ਪ੍ਰਕਾਸ਼ ਦਿਖ ਪੈਂਦਾ ਹੈ॥

**210. ਨਿਸ ਦਿਨ ਹਰਿ ਜੁ ਸਿਮਰੀਏ, ਤਿਆਗਿ ਜਗਤ ਕਰਿ ਧੰਦ।**
**ਰਵਿਦਾਸ ਸੰਤ ਸਹੇਲੜਾ, ਵਿਚਰਤ ਹਵੈ ਨਿਰਦੰਦ॥**

(**ਧੰਦ**-ਧੰਦਾ, ਵਿਹਾਰ। **ਸਹੇਲੜਾ**-ਮਿੱਤਰ। **ਨਿਰਦੰਦ**-ਪ੍ਰਪੰਚ ਰਹਿਤ, ਦੁਬਿਧਾ ਰਹਿਤ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਨਾਮ-ਸਿਮਰਨ ਦੀ ਮਹਿਮਾ ਬਾਰੇ ਫ਼ਰਮਾਉਂਦੇ ਹਨ ਕਿ ਜੋ ਜੀਵ ਸੰਸਾਰ ਦੇ ਝੂਠੇ ਧੰਦਿਆਂ ਨੂੰ ਤਿਆਗ ਕੇ ਦਿਨ-ਰਾਤ ਪਰਮਾਤਮਾ ਦਾ ਸਿਮਰਨ ਕਰਦਾ ਹੈ, ਉਹ ਜੀਵ ਸੰਤਾਂ ਦਾ ਸੱਚਾ ਮਿੱਤਰ ਬਣ ਜਾਂਦਾ ਹੈ ਤੇ ਸੰਸਾਰ ਵਿੱਚ ਦੁਬਿਧਾ ਰਹਿਤ ਹੋ ਕੇ ਵਿਚਰਦਾ ਹੈ॥

**211. ਜੋ ਲੋਹਾ ਪਾਰਸ ਮਣਿ, ਹਿਰਨ ਕਿਰਨ ਦਮਕਾਏ।**
**ਰਵਿਦਾਸ ਰਾਮ ਪਾਰਸ ਮਣਿ, ਉਹ ਦਰਸ ਮੰਹਿ ਬੋਰਾਏ॥**

(**ਹਿਰਨ**-ਸੋਨਾ। **ਦਮਕਾਏ**-ਚਮਕਣਾ। **ਬੋਰਾਏ**-ਡੁੱਬਣਾ, ਮਤਵਾਲਾ ਹੋਣਾ।)

**ਅਰਥ**:- ਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ-ਭਗਤ ਦੀ ਆਤਮਿਕ ਅਵਸਥਾ

ਦਾ ਵਰਣਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਜਿਸ ਤਰ੍ਹਾਂ ਲੋਹਾ ਪਾਰਸ ਨੂੰ ਛੋਹਣ ਤੋਂ ਬਾਅਦ ਸੋਨਾ ਬਣ ਕੇ ਕਿਰਣਾਂ ਵਾਂਗ ਚਮਕਦਾ ਰਹਿੰਦਾ ਹੈ, ਉਸੇ ਤਰ੍ਹਾਂ ਜੀਵ ਵੀ ਪ੍ਰਭੂ-ਰੂਪੀ ਪਾਰਸਮਣੀ ਦੀ ਛੋਹ ਨਾਲ (ਭਾਵ ਪ੍ਰਭੂ ਦੇ ਨਾਮ-ਸਿਮਰਨ ਦੀ ਬਰਕਤਿ ਨਾਲ) ਉੱਚ ਆਤਮਿਕ ਅਵਸਥਾ ਪ੍ਰਾਪਤ ਕਰਕੇ ਪ੍ਰਭੂ-ਦਰਸ਼ਨਾਂ ਵਿੱਚ ਮਤਵਾਲਾ ਹੋਇਆ ਰਹਿੰਦਾ ਹੈ॥

**212. ਸਮਾਧਿ ਥਿਤਿ ਹਵੈ ਸੰਤ ਜਨ, ਅਪਨਹੁ ਆਪ ਮਿਟਾਹਿੰ।**
**ਜਿਮਿ ਗੰਗ ਸਮੁੰਦ ਮਿਲਿ, ਰਵਿਦਾਸ ਸਮੁੰਦਹਿ ਬਿਲਾਹਿੰ॥**

(**ਥਿਤਿ**-ਸਥਿਤ, ਟਿਕਣਾ। **ਅਪਨਹੁ ਆਪ**-ਹਉਮੈ ਭਾਵ। **ਬਿਲਾਹਿੰ**-ਸਮਾ ਜਾਣਾ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਜਿਹੜੇ ਸੰਤ (ਮਨ-ਬਿਰਤੀਆਂ ਨੂੰ ਬਾਹਰ ਜਾਣ ਤੋਂ ਰੋਕ ਕੇ) ਅੰਤਰ-ਧਿਆਨ ਹੁੰਦੇ ਹਨ ਤੇ ਮੈਂ-ਮੇਰੀ ਦੀ ਹਉਮੈ ਮਿਟਾ ਲੈਂਦੇ ਹਨ ਉਹ ਸਹਿਜ-ਸਮਾਧੀ ਦੀ ਅਵਸਥਾ ਵਿੱਚ ਟਿਕ ਚੁੱਕੇ ਹੁੰਦੇ ਹਨ ਭਾਵ ਆਤਮਿਕ ਅਡੋਲਤਾ ਨੂੰ ਪ੍ਰਾਪਤ ਕਰ ਚੁੱਕੇ ਹੁੰਦੇ ਹਨ। ਜਿਸ ਤਰ੍ਹਾਂ ਗੰਗਾ ਸਮੁੰਦਰ ਵਿੱਚ ਮਿਲ ਕੇ ਉਸ ਵਿੱਚ ਪੂਰੀ ਤਰ੍ਹਾਂ ਸਮਾ ਜਾਂਦੀ ਹੈ, ਉਸੇ ਤਰ੍ਹਾਂ ਪੂਰਨ ਸੰਤ ਵੀ ਆਪਣੇ ਆਪ ਨੂੰ ਪ੍ਰਭੂ ਵਿੱਚ ਪੂਰੀ ਤਰ੍ਹਾਂ ਲੈਅ ਕਰ ਚੁੱਕੇ ਹੁੰਦੇ ਹਨ॥

**213. ਅਨਭਾਵਤ ਨਿਯਰਾ ਬਸੈ, ਮਨ ਭਾਵਤਾਂ ਪਰਦੇਸ।**
**ਅਨ ਦੇਖੇ ਉਨ ਦਰਸ ਬਿਨ, ਹੋਵੇ ਦੁਖ ਬੜਤ ਘਨੇਸ॥**

(**ਅਨਭਾਵਤ**-ਅਨੁਚਿਤ ਭਾਵ, ਚੰਗਾ ਨਾ ਭਾਉਣਾ। **ਨਿਯਰਾ**-ਨਜ਼ਦੀਕ, ਨੇੜੇ। **ਭਾਵਤਾਂ**-ਭਾਉਣਾ, ਪਸੰਦ ਆਉਣਾ। **ਪਰਦੇਸ**-ਵਿਦੇਸ਼, ਦੂਸਰੀ ਥਾਂ, ਦੂਰ ਦੀ ਥਾਂ। **ਅਨ**-ਨਾ, ਬਿਨਾਂ। **ਬੜਤ**-ਵਧਣਾ। **ਘਨੇਸ**-ਬਹੁਤ, ਹੋਰ।)

ਅਰਥ:- ਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਂਦੇ ਹਨ ਕਿ ਅਨੁਚਿਤ ਵਿਚਾਰ ਜੀਵ ਦੇ ਮਨ ਦੇ ਨੇੜੇ ਰਹਿੰਦੇ ਹਨ ਭਾਵ ਜੋ ਚੀਜ਼ ਚੰਗੀ ਨਹੀਂ ਲੱਗਦੀ ਉਹ ਸਾਡੇ ਮਨ ਦੇ ਨੇੜੇ ਰਹਿੰਦੀ ਹੈ। ਪਰ ਮਨ-ਭਾਉਂਦੇ ਵਿਚਾਰ ਦੂਰ ਰਹਿੰਦੇ ਹਨ ਭਾਵ ਜੋ ਚੀਜ਼ ਮਨ ਨੂੰ ਚੰਗੀ ਲਗਦੀ ਹੈ ਉਹ ਦੂਰ ਹੁੰਦੀ ਹੈ। ਪਰ ਜਦੋਂ ਅਣ-ਦੇਖੇ ਪ੍ਰਭੂ (ਜੋ ਮਨ ਨੂੰ ਚੰਗਾ ਲੱਗਦਾ ਹੈ) ਦੇ ਦਰਸ਼ਨ ਨਹੀਂ ਹੁੰਦੇ ਤਾਂ ਜੀਵ ਦੇ ਦੁੱਖ ਹੋਰ ਵਧ ਜਾਂਦੇ ਹਨ॥

**214. ਜਿਊਂ ਸੁਧਿ ਆਬਤ ਪੀਵ ਕੀ, ਬਿਰਹ ਉਠਤ ਤਨ ਆਗਿ।**
**ਜਿਊਂ ਚੂਨੇ ਕੀ ਕਾਂਕਰੀ, ਜਿਊਂ ਛਿਰਕੇ ਤਿਊਂ ਆਗਿ॥**

(**ਸੁਧਿ**-ਯਾਦ। **ਆਬਤ**-ਆਉਣਾ। **ਪੀਵ**-ਪ੍ਰੀਤਮ। **ਬਿਰਹ**-ਵਿਛੋੜਾ। **ਕਾਂਕਰੀ**-ਕੰਕਰ।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ-ਬਿਰਹਾ ਦੀ ਆਪਣੀ ਪੀੜਾ ਨੂੰ ਵਿਅਕਤ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਜਦੋਂ ਆਪਣੇ ਪ੍ਰੀਤਮ-ਪ੍ਰਭੂ ਦੀ ਯਾਦ ਆਉਂਦੀ ਹੈ ਤਾਂ ਸਰੀਰ ਅੰਦਰ ਉਸ ਦੇ ਵਿਛੋੜੇ ਦੀ ਅੱਗ ਦੇ ਭਾਂਬੜ ਉੱਠ ਖੜੇ ਹੁੰਦੇ ਹਨ। ਇਹ ਠੀਕ ਉਸੇ ਤਰ੍ਹਾਂ ਹੀ ਹੈ ਜਿਵੇਂ ਚੂਨੇ ਦੇ ਕੰਕਰਾਂ ਉੱਪਰ

ਪਾਣੀ ਛਿੜਕਦਿਆਂ ਸਾਰ ਹੀ ਉਸ 'ਚੋਂ ਅੱਗ ਨਿੱਕਲਣੀ ਸ਼ੁਰੂ ਹੋ ਜਾਂਦੀ ਹੈ॥

**215. ਜਿਹ ਨਿਤ ਦੇਖਨ ਚਾਹਿ ਹੌਂ, ਤੇਂ ਨੈਨਨ ਤੇ ਦੂਰਿ।**
**ਰਵਿਦਾਸ ਕਹੈ ਅਨਭਾਵਤੇ, ਰਹਹਿੰ ਨਿਕਟ ਭਰਪੂਰਿ॥**

(**ਨਿਤ**–ਸਦਾ। **ਅਨਭਾਵਤੇ**–ਮਨ ਨੂੰ ਚੰਗਾ ਨਾ ਲੱਗਣਾ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਹੇ ਜੀਵ! ਜਿਸ ਨੂੰ ਤੂੰ ਸਦਾ ਦੇਖਣਾ ਚਾਹੁੰਦਾ ਹੈਂ ਉਹ ਤਾਂ ਤੇਰੀਆਂ ਇਨ੍ਹਾਂ ਅੱਖਾਂ ਤੋਂ ਦੂਰ ਵਸਦਾ ਹੈ (ਭਾਵ ਚੰਗਿਆਈਆਂ ਸੰਸਾਰੀ ਜੀਵਾਂ ਦੀਆਂ ਮਨ–ਰੂਪੀ ਅੱਖਾਂ ਤੋਂ ਹਮੇਸ਼ਾ ਦੂਰ ਰਹਿੰਦੀਆਂ ਹਨ।) ਪਰ ਜਿਹੜੀ ਚੀਜ਼ ਤੇਰੇ ਮਨ ਨੂੰ ਚੰਗੀ ਨਹੀਂ ਲੱਗਦੀ ਉਹ ਤੇਰੀਆਂ ਇਨ੍ਹਾਂ ਅੱਖਾਂ ਦੇ ਨੇੜੇ ਹਰ ਪਾਸੇ ਭਰਪੂਰ ਰਹਿੰਦੀ ਹੈ (ਭਾਵ ਬੁਰਿਆਈਆਂ ਸੰਸਾਰੀ ਜੀਵਾਂ ਦੀਆਂ ਮਨ–ਰੂਪੀ ਅੱਖਾਂ ਦੇ ਹਮੇਸ਼ਾ ਨੇੜੇ ਰਹਿੰਦੀਆਂ ਹਨ।)॥

**216. ਕਾਮਧੇਨਿ ਪਾਰਸ ਪੋਲਿ, ਕਲਪ ਰੂਪ ਰਾ ਬਾੜਿ।**
**ਰਵਿਦਾਸ ਹਰਿ ਰਾ ਭਗਤਿ ਬਿਨ, ਗ੍ਰਿਹ ਤੈਂ ਭਲੀ ਉਜਾੜਿ॥**

(**ਕਾਮਧੇਨਿ**–ਮਨ ਇੱਛਿਤ ਪਦਾਰਥ ਦੇਣ ਵਾਲੀ ਸਵਰਗ ਦੀ ਗਾਂ। **ਪਾਰਸ**–ਲੋਹੇ ਨੂੰ ਸੋਨਾ ਬਣਾਉਣ ਵਾਲਾ ਇਕ ਕਲਪਿਤ ਪੱਥਰ। **ਪੋਲਿ**–ਡੰਡਾ, ਬਾਂਸ। **ਕਲਪ**–ਕਲਪ ਬ੍ਰਿਛ, ਦੇਵਤਿਆਂ ਦਾ ਬ੍ਰਿਛ ਜੋ ਮਨ–ਬਾਂਛਤ ਫਲ ਦਿੰਦਾ ਹੈ। **ਰਾ**–ਦਾ, ਦੀ। **ਬਾੜਿ**–ਕੰਡੇਦਾਰ ਝਾੜੀ, ਵਾੜ। **ਗ੍ਰਿਹ**–ਘਰ। **ਭਲੀ**–ਚੰਗੀ, ਨੇਕੀ। **ਉਜਾੜਿ**–ਉਜਾੜ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਕਰਦੇ ਹਨ ਕਿ ਭਾਂਵੇਂ ਮਨ–ਇੱਛਿਤ ਪਦਾਰਥ ਦੇਣ ਵਾਲੀ ਸਵਰਗ ਦੀ ਗਾਂ, ਲੋਹੇ ਨੂੰ ਸੋਨਾ ਬਣਾਉਣ ਵਾਲੀ ਪਾਰਸ ਦੀ ਛੜੀ (ਡੰਡੀ) ਤੇ ਦੇਵਤਿਆਂ ਦੇ ਮਨ–ਬਾਂਛਤ ਫਲ ਦੇਣ ਵਾਲੇ ਬ੍ਰਿਛ ਘਰ ਦੇ ਆਲੇ–ਦੁਆਲੇ ਸੁੰਦਰ ਵਾੜ ਦੇ ਰੂਪ ਵਾਂਗ ਹੋਣ ਭਾਵ ਸਭ ਇੱਛਾਵਾਂ ਪੂਰੀਆਂ ਕਰਨ ਦੇ ਸਾਧਨ ਘਰ ਵਿੱਚ ਹੀ ਮੌਜੂਦ ਹੋਣ, ਪਰ ਪ੍ਰਭੂ ਦੀ ਭਗਤੀ ਤੋਂ ਬਿਨਾਂ ਇਹ ਸਭ ਖੋਖਲੇ ਅਤੇ ਵਿਅਰਥ ਹਨ। ਹੇ ਭਾਈ! ਪ੍ਰਭੂ–ਭਗਤੀ ਤੋਂ ਵਾਂਝੇ ਘਰ ਨਾਲੋਂ ਤਾਂ ਉਜਾੜ ਹੀ ਚੰਗੀ ਹੁੰਦੀ ਹੈ॥

**217. ਤੁਹਿ ਮੁਹਿ ਹਮੁ ਏਕ ਹੈਂ, ਤੁਝ ਲੌਂ ਮੋਰਿ ਦੌਰ।**
**ਰਵਿਦਾਸ ਪੰਖੀ ਜਿਹਾਜ ਕੌ, ਨਹਿੰ ਆਨਤ ਕੋਊ ਠੌਰ॥**

(**ਦੌਰ**–ਦੌੜ। **ਆਨਤ**–ਦੂਸਰਾ। **ਠੌਰ**–ਥਾਂ, ਟਿਕਾਣਾ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ ਨਾਲ ਆਪਣੇ ਘਨੇ ਸੰਬੰਧ ਨੂੰ ਵਿਅਕਤ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਹੇ ਪਰਮਾਤਮਾ! ਆਪ ਜੀ ਤੇ ਮੈਂ ਦੋਨੋਂ ਇਕ ਹਾਂ। ਮੇਰੀ ਦੌੜ ਤਾਂ ਕੇਵਲ ਆਪ ਜੀ ਤੱਕ ਹੀ ਹੈ ਫਿਰ ਮੈਂ ਆਪ ਜੀ ਤੋਂ ਅਲੱਗ ਕਿਵੇਂ ਹੋ ਸਕਦਾ ਹਾਂ? ਜਿਵੇਂ ਸਮੁੰਦਰ 'ਚ ਸਮੁੰਦਰੀ ਜਹਾਜ਼ ਦਾ ਪੰਛੀ ਜਹਾਜ਼ 'ਤੋਂ ਉੱਡ ਜਾਵੇ ਪਰ ਉਸ ਨੂੰ ਬੈਠਣ ਜਾਂ ਠਹਿਰਨ ਲਈ ਕੋਈ ਦੂਸਰਾ ਥਾਂ–ਟਿਕਾਣਾ ਨਾ ਮਿਲੇ ਤਾਂ ਉਹ ਮੁੜ ਜਹਾਜ਼ 'ਤੇ ਵਾਪਸ ਆ ਜਾਂਦਾ

ਹੈ। ਇਸੇ ਤਰ੍ਹਾਂ ਜੇਕਰ ਮੈਂ ਵੀ ਆਪ ਜੀ ਤੋਂ ਅਲੱਗ ਹੋਣ ਦੀ ਕੋਸ਼ਿਸ਼ ਕਰਾਂ ਤਾਂ ਵੀ ਆਪ ਜੀ ਤੋਂ ਅਲੱਗ ਨਹੀਂ ਹੋ ਸਕਦਾ ਕਿਉਂਕਿ ਅਸੀਂ ਦੋਵੇਂ ਇਕ ਹਾਂ॥

218. **ਰਵਿਦਾਸ ਪ੍ਰੀਤਮ ਇਕ ਤੂਹੀ, ਤੁਮਰੇ ਮਿੱਤ ਅਨੇਕ।**
**ਸਸਿ ਕੌ ਕਮੌਦ ਹੈਂ ਬਹੁ, ਕੁਮੌਦ ਕੌ ਸਸਿ ਏਕ॥**

(**ਮਿੱਤ**–ਪ੍ਰੇਮੀ, ਭਗਤ, ਮਿੱਤਰ। **ਸਸਿ**–ਚੰਦਰਮਾ। **ਕੁਮੌਦ**–ਰਾਤ ਨੂੰ ਖਿੜਨ ਵਾਲਾ ਚਿੱਟੇ ਕਮਲ ਦਾ ਫੁੱਲ।)

**ਅਰਥ**:– ਸਤਿਗੁਰੂ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਹੇ ਮੇਰੇ ਪ੍ਰੀਤਮ-ਪ੍ਰਭੂ! ਆਪ ਜੀ ਦੇ ਤਾਂ ਅਨੇਕਾਂ ਪ੍ਰੇਮੀ-ਭਗਤ ਹਨ ਪਰ ਮੇਰੇ ਤਾਂ ਇੱਕੋ-ਇਕ ਪ੍ਰੀਤਮ ਆਪ ਜੀ ਹੀ ਹੋ। ਇਹ ਉਵੇਂ ਹੀ ਹੈ ਜਿਵੇਂ ਕਿ ਚੰਦਰਮਾ ਨਾਲ ਪ੍ਰੀਤ ਕਰਨ ਵਾਲੇ ਤਾਂ ਅਨੇਕਾਂ ਕਮੋਦ ਫੁੱਲ ਹੁੰਦੇ ਹਨ ਪਰ ਹਰੇਕ ਕਮੋਦ ਫੁੱਲ ਲਈ ਇੱਕੋ ਹੀ ਚੰਦਰਮਾ ਹੁੰਦਾ ਹੈ॥

219. **ਕੋਟਿ ਕਲਪ ਜੀਵਨ ਅਲਪ, ਵਿਚ ਹਰਿ ਭਗਤਿ ਬਿਲਾਸ।**
**ਹਰਿ ਸਿਮਰਨ ਸਫਲ ਜਨਮ, ਦੁਹ ਫਲ ਲਹਿ ਰਵਿਦਾਸ॥**

(**ਕੋਟਿ**–ਕਰੋੜ। **ਕਲਪ**–ਪੁਰਾਣਾਂ ਅਨੁਸਾਰ ਚਾਰ ਸੌ ਬੱਤੀ ਕਰੋੜ ਸਾਲਾਂ ਦਾ ਇਕ ਕਲਪ ਹੁੰਦਾ ਹੈ। **ਅਲਪ**–ਛੋਟਾ, ਥੋੜ੍ਹਾ। **ਬਿਲਾਸ**–ਆਨੰਦ। **ਦੁਹ ਫਲ**–ਦੋ ਫਲ ਭਾਵ ਲੋਕ ਪਰਲੋਕ। **ਲਹਿ**–ਲੈਣਾ, ਪ੍ਰਾਪਤ ਕਰਨਾ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ-ਭਗਤੀ ਦੇ ਆਤਮਿਕ ਆਨੰਦ ਬਾਰੇ ਫ਼ਰਮਾਉਂਦੇ ਹਨ ਕਿ ਜਿਹੜੇ ਜੀਵ ਪਰਮਾਤਮਾ ਦੀ ਭਗਤੀ ਵਿੱਚ ਮਗਨ ਰਹਿੰਦੇ ਹਨ ਉਨ੍ਹਾਂ ਨੂੰ ਭਗਤੀ ਦਾ ਏਨਾਂ ਆਤਮਿਕ ਆਨੰਦ ਆਉਂਦਾ ਹੈ ਕਿ ਉਨ੍ਹਾਂ ਨੂੰ ਕਈ ਕਰੋੜਾਂ ਕਲਪਾਂ ਦਾ ਜੀਵਨ ਵੀ ਛੋਟਾ ਲੱਗਦਾ ਹੈ। ਪ੍ਰਭੂ ਦੇ ਨਾਮ-ਸਿਮਰਨ ਨਾਲ ਜੀਵਨ ਸਫ਼ਲ ਹੋ ਜਾਂਦਾ ਹੈ ਤੇ ਦੋ ਫਲਾਂ ਦੀ ਪ੍ਰਾਪਤੀ ਹੁੰਦੀ ਹੈ ਭਾਵ ਲੋਕ ਤੇ ਪਰਲੋਕ ਦਾ ਸੁੱਖ ਪ੍ਰਾਪਤ ਹੁੰਦਾ ਹੈ॥

220. **ਅਨੰਦ ਮੂਰਤਿ ਮਿਤ੍ਰ ਕੀ, ਰਹਇ ਸਦਾ ਚਿਤ ਪੂਰਿ।**
**ਨੈਨਨ ਹੀ ਸਮੁਹੇ ਰਹਿਤ, ਰਵਿਦਾਸ ਨਿਯਰੇ ਕਾ ਦੂਰਿ॥**

(**ਅਨੰਦ ਮੂਰਤਿ**–ਪ੍ਰਸੰਨਚਿੱਤ ਸਰੂਪ। **ਮਿਤ੍ਰ**–ਪ੍ਰੀਤਮ। **ਚਿਤ**–ਹਿਰਦੇ। **ਪੂਰਿ**–ਭਰਪੂਰ। **ਨੈਨਨ**–ਅੱਖਾਂ। **ਸਮੁਹੇ**–ਸਮਾਏ ਹੋਣਾ। **ਨਿਯਰੇ**–ਨਜ਼ਦੀਕ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਆਪਣੇ ਮਨ ਦੀ ਆਤਮਿਕ ਅਵਸਥਾ ਨੂੰ ਵਿਅਕਤ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਮੇਰਾ ਹਿਰਦਾ ਮੇਰੇ ਪ੍ਰੀਤਮ-ਪ੍ਰਭੂ ਦੇ ਪ੍ਰਸੰਨ-ਚਿੱਤ ਸਰੂਪ ਨਾਲ ਸਦਾ ਭਰਪੂਰ ਰਹਿੰਦਾ ਹੈ ਤੇ ਉਸ ਦਾ ਸੁੰਦਰ ਸਰੂਪ ਹਮੇਸ਼ਾ ਮੇਰੀਆਂ ਅੱਖਾਂ ਵਿੱਚ ਸਮਾਇਆ ਰਹਿੰਦਾ ਹੈ ਭਾਵ ਪ੍ਰਭੂ ਦੀ ਹੋਂਦ/ ਸੱਤਾ ਹਮੇਸ਼ਾ ਮੇਰੇ ਮਨ ਵਿੱਚ ਛਾਈ ਰਹਿੰਦੀ ਹੈ, ਫਿਰ ਉਸ (ਪ੍ਰਭੂ) ਦੇ ਨਜ਼ਦੀਕ ਜਾਂ ਦੂਰ ਹੋਣ ਦਾ ਤਾਂ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ॥

221. **ਕੋਇਲ ਤਰਸੈ ਅੰਬ ਕੋ, ਚਾਤ੍ਰਿਕ ਤਰਸਤ ਨੀਰ।**
**ਰਵਿਦਾਸ ਲੌਚੇ ਦਰਸ ਕੋ, ਪ੍ਰਾਨ ਪਰਤ ਨਹੀਂ ਧੀਰ॥**

(**ਚਾਤ੍ਰਿਕ**–ਪਪੀਹਾ। **ਨੀਰ**–ਪਾਣੀ, ਸਵਾਂਤੀ ਬੂੰਦ। **ਲੋਚੈ**–ਲਲਚਾਉਣਾ। **ਦਰਸ**–ਦਰਸ਼ਨ। **ਪਰਤ**–ਪੈਣਾ। **ਧੀਰ**–ਧੀਰਜ, ਸ਼ਾਂਤੀ। **ਪ੍ਰਾਣ**–ਮਨ, ਚਿਤ।)

**ਅਰਥ**:–ਸਤਿਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ–ਮਿਲਣ ਦੀ ਆਪਣੀ ਤੜਫ਼ ਨੂੰ ਵਿਅਕਤ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਜਿਸ ਤਰ੍ਹਾਂ ਕੋਇਲ ਅੰਬ ਦੇ ਰੁੱਖ ਦੀ ਛਾਂ ਲਈ ਤਰਸਦੀ ਹੈ ਤੇ ਪਪੀਹਾ ਪਾਣੀ ਦੀ ਸਵਾਂਤੀ ਬੂੰਦ ਲਈ ਤਰਸਦਾ ਹੈ, ਹੇ ਪ੍ਰਭੂ! ਉਸੇ ਤਰ੍ਹਾਂ ਮੈਂ ਵੀ ਆਪ ਜੀ ਦੇ ਦਰਸ਼ਨਾਂ ਲਈ ਲਲਚਾ ਰਿਹਾ ਹਾਂ। ਆਪ ਜੀ ਦੇ ਦਰਸ਼ਨ ਕੀਤੇ ਬਿਨਾਂ ਮੇਰੇ ਮਨ ਨੂੰ ਸ਼ਾਂਤੀ ਨਹੀਂ ਆਉਣੀ॥

**222. ਸਸਿ ਚਕੋਰ ਸੂਰਜ ਕੰਵਲ, ਚਾਤ੍ਰਿਗ ਘਨ ਕੀ ਰੀਤਿ।**
**ਰਵਿਦਾਸ ਇਵ ਮੁਹਿ ਰਾਖਿਓ, ਹਿਤ ਚਿਤ ਪੂਰਨ ਪਰੀਤਿ॥**

(**ਸਸਿ**–ਚੰਦਰਮਾ। **ਚਾਤ੍ਰਿਗ**–ਪਪੀਹਾ। **ਘਨ**–ਬੱਦਲ। **ਹਿਤ ਚਿਤ**–ਹਿਰਦੇ ਅੰਦਰ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ ਨਾਲ ਆਪਣੀ ਘਨੀ ਪ੍ਰੀਤ ਨੂੰ ਵਿਅਕਤ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਹੇ ਪ੍ਰਭੂ! ਜਿਸ ਤਰ੍ਹਾਂ ਚਕੋਰ ਦੀ ਚੰਦਰਮਾ ਨਾਲ, ਕੰਵਲ ਦੇ ਫੁੱਲ ਦੀ ਸੂਰਜ ਨਾਲ ਤੇ ਪਪੀਹੇ ਦੀ ਬੱਦਲਾਂ ਦੀ (ਸਵਾਂਤੀ ਬੂੰਦ) ਨਾਲ ਪ੍ਰੀਤ ਹੁੰਦੀ ਹੈ, ਉਸੇ ਤਰ੍ਹਾਂ ਦੀ ਸੱਚੀ ਪ੍ਰੀਤ ਮੇਰੇ ਹਿਰਦੇ ਅੰਦਰ ਵੀ ਆਪ ਜੀ ਲਈ ਸਦਾ ਬਣੀ ਰਹਿੰਦੀ ਹੈ॥

**223. ਚਲਤ ਹਲਤ ਬੈਠਤ ਉਠਤ, ਧਰਿ ਹੂੰ ਤੁਮਰੋ ਧਿਆਨ।**
**ਰਵਿਦਾਸ ਤੂੰ ਮੁਹਿ ਮਨ ਬਸਇ, ਚਰਨ ਕੰਵਲ ਕੀ ਆਂਨ॥**

(**ਚਲਤ**–ਚਲਦੇ ਫਿਰਦੇ। **ਹਲਤ**–ਹਿੱਲਣਾ–ਜੁੱਲਣਾ। **ਆਂਨ**–ਆਸਰਾ ਹੋਣਾ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਹੇ ਪ੍ਰਭੂ! ਮੈਂ ਹਿੱਲਦਾ–ਜੁੱਲਦਾ, ਚੱਲਦਾ–ਫਿਰਦਾ ਤੇ ਉੱਠਦਾ–ਬੈਠਦਾ ਹਮੇਸ਼ਾ ਆਪਣੀ ਸੁਰਤਿ ਨੂੰ ਆਪ ਜੀ ਦੇ ਧਿਆਨ 'ਚ ਹੀ ਲੀਨ ਰੱਖਾਂ। ਆਪ ਜੀ ਮੇਰੇ ਮਨ ਵਿੱਚ ਪੂਰੀ ਤਰ੍ਹਾਂ ਵਸ ਗਏ ਹੋ ਤੇ ਹੁਣ ਮੈਨੂੰ ਕੇਵਲ ਆਪ ਜੀ ਦੇ ਚਰਨ–ਕੰਵਲਾਂ ਦਾ ਹੀ ਆਸਰਾ ਹੈ (ਭਾਵ ਆਪ ਜੀ ਦੇ ਨਾਮ–ਸਿਮਰਨ ਦਾ ਹੀ ਆਸਰਾ ਹੈ।)॥

**224. ਮੂਰਖਿ ਮੁਖ ਕਮਾਨ ਹੈ, ਕਟੁਕ ਵਚਨ ਭਇਓ ਤੀਰ।**
**ਸਾਂਚਰੀ ਮਾਰੇ ਕਾਨ ਮਹਿਂ, ਸਾਲੇ ਸਗਲ ਸਰੀਰ॥**

(**ਕਮਾਨ**–ਧਨੁੱਖ। **ਕਟੁਕ**–ਕੌੜਾ, ਕੜਵਾ। **ਵਚਨ**–ਬੋਲ। **ਸਾਂਚਰੀ**-ਸੰਚਾਰ ਕਰਨਾ, ਲੰਘਣਾ, ਗਮਨ ਕਰਨਾ। **ਸਾਲੇ**–ਸੜਣਾ, ਜ਼ਖ਼ਮੀ ਕਰਨਾ। **ਸਗਲ**–ਸਾਰੇ।)

**ਅਰਥ**:– ਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਕਰਦੇ ਹਨ ਕਿ ਮੂਰਖ਼ ਦਾ ਮੁੱਖ ਧਨੁੱਖ ਵਾਂਗ ਹੈ। ਧਨੁੱਖ ਤਿੱਖੇ ਤੀਰ ਚਲਾਉਂਦਾ ਹੈ, ਮੂਰਖ਼ ਦਾ ਮੁੱਖ ਕੜਵੇ ਬਚਨ ਬੋਲਦਾ ਹੈ, ਜਿਹੜੇ ਕਿ ਸੁਣਨ ਵਾਲੇ ਦੇ ਕੰਨਾਂ ਵਿੱਚ ਤੀਰ ਵਾਂਗ ਆ ਕੇ ਲਗਦੇ ਹਨ (ਜਿਸ ਨਾਲ ਉਹ ਗੁੱਸੇ ਵਿੱਚ ਅੱਗ ਬਬੂਲਾ ਹੋ ਜਾਂਦਾ ਹੈ) ਤੇ ਉਸ ਦਾ ਸਾਰਾ ਸਰੀਰ ਸੜਨ ਲੱਗ ਪੈਂਦਾ ਹੈ॥

**225. ਰਵਿਦਾਸ ਮੂਰਿਖ ਸਮੁਝਇ ਨਹਿਂ, ਉਚਰੇ ਬਿਨਾ ਬਿਚਾਰ।**
**ਹਨੇ ਪਰਾਈ ਆਤਮਾ, ਜੀਭ ਲਿਆਂ ਤਰਵਾਰ॥**

(**ਸਮੁਝਇ**–ਸਮਝ, ਗਿਆਨ। **ਉਚਰੇ**–ਬੋਲਣਾ। **ਬਿਚਾਰ**–ਸੂਝ ਬੂਝ, ਸੋਝੀ। **ਹਨੇ**–ਖੰਡਨ ਕਰਨਾ, ਮਾਰਨਾ। **ਜੀਭ**–ਜੀਭਾ, ਜ਼ੁਬਾਨ। **ਤਰਵਾਰ**–ਤਲਵਾਰ। )

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਉਪਦੇਸ਼ ਦਿੰਦੇ ਹਨ ਕਿ ਮੂਰਖ਼ ਜੀਵ ਗਿਆਨ ਦੀ ਸੋਝੀ ਬਿਨਾਂ ਕੁਝ ਅਨਾਵ–ਸ਼ਨਾਵ ਬੋਲਦਾ ਰਹਿੰਦਾ ਹੈ, ਕੌੜੇ ਬੋਲ ਬੋਲਦਾ ਰਹਿੰਦਾ ਹੈ। ਉਸ ਮੂਰਖ਼ ਦੀ ਜ਼ੁਬਾਨ ਤਲਵਾਰ ਦਾ ਕੰਮ ਕਰਦੀ ਹੈ ਜੋ ਪਰਾਈ ਆਤਮਾ ਦੀ ਹੱਤਿਆ ਕਰ ਦਿੰਦੀ ਹੈ॥

**226. ਰਾਮ ਪ੍ਰੇਮ ਹੌਂ ਬਰਜਿ ਕਿਮਿ, ਅਬ ਬਰਜਤ ਨਹਿਂ ਕਾਜ।**
**ਰੋਮ ਰੋਮ ਅਮੀ ਰਮਿ ਗਇਓ, ਤਾਹਿ ਨ ਹੋਤ ਇਲਾਜ॥**

(**ਅਬ**–ਹੁਣ। **ਬਰਜਤ**–ਰੋਕਣ। **ਕਾਜ**-ਕੰਮ। **ਅਮੀ**–ਅੰਮ੍ਰਿਤ। **ਰਮਿ ਗਇਓ**–ਰਮ ਜਾਣਾ, ਰਚ ਜਾਣਾ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਮੈਂ ਪ੍ਰਭੂ ਦੇ ਪ੍ਰੇਮ ਨੂੰ ਭਲਾ ਕਿਵੇਂ ਰੋਕ ਸਕਦਾ ਹਾਂ ? ਇਹ ਮੇਰੇ ਅੰਦਰ ਜਾਗ ਪਿਆ ਹੈ, ਹੁਣ ਇਸ ਨੂੰ ਰੋਕਣ ਦਾ ਕੋਈ ਕੰਮ ਨਹੀਂ। ਇਹ ਪ੍ਰੇਮ ਨਾ ਤਾਂ ਰੋਕਿਆ ਜਾਣਾ ਹੈ ਤੇ ਨਾ ਹੀ ਛੱਡਿਆ ਜਾਣਾ ਹੈ। ਇਹ ਅੰਮ੍ਰਿਤ–ਰੂਪੀ ਪ੍ਰੇਮ–ਰੋਗ ਹੁਣ ਮੇਰੀ ਨਸ–ਨਸ ਵਿੱਚ ਰਚ ਗਿਆ ਹੈ ਇਸ ਲਈ ਇਸ ਦਾ ਕੋਈ ਇਲਾਜ ਵੀ ਨਹੀਂ ਹੋਣਾ ਹੈ॥

**227. ਨਾਮ ਮੂਲ ਹੈ ਗਿਆਨ ਕੌਂ, ਨਾਮ ਮੁਕਤਿ ਕੌਂ ਦਬਾਰ।**
**ਜਾ ਹਿਰਦੈ ਹਰਿ ਬਸੈ, ਪਰਹਿਂ ਨ ਜਗ ਬੌਂਪਾਰ॥**

(**ਨਾਮ**-ਗੁਰਮਤਿ ਅਨੁਸਾਰ ਨਾਮ/ਨਾਮ–ਸ਼ਬਦ ਪਰਮਾਤਮਾ ਦਾ ਬੋਧਕ ਸ਼ਬਦ ਹੈ। **ਮੂਲ**–ਮੁੱਢ, ਸ੍ਰੋਤ। **ਗਿਆਨ**–ਆਤਮਿਕ ਜੀਵਨ ਦੀ ਸੂਝ–ਬੂਝ। **ਦਬਾਰ**–ਦੁਆਰ, ਦਰਵਾਜ਼ਾ। **ਬੌਂਪਾਰ**–ਵਿਓਹਾਰ, ਝਮੇਲਾ, ਪ੍ਰਪੰਚ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਪ੍ਰਭੂ ਦਾ 'ਨਾਮ–ਸ਼ਬਦ' ਹੀ ਆਤਮਿਕ ਜੀਵਨ ਦੀ ਸੋਝੀ ਦਾ ਸ੍ਰੋਤ ਹੈ ਤੇ ਇਹ 'ਨਾਮ–ਸ਼ਬਦ' ਹੀ ਮੁਕਤੀ ਦਾ ਦਰਵਾਜ਼ਾ ਹੈ। ਜਿਸ ਜੀਵ ਦੇ ਹਿਰਦੇ ਅੰਦਰ 'ਨਾਮ–ਸ਼ਬਦ' ਦੇ ਸਿਮਰਨ ਰਾਹੀਂ ਪਰਮਾਤਮਾ ਦਾ ਵਾਸ ਹੋ ਜਾਂਦਾ ਹੈ, ਉਹ ਦੁਨੀਆਂ ਦੇ ਆਵਾਗਵਨ–ਰੂਪੀ ਝਮੇਲਿਆਂ 'ਚ ਨਹੀਂ ਫਸਦਾ ਭਾਵ ਉਹ ਦੁਬਾਰਾ ਜਨਮ–ਮਰਨ ਦੇ ਗੇੜ ਵਿੱਚ ਨਹੀਂ ਆਉਂਦਾ॥

**228. ਇਹ ਜਗ ਦੂਖ ਕੀ ਖੇਤਰੀ, ਇਹੁ ਜਾਨਤ ਸਬ ਕੋਇ।**
**ਗਿਆਨੀ ਕਾਟਹਿ ਹਰਿ ਨਾਮ ਸੋਂ, ਮੂਰਖਿ ਕਾਟਹਿਂ ਰੋਇ॥**

(**ਖੇਤਰੀ**–ਖੇਤੀ। **ਗਿਆਨੀ**–ਸਿਆਣਾ, ਆਤਮਿਕ ਜੀਵਨ ਦੀ ਸੂਝ ਵਾਲਾ।)

**ਅਰਥ**:– ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਸਾਰੇ ਜੀਵ ਇਹ ਗੱਲ ਜਾਣਦੇ ਹਨ ਕਿ ਸੰਸਾਰ ਦੁੱਖਾਂ ਦਾ ਘਰ ਹੈ, ਦੁੱਖਾਂ ਦੀ ਖੇਤੀ ਸਮਾਨ

ਹੈ। ਆਤਮਿਕ ਜੀਵਨ ਦੀ ਸੂਝ ਵਾਲੇ ਗਿਆਨੀ ਪੁਰਸ਼ ਇਸ ਖੇਤੀ ਨੂੰ ਨਾਮ-ਰੂਪੀ ਦਾਤੀ ਨਾਲ ਸਹਿਜੇ ਹੀ ਕੱਟ ਲੈਂਦੇ ਹਨ ਜਦਕਿ ਨਾਮ-ਵਿਹੂਣੇ ਮੂਰਖ਼ ਲੋਕ ਇਸ ਨੂੰ ਰੋ-ਰੋ ਕੇ ਕੱਟਦੇ ਹਨ॥

**229. ਕਟੁਕ ਬਚਨ ਨਹੀਂ ਬੋਲੀਏ, ਸਬ ਘਟ ਹਰਿ ਕੋ ਬਾਸ।**
**ਇਹ ਗਿਆਨ ਕੋ ਦਵਾਰ ਹੈ, ਕਹਿ ਰਵਿਦਾਸ ਵਿਚਾਰ॥**

(**ਕਟੁਕ**-ਕੌੜੇ। **ਦਵਾਰ**-ਦਰ, ਦਰਵਾਜ਼ਾ)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਚੰਗੀ ਤਰ੍ਹਾਂ ਵਿਚਾਰ ਕਰਨ ਤੋਂ ਬਾਅਦ ਜੀਵਾਂ ਨੂੰ ਸਿੱਖਿਆ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਦੂਸਰਿਆਂ ਲਈ ਕਦੇ ਵੀ ਕੌੜੇ ਬਚਨ ਨਹੀਂ ਬੋਲਣੇ ਚਾਹੀਦੇ ਕਿਉਂਕਿ ਸਾਰਿਆਂ ਵਿੱਚ ਇੱਕੋ ਹੀ ਪ੍ਰਭੂ ਦਾ ਵਾਸ ਹੈ। ਇਸ ਤਰ੍ਹਾਂ ਦੂਸਰਿਆਂ ਨੂੰ ਕਹੇ ਗਏ ਕੌੜੇ ਬਚਨ ਅਸਲ ਵਿੱਚ ਉਸ ਨੂੰ ਨਹੀਂ ਸਗੋਂ ਉਸ ਅੰਦਰ ਬੈਠੇ ਹੋਏ 'ਹਰਿ' ਪ੍ਰਭੂ ਨੂੰ ਹੀ ਕਹੇ ਗਏ ਲੱਗਦੇ ਹਨ। ਜੀਵ ਦਾ ਮੁੱਖ ਤਾਂ ਗਿਆਨ ਦਾ ਦੁਆਰ ਹੈ, ਦਰਵਾਜਾ ਹੈ ਜਿਸ ਵਿੱਚੋਂ ਹਮੇਸ਼ਾ ਗਿਆਨ ਦੇ ਹੀ ਬਚਨ ਨਿਕਲਣੇ ਚਾਹੀਦੇ ਹਨ॥

**230. ਸਤਿ ਵਿਦਿਆ ਕੋ ਪੜੇ, ਪ੍ਰਾਪਤ ਕਰੇ ਸਦਾ ਗਿਆਨ।**
**ਰਵਿਦਾਸ ਕਹੇ ਬਿਨ ਵਿਦਿਆ, ਨਰ ਕੋ ਜਾਨ ਅਜਾਨ॥**

(**ਸਤਿ**-ਸੱਚ। **ਵਿਦਿਆ**-ਇਲਮ। **ਅਜਾਨ**-ਅਗਿਆਨੀ, ਮੂਰਖ਼।)

**ਅਰਥ**:- ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਸਿੱਖਿਆ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਜੋ ਜੀਵ ਸੱਚ ਦਾ ਇਲਮ ਪੜ੍ਹਦਾ ਹੈ ਉਹੀ ਗਿਆਨ ਨੂੰ ਪ੍ਰਾਪਤ ਕਰਦਾ ਹੈ ਤੇ ਗਿਆਨੀ ਕਹਿਲਾਉਂਦਾ ਹੈ। ਇਲਮ ਦੇ ਗਿਆਨ ਤੋਂ ਬਿਨਾਂ ਜੀਵ ਨੂੰ ਅਗਿਆਨੀ ਤੇ ਮੂਰਖ਼ ਹੀ ਸਮਝਣਾ ਚਾਹੀਦਾ ਹੈ॥

* * * * *

## ਰਾਗੁ ਗਉੜੀ

ਬੇਗਮਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥
ਖਉਫੁ ਨ ਖਤਾ ਨ ਤਰਸੁ ਜਵਾਲੁ ॥ ੧ ॥
ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥ ੧ ॥ ਰਹਾਉ ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥
ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥
ਊਹਾਂ ਗਨੀ ਬਸਹਿ ਮਾਮੂਰ ॥ ੨ ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥
ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥
ਜੋ ਹਮ ਸਹਰੀ ਸੁ ਮੀਤੁ ਹਮਾਰਾ ॥ ੩ ॥ ੨ ॥